THE STANDARD

English Panjabi Dictionary

PART I (A-K)

TEJA SINGH, M.A.

PANJAB UNIVERSITY

THE STANDARD
ENGLISH-PANJABI DICTIONARY

PART I (A-E)

TEJA SINGH, M. A.

1953

PANJAB UNIVERSITY

Published by :
J. B. Seth, M. A. (Cantab), I. E. S. (Retd.),
Secretary, Publication Bureau, Panjab University.

FIRST EDITION
Full Cloth Bound Rs. 6/12/-
Paper Cover Rs. 5/12/-

Bound at
the
V. V. R. I. Press,
Hoshiarpur.

Printed by
S. Kartar Singh Qaumi,
Qaumi Press, Railway Road,
Jullundur City.

ਪ੍ਰਮਾਣੀਕ

ਅੰਗਰੇਜ਼ੀ-ਪੰਜਾਬੀ ਕੋਸ਼

ਭਾਗ ਪਹਿਲਾ (ਏ-ਈ)

ਤੇਜਾ ਸਿੰਘ, ਐਮ. ਏ.

੧੯੫੩

ਪੰਜਾਬ ਯੂਨੀਵਰਸਟੀ

FOREWORD

The institution of a separate department for publishing of books is a new departure made by the Panjab (India) University. There was no such department in the University of the United Panjab; although it did publish a few text-books, the printing of which was arranged by the Registrar. On the 1st of September, 1948, about a year after its own start, the East Panjab University, as it was then named, inaugurated a Publication Department, now called the Panjab University Publication Bureau, with the object of enriching Hindi and Panjabi literatures by means of (i) original literary and scientific books, (ii) translation of standard books and (iii) edited text-books.

One of the very first tasks the Bureau undertook was the preparation of a comprehensive and authoritative English-Panjabi Dictionary. The work was planned and initiated by the then Secretary of the Bureau, S. Teja Singh, M. A. The preliminary work of compilation, namely the finding of suitable synonyms and translation of English words, was distributed among several well-known Panjabi scholars, named below, who have done the portions mentioned against their names :

1. Prof. Sahib Singh, B. A., the then Professor of Khalsa College, Amritsar : A to armistice.
2. Sardar S. S. Amole, M. A., Principal Guru Ram Dass College, Amritsar : after armistice to the end of letter C.
3. Prof. Sant Singh Sekhon, M. A., the then Professor of Khalsa College, Amritsar : letters D to G.
4. Prof. Mohan Singh, M. A., M. O. L., Editor, Panj Darya, Court Road, Amritsar : letters H to N.
5. Dr. Sher Singh, M. A., Ph. D., Government College, Ludhiana : letters O to R.
6. Dr. Gopal Singh Dardi, M. A., Ph.D., 7/30 Rup Nagar, Civil Lines, Delhi-8 : the letter S.
7. S. Lal Singh, M. A., Advocate, Civil Lines, Ludhiana : the letter T.
8. S. Kartar Singh, M. A., the then Assistant Secretary, Panthak Darbar, Patiala : letters U to Z.

The task of editing the work of these authors was entrusted to S. Teja Singh himself who had by then, after only four months of full time secretaryship of the Bureau, been appointed, from 1-1-49, Principal of Mahendra College, Patiala. His was indeed a stupendous and arduous task requiring not only the complete understanding of the sense of the English words and idioms but also the superb knack of finding out the apt equivalents from the Panjabi language. Only a master-mind fully conversant with both the languages could handle it properly. All these requirements were fortunately fulfilled by Principal Teja Singh who undertook the work with the zeal, vigour and self-sacrifice expected of such a scholar and lover of Panjabi. On account of his knowledge of English as well as Panjabi languages and literatures and also of Sanskrit and Persian, coupled with his vast and intimate knowledge of things, his fine common sense and breadth of view, he was eminently suited for this work. Principal Saheb devoted to it all the time and energy he could while also performing the duties of a Principal. After retiring from the Principalship in December, 1951, he began to devote the whole of his time and attention to the editing of the dictionary. An editor of the Bureau, S. Harnam Singh Shan, M. A., was deputed to assist him in this work. But the work was so arduous and taxing and he proceeded with it with such a gusto that he broke down in health during March 1953, after having reached only up to the word "eozoic". The work then came to a standstill until a new editor was found, fulfilling all the requirements, in the person of Dr. Mohan Singh, M. A. (English), Ph. D. (Panjabi), D. Litt. (Urdu), Head of the University Panjabi Department, who has been good enough to undertake the great responsibility of editing the rest of the work and who started on his work at the beginning of August, 1953.

Meanwhile the printing of the dictionary has been going on along with the editing; and since the portion up to the word "eozoic", edited by Principal Teja Singh, represents about a quarter of the whole work, the Bureau Committee has decided to issue this portion, after completing the letter E, as the first part of the dictionary. The remainder of the work is proposed to be issued in three parts as the portions get ready. Part 2 will consist, roughly, of the letters F to L or M; Part 3 from M or N to R; and the last part, Part 4, from S to Z. Since all but the last 16 or 17 pages of the present volume has been edited by Principal Teja Singh, it bears his sole name on the title page.

Although a number of English dictionaries have had to be consulted for the selection of words and phrases etc. to be included in the present work, the main source for this purpose has been the Concise Oxford Dictionary, and we are grateful to the Oxford University Press for granting the permission to do so.

Apart from the actual text of the dictionary, for the thoroughness and efficiency of which the names of the Editors are ample safeguards, great care has been taken in the proof-readings. But despite all this, being the first work of its kind, the printing of which, specially on account of the smallness of the type, has been naturally rather difficult, mistakes, omissions and printing errors must be still left in. The undersigned will be glad and grateful to be told of these, so that, if necessary, an 'erratum-cum addenda' may be issued along with the second part.

Simla
November 14, 1953.

J. B. Seth.

EDITORIAL NOTE

It was in 1895 that Munshi Jawahar Singh brought out 'a vocabulary of two thousand words from English into Panjabi', which was probably the first attempt at writing an English—Panjabi dictionary. This small volume was mostly meant for the use of army officers. In 1919 another 'English—Panjabi Vocabulary' was produced by the Rev. T. Grahame Bailey, M. A., B. D. of the Scotch Mission, Wazirabad. This was a further improvement and contained 5000 words. According to its compiler, it was "issued primarily to meet the need of those Europeans who used Panjabi in their intercourse with the people of the country." In both of the above works, Panjabi equivalents of English words had been given in Roman script. Salig Ram's 'Anglo-Gurmukhi Dictionary' (1923) appears to be the first serious attempt to publish a regular English-Panjabi Dictionary. It consists of 660 double-columned pages of 18×22.5 size and gives Panjabi equivalents in Gurmukhi script for the first time. Another attempt by a western scholar was made in 1929. Rev. W. P. Hares, B. A. of the Church Missionary Society, Gujrat, compiled and published a full-fledged English-Panjabi Dictionary, containing—according to the author—about 15 thousand English words of which about 55 thousand Panjabi meanings were given in Roman script. It supplied a long-felt need of English students and is considered to be a landmark in the history of Panjabi lexicography.

All these works, however, were limited in scope and were meant for general use only. They did not touch the different specialised branches of knowledge, which in the new set-up of things will be taught more and more in the Modern Indian Languages. Panjabi, along with its sister languages, is coming into its own. To help its students and its writers, it was incumbent on the Panjab University, which is the custodian of Panjabi culture, to bring out a comprehensive and up-to-date English—Panjabi Dictionary, which should be reliable in the matter of choice of words, their usage and idiom, their gradations and shades of meaning, and most particularly their forms and spellings which should be correct and uniform throughout. The present work is an attempt to meet this need.

The plan of this work mainly follows that of the Concise Oxford Dictionary. The following other dictionaries and glossaries have been consulted :—

1. English-Urdu Dictionary, by Dr. Abdul Haq.
2. English-Panjabi Dictionary, by Rev. Hares.
3. Dictionary of Panjabi Idioms and Proverbs, by Rev. Hares.
4. Panjabi Dictionary (Panjabi-English), published by a Committee of Ludhiana Mission.
5. Panjabi Dictionary (Panjabi-English), by Bhai Mayya Singh.
6. Panjabi Dictionary (Panjabi-Panjabi), by Bhai Bishan Das Puri.
7. Technical Terms in Panjabi, published by the Text-Book Committee, Lahore.
8. English-Panjabi Law Dictionary, by S. Bhagat Singh.
9. English-Panjabi Terms, published by the Panjabi Department, Pepsu.
10. Bhargava's English-Hindi Dictionary.
11. Bhargava's Hindi-English Dictionary.
12. Twentieth Century English-Hindi Dictionary, by S. Bhandari.
13. Consolidated Great English-Indian Dictionary of Technical Terms, by Dr. Raghuvira.
14. Hindi Scientific Glossary (4 volumes), published by Nagri Parcharni Sabha, Banaras.
15. Administrative Dictionary (English-Hindi), by Rahula Sankrityayana.
16. Istilaat-e-Peshavaran (7 volumes), published by Anjuman-e-Taraqqi-e-Urdu.
17. Hindustani Dictionary, by Platts.

This dictionary contains Panjabi equivalents of about two hundred thousand English words and phrases of common, literary and scientific use. Obsolete, dialectical, slang and vulgar words and archaic formations and usages have been omitted almost altogether. Etymology, pronunciation and other explanatory matters are also left out, just to save space. On the other hand, most of the words prevalent in literary and conversational English, together with scientific and technical terms of daily use, have been included. Large amount of space has been given to the common words and their idiomatic use, and attempt has been made to give an equally idiomatic rendering in Panjabi.

The words have been arranged mostly according to the plan of the Concise Oxford Dictionary. After giving a word in English, its grammatical symbol is given in italics (*i. e.* whether it is a *n.*, *a.*, *pron.*, *v.*, *prep.* or *adv.* and so on). After that its meanings are given in Panjabi. The best available or the most obvious meaning is allotted the first place. Then follow the derived meanings, one after the other, in the order of merit. All synonyms have been put together with commas between them. When a new shade of meaning occurs, it begins with a semicolon. After that usages, idioms, proverbs and other formations derived from the English word are given with their Panjabi equivalents in an alphabetical order, unlike the practice followed by the Concise Oxford

Dictionary in this respect. The dictionary word, occurring in the usages or idioms under the same item, has not been repeated in full. It has been considered enough to give it with a period after its initial letter (for example, the usage *is at the end of his tether*, occurring under *end*, is given as *is at the e. of his tether*). Words of foreign origin, still retaining their foreign character in English usage, are given in italics, with a square bracket after them indicating their origin in a capital letter. For example, *ab ovo* [L], *employe* [F].

While attempts have been made to render an English word into one Panjabi word, whenever possible, it has also been considered helpful to exhaust all available sources in furnishing as many synonyms as possible so as to increase and develop the vocabulary of our language. In order to illustrate the various usages and their subtle senses, idiomatic phrases and illustrative sentences, with Panjabi equivalents, have also been added. Words of Sanskrit, Persian, Arabic, Urdu and Hindi origin have been freely accommodated to make it a dictionary of a living and progressive language.

English language is highly developed, and it is not always possible to find exact equivalents for its words. In difficult cases I had either to explain or to define such words, or had to coin new words to convey their sense. It is understood that this word-coining has been done in accordance with the grammar and phonology of Panjabi. It is expected that in the course of time, by the natural process of absorption, these coinages will not appear as neologisms but will become a part of our language.

The spelling of English words adopted in this work is that of the Concise Oxford Dictionary. As far as Panjabi words are concerned, they are spelt according to the standard approved by the Committees appointed for this purpose in the Panjab and Pepsu. Efforts have been made to regularise the spellings and maintain their uniformity so that this work may help in the standardisation of the Panjabi spellings.

English punctuation-marks have been used throughout. Besides clipping the words, which are to be repeated, plurals have been indicated by doubling the initial letter, *e. g.* under the word 'end', 'odds and ee', means 'odds and ends'. A list of certain other abbreviations used in the body of this dictionary is given on the next page.

Amritsar
November 14, 1958.

TEJA SINGH.

LIST OF ABBREVIATIONS

a. :	adjective	*L.* :	Latin
aa. :	adjectives	*n.* :	noun
abb. :	abbreviation	*nn.* :	nouns
adv. :	adverb	*obs.* :	obsolete
attrib :	attributive	*phr.* :	phrase
aux. :	auxiliary	*pl.* :	plural
b. :	born	*p.p.* :	past participle
conj. :	conjunction	*pred.* :	predicate
d. :	died	*pref.* :	prefix
E. :	English	*prep.* :	preposition
F. :	French	*pron.* :	pronoun
f. :	from	*ref.* :	reference
fem. :	female, feminine	*refl.* :	reflective
G. :	German	*suf.* :	suffix
Gk. :	Greek	*t.* :	transitive
i. :	intransitive	*U. S.* :	United States
H. :	Hindustani	*usu.* :	usual, usually
imperat. :	imperative	*v., vb.* :	verb
int. :	interjection	*vv.* :	verbs

THE

ENGLISH–PANJABI DICTIONARY

A

A, letter (*pl.* As, A's, Aes) : ਅੰਗਰੇਜ਼ੀ ਲਿਪੀ ਦਾ ਪਹਿਲਾ ਅੱਖਰ; (दलील ਵਿੱਚ) ਪਹਿਲੀ ਮਿੱਥੀ ਹੋਈ ਚੀਜ਼ ਜਾਂ ਪੁਰਖ; (ਅਲਜ਼ਬਰੇ ਹਿਸਾਬ ਵਿਚ) ਪਹਿਲੀ ਮਿੱਥੀ ਹੋਈ ਚੀਜ਼ ਜਾਂ ਮਿਕਦਾਰ.

A1 (ਏ ਵੰਨ) : (ਸਮੁੰਦਰੀ) ਲਾਇਡਜ਼ ਕੰਪਨੀ ਦੇ ਰਜਿਸਟਰ ਵਿੱਚ ਪਹਿਲੇ ਦਰਜੇ ਦਾ ਜਹਾਜ਼;

a. : (ਬੋਲ-ਚਾਲ) ਵਧੀਆ, ਚੋਟੀ ਦਾ.

Æ : (ਸਮੁੰਦਰੀ) ਲਾਇਡਜ਼ ਅਨੁਸਾਰ ਤੀਜੇ ਦਰਜੇ ਦਾ ਜਹਾਜ਼.

a, an, *a.* : ਇੱਕ, ਕੋਈ; ਕੋਈ ਫਲਾਣਾ ਜਿਹਾ; (ਜਿਵੇਂ a Daniel); (ਜਦੋਂ ਇਸ ਸ਼ਬਦ ਤੋਂ ਪਹਿਲਾਂ all of ਜਾਂ many of ਰੱਖੇ ਜਾਣ) ਇੱਕ ਹੀ, ਇੱਕੋ, ਹਰ, ਪ੍ਰਤੀ, ਪਿੱਛੇ; (ਜਿਵੇਂ £ 40 a year ਵਰ੍ਹੇ ਪਿੱਛੇ ੪੦ ਪੌਂਡ).

a, *prep.* : ਉੱਤੇ, ਤੇ (ਜਿਵੇਂ abed ਬਿਸਤਰੇ ਉੱਤੇ, ਮੰਜੇ ਤੇ; afoot, ਪੈਦਲ, ਪੈਰੀਂ ਤੁਰ ਕੇ); ਵਲ, ਨੂੰ ; ashore, ਕੰਢੇ ਵਲ, ਵਿੱਚ, ਜਿਵੇਂ twice a day, ਇਕ ਦਿਨ ਦੇ ਵਿੱਚ.

a-, *prefix* : ਅਤੀਤਾ ਦੇ ਤੌਰ ਤੇ ਲਿਆ ਜਾਂਦਾ (ਕੋਈ ਖਾਸ ਅਰਥ ਨਹੀਂ); ਜਿਵੇਂ arise ਉਠਣਾ.

aard-vark, *n.* : ਦੱਖਣੀ ਅਫਰੀਕਾ ਦਾ ਇੱਕ ਪਸ਼ੂ ਜੋ ਸੂਰ ਅਤੇ ਕੀੜੇ-ਖਾਣੇ ਜਾਨਵਰਾਂ ਦੇ ਵਿਚਾਲੇ ਦਾ ਹੁੰਦਾ ਹੈ; ਖੱਡੂਰ, ਭੂਸੂਰ.

aard-wolf, *n.* : ਦੱਖਣੀ ਅਫਰੀਕਾ ਦਾ ਇੱਕ ਮਾਸ-ਖਾਣਾ ਜਾਨਵਰ ਜੋ ਲੱਕੜ ਬੱਘੇ ਤੇ ਖੱਡ-ਬਿੱਲੇ ਦੇ ਵਿੱਚਕਾਰਲੇ ਮੇਲ ਦਾ ਹੁੰਦਾ ਹੈ; ਲੱਗੜ-ਬਿੱਲਾ.

Aaron's beard, *n.* : ਇੱਕ ਭਾਂਤ ਦਾ ਬੂਟਾ ਜਿਸ ਦੀਆਂ ਜੜ੍ਹਾਂ ਦਾੜ੍ਹੀਆਂ ਵਰਗੀਆਂ ਹੁੰਦੀਆਂ ਹਨ; ਹਾਰੂੰ-ਦਾੜ੍ਹੀ.

Aaron's rod, *n.* : ਇੱਕ ਕਿਸਮ ਦਾ ਬੂਟਾ ਹੈ; ਹਾਰੂੰ-ਸੋਟ.

ab-, *pref.* : (ਕਿਸੇ ਚੀਜ਼ ਤੋਂ) ਦੂਰ, ਵੱਖਰਾ, ਪਰੇ.

aba [Arab.], *n.* : ਅਬਾ, ਚੋਗਾ.

aback, *adv.* : ਪਿੱਛੇ ਵੱਲ, ਪਿੱਛਲੇ ਪਾਸੇ; (ਸਮੁੰਦਰੀ) ਮਸਤੂਲ ਨਾਲ ਦੱਬਿਆ ਹੋਇਆ, ਦੱਬਿਆ ਹੋਇਆ (ਜਿਹੜੇ ਬਾਦਬਾਨ ਜਦੋਂ ਉਲਟੀ ਹਵਾ ਦੇ ਜ਼ੋਰ ਨਾਲ ਜਹਾਜ਼ ਦੇ ਪਿੱਛੇ ਥੰਮ੍ਹਾਂ ਨਾਲ ਦੱਬੇ ਜਾਂਦੇ ਹਨ, ਅਤੇ ਜਹਾਜ਼ ਨੂੰ ਅਗਾਂਹ ਵੱਧਣ ਤੋਂ ਰੋਕਦੇ ਹਨ).

to be taken a. : (ਅਲੰਕਾਰੀ) ਅਚਾਨਕ ਹੀ ਉਲਟ ਜਿਹੀ ਹਾਲਤ ਹੋ ਜਾਣੀ, ਹੱਕਾ-ਬੱਕਾ ਹੋ ਜਾਣਾ.

abacus, *n.* (*pl.* -ci) : ਗਿਣਤਾਰਾ, ਬਾਲ-ਫਰੇਮ, ਗਿਣਤੀ-ਚੌਖਟਾ, ਇੱਕ ਕਿਸਮ ਦਾ ਚੌਖਟਾ ਜਿਸ ਵਿੱਚ ਤਾਰਾਂ ਲੱਗੀਆਂ ਹੁੰਦੀਆਂ ਹਨ, ਅਤੇ ਇਨ੍ਹਾਂ ਤਾਰਾਂ ਵਿੱਚ ਗੋਲੀਆਂ ਪਰੋਈਆਂ ਹੁੰਦੀਆਂ ਹਨ; ਬੱਚਿਆਂ ਨੂੰ ਪਹਿਲੀ ਵਾਰ ਗਿਣਤੀ ਸਿਖਣ ਦੀ ਜਾਚ ਇਨ੍ਹਾਂ ਗੋਲੀਆਂ ਨਾਲ ਸਿਖਾਈ ਜਾਂਦੀ ਹੈ.

Abaddon, *n.* : ਨਰਕ; ਸ਼ੈਤਾਨ, ਕਲਿਜੁਗ.

abaft, *adv.* & *prep.* : ਜਹਾਜ਼ ਦੇ ਪਿਛਲੇ ਪਾਸੇ ਵਲ, ਪਿਛਲੇ ਪਾਸੇ, ਪਿੱਛੇ ਵਲ, ਪਿੱਛੇ, ਪਿਛਵਾੜੇ.

abandon, *v. t.* : ਤਿਆਗ ਦੇਣਾ, ਤਿਆਗਣਾ; ਛੱਡ ਦੇਣਾ, ਛੋੜਨਾ, ਛੱਡਣਾ, ਛੱਡ ਜਾਣਾ, ਤਜਣਾ, ਤਜ ਦੇਣਾ, ਤਰਕ ਕਰਨਾ; ਸੌਂਪ ਦੇਣਾ, ਹਵਾਲੇ ਕਰ ਦੇਣਾ; ਕਿਸੇ ਕਾਮਨਾ ਦੇ ਅਸਰ ਹੇਠ ਆ ਜਾਣਾ; ਅਨੁਯਾਈ ਕਿਸੇ ਦਾ ਹੋ ਜਾਣਾ; (ਕਿਸੇ ਚੀਜ਼ ਦੇ ਕਬਜ਼ੇ ਤੋਂ, ਕਿਸੇ ਦਾਵੇ ਤੋਂ) ਹੱਥ ਚੁੱਕ ਲੈਣਾ, ਹਾਰ ਜਾਣਾ; ਸੰਬੰਧ ਤੋੜ ਲੈਣਾ, ਵਾਸਤਾ ਛੱਡ ਦੇਣਾ, ਆਸ ਛੱਡ ਜਾਣਾ.

—all hopes, ਉੱਕਾ ਹੀ ਆਸ ਲਾਹ ਬੈਠਣਾ, ਨਿਰਾਸ ਹੋ ਜਾਣਾ, ਛੋੜੀ ਆਸ ਬਹਿਣਾ.

abandon, *n.* : ਬੇਪਰਵਾਹੀ, ਖੁਲ੍ਹ-ਖਿਆਲੀ.

abandoned, *a.* : ਤਿਆਗਿਆ; ਵਿਰਾਨ, ਉਜਾੜ; ਛਿਟਕਿਆ ਹੋਇਆ, ਅਵਾਰਾ, ਦੇਸ਼ ਛੋੜਿਆ ਹੋਇਆ, ਬੇਲ-ਮੁਹਾਰ, ਛੱਡਿਆ ਹੋਇਆ, ਲੁੱਚਾ, ਲੰਡਾ, ਬਦਮਾਸ਼, ਖਰਾਬ, ਗੰਦਾ.

abandonee, *n.* : (ਕਨੂੰਨ) ਸਪੁਰਦ-ਦਾਰ, ਤਿਆਗ-ਪਾਤਰ, ਉਹ ਮਨੁੱਖ ਜਿਸ ਦੇ ਹਵਾਲੇ ਕਿਸੇ ਵਡੇ ਹੋਏ ਜਾਂ ਟੁੱਟੇ ਹੋਏ ਜਹਾਜ਼ ਅਤੇ ਉਸ ਦੇ ਸਾਮਾਨ ਨੂੰ ਕਬਜ਼ਾ ਦਾ ਹੱਕ ਦਿੱਤਾ ਗਿਆ ਹੋਵੇ.

abandonment, *n.* : ਤਿਆਗ, ਉਪਰਾਮਤਾ; ਅਨਾਥਤਾ, ਵੈਰਾਨੀ, ਖਹਿਲਾਪਣ, ਅਵਾਰਗੀ; ਬੇਲਪੁਣਾ, ਬੇਂਗਾਪਣ.

abandoner, *n.* : ਤਿਆਗਣ.

abase, *v. t.* : ਨਿਰਾਦਰੀ ਕਰਨੀ, ਬੇਕਦਰੀ ਕਰਨੀ, ਘਟੀਆ ਬਣਾ ਦੇਣਾ, ਘਟਿਆਣਾ, ਨੀਵਿਆਂ ਕਰਨਾ.

abaseMENT, *n.* : ਨਿਰਾਦਰੀ, ਬੇਕਦਰੀ.

abash, *v. t.* : ਸ਼ਰਮਿੰਦਾ ਕਰਨਾ, ਸ਼ਰਮਿੰਦਾ ਕਰਨਾ, ਹੌਲਾ ਕਰਨਾ, ਹਿੰਠੇ ਕਰਨਾ, ਖੱਜਲ ਕਰਨਾ.

abashMENT, *n.* : ਸ਼ਰਮ, ਸ਼ਰਮਿੰਦਗੀ, ਝੇਂਪ.

abask, *adv.* : ਧੁੱਪੇ, ਧੁੱਪ ਦੇ ਨਿੱਘ ਵਿੱਚ, ਧੁੱਪ ਸੇਕਦਿਆਂ.

abate, *v. t.* & *v. i.* : ਘਟਾਉਣਾ, ਘਟਣਾ; ਥੋੜ੍ਹਾ ਘਟਾ ਦੇਣਾ; (ਕੀਮਤ ਨੂੰ) ਮੰਦਾ ਕਰਨਾ, ਘੱਟ ਕਰ ਦੇਣਾ; ਮੱਠਾ ਕਰਨਾ; ਮੰਦਾ ਪਈ ਜਾਣਾ ਜਾਂ ਪੈਣਾ (ਰੰਗ ਦੀ); ਕਟੌਤੀ ਕਰਨੀ; ਮਸਰਾਫੀ ਦੇਣੀ; (ਹੜ) ਉਤਰ ਜਾਣਾ, ਲਹਿ ਜਾਣਾ; ਘਟ ਜਾਣਾ; (ਕਨੂੰਨ) ਖਤਮ ਹੋਣਾ, ਮਨਸੂਖ ਜਾਂ ਖਾਰਜ ਕਰਨਾ (ਜਿਵੇਂ ਲਿਖਤ ਜਾਂ ਕਾਰਵਾਈ ਨੂੰ); ਮੁਕਾਉਣਾ, ਮੁਕਣਾ.

abateMENT, *n.* : ਘਾਟਾ, ਘਟਾਉ, ਕਟੌਤੀ, ਕਮੀ; ਮੁਕਾਉ.

abatOR, *n.* : ਹਟਾਵਾ, ਘਟਾਵਾ.

abatis, abattis, *n.* : ਮੋਰਚਾ-ਬੰਦੀ, ਬਚਾਉ ਜੋ ਡੇਗੇ ਹੋਏ ਰੁੱਖਾਂ ਦੀ ਸਹਾਇਤਾ ਨਾਲ ਕੀਤਾ ਜਾਵੇ.

abatisED, *a.* : (ਡੇਗੇ ਹੋਏ ਰੁੱਖਾਂ ਨਾਲ) ਮੋਰਚਾ-ਬੰਦ.

abattoir [F], *n.* : ਬੁਚੜ-ਖਾਨਾ.

abb, *n.* : ਪੇਟਾ, ਤਾਣੇ ਵਿੱਚ ਭਰਨ ਵਾਲਾ ਧਾਗਾ (ਕਪੜੇ ਵਿੱਚ ਲੰਮੇ ਪਾਸੇ ਦੇ ਧਾਗਿਆਂ ਨੂੰ ਤਾਣਾ ਆਖਦੇ ਹਨ; ਚੌੜੀ ਵਿੱਚ ਉਣਨ ਲੱਗਿਆਂ ਪੇਟਾ ਵਾਹੀਦਾ ਹੈ).

Abba, *n.* : ਪਿਤਾ, ਪਿਉ (ਇਹ ਪਦ ਬਾਈਬਲ ਵਿਚ father ਦੇ ਨਾਲ ਹੀ ਰੱਬ ਜਾਂ ਪ੍ਰਮੇਸ਼ਰ ਦੇ ਰੂਪ ਨਾਲ ਵਰਤਿਆ ਜਾਂਦਾ ਹੈ).

abbacy, *n.* : ਜਿਸ ਗਿਰਜੇ ਵਿੱਚ ਈਸਾਈ ਸਾਧੂ ਜਾਂ ਸਾਧਣਾਂ ਰਹਿੰਦੀਆਂ ਹੋਣ ਉਥੋਂ ਦੇ ਮਹੰਤ ਦਾ ਅਹੁਦਾ, ਅਧਿਕਾਰ, ਮਹੰਤੀ.

abbatial, *a.* : ਸਾਧੂਆਂ ਦੇ ਗਿਰਜੇ ਦੇ ਵੱਡੇ ਮਹੰਤ ਨਾਲ ਸੰਬੰਧਤ, ਮਹੰਤ ਦਾ.

abbe, *n.* : ਫ਼ਰਾਂਸ ਦੇਸ ਦਾ ਉਹ ਮਨੁੱਖ ਜਿਸ ਨੂੰ ਪਾਦਰੀਆਂ ਦਾ ਭੇਖ ਰੱਖਣ ਦਾ ਅਧਿਕਾਰ ਹੋਵੇ, ਪਰ ਪਾਦਰੀ ਵਾਲੀ ਜ਼ਿੰਮੇਵਾਰੀ ਸਿਰ ਤੇ ਨਾ ਹੋਵੇ.

abbess, *n.* : ਸਾਧਣਾਂ ਦੇ ਗਿਰਜੇ ਦੀ ਮਹੰਤਣੀ.

abbey, *n.* : ਉਹ ਗਿਰਜਾ ਜਿਸ ਵਿੱਚ ਸਾਧੂ ਜਾਂ ਸਾਧਣਾਂ ਕਿਸੇ ਵੱਡੇ ਮਹੰਤ ਦੇ ਪ੍ਰਬੰਧ ਹੇਠ ਰਹਿੰਦੇ ਹੋਣ; ਈਸਾਈ ਸਾਧੂਆਂ ਦਾ ਸਮੂਹ, ਉਹ ਗਿਰਜਾ

ਜਾਂ ਮੱਠ ਜਿਥੇ ਬਣੇ ਬ੍ਰਹਮਚਾਰੀ ਪਾਦਰੀ ਜਾਂ ਸਾਧੂ ਰਹਿ ਰਹੇ ਹੋਣ.

abbot, *n.* : (ਗਿਰਜੇ ਜਾਂ ਮੱਠ ਦਾ) ਮਹੰਤ, ਡੇਰੇਦਾਰ.

abbot of misrule or of unreason : ਕੂੜ ਘੁੰਡਾਲ, ਮੌਜ ਮਸਤੀ ਦੇ ਸਾਂਗਾਂ ਤੇ ਖੇਡ-ਤਮਾਸ਼ਿਆਂ ਦਾ ਸਰਦਾਰ.

abbotcy, **abbotship**, *n.* : (ਗਿਰਜੇ ਦੇ) ਮਹੰਤ ਦਾ ਅਹੁਦਾ, ਮਹੰਤੀ.

abbreviate, *a.* : ਸੰਖਿਪਤ, ਛੋਟਾ.

abbreviate, *v. t.* : ਸੰਖੇਪਣਾ, ਛਾਂਗਣਾ, ਸੰਖੇਪ ਕਰਨਾ, ਛੋਟਾ ਕਰਨਾ, ਸਾਰ ਕੱਢਣਾ (ਖ਼ਾਸ ਤੌਰ ਤੇ ਸ਼ਬਦਾਂ ਨੂੰ ਛੋਟਾ ਕਰਨ ਲਈ ਵਰਤੀਂਦਾ ਹੈ).

abbreviATION, *n.* : ਸੰਖੇਪ, ਸਾਰ, ਸੰਖੇਪ.

abbreviATURE, *n.* : ਛੋਟਾ ਕਰਨਾ.

A. B. C., *n.* : [illegible] ਮੁਢਲੀਆਂ ਸਾਧਾਰਨ ਗੱਲਾਂ; ਊੜਾ-ਐੜਾ, ਵਰਣ-ਮਾਲਾ, ਲਿਪੀ; ਰੇਲ ਦਾ ਵਕਤ-ਨਾਮਾ.

abdicate, *v. t.* : ਤਿਆਗ ਦੇਣਾ, ਛੱਡ ਦੇਣਾ, ਰਾਜ ਗੱਦੀ ਤਿਆਗਣਾ ਜਾਂ ਛੱਡਣਾ, ਤਖ਼ਤ ਛੱਡਣਾ, (ਕਿਸੇ ਕਬਜ਼ਾ ਜਾਂ ਮਾਲਕੀ ਦਾ ਹੱਕ) ਛੱਡਣਾ.

abdicATED, *a.* : ਛੱਡਿਆ ਹੋਇਆ, ਤਿਆਗਤ.

abdicATION, *n.* : ਰਾਜ-ਤਿਆਗ, ਤਿਆਗ, ਅਸਤੀਫ਼ਾ.

abdicANT, *n.* : ਤਿਆਗੀ.

abdomen, *n.* : ਢਿੱਡ, ਪੇਟ, ਜੀਵ ਜੰਤੂਆਂ ਦੇ ਸਰੀਰ ਦਾ ਪਿਛਲਾ ਹਿੱਸਾ, ਢੱਡਾ.

abdominal, *a.* : ਢਿੱਡ ਦਾ, ਪੇਟ ਦਾ, ਮੱਛੀ ਦਾ, ਜਿਸ ਦੇ ਖੰਭ ਪੇਟ ਦੇ ਹੇਠਲੇ ਪਾਸੇ ਹੋਣ, ਪੇਟ-ਪਰੀ ਦਾ.

abdominous, *a.* : ਪੇਟੂ, ਢਿੱਡਲ, ਮੋਟੇ ਢਿੱਡ ਵਾਲਾ.

abducent, *a.* : ਖਿੱਚ ਲੈ ਜਾਣ ਵਾਲਾ (ਪੱਠਾ ਜੋ ਆਪਣੇ ਨਾਲ ਦੇ ਸਰੀਰਕ ਅੰਗਾਂ ਨੂੰ ਅਸਲ ਥਾਂ ਤੋਂ ਖਿੱਚਦਾ ਹੈ), ਵਿਛੋੜਕ.

abduct, *v. t.* : ਉਧਾਲਣਾ, ਖਹਿ ਜਬਰੀ ਲੈ ਜਾਣਾ, ਕੱਢ ਲੈ ਜਾਣਾ, ਲੈ ਭੱਜਣਾ, ਕੱਢ ਕਰਨਾ (ਪੱਠੇ ਜਾਂ ਧੱਕੇ ਨਾਲ ਕਿਸੇ ਪਤਨੀ ਹੋਵੇ ਨੂੰ); ਕਿਸੇ ਸਰੀਰਕ ਅੰਗ ਨੂੰ ਆਪਣੇ ਅਸਲ ਟਿਕਾਣੇ ਤੋਂ ਖਿੱਚਣਾ.

abductED : ਧਰੇਲ, ਉਧਾਲ, ਕੱਢੀ ਹੋਈ.

abduction, *n.* : ਉਧਾਲਾ, ਖਿਚਾਵਾ, ਹਰਨ; ਕਿਸੇ ਅੰਗ ਨੂੰ ਉਸ ਦੇ ਅਸਲ ਟਿਕਾਣੇ ਤੋਂ ਹਟਾਉਣਾ; ਕਬਰ ਦੇ ਕੰਢਿਆਂ ਦਾ ਸੁੰਗੜਾਉਣ ਜਿਸ ਕਰਕੇ ਜ਼ਖ਼ਮ ਦਾ ਮੂੰਹ ਖੁਲ੍ਹ ਜਾਂਦਾ; (ਤਰਕਸ਼ਾਸਤਰ ਵਿਚ) ਲੰਮਾ ਅੰਦਾਜ਼ਾ, ਅਜਿਹਾ ਦਾਅਵਾ ਸਾਧਨਾ ਜਿਸ ਵਿਚ ਮੁਢਲੀ ਵਿਚਾਰ ਤੇ ਮੰਜ਼ਿਲ ਸਿੱਟਾ ਥੋੜ੍ਹੀ ਲੰਮੀ ਹੋਵੇ.

abductor, *n.* : ਉਧਾਲੂ, ਕਿਸੇ ਨੂੰ ਸੁੰਗੜਾਉਣ ਵਾਲਾ ਪੱਠਾ.

abeam, *adv.* : (ਜਹਾਜ਼ੀ ਜਹਾਜ਼ ਦੇ ਲੰਬਾਈ ਨੂੰ ਕੱਟਦਾ ਹੋਇਆ, ਪਾਸਿਓਂ.

—of us, ਸਾਡੇ ਵਲ ਸਿੱਧਾ ਰੁਖ਼, ਸਿੱਧਾ ਸਾਡੀ ਛਾਤੀ ਵਲ, ਸਾਡੇ ਸਾਹਮਣਿਓਂ.

abecedarian, *a.* & *n.* : ਅੱਖਰ-ਵਾਰ ਸੁਆਰਿਆ ਗਿਆ ਹੋਇਆ; ਅੱਖਰ-ਵਾਰ; ਅਲਫ਼-ਬਿਲਫ਼; ਅੱਖਰ, ਵਰਣ ਵਾਲਾ, ਊੜਾ-ਐੜਾ ਸਿਖਣ ਵਾਲਾ, ਸਿਖਾਂਦਰੂ.

abed, *adv.* : ਸੁੱਤਿਆਂ ਹੋਇਆਂ, ਮੰਜੇ ਉੱਤੇ ਪਿਆਂ, ਲੰਮੇ ਪਿਆਂ.

abele, *n.* : ਚਿੱਟੇ ਦਾ ਰੁੱਖ, ਸਫ਼ੈਦਾ.

aberdevine, *n.* : ਚਿੜੀ-ਜਾਤ ਦੀ ਯੂਰਪੀ (ਵਿਚ) ਇਕ ਪੰਛੀ ਦਾ ਨਾਂ, ਹਰਾ ਪੀਲਾ ਚਾਹਣ.

aberglaube [G.], *n.* : (ਜਰਮਨ ਸ਼ਬਦ) ਅੰਧ-ਵਿਸ਼ਵਾਸ, ਕਹਣੀ ਵਧੀਕ ਸ਼ਰਧਾ, ਹਰ ਗੱਲ ਮੰਨੀ ਜਾਣਾ, ਵਹਿਮ, ਭਰਮ.

aberrant, *a.* : ਠੀਕ ਦੇ ਸਹੀ ਰਾਹ ਤੋਂ ਮੁੜਿਆ ਹੋਇਆ, ਕੁਰਾਹੇ ਪਿਆ ਹੋਇਆ, ਕੁਰਾਹੀਆ, ਭੁੱਲੜ, ਗੁਮਰਾਹ; ਅਟੇਰੇ ਜਨ ਦਾ, ਕੁਲੱਛਣ.

aberrANCE, **aberrANCY**, *n.* : ਭੁਲੇਖਾ, ਕੁਰਾਹ, ਭੁੱਲ, ਘਬਰਾਹਟ.

aberration, *n.* : ਭੁਲੇਖਾ, ਭੁੱਲ, ਮਤਭਾਂਤੀ; ਮਨ ਦਾ ਵਿਗਾੜ; ਜੋਤਿਸ਼ ਦਾ ਉਲੰਘਣ; ਭੁੱਲ; (ਵਿਗਿਆਨ ਵਿਚ) ਜੀਵ ਦੇ ਭੁਲੇਖੇ ਅਨੁਸਾਰ ਕਹਿਆ ਦਾ ਆਪਣੇ ਅਸਲ ਟਿਕਾਣੇ ਤੋਂ ਹਟਣਾ.

abet, *v. t.* : (ਕੋਈ ਅਪਰਾਧ ਕਰਨ ਲਈ ਅਪਰਾਧੀ ਨੂੰ) ਚੁੱਕ ਦੇਣੀ, ਹਮੈਤ ਕਰਨੀ.

aid and abet=abet.

abetMENT, *n.* : ਚੁੱਕ, ਸ਼ਹਿ, ਹਮੈਤ.

abettOR, **abettER**, *n.* : ਹਮੈਤੀ, ਸਹਾਈ, ਮਦਦੀ ਅਪਰਾਧ-ਸਾਥੀ.

ab extra [L.], *adv.* : ਬਾਹਰੋਂ, ਕਿਸੇ ਹੋਰ ਪਾਸਿਓਂ.

abeyance, *n.* : ਮੁਅੱਤਲ, ਰੁਕੀ ਸਥਿਤੀ, ਠਿੱਲ, ਅਟਕਾਉ, ਅਟਾਉ.

be in or fall into a. ਖੱਟੇ ਪੈ ਜਾਣਾ, ਕੰਮ ਠੱਪ ਹੋਣਾ.

abhor, *v. t.* : ਨਫ਼ਰਤ ਕਰਨੀ, ਨਫ਼ਰਤ ਕਰਨੀ, ਘਿਰਣਾ ਕਰਨੀ, ਗਿਲਾਨੀ ਕਰਨੀ.

abhorrence, *n.* : ਘਿਰਣਾ, ਨਫ਼ਰਤ, ਨਫ਼ਰਤ, ਸਰ, ਚਿੜ, ਵੈਰ, ਸੂਗ ਦਾ ਕਾਰਨ.

flattery is my a. ਮੈਨੂੰ ਖ਼ੁਸ਼ਾਮਦ ਤੋਂ ਨਫ਼ਰਤ ਹੈ, ਮੈਨੂੰ ਕਿਸੇ ਦੂਜੇ ਤੋਂ ਘਿਰਣਾ ਹੈ, ਖ਼ੁਸ਼ਾਮਦ ਤੋਂ ਮੈਂ ਚਿੜ੍ਹ ਜਾਂਦਾ ਹਾਂ.

abhorrent, *a.* : ਭੈੜਾ, ਘਿਰਣਿਤ; (ਕਦੇ ਕਿਸ ਦੇ ਨਾਲ ਸ਼ਬਦ from ਹੋਵੇ) ਬੇਮੇਲ, ਬੇਮੇਲ, ਅਢੁੱਕਵਾਂ, ਅਸੁਖਾਵਾਂ, ਕੋਝਾ.

abhorrer, *n.* : (ਇਤਿਹਾਸ) ਜਿਨ੍ਹਾਂ ਲੋਕਾਂ ਨੇ ਸੰਨ 1680 ਵਿਚ ਦੂਜੇ ਸ਼ਾਹ ਚਾਰਲਸ ਨੂੰ ਇੱਕੋ ਆਦਰ-ਪੱਤਰ ਉੱਤੇ ਦਸਤਖ਼ਤ ਕੀਤੇ ਸਨ ਉਨ੍ਹਾਂ ਦੀ ਟੋਲੀ.

abidance, *n.* : ਵਾਸਾ, ਰਹਿਣ, ਟਿਕ-ਟਿਕਾਅ, (ਕਿਸੇ ਨੇਮ ਜਾਂ ਧੁਰ ਉੱਤੇ) ਟਿਕਿਆ, ਪਾਬੰਦੀ, ਕਾਇਮੀ, ਪਕੇਰ.

abide, *v. i.* & *t.* : ਟਿਕਣਾ, ਰਹਿਣਾ, ਠਹਿਰਨਾ, ਘਸੇ ਸਹਣਾ, ਸਾਰ ਲੈਣਾ, ਵਸਣਾ, ਰਹਿਣਾ, ਸਹਿਣਾ, ਸਹਿ ਲੈਣਾ, ਝੱਲਣਾ, ਸਦਾ ਰਹਿਣਾ, ਬਚ ਰਹਿਣਾ, ਜਾਰੀ ਰਹਿਣਾ, ਜਾਰੀ ਰਖਣਾ; ਜੀਵੇ ਰਹਿਣਾ, ਟਿਕੇ ਰਹਿਣਾ, ਅੜੇ ਰਹਿਣਾ; (ਜਦੋਂ ਇਸ ਦੇ ਨਾਲ by ਆਵੇ) ਪਾਬੰਦ ਰਹਿਣਾ, ਅਨੁਸਾਰ ਕਰਨਾ, ਆਪਣੇ ਇਕਰਾਰ ਤੇ ਪੂਰਾ ਉਤਰਨਾ, ਆਪਣਾ ਵਚਨ ਨਿਭਾਉਣਾ; ਨੇੜੇ ਵਿਚ ਰਹਿਣਾ; (ਕਿਸੇ ਸੰਬੰਧੀ ਵਿਚ, ਜਿਵੇਂ I cannot a.) ਸਹਿ ਲੈਣਾ, ਸਹਾਰਨਾ, ਝੱਲਣਾ.

abiding, *a.* : ਪੱਕਾ, ਸਾਬਤ, ਚਿਰ-ਸਥਾਈ, ਸਦਾਈਂ, ਸਦੀਵੀ.

abidingly, *adv.* : ਸਦਾ, ਹਰ ਵੇਲੇ, ਹਮੇਸ਼.

abiet- : ਇਹ ਅਗੇਤਰ ਰਸਾਇਣੀ ਨਾਵਾਂ ਦਾ ਮੁਖ ਅੰਗ ਹੋ ਕੇ ਆਉਂਦਾ ਹੈ.

abigail, *n.* : ਗੋਲੀ, ਨੌਕਰਾਣੀ, ਦਾਸੀ.

Beaumont ਅਤੇ Fletcher ਦੀ ਪੁਸਤਕ The Scornful Lady ਵਿੱਚ ਇਕ ਇਸਤਰੀ ਦਾ ਨਾਂ ਹੈ.

ability, *n.* : ਲਿਆਕਤ, ਯੋਗਤਾ; ਗੁਣ; ਵੱਲ, ਸਾਰ; ਹਿੰਮਤ, ਸ਼ਕਤੀ, ਮਜਾਲ, ਤਾਕ, ਸਮਰੱਥਾ, ਦਾ, ਪਰਤ, ਵਿੱਤ, ਹੈਸੀਅਤ, ਅਧਿਕਾਰ.

ab initio [L.], *adv.* : ਮੁਢ ਤੋਂ, ਮੁਢੋਂ, ਆਰੰਭ ਤੋਂ, ਸ਼ੁਰੂ ਤੋਂ, ਮੁਢੋਂ.

abiogenesis, *n.* : ਨਿਰਜੀਵ ਮਾਦੇ ਤੋਂ ਸਜੀਵ ਜੀਵਾਂ ਦਾ ਜੰਮਣਾ, ਉਤਭੁਜ.

abiogenETIC, *a.* : ਉਤਭੁਜ ਨਿਯਮ ਨਾਲ ਸਬੰਧਤ.

abiogenetICALLY, *adv.* : ਉਤਭੁਜ ਦੇ ਨਿਯਮ ਨਾਲ.

abiogenIST, *n.* : ਇਸ ਨਿਯਮ ਵਿਚ ਯਕੀਨ ਰੱਖਣ ਵਾਲਾ, ਉਤਭੁਜ-ਵਾਦੀ.

abiogenOUS, *a.* : ਆਪਣੇ ਆਪ ਜੰਮਿਆ ਹੋਇਆ.

abiogeny, *n.* = abiogenesis.

abject, *a.* & *n.* : ਨਚੀਜ਼, ਨੀਚ, ਮਾੜਾ, ਕਮੀਨਾ, ਨਿਕੰਮਾ, ਹੋਛਾ, ਜ਼ਲੀਲ.

abjectly, *adv.* : ਹੀਣਾ ਬਣ ਕੇ, ਜ਼ਿਲ੍ਹੀਆਂ ਲੈ ਕੇ, ਤਰਲੇ ਲੈ ਕੇ.

abjectness, *n.* : ਕਮੀਨਾਪਣ, ਹੀਣਤਾ.

abjection, *n.* : ਆਜਜ਼ੀ, ਕਰੂਪਤਾ, ਖ਼ੁਆਰੀ.

abjudicate, *v. t.* : ਕਚਹਿਰੀ ਰਾਹੀਂ ਦਿਵਾਉਣਾ.

abjuration, *n.* : ਸੌਂਹ ਖਾ ਕੇ ਤਿਆਗ, ਸਹੁੰ-ਪੂਰਬਕ ਤਿਆਗ.

abjure, *v. t.* : ਸਹੁੰ ਖਾ ਕੇ ਮੁਕਰਨਾ, ਇਨਕਾਰ ਲਈ ਸੁਗੰਦ ਖਾਣੀ, ਸਹੁੰ ਲੈ ਕੇ ਛੱਡਣਾ, (ਕਿਸ ਮਜ਼੍ਹਬ ਛੱਡਣ ਦੀ) ਸਹੁੰ ਖਾਣੀ, ਛੱਡ ਦੇਣਾ, ਤਿਆਗਣਾ.

ablactation, *n.* : ਛੱਲੇ ਤੋਂ ਮਾਂ ਦਾ ਦੁੱਧ ਛੁਡਾਣਾ, ਦੁੱਧ-ਛੁਡਾਈ.

ablation, *n.* : (ਚਕਿਤਸਾ ਵਿਚ) ਕਿਸੇ ਅੰਗ ਨੂੰ ਕੱਟ ਦੇਣਾ, (ਭੂਗੋਲ ਵਿਚ) : (ਪਾਣੀ ਦੇ ਅਸਰ ਨਾਲ) ਕਿਸੇ ਪਹਾੜੀ ਜਾਂ ਬਰਫ਼ ਦੇ ਢੇਰ ਦਾ ਘਟ ਜਾਣਾ, ਖੁਰਨਾ.

ablative, *a.* & *n.* : ਅਪਾਦਾਨ ਕਾਰਕ, ਲਾਤੀਨੀ ਬੋਲੀ ਦੇ ਨਾਵਾਂ ਦਾ ਛੇਵਾਂ ਕਾਰਕ.

a. absolute : ਲਾਤੀਨੀ ਬੋਲੀ ਦੀ ਇਕ ਵਾਕ-ਰਚਨਾ ਜਿਸ ਵਿਚ ਨਾਂਵ ਅਤੇ ਕਾਰਦੰਤ ਨੂੰ ਇਕੱਠਿਆਂ ਵਰਤਿਆ ਜਾਂਦਾ ਹੈ.

ablaze, *adv.* & *a.* : ਮਚਦਾ ਹੋਇਆ, ਭੋਖਦਾ, ਬਲਦਾ, ਮਚਦਾ; ਚਮਕਦਾ ਹੋਇਆ.

able, *a.* : ਲਾਇਕ, ਯੋਗ, ਕਾਬਲ, ਗੁਣੀ, ਸਮਰੱਥ.
  a.-bodied : ਤਕੜਾ, ਸਰੀਰ ਦਾ ਨਰੋਆ.
  ably, *adv.* : ਚੰਗੀ ਤਰ੍ਹਾਂ, ਠੀਕ ਤਰ੍ਹਾਂ, ਯੋਗਤਾ ਨਾਲ, ਸਫ਼ਲਤਾ ਨਾਲ.

ablet, ablen, *n.* : ਦਰਿਆ ਦੀ ਕਿਸਮ ਦੀ ਇਕ ਨਿੱਕੀ ਮੱਛੀ.

ablings, ablins, aiblins, *adv.* : (ਉੱਤਰੀ ਇੰਗਲਿਸਤਾਨ ਦੀ ਬੋਲੀ ਵਿੱਚ) ਸ਼ਾਇਦ, ਸੰਭਵ ਹੈ ਕਿ.

abloom, *adv.* & *a.* : ਜੋਬਨ ਤੇ, ਖਿੜਿਆ ਹੋਇਆ, ਫੁੱਲਿਆ ਫਲਿਆ.

ablush, *adv.* & *a.* : (ਸ਼ਰਮ ਨਾਲ) ਲਾਲ, ਪਾਣੀ ਪਾਣੀ ਹੋਇਆ, ਸ਼ਰਮਾਇਆ, ਲੱਜਿਤ, ਲਾਲ.

ablution, *n.* : (ਆਮ ਕਰਕੇ ਬਹੁ-ਵਚਨ) ਇਸ਼ਨਾਨ, ਵੁਜ਼ੂ, ਪੰਜ-ਇਸ਼ਨਾਨਾ; ਨ੍ਹਾਉਣ, ਸ਼ੁਧੀ, ਗ਼ੁਸਲ, ਸ਼ੁੱਧ ਹੋਣਾ, ਹੱਥ-ਪਾਣੀ, ਧੋਣ.
  ablutionARY, *a.* : ਇਸ਼ਨਾਨ ਆਦਿਕ ਨਾਲ ਸੰਬੰਧਤ.

abnegate, *v. t.* : ਤਿਆਗ ਦੇਣਾ, ਤਿਆਗਣਾ; ਪ੍ਰਵੇਸ਼ ਕਰਨਾ, ਮਨ ਮਾਰਨਾ, ਨਾਂਹ ਕਰਨੀ, ਮੁਕਰਨਾ.

abnegation, *n.* : ਤਿਆਗ, ਇਨਕਾਰ, ਤਿਆਗ.

abnormal, *a.* : ਅਜੀਬ, ਗ਼ੈਰ-ਮਾਮੂਲੀ, ਨੇਮ-ਵਿਰੁੱਧ, ਅਨੋਖਾ, ਅਸਾਧਾਰਨ, ਬੇਸੁਰਾ, ਕਸੂਤਾ.
  abnormalITY, *n.* : ਅਜੀਬ ਪਨ, ਅਨੋਖ, ਅਸਾਧਾਰਨਤਾ, ਕਢੰਗ.
  abnormalLY, *adv.* : ਅਜੀਬ ਢੰਗ ਨਾਲ, ਅਸਾਧਾਰਨ ਤੌਰ ਤੇ.

abnormity, *n.* : ਬੇਨੇਮੀ, ਬੇਢੰਗਤਾ, ਕੁਢੰਗ, ਕਰੂਪਤਾ.

aboard, *adv.* & *prep.* : ਜਹਾਜ਼ ਉੱਤੇ ਜਾਂ ਵਿੱਚ (ਸਵਾਰ), ਕਿਸ਼ਤੀ ਵਿਚ; (ਇੱਕ ਜਹਾਜ਼ ਦੂਜੇ ਦੇ) ਨੇੜੇ, ਨਾਲ ਨਾਲ.
  fall a. : (ਦੂਜੇ ਜਹਾਜ਼ ਨਾਲ) ਜਾ ਪੈਣਾ, ਟੱਕਰ ਲੈਣੀ.
  lay a. : ਲੜਾਈ ਵਿਚ ਆਪਣੇ ਜਹਾਜ਼ ਨੂੰ ਵਿਰੋਧੀ ਜਹਾਜ਼ ਦੇ ਸਾਹਮਣੇ ਜਾਂ ਨੇੜੇ ਲਿਆਉਣਾ, ਜਹਾਜ਼ ਭਿੜਾਉਣਾ.

abode, *n.* : ਘਰ, ਮਕਾਨ, ਥਾਂ, ਡੇਰਾ, ਟਿਕਾਣਾ, ਵਾਸਾ, ਰਹਿਣ, ਨਿਵਾਸ.

aboil, *adv.*, *prep.* & *a.* : ਉਬਲਦਾ ਹੋਇਆ, ਖੌਲਦਾ ਹੋਇਆ, ਜੋਸ਼ ਵਿਚ.

abolish, *v. t.* : ਖ਼ਤਮ ਕਰਨਾ, ਮੁਕਾਉਣਾ, ਮਿਟਾਉਣਾ, ਬੰਦ ਕਰਨਾ, ਮਨਸੂਖ਼ ਕਰਨਾ, ਰੱਦ ਕਰਨਾ, ਹਟਾਣਾ; (ਰਸਮ ਆਦਿਕ) ਤੋੜਨਾ, ਉਡਾ ਦੇਣਾ, ਮਿਟਾਣਾ.
  abolishABLE, *a.* : ਮਨਸੂਖ਼ ਯੋਗ, ਰੱਦ ਕਰਨ ਯੋਗ.
  abolishER, *n.* : ਹਟਾਣ ਵਾਲਾ, ਰੱਦ ਕਰਨ ਵਾਲਾ.
  abolishMENT, *n.* : ਮਨਸੂਖ਼ੀ, ਮਨਸੂਖ਼ੀ.

abolition, *n.* : ਮਨਸੂਖ਼ੀ, (ਅਠਾਰਵੀਂ ਅਤੇ ਉਨ੍ਹੀਵੀਂ ਸਦੀ ਵਿੱਚ) ਗ਼ੁਲਾਮੀ ਦੀ ਰਸਮ ਦਾ ਮਿਟਾਣਾ.
  abolitionISM, *n.* : ਗ਼ੁਲਾਮੀ ਦੀ ਰਸਮ ਦੇ ਖ਼ਿਲਾਫ਼ ਦੀ ਲਹਿਰ.
  abolitionIST, *n.* : ਰਸਮ ਗ਼ੁਲਾਮੀ ਦੇ ਹਟਾਣ ਦਾ ਪੱਖੀ.

abominable, *a.* : ਘਿਰਣਾ-ਯੋਗ, ਘਿਨਾਉਣਾ, ਗੰਦਾ, ਭੈੜਾ.
  abominableNESS, *n.* : ਕਰਾਹਤ, ਘਿਰਣਾ, ਘਿਣ, ਘਿਨੌਣਾ.
  abominablY, *adv.* : ਬੁਰੀ ਤਰ੍ਹਾਂ, ਭੈੜੇ ਤਰੀਕੇ ਨਾਲ.

abominate, *v. t.* : ਨਫ਼ਰਤ ਕਰਨੀ, ਘਿਰਣਾ ਕਰਨੀ, ਕਰਾਹਤ ਆਉਣੀ, ਚਿੜ੍ਹ ਆਉਣੀ.

abominate, *a.* : (ਕਾਵਿ) ਘਿਰਣਤ.

abomination, *n.* : ਘਿਰਣਾ, ਕਰਾਹਤ, ਭੈੜ, ਬੁਰਾਈ, ਘਿਰਣਾ-ਜਨਕ ਕਰਤੂਤ.

aboriginal, *a.* & *n.* : ਕਦੀਮੀ, ਜਾਂਗਲੀ, ਆਦਿ-ਵਾਸੀ, ਪ੍ਰਾਚੀਨ.
  a. tribes. : ਆਦਿ-ਵਾਸੀ ਕਬੀਲੇ.
  aboriginals : ਕਿਸੇ ਦੇਸ਼ ਦੇ ਅਸਲੀ ਕਦੀਮੀ ਵਸਨੀਕ, ਆਦਿ-ਵਾਸੀ.
  aboriginalITY, *n.* : ਦੇਸ ਦੇਸੀਪੁਣਾ.
  aboriginalLY, *adv.* : ਪ੍ਰਾਚੀਨ ਸਮੇਂ ਤੋਂ.

aborigines, *n.* (*pl.*) : ਕਿਸੇ ਦੇਸ਼ ਦੇ ਅਸਲੀ ਜਾਂ ਕਦੀਮੀ ਲੋਕ, ਆਦਿ-ਵਾਸੀ, ਜਾਂਗਲੀ ਲੋਕ.

abort, *v. i.* : ਗਰਭ ਪਾਤ ਹੋਣਾ, ਗਰਭ ਡਿੱਗ ਜਾਣਾ, (ਜਨੌਰਾਂ ਸੰਬੰਧੀ) ਤੂਣਾ, ਤੂ ਜਾਣਾ, ਬਾਂਝ ਰਹਿ ਜਾਣਾ, ਔਧ-ਕਚਰਾ ਰਹਿ ਜਾਣਾ, ਕੁਮਲਾ ਜਾਣਾ.

aborted, *a.* : ਗਰਭ-ਪਾਤਿਆ, ਉਹ ਬੱਚਾ ਜੋ ਪੂਰੇ ਦਿਨਾਂ ਤੋਂ ਪਹਿਲਾਂ ਜੰਮ ਪਵੇ; ਪਹਿਲੂ ਠੀਕ, ਅਧੂਰਾ, ਅੱਧ-ਰਿਹਾ.

aborticide, *n.* : ਭਰੂਣ-ਹੱਤਿਆ.

abortifacient, *a.* & *n.* : ਗਰਭ-ਨਾਸ਼ਕ (ਦਵਾਈ ਜਾਂ ਸਾਧਨ).

abortion, *n.* : ਗਰਭ-ਪਾਤ, ਤੂਣ.
  abortionIST, : ਗਰਭ-ਪਾਤ ਕਰਾਉਣ ਵਾਲਾ, ਗਰਭ ਪਾਤੀ.

abortive, *a.* : ਕੱਚਾ, ਵੇਲੇ ਤੋਂ ਪਹਿਲਾਂ ਜੰਮਿਆ ਹੋਇਆ, ਔਧ-ਕਚਰਾ, ਨਿਸਫਲ, ਅਧ ਵਿਚ; ਜਿਸਦੇ ਸਿਰੇ ਚੜ੍ਹਨ ਦੀ ਆਸ਼ਾ (ਕੋਈ ਜਾਂ ਕਾਰਜ), ਮਨੋਰਥ ਹੀਣ ਹੋਇਆ, ਬੇਫ਼ਾਇਦਾ ਹੋਇਆ.
  to render a. : ਨਿਸਫਲ ਕਰ ਦੇਣਾ, ਨਿਸਫਲ ਕਰ ਦੇਣਾ.
  abortiveLY, *adv.* : ਅਧਰਸ ਢੰਗ ਨਾਲ, ਬੇਫ਼ਾਇਦਾ, ਅਸਫਲਤਾ.
  abortiveNESS, *n.* : ਕਚਿਆਈ, ਨਿਸਫਲਤਾ, ਅਧੂਰਾ-ਪਨ.

abound, *v. i.* : ਬਹੁਤਾਤ ਹੋਣਾ, ਵਧ ਜਾਣਾ, ਲੋੜ ਤੋਂ ਵੱਧ ਹੋ ਜਾਣਾ, ਵਾਫ਼ਰ ਹੋਣਾ, ਬਹੁਤ ਹੋਣਾ, ਜ਼ਿਆਦਾ ਹੋਣੇ, ਭਰਪੂਰ ਹੋਣੀ.
  a. in : (ਕਿਸੇ ਚੀਜ਼) ਬਹੁਤ ਹੋਣੀ, ਮਾਲਾ ਮਾਲ ਹੋਣਾ.
  a. with : (ਕਿਸੇ ਚੀਜ਼ ਨਾਲ) ਭਰਪੂਰ ਹੋਣਾ.

about, *adv.* & *prep.* : ਚੌਹੀਂ ਪਾਸੀਂ, ਚੁਫੇਰੇ; ਆਲੇ ਦੁਆਲੇ, ਦੁਆਲੇ, ਆਸ ਪਾਸ, ਇਧਰ ਉਧਰ; (look a. you : ਆਪਣੇ ਆਲੇ ਦੁਆਲੇ ਵੇਖੋ), ਕੋਲ, ਨੇੜੇ ਤੇੜੇ, ਨੇੜੇ ਨੇੜੇ (hang a. the door : ਦਰਵਾਜ਼ੇ ਦੇ ਨੇੜੇ ਤੇੜੇ ਰਹਿਣਾ); ਇੱਧਰ ਉੱਧਰ (move a. ਇੱਧਰ ਉੱਧਰ ਫਿਰਨਾ); ਕੁ, ਲਗਭਗ, ਕੋਈ ਵੇਲ, ਕੋਈ ਕਰੀਬ (a. midnight, a. ball, ਅੱਧੀ ਕੁ ਰਾਤ ਵੇਲੇ, ਅੱਧਾ ਕੁ); ਤਿਆਰ (a. to go : ਜਾਣ ਨੂੰ ਤਿਆਰ); ਘੇਰ ਕੇ, ਪੁੱਠ ਕੇ (right a. turn), ਹਰ ਪਾਸੇ ਘੁੰਮ ਕੇ (take turn a.); ਰੁਝਾ ਹੋਇਆ (what are you a. ?); ਬਾਬਤ, ਸੰਬੰਧੀ, ਬਾਰੇ (a. me : ਮੇਰੇ ਬਾਬਤ); ਘੁਮ ਕੇ, ਚੱਕਰ ਲੈ ਕੇ (went a long way a.); bring about, ਕਰਨਾ ਲੈਣਾ, ਜ਼ੋਰ ਵਿਚ ਲਿਆਉਣਾ, ਸ਼ੁਰੂ ਕਰ ਦਿਖਾਉਣਾ (ਜਹਾਜ਼); come about, : ਹੋਣਾ, ਵਾਕਿਆ ਹੋਇਆ, ਹੱਥ ਵਿਚ ਆਇਆ.

about, *v. t.* : (ਜਹਾਜ਼ ਦਾ) ਰੁਖ਼ ਬਦਲ ਕੇ ਦੂਜੇ ਰਾਹ ਪਾਣਾ.

about-sledge, *n.* : ਲੁਹਾਰਾਂ ਦਾ ਸਭ ਤੋਂ ਵੱਡਾ ਹਥੌੜਾ, ਵਦਾਣ.

above, *adv.* & *prep.* : ਉੱਪਰ, ਉੱਤੇ, ਉਤਾਂਹ, ਉੱਚਾਈ ਤੇ, ਸਿਰ ਉੱਤੇ, ਛੱਤੇ ਉੱਤੇ, ਚੜ੍ਹਦੇ ਪਾਸੇ, ਅਕਾਸ਼ ਵਿਚ, ਪਰਲੋਕ ਵਿਚ, ਉੱਪਰਲੇ ਪਾਸੇ, ਉੱਪਰਵਾਰ, ਪਹਿਲਾਂ, ਉੱਤੇ (as was remarked a. : ਜਿਵੇਂ ਉੱਤੇ ਜਾਂ ਪਹਿਲਾਂ ਕਿਹਾ ਗਿਆ ਸੀ), ਵਧ ਤੋਂ ਵੱਧ (over and a.);
  (*prep.*) : ਵਧੀਕ, ਜ਼ਿਆਦਾ, ਵਧ ਕੇ (a. par), ਬਾਹਰ, ਉੱਤੇ (head a. water : ਸਿਰ ਪਾਣੀਓਂ ਬਾਹਰ); ਅੱਗੇ, ਜ਼ਿਆਦਾ ਪਹਿਲਾਂ (not traced a. third century, ਤੀਜੀ ਸਦੀ ਤੋਂ ਪਹਿਲਾਂ ਨਹੀਂ ਲੱਭਦੀ), ਪਹੁੰਚ ਤੋਂ ਪਰੇ (a. criticism, ਨੁਕਤਾਚੀਨੀ ਤੋਂ ਪਰੇ); a. all, ਸਭ ਤੋਂ ਵੱਧਕੇ, ਸਭ ਤੋਂ ਜ਼ਿਆਦਾ, ਸਭ ਤੋਂ ਵਧੀਕ; ਕੁਝ ਵਧੀਕ, (a. a hundred, ਸੌ ਤੋਂ ਕੁਝ ਉੱਪਰ, ਸੌ ਤੋਂ ਕੁ).

above-board, *adv.* & *a.* : ਖੁੱਲ੍ਹਾ, ਖੁੱਲ੍ਹਮ ਖੁੱਲ੍ਹਾ, ਜਿਸਨੂੰ ਲੁਕਾ ਕਿਹਾ ਨਾ ਜਾਏ, ਪ੍ਰਗਟ ਤੌਰ ਤੇ, ਪ੍ਰਤੱਖ ਤੌਰ ਤੇ, ਖਰਾ, ਸਾਫ਼.

ab ovo (L.), *adv.* : ਮੁੱਢ ਸ਼ੁਰੂ ਤੋਂ, ਆਦਿ ਤੋਂ, ਬਾਤ ਆਦਮ ਦੇ ਵੇਲੇ ਤੋਂ.

above measure, : ਅਤ ਜ਼ਿਆਦਾ, ਬੇਹੱਦ, ਬੇਹਿਸਾਬ.

above-named : ਉਪਰੋਕਤ, ਉਕਤ.

abracadabra, *n.* : ਜਾਦੂ, ਮੰਤਰ, ਟੂਣਾ; ਤ੍ਰਿਕੋਣਾ ਤਵੀਤ (ਜਾਦੂ ਦੇ ਸ਼ਬਦ ਜੋ ਤ੍ਰਿਕੋਣੇ ਕਾਗ਼ਜ਼ ਤੇ ਲਿਖ ਕੇ ਗਲ ਵਿਚ ਪਾਏ ਜਾਂਦੇ ਹਨ ਤੇ ਰੋਗ ਆਦਿ ਹਟਾਣ ਦੇ ਸਮਰੱਥ ਸਮਝੇ ਜਾਂਦੇ ਹਨ); ਬੁੜ ਬੁੜ, ਚੀਂ-ਚੀਂ.

abrade, *v. t.* : ਘਸੀਟਣਾ, ਖੁਰਚਣਾ, ਛਿਲਣਾ, ਘਸਾਉਣਾ, ਸਰੀਰ ਦੀ ਖੱਲ ਨੂੰ ਰਗੜ

ਨਾਮ ਰਚਾਉਣਾ.

Abraham-man, *n.* : (ਇਤਿਹਾਸ) ਸੋਲ੍ਹਵੀਂ ਸਦੀ ਦਾ ਨਕਲਾ ਫ਼ਕੀਰ, ਜੋ ਸਚੀ ਮੁਚੀਂ ਪਾਗਲ ਹੁੰਦਾ ਸੀ ਜਾਂ ਮਖੌਲ ਨਾਲ ਪਾਗਲ ਬਣ ਜਾਂਦਾ ਸੀ; to sham Abraham, ਬੀਮਾਰ ਜਾਂ ਪਾਗਲ ਬਣ ਖਲੋਣਾ.

Abranchial, abranchiate, *a.* : ਬਿਨਾਂ ਗਲਫੜੇ ਦੇ.

abrasion, *n.* : ਘਸਰ, ਘਸਣ, ਰਗੜ, ਝਰੀਟ, ਘਸੀ; ਛਿਲਿਆ ਹੋਇਆ ਥਾਂ.

abrasive, *a.* : ਰਗੜਵਾਂ, ਘਸਰਵਾਂ, ਛਿਲਵਾਂ, ਪੀਹਣ ਜੋਗ, ਲਸ਼ਕਣ ਜੋਗ, ਪਿਸਵੀਂ (ਸ਼ੈ).

abreast, *adv.* & *prep.* : ਨਾਲੋਂ ਨਾਲ, ਬਰਾਬਰ ਬਰਾਬਰ.

a. the times : ਸਮੇਂ ਦੇ ਨਾਲ ਨਾਲ.

abridge, *v. t.* : ਘੱਟ ਕਰਨਾ (ਮਲਾਕਾਤ ਆਦਿਕ); ਸੰਖੇਪ ਕਰਨਾ, ਖ਼ੁਲਾਸਾ ਕਰਨਾ, ਛੋਟਾ ਕਰਨਾ (ਪੁਸਤਕ ਆਦਿਕ ਨੂੰ); ਘਟਾਉਣਾ, ਸਿਕੋੜਨਾ, ਮੰਹਦੂਦ ਕਰਨਾ (ਅਜ਼ਾਦੀ, ਖੁਲ੍ਹ ਨੂੰ); (ਕਿਸੇ ਦਾ) ਹੱਕ ਖੋਹ ਲੈਣਾ.

abridgment, -ement, *n.* : (ਤਾਕਤ ਜਾਂ ਮਿਹਨਤ ਦਾ) ਘਟਾਉ, (ਹੱਕਾਂ ਵਿਚ) ਕਮੀ; ਸੰਖੇਪ, ਸਾਰ, ਖ਼ੁਲਾਸਾ (ਪੁਸਤਕ ਦਾ).

abroach, *adv.* *pred.* & *a.* : ਵਿੰਨ੍ਹਿਆ ਹੋਇਆ, ਮੋਰੀ ਵਾਲਾ, ਖੁਲ੍ਹੇ ਮੂੰਹ ਵਾਲਾ (ਪੀਪਾ ਆਦਿਕ ਤਾਂ ਜੋ ਉਸ ਵਿਚੋਂ ਸ਼ਰਾਬ, ਅਰਕ ਆਦਿ ਨਿਕਲ ਸਕੇ).

abroad, *adv.* & *n.* : ਸਭਨੀਂ ਪਾਸੀਂ, ਦੂਰ ਦੂਰ, ਖਿਲਰੀ ਹੋਈ (there is a rumour a. : ਅਫ਼ਵਾਹ ਫੈਲੀ ਹੋਈ ਹੈ); ਬਾਹਰ, ਬਾਹਰਵਾਰ, ਬਾਹਰ ਪਰਦੇਸ ਵਿਚ, ਵਿਦੇਸ਼, ਪ੍ਰਚਲਤ (the schoolmaster is a., ਹਰ ਪਾਸੇ ਵਿਦਿਆ ਦਾ ਵਧਾਉ ਹੈ, ਵਿਦਿਆ ਪ੍ਰਚਲਤ ਹੋ ਗਈ ਹੈ), all a. : ਅਸ਼ੁੱਧ, ਗਲਤ; from a. : ਪਰਦੇਸ ਤੋਂ.

abrogate, *v. t.* : ਰੱਦ ਕਰ ਦੇਣਾ, ਮਨਸੂਖ਼ ਕਰਨਾ, ਹਟਾ ਦੇਣਾ (ਕਨੂੰਨ, ਰਸਮ ਆਦਿ).

abrogation, *n.* : ਖੰਡਨ, ਮਨਸੂਖ਼ੀ.

abrupt, *a.* : ਅਚਨਚੇਤ, ਅਚਾਨਕ, ਬੇਜੋੜ, ਅਟੁੱਟਵਾਂ, ਰੁਖਾਵਾਂ, ਤਿੱਖਾ, ਖੜਾ (ਚਟਾਨ ਆਦਿ) ਅਚਾਨਕ ਹੋਇਆ, (ਧਰਤੀ ਵਿਚੋਂ) ਅਚਨਚੇਤ ਉੱਠਿਆ ਹੋਇਆ.

abruption, *n.* : ਕਿਸੇ ਚੀਜ਼ ਦਾ ਅਚਨਚੇਤ ਟੁਟ ਜਾਣਾ.

abruptly, *adv.* : ਝੱਟ ਪਟ, ਝੱਟ ਕਰਦਿਆਂ, ਅਚਨਚੇਤ; ਅਚੇਤਾ, ਕੁਵੇਲੇ; ਅਣਜਾਣਤਾ, ਅਚਾਨਕ.

abruptness, *n.* : ਕਾਹਲੀ, ਤੇਜ਼ੀ, ਬਦਜ਼ੇਬ.

abs-, *pref.* : ਦੇ ਨਾਲ, ਦੂਰ, ਪਰੇ.

abscess, *n.* : ਫੋੜਾ, ਫੋੜਾ, ਮਾਦਾ.

abscind, *v. t.* : ਵੱਢ ਕਰਨਾ, ਕੱਟਣਾ, ਵੱਢਣਾ, ਛਾਂਗਣਾ, ਅਲੱਗ ਕਰਨਾ, ਵੱਖ ਕਰਨਾ.

absciss (e) (*pl.* -es), **abscissa** (*pl.* -ae) : ਕਟਾਵ, ਲੇਟਵੀਂ ਮਾਪ.

abscission, *n.* : ਕਟਾਈ, ਚੀਰ ਫਾੜ, ਛੇਦ.

abscond, *v. i.* : ਕਿਤੇ ਛਿਪਣੀ ਚਲ ਜਾਣਾ, ਨੱਸ ਜਾਣਾ, ਲੁਕ ਜਾਣਾ, ਰੂਪੋਸ਼ ਹੋ ਜਾਣਾ, ਕਨੂੰਨ ਦੀ ਮਾਰ ਤੋਂ ਨੱਸ ਜਾਣਾ.

abscondence, *n.* : ਫ਼ਰਾਰ, ਰੂਪੋਸ਼ੀ.

absconder, *n.* : ਭਗੌੜਾ, ਮਫ਼ਰੂਰ, ਦਲ.

absence, *n.* : ਗੈਰ-ਹਾਜ਼ਰੀ, ਚਿਰ ਪਿੱਛੇ (in the a., ਹੋਰ ਪਿੱਛੇ), ਅਣਹੋਂਦ, ਅਭਾਵ, ਵਿਛੋੜਾ, ਬੇਧਿਆਨੀ, ਲਾਪਰਵਾਹੀ (a. of mind, ਬੇਧਿਆਨੀ).

absent, *a.* : ਗੈਰ-ਹਾਜ਼ਰ, ਭੁੱਲਿਆ ਹੋਇਆ, ਬੇਧਿਆਨਾ.

absently, *adv.* : ਬੇਧਿਆਨੀ, ਲਾਪਰਵਾਹੀ ਨਾਲ.

absent-minded, *a.* : ਬੇਧਿਆਨਾ, ਗਾਫ਼ਲ, ਖੋਇਆ.

absent-mindedly, *adv.* : ਬੇਧਿਆਨੀ ਨਾਲ, ਲਾਪਰਵਾਹੀ ਨਾਲ, ਅਣਧਿਆਨੇ.

absent-mindedness, *n.* : ਬੇਧਿਆਨੀ, ਬੇਖਿਆਲੀ, ਖ਼ਰਦਿਮਾਗ਼ੀ.

absentness, *n.* : ਗੈਰ-ਹਾਜ਼ਰੀ.

absent, *v. refl.* : ਗੈਰ-ਹਾਜ਼ਰ ਰਹਿਣਾ, ਖਿਸਕਣਾ.

absentee, *n.* : ਗੈਰ-ਹਾਜ਼ਰ ਮਨੁੱਖ, ਗ਼ੈਰਹਾਜ਼ਰੀ, ਪਰਵਾਸੀ, ਉਹ ਮਨੁੱਖ ਜਿਸ ਨੂੰ ਘਰੋਂ ਦੂਰ ਰਹਿਣ ਦੀ ਬਾਣੀ ਹੋਵੇ.

a. landlord : ਪਰਵਾਸੀ ਜ਼ਿਮੀਂਦਾਰ, ਉਹ ਜ਼ਿਮੀਂਦਾਰ ਜਾਂ ਜਿਸ ਜ਼ਿਮੀਂਦਾਰ ਨੇ ਆਪਣੀ ਜ਼ਮੀਨ ਤੋਂ ਦੂਰ ਬੈਠ ਆਪਣੀ ਜ਼ਮੀਨ ਦੀ ਆਮਦਨੀ ਖਾਂਦਾ ਰਹਿੰਦਾ ਹੈ।

absenteeism, *n.* : ਘਰੋਂ ਦੂਰ ਰਹਿਣ ਦੀ ਬਾਣੀ, ਪਰਵਾਸੀਪੁਣਾ.

absidal, : ਦੇਖੋ apsidal.

absinth, *n.* : ਅਫ਼ਸੰਤੀਨ, ਇਕ ਬੂਟੇ ਦਾ ਨਾਂ, ਮਰੂਏ ਦੀ ਸ਼ਰਾਬ.

absit omen (L.) : (ਲਾਤੀਨੀ ਵਾਕ) ਰੱਬ ਕਰੇ ਜਿਸ ਅਪਸ਼ਗਨ ਵਿਚ ਐਸੀ ਬਦਕਿਸਮਤੀ ਨਾ ਹੋਵੇ !

absolute, *a.* : ਕੋਰਾ, ਪੂਰਾ, ਪੂਰਨ, ਨਿਰਾ, ਖ਼ਾਲਸ, ਸੁਤੰਤਰ, ਅਥਾਹ, ਸਰਬ ਅਧਿਕਾਰੀ, ਪੂਰੇ ਅਧਿਕਾਰ ਵਾਲਾ; (ਵਿਆਕਰਣ ਦੇ ਸ਼ਬਦਾਂ ਬਾਰੇ) ਸੁਤੰਤਰ, ਬਿਨਾ ਕਿਸੇ ਸੰਬੰਧ ਦੇ, ਆਪਣੇ ਆਸਰੇ ਰਹਿਣ ਵਾਲਾ; ਨਿਰਗੁਣ.

a. majority : ਪੂਰਨ ਬਹੁ-ਸੰਮਤੀ.

a. monarch : ਮਨਮਾਨੀ ਰਾਜਾ.

a. monarchy : ਮਨਮਾਨੀ ਰਾਜ, ਅਪਹੁਦਰਾ ਰਾਜ.

a. power : ਪੂਰਨ ਅਧਿਕਾਰ.

a. value : ਨਿਰਪੇਖ ਮੁੱਲ.

absoluteness, *n.* : ਸੁਤੰਤਰਤਾ, ਪੂਰਨਤਾ, ਸਰਬ-ਸ਼ਕਤੀਮਾਨਤਾ.

absolutely, *adv.* : ਸੁਤੰਤਰਤਾ ਨਾਲ; ਜਿਵੇਂ ਕਿ ਹੋ ਸਕੇ, ਬਿਨਾ ਕਿਸੇ ਸ਼ਰਤ ਦੇ, ਉੱਕਾ ਪੁੱਕਾ, ਚੰਗੀ ਤਰ੍ਹਾਂ ਮੁੱਢੋਂ, ਜੜ੍ਹੋਂ ਮੁੱਢੋਂ ਮੂਲੋਂ, ਬਿਲਕੁਲ, ਉੱਕਾ ਹੀ.

absolution, *n.* : ਛੁਟਕਾਰਾ (ਕਿਸੇ ਗੁਨਾਹ ਜਾਂ ਦੋਸ਼ ਤੋਂ), ਨਿਸਤਾਰਾ, ਮੁਆਫ਼ੀ, ਬਖ਼ਸ਼ਸ਼; ਮੁਆਫ਼ੀ, ਖ਼ਲਾਸੀ, ਬਰੀਅਤ.

Absolutism, *n.* : (ਧਰਮਸ਼ਾਸਤਰ) ਇਹ ਨਿਸਚਾ ਕਿ ਪਰਮਾਤਮਾ ਦੀ ਮਰਜ਼ੀ ਤੋਂ ਹੀ ਸਭ ਹੋਂਦਾ ਹੈ, (ਰਾਜਨੀਤੀ) ਮੁਤਲਕੁਲਅਨਾਨੀ ਦਾ ਅਸੂਲ, ਅਪਹੁਦਰੇ ਰਾਜ ਦਾ ਸਿਧਾਂਤ.

absolutist, *n.* : ਅਪਹੁਦਰੇ ਰਾਜ ਦਾ ਪੱਖੀ, ਨਿਰੰਕੁਸ਼ਵਾਦੀ.

absolve, *v. t.* : ਮਾਫ਼ੀ ਦੇਣੀ, ਛੁਟਕਾਰਾ ਦੇਣਾ (ਗੁਨਾਹ, ਦੋਸ਼ ਜਾਂ ਜ਼ਿੰਮੇਵਾਰੀ ਤੋਂ); ਛੁਡ ਦੇਣਾ, ਬਰੀ ਕਰਨਾ, ਖ਼ਲਾਸੀ ਕਰਨੀ (ਫ਼ਰਜ਼ ਤੋਂ); ਨਿਰਦੋਸ਼ ਹੋਣ ਦਾ ਹੁਕਮ ਸੁਣਾਉਣਾ, ਬਖ਼ਸ਼ਣਾ.

absonant, *a.* : ਬੇਸੁਰਾ, ਬੇਤਾਲ, ਅਣਮੇਲਵਾਂ.

absorb, *v. t.* : ਹਜ਼ਮ ਕਰ ਜਾਣਾ, ਆਪਣੇ ਵਿਚ ਮਿਲਾ ਲੈਣਾ (ਇਸ ਤਰ੍ਹਾਂ ਨਾਲ ਕਿ ਵਖਰੀ ਹੋਂਦ ਨਾ ਰਹੇ), ਖਪਾ ਲੈਣਾ, ਸੋਖਣਾ; ਦਾਖ਼ਲ ਕਰ ਲੈਣਾ, ਲਗਾਤਾਰ ਲੀਨ ਕਰਨਾ, ਚੂਸਣਾ, ਚੂਪਣਾ, ਖਾਣਾ, ਖਿੱਚਣਾ, ਗ਼ਲਤਾਨ ਕਰ ਲੈਣਾ, ਰਜਾ ਲੈਣਾ, ਪੀ ਜਾਣਾ, ਆਪਣੇ ਵਿਚ ਸਮਾ ਲੈਣਾ (ਧਿਆਨ ਜਾਂ ਜੋਸ਼ ਨੂੰ ਜਜ਼ਬ ਕਰਕੇ ਲੈ ਜਾਣਾ).

absorbable, *a.* : ਜਜ਼ਬ ਹੋਣ ਜੋਗ, ਸੰਮਿਲਤ ਜੋਗ, ਖਪਣ ਜੋਗ, ਹਜ਼ਮ ਜੋਗ.

absorbability, *n.* : ਪੀਚ, ਲੀਨਤਾ, ਜਜ਼ਬ ਹੋਣ ਦਾ ਗੁਣ, ਕਿਸੇ ਨਾਲ ਇਕ-ਮਿਕ ਹੋ ਜਾਣ ਦਾ ਗੁਣ, ਸੰਮਿਲਤ ਯੋਗਤਾ, ਜਜ਼ਬੀਅਤ.

absorbed, *a.* : ਰਚਿਆ ਹੋਇਆ, ਜਜ਼ਬਿਆ ਹੋਇਆ, ਧੁਨ ਵਿਚ ਡੁੱਬਾ ਹੋਇਆ, ਲੀਨ, ਖੁਭਾ ਹੋਇਆ, ਮਗਨ, ਬੇਸੁੱਧ, ਮਗਨ.

absorbedly, *adv.* : ਧੁਨ ਵਿਚ, ਲੀਨ ਹੋਇਆ.

absorbefacient, *a.* & *n.* : ਪੀਚ, ਸੋਖ, ਜਜ਼ਬ ਕਰਨ ਵਾਲਾ, ਜਜ਼ਬ ਕਰਨ ਦਾ ਸੁਭਾਵ ਰੱਖਣ ਵਾਲੀ ਚੀਜ਼ (ਦਵਾਈ ਆਦਿਕ ਨੂੰ).

absorbent, *a.* & *n.* : ਖਿੱਚਣ ਵਾਲਾ, ਚੂਸਣ ਵਾਲਾ, ਸੋਖੀ, ਉਹ ਚੀਜ਼ ਜਿਸ ਵਿਚ ਜਜ਼ਬ ਕਰਨ ਦੇਵੇ, ਨਾੜਾਂ ਦਾ ਜਾਂ ਬੂਟਿਆਂ ਦੀ ਉਹ ਰਗ ਜੋ ਖ਼ੁਰਾਕ ਚੂਸ ਲੈਂਦੀ ਹੈ (ਜਿਵੇਂ ਜੜ੍ਹ ਦੀ ਨੋਕ).

absorbing, *a.* : ਦਿਲ-ਖਿੱਚਣ ਵਾਲਾ, ਦਿਲ ਖਿੱਚਣ ਵਾਲਾ, ਦਿਲ-ਖਿਚਵਾਂ, ਮਨੋਹਰ.

absorption, *n.* : (ਕਿਸੇ ਚੀਜ਼ ਦਾ ਦੂਜੀ ਚੀਜ਼ ਵਿਚ ਰਲ ਕੇ) ਲੀਨ ਹੋ ਜਾਣਾ, ਸੋਖ, ਸੰਮਿਲਤ, ਖਾਧ, ਪੀਚ, ਰਚਣ, ਸਿਮਲ, ਸੋਖ; (ਸਰੀਰਕ ਨਸਾਂ ਦਾ ਸੰਹਿਜ ਸੁਭਾ ਜਾਂ ਕਿਸੇ ਦਵਾਈ ਨਾਲ) ਘੁਲ-ਮਿਲ ਜਾਣਾ, ਧੁਨ, ਧਿਆਨ, (ਜਲ ਆਦਿਕ ਤਰਲ ਆਦਿਕ, ਜਾਂ ਖ਼ੁਰਾਕ ਆਦਿਕ) ਚੂਸੀ ਜਾਣਾ, ਪੀਣ, ਗ਼ੀਤੀਰਣ, ਖੁਭਾਈ.

absorptive, *a.* : ਚੂਸਣ ਦੀ ਸ਼ਕਤੀ ਰਖਣ ਵਾਲਾ, ਚਸੂ, ਜਾਜ਼ਬ, ਸੋਖੀ.

absorptiveness, *n.* : ਜਜ਼ਬ ਕਰਨ ਦੀ, ਚੂਸ ਲੈਣ ਦੀ ਸਮਰੱਥਾ, ਜਜ਼ਬੀਅਤ, ਚੂਸਣ.

absquatulate, *v. i.* : (ਕਿਸੇ ਚੀਜ਼ ਲੈ ਕੇ) ਚੁੱਕੇ ਜਾਣਾ, ਨੱਠ ਪੈਣਾ, ਪਤਰਾ ਵਾਚ ਜਾਣਾ (ਅਮਰੀਕਾ ਵਾਸੀਆਂ ਦਾ ਠੱਠੇ ਵਿੱਚ ਬਣਾਇਆ ਹੋਇਆ ਜਾਤੀਲੀ ਕੰਮਾ ਦਾ ਸ਼ਬਦ).

abstain, *v. i.* : ਰੋਕ ਦੇਣਾ, ਤਿਆਗ ਦੇਣਾ, ਮੂੰਹ ਮੋੜਨਾ, ਮੂੰਹ ਨਾ ਲਾਣਾ, ਬਾਜ਼ ਰਹਿਣਾ, ਦੂਰ ਰਹਿਣਾ, ਪਰੇ ਰਹਿਣਾ, ਬਚਿਆ ਰਹਿਣਾ, (ਨਸ਼ੇ ਦੀਆਂ ਚੀਜ਼ਾਂ ਤੋਂ) ਪਰਹੇਜ਼ ਕਰਨਾ, ਬਚੇ ਰਹਿਣਾ.

abstainer, *n.* } ਪਰਹੇਜ਼ ਕਰਨ ਵਾਲਾ (ਨਸ਼ਿਆਂ ਤੋਂ), ਪਰਹੇਜ਼ਗਾਰ.
abstaining, *a.* }

abstemious, *a.* : ਥੋੜ੍ਹਾ-ਥੋੜ੍ਹਾ, ਸਾਦੇ (ਖਾਣੇ), (ਖਾਣ ਪੀਣ ਵਿਚ) ਅਲਪ-ਅਹਾਰੀ, ਸੰਜਮੀ, ਥੋੜ੍ਹਾ ਖਾਣ ਵਾਲਾ, ਪਰਹੇਜ਼ਗਾਰ.

abstemiously, *adv.* : ਸੰਜਮ ਨਾਲ, ਨੇਮ ਨਾਲ, ਪਰਹੇਜ਼ ਨਾਲ, ਸਭ ਗੱਲ ਵਿਚ, ਪਰਹੇਜ਼ਗਾਰੀ ਨਾਲ.

abstemiousness, *n.* : ਪਰਹੇਜ਼ਗਾਰੀ, ਤੁਲ-ਤੁਲ, ਜੋਖ-ਤੋਲ.

abstention, *n.* : (ਕਿਸੇ ਕਿਰਿਆ ਤੋਂ) ਪਰਹੇਜ਼, ਅਲੱਗ ਰਹਿਣਾ, ਬਚਣਾ, ਗ਼ੈਰਹਾਜ਼ਰੀ.

abstergent, *a.* & *n.* : ਸਾਫ਼ ਕਰਨ ਵਾਲਾ, ਮੈਲ ਕੱਟਣ ਵਾਲਾ, ਧੋਣ ਵਾਲੀ ਜ ਮੈਲ ਆਦਿ ਕੱਟ ਕੇ ਸਾਫ਼ ਕਰ ਦੇਵੇ, ਸਾਬਣ.

abstersion, *n.* : ਸਫ਼ਾਈ, ਧੋਣਾ.

abstersive, *a.* : ਸਾਫ਼ ਕਰਨ ਵਾਲੀ, ਧੋਣ ਵਾਲੀ, ਸਾਬਣ.

abstinence, *n.* : (ਨਸ਼ੇ ਆਦਿ ਤੋਂ) ਪਰਹੇਜ਼, ਤਿਆਗ, ਸੰਜਮ, ਇੰਦਰਿਆਂ ਉੱਤੇ ਕਾਬੂ, ਸੰਜਮ.

total *a.* : ਪੂਰਾ ਪਰਹੇਜ਼, ਪੂਰੀ ਤਰ੍ਹਾਂ ਨਸ਼ਿਆਂ ਤੋਂ ਪਰੇ ਰਹਿਣਾ ਤੇ ਬਚੇ ਰਹਿਣਾ.

abstinency, *n.* : ਘੱਟ ਖਾਣ ਦੀ ਆਦਤ, ਨਸ਼ੇ ਆਦਿਕ ਤੋਂ ਬਚੇ ਰਹਿਣ ਦੀ ਆਦਤ, ਅਲਪ-ਅਹਾਰਤਾ, ਪਰਹੇਜ਼ਗਾਰੀ.

abstinent, *a.* : ਜਤੀ ਸਤੀ, ਇੰਦਰਜਿਤ, ਪਰਹੇਜ਼ਗਾਰ, ਅਲਪ-ਅਹਾਰੀ, ਸੰਜਮੀ.

abstinently, *adv.* : ਜਤ ਸਤ ਨਾਲ, ਪਰਹੇਜ਼ ਨਾਲ, ਸੰਜਮ ਨਾਲ, ਨੇਮ ਨਾਲ.

abstract, *n.* : ਖ਼ੁਲਾਸਾ, ਸੱਤ, ਸਾਰ, ਨਚੋੜ, ਸੰਖੇਪ, ਲੁੱਬੇ ਲਬਾਬ.

abstract, *a.* : ਅਗੋਚਰ, ਸੂਖਮ, ਸਮਝੋਂ ਪਰੇ, ਗੂੜ੍ਹ, ਔਖਾ, ਕਠਿਨ, ਅਮੂਰਤ, ਖ਼ਿਆਲੀ, ਨਾਮ-ਧਾਰੀ.

In the *a.* : ਖ਼ਿਆਲੀ ਤੌਰ ਤੇ.

a. number, : ਕੋਰਾ ਅੰਕ.

a. noun : ਭਾਵ-ਵਾਚਕ ਨਾਂਵ.

abstractly, : ਖ਼ਿਆਲੀ ਤੌਰ ਤੇ, ਆਪ-ਖ਼ਿਆਲ.

abstractness, : ਅਮੂਰਤਤਾ, ਸੂਖਮਤਾ.

abstract, *v. t.* : ਕੱਢਣਾ, ਵੱਖ ਕਰ ਲੈਣਾ, ਚੁਰਾ ਕੇ ਲੈ ਜਾਣਾ, ਚੋਰੀ ਕਰ ਕੇ ਲੈ ਜਾਣਾ; ਹਟਾਣਾ, ਮੋੜਨਾ (ਧਿਆਨ ਨੂੰ ਕਿਸੇ ਹੋਰ ਪਾਸੇ ਵੱਲ), ਖ਼ੁਲਾਸਾ ਕਰਨਾ, ਸਾਰ ਦੇਣਾ, ਤੱਤ ਕੱਢ ਲੈਣਾ, ਨਚੋੜ ਕੱਢ ਲੈਣਾ.

abstracted, *a.* : (ਕਿਸੇ ਧਨ ਵਿਚ) ਲੱਗਾ ਹੋਇਆ, ਆਪ-ਧਿਆਨਾ, ਬੇ-ਖ਼ੁਦ.

abstractedness, *n.* : ਖ਼ਿਆਲ ਕਿਸੇ ਹੋਰ ਪਾਸੇ ਲੱਗਾ ਹੋਣਾ, ਬੇ-ਖ਼ੁਦੀ, ਮਗਨਤਾ, ਮਨ-ਧਿਆਨੀ.

abstractedly, *adv.* : ਬੇ-ਖ਼ੁਦੀ ਵਿਚ, ਧਿਆਨ ਵਿਚ, ਖ਼ਿਆਲੀ ਤੌਰ ਨਾਲ; ਵਿਸ਼ਲੇਸ਼ਣ ਹੋ ਕੇ, ਨਿਆਰਾ ਹੋ ਕੇ.

abstraction, *n.* : ਹਟਾਉ, ਕੱਢਣ ਕਿਰਿਆ, ਖ਼ਿਆਲ, ਸੱਤ, ਧਨ, ਅਮੂਰਤ, ਬੇ-ਖ਼ੁਦੀ, ਬੇਸੁਰਤੀ, ਚੋਰੀ, ਚੋਰੀ.

a. -monger, : ਵਹਿਮੀ, ਖ਼ਿਆਲ-ਪ੍ਰਸਤ.

abstruse, *a.* : ਗੂੜ੍ਹ, ਗਹਿਰਾ, ਕਠਿਨ, ਗੰਭੀਰ, ਗੁੱਝਾ, ਜੋ ਛੇਤੀ ਸਮਝ ਵਿਚ ਨਾ ਆਏ, ਕਿਤ-ਪਚਾਵੀ ਵਾਲੀ, ਅਗਾਧ-ਗੰਭੀਰ.

abstrusely, *adv.* : ਗੰਭੀਰਤਾਈ ਨਾਲ, ਔਖਿਆਈ ਨਾਲ, ਮੁਸ਼ਕਲ ਨਾਲ, ਵਿਆਪਕ ਤੌਰ ਤੇ.

abstruseness, *n.* : ਔਖਿਆਈ, ਗੰਭੀਰਤਾਈ.

absurd, *a.* : ਫ਼ਜ਼ੂਲ, ਉਤ-ਪਟਾਂਗ, ਬੇਤੁਕਾ, ਊਲ-ਜਲੂਲ, ਬੇਹੂਦਾ, ਬੇਹੂਦਾ.

absurdly, *adv.* : ਫ਼ਜ਼ੂਲ ਤੌਰ ਤੇ, ਬੇਹੂਦੇ ਤੌਰ ਤੇ, ਮੂਰਖਤਾ ਨਾਲ.

absurdity, *n.* : ਮੂਰਖਤਾ, ਉਤਪਟਾਂਗ, ਉਤਪੁਣਾ, ਬੇਹੂਦਗੀ, ਬੇਹੂਦਾ ਕੰਮ ਜਾਂ ਗੱਲ.

aboulia, abulia, *n.* : ਅਲ-ਇੱਛਤਾ, ਸ਼ਕਤੀ-ਇੱਛਾ ਦਾ ਅਭਾਵ, ਆਪਣੇ ਦੀ ਮਰਜ਼ੀ ਨਾ ਹੋਣੀ (ਦਿਮਾਗ਼ੀ ਵਿਗਾੜ ਕਰਕੇ).

abundance, *n.* : ਬਹੁਲਤਾ, ਬਹੁਤਾਤ, ਧਨ-ਦੌਲਤ, ਉੱਚਲ-ਮਿਲਣ, ਢੇਰ, ਭੰਡਾਰ, ਭਰ, ਬਹੁਤਾਤ, ਵਾਧੂ ਬਹੁਤ, ਜ਼ਿਆਦਾ (ਦਿਲ ਦਾ), ਭੀੜ; ਮਾਲ ਧਨ, ਦੌਲਤ, ਸੰਪਤੀ, ਅਮੀਰੀ.

abundant, *a.* : ਬਹੁਤ, ਵਾਫ਼ਰ, ਬਹੁਤਾ, ਬਹੁਤ ਸਾਰਾ, ਬਥੇਰਾ, ਚੋਖਾ, ਢੇਰ, ਮਾਲਾਮਾਲ.

abundantly, *adv.* : ਵਾਫ਼ਰੀ ਨਾਲ, ਬਹੁਤਾਤ ਨਾਲ, ਬਹੁਤ.

ab urbe condita [L.], *adv.* : ਸ਼ਹਿਰ ਰੋਮ ਦੇ ਵੱਸਣ ਦੇ ਦਿਨ ਤੋਂ ਲੈ ਕੇ.

abuse, *n.* : ਗਾਲ੍ਹ, ਗਾਲੀ, ਗਾਲੀ-ਗਲੋਚ, ਦੁਰਵਰਤੋਂ, ਬਦੀ, ਗਾਲ੍ਹ-ਮੰਦਾ, ਬੁਰਾ-ਭਲਾ, ਦੁਰ-ਬੋਲ, ਅਪਮਾਨ, ਕੁਸੰਗਤ, ਦੁਰਵਰਤਣ, ਕੁਵਰਤੋਂ, ਗ਼ਲਤ-ਵਰਤੋਂ, ਬਦਨਾਮੀ, ਦੁਰਾਚਾਰ, ਮੰਦੀ ਗੱਲ, ਕੁਕਰਮ, ਬਦੀ, ਕੁਚਾਲ, ਭੈੜੀ ਰਸਮ, ਬੁਰਾ ਰਵੱਈਆ, ਬੁਰਾ ਵਰਤਾਓ, ਜ਼ੁਲਮ ਕਰਨਾ, ਧੱਕਾ.

abusive, *a.* : ਬਦ-ਜ਼ਬਾਨ, ਗੰਦਾ, ਮੂੰਹ-ਫੱਟ, ਮੂੰਹ ਵਾਲਾ, ਧੋਖ-ਵਿਗਾੜ, ਬਦ-ਬੋਲਾ, ਬੁਰ-ਵਰਤਾ, ਬਦ-ਸਲੂਕ.

abusively : ਮੂੰਹ-ਫੱਟ ਹੋ ਕੇ, ਗੰਦ ਮੰਦ ਬੋਲ ਕੇ, ਗੰਦੀ ਪਾ ਕੇ.

abusiveness, *n.* : ਬਦ-ਜ਼ਬਾਨੀ, ਬਦ-ਕਲਾਮੀ.

abuse, *v. t.* : ਮੰਦੇ ਢੰਗ ਨਾਲ ਵਰਤਣਾ, ਧੋਖਾ ਦੇਣਾ, ਠੱਗਣਾ, ਬਦ-ਸਲੂਕੀ ਕਰਨੀ, ਗਾਲੀ ਦੇਣੀ ਜਾਂ ਕੱਢਣੀ, ਬੁਰਾ ਭਲਾ ਕਹਿਣਾ, ਜ਼ੋਰ ਤੋੜਨਾ, ਇੱਜ਼ਤ ਲੁੱਟਣੀ, ਪੁੱਠਾ, ਬੁਰਾ ਬਣਾ ਦੇਣਾ, ਗੰਦ ਬਕਣਾ, ਪੱਤ ਲਾਹੁਣੀ, ਇੱਜ਼ਤ ਲਾਹੁਣੀ.

to be abused, : ਗਾਲ੍ਹ ਖਾਣੀ.

abut, *v. i.* : ਆ ਲਗਣਾ, ਨੁੱਕਰੀ ਹੋਣਾ, ਮੱਥੇ ਉੱਤੇ ਟਿਕੀ, ਨੇੜੇ ਹੋਣਾ, ਨਾਲ ਮੇਲ ਹੋਣਾ, ਮਿਲਿਆ ਹੋਇਆ ਹੋਣਾ; ਜੋੜ ਖਾਣੀ, ਕਿਸੇ ਚੀਜ਼ ਤੇ ਆ ਟਕਰਾਣਾ, ਆ ਮਿਲਣਾ, (ਕਿਸੇ ਇਮਾਰਤ ਦਾ) ਕਿਸੇ ਦੇ ਸਹਾਰੇ ਹੋਣਾ, ਟਿਕਿਆ ਹੋਣਾ.

abutment, *n.* : ਆਸਰਾ ਲਗਣਾ, ਡੌਲੀ (ਜੋ ਕਿਸੇ ਕੰਧ ਜਾਂ ਪੁਲ ਨੂੰ ਸਹਾਰਾ ਦੇਣ ਵਾਸਤੇ ਹੁੰਦੀ ਹੈ), ਪਾਇਆ (ਜਿਸ ਉੱਤੇ ਡਾਟ ਅਤੇ ਪੁਲ ਦਾ ਭਾਰ ਟਿਕਿਆ ਹੁੰਦਾ ਹੈ).

abutter, *n.* : (ਕਨੂੰਨ ਵਿੱਚ) ਨਾਲ ਲਗਦੀ ਜਾਇਦਾਦ ਦਾ ਮਾਲਕ, ਗੁਆਂਢੀ ਜੋ ਨਾਲ ਹੀ ਹਦ-ਬੰਨਾ ਸਾਂਝਾ ਹੁੰਦਾ ਹੈ.

aby, abye, *v. t.* : ਕੀਤਿਆਂ ਦੇ ਕੇ ਚੁਕਾਣਾ, ਸਜ਼ਾ ਭੁਗਤਣੀ.

abysm, *n.* : abyss ਦਾ ਪੁਰਾਣਾ ਕਾਵਿਆਤਮਕ ਰੂਪ, ਵੇਖੋ abyss.

abysmal, *a.* : ਬਹੁਤ ਡੂੰਘਾ, ਅਥਾਹ, ਅਸਗਾਹ, (ਜਿਵੇਂ *a.* ignorance, ਅਥਾਹ ਅਗਿਆਨਤਾ), ਅਥਾਹ ਡੂੰਘਾਣ ਸੰਬੰਧੀ.

abyss, *n.* : ਪਤਾਲ, ਅਥਾਹ ਡੂੰਘਾਣ, ਡੂੰਘੀ ਥਾਂ, ਰਸਾਤਲ, ਡੂੰਘਾਈ, ਡੂੰਘਾਣ (ਜਿਵੇਂ *a.* of light, ਚਾਨਣੇ ਦੀ ਡੂੰਘਾਣ), ਕੁੰਡ.

abyssal, *a.* : ਸਮੁੰਦਰ ਦੀ ਸਤਹ ਤੋਂ ਬਹੁਤ ਥੱਲੇ ਡੂੰਘਾ, ਅਥਾਹ ਡੂੰਘਾ.

ac-, *pref.* : ਕੈਂਡਾ ਸ਼ਬਦਾਂ ਦਾ ਅਗੇਤਰ ਜਿਨ੍ਹਾਂ ਦੇ ਅਰੰਭ ਵਿਚ ਅੱਖਰ c, k, qu ਹੁੰਦਾ ਹੈ, ਜਿਵੇਂ acquire, acknowledge, accede.

-ac, *suf.* : ਪਿਛੇਤਰ ਜੋ ਉਨ੍ਹਾਂ ਵਿਸ਼ੇਸ਼ਣਾਂ ਦੇ ਬਣਾਣ ਲਈ ਵਰਤਿਆ ਜਾਂਦਾ ਹੈ ਜੋ ਬਹੁਤ ਕਰਕੇ ਨਾਂਵ ਦੇ ਤੌਰ ਤੇ ਵਰਤੇ ਜਾਂਦੇ ਹਨ, ਜਿਵੇਂ cardiac, ਦਿਲ ਦੀ, ਦਿਲ ਸੰਬੰਧੀ.

a/c, *n.* (**account** ਦਾ ਸੰਖੇਪ) : ਹਿਸਾਬ.

acacia, *n.* : ਕਿੱਕਰ, ਬਬੂਲ, ਖਦਿਰ. See 'babul', green branch of *a.* : ਦਾਤਣ.

academe, *n.* : ਕਵਿਤਾ ਵਿਚ ਗਲਤੀ ਨਾਲ ਸ਼ਬਦ academy ਲਈ ਵਰਤਿਆ ਜਾਂਦਾ ਹੈ.

academian, *n.* : ਕਿਸੇ ਅਕੈਡਮੀ ਜਾਂ ਸਾਹਿੱਤ-ਮੰਡਲ ਦਾ ਮੈਂਬਰ.

academic, *a.* & *n.* : ਅਫ਼ਲਾਤੂ ਦੇ ਸਕੂਲ ਨਾਲ ਸੰਬੰਧਤ, ਅਫ਼ਲਾਤੂ ਦੇ ਸਿਧਾਂਤ ਦਾ ਹਾਮੀ; ਵਿਦਿਆ ਸਬੰਧੀ, ਇਲਮੀ, ਵਰਤੋਂ ਵਿਚ ਨਾ ਆਉਣ ਵਾਲੀ, ਸਿਧਾਂਤੀ, ਨਿਆਰੀ, ਕਿਸੇ ਸਮਾਜ ਦੇ ਅਸੂਲ, ਸੰਪਰਦਾਈ, ਸੁਸ਼ਲ-ਮੰਡਲੀ, ਤਰਕ-ਸ਼ਾਸਤਰੀ, ਜਿਸ ਵਿਸ਼ਵਾਸ ਜਾਂ ਸ਼ਾਸਤਰੀ ਪਰਨਾਲੀ ਦਾ ਅੰਧ-ਵਿਸ਼ਵਾਸੀ,

(ਬਹੁ-ਵਚਨ ਰੂਪ ਵਿਚ) ਤਰਕ-ਵਿਤਰਕ, ਜਿਰ੍ਹੀਆਂ ਦਲੀਲਾਂ, ਦਲੀਲਬਾਜ਼ੀ; ਵਿੱਦਿਅਕ ਆਸ਼੍ਰਮ ਦਾ (ਰੋਗਾ ਆਦਿ).

a. discussion : ਨਿਰੀ ਬਹਿਸ ਜਾਂ ਚਰਚਾ.

a. qualifications : ਵਿੱਦਿਅਕ ਯੋਗਤਾ.

academical, *a.* : ਕਿਸੇ ਉੱਚੇ ਵਿੱਦਿਅਕ ਆਸ਼੍ਰਮ ਨਾਲ ਸੰਬੰਧਤ, ਇਲਮੀ, (ਬਹੁ-ਵਚਨ ਹੋਵੇ ਤਾਂ) ਵਿੱਦਿਅਕ ਆਸ਼੍ਰਮ ਦਾ ਚੋਗਾ.

academically, *adv.* : ਦਰਸ਼ਨੀ ਤੌਰ ਪੁਰ [illegible] ਇਲਮੀ [illegible] ਤੌਰ ਤੇ.

academician, *n.* : ਕਿਸੇ ਕਲਾ-ਮੰਡਲ, ਖ਼ਾਸ ਕਰਕੇ Royal Academy of Arts, (ਸ਼ਾਹੀ ਕਲਾ ਮੰਡਲ) ਦਾ ਮੈਂਬਰ.

academist : ਕਿਸੇ ਅਕੈਡਮੀ ਜਾਂ ਸਾਹਿਤ ਮੰਡਲ ਦਾ ਮੈਂਬਰ.

Academy, *n.* : ਏਥਨਜ਼ ਦੇ ਨੇੜੇ ਦਾ ਬਾਗ਼ ਜਿਥੇ ਅਫ਼ਲਾਤੂੰ ਪੜ੍ਹਾਇਆ ਕਰਦਾ ਸੀ; ਅਫ਼ਲਾਤੂੰ ਦੇ ਚੇਲੇ; ਅਫ਼ਲਾਤੂੰ ਦਾ ਫ਼ਲਸਫ਼ਾ; ਅਕੈਡਮੀ (ਸਕੂਲ ਤੋਂ ਯੂਨੀਵਰਸਿਟੀ ਦੇ ਵਿਚਕਾਰਲੇ ਦਰਜੇ ਦੀ); ਕਲਾ-ਮੰਡਲ, ਦਰਸਗਾਹ, ਜਿਸ ਥਾਂ ਹੁਨਰ ਦੀ ਸਿੱਖਿਆ ਦਿੱਤੀ ਜਾਂਦੀ ਹੈ, [illegible] ਜਾਂ ਹੁਨਰ ਦੀ ਤਰੱਕੀ ਵਾਸਤੇ ਬਣੀ ਹੋਈ ਸਭਾ; ਇਸ ਦਾ ਮੈਂਬਰ ਬਣਨਾ ਫ਼ਖ਼ਰ ਵਾਲੀ ਗੱਲ ਹੈ. ਖ਼ਾਸ ਕਰਕੇ Royal A. of Arts; Royal Academy ਦੀ ਵਾਰਸ਼ਿਕ ਨੁਮਾਇਸ਼.

Acadian, *a.* & *n.* : ਨੋਵਾ ਸਕੋਸ਼ੀਆ (ਅਕੇਡੀਆ) ਦਾ [illegible], ਵਸਨੀਕ.

-acal, *suf.* : ਵਿਸ਼ੇਸ਼ਣੀ ਪਿਛੇਤਰ; ਜਿਵੇਂ cardiacal : ਦਿਲ ਦੇ [illegible] ਕਰਨ ਵਾਲੀ.

acaleph (e), *n.* : ਜਿਲ੍ਹਾ, ਇਕ ਕਿਸਮ ਦੀ ਮੱਛੀ.

acalyc- : ਕਈ ਬਨਸਪਤੀ ਸ਼ਬਦਾਂ ਵਿਚ ਧਾਤੂ ਦੇ ਤੌਰ ਤੇ ਆਉਂਦਾ ਹੈ.

acanthus, *n.* : ਇਕ ਕੰਡੇ ਦਾ ਕੰਡਿਆਲਾ ਰੁੱਖ; ਇਸ ਰੁੱਖ ਦੇ ਪੱਤਰਾਂ ਦਾ ਨਮੂਨਾ ਜੋ ਯੂਨਾਨੀ ਇਮਾਰਤਾਂ ਉੱਤੇ ਕਢਿਆ ਮਿਲਦਾ ਹੈ.

acapsular, *a.* : ਖੋਲ-ਹੀਣ, ਜਿਸ ਵਿੱਚ ਫਲੀ ਨਾ ਹੋਵੇ.

Acardiae, *a.* : ਦਿਲ-ਰਹਿਤ, ਦਿਲ-ਹੀਣ, ਜਿਸ ਵਿਚ ਕਲੇਜਾ ਨਾ ਹੋਵੇ.

acarpellous, *a.* : ਫਲਹੀਣ, ਜਿਸਦਾ ਬੂਟਾ ਹੋ, [illegible] ਵਿਚ ਫੁੱਲ ਦੀ ਪਰਾਗ ਨਾ ਹੋਵੇ.

acarpous, *a.* : ਅਫਲ, ਬਾਂਝ.

acatalectic, *n.* & *a.* : ਪੂਰਾ, ਉਹ ਕਵਿਤਾ ਜਿਸ ਦੀ ਕੋਈ ਮਾਤਰਾ ਘੱਟ ਨਾ ਹੋਵੇ.

acatalepsy, *n.* : ਅਗਿਆਨਤਾ, ਸਮਝ ਤੋਂ ਪਰੇ ਹੋਣਾ, ਅਗਿਆਨੀ.

acataleptic, *a.* : ਸਮਝ ਤੋਂ ਪਰੇ.

acaulous, *a.* :
acaulescent, *a.* :
acauline, *a.* :
acaulose, *a.* :
ਡੰਡੀਹੀਣ, ਬੇ-ਡੰਡ, ਬੇ-ਤਣਾ, ਬੇ-ਡਲ : ਬਹੁਤ ਛੋਟੇ ਤਣੇ ਵਾਲਾ.

Accadian, *a.* & *n.* : (ਅੰਜੀਲ ਦੇ ਮੈਸੋਪੋਟੇਮੀਆ [illegible] ੧੦, ਆਇਤ ੧੦) ਅਕਾਦੀ, ਸਿਨਾਰੀ, ਅਕਾਦ ਸ਼ਹਿਰ ਜਾਂ ਇਲਾਕੇ ਨਾਲ ਸੰਬੰਧਤ; ਇਹ ਬੋਲੀ ਜੋ ਪੁਰਾਣੀਆਂ ਕੀਲ-ਲਿਖਤਾਂ ਵਿੱਚ ਮਿਲਦੀ ਹੈ.

accede, *v. i.* : ਪਦਵੀ ਤੇ ਪਹੁੰਚਣਾ, ਅਹੁਦਾ ਸੰਭਾਲਣਾ; ਸ਼ਾਮਲ ਹੋਣਾ, ਸ਼ਰੀਕ ਹੋਣਾ, ਜਾ ਮਿਲਣਾ, ਦਾਖ਼ਲ ਹੋਣਾ; (ਕਿਸੇ ਰਾਏ ਵਿੱਚ) ਹਾਂ ਕਰਨੀ, ਮੰਨ ਲੈਣਾ.

accelerando [It.] : ਰਾਗ-ਵਿੱਦਿਆ ਦਾ ਇਕ ਇਸ਼ਾਰਾ, ਅਖ਼ੀਰ, ਮਧਮਾਨ ਨੂੰ ਲਗਾਤਾਰ ਤੇਜ਼ ਕਰਨਾ.

accelerate, *v. t.* & *i.* : ਚਲੰਤ ਕਰਨਾ, ਤੇਜ਼ਾ ਕਰਨਾ, ਤੇਜ਼ ਕਰਨਾ (ਜਿਸ ਆਦਿਕ ਦਾ), ਛੇਤੀ ਕਰਨਾ, ਤੇਜ਼ੀ ਦੇਣਾ; ਅਗੇਰੇ ਲੈ ਜਾਣਾ, ਤੇਜ਼ ਹੋ ਜਾਣਾ, ਚਾਲ ਤੇਜ਼ ਕਰ ਲੈਣੀ.

accelerated, *a.* : ਚਲੰਤ, ਤਿੱਖੀ, ਹੌਲੇ ਹੌਲੇ ਤੇਜ਼ ਕੀਤੀ ਹੋਈ (ਚਾਲ, ਤੋਰ).

acceleratedly, *adv.* : ਚਲੰਤ ਹੋ ਕੇ, ਹੌਲੇ ਹੌਲੇ ਤੇਜ਼ ਕਰ ਕੇ.

accelerating, *a.* : ਤੇਜ਼-ਕਰਾਊ, ਤ੍ਰਿਖਾਊ, ਚਾਲ ਨੂੰ ਲਗਾਤਾਰ ਤੇਜ਼ ਕਰਨ ਵਾਲਾ.

acceleration, *n.* : ਤੇਜ਼ੀ, ਤ੍ਰਿਖ, ਕਾਹਲੀ; ਚਾਲ-ਵਾਧਾ, ਚਾਲ ਦਾ ਤਿੱਖਾ ਹੋਣਾ ਜਾਂ ਕਰਨਾ; ਕਿਸੇ ਚਿਜ਼ ਦੀ ਰਫ਼ਤਾਰ ਦਾ ਮਾਪ; (ਜੋਤਸ਼ ਵਿਚ) ਤਾਰਿਆਂ ਦੀ ਚਾਲ ਦੀ ਤੇਜ਼ੀ.

a. of planets : ਗ੍ਰਹਿ-ਚਾਲ ਦਾ ਤ੍ਰਿਖ.

a. of the moon : ਚੰਨ-ਚਾਲ ਦਾ ਤ੍ਰਿਖ.

a. of the tides, : ਜਵਾਰ-ਭਾਟੇ ਦਾ ਅਗੇਤਰੇ ਚੜ੍ਹਨਾ.

unit of a. : ਚਾਲ-ਵਾਧੇ ਦੀ ਇਕਾਈ.

accelerative, *a.* : ਚਾਲ ਤੇਜ਼ ਕਰਨ ਵਾਲਾ, ਤੇਜ਼-ਕਰਾਊ, ਤ੍ਰਿਖਾਊ.

accelerator, *n.* : ਚਾਲ-ਵਧਾਊ, ਉਹ ਸ਼ਖ਼ਸ ਜਾਂ ਚੀਜ਼ ਜੋ ਕਿਸੇ ਦੀ ਚਾਲ ਨੂੰ ਵਧਾਏ (ਖ਼ਾਸ ਕਰ ਇੰਜਣਾਂ ਦੀ); ਨਾੜਾਂ ਤੇ ਪੱਠਿਆਂ ਦੀ ਇਕ ਕਿਸਮ.

accent, *n.* : ਉਚਾਰਨ, ਲਹਿਜਾ, ਬੋਲਣ ਦਾ ਢੰਗ; ਸ਼ਬਦਾਂਸ਼, ਬੋਲੀ ਜਾਂ ਸ਼ਬਦ ਉਚਾਰਣ ਦਾ ਖ਼ਾਸ ਢੰਗ, ਜ਼ੋਰ, ਦਬਾਅ (ਜਿਸ ਨਾਲ ਸ਼ਬਦ ਜਾਂ ਉਸ ਦੀ ਮਾਤਰਾ ਤੇ ਜ਼ੋਰ ਦਿੱਤਾ ਜਾਵੇ); ਤਾਲ; (ਬਹੁ-ਵਚਨ ਵਿੱਚ) ਬੋਲੀ, ਗਲ-ਬਾਤ.

accent, *v. t.* : ਜ਼ੋਰ ਦੇ ਕੇ ਉਚਾਰਨਾ, ਕਿਸੇ ਸ਼ਬਦ ਜਾਂ ਮਾਤਰਾ ਉੱਤੇ ਜ਼ੋਰ ਦੇਣ ਲਈ ਚਿੰਨ੍ਹ ਲਗਾਉਣੇ, ਜ਼ੋਰ ਦੇਣਾ, ਦਬਾ ਕੇ ਕਹਿਣਾ, ਮਹੱਤਤਾ ਦੱਸਣੀ, ਉਚੇਚ ਦੇਣਾ.

accentor, *n.* : ਇੱਕ ਕਿਸਮ ਦਾ ਪੰਛੀ, ਗਟੀਰਾ.

accentual, *a.* : ਤਾਲਵੀ, ਉਚਾਰਣ ਸੰਬੰਧੀ; ਮਾਤ੍ਰਿਕ, ਜਿਵੇਂ a. verse : ਮਾਤ੍ਰਿਕ ਛੰਦ, ਛੰਦ ਜਿਸ ਵਿਚ ਲੰਮੀਆਂ ਮਾਤਰਾਂ ਛਿਟੀਆਂ ਮੰਨੀਆਂ ਜਾਣ.

accentually, *adv.* : ਮਾਤ੍ਰਿਕ ਢੰਗ ਨਾਲ.

accentuate, *v. t.* = accent : ਪਰ ਇਸ ਦੀ ਵਰਤੋਂ ਵਧੇਰੇ ਅਲੰਕਾਰਕ ਢੰਗ ਤੇ ਹੁੰਦੀ ਹੈ.

accentuation, *n.* : ਜ਼ੋਰ, ਦਬਾ, ਜੋਰ ਜਾਂ ਤੇ ਜ਼ੋਰ ਦੇ ਕੇ ਉਚਾਰਣ ਕਰਨਾ, (ਸ਼ਬਦ accent ਦੇ ਸਾਰੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ).

accept, *v. t.* : ਮਨਜ਼ੂਰ ਕਰਨਾ, ਕਬੂਲ ਕਰਨਾ, ਕਬੂਲਣਾ, ਸਵੀਕਾਰ ਕਰਨਾ, ਸੀਕਾਰਨਾ, ਪ੍ਰਵਾਨ ਕਰਨਾ, ਮੰਨ ਲੈਣਾ, ਭੇਟ ਨੂੰ ਰਾਜ਼ੀ ਹੋ ਜਾਣਾ, ਲੈ ਲੈਣਾ, ਅੰਗੀਕਾਰ ਕਰਨਾ; ਹਾਮੀ ਭਰਨੀ, ਹਾਂ ਕਰਨੀ, ਕਿਰਪਾ-ਦ੍ਰਿਸ਼ਟੀ ਨਾਲ ਵੇਖਣਾ; ਰਾਜ਼ੀ ਸਮਝਣਾ, ਕਬੂਲ ਕਰਨਾ, ਹੁੰਡੀ ਮੰਨ ਲੈਣਾ; ਕੋਈ ਜ਼ਿੰਮੇਵਾਰੀ ਚੁੱਕਣੀ (ਕਿਸੇ ਅਧਿਕਾਰ ਆਦਿਕ ਦੀ).

accepter, *n.* : ਮੰਨਣ ਵਾਲਾ, ਪ੍ਰਵਾਨ ਕਰਨ ਵਾਲਾ.

acceptable, *a.* : ਮੰਨਣ ਜੋਗ, ਮਨਜ਼ੂਰ, ਪ੍ਰਵਾਨ ਕਰਨ ਜੋਗ, ਮਨ-ਭਾਉਂਦਾ.

acceptability, *n.* :
acceptableness, *n.* :
ਪ੍ਰਵਾਨਗੀ, ਮੰਨਣ ਜੋਗਤਾ, ਅੰਗੀਕਾਰਤਾ.

acceptably, *adv.* : ਇੱਛਾ ਅਨੁਸਾਰ, ਇੱਛਾ-ਪੂਰਬਕ.

acceptance, *n.* : ਮਨਜ਼ੂਰੀ, ਪ੍ਰਵਾਨਗੀ, ਸਵੀਕਾਰਤਾ, ਕਬੂਲ, ਪ੍ਰਵਾਨ, ਕਬੂਲੀ; ਰਸੀਦ, ਮਨੇਜ਼, ਲੈਣਾ ਸਮਝਣਾ; ਸਾਖੀ, ਮਨਜ਼ੂਰੀ; ਹੁੰਡੀ ਭਰਨ ਦੀ ਜ਼ਿੰਮੇਵਾਰੀ ਚੁੱਕਣੀ, ਸਕਾਰਨ.

acceptation, *n.* : ਕਿਸੇ ਸ਼ਬਦ ਜਾਂ ਵਾਕ ਨੂੰ ਦਿੱਤਾ ਗਇਆ ਖ਼ਾਸ ਅਰਥ; ਸਾਧਾਰਨ ਅਰਥ, ਆਮ ਮਤਲਬ.

accepted, *a.* : ਮੰਨਿਆ ਹੋਇਆ, ਪਰਵਾਨਿਆ ਹੋਇਆ, ਪ੍ਰਮਾਣੀਕ.

acceptedly, *adv.* : ਮੰਨੇ ਪਰਮੰਨੇ ਢੰਗ ਨਾਲ, ਪ੍ਰਮਾਣੀਕ ਤੌਰ ਤੇ.

acceptor, *n.* : ਹੁੰਡੀ ਭਰਨ ਵਾਲਾ, ਸਕਾਰੀਆ, ਸ਼ਾਹ; (ਇਸ ਅਰਥ ਵਿਚ ਇਹ ਰੂਪ accepter ਨਾਲੋਂ ਵਧੇਰੇ ਪ੍ਰਚਲਿਤ ਹੈ).

access, *n.* : ਪਹੁੰਚ, ਰਸਾਈ (be of easy of a. ਉਸ ਤਕ ਛੇਤੀ ਪਹੁੰਚ ਹੋ ਜਾਂਦੀ ਹੈ); ਪਹੁੰਚਣ ਦਾ ਮੌਕਾ ਜਾਂ ਹੱਕ; ਜਿਸ ਤਕ ਪਹੁੰਚ ਜਾ ਸਕਦਾ ਹੋ ਰਸਤਾ; ਵਾਧਾ, ਅਗਾਂਹ ਵਧਣਾ (a. and recess, ਵੱਧ-ਘਟਨੀ ਤੇ ਪਿਛੇ ਹਟਣੀ); ਰੋਗ, ਚੜ੍ਹਾਉ (ਰੋਗ, ਕ੍ਰੋਧ, ਆਦਿ), ਰਾਹ, ਦਰਵਾਜ਼ਾ, ਲਾਂਘਾ, ਦਾਖ਼ਲਾ, ਦਾਖ਼ਲ, ਪ੍ਰਵੇਸ਼, (ਇਸ ਸ਼ਬਦ ਦੇ [illegible] ਕਿਸੇ ਉੱਤੇ [illegible] ਆਉਣ ਵਾਲੇ ਰੋਗ [illegible] ਤੇ ਰੂਪ (ਉਸ ਉਤੇ ਚੜ੍ਹ ਆਉਣ ਹੋਣ).

accessary, *n.* & *a.* : ਹਮਾਇਤੀ, ਸਹਾਇਕ, ਮਦਦਗਾਰ, ਸ਼ਰੀਕ, ਭਾਈ, ਸੰਗੀ, ਸਾਥੀ, ਮੰਜੂਰੀ, ਸਾਂਝੀਵਾਲ; ਸਾਥ; (ਬਹੁ-ਵਚਨ) ਲਾਵਾਂਈਆਂ ਲੋੜਾਂ; ਉਪ-ਸਾਧਨ; ਫ਼ਾਲਤੂ, ਦੁਜੈਲਾ.

accessible, *a.* : ਪਹੁੰਚ-ਜੋਗ, ਰਸਾਈ-ਜੋਗ, ਜਿਸ ਤਕ ਪਹੁੰਚ ਹੋ ਸਕੇ, ਮਿਲ ਸਕਣ ਵਾਲਾ, ਮਿਲਣਸਾਰ, ਮਿਲਾਪੜਾ.

accessibility, *n.* : ਪਹੁੰਚ.

accessibly, *adv.* : ਮਿਲਣ ਤੇ ਸੁਤਾ ਨਾਲ.

accession, *n.* : ਪੇਸ਼ੀ, ਹਜ਼ੂਰੀ ਵਿੱਚ ਆਉਣਾ; ਰਾਜ-ਤਿਲਕ, ਗੱਦੀ-ਨਸ਼ੀਨੀ; ਸੰਮਿਲਨ; ਮਨਜ਼ੂਰੀ, (ਰੱਜਿਸਟਰ ਵਿੱਚ) ਜਮ੍ਹਾ, ਤਰੱਕੀ; ਇਜ਼ਾਫ਼ਾ, ਚੜ੍ਹਾਈ; ਜਿਵੇਂ ਜਾਇਦਾਦ ਵਿੱਚ ਕੁਦਰਤੀ ਵਾਧਾ ਜਾਂ ਤਰੱਕੀ.

accessory, *n.* & *a.* : ACCESSARY.

accidence, *n.* : ਵਿਆਕਰਣ ਦਾ ਉਹ ਹਿੱਸਾ ਜਿਸ ਵਿੱਚ ਸ਼ਬਦਾਂ ਦੀ ਰੂਪ ਰਚਨਾ ਦਿੱਤੀ ਹੁੰਦੀ ਹੈ;

accidents : ਕਿਸੇ ਸ਼ਬਦ ਦੇ ਮੁੱਢਲੇ ਜਾਂ ਮੋਟੇ ਮੋਟੇ ਅੰਗ.

accident, *n.* : ਹਾਦਸਾ, ਦੁਰਘਟਨਾ, ਵਾਰਦਾਤ; ਵਿਸਮਾਦ; ਤਬਾਹੀ ਆਈ ਮੁਸੀਬਤ, ਸੰਜੋਗ, ਅਚਿੰਤੀ ਗੱਲ; ਇਤਫ਼ਾਕ (by a. ਇਤਫ਼ਾਕ ਨਾਲ), ਅਣਹੋਣੀ ਦੀ ਬੇਤਰਤੀਬੀ, ਬੇਮੇਲਪਨ, ਅਣਜੋੜ; ਸਬੱਬੀ ਗੁਣ, ਵਾਧੂ ਅੰਗ.

accidental, *a.* & *n.* : ਸਬੱਬ ਨਾਲ, ਜਿਵੇਂ ਵਾਪਰੀ, ਅਚਾਨਕ, ਇਤਫ਼ਾਕੀਆ, ਅਸੁਭਾਵਕ, ਆਰਜ਼ੀ, ਵਾਧੂ ਚੀਜ਼ਾਂ ਹੈ, ਗੈਰਜ਼ਰੂਰੀ.

a. charges : ਇਤਫ਼ਾਕੀਆ ਖ਼ਰਚ.

a. colours : ਆਰਜ਼ੀ ਰੰਗ, ਉਹ ਰੰਗ ਜੋ ਬਾਹਰ ਦਿਸਦੇ ਹਨ ਪਰ ਨਹੀਂ ਹੁੰਦੇ; ਅੱਖ ਦੇ ਆਪਣੇ ਕਿਸੇ ਦੋਸ਼ ਦੀ ਹਾਲਤ ਤੋਂ ਪੈਦਾ ਹੁੰਦੇ ਹਨ.

a. lights or accidentals : ਆਰਜ਼ੀ ਚਾਨਣ, ਸਧਾਰਣ ਸੂਰਜ ਦੇ ਚਾਨਣ ਤੋਂ ਛੁੱਟ ਕਿਸੇ ਹੋਰ ਚਾਨਣ ਦਾ ਅਸਰ (ਤਸਵੀਰ ਖਿੱਚਣ ਵਿੱਚ).

accidentally, *adv.* : ਸਬੱਬੀਂ, ਅਚਾਨਕ ਹੀ, ਅਣਜਾਣੇ, ਅਨਾਯਾਸ, ਸਹਿਜ-ਸੁਭਾਅ, ਸਬੱਬ ਨਾਲ, ਇਤਫ਼ਾਕ ਨਾਲ.

accidented, *a.* : ਉੱਚਾ-ਨੀਵਾਂ.

accipitral, *a.* : ਬਾਜ਼ ਵਰਗਾ, ਸ਼ਿਕਾਰੀ; ਲਾਲਚੀ, ਤਿੱਖੀ.

acclaim, *v. t.* : ਵਾਹ ਵਾਹ ਕਰਨੀ, ਜੈ ਜੈ ਕਾਰ ਕਰਨੀ, ਧੰਨ ਧੰਨ ਆਖਣਾ, ਜੀ ਆਇਆਂ ਆਖਣਾ, ਮੁਬਾਰਕ ਕਹਿਣਾ.

acclaim *n.* : ਖ਼ੁਸ਼ੀ ਦੀ ਲਲਕਾਰ.

acclamation, *n.* : ਜੋਸ਼ ਵਾਲੀ ਪ੍ਰਸ਼ੰਸਾ, ਵਾਹ ਵਾਹ, ਜੈਕਾਰ; ਜੈਕਾਰਾ; carried by a. : ਜੈਕਾਰਿਆਂ ਨਾਲ ਪਾਸ ਕੀਤਾ ਗਿਆ.

acclimation, *n.*=acclimatisation, acclimatation : ਜਲ ਵਾਯੂ ਦਾ ਸੁਖਾਵਾਂ, ਅਨੁਕੂਲਤਾ.

acclimatise, *v. t.* & *i.* : (ਜਾਨਵਰਾਂ, ਬੂਟਿਆਂ ਅਤੇ ਆਪਣੇ ਆਪ ਨੂੰ) ਨਵੇਂ ਜਲ-ਵਾਯੂ ਦਾ ਆਦੀ ਬਣਾਉਣਾ, (ਕਿਸੇ ਥਾਂ ਦੇ) ਆਦੀ ਹੋ ਜਾਣਾ (ਨਵੇਂ ਜਲ-ਵਾਯੂ ਦਾ), ਰਚ-ਮਿਚ ਜਾਣਾ.

acclimate, *v. t.* & *i.* : (ਜਾਨਵਰਾਂ, ਬੂਟਿਆਂ ਅਤੇ ਆਪਣੇ ਆਪ ਨੂੰ) ਨਵੇਂ ਜਲ-ਵਾਯੂ ਦਾ ਆਦੀ ਬਣਾਉਣਾ, (ਕਿਸੇ ਥਾਂ ਦੇ) ਆਦੀ ਹੋ ਜਾਣਾ (ਨਵੇਂ ਜਲ-ਵਾਯੂ ਦਾ), ਰਚ-ਮਿਚ ਜਾਣਾ.

acclimatization, *n.* : ਜਲ-ਵਾਯੂ ਦਾ ਰਾਸ ਆ ਜਾਣਾ, ਸੁਖਾਣਾ, ਰਚਣ-ਮਿਚਣ, ਰਿਝਾਉ, ਅਨੁਕੂਲਣ.

acclimatation, *n.* : ਜਲ-ਵਾਯੂ ਦਾ ਰਾਸ ਆ ਜਾਣਾ, ਸੁਖਾਣਾ, ਰਚਣ-ਮਿਚਣ, ਰਿਝਾਉ, ਅਨੁਕੂਲਣ.

acclivity, *n.* : ਚੜ੍ਹਾਈ (ਪਹਾੜ ਦੀ).

accolade, *n.* : ਉਹ ਰਸਮ ਜੋ 'ਸਰ' ਦਾ ਖ਼ਿਤਾਬ ਦੇਣ ਵੇਲੇ ਕੀਤੀ ਜਾਂਦੀ ਹੈ, ਜਿਹਾ ਕਿ ਗਲੇ ਲਾਣਾ, ਦਿਖਾਵਾ ਦੇਣਾ, ਮੋਢੇ ਉੱਤੇ ਤਲਵਾਰ ਨਾਲ ਥਾਪੀ ਦੇਣੀ; ਵਾਜੇ ਦੀਆਂ ਲਾਈਨਾਂ ਨੂੰ ਜੋੜਨ ਵਾਲੀ ਕਿਸੇ ਖੜੀ ਲਕੀਰ ਦਾ ਜੋੜ.

accommodate, *v. t.* : (ਇਕ ਨੂੰ ਦੂਜੇ ਨਾਲ) ਠੀਕ ਬਿਠਾਉਣਾ, ਮੁਆਫ਼ਕ ਕਰਨਾ, ਅਨੁਕੂਲ ਕਰਨਾ, ਅਨੁਸਾਰਨਾ, ਥੋੜ੍ਹਾ ਥਾਂ ਦੇਣਾ, ਦਰਜਾ ਬਣਾ ਲੈਣਾ; (ਦੋ ਚੀਜ਼ਾਂ ਦਾ) ਜੋੜ ਮਿਲਾਉਣਾ, ਇੱਕ-ਰੰਗ ਕਰਨਾ; ਮੇਲ ਕਰਾਉਣਾ, ਸੁਲ੍ਹਾ ਕਰਾਉਣੀ; ਝਗੜੇ ਮਿਟਾਣੇ, ਕਿਸੇ ਨੂੰ ਲੋੜੀਂਦੀ ਚੀਜ਼ ਦੇਣੀ; ਰਹਿਣ ਵਾਸਤੇ, ਲਿਹਾਜ਼ ਕਰਨਾ, ਉਤਾਰਾ ਦੇਣ ਦਾ ਪ੍ਰਬੰਧ ਕਰਨਾ (ਪਰਾਹੁਣੇ ਨੂੰ); ਗੁੰਜਾਇਸ਼ ਕਰਨੀ, ਸਮਾਈ ਕਰਨੀ.

accommodating, *a.* : ਨਰਮ ਸੁਭਾ ਵਾਲਾ, ਮੇਲ ਜੋਲ ਵਾਲਾ, ਮਿਲਣ ਸਾਰ ਵਾਲਾ, ਮੌਕੇ ਦੀ ਲੋੜ, ਕ੍ਰਿਪਾ.

accommodatingly, *adv.* : ਨਰਮੀ ਨਾਲ, ਮਿਲ ਕੇ, ਕ੍ਰਿਪਾ ਪੂਰਵਕ.

accommodation, *n.* : ਸੂਤ ਕਰਨਾ, ਟਿਕਾਉਣਾ (ਜਿਵੇਂ a. of eyes for various distances, ਆਪਣੀ ਨਜ਼ਰ ਨੂੰ ਵੱਖ ਵੱਖ ਵਿਥਾਂ ਲਈ ਟਿਕਾਣਾ ਬਣਾਉਣਾ); ਕਿਸੇ ਚੀਜ਼ ਨੂੰ ਕਿਸੇ ਹੋਰ ਚੀਜ਼ ਨਾਲ ਨਵੇਂ ਅਰਥ ਵਿਚ ਲੈ ਢੁਕਾਉਣਾ, ਠੰਢ-ਠਪਾਈ; ਸਮਝੌਤਾ; ਮਕਾਨ, ਰਿਹਾਇਸ਼ੀ ਥਾਂ, ਰਿਹਾਇਸ਼, ਨਿਵਾਸ; ਸਮਾਈ, ਗੁੰਜਾਇਸ਼; ਲੋੜ-ਪੂਰਤੀ, ਉਧਾਰ, ਕਰਜ਼ਾ.

A. Committee : ਰਿਹਾਇਸ਼ ਕਮੇਟੀ.

accompaniment, *n.* : ਸਾਥ, ਸਜਾਵਟ ਲਈ ਜਾਂ ਕੰਮ ਚਲਾਣ ਲਈ ਵਰਤੀ ਹੋਈ ਨਾਲ ਦੀ ਚੀਜ਼, (ਰਾਗ ਵਿੱਚ) ਸਾਜ਼, ਠੇਕਾ, ਸੁਰ ਜੋ ਗਵੱਈਏ ਦੇ ਗਾਵਣ ਨੂੰ ਆਸਰਾ ਦੇਣ ਲਈ ਗਲੇ ਨਾਲ ਜਾਂ ਸਾਜ਼ ਨਾਲ ਛੋਹੀ ਜਾਂਦੀ ਹੈ, ਸੰਗਤ.

accompany, *v. t.* : ਸਾਥ ਹੋਣਾ, ਸ਼ਾਮਲ ਹੋਣਾ, ਸੰਗ ਰਲਣਾ, ਨਾਲ ਨਾਲ ਹੋ ਤੁਰਨਾ; ਕਿਸੇ ਨਾਲ ਜਾਣਾ; ਨਾਲ ਨਾਲ ਜਾਣਾ; ਨਾਲ ਵਾਪਰਨਾ, ਨਾਲ ਹੋਣਾ, (ਕਿਸੇ ਚੀਜ਼ ਵਿੱਚ) ਸ਼ਾਮਲ ਹੋਣਾ, (ਰਾਗ ਵਿੱਚ) ਗਵੱਈਏ ਨਾਲ ਸੁਰ ਭਰਨੀ, ਸੁਰ ਮਿਲਾਣੀ, ਸਾਥ ਦੇਣੀ.

accompanist, *n.* : ਗਵੱਈਏ ਨਾਲ ਸੁਰ ਭਰਨ ਵਾਲਾ, ਸਾਜ਼ ਵਜਾਣ ਵਾਲਾ, ਸਾਥ ਦੇਣ ਵਾਲਾ, ਸਾਜ਼ਿੰਦਾ.

accomplice, *n.* : ਸਾਥੀ (ਜੁਰਮ ਵਿੱਚ), ਸਾਂਝੀ, ਦੁਸ਼-ਸਹਾਇਕ, ਸਹਿ-ਅਪਰਾਧੀ.

accomplish, *v. t.* : ਸਿਰੇ ਚਾੜ੍ਹਨਾ, ਸਾਰਨਾ, ਪੂਰਾ ਕਰ ਲੈਣਾ, ਨਿਭਾਉਣਾ, ਕਰ ਲੈਣਾ, ਨਿਬੇੜਨਾ, ਸੰਪੂਰਨ (ਕਰਨਾ), ਸਫਲਨਾ, ਮੁਕਾ ਦੇਣਾ, ਮੁਕਾਉਣਾ; ਸਿੱਖਿਆ ਆਦਿਕ ਰਾਹੀਂ ਕਿਸੇ ਮਨੁੱਖ ਨੂੰ ਗੁਣਵਾਨ ਬਣਾਉਣਾ, ਕਲਾ-ਕਾਰਗੁਜ਼ਾਰੀ ਸਿਖਾਉਣਾ.

accomplished, *a.* : ਸੰਪੂਰਨ, ਗੁਣਵਾਨ, ਸੰਪੰਨ, ਸੁਘੜ, ਸੁਘੜ.

accomplishment, *n.* : ਪੂਰਨਤਾ, ਸੰਪੂਰਨਤਾ, ਸਫਲਤਾ, ਸਿਧਤਾ; ਪ੍ਰਾਪਤੀ ਕਰਾਉਣੀ; ਪ੍ਰਾਪਤ ਕੀਤੀ ਹੋਈ ਚੀਜ਼; ਸ੍ਰੇਸ਼ਟਤਾ, ਕਲਾ-ਕੁਸ਼ਲਤਾ; ਸੋਹਜ, ਗੁਣ, ਹੁਨਰ; ਸਿੱਖੇ ਹੋਏ ਗੁਣ.

accord, *v. t.* & *i.* : ਮੇਲ ਖਾਣਾ, ਅਨੁਕੂਲ ਹੋਣਾ, ਰਲਣਾ, ਇਕ-ਸੁਰ ਹੋਣਾ, ਹਾਂ ਕਰਨੀ, ਪ੍ਰਦਾਨ ਕਰਨਾ, ਦੇਣਾ, ਪ੍ਰਵਾਨਗੀ ਦੇਣੀ.

accord, *n.* : ਮਰਜ਼ੀ, ਰਜ਼ਾਮੰਦੀ, ਖ਼ੁਸ਼ੀ (of one's own a., ਆਪਣੀ ਮਰਜ਼ੀ ਨਾਲ, ਖ਼ੁਸ਼ੀ ਖ਼ੁਸ਼ੀ); ਏਕਾ, ਸੰਮਤੀ, ਅਨੁਕੂਲਤਾ, ਅਨੁਸਾਰਤਾ (with one a., ਇੱਕ-ਦਿਲੀ ਨਾਲ, ਇੱਕ-ਜਾਨ ਹੋ ਕੇ, ਸਰਬ-ਸੰਮਤੀ ਨਾਲ); ਪਰਸਪਰ ਰਜ਼ਾਮੰਦੀ, ਰਾਜ਼ੀ-ਨਾਮਾ, ਸੰਧੀ-ਪੱਤਰ; (ਰੰਗ, ਅਵਾਜ਼, ਸੁਰ ਦਾ) ਮੇਲ.

accordance, *n.* : ਮੇਲ, ਅਨੁਸਾਰਤਾ.

in a. with : ਅਨੁਸਾਰ, ਮੁਤਾਬਕ (in a. with your orders, ਆਪ ਦੀ ਆਗਿਆ ਅਨੁਸਾਰ, ਆਪ ਦੇ ਹੁਕਮ ਮੁਤਾਬਕ).

accordant, *a.* : ਇਕ-ਮਤ, ਇਕ-ਸੁਰ, ਸਹਿਮਤ, ਮੇਲ ਖਾਂਦਾ, ਮੁਆਫ਼ਕ, ਅਨੁਸਾਰੀ, ਮਿਲਿਆ ਹੋਇਆ, ਨਾਲ ਆਇਆ ਹੋਇਆ.

accordantly, *adv.* : ਇਕ-ਸੁਰ ਹੋ ਕੇ, ਮਿਲ ਕੇ.

according, *adv.* : (ਇਹ ਸ਼ਬਦ as ਅਤੇ to ਨਾਲ ਹੀ ਵਰਤਿਆ ਜਾਂਦਾ ਹੈ).

a. as : ਜਿਹਾ ਕਿ, ਜਿਵੇਂ, ਜਿਸ ਤਰ੍ਹਾਂ, ਜਿਵੇਂ ਜਿਵੇਂ.

a. to : ਬਚਨ ਅਨੁਸਾਰ, ਮੁਤਾਬਕ, ਅਨੁਸਾਰ; ਦੇ ਕਥਨ, ਉਤੇ ਨਿਰਭਰ.

accordingly, *adv.* : ਇਸ ਲਈ, ਇਸ ਵਾਸਤੇ, ਸੋ.

accordion, *n.* : ਬੀਨ ਵਾਜਾ.

accordionist, *n.* : ਬੀਨ ਵਾਜਾ ਵਜਾਣ ਵਾਲਾ.

accost, *v. t.* : ਕੋਲ ਜਾ ਕੇ ਗੱਲ ਕਰਨੀ, ਬੋਲਣਾ, ਆਖਣਾ, ਕਹਿਣਾ, ਗੱਲ-ਬਾਤ ਕਰਨੀ, ਰਾਮ-ਸਤ ਕਰਨੀ, ਮੁਲਾਕਾਤ ਕਰਨੀ; ਜਿਵੇਂ ਵੇਸਵਾ ਦਾ ਕਿਸੇ ਮਨੁੱਖ ਨੂੰ ਨਾਲ ਜਾਣ ਲਈ ਫੁਸਲਾਣਾ, ਛੇੜਨਾ, ਟਕ੍ਰਾਉਣਾ.

accost, *n.* : ਰਾਮ-ਸਤ, ਸਲਾਮ-ਸਲਾਮ; ਗੱਲ ਬਾਤ ਦਾ ਮੁੱਢ.

accouchement [F.], *n.* : ਜਣੇਪਾ.

accoucheur [F.], *n.* : (fem.-euse, pr.-erz.) ਦਾਇਆ, ਦਾਈ.

account, *n.* : ਲੇਖਾ, ਹਿਸਾਬ, ਲੇਖਾ-ਜੋਖਾ, ਲੇਖਾ-ਪੱਤਾ; ਗਿਣਤੀ, ਖਾਤਾ, ਹਿਸਾਬ ਕਿਤਾਬ.

a. book : ਬਹੀ-ਖਾਤਾ, ਵਹੀ, ਲੇਜਰ, ਲੇਜਰ-ਬਹੀ, ਵਹੀ-ਖਾਤਾ, ਵਹੀ.

cast an. : ਹਿਸਾਬ ਲਾਣਾ, ਲੇਖਾ ਕਰਨਾ.

clear an. : ਚਿੱਠਾ ਤਾਰਨਾ.

money of a. : ਹਿਸਾਬੀ ਰਕਮ, ਉਹ ਰਕਮ ਜੋ ਸਿੱਕੇ ਦੀ ਸ਼ਕਲ ਵਿਚ ਨਾ ਹੋਵੇ, ਕੇਵਲ ਹਿਸਾਬ ਅੰਦਰ ਇੱਕ ਰਕਮ ਦੇ ਤੌਰ ਤੇ ਦਰਜ ਹੁੰਦੀ ਹੋਵੇ, ਜਿਵੇਂ ਦੀਨਾਰ, ਗਿੰਨੀ, ਆਦਿ;

current a. : ਚਾਲੂ ਖਾਤਾ.

joint a. : ਸਾਂਝਾ ਖਾਤਾ.

keep an. : ਆਮਦਨ ਖ਼ਰਚ ਦਾ ਹਿਸਾਬ ਰੱਖਣਾ.

balance or square aa. with : ਕਿਸੇ ਨਾਲ ਹਿਸਾਬ ਮੁਕਾਉਣਾ, ਲੇਖਾ ਚੁਕਾਉਣਾ, ਨਜਿੱਠਣਾ.

cash, profit & loss etc. a. : ਵਹੀ ਖਾਤੇ ਵਿਚ ਰੱਖੇ ਲੇਖਿਆਂ ਦੇ ਸਿਰਨਾਵੇਂ; ਖਾਤੇ ਦੀਆਂ ਮੱਦਾਂ.

to be in a. with : ਕਿਸੇ ਨਾਲ ਲੈਣ ਦੇਣ ਹੋਣਾ.

for a. of : ਕਿਸੇ ਦੇ ਹਿਸਾਬ ਵਿਚ.

on a. : ਲੇਖੇ.

on one's own a. : ਆਪਣੀ ਜ਼ਿੰਮੇਵਾਰੀ ਤੇ.

on a. of : ਕਾਰਨ, ਲਈ.

on no a. : ਕਿਸੇ ਹਾਲਤ ਵਿਚ ਨਹੀਂ, ਉੱਕਾ ਨਹੀਂ, ਕਦੇ ਨਹੀਂ.

find one's a. in : ਲਾਭ ਵਿਚ ਰਹਿਣਾ, ਪੈਣ ਜਾਣਾ.

turn to a. : ਲਾਭ ਉਠਾਣਾ.

call or bring to a. : ਜਵਾਬ ਮੰਗਣਾ (ਆਚਰਣ ਬਾਰੇ).

the great a. : ਪਰਮਾਤਮਾ ਦਾ ਲੇਖਾ, ਕਿਆਮਤ ਦਾ ਦਿਨ.

gone to his a. : ਮਰ ਗਿਆ.

give a. of : ਬਿਆਨ ਦੇਣਾ.

give a good a. of : (ਖੇਡ ਜਾਂ ਮੁਕਾਬਲੇ ਵਿਚ) ਚੰਗੀ ਜਮ ਦਿਖਾਣੀ.

held in no a., of a., etc. : ਆਦਰ-ਜੋਗ.

of no a. : ਨਕਾਰਾ, ਨਿਕੰਮਾ.

take into a. : ਧਿਆਨ ਰਖਣਾ.

lay one's a. with : ਆਸ ਕਰਨੀ.

leave out of a. : ਕਿਸੇ ਲੇਖੇ ਨਾ ਲਾਉਣਾ, ਤੁਛ ਸਮਝਣਾ.

public aa. : ਲੋਕ ਲੇਖੇ.

account, *v.t.* & *i.* : ਜਾਣਨਾ, ਸਮਝਣਾ, ਖ਼ਿਆਲ ਕਰਨਾ, ਗਿਣਨਾ, ਠਹਿਰਾਣਾ (a. him a hero, ਉਸ ਨੂੰ ਸੂਰਮਾ ਜਾਣੋ); a. for, ਹਿਸਾਬ ਦੇਣਾ (ਕਿਸੇ ਅਮਾਨਤ ਦਾ), ਹਿਸਾਬ ਸਮਝਾਣਾ, ਲੇਖਾ ਦੇਣਾ, ਜਵਾਬ ਦੇਹ ਹੋਣਾ (ਕਿਸੇ ਵਰਤਾਉ ਜਾਂ ਜ਼ਿੰਮੇਵਾਰੀ ਲਈ); ਕਾਰਨ ਦਸਣਾ, ਵੇਰਵਾ ਦੇਣਾ, ਸਬੱਬ ਨਿਕਲਣਾ (that accounts for it, ਇਸ ਦਾ ਇਹ ਸਬੱਬ ਨਿਕਲਿਆ); (ਸ਼ਿਕਾਰੀਆਂ ਦੀ ਬੋਲੀ ਵਿੱਚ) ਨਿਸਫਾ ਕਰਨਾ, ਤੰਗ ਕਰਨਾ, ਮਾਰ ਲੈਣਾ.

accounting procedure : ਲੇਖਾ-ਵਿਧੀ.

accountable, *a.* : ਜ਼ਿੰਮੇਵਾਰ, ਜਾਮਨ, ਜਵਾਬ-ਦੇਹ, ਉੱਤਰਦਾਈ, ਲਿਖਣੇ ਜੋਗ, ਦਸਣ-ਜੋਗ (ਜਿਸ ਦਾ ਕਾਰਣ ਦੱਸਿਆ ਜਾ ਸਕੇ).

accountability, *n.* }
accountableness, *n.* } ਜਵਾਬ-ਦੇਹੀ, ਜ਼ਿੰਮੇਵਾਰੀ, ਜ਼ਿੰਮਾ.

accountant, *n.* : ਲੇਖਾਕਾਰ, ਹਿਸਾਬੀ, ਖਜ਼ਾਨਚੀ, ਮੁਨੀਮ, ਮੁਨਸ਼ੀ, ਮੁਸੱਦੀ, ਹਿਸਾਬ ਦੇਣ ਦਾ ਜ਼ਿੰਮੇਵਾਰ; ਹਿਸਾਬ-ਲੇਖੇ ਦੇ ਮਹਿਕਮੇ ਵਿਚ ਮੁਲਾਜ਼ਮ.

A. General : ਹਿਸਾਬ ਦੇ ਮਹਿਕਮੇ ਦਾ ਸਭ ਤੋਂ ਵੱਡਾ ਅਫ਼ਸਰ, ਅਕਾਊਂਟੈਂਟ ਜਨਰਲ, ਮਹਾਂ ਲੇਖਾਪਾਲ.

village a. : ਪਟਵਾਰੀ; ਪਟਵਾਰੀ.

accountantship, **accountancy**, *n.* : ਅਕਾਊਂਟੈਂਸੀ, ਲੇਖਾਕਾਰੀ.

accoutre, *v. t.* : ਸਜਾਣਾ, ਵਰਦੀ ਸਜਾਣੀ, ਪਹਿਨਾਉਣਾ.

accoutrement, *n.* (ਬਹੁਤ ਕਰਕੇ ਬਹੁਵਚਨ ਵਿਚ) ਸਾਜ, ਸਾਜ-ਸਮਿਆਨ, (ਫ਼ੌਜੀ ਦੇ ਹਥਿਆਰ ਤੇ ਵਰਦੀ ਤੋਂ ਛੁਟ ਬਾਕੀ) ਸਾਜ-ਸਮਿਆਨ, ਪਹਿਰਾਵਾ, ਲੇਸ ਆਦਿ.

accredit, *v. t.* : ਭਰੋਸਾ ਦੇਣਾ, ਏਲਚੀ ਬਣਾ ਕੇ ਭੇਜਣਾ, ਮੁਖ਼ਤਾਰ ਕਰਨਾ; (ਕਿਸੇ ਗੱਲ ਨੂੰ ਕਿਸੇ ਨਾਲ) ਜੋੜਨਾ, ਕਿਸੇ ਨੂੰ ਸਿਹਰਾ ਦੇਣਾ, ਨੇਕ-ਨਾਮੀ ਦੇਣੀ.

accredited, *a.* : (ਸਰਕਾਰੀ ਤੌਰ ਤੇ) ਮੰਨਿਆ-ਪ੍ਰਮੰਨਿਆ, ਅਧਿਕਾਰਿਤ, ਮਨਜ਼ੂਰਸ਼ੁਦਾ, ਮੁਖ਼ਤਾਰ ਕੀਤਾ ਹੋਇਆ, ਨਿਸ਼ਚਿਤ, ਮੰਨਿਆ ਹੋਇਆ.

accrescence, *n.* : ਵਾਧਾ.

accrescent, *a.* : ਵਧਦਾ ਹੋਇਆ, ਵਧਣ ਵਾਲਾ.

accrete, *v. t.* & *i.* : ਨਾਲ ਨਾਲ ਉੱਗਣਾ, ਜੁੜਨਾ ਜਾਂ ਜੋੜਨਾ; ਕਿਸੇ ਕੇਂਦਰ ਦੇ ਦੁਆਲੇ ਵਧਦਾ ਜਾਣਾ, ਬਾਹਰ ਵੱਲ ਨੂੰ ਫੈਲਣਾ.

accrete, *a.* : ਕਿਸੇ ਹੋਰ ਬੂਟੇ ਦੇ ਨਾਲ ਮਿਲਵਾਂ ਉੱਗਿਆ ਹੋਇਆ, ਨਾਲ-ਲਗਵਾਂ.

accretion, *n.* : ਬਾਹਰੂ ਉਪਜ, ਵੱਖਰੀ ਚੀਜ਼ਾਂ (ਜੋ ਨਾਲ ਇਕੱਠੀਆਂ ਹੋ ਜਾਂਦੀਆਂ ਹਨ); ਵੱਖ ਵੱਖ ਚੀਜ਼ਾਂ ਦਾ ਉੱਗ ਕੇ ਇਕ ਮਿਕ ਹੋ ਜਾਣਾ; ਇਕੱਠੀਆਂ ਉੱਗੀਆਂ ਸ਼ੈਆਂ ਦਾ ਸਮੂਹ, ਵਾਧਾ, ਵਧਾਅ; ਬਾਹਰੋਂ ਕਿਸੇ ਚੀਜ਼ ਦਾ ਕਿਸੇ ਦੂਜੀ ਨਾਲ ਜੁੜ ਜਾਣਾ; ਇਸ ਤਰ੍ਹਾਂ ਬਾਹਰੋਂ ਜੁੜੀ ਹੋਈ ਚੀਜ਼.

accretive, *a.* : ਨਾਲ ਉੱਗਣ ਵਾਲਾ, ਵਧਾਊ.

accrue, *v. i.* : ਲਗਣਾ, ਮਿਲਣਾ, ਪ੍ਰਾਪਤ ਹੋਣਾ, ਉਪਜਣਾ, ਹਾਸਲ ਹੋਣਾ (ਜਿਵੇਂ ਕੀਤੇ ਜਾਂ ਕੰਮ ਵਿਚ ਵਰਤੇ ਹੋਏ ਰੁਪਏ ਦੇ ਸੂਦ ਦਾ).

accruement, *n.* : ਵਾਧਾ, ਕਮਾਈ, ਉਪਜ, ਪ੍ਰਾਪਤ.

accrued, *a.* : ਪ੍ਰਾਪਤ, ਆਇਆ ਹੋਇਆ.

accumulate, *v. t.* & *i.* : ਜਮ੍ਹਾ ਹੋਣਾ ਜਾਂ ਕਰਨਾ, ਇਕੱਠਾ ਹੋਣਾ ਜਾਂ ਕਰਨਾ; ਸੰਚਣਾ, ਜੋੜਨਾ (ਧਨ ਆਦਿਕ); ਧਨ ਸਮੇਟਣਾ; ਕਮਾਣਾ; ਇਕੱਠੀਆਂ ਪਾਸ ਕਰਨੀਆਂ (ਜਮਾਤਾਂ); ਇਕੱਠਾ ਹੁੰਦੇ ਰਹਿਣਾ (ਗੰਦ, ਸੂਦ, ਕੂੜਾ, ਬਿਪਤਾ).

accumulated profits : ਸੰਚਿਤ ਲਾਭ.

accumulation, *n.* : ਇਕੱਠ; ਢੇਰ ਦੇ ਢੇਰ; ਜ਼ਖ਼ੀਰਾ, ਜੋੜ, ਸੂਦ ਪੈ ਪੈ ਕੇ ਰਾਸ ਵਧਣੀ; ਸੰਚਤਾਈ, ਜੋੜਨਾ (ਡਿਗਰੀਆਂ ਜਾਂ ਪਰੀਖਿਆ ਦਰਜਿਆਂ ਬਾਰੇ); ਵੱਖ ਵੱਖ ਚੀਜ਼ਾਂ ਨੂੰ ਮਿਲਾ ਕੇ ਇੱਕ ਕਰ ਦੇਣਾ.

accumulations : ਸੰਚਤਾਵਾਂ, ਜ਼ਖ਼ੀਰੇ.

a. of wealth : ਧਨ-ਸੰਚਨ.

accumulative, *a.* : ਸਮੁੱਚੀ, ਜੁੜਵੀਂ (a. proof, evidence, ਸਮੁੱਚੀ ਗਵਾਹੀ, ਸਬੂਤ); ਸੰਚਿਤ, ਜੁੜਵਾਂ, ਜੋੜਨ ਵਾਲਾ, ਵਧਦੀ, ਵਧਣਹਾਰ (ਕੁਦਰਤ); ਜਿਵੇਂ a. sinking fund : ਸੰਚਿਤ ਅਦਾਇਗੀ ਫੰਡ. (ਇਸ ਸ਼ਬਦ ਦੀ ਥਾਂ ਹੁਣ cumulative ਵਰਤਿਆ ਜਾਂਦਾ ਹੈ).

accumulatively, *adv.* : ਸਮੁੱਚੇ ਤੌਰ ਤੇ, ਵਧਵੇਂ ਢੰਗ ਨਾਲ, ਸੰਚਿਤ ਤੌਰ ਤੇ.

accumulator, *n.* : ਇਕੱਠਾ ਕਰਨ ਵਾਲਾ, ਜੋੜੂ, ਜਮਾਊ; ਕਈ ਸਨਦਾਂ ਪ੍ਰਾਪਤ ਕਰਨ ਵਾਲਾ; ਸੰਚੇਤਕ, ਬਿਜਲੀ ਦਾ ਜ਼ਖ਼ੀਰਾ ਰੱਖਣ ਵਾਲਾ ਯੰਤਰ, ਅਕਿਊਮੂਲੇਟਰ.

accurate, *a.* : ਠੀਕ, ਸਹੀ, ਠੀਕ-ਠਾਕ, ਸ਼ੁਧ.

accuracy, *n.* : ਦਰੁਸਤੀ, ਸ਼ੁਧਤਾਈ.

accurately, *adv.* : ਠੀਕ-ਠੀਕ, ਸਹੀ-ਸਹੀ, ਦਰੁਸਤੀ ਨਾਲ, ਸ਼ੁੱਧ ਰੂਪ ਵਿਚ.

accurateness, : ਦਰੁਸਤੀ, ਠੀਕ-ਠਾਕ ਹੋਣਾ.

accursed, **accurst**, *a.* : ਸਰਾਪੀ, ਸਰਾਪਿਆ ਹੋਇਆ, ਬਦਕਿਸਮਤ ਹੋਇਆ, ਫਿਟਕਾਰਿਆ ਹੋਇਆ, ਫਿਟਕਾਰਿਆ ਹੋਇਆ, ਲਾਨਤੀ, ਘਿਰਣਾ-ਜੋਗ, ਕਮਬਖ਼ਤ.

accusal, *n.* }
accusation, *n.* } : ਦੋਸ਼, ਦੂਸ਼ਣ, ਊਜ, ਇਲਜ਼ਾਮ, ਤੁਹਮਤ, ਜੁਰਮ ਲਾਣਾ; ਦੋਸ਼-ਆਰੋਪਣ, ਅਭਿਯੋਗ.

accusative, *a.* & *n.* : ਕਰਮ (ਵਿਆਕਰਣਕ ਪਦ).

accusative case : ਕਰਮ ਕਾਰਕ.

accusatively, *adv.* : ਕਰਮ ਕਾਰਕ ਦੇ ਤੌਰ ਤੇ.

accusatorial, *a.* : ਦੋਸ਼-ਆਰੋਪਕੀ, ਅਦਾਲਤੀ (ਉਸ ਪ੍ਰਬੰਧ ਦੇ ਉਲਟ ਜਿਸ ਵਿਚ ਜੱਜ ਤੇ ਮੁਕੱਦਮੇ ਦੀ ਪੈਰਵੀ ਕਰਨ ਵਾਲਾ ਇੱਕੋ ਹੁੰਦਾ ਹੈ).

a. procedure : ਅਦਾਲਤੀ ਕਾਰਵਾਈ, ਤਹਿਕੀਕਾਤ ਦਾ ਉਹ ਢੰਗ ਜਿਸ ਵਿਚ ਜੱਜ ਤੇ ਮੁਦਈ ਵਖੋ ਵੱਖ ਹੋਣ, inquisitorial ਦੇ ਉਲਟ.

accusatory, *a.* : ਤੁਹਮਤੀ, ਸ਼ਿਕਾਇਤ ਵਾਲੀ.

accuse, *v. t.* : ਮੱਥੇ ਲਾਣਾ, ਦੂਸ਼ਣ ਲਾਣਾ, ਦੋਸ਼ਣਾ, ਇਲਜ਼ਾਮ ਲਾਣਾ, ਅਪਰਾਧੀ ਠਹਿਰਾਉਣਾ, ਦੋਸ਼ ਆਰੋਪਣਾ, ਤੁਹਮਤ ਲਾਣੀ.

accused, the : ਦੋਸ਼ੀ, ਮੁਲਜ਼ਮ.

accuser, *n.* : ਦੂਸ਼ਣ ਲਾਣ ਵਾਲਾ, ਦੋਸ਼-ਲਾਊ, ਮੁਦਈ.

accusingly, *adv.* : ਦੋਸ਼ ਲਾਣ ਦੇ ਢੰਗ ਨਾਲ, ਦੋਸ਼ਵੇਂ ਢੰਗ ਨਾਲ.

accustom, *v. t.* : ਗਿਝਾਣਾ, ਹਿਲਾਉਣਾ, ਸੁਭਾਉ ਬਣਾ ਲੈਣਾ; ਗੇ ਪਾਉਣੀ, ਆਦੀ ਬਣਾ ਲੈਣਾ, ਆਦਤ ਪਾਉਣੀ, ਵਾਦੀ ਪਾਉਣੀ, ਬਾਣ ਪਾ ਲੈਣੀ, ਹਿਲਤਰ ਪਾ ਲੈਣੀ, ਅਭਿਆਸੀ ਬਣਾ ਲੈਣਾ, ਪਿਰਤ ਪਾਉਣੀ.

accustomed, *a.* : ਆਦੀ, ਗਿਝਿਆ ਹੋਇਆ, ਹਿਲਿਆ ਹੋਇਆ.

ace, *n.* : (ਤਾਸ਼ ਦਾ) ਯੱਕਾ, (ਜੂਏ ਦੀ ਖੇਡ ਵਿਚ ਪਾਸੇ ਦਾ) ਏਕਾ; deuce ace,

ਤਿੰਨ ਵਾਲੇ; ਇੱਕ ਫਰਾਂਸੀਸੀ ਹਵਾ-ਬਾਜ਼ ਜਿਸ ਨੇ ਪਹਿਲੇ ਮਹਾਨ-ਯੁਧ ਵਿਚ ਵੈਰੀ ਦੇ ਦਸ ਹਵਾਈ ਜਹਾਜ਼ ਡੇਗ ਲਏ; (ਟੈਨਿਸ ਦੀ ਖੇਡ ਵਿਚ) ਅਜੇਹੀ ਸਰਵਿਸ ਜਿਸ ਨਾਲ ਵਿਰੋਧੀ ਹਾਰ ਜਾਵੇ; ਰਤਾ ਕੁ, ਰਤਾ ਕੁ (within an ace of : ਵਾਲ ਭਰ ਵਿਥ ਤੇ).

ace-point : ਲੋਟ-ਪੋਟ, ਚੌਪੜ ਦਾ ਪਹਿਲਾ ਘਰ, ਜਿੱਥੋਂ ਵਾਲਾਂ ਚਲੀਦੀਆਂ ਹਨ.

-acea, *suf.* : ਲਾਤੀਨੀ ਬੋਲੀ ਵਿਚ ਇੱਕ ਪਿਛੇਤਰ ਜੋ ਜਾਨਵਰਾਂ ਦੀਆਂ ਕਿਸਮਾਂ ਦੇ ਨਾਂ ਬਣਾਉਣ ਲਈ ਵਰਤਿਆ ਜਾਂਦਾ ਹੈ, ਇਹ ਨਾਂ ਬਹੁ-ਵਚਨ ਹੁੰਦੇ ਹਨ.

-aceae : ਪਿਛੇਤਰ ਜੋ ਬੂਟਿਆਂ ਦੇ ਨਾਂ ਬਣਾਉਣ ਲਈ ਵਰਤਿਆ ਜਾਂਦਾ ਹੈ.

-acean, *a.* & *n.* : acea ਵਾਂਗ ਇੱਕ ਪਿਛੇਤਰ ਹੈ.

Aceldama, *n.* : (ਅੰਜੀਲ ਦੀ ਬੋਲੀ ਵਿੱਚ) ਕਤਲ-ਗਾਹ, ਮਾਰ-ਧਾੜ ਦੀ ਥਾਂ.

-aceous, *suf.* : ਬਨਸਪਤ ਦੇ ਸੰਬੰਧ ਵਿਚ ਵਿਗਿਆਨਕ ਨਾਂਵਾਂ ਦੇ ਵਿਸ਼ੇਸ਼ਣ ਬਣਾਉਣ ਲਈ ਇੱਕ ਪਿਛੇਤਰ.

acentric, *a.* : ਅਕੇਂਦਰੀ, ਅਕੇਂਦ੍ਰ.

acephal-, : ਕਈ ਬੂਟਿਆਂ ਦੇ ਨਾਂਵਾਂ ਦਾ ਪਹਿਲਾ ਹਿੱਸਾ; ਅਸਿਰ, ਸਿਰ ਤੋਂ ਬਿਨਾਂ.

acephalous, *a.* : ਸਿਰ-ਹੀਣ, ਅਧ-ਪੂਰਨ, ਬੇਮੁਹਾਰ; (ਜੀਵ ਵਿਗਿਆਨ) ਖੋਪਰੀ-ਰਹਿਤ, ਜਿਸ ਧੜ ਦੇ ਉੱਪਰ ਅਜੇ ਸਿਰ ਨਾ ਬਣਿਆ ਹੋਵੇ; (ਬਨਸਪਤੀ) ਟੁੰਡਾ, ਜਿਸ ਦਾ ਉਪਰਲਾ ਸਿਰਾ ਕੱਟਿਆ ਹੋਇਆ ਹੋਵੇ; (ਕਵਿਤਾ ਵਿਚ) ਜਿਸ ਦੇ ਪਦ ਜਾਂ ਛੰਦ ਦੇ ਪਹਿਲੇ ਸ਼ਬਦ ਦੀ ਪਹਿਲੀ ਮਾਤਰਾ ਨਾ ਹੋਵੇ, ਖੰਡਾ (ਛੰਦ); ਬੇਸ-ਮੁਖੀ (ਕੁਲ).

acephali, *n.* : ਬੇਮੁਹਾਰੀਆਂ ਕਾਰਵਾਈਆਂ, ਅਰਾਜਕਤਾ, ਧਰਮਾਤਮਾ ਜਾਂ ਮੁਖੀਆਂ ਪਰੋਂ ਜਿਨ੍ਹਾਂ ਦੇ ਸਿਰ ਤੇ ਕੋਈ ਮਾਲਕ ਨਾ ਹੋਵੇ.

acerbate, *v. t.* : (ਕਦੇ ਕਦੇ exacerbate ਦੀ ਥਾਂ ਵਰਤੀਂਦਾ ਹੈ) : ਚਿੜਾਉਣਾ, ਭੜਕਾਉਣਾ, ਤੇਜ਼ ਕਰਨਾ (ਦਰਦ, ਰੋਗ, ਗੁੱਸਾ ਆਦਿ).

acerbity, *n.* : ਖਟਿਆਈ, ਤੇਜ਼ ਖਟਿਆਈ, ਖਟਿਆਸ, ਖੱਟਾ ਤੀਖਾ ਸੁਆਦ, ਤੁਰਸ਼ੀ; (ਬਚਨ, ਵਰਤੋਂ, ਸੁਭਾ ਵਿਚ) ਕੁੜੱਤਣ.

acervate, *a.* : ਢੇਰੀਆਂ ਵਿਚ ਜੰਮੇ ਹੋਏ, ਢੇਰੀਦਾਰ.

acescent, *a.* : ਖਟਿਆਈ ਤੇ, ਖੱਟਾ ਖੱਟਾ (ਬਾਜ਼ਾਰ ਮੁਖੀ ਤੇ ਅੰਤਰੀਵੀ ਅਰਥ).

acet-, *suf.* : ਕਈ ਰਸਾਇਣੀ ਸ਼ਬਦਾਂ ਦਾ ਪਹਿਲਾ ਅੰਗ, ਜਿਸ ਦਾ ਅਰਥ ਹੈ ਸਿਰਕਾ.

acetabulum, *n.* : (ਪੁਰਾਤਨ ਰੋਮੀ) ਸਿਰਕੇਦਾਨੀ, ਸਿਰਕਾ ਪਾਣ ਵਾਲਾ ਪਿਆਲਾ; ਚੂਲੇ ਦਾ ਟੋਆ ਜਿਸ ਵਿਚ ਲੱਤਾਂ ਦੇ ਜੋੜਾਂ ਦਾ ਪੱਟ ਦੀ ਹੱਡੀ ਫਸ ਕੇ ਆ ਜਾਂਦੀ ਹੈ; (ਜੀਵ ਵਿਗਿਆਨ) ਚੂਸਣਾ, ਕਈ ਮੱਛੀਆਂ ਦੀ ਪਿਆਲੇ ਦੀ ਸ਼ਕਲ ਦੀ ਨਾਲ ਜਿਸ ਰਾਹੀਂ ਉਹ ਖੁਰਾਕ ਚੂਸਦੀਆਂ ਹਨ.

acetarious, *a.* : (ਬੂਟਿਆਂ ਬਾਰੇ) ਸਲਾਦ ਵਿੱਚ ਵਰਤੇ ਜਾਣ ਵਾਲੇ, ਖਟੇਰੇ.

acetated, *a.* : ਜਿਸ ਵਿਚ ਸਿਰਕੇ ਦਾ ਤੇਜ਼ਾਬ ਪਾਇਆ ਹੋਇਆ ਹੋਵੇ, ਸਿਰਕੇਦਾਰ.

acetic, *a.* : ਸਿਰਕੇ ਨਾਲ ਸੰਬੰਧ ਰੱਖਣ ਵਾਲਾ, ਸਿਰਕੇ ਵਾਲਾ, ਸਿਰਕੇਈ.

acetify, *v. t.* & *i.* : ਖਟਿਆਸਣਾ, ਸਿਰਕੇ ਵਿਚ ਬਦਲ ਦੇਣਾ; ਖੱਟਾ ਹੋ ਜਾਣਾ.

acetification, *n.* : ਸਿਰਕਾ ਬਣਾਉਣ ਦਾ ਕੰਮ; ਖੱਟਾ ਹੋ ਜਾਣਾ, ਖਟਿਆਸਣ.

acetifier, *n.* : ਖੱਟਾ ਕਰ ਦੇਣ ਵਾਲਾ, ਖਟਿਆਊ.

acetous, *a.* : ਸਿਰਕੇ ਦੇ ਗੁਣ ਰੱਖਣ ਵਾਲਾ, ਖੱਟਾ, ਤੁਰਸ਼, ਖਟਿਆਈ ਤੇ.

acetylene, *n.* : ਇੱਕ ਗੈਸ ਜੋ ਤੇਜ਼ ਚਿੱਟੀ ਲਾਟ ਬਲਦੀ ਹੈ.

achievement [F.], *n.* : ਜੌਸ਼, ਵੀਰ ਕੰਮ; ਖ਼ੁਸ਼-ਕਿਸਮਤੀ ਲਈ ਜੋਸ਼, ਬਹਾਦਰਪੁਣਾ, ਸ਼ਕਤੀ.

Achates, ਅਕੇਟੀਸ, ਈਨਿਅਸ (Aeneas) ਦਾ ਸੱਚਾ ਮਿੱਤਰ, ਗੂੜ੍ਹਾ ਮਿੱਤਰ (ਈਨਿਅਸ ਵਰਜਿਲ ਦੇ ਲਾਤੀਨੀ ਮਹਾਂਕਾਵਿ 'ਈਨਿਅਡ' ਦਾ ਮੁਖ-ਪਾਤਰ ਹੈ).

ache, *v. i.* : ਲਗਾਤਾਰ ਪੀੜ ਹੋਣੀ, ਦੁਖਣਾ, ਦਰਦ ਕਰਨਾ, ਚੀਸ ਪੈਣੀ, ਚੀਸ ਉਠਣੀ.

ache, *n.* : ਲਗਾਤਾਰ ਪੀੜ, ਦਰਦ, ਚੀਸ, ਦੁੱਖ.

ache, *n.* : ਏਚ, ਅੰਗਰੇਜ਼ੀ ਅੱਖਰ H ਦਾ ਨਾਂ.

achieve, *v. t.* : ਸਿਰੇ ਚਾੜ੍ਹਨਾ; ਨਿਬਾਹੁਣਾ, ਨਿਬੇੜਨਾ, ਮੁਕਾਉਣਾ; ਕਿਸੇ ਨਤੀਜੇ ਤੇ ਅਪੜਨਾ, ਮਨੋਰਥ ਤੇ ਪੁਜਣਾ.

achievABLE, *a.* : ਪ੍ਰਾਪਤੀ ਜੋਗ, ਜੋ ਪ੍ਰਾਪਤ ਹੋ ਸਕੇ, ਪੂਰਾ ਹੋ ਸਕਣ ਵਾਲਾ.

achievement, *n.* : ਪੂਰਨਤਾ, ਸਫਲਤਾ, ਕਾਮਯਾਬੀ; ਪ੍ਰਾਪਤ ਹੋਈ ਚੀਜ਼; ਪ੍ਰਾਪਤੀ; ਕਾਰਨਾਮਾ; ਕਿਸੇ ਉੱਘੇ ਕਾਰਨਾਮੇ ਦੀ ਯਾਦ ਵਿਚ ਬਣਾਇਆ ਹੋਇਆ ਫ਼ੌਜੀ ਨਿਸ਼ਾਨ, ਵੇਖੋ hatchment.

achilous, *a.* : (ਬਨਸਪਤੀ) ਜਿਸ ਫੁੱਲ-ਕਲੀ ਦੀਆਂ ਨਾ ਬਾਹਰਲੀਆਂ ਪੱਤੀਆਂ ਹੋਣ ਤੇ ਨਾ ਅੰਦਰਲੀਆਂ, ਬਿਨ-ਪੱਤੀਆਂ, ਬੇਸਖਾ.

acholia, *n.* : ਪਿੱਤ ਦਾ ਨਾ ਹੋਣਾ, ਅਪਿੱਤੀ.

achromatic, *a.* : ਅਰੰਗ, ਬੇਰੰਗਾ, ਬਿਨ-ਰੰਗਾ, ਰੰਗ-ਹੀਨ, ਜਿਸ ਦਾ ਕੋਈ ਰੰਗ ਨਾ ਹੋਵੇ, ਜਿਸ ਵਿਚੋਂ ਰੋਸ਼ਨੀ ਦੀਆਂ ਕਿਰਨਾਂ ਆਪਣੇ ਅਸਲੀ ਰੰਗਾਂ ਵਿੱਚ ਨਿਕਲਣ.

a. lens. : ਰੰਗ-ਹੀਨ ਸ਼ੀਸ਼ਾ.

achromaticALLY, *adv.* : ਰੋਸ਼ਨੀ ਦਾ ਰੰਗ ਬਦਲਣ ਤੋਂ ਬਿਨਾ, ਰੰਗ-ਹੀਨ ਹੋ ਕੇ.

achromaticITY, *n.* : ਬੇਰੰਗੀ.

achromatISM, *n.* : ਬੇਰੰਗਤਾ, ਅਰੰਗਤਾ.

achromatIZE, *v. t.* : ਬੇਰੰਗਾ ਕਰਨਾ.

acid, *n.* : ਖੱਟੀ ਚੀਜ਼, ਤੇਜ਼ਾਬ, ਐਸਿਡ.

acidITY, *n.* : ਖਟਿਆਈ, ਖਟਿਆਸ, ਖਟਿਆਣ, ਤੁਰਸ਼ੀ.

acid, *a.* : ਖੱਟਾ, ਤੁਰਸ਼; ਤੇਜ਼ਾਬੀ.

carbonic a. : ਕਾਰਬਾਨਿਕ ਐਸਿਡ.

hydrochloric a. : ਲੂਣ ਦਾ ਤੇਜ਼ਾਬ.

nitric a. : ਸ਼ੋਰੇ ਦਾ ਤੇਜ਼ਾਬ.

sulphuric a. : ਗੰਧਕ ਦਾ ਤੇਜ਼ਾਬ.

a. salts : ਤੇਜ਼ਾਬੀ ਲੂਣ.

acidify, *v. t.* & *i.* : ਖੱਟਾ ਕਰਨਾ, ਖੱਟਾ ਹੋਣਾ; ਖਟਿਆਸਣਾ, ਤੁਰਸ਼ਾਉਣਾ; ਤੇਜ਼ਾਬਣਾ, ਤੇਜ਼ਾਬ ਬਣਾ ਦੇਣਾ, ਤੇਜ਼ਾਬ ਹੋ ਜਾਣਾ.

acidifIABLE, *a.* : ਤੇਜ਼ਾਬਣ ਜੋਗ, ਖੱਟਾ ਹੋਣ ਜੋਗ, ਤੇਜ਼ਾਬ ਬਣਨ ਜੋਗ.

acidifiCATION, *n.* : ਤੇਜ਼ਾਬਣ, ਤੇਜ਼ਾਬ ਬਣਾ ਦੇਣਾ, ਤੁਰਸ਼ੀਕਰਨ.

acidifiER, *n.* : ਤੇਜ਼ਾਬ ਬਣਾ ਦੇਣ ਵਾਲਾ, ਤੁਰਸ਼ਾਊ.

acidimeter, *n.* : ਤੇਜ਼ਾਬ ਦੀ ਤੇਜ਼ੀ ਮਾਪਣ ਵਾਲਾ ਇਕ ਜੰਤਰ, ਤੁਰਸ਼ੀ-ਮਾਪ.

acidosis, *n.* : (ਵੈਦਕ) ਲਹੂ ਦੀ ਤੇਜ਼ਾਬੀ ਹਾਲਤ, ਤੇਜ਼ਾਬੀਅਤ.

acidulate, *v. t.* : ਖਟਿਆਉਣਾ, ਕੁਝ ਕੁਝ ਖੱਟਾ ਕਰਨਾ.

acidulated, *a.* : ਤੇਜ਼ਾਬਦਾਰ, ਤੁਰਸ਼ਾਇਆ ਹੋਇਆ, ਖਟਿਆਇਆ ਹੋਇਆ, ਕੁਝ ਕੁਝ ਖੱਟਾ ਬਣਾਇਆ ਹੋਇਆ.

acidulent, } **acidulous**, } *a.* : ਕੁਝ ਕੁਝ ਖੱਟਾ, ਖਟਿਆਈ ਤੇ, ਖਟੂੰਗੜਾ.

acinus, *n.* (*pl.* **acini**) : ਗੋਲਕ, ਨਿੱਕੇ ਨਿੱਕੇ ਦਾਣਿਆਂ ਦੀ ਇੱਕ ਕਿਸਮ ਜਿਸ ਤੋਂ (ਬਲੈਕ ਬੇਰ ਆਦਿਕ) ਮਿਲਵੇਂ ਫਲ ਬਣਦੇ ਹਨ; ਮਿਲਵਾਂ ਫਲ; ਅੰਗੂਰਾਂ ਜਾਂ ਬੇਰਾਂ ਦਾ ਬੀਜ.

aciniform, *a.* : ਗੁਛੇਦਾਰ, ਗੁੱਛੇ ਵਰਗਾ.

—acious, *suf.* : ਵਿਸ਼ੇਸ਼ਣ ਬਣਾਉਣ ਵਾਲਾ ਪਿਛੇਤਰ, ਜਿਸ ਦਾ ਅਰਥ ਹੈ 'ਪੂਰਤ' ਜਾਂ 'ਭਰਪੂਰ'.

—acity, *suf.* : ਪਿਛੇਤਰ ਜੋ ਉਪਰ ਦਿੱਤੇ ਵਿਸ਼ੇਸ਼ਣ ਤੋਂ ਨਾਂਵ ਬਣਾਉਂਦਾ ਲਗਦਾ ਹੈ.

ack-ack, *a.* : (ਫ਼ੌਜ-ਬੋਲੀ) ਹਵਾਈ-ਜਹਾਜ਼-ਮਾਰੂ, ਤਵਾ ਮਾਰ (ਤੋਪ).

acknowledge, *v. t.* : ਮੰਨਣਾ, ਮੰਨ ਲੈਣਾ (ਕਿਸੇ ਦੀ ਹੋਂਦ, ਅਧਿਕਾਰ, ਇਖ਼ਤਿਆਰ, ਪਦਵੀ); ਹਾਮੀ ਭਰਨੀ; ਰਸੀਦ ਦੇਣੀ, ਇਕਬਾਲ ਕਰਨਾ; ਬਦਲਾ ਦੇਣਾ.

acknowledgment, **-ement**, *n.* : ਮਨੌਤੀ, ਮਨੌਤ, ਰਸੀਦ; ਉੱਤਰ; ਧੰਨ-ਵਾਦ; ਇਕਬਾਲ; ਕਦਰ.

aclinic, *a.* : ਬੇਝੁਕਾਊ, ਅਝੁਕ.

a. line, : ਬੇਝੁਕਾਊ ਰੇਖਾ, ਭੂਮੱਧ-ਰੇਖਾ, ਜਿਸ ਉੱਤੇ ਮਿਕਨਾਤੀਸ ਦੀ ਸੂਈ ਝੁਕਦੀ ਨਹੀਂ.

a. rays, : ਰਸਾਇਣੀ ਕਿਰਨਾਂ.

acme, *n.* : ਚੋਟੀ, ਸਿਰ, ਸਿਖਰ; ਕਮਾਲ ਦਾ ਸਿਖਰ, ਉੱਨਤੀ ਦੀ ਚੋਟੀ, ਪਰਪੱਕਤਾ ਦੀ ਹੱਦ.

acne, *n.* : ਫਿੰਸੀ, ਫੋੜਾ, ਦਾਣਾ, ਕਪਾਕੀ.

acock, *adv.* : (ਟੋਪੀ ਸੰਬੰਧੀ) ਟੇਢੀ (ਕੁੰਡਲ ਦੀ ਕਲਗੀ ਵਾਂਗ); ਉੱਚਕ ਕਾਲੀ,

(ਸਾਦੇ ਰੰਗ ਨਾਲ) ਉੱਕਰੀ ਕੀਤੀ ਹੋਈ.

acolyte, *n.* : ਗਿਰਜੇ ਦਾ ਛੋਟਾ ਅਧਿਕਾਰੀ, ਸੇਵਾਦਾਰ; ਸ਼ਿਸ਼, ਚੇਲਾ, ਸਿਖਾਂਦਰੂ.

aconite, *n.* : ਕੁਚਲਾ, ਇੱਕ ਜ਼ਿਹਰੀ ਬੂਟਾ; ਕੁਚਲੇ ਦਾ ਸੱਤ.

aconitic, *a.* : ਕੁਚਲੇ ਸੰਬੰਧੀ.

aconitine, *n.* : ਕੁਚਲੇ ਦਾ ਸੱਤ.

acopic, *a.* : ਥਕੇਵਾਂ ਦੂਰ-ਕਰਨ ਵਾਲੀ, ਥਕੇਵਾਂ-ਪ੍ਰਹਾਰ.

acopics, *n.* : ਥਕੇਵਾਂ ਦੂਰ ਕਰਨ ਵਾਲੀ ਦਵਾਈ, ਥਕੇਵਾਂ-ਪ੍ਰਹਾਰਕ.

acorn, *n.* : ਸ਼ਾਹ ਬਲੂਤ ਦਾ ਫਲ.

a. shell : ਦਲਦਾਰ ਫੋਕ.

acosmism : ਸੰਸਾਰ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਅਸੂਲ, ਸ਼ੂਨ-ਵਾਦ.

acotyledon, *n.* : ਬੇਦੋਲਾ, ਬੇਦਾਲਾ, ਉਹ ਬੂਟਾ ਜਿਸ ਦੇ ਬੀ ਵਿਚ ਗਿਰੀ ਨਾ ਦੋਲ ਨਾ ਹੋਵੇ.

acotyledonous, *a.* : ਬੇਦੋਲਾ, ਬੇਦਾਲਾ.

acouchy, *n.* : ਸੂਰ ਦੀ ਕਿਸਮ ਦਾ ਕੁਤਰਨੇ ਵਾਲਾ ਜੀਵ.

acoustic, *a.* : ਸ੍ਰਵਨ ਸੰਬੰਧੀ, ਧੁਨੀ ਸੰਬੰਧੀ.

a. mine : ਅਵਾਜ਼ ਸਹਿਤ ਫਟ ਕੇ ਉਡਣ ਵਾਲੀ ਸੁਰੰਗ, ਧੁਨੀ-ਧਮਾਕੇਦਾਰ ਸੁਰੰਗ.

acoustical, *a.* : ਸੁਣਵਾਈ ਸੰਬੰਧੀ.

acoustically, *adv.* : ਸੁਣਵਾਈ ਦਾ ਧਿਆਨ ਰੱਖ ਕੇ.

acoustician, *n.* : ਅਵਾਜ਼ ਦਾ ਇਲਮ ਜਾਣਨ ਵਾਲਾ, ਸੁਣਵਾਈ ਦਾ ਮਾਹਿਰ.

acoustics, *n.* : ਅਵਾਜ਼ ਦਾ ਇਲਮ, ਸੁਣਵਾਈ ਗਿਆਨ, ਧੁਨੀ-ਵਿਦਿਆ.

acquaint, *v.t.* : ਦੱਸਣਾ, ਜਾਣੂ ਕਰਨਾ, ਖ਼ਬਰ ਦੇਣੀ, ਪਤਾ ਦੇਣਾ; ਜਾਣ-ਪਛਾਣ ਕਰਾਉਣੀ, ਵਾਕਫ਼ੀ ਕਰਾਉਣੀ.

acquaintance, *n.* : ਜਾਣ ਪਛਾਣ, ਜਾਣਕਾਰੀ ਜਾਂ ਵਾਕਫ਼ੀ (ਜੋ ਸਧਾਰਨ ਜਾਣ ਪਛਾਣ ਤੋਂ ਵਧ ਹੋਵੇ ਤੇ ਡੂੰਘੀ ਮਿਤ੍ਰਤਾ ਤੋਂ ਘਟ ਹੋਵੇ); ਉਹ ਮਨੁੱਖ ਜਿਸ ਨਾਲ ਜਾਣ ਪਛਾਣ ਹੋਵੇ, ਵਾਕਫ਼, ਜਾਣੂ, ਜਾਣਕਾਰ, ਮੇਲੀ.

acquaintanceship, *n.* : ਜਾਣ-ਪਛਾਣ, ਜਾਣਕਾਰੀ, ਵਾਕਫ਼ੀ.

acquest, *n.* : ਪ੍ਰਾਪਤ ਸ਼ੈ; (ਕਾਨੂੰਨ) ਜ਼ਾਤੀ ਮਲਕੀਅਤ, ਆਪਣੀ ਪੈਦਾ ਕੀਤੀ ਹੋਈ ਜਾਇਦਾਦ, ਆਪਣੀ ਖੱਟੀ ਕਮਾਈ.

acquiesce, *v.i.* : ਹਾਂ ਕਰਨੀ, (ਚੁਪ ਚਾਪ) ਮੰਨ ਲੈਣਾ, ਪ੍ਰਵਾਨ ਕਰਨਾ, ਰਾਜ਼ੀ ਹੋਣਾ, ਪਰਵਾਨ ਕਰਨਾ, ਸੰਤੁਸ਼ਟ ਹੋਣਾ.

a. in. : ਮੰਨਣਾ, ਪਰਵਾਨ ਕਰਨਾ.

acquiescence, *n.* : ਪਰਵਾਨਗੀ, ਮਨਜ਼ੂਰੀ.

acquiescent, *a.* : ਚੁਪ ਚਾਪ ਮੰਨ ਲੈਣ ਵਾਲਾ, ਰਾਜ਼ੀ, ਖ਼ੁਸ਼.

acquire, *v.t.* : ਹਾਸਲ ਕਰਨਾ, ਲਭਣਾ, ਹੱਥ ਆਉਣਾ, ਹਥਿਆਉਣਾ, ਪ੍ਰਾਪਤ ਕਰਨਾ; ਕਮਾਉਣਾ, ਪੈਦਾ ਕਰਨਾ; ਮਾਲਕ ਬਣਨਾ.

an acquired taste : ਅਭਿਆਸ ਨਾਲ ਬਣਾਇਆ ਹੋਇਆ ਸ਼ੌਕ ਜਾਂ ਦਿਲਚਸਪੀ (ਜੋ ਕੁਦਰਤੀ ਜਾਂ ਸੁਭਾਵਕ ਨਾ ਹੋਵੇ), ਪ੍ਰਾਪਤ ਰੁਚੀ.

acquirement, *n.* : ਪ੍ਰਾਪਤੀ, ਗੁਣ, ਵਿਦਿਆ ਨਾਲ ਜਾਂ ਅਭਿਆਸ ਨਾਲ ਹਾਸਲ ਕੀਤਾ ਹੋਇਆ ਗੁਣ.

acquisition, *n.* : ਪ੍ਰਾਪਤੀ, ਲਭਤ, ਹਾਸਲ; ਪ੍ਰਾਪਤ ਸ਼ੈ, ਕਮਾਈ; ਲਾਭ, ਲਾਹਾ.

acquisitive, *a.* : ਪ੍ਰਾਪਤ ਕਰਨ ਦੀ ਲਾਲਸਾ ਵਾਲਾ, ਹਿਰਸੀ, ਤ੍ਰਿਸ਼ਨਾਤੁਰ.

acquisitiveness, *n.* : ਪ੍ਰਾਪਤੀ ਦਾ ਸ਼ੌਕ, ਲਾਲਸਾ, ਹਿਰਸ, ਤ੍ਰਿਸ਼ਨਾ.

acquit, *v.t.* : ਅਦਾ ਕਰਨਾ (ਕਰਜ਼ ਜਾਂ ਫ਼ਰਜ਼), ਪੂਰਾ ਕਰਨਾ, ਨਿਭਾਉਣਾ; ਬਰੀ ਕਰਨਾ (ਦੋਸ਼ ਤੋਂ), ਨਿਰਦੋਸ਼ ਠਹਿਰਾਉਣਾ, ਛੱਡ ਦੇਣਾ.

a. oneself well : ਚੰਗੀ ਤਰ੍ਹਾਂ ਫ਼ਰਜ਼ ਨਿਭਾਉਣਾ, ਚੰਗੀ ਤਰ੍ਹਾਂ ਪੇਸ਼ ਆਉਣਾ.

to be acquitted : ਰਿਹਾਈ ਮਿਲਣੀ, ਛੁਟ ਜਾਣਾ, ਖ਼ਲਾਸੀ ਹੋ ਜਾਣੀ.

acquittal, *n.* : (ਕਰਜ਼ੇ ਤੋਂ) ਛੁਟਕਾਰੀ, ਛੁਟਕਾਰਾ; (ਜੁਰਮ ਤੋਂ) ਖ਼ਲਾਸੀ, ਬਰੀਅਤ (ਅਪਰਾਧ ਦੇ ਨਹੀਂ); ਫ਼ਰਜ਼-ਨਿਭਾਈ.

acquittance, *n.* : ਅਦਾਇਗੀ, ਛੁਟਕਾਰਾ (ਕਰਜ਼ੇ ਤੋਂ); ਚੁਕਤੀ ਦੀ ਰਸੀਦ, ਫ਼ਾਰਖ਼ਤੀ, ਬੇਬਾਕੀ.

a. roll : ਤਨਖ਼ਾਹ ਦਾ ਰਜਿਸਟਰ.

acre, *n.* : ਏਕੜ, ਕਿੱਲਾ, ਜ਼ਮੀਨ ਦਾ ਮਾਪ, ੪੮੪੦ ਮੁਰੱਬਾ ਗਜ਼; ਵਾਹੀ ਹੋਈ ਜਾਂ ਵਲੀ ਹੋਈ ਪੈਲੀ ਜਾਂ ਖੇਤ.

broad aa. : ਖੁਲ੍ਹੇ ਦੇਹਨ.

God's aa. : ਕਬਰਿਸਤਾਨ, ਮਸਾਣ.

-acred : ਵਾਹੀ ਹੋਈ ਜਾਂ ਵਲੀ ਹੋਈ (ਜ਼ਮੀਨ).

acreage, *n.* : ਜ਼ਮੀਨ ਦਾ ਮਾਪ ਏਕੜਾਂ ਵਿਚ; ਸਮੁੱਚੇ ਏਕੜ.

acrid, *a.* : ਤਿੱਖਾ ਕੌੜਾ ਜਾਂ ਜੋ ਮੂੰਹ ਜਾਂ ਨੱਕ ਵਿਚ ਖੁਰਖੁਰੀ ਪੈਦਾ ਕਰੇ; ਤੇਜ਼; ਖਾਰਦਾਂ, ਲੂਣ ਵਾਲਾ, ਜਾਂ ਸਾੜਨ ਵਾਲਾ (ਜਿਵੇਂ ਰੋਗ); ਕੌੜੇ ਸੁਭਾ ਜਾਂ ਕਰੋਧੀ ਵਾਲਾ, ਚਿੜਚੜਾ.

acridity, acridness, *n.* : ਤੇਜ਼ੀ, ਕੁੜੱਤਣ, ਕੁਰੱਖ਼ਤਗੀ; ਤੱਤੀ ਬਦਜ਼ਬਾਨੀ, ਕਲਿਸ਼ਤ.

acrimony, *n.* : (ਸੁਭਾ ਜਾਂ ਰਵਈਏ ਦੀ) ਤਲਖ਼ੀ, ਤੁਰਸ਼ੀ, ਜ਼ਿਹਰਭਰਾਪਣ.

acrimonious, *a.* : ਕੌੜਾ, ਤਲਖ਼, ਖਰ੍ਹਵਾ.

acrimoniously, *adv.* : ਖਰ੍ਹਵੇ ਤਰੀਕੇ ਨਾਲ, ਖਿਝ ਕੇ.

Acrita, *n. pl.* : ਉਹ ਜਾਨਵਰ ਜਿਨ੍ਹਾਂ ਦਾ ਨਾੜੀ-ਪ੍ਰਬੰਧ ਨਾ ਹੋਵੇ.

acro—, *pref.* : ਅਗੇਤਰ, ਜਿਸ ਦਾ ਅਰਥ ਹੈ 'ਚੋਟੀ ਦਾ, ਸਿਰੇ ਦਾ, ਅੰਤਲਾ'.

acrobat, *n.* : ਬਾਜ਼ੀਗਰ, ਨਟ; ਬਹੁਰੂਪੀਆ, ਸਿਆਸੀ ਨਿਤਾਵਟ, ਉਹ ਸਿਆਸਤਦਾਨ ਜੋ ਛੇਤੀ ਪੈਂਤੜਾ ਬਦਲ ਲਵੇ.

acrobatic, *a.* : ਨੱਟ ਦਾ, ਨੱਟਾਂ ਵਰਗਾ, ਫੁਰਤੀਲਾ.

acrobatically, *adv.* : ਨੱਟ ਵਾਂਗ; ਪੈਂਤੜਾ ਬਦਲ ਕੇ, ਛੇਤੀ ਕਰ ਕੇ.

acrobatism, *n.* : ਨੱਟਪੁਣਾ.

acrogen, *n.* : (ਬਨਸਪਤੀ ਵਿਚ) ਚੋਟੀ-ਜੰਮ, ਸਦੀਵੀ ਤਣੀ ਵਾਲਾ ਬੂਟਾ ਜਿਸ ਦੀ ਉਗਣ ਵਾਲੀ ਗਿਰੀ ਸਿਰੇ ਤੇ ਹੋਵੇ, ਜਿਵੇਂ ਪਹਾੜੀ ਕਾਈ ਦਾ ਬੂਟਾ.

acrogenous, *a.* : ਚੋਟੀ-ਜੰਮਿਆ.

acrolith, *n.* : ਦੋਖ਼ਰ-ਮੂਰਤੀ, ਅਜਿਹਾ ਬੁਤ ਜਿਸਦਾ ਸਿਰ ਅਤੇ ਧੜ ਤੋਂ ਇਲਾਵਾ ਹੋਰ ਅੰਗ ਪੱਥਰ ਦੇ ਬਣੇ ਹੋਣ.

acromania, *n.* : ਅਸਾਧ ਝੱਲ.

acronychal : ਰਾਤਲਾ, ਦਿਨ-ਢਲੇ ਹੋਣ ਵਾਲਾ (ਤਾਰਿਆਂ ਦੇ ਚੜ੍ਹਨ ਡੁੱਬਣ ਬਾਰੇ).

a. stars : ਰਾਤਲ ਤਾਰੇ, ਜਿਹੜੇ ਤਾਰੇ ਕਿ ਸੂਰਜ ਡੁੱਬਣ ਵੇਲੇ ਚੜ੍ਹਨ ਜਾਂ ਸੂਰਜ ਚੜ੍ਹਨ ਵੇਲੇ ਡੁੱਬ ਜਾਂਦੇ ਹਨ.

acronychally, *adv.* : ਰਾਤਲਵੇਂ ਢੰਗ ਨਾਲ.

acropetal, *a.* : ਹੇਠ ਤਾਂਹ, ਹੇਠੋਂ ਉਤਾਂਹ ਨੂੰ ਵਧਣ-ਫੁਲਣ ਵਾਲਾ.

acropolis, *n.* : ਬਾਲਾ-ਹਿਸਾਰ, ਪੁਰਾਣੀ ਸ਼ਹਿਰਾਂ ਖ਼ਾਸ ਕਰਕੇ ਐਥਨਜ਼ ਦੀ ਉੱਚ-ਗੜ੍ਹੀ.

across, *adv.* & *prep.* : ਵਿਚਾਲ, ਆਰ ਪਾਰ, ਕੋਣੇ ਦੀ ਸ਼ਕਲ ਵਿੱਚ, ਜਿਵੇਂ with arms a., ਬਾਹਾਂ ਅੜਿੰਗ ਕੇ; ਤਿਰਛੇ ਦਾਅ ਕਾਂਟਾ ਬਣਾਏ ਹੋਇਆਂ, ਜਿਵੇਂ a line drawn a., ਆਰ ਪਾਰ ਲੀਕ, ਕਿਸੇ ਨਾਲ ਟਕਰਾਉਣਾ ਹੋਇਆ, ਨੇੜੇ, ਕੋਲ, ਸਾਹਮਣੇ; ਜਿਵੇਂ came a. a tiger; ਆਰਪਾਰ, ਇਕ ਪਾਸੇ ਤੋਂ ਦੂਜੇ ਪਾਸੇ, ਜਿਵੇਂ by this time he is a. the Channel, ਹੁਣ ਤਾਈਂ ਉਹ ਖਾੜੀ ਤੋਂ ਲੰਘ ਕੇ ਪਾਰ ਪੁਜ ਗਿਆ ਹੋਣਾ ਹੈ.

put it a. : ਬਦਲਾ ਲੈਣਾ, ਸ਼ੀਸ਼ਾ ਸੋਟਾ ਦੇਣਾ; ਧੋਖਾ ਕਰਨਾ, ਅੱਖੀਂ ਘੱਟਾ ਪਾਣਾ.

acrostic, *n.* : ਉਹ ਕਵਿਤਾ ਜਾਂ ਲਿਖਤ ਜਿਸ ਵਿਚ ਤੁਕਾਂ ਦਾ ਪਹਿਲਾ, ਜਾਂ ਪਹਿਲਾ ਤੇ ਅਖ਼ੀਰਲਾ, ਜਾਂ ਪਹਿਲਾ ਵਿਚਕਾਰਲਾ ਤੇ ਅਖ਼ੀਰਲਾ ਅੱਖਰ ਰਲ ਕੇ ਇੱਕ ਸ਼ਬਦ ਬਣਾ ਦੇਣ, ਇਸ ਤਰ੍ਹਾਂ ਜੋ ਖ਼ੁਬਸੂਰਤ ਸ਼ਬਦ ਬਣੇ; ਕਵਿਤਾ ਜਿਸ ਦੀਆਂ ਤੁਕਾਂ ਲਿਪੀ ਦੇ ਅੱਖਰਾਂ ਨਾਲ ਤਰਤੀਬਵਾਰ ਸ਼ੁਰੂ ਹੁੰਦੀਆਂ ਹੋਣ, ਸਿਹਰਫ਼ੀ, ਪੈਂਤੀ ਅੱਖਰੀ.

acrostic, *a.* : ਟੇਢਾ, ਸਮਾਂਮਿਤਾਵ.

acrostically, *adv.* : ਟੇਢੇ ਢੰਗ ਨਾਲ.

act, *n.* : ਕੰਮ, ਕਾਰਵਾਈ; ਅਮਲ (in the very a. of, ਕਰਦਿਆਂ ਕਰਦਿਆਂ; Act of God, ਦੈਵੀ ਘਟਨਾ, ਦੇਵ-ਕੋਪ, ਆਫ਼ਤ, ਚੋਣੀ ਦਾ ਕਾਰਾ), ਕਨੂੰਨ, ਐਕਟ, ਅਧਿਨਿਯਮ (ਜਿਸ ਨੂੰ ਧਾਰਾ ਸਭਾ ਜਾਂ ਪਾਰਲੀਮੈਂਟ ਪਾਸ ਕਰੇ); act and deed, ਕਨੂੰਨੀ ਜ਼ਿੰਮੇਵਾਰੀ ਦਾ ਕੰਮ (ਜਿਵੇਂ I deliver this

as my act and deed, ਇਹ ਮੈਂ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਲਿਖ ਕੇ ਦੇਂਦਾ ਹਾਂ); ਨਾਟਕ ਦਾ ਮੁਖ ਅੰਗ, ਐਕਟ; (ਯੂਨੀਵਰਸਟੀ ਵਿਚ) ਡਿਗਰੀ ਪ੍ਰਾਪਤ ਕਰਨ ਲਈ ਕਿਸੇ ਵਿਦਿਆਰਥੀ ਵਲੋਂ ਦਿੱਤਾ ਹੋਇਆ ਲੇਖ, ਪ੍ਰਬੰਧ.

act, v.t. & i. : [illegible]; ਨਾਟਕ ਵਿਚ ਪਾਤਰ ਹੋ ਕੇ ਕੰਮ ਕਰਨਾ, ਪਾਰਟ ਅਦਾ ਕਰਨਾ; ਕੰਮ ਕਰਨਾ, ਕਰਤੂਤਾਂ ਕਰਨੀਆਂ; ਅਸਰ ਕਰਨਾ; ਕਿਸੇ ਦੀ ਥਾਂ ਕੰਮ ਕਰਨਾ, ਤਿਵੇਂ ਕਰਨੀ.

a. as interpreter : ਗੱਲ ਬਾਤ ਸਮਝਾਉਣ ਲਈ ਵਿਚੋਲੇ ਦਾ ਕੰਮ ਕਰਨਾ; ਦੁਭਾਸ਼ੀਏ ਦਾ ਕੰਮ ਕਰਨਾ.

a. generously : ਖੁਲ੍ਹ-ਦਿਲੀ ਨਾਲ ਪੇਸ਼ ਆਉਣਾ, [illegible].

a. upon a suggestion : ਕਿਸੇ ਦਿੱਤੀ ਸਲਾਹ ਉੱਤੇ ਚਲਣਾ.

a. up to a principle : ਕਿਸੇ ਅਸੂਲ ਤੇ ਤੁਰਨਾ.

alcohol acts on the brain : ਸ਼ਰਾਬ ਦਿਮਾਗ਼ ਉੱਤੇ ਅਸਰ ਕਰਦੀ ਹੈ.

acting, a. & n. : ਸੰਤ, ਥੋੜੇ ਜਿਹੇ ਸਮੇਂ ਕਿਸੇ ਦੀ ਥਾਂ ਕੰਮ ਕਰਨ ਵਾਲਾ, ਕਾਇਮ-ਮੁਕਾਮ, ਵਿਚਲੀ, ਹਾਲੀ, ਕਾਰਜਕਾਰੀ; ਜਿਵੇਂ acting Captain : ਵਿਚਲੀ ਜਾਂ ਕਾਇਮ-ਮੁਕਾਮ ਕਪਤਾਨ, ਵਿਖਾਵੇ ਦੀ ਕੋਈ ਕੰਮ ਕਰਨਾ ਜਿਸ ਦੇ ਜ਼ਿੰਮੇਵਾਰੀ ਹੋਵਣ ਨਾਲ ਨਾਂ-ਮਾਤਰ ਹੋਵੇ; ਜਿਵੇਂ a. manager, ਕੰਮ-ਚਲਾਊ ਮੈਨੇਜਰ.

a. copy : ਕਾਰ-ਕਾਪੀ, ਨਾਟਕ ਦੀ ਖ਼ਾਸ ਕਾਪੀ ਜਿਸ ਵਿਚ ਪਾਤਰਾਂ ਵਾਸਤੇ ਹਦੈਤਾਂ ਦਿੱਤੀਆਂ ਹੁੰਦੀਆਂ ਹਨ.

actinia, n. (pl. — ae, — as) : ਸੂਰਜ-ਮੁਖੀ ਫੁੱਲਾਂ ਦੀ ਸ਼ਕਲ ਦੇ ਸਮੁੰਦਰੀ ਜੀਵਾਂ ਦੀ ਇਕ ਸ਼੍ਰੇਣੀ, ਚਟਿਆਂਵਲੀ ਸੂਰਜ-ਮੁਖੀ.

actino-(ਸਮਾਸਾਂ ਵਿਚ)— ਕਿਰਨ, ਜਿਵੇਂ actinometer, ਕਿਰਨ-ਮਾਪ; actinotherapy, ਕਿਰਨੀ ਇਲਾਜ.

actinism, n. : ਸੂਰਜ ਦੀਆਂ ਕਿਰਨਾਂ ਦਾ ਉਹ ਖ਼ਾਸ ਗੁਣ ਜਿਸ ਨਾਲ ਰਸਾਇਣੀ ਤਬਦੀਲੀਆਂ ਹੁੰਦੀਆਂ ਹਨ, ਜਿਵੇਂ ਕਿ ਫ਼ੋਟੋਗਰਾਫ਼ੀ ਵਿੱਚ.

actinic, a. : ਕਿਰਨਾਂ ਨਾਲ ਸੰਬੰਧਤ, ਕਿਰਨਾਲ.

actinium, n. : ਐਕਟੀਨੀਅਮ, ਇਕ ਤਰ੍ਹਾਂ ਦੀ ਧਾਤ ਜੋ ਸੂਰਜ ਦੇ ਚਾਨਣ ਵਿਚ ਕਾਲੀ ਪੈ ਜਾਂਦੀ ਹੈ.

action, n. : ਕੰਮ, ਕਾਰ, ਕਾਰਵਾਈ, ਕਰਨੀ, ਅਮਲ, ਢੰਗ, ਲੱਛਣ, ਚਾਲ-ਚਲਨ, ਚਲਨ, ਕਨੂੰਨੀ ਕਾਰਵਾਈ, ਨਾਲਿਸ਼, ਦਾਵਾ, ਮੁਕੱਦਮਾ (civil or criminal a., ਦੀਵਾਨੀ ਜਾਂ ਫ਼ੌਜਦਾਰੀ ਦਾਅਵਾ); ਅਸਰ, ਪ੍ਰਭਾਵ.

a. of an acid : ਤੇਜ਼ਾਬ ਦਾ ਅਸਰ.

a. of frost : ਕੋਰੇ ਦਾ ਅਸਰ; ਉੱਦਮ (man of a. : ਉੱਦਮੀ ਪੁਰਸ਼), ਵਰਤੋਂ, ਅਮਲ, (put in a. : ਵਰਤੋਂ ਵਿਚ ਲਿਆਉਣਾ); ਕੀਤਾ ਹੋਇਆ ਕੰਮ; (ਨਾਟਕ ਵਿਚ) ਵਾਰਤਾਲਾਪ, ਘਟਨਾਵਾਂ ਦੀ ਲੜੀ, ਪਾਤਰਾਂ ਦਾ ਹਾਵ-ਭਾਵ, ਮਸ਼ੀਨੀ ਢੰਗ; ਪਿਆਨੋ ਜਾਂ ਕਿਸੇ ਹੋਰ ਸਾਜ਼ ਦੀ [illegible]; (ਜੰਗ ਵਿਚ) ਮੁਠ-ਭੇੜ, ਲੜਾਈ.

a. front : ਲੜਾਈ ਦੇ ਕੰਮ ਕਰਨ ਲਈ ਤਾਇਨਾਤ ਕੀਤਾ ਹੋਇਆ ਦਸਤਾ.

action, v. t. : ਦਾਵਾ ਕਰਨਾ, ਕਨੂੰਨੀ ਕਾਰਵਾਈ ਕਰਨੀ.

actionable, a. : ਕਨੂੰਨੀ ਕਾਰਵਾਈ ਕਰਨ ਲਈ ਕਾਫ਼ੀ ਸਬੂਤ ਦੇਣ ਵਾਲਾ, ਕਨੂੰਨੀ ਪਕੜ ਵਿੱਚ ਆਉਣ ਵਾਲਾ, ਨਾਲਿਸ਼ ਜੋਗ, ਅਭਿਯੋਗੀ (ਦੋਸ਼).

actionably, adv. : [illegible].

activate, v. t. : [illegible], ਬਲ ਦੇਣਾ, [illegible].

active, a. : ਫੁਰਤੀਲਾ, ਚਾਲ, ਫੁਰਤੀਲਾ, ਉੱਦਮੀ, ਜੀਉਂਦਾ-ਜਾਗਦਾ, ਜੀਉਂਦਾ; ਤ੍ਰਿਆਗ-ਬਲ-ਕਿਰਿਆ; ਕਿਰਿਆ (a. plant-food, ਬੂਟਿਆਂ ਦੀ ਕਿਰਿਆ ਖ਼ੁਰਾਕ); ਆਪਣੇ-ਆਪ ਕੰਮ ਕਰਨ ਵਾਲਾ; ਸਚਾਲਕ; ਹੁਸ਼ਿਆਰ ਹੋਇਆ; ਅਸਰ ਵਾਲਾ; (ਵਿਆਕਰਣ) a. voice, ਕਰਤਰੀ ਵਾਚ.

actively, adv. : ਚੁਸਤੀ ਨਾਲ, ਫੁਰਤੀ ਨਾਲ.

activities, n. pl. : ਕਰਤੂਤਾਂ, ਕੰਮ-ਕਾਰ, ਕਾਰਵਾਈਆਂ, [illegible], ਸਰਗਰਮੀਆਂ, ਕਾਰਗੁਜ਼ਾਰੀ, ਕਾਰਨਾਮਾ.

activity, n. : ਚੁਸਤੀ, ਫੁਰਤੀ, ਹਿੰਮਤ, ਉੱਦਮੀ ਹੋਣ ਦਾ ਗੁਣ, ਹਲਚਲ.

acton, n. : ਰੂੰ-ਦਾਰ ਜਰਸੀ ਜੋ ਸੰਜੋਅ ਹੇਠ ਪਾਈ ਜਾਂਦੀ ਹੈ; ਚੰਮ ਦੀ ਫ਼ਤੂਹੀ ਜਿਸ ਉਤੇ ਸੰਜੋਅ ਲੱਗੀ ਹੁੰਦੀ ਹੈ. [ਅਰਬੀ ਵਿਚ 'ਅਲ-ਕੁਤੁਨ' ਹੈ.]

actor, n. : ਐਕਟਰ, ਨਾਟਕੀ ਪਾਤਰ, ਨਾਟਕੀ, ਸਵਾਂਗੀ, ਨਕਲੀਆ; ਕਰਨ ਵਾਲਾ, ਕਰਤਾ.

actress, n. : ਨਾਟਕ ਦੀ ਪਾਤਰੀ, ਐਕਟਰਸ.

actual, a. : ਸੱਚ ਮੁਚ ਹੋਣ ਵਾਲਾ, ਅਸਲੀ, ਠੀਕ ਠੀਕ, ਵਰਤਮਾਨ.

actuals : ਅਸਲੇ; a. expenses : ਅਸਲੀ ਖ਼ਰਚ, ਹੋਏ ਖ਼ਰਚ.

actuality, n. : ਹੋਂਦ; ਅਸਲੀਅਤ, ਵਰਤਮਾਨ ਹਾਲ; (ਬਹੁ-ਵਚਨ) ਵਰਤਮਾਨ ਹਾਲਤਾਂ.

actualize, v. t. : ਅਮਲ ਵਿਚ ਲਿਆਉਣਾ, ਵਰਤੋਂ ਵਿਚ ਲਿਆਉਣਾ; ਹੋਂਦ ਵਿਚ ਲਿਆਉਣਾ; ਜੀਉਂਦੀ ਜਾਗਦੀ ਸ਼ਕਲ ਵਿਚ ਪੇਸ਼ ਕਰਨਾ, ਸਾਕਾਰ ਕਰ ਦੇਣੀ.

actualization, n. : ਜੀਉਂਦੀ ਜਾਗਦੀ ਸ਼ਕਲ ਵਿੱਚ ਪੇਸ਼ ਕਰਨ ਦਾ ਕੰਮ.

actually, adv. : ਸੱਚੀ ਮੁੱਚੀ; ਅਸਲ ਵਿਚ, ਠੀਕ ਮੁਚ, ਵਰਤਮਾਨ ਹਾਲਤ ਵਿਚ, ਹੁਣ.

actuary, n. : ਬੀਮਾ ਮਾਹਿਰ, ਬੀਮੇ ਦੇ ਹਿਸਾਬ ਦਾ ਮਾਹਿਰ; ਰਜਿਸਟਰਾਰ, ਮੁਨੀਮ.

actuarial, a. : ਬੀਮਾ-ਮਾਹਿਰ ਸੰਬੰਧੀ.

actuate, v. t. : (ਜਿਵੇਂ ਮਸ਼ੀਨ ਨੂੰ, ਯੰਤਰ ਨੂੰ) ਹਰਕਤ ਦੇਣੀ, ਚਲਾਉਣਾ; ਉਕਸਾਉਣਾ, ਉਕਸਾਉਣਾ, ਪ੍ਰੇਰਨਾ, ਭੜਕਾਉਣਾ.

actuator, n. : ਪ੍ਰੇਰਕ.

actuation, n. : ਉਕਸਾਹਟ, ਪ੍ਰੇਰਨਾ.

acuity, n. : ਤੇਜ਼ੀ, ਤੇਜ਼, ਤ੍ਰਿੱਖਾ-ਪਣ, ਤ੍ਰਿੱਖ (ਸੂਈ, ਤੇਜ਼ਾਬ, ਰੋਗ, ਅਕਲ ਦਾ).

aculeate, aculeated, aa. : (ਜੀਵ ਵਿਗਿਆਨ) ਡੰਗੀਲਾ, ਡੰਗ ਵਾਲਾ; (ਬਨਸਪਤੀ) ਕੰਡੀਲਾ, ਤ੍ਰਿੱਖਾ, ਨੋਕਦਾਰ.

aculeus, n. : (ਜੀਵ ਵਿਗਿਆਨ) ਡੰਗ; (ਬਨਸਪਤੀ) ਕੰਡਾ.

acumen, n. : ਸੂਝ, ਸਿਆਣਪ, ਜ਼ਹਿਨੀ, ਚਤੁਰਾਈ.

acuminate, a. : ਅਣੀਆਂਵਾਲਾ, ਨੁਕੀਲਾ, ਨੋਕਦਾਰ, ਤ੍ਰਿੱਖਾ ਕੀਤਾ ਹੋਇਆ.

acuminate, v. t. : ਤੇਜ਼ ਕਰਨਾ, ਨੋਕ ਕੱਢਣੀ, ਨੋਕਦਾਰ ਬਣਾ ਦੇਣਾ; ਧਾਰ ਰੱਖਣੀ, ਤੇਜ਼ੀ ਦੇਣੀ, ਤਿੱਖੀ ਦੇਣੀ; ਵਾਧਾ ਕਰਨਾ.

acumination, n. : ਨੁਕੀਲੀ, ਨੋਕ, ਤਿਖਿਆਈ, ਤੇਜ਼ੀ.

acute, a. : ਤੇਜ਼, ਨੋਕਦਾਰ, ਧਾਰਦਾਰ; 90 ਦਰਜੇ ਤੋਂ ਘੱਟ ਵਾਲੀ ਕੋਣ, ਨਿਊਨ ਕੋਣ, ਤਿੱਖੀ ਕੋਣ; (ਬਿਮਾਰੀ) ਅਚਨਚੇਤ ਤੇਜ਼ ਹੋਈ ਹੋਈ, ਤਾਜ਼ੀ (ਇਸ ਦੇ ਉਲਟ chronic 'ਲੰਮੀ', 'ਪੁਰਾਣੀ' ਹੈ), ਤੇਜ਼ (ਸੂਝ, ਅਕਲ); (ਅਵਾਜ਼ ਬਾਰੇ) ਉੱਚੀ, ਤਿੱਖੀ, ਤੇਜ਼; (ਅੱਖਰਾਂ ਬਾਰੇ) ਅੱਖਰ ਜਿਸ ਉੱਤੇ ਜ਼ੋਰ ਦਿੱਤਾ ਜਾਵੇ.

acutely, adv. : ਤੇਜ਼ੀ ਨਾਲ, ਸੂਝ ਨਾਲ.

acuteness, n. : ਤੇਜ਼ੀ, ਤ੍ਰਿੱਖਾਪਣ, ਤ੍ਰਿੱਖ, ਸੂਝ, ਚਤੁਰਾਈ.

acuti-, (ਸਮਾਸੀ ਸ਼ਬਦਾਂ ਵਿਚ) ਤ੍ਰਿੱਖਾ, ਨੋਕਦਾਰ.

acutifoliate : ਤ੍ਰਿੱਖੇ ਪੱਤਿਆਂ ਵਾਲਾ, ਸੂਲ-ਪੱਤੀਆ.

acutilobate : ਤ੍ਰਿੱਖੀਆਂ ਨੋਕਾਂ ਵਾਲਾ, ਤ੍ਰਿੱਖ-ਨੁਕੀਲਾ.

-acy, suf. : ਪਿਛੇਤਰ ਜਿਸ ਨਾਲ ਭਾਵ-ਵਾਚਕ ਨਾਂਵ ਬਣਾਏ ਜਾਂਦੇ ਹਨ.

ad-, pref. : ਅਗੇਤਰ ਜੋ ਹਰਕਤ, ਰੁਖ, ਤਬਦੀਲੀ, ਵਾਧਾ, ਬਿਮਾਰੀ ਦੀ ਤੇਜ਼ੀ ਆਦਿਕ ਦੱਸਣ ਲਈ ਵਰਤੀਂਦਾ ਹੈ.

-ad, suf. : ਨਾਂਵਾਂ ਦਾ ਪਿਛੇਤਰ; ਦੇਖੋ -ade.

adage, n. : ਅਖਾਣ, ਅਖਾਉਤ, ਕਹਾਉਤ.

adagio, adv. a. & n. (ਸੰਗੀਤ) ਹੌਲੀ ਹੌਲੀ, ਧੀਰੇ ਧੀਰੇ, ਮੱਧਮ.

Adam, n. : ਦੁਨੀਆ ਦਾ ਪਹਿਲਾ ਮਨੁੱਖ, ਆਦਮ, ਬਾਵਾ ਆਦਮ.

A.'s ale or wine : ਪਾਣੀ.

A.'s apple : ਘੰਡੀ.

A.'s bridge : ਸੇਤ-ਬੰਧ.

old A. : ਅਗਿਆਨਤਾ ਦੀ ਅਵਸਥਾ, ਪੁਰਾਣੀ ਵਾਦੀ, ਜਿਹੜਾ ਪਿਉ ਚਿਰਜੀ;

adamant, n. : ਵਜ੍ਰ, ਕਰੜਾ ਪੱਥਰ, ਅਭਿੱਜ ਚਿਟਾਨ.

be a. : ਪੱਕਾ ਹੋਣਾ, ਨਾ ਮੰਨਣਾ.

adamantine, a. : ਕਰੜਾ, ਅਭਿੱਜ, ਸਖ਼ਤ, ਵਜ੍ਰਾ, ਚਿਟਾਨ-ਵਰਗ.

Adamite, *n.* : ਆਦਮ-ਬੰਸ਼ਾ, ਮਨੁੱਖ; ਨੰਗਾ ਮਨੁੱਖ; ਇਕ ਫ਼ਿਰਕਾ ਜਾਂ ਸੰਪ੍ਰਦਾ ਜਿਸ ਦੇ ਸ਼ਰਧਾਲੂ ਬਾਬਾ ਆਦਮ ਵਾਂਗ ਨੰਗੇ ਰਹਿੰਦੇ ਹਨ, (ਬਹੁਵਚਨ) ਮਨੁੱਖ ਜਾਤੀ ਦੀ ਉਹ ਨਸਲ ਜਿਸ ਦੀ ਬਾਬਤ ਇਹ ਖ਼ਿਆਲ ਹੈ ਕਿ ਕੇਵਲ ਉਹੀ ਬਾਬਾ ਆਦਮ ਦੀ ਸੰਤਾਨ ਹੈ.

adapt, *v. t.* : ਮਰਜ਼ੀ ਜਾਂ ਲੋੜ ਅਨੁਸਾਰ ਬਦਲਣਾ, ਢੁਕਾਉਣਾ, ਅਨੁਕੂਲ ਕਰਨਾ ਜਾਂ ਬਣਾਉਣਾ, ਅਨੁਕੂਲਣਾ, ਠੀਕ ਬਿਠਾਉਣਾ, ਕਾਬਿਲ ਬਣਾਉਣਾ, ਜਿਹਾ ਜਾਂ ਵਰਗਾ ਬਣਾਉਣਾ.

adaptABILITY, *n.* : ਯੋਗਤਾ, ਕਾਬਲੀਅਤ, ਅਨੁਕੂਲਤਾ.

adaptABLE, *a.* : ਯੋਗ, ਢੁਕਵਾਂ, ਕਾਬਿਲ, ਅਨੁਕੂਲਣ ਯੋਗ.

adaptATION, *n.* : ਠੀਕ ਕਰਨਾ, ਬਦਲਣਾ, ਅਨੁਕੂਲਣ.

adaptIVE, *a.* : ਹਾਲਾਤ ਅਨੁਸਾਰ ਹੋਰ ਵਟਾ ਲੈਣ ਵਾਲਾ, ਅਨੁਕੂਲੀਆ.

ad captandum (vulgus) [L], *adv.* & *a.* : ਆਮ ਲੋਕਾਂ ਦੇ ਰਾਉਂ ਦੀ, ਲਾਭ ਦੀ, ਆਮ ਪਸੰਦ, ਲੋਕਾਂ ਅਨੁਸਾਰ.

add, *v. t.* & *i.* : ਜੋੜਨਾ, ਜੋੜ ਲਗਾਉਣਾ, ਜਮ੍ਹਾਂ ਕਰਨਾ; ਵਧਾਉਣਾ, ਹੋਰ ਦੇਣਾ, ਮਿਲਾਉਣਾ, ਰਲਾਉਣਾ, ਸ਼ਾਮਲ ਕਰਨਾ; ਹੋਰ ਆਖਣਾ.

a. in, : ਸ਼ਾਮਲ ਕਰਨਾ, ਮਿਲਾਉਣਾ.

a. up or together : ਜੋੜ ਲਗਾਉਣਾ, ਜੋੜਨਾ, ਬਾਕੀ ਕਢਣੀ.

addends, *n.* : ਜੋੜ ਦੀਆਂ ਰਕਮਾਂ.

addendum, *n.* : ਉਹ ਚੀਜ਼ ਜੋ ਕਿਸੇ ਹੋਰ ਨਾਲ ਜੋੜੀ ਜਾਏ, ਵਾਧਾ, ਜੋੜ; ਜ਼ਮੀਮਾ, ਅੰਤਕਾ.

adder, *n.* : ਜ਼ਹਿਰੀਲੀ ਕਿਸਮ ਦਾ ਛੋਟਾ ਸੱਪ, ਫ਼ਨੀਅਰ.

a.'s tongue : ਇਕ ਕਿਸਮ ਦਾ ਬੂਟਾ, ਫ਼ਰਨ ਦੀ ਇਕ ਕਿਸਮ.

death a. : ਜ਼ਹਿਰੀਲਾ ਸੱਪ.

flying a. : ਕਾਬਲੀ ਮੱਖੀ, ਵੱਡੀ ਮੱਖੀ, ਭੌਰ.

horned a. : ਸਿੰਗੀਆ ਸੱਪ.

puff a. : ਫੁੰਕਾਰੂ ਸੱਪ.

addict, *v. t.* : ਗਿਝਣਾ, ਆਦੀ ਹੋਣਾ, ਵਾਦੀ ਪਾ ਲੈਣੀ, ਅਮਲ ਹੋ ਜਾਣਾ, ਮੂੰਹ ਪੈ ਜਾਣਾ, ਕੁਲਤ ਲਗਾਉਣਾ, (ਰੋਮਨ ਕਾਨੂੰਨ) ਜੱਜ ਦੇ ਹੁਕਮ ਨਾਲ ਹਵਾਲੇ ਕਰਨਾ.

addict, *n.* : ਅਮਲੀ, ਉਹ ਮਨੁੱਖ ਜਿਸ ਨੂੰ ਕੋਈ ਖ਼ਾਸ ਅਮਲ ਖਾਣ ਦੀ ਵਾਦੀ ਪੈ ਜਾਏ (opium a. : ਅਫ਼ੀਮੀ).

addicted : ਕੁਲਤੇ ਲੱਗਾ.

a. to drink : ਸ਼ਰਾਬ ਮੂੰਹ ਲੱਗੀ, ਸ਼ਰਾਬੀ.

addiction, *n.* : ਕੁਲੱਤ, ਭੈੜੀ ਵਾਦੀ; ਅਮਲ; ਸਪੁਰਦਗੀ.

Addison's disease, *n.* : ਰੋਗ [ਐਡੀਸਨ (੧੮੫੫) ਦੀ ਖੋਜ].

addition, *n.* : ਜੋੜਨ, ਜੋੜਨ ਦਾ ਕੰਮ; ਜਮ੍ਹਾਂ, ਜੋੜ, ਵਾਧਾ, ਵਧਾਵ, ਜ਼ਿਆਦਤੀ.

in a. to : ਇਸ ਤੋਂ ਛੁੱਟ.

a useful a. : ਇਕ ਲਾਭਦਾਇਕ ਵਾਧਾ.

a. and alteration : ਵਧਾ ਘਟਾ.

additional, *a.* : ਵਾਧੂ, ਹੋਰ; ਜ਼ਿਆਦਾ, ਜ਼ਮੀਮੀ.

additionalLY, *adv.* : ਵਾਧੇ ਦੇ ਤੌਰ ਤੇ, ਹੋਰ.

addle, *v. t.* & *i.* : ਗੰਧਲਾ ਕਰਨਾ, ਗੰਦਾ ਹੋ ਜਾਣਾ.

addled egg : ਗੰਦਾ ਆਂਡਾ, ਖ਼ਰਾਬ ਆਂਡਾ.

a.-brained : ਫਿਰੇ ਹੋਏ ਦਿਮਾਗ਼ ਵਾਲਾ, ਕਮਲਾ, ਸ਼ੁਦਾਈ, ਮੂਰਖ.

address, *n.* : ਸਿਰਨਾਵਾਂ, ਪਤਾ; (ਗੱਲ-ਬਾਤ ਦਾ) ਤਰੀਕਾ, ਢੰਗ, ਤੌਰ; ਚੁਸਤੀ, ਹੁਸ਼ਿਆਰੀ; ਵਖਿਆਨ; ਮਾਨ-ਪੱਤਰ.

pay one's as. to : ਦਰਬਾਰੀ ਆਦਰ ਦੇਣਾ, (ਇਸਤਰੀ ਨੂੰ) ਪਿਆਰ ਭਰੀ ਪ੍ਰੇਰਨਾ, ਰਿਝਾਉਣਾ.

addressograph, *n.* : ਪਤਾ-ਛਾਪ ਮਸ਼ੀਨ.

address, *v. t.* : ਮੁਖ਼ਾਤਬ ਹੋਣਾ, ਗੱਲ-ਬਾਤ ਕਰਨੀ, ਬੁਲਾਉਣਾ; ਵਖਿਆਨ ਦੇਣਾ, ਕਹਿਣਾ, (ਚਿੱਠੀ ਉੱਤੇ) ਪਤਾ ਲਿਖਣਾ; (ਆਪਣੇ ਆਪ ਨੂੰ) ਕਿਸੇ ਕੰਮ ਤੇ ਲਾਉਣਾ, ਜੀਅ ਲਾਉਣਾ, ਜੁਟਣਾ; ਨਾਲ ਪੈਣਾ; (ਗੋਲਫ਼ ਦੀ ਖੇਡ) ਨਿਸ਼ਾਨਾ ਬਣਾਉਣਾ.

addressee, *n.* : ਸਿਰਨਾਵੀਆ, ਉਹ ਮਨੁੱਖ ਜਿਸ ਨੂੰ ਚਿੱਠੀ ਲਿਖੀ ਜਾਏ.

adduce, *v. t.* : (ਸਬੂਤ ਜਾਂ ਗਵਾਹੀ ਦੇ ਤੌਰ ਤੇ) ਪੇਸ਼ ਕਰਨਾ, ਹਵਾਲਾ ਦੇਣਾ, ਪ੍ਰਮਾਣ ਦੇਣਾ.

adduceABLE, *a.* }
adducIBLE, *a.* } ਜਿਸ ਦਾ ਸਬੂਤ ਦਿੱਤਾ ਜਾ ਸਕੇ, ਜਿਸ ਨੂੰ ਪ੍ਰਮਾਣ ਵਜੋਂ ਪੇਸ਼ ਕੀਤਾ ਜਾ ਸਕੇ.

adducent, *a.* : (ਸਰੀਰਕ ਪੱਠਿਆਂ ਬਾਰੇ) ਇਕ ਪਾਸੇ ਕੇਂਦਰ ਵਲ ਖਿੱਚੀਂਦੇ.

adduct, *v. t.* : (ਸਰੀਰ ਬਾਰੇ) ਇਕ ਪਾਸੇ ਕੇਂਦਰ ਵਲ ਖਿੱਚਣਾ.

adduction, *n.* : ਪ੍ਰਮਾਣ ਦੇਣ ਦਾ ਕੰਮ; ਪਾਸੇ ਤੋਂ ਕੇਂਦਰ ਵਲ ਖਿੱਚਣ ਦੀ ਕ੍ਰਿਆ.

-ade, *suf.* : ਸ਼ਬਦਾਂ ਦਾ ਪਿਛੇਤਰ, ਜਿਸ ਦੇ ਅਰਥ ਹੁੰਦੇ ਹਨ ਅਮਲ, ਨਤੀਜਾ ਜਾਂ ਅਸਰ.

adenoids, *n. pl.* : ਗਲੇ ਦੇ ਗ਼ਦੂਦ, ਕਈ ਵਾਰ ਨਕ ਦਾ ਹੇਠਲਾ ਹਿੱਸਾ ਅਤੇ ਨੱਕ ਦੇ ਪਿਛਲੇ ਪਾਸੇ ਦੇ ਵਿਚਕਾਰ ਹੁੰਦਾ ਹੈ, ਇਹ ਵਧੀ ਹਾਲਤ ਕੋਸ਼ਿਕਾਵਾਂ ਦੇ ਸਾਹ ਵਿਚ ਰੋਕ ਪਾਉਂਦਾ ਹੈ.

adept, *n.* & *a.* : ਉਸਤਾਦ, ਗੁਣੀ, ਮੁਹਾਰਤ, ਮਾਹਿਰ, ਸਿਆਣਾ, ਕਾਰੀਗਰ.

adequate, *a.* : ਪੂਰਾ, ਯੋਗ, ਢੁਕਵਾਂ, ਕਾਫ਼ੀ, ਲੋੜ ਅਨੁਸਾਰ, ਠੀਕ-ਠਾਕ, ਬਥੇਰਾ, ਯੋਗਵਾਂ.

adequaCY, *n.* : ਲੋੜ-ਪੂਰਤੀ, ਲੋੜ ਅਨੁਸਾਰਤਾ, ਯੋਗਤਾ.

adequateLY, *adv.* : ਕਾਫ਼ੀ, ਪੂਰੇ ਤੌਰ ਤੇ, ਪੂਰਾ ਪੂਰਾ.

adespota, *n. pl.* : ਅਪਹਾਈਆਂ ਲਿਖਤਾਂ.

ad eundem, *adv.* : ਬਰਾਬਰੀ ਦੀ ਸਨਦ (ਜੋ ਇਕ ਯੂਨੀਵਰਸਿਟੀ ਵਿਚ ਵਿਦਿਆਰਥੀ ਲਈ ਕਿਸੇ ਦੂਜੀ ਯੂਨੀਵਰਸਿਟੀ ਦੀ ਮਿਲੀ ਸਨਦ ਦੇ ਆਧਾਰ ਤੇ ਦੇਵੇ).

a deux, *adv.* & *a.* : ਦੋਹਾਂ ਲਈ; ਦੋਹਾਂ ਵਿਚ.

adhere, *v. i.* : ਚਿੰਬੜਨਾ, ਚਮੁੱਟ ਜਾਣਾ, ਜੁੜ ਜਾਣਾ, ਲੱਗਾ ਰਹਿਣਾ, ਟਿਕ ਰਹਿਣਾ, ਸਾਥ ਦੇਣਾ, ਨਾਲ ਰਹਿਣਾ, ਅੜੇ ਰਹਿਣਾ; ਪੱਖ ਕਰਨੀ ਜਾਣਾ.

adherence, *n.* : ਲਗਾਉ, ਵਫ਼ਾਦਾਰੀ, ਸ਼ਰਧਾ, ਪੈਰਵੀ, ਸਾਥ.

adherent, *a.* & *n.* : ਜੁੜਿਆ ਹੋਇਆ, ਲੱਗਾ ਹੋਇਆ, ਸੰਬੰਧਤ; ਪੈਰੋਕਾਰ, ਹਮਾਇਤੀ, ਸਿੱਖ-ਸੇਵਕ; ਅਨੁਸਾਰੀ, ਸ਼ਰਧਾਲੂ, ਅਨੁਯਾਈ, ਚੇਲਾ, ਮੁਰੀਦ.

adhesion, *n.* : (ਸਰੀਰ-ਰਚਨਾ ਤੇ ਬਨਸਪਤੀ) ਜੋੜ, ਮੇਲ; ਲਗਾਉ, ਜੋੜ, ਪੈਰਵੀ.

give in one's a. : ਆਪਣੀ ਸਹਿਮਤੀ ਪ੍ਰਗਟ ਕਰਨੀ.

adhesive, *a.* : ਲੇਸਦਾਰ, ਚੇਪਦਾਰ; ਚਿੰਬੜਣ ਵਾਲਾ, ਚਮੁੱਟਣ ਵਾਲਾ, ਚਮੋੜੂ.

adhesiveLY, *adv.* : ਚਿੰਬੜਦੇ ਹੋਏ.

adhibit, *v. t.* : ਲਾਉਣਾ, ਜੋੜਨਾ, ਚਿਪਕਾਉਣਾ, ਦਵਾਈ ਲਾਉਣੀ ਜਾਂ ਮਲਣੀ.

adhibitION, *n.* : ਜੋੜਨ, ਪ੍ਰਯੋਗ, ਮਾਲਸ਼ (ਦਵਾਈ ਨਾਲ).

ad hoc [L], *a.* : ਉਚੇਚ-ਕਾਰਜੀ, ਕੰਮ-ਕਾਰਥੀ, ਖ਼ਾਸ ਕੰਮ ਲਈ ਬਣਾਈ ਹੋਈ, ਉਚੇਚੀ.

adiabatic, *a.* : (ਪਦਾਰਥ ਵਿਗਿਆਨ) ਅਤਾਪਤ; ਸਮ-ਤਾਪੀ, ਜਿਹੜੇ ਜਿਹੀ ਗਰਮੀ ਸਮਝ ਵਾਲੀ.

adiantum, *n.* : ਬਾਲ-ਛੜ, ਪਾਣੀ ਸੁੰਬਲ.

adiaphorism, *n.* : ਧਰਮ ਨਿਰਪੱਖਤਾ, ਲਾਪਰਵਾਹੀ, ਬੇਪਰਵਾਹੀ.

adiaphorist, *n.* : ਧਰਮ-ਨਿਰਪੱਖੀਆ, ਬੇਪਰਵਾਹ ਬੰਦਾ.

adieu, *int.* & *n.* : ਰੱਬ ਰਾਖਾ ! ਚੰਗਾ-ਭਲਾ ! ਵਿਦੈਗੀ.

make, take one's a. : ਵਿਦਾ ਹੋਣਾ, ਕਿਸੇ ਤੋਂ ਵਿਛੜਨ ਸਮੇਂ ਫ਼ਤਹਿ, ਸਤਿ ਸ੍ਰੀ ਅਕਾਲ, ਰਾਮ ਰਾਮ, ਰੱਬ ਹਵਾਲੇ ਆਦਿ ਆਖਣਾ.

ad infinitum, *adv.* : ਸਦਾ ਲਈ, ਅੰਤ ਸਮੇਂ ਤਕ.

ad interim, *adv.* : ਵਿਚਕਾਰਲੇ ਸਮੇਂ ਲਈ, ਇਸ ਦੌਰਾਨ ਵਿਚ.

adipocere, *n.* : ਸਿੱਲ੍ਹ ਦੇ ਕਾਰਨ ਮੁਰਦਿਆਂ ਵਿਚੋਂ ਨਿਕਲਦੀ ਮੋਮ ਵਰਗੀ ਚਰਬੀ ਵਰਗੀ ਚੀਜ਼.

adipose, *a.* & *n.* : ਥਿੰਧਾ, ਚਰਬੀਲਾ, ਚਰਬੀ ਵਾਲਾ; ਚਰਬੀ.

adiposITY, *n.* : ਥਿੰਧਿਆਈ, ਚਿਕਨਾਈ.

adit, *n.* : ਮੋਘਾ, ਰਾਹ; ਖਾਣ ਵਿਚ ਜਾਣ ਲਈ ਗਲੀ ਜਾਂ ਰਸਤਾ; ਰਸਾਈ, ਪਹੁੰਚ, ਗੁਜ਼ਰ.

adjacent, *a.* : ਕੋਲ ਦਾ, ਨਾਲ ਦਾ, ਨਾਲ-ਲਗਦਾ, ਲਾਗਵਾਂ, ਲਾਗਲਾ, ਜੁੜਵਾਂ, ਨੇੜਲਾ.

adjacency, *n.* : ਨੇੜ, ਨੇੜਤਾਈ, ਨਜ਼ਦੀਕੀ.

adjective, *n.* & *a.* : ਵਿਸ਼ੇਸ਼ਣ; ਵਾਧੂ, ਨਿਸਚਿਤ; ਪਰਾਧੀਨ.

a. colours : ਕੱਚੇ ਰੰਗ.

a. of quality : ਗੁਣ-ਵਾਚਕ ਵਿਸ਼ੇਸ਼ਣ.

a. of quantity : ਪਰਿਮਾਣ-ਵਾਚਕ ਵਿਸ਼ੇਸ਼ਣ.

numeral a. : ਸੰਖਿਆ ਵਿਸ਼ੇਸ਼ਣ.

demonstrative a. : ਨਿਸ਼ਚੇਵਾਚਕ ਵਿਸ਼ੇਸ਼ਣ.

pronominal a. : ਪੜਨਾਂਵੀ ਵਿਸ਼ੇਸ਼ਣ.

adjoin, *v. t.* & *i.* : ਜੋੜਨਾ, ਮਿਲਾਉਣਾ, ਨਾਲ-ਲਗਦਾ ਹੋਣਾ, ਹੱਦ-ਬੰਨਾ ਹੋਣਾ, ਲੱਗਦਾ ਹੋਣਾ.

adjoining, *a.* : ਲਾਗਲਾ, ਨਾਲ ਦਾ, ਨਾਲ ਲੱਗਦਾ, ਕੋਲ ਦਾ, ਨੇੜੇ ਦਾ, ਜੁੜਵਾਂ, ਸਾਹਮਣੇ ਦਾ.

adjourn, *v. t.* & *i.* : ਮੁਲਤਵੀ ਕਰਨਾ, ਅਗਾਂਹ ਪਾਉਣਾ; (ਕਾਰਵਾਈ ਲਈ ਤੇ ਲੋਕਾਂ ਦਾ) ਖਿੰਡ ਜਾਣਾ, ਜਲਸੇ ਦੀ ਥਾਂ ਬਦਲ ਦੇਣੀ; ਸਥਗਿਤ ਕਰਨਾ.

adjourned, *a.* : ਸਥਗਿਤ, ਮੁਲਤਵੀ ਹੋਇਆ, ਅਗਾਂਹ ਪਾਇਆ ਗਿਆ.

adjournment, *n.* : (ਕਿਸੇ ਕੰਮ ਨੂੰ) ਅਗਾਂਹ ਤੇ ਪਾਉਣਾ; ਮੁਲਤਵੀ, ਸਥਗਨ;

a. motion : ਸਥਗਨ ਪ੍ਰਸਤਾਵ.

adjudge, *v.t.* : ਫ਼ੈਸਲਾ ਕਰਨਾ, ਨਿਰਣਾ ਕਰਨਾ, ਫ਼ੈਸਲੇ ਦੇ ਤੌਰ ਤੇ ਰਾਏ ਦੇਣੀ; ਸਜ਼ਾ ਦੇਣੀ; ਡਿਗਰੀ ਦੇਣੀ, ਅਦਾਲਤੀ ਹੁਕਮ ਅਨੁਸਾਰ ਦਿਵਾ ਦੇਣਾ.

adjudgement, *n.* : ਹੁਕਮ, ਫ਼ੈਸਲਾ.

adjudicate, *v.t.* : (ਅਦਾਲਤ ਵੱਲੋਂ) ਫ਼ੈਸਲਾ ਦੇਣਾ; ਹੁਕਮ ਸੁਣਾਉਣਾ, ਤਜਵੀਜ਼ ਕਰਨੀ.

adjudication, *n.* : ਅਦਾਲਤੀ ਹੁਕਮ, ਫ਼ੈਸਲਾ ਜਾਂ ਤਜਵੀਜ਼; ਦੀਵਾਲੀਆ ਕਰਾਰ ਦੇਣਾ.

adjudicative, *a.* : ਅਦਾਲਤੀ.

adjudicator, *n.* : ਫ਼ੈਸਲਾ ਕਰਨ ਵਾਲਾ, ਹਾਕਮ, ਨਿਰਣਾਇਕ.

adjunct, *n.* : ਜੋੜ, ਨਾਲ ਲਗਦੀ ਚੀਜ਼; (ਵਿਆਕਰਣ) ਵਿਸ਼ੇਸ਼ਣ, ਕਿਰਿਆ ਆਦਿ ਦਾ ਵਿਸਥਾਰ.

adjunctIVE, *a.* : ਨਾਲ-ਲਗਦੇ, ਵਿਸਤਾਰੂ.

adjunctIVELY, *adv.* : ਵਿਸਤਾਰੂ ਤੌਰ ਤੇ.

adjure, *v.t.* : ਸਹੁੰ ਚੁਕਾਉਣੀ, ਕਸਮ ਖੁਆਉਣੀ; ਵਾਸਤਾ ਪਾਉਣਾ, ਬੇਨਤੀ ਕਰਨੀ, ਤਰਲਾ ਪਾਉਣਾ.

adjuRATION, *n.* : ਸਹੁੰ, ਸੁਗੰਦ, ਕਸਮ; ਤਰਲਾ.

adjust, *v. t.* : ਮਿਲਾਨ ਕਰਨਾ, ਵਿਉਂਤਣਾ; ਜਮਾਉਣਾ, ਜੁੜਨਾ, ਸਵਾਰਨਾ, ਤਬਦੀਲੀਆਂ ਠੀਕ ਕਰਨੀਆਂ, ਠੀਕ ਕਰਨਾ, ਕਿਸੇ ਨਾਪ ਜਾਂ ਮੌਕੇ ਦੇ ਅਨੁਸਾਰ ਬਣਾਉਣਾ, ਅਨੁਕੂਲ ਕਰਨਾ, ਵਿਵਸਥਿਤ ਕਰਨਾ, ਸੁਲਝਾਉਣਾ, ਫ਼ੈਸਲਾ ਕਰਨਾ, ਨਿਪਟਣਾ.

adjustable, *a.* : ਸਵਾਰਨ-ਯੋਗ, ਥਾਂ ਸਿਰ ਕਰਨ ਯੋਗ, ਅਨੁਕੂਲਣ ਯੋਗ, ਨਬੇੜਨ ਯੋਗ.

adjustment, *n.* : ਮਿਲਾਨ, ਵਿਵਸਥਾ, ਤਰਤੀਬ, ਸਫ਼ਾਈ; ਨਬੇੜਾ, ਫ਼ੈਸਲਾ, ਸੁਲ੍ਹਾ-ਸੁਲ੍ਹ ਨਿਪਟਾਰਾ.

adjutant, *a.* & *n.* : ਸਹਾਇਕ, (ਫ਼ੌਜੀ) ਅਫ਼ਸਰ, ਸਹਾਇਕ ਅਫ਼ਸਰ, ਜੋ ਹੁਕਮ ਜਾਰੀ ਕਰਦਾ ਹੈ ਤੇ ਚਿੱਠੀ-ਪੱਤਰ ਕਰ ਕੇ ਆਪਣੇ ਤੋਂ ਵੱਡੇ ਅਫ਼ਸਰਾਂ ਦੀ ਸਹਾਇਤਾ ਕਰਦਾ ਹੈ; ਜੰਗਬਗਲਾ, ਮਾਰਾ.

adjutanCY, *n.* : ਅਜੀਟਨ ਦਾ ਅਹੁਦਾ.

adjuvant, *a.* & *n.* : ਸਹਾਇਕ, ਮਦਦਗਾਰ.

ad libitum [L], *adv.* : (ਕੰਠ-ਸੰਗ) ਜੀ ਭਰਕੇ, ਜਿਤਨਾ ਜੀ ਚਾਹੇ.

admeasure, *v.t.* : ਵੰਡਣਾ, ਹਿੱਸੇ-ਬਖਰੇ ਕਰਨੇ.

admeasurement, *n.* : ਬਟਵਾਰਾ; ਨਾਪ, ਜੋਖ.

adminicle, *n.* : ਸਹਾਇਤਾ, (ਕਾਨੂੰਨ) ਜ਼ਾਹਰੀ ਗਵਾਹੀ.

adminicular, *a.* : ਸਹਾਇਕ, ਸਹਾਇਕ, ਮਦਦੀ.

administer, *v.t.* & *i.* : (ਕਾਰ-ਵਿਹਾਰ) ਚਲਾਉਣਾ; ਪ੍ਰਬੰਧ ਕਰਨਾ, ਮੁਖਤਿਆਰੀ ਕਰਨੀ; ਹਕੂਮਤ ਕਰਨੀ, ਪਰਸ਼ਾਸਨ ਕਰਨਾ, ਅਦਾਲਤ ਕਰਨੀ; (ਇਨਸਾਫ਼ ਜਾਂ ਧਾਰਮਿਕ ਰੀਤੀ) ਨਿਭਾਉਣੀ, (ਅੰਮ੍ਰਿਤ) ਛਕਾਉਣਾ, (ਸਹੁੰ) ਚੁਕਾਉਣੀ; ਦੇਣੀ (ਦਵਾਈ).

a. oath : ਸਹੁੰ ਚੁਕਾਉਣੀ.

administered, *a.* : ਪਰਸ਼ਾਸਿਤ.

administerial, *a.* : ਪ੍ਰਬੰਧਕੀ, ਇੰਤਜ਼ਾਮੀਆ, ਪਰਸ਼ਾਸਨੀ.

administrable, *a.* : ਪ੍ਰਬੰਧ-ਯੋਗ.

administration, *n.* : ਕਾਰ-ਵਿਹਾਰ ਦਾ ਪ੍ਰਬੰਧ, ਇੰਤਜ਼ਾਮ, ਮੁਖਤਿਆਰੀ; ਸਰਕਾਰੀ ਕੰਮਾਂ ਦਾ ਪ੍ਰਬੰਧ, ਰਾਜ-ਪ੍ਰਬੰਧ, ਰਾਜ-ਕਾਜ, ਹਕੂਮਤ, ਅਮਲਦਾਰੀ, ਗੌਰਮਿੰਟ, ਪਰਸ਼ਾਸਨ; ਮੰਤਰੀ-ਮੰਡਲ, ਕਾਰਜਕਾਰੀ ਮੰਡਲ, (ਕਾਨੂੰਨ) ਕਿਸੇ ਮਰੇ ਹੋਏ ਪੁਰਸ਼ ਦੀ ਜਾਇਦਾਦ ਦਾ ਪ੍ਰਬੰਧ; letters of a. : ਕਿਸੇ ਜਾਇਦਾਦ ਦੇ ਪ੍ਰਬੰਧ ਲਈ ਅਧਿਕਾਰ-ਪੱਤਰ; (ਇਨਸਾਫ਼ ਜਾਂ ਧਾਰਮਿਕ ਰਸਮ ਦਾ) ਕਰਨਾ; ਸਹੁੰ ਚੁਕਾਉਣੀ; ਦਵਾਈ ਵਰਤਣੀ.

administrative, *a.* : (ਕਾਰ-ਵਿਹਾਰ ਦੇ) ਪ੍ਰਬੰਧ ਸੰਬੰਧੀ; ਸਰਕਾਰੀ ਕੰਮਾਂ ਦੇ ਪ੍ਰਬੰਧ ਸੰਬੰਧੀ, ਇੰਤਜ਼ਾਮੀ, ਪ੍ਰਬੰਧਕੀ; ਪ੍ਰਸ਼ਾਸਨੀ.

a. functions : ਪਰਸ਼ਾਸਨੀ ਕਿਰਤੀਆਂ.

administratively, *adv.* : ਇੰਤਜ਼ਾਮੀਆ ਤੌਰ ਤੇ.

administrator, *n.* : ਮੈਨੇਜਰ, ਮੁਖਤਿਆਰ, ਸਰਬਰਾਹ; ਕਾਰਭਾਰੀ; ਸ਼ਾਸਕ; ਨਾਜ਼ਮ, ਪਰਸ਼ਾਸਕ.

A. General : ਮਹਾਂ ਪਰਸ਼ਾਸਕ.

administratorship, *n.* : ਪ੍ਰਬੰਧਕ ਜਾਂ ਸ਼ਾਸਕ ਦਾ ਅਹੁਦਾ, ਸਰਬਰਾਹੀ, ਮੁਖਤਿਆਰੀ.

administratrix, *n.* : (ਇਸਤਰੀ) ਪ੍ਰਬੰਧਕਾ.

admirable, *a.* : ਵਧੀਆ, ਚੰਗਾ, ਸੋਹਣਾ, ਦਿਲ-ਪਸੰਦ, ਉਪਮਾ-ਯੋਗ.

admirably, *adv.* : ਸੋਹਣੇ ਢੰਗ ਨਾਲ, ਚੰਗੀ ਤਰ੍ਹਾਂ.

admiral, *n.* : ਅਮੀਰ ਬਹਿਰ, ਸਭ ਤੋਂ ਵੱਡਾ ਸਮੁੰਦਰੀ ਅਫ਼ਸਰ; ਜੰਗੀ ਬੇੜੇ ਦਾ ਸਰਦਾਰ; ਅਮੀਰ ਬਹਿਰ ਦਾ ਜਹਾਜ਼.

red a. }
white a. } : ਯੂਰਪੀ ਤਿਤਲੀਆਂ ਕੀੜਿਆਂ ਦੇ ਕਿਸਮਾਂ.

admiralship, *n.* : ਅਮੀਰ ਬਹਿਰ ਦੀ ਪਦਵੀ.

admiralty, *n.* : ਅਮੀਰ ਬਹਿਰ ਦਾ ਦਫ਼ਤਰ, ਸਮੁੰਦਰੀ ਮਹਿਕਮਾ; ਸਮੁੰਦਰੀ ਬੇੜਾ.

Court of A. : ਸਮੁੰਦਰੀ ਮਹਿਕਮੇ ਦੀ ਅਦਾਲਤ.

admiration, *n.* : ਪ੍ਰਸੰਸਾ, ਤਾਰੀਫ਼, ਵਡਿਆਈ, ਉਸਤਤ, ਸਲਾਹੁਣਾ, ਸਤਿਕਾਰ, ਕਦਰ.

the a. of all : ਹਰ-ਮਨ-ਪਿਆਰਾ.

admire, *v. t.* : ਦੇਖ ਕੇ ਖ਼ੁਸ਼ ਹੋਣਾ, ਪਸੰਦ ਕਰਨਾ, ਪ੍ਰਸੰਸਾ ਕਰਨੀ, ਸਲਾਹੁਣਾ, ਤਾਰੀਫ਼ ਕਰਨੀ, ਵਡਿਆਈ ਕਰਨੀ; ਗੁਣ ਗਾਉਣਾ, ਦਾਦ ਦੇਣੀ, ਵਾਹ-ਵਾਹ ਆਖਣਾ; ਹੈਰਾਨੀ ਨਾਲ ਵੇਖਣਾ; ਪਿਆਰ ਕਰਨਾ.

admirer, *n.* : ਪ੍ਰਸੰਸਕ, ਉਪਮਾ ਕਰਨ ਵਾਲਾ, ਸਲਾਹੁਣ ਵਾਲਾ; ਪ੍ਰੇਮੀ, ਪ੍ਰੀਤਵਾਨ, ਆਸ਼ਕ.

admissible, *a.* : ਮੰਨਣ ਯੋਗ; ਮੰਨਣਵਾਲੀ; (ਕਾਨੂੰਨ) ਗਵਾਹੀ ਯੋਗ, ਜਾਇਜ਼, ਜਿਸ ਨੂੰ ਗਵਾਹੀ ਅਥਵਾ ਸਬੂਤ ਦੇ ਤੌਰ ਤੇ ਪ੍ਰਵਾਨ ਕੀਤਾ ਜਾ ਸਕੇ; ਦਾਖ਼ਲ ਯੋਗ, ਜੋ ਕਿਸੇ ਅਹੁਦੇ ਤੇ ਰੱਖਿਆ ਜਾ ਸਕੇ.

admissibILITY, *n.* : ਮੰਨਣ-ਯੋਗਤਾ, ਯੋਗਤਾ.

admission, *n.* : ਦਾਖ਼ਲਾ, ਪਹੁੰਚ, ਰਸਾਈ, ਪਰਵੇਸ਼, ਮਨੌਤੀ, ਇਕਬਾਲ.

a. fee : ਫ਼ੀਸ ਦਾਖ਼ਲਾ, ਟਿਕਟ.

admissive, *a.* : ਮੰਨਣ ਵਾਲੀ, ਮੰਨਣ ਤੇ ਆਇਆ ਹੋਇਆ.

admit, *v. t.* & *i.* : ਅੰਦਰ ਆਉਣ ਦੇਣਾ, ਅੰਦਰ ਲੈਣਾ, ਦਾਖ਼ਲ ਕਰਨਾ; ਦਾਖ਼ਲ ਕਰਨਾ, ਮੰਨ ਲੈਣਾ, ਮੰਨਣਾ, ਪ੍ਰਵਾਨ ਕਰਨਾ, ਹਾਂ ਕਰਨੀ; ਗੁੰਜਾਇਸ਼ ਹੋਣੀ, ਸਮਾਈ ਹੋਣੀ.

admittedLY, *adv.* : ਮੰਨੇ-ਪ੍ਰਮੰਨੇ ਤੌਰ ਤੇ, ਸਰਵਤ, ਜ਼ਾਹਰ.

admittable, *a.* : ਪ੍ਰਵਾਨਗੀ ਦੇਣ-ਯੋਗ, ਜਿਸ ਨੂੰ ਅੰਦਰ ਆਉਣ ਦਿੱਤਾ ਜਾ

ਗਏ, ਦਾਖ਼ਲ ਹੋਣਾ.

admittance, *n.* : ਅੰਦਰ ਆਉਣ ਦੀ ਆਗਿਆ, ਪ੍ਰਵੇਸ਼-ਆਗਿਆ; ਦਖ਼ਲ.

admix, *v. t. & i.* : (ਕਿਸੇ ਹੋਰ ਚੀਜ਼ ਨਾਲ) ਮਿਲਾਉਣਾ, ਰਲਾਉਣਾ, ਮਿਸ਼ਰਤ ਕਰਨਾ, ਮਿਲਣਾ, ਰਲਣਾ, ਘੁਲ-ਮਿਲ ਜਾਣਾ.

admixture, *n.* : ਮਿਲਾਵਟ; ਰਲਾ; ਮਿਸ਼ਰ, ਮਿਸ਼ਰ-ਤ੍ਰਿਸ਼; ਮੇਲ, ਮਿਲਾਈ.

admonish, *v. t.* : ਸਮਝਾਉਣਾ, ਸਿੱਖਿਆ ਦੇਣੀ, ਹਦਾਇਤ ਕਰਨੀ; ਚੇਤਾ ਕਰਾਉਣਾ, ਝਾੜ ਪਾਉਣੀ, ਝਿੜਕ ਦੇਣੀ, ਡਾਂਟ ਦੇਣੀ, ਡਾਂਟਣਾ, ਖ਼ਬਰਦਾਰ ਕਰਨਾ, ਤਾੜਨਾ, ਚੇਤਾਵਨੀ ਦੇਣੀ, ਤਾੜਨਾ, ਵਰਜਣਾ, ਝਿੜਕਣਾ; ਝਾੜਨਾ; ਝਾੜ ਪਾਉਣੀ, ਬੁਰਾ ਭਲਾ ਕਹਿਣਾ, ਚੇਤਣਾ; ਚੇਤਾਵਨੀ ਕਰਨੀ, ਕਿਸੇ ਦੁਆਏ.

admonishMENT, *n.* : ਝਾੜ-ਝੰਬ, ਝਾੜ, ਤਾੜਨਾ, ਝਿੜਕ.

admonition, *n.* : ਝਿੜਕ, ਤਾੜਨਾ, ਹਦਾਇਤ, ਸਮਝਾਉਣੀ, ਸਿੱਖਿਆ, ਮੱਤ, ਉਪਦੇਸ਼, ਸਿਖ-ਮਤ; ਖ਼ਬਰਦਾਰੀ.

admonitORY, *a.* : ਸਿੱਖਿਆ ਪੂਰਤ.

ad nauseam [L.], *adv.* : ਅੱਕਣ ਤੱਕ, ਜਦ ਤਕ ਜਿਹੜਾ ਰਹੀ, ਏਨਾ ਵਧ ਕਿ ਕਿਸਾਨੀ ਪਈ ਆਵੇ.

adnominal *a.* : ਨਾਂਵ-ਸੰਬੰਧੀ; ਵਿਸ਼ੇਸ਼ਣੀ.

adnoun, *n.* : ਵਿਸ਼ੇਸ਼ਣ; ਵਿਸ਼ੇਸ਼ਣੀ ਨਾਂਵ, ਜੋ ਨਾਂਵ ਵਾਂਗ ਵਰਤਿਆ ਜਾਵੇ.

ado, *n.* : ਰੌਲਾ-ਰੱਪਾ; ਬਖੇੜਾ, ਧੂੰਪ, ਰੌਲਾ, ਖੇਚ; ਧਾਂਪਲ.

-ado [ਨਾਂਵ ਦਾ ਪਿਛੇਤਰ] ਜਿਵੇਂ desperado, ਬੁਰਦਾ, ਗੁੰਡਾ.

adobe, *n.* : ਕੱਚੀ ਇੱਟ (ਧੁੱਪੇ ਸੁੱਕੀ ਹੋਈ).

adolescent, *n. & a.* : ਗਭਰੂਟ, ਨੌਜਵਾਨ, ਬਾਲਗ, ਸਿਆਣਾ, ਬਾਲ ਅਵਸਥਾ ਤੋਂ ਵਧਿਆ ਹੋਇਆ, ਬਾਲ ਤੇ ਵੱਡ ਵਡੇਰੇ ਦੇ ਵਿਚ ਵਿਚ ਦਾ, ਅੱਧ-ਖੜ, ਅਧ-ਖਿੜਿਆ.

adolescence, *n.* : ਜਵਾਨੀ, ਜੋਬਨ, ਚੜ੍ਹਦੀ ਜਵਾਨੀ, ਚੜ੍ਹਦੀ-ਉਮਰ, ਅਧ-ਖੜਦੀ, ਕੁਮਾਰ ਅਵਸਥਾ.

Adonis, *n.* : ਉਹ ਸੋਹਣਾ ਜਵਾਨ ਜਿਸ ਨੂੰ ਹੁਸਨ ਦੀ ਦੇਵੀ ਵੀਨਸ ਪਿਆਰ ਕਰਦੀ ਸੀ; ਬਾਂਕਾ, ਛੈਲ, ਗਭਰੂ, ਸੁਨੱਖਾ; ਇਕ ਤਰ੍ਹਾਂ ਦਾ ਬੂਟਾ, ਇਕ ਕਿਸਮ ਦੀ ਤਿਤਲੀ.

adonize, *refl. & v.* : (ਆਪਣੇ ਆਪ ਨੂੰ) ਸ਼ਿੰਗਾਰਨਾ, ਬਾਂਕਾ ਬਣਨਾ, ਕੰਘੀ-ਪੱਟੀ ਕਰਨੀ, ਸਜਾਵਟਾਂ ਕਰਨੀਆਂ, ਬਾਂਕਾ ਬਣਨਾ.

adopt, *v. t.* : ਪੁਤਰੇਲਾ ਬਣਾਉਣਾ, ਗੋਦੀ ਲੈਣਾ, ਮੁੰਹ ਬੋਲਣਾ, ਅਪਣਾਉਣਾ, ਅੰਗ ਲੈਣਾ, ਵਿਚਾਰ ਜਾਂ ਵਿਚਾਰ ਗ੍ਰਹਿਣ, ਕਬੂਲਣਾ, ਮਨਜ਼ੂਰ ਕਰਨਾ, ਸਵੀਕਾਰ ਕਰਨਾ, ਫੜਨਾ.

adoptABILITY, *n.* : ਮੰਨ ਜਾਣ ਦੀ ਯੋਗਤਾ, ਮੰਨਣ-ਯੋਗਤਾ, ਅੰਗੀਕਾਰ-ਯੋਗਤਾ.

adoptABLE, *a.* : ਮੰਨਣ-ਯੋਗ, ਕਬੂਲਣ ਯੋਗ, ਅੰਗੀਕਾਰਨ-ਯੋਗ.

adoptION, *n.* : ਗੋਦ, ਮਨ-ਚਾਹੀ ਕਬੂਲੀ, ਮੰਨਣ ਦਾ ਕੰਮ, ਸਵੀਕ੍ਰਿਤੀ.

adoptive, *a.* : ਪੁਤਰੇਲਾ ਬਣਾਇਆ ਹੋਇਆ, ਮੂੰਹ-ਬੋਲਿਆ, ਗੋਦੀ ਪਾਇਆ-ਯੋਗ, ਪਤ੍ਰਾਲਣ-ਯੋਗ, ਗੋਦ ਲਾਏ-ਯੋਗ.

adoptiveLY, *adv.* : ਪੁਤਰੇਲੇ ਦੇ ਤੌਰ ਤੇ.

adore, *v. t.* : ਆਦਰ ਸਤਿਕਾਰ ਕਰਨਾ, (ਕਵਿਤਾ ਵਿਚ) ਇਸ਼ਟ ਵਾਂਗ ਪੂਜਣਾ, ਪ੍ਰੇਮ ਕਰਨਾ, ਭਗਤੀ ਕਰਨੀ, (ਰੋਮਨ ਕੈਥੋਲਿਕ ਮਜ਼ਹਬ ਵਿਚ) ਬੰਦਗੀ ਕਰਨੀ, ਉਪਾਸਨਾ ਕਰਨੀ.

adorABLE, *a.* : ਆਦਰ-ਯੋਗ, ਸਤਿਕਾਰ-ਯੋਗ, ਸਨਮਾਨ-ਯੋਗ, ਪੂਜਨੀਕ, ਪੂਜਣ-ਯੋਗ, ਪਿਆਰਾ.

adorABLY, *adv.* : ਪੂਜਾ ਜਾਂ ਸਤਿਕਾਰ ਦੇ ਤੌਰ ਤੇ.

adorATION, *n.* : ਬੰਦਗੀ, ਉਸਤਤ, ਵਡਿਆਈ, ਪੂਜਾ, ਇਬਾਦਤ, ਪੂਜਾ-ਪਾਠ; ਉਪਾਸਨਾ.

adorer, *n.* : ਭਗਤ, ਪੁਜਾਰੀ, ਉਪਾਸਕ, ਪ੍ਰੇਮੀ, ਆਸ਼ਕ.

adorn, *v. t.* : ਸਿੰਗਾਰਨਾ, ਸਜਾਉਣਾ, ਸ਼ਿੰਗਾਰਨਾ, ਹਾਰ-ਸ਼ਿੰਗਾਰ ਕਰਨਾ, ਸਜਾਵਟ ਕਰਨੀ, ਟੀਪ-ਟਾਪ ਕਰਨੀ.

adornED, *a.* : ਸਜਿਆ ਹੋਇਆ.

adornment, *n.* : ਸਜਾਵਟ, ਸ਼ਿੰਗਾਰ, ਸਜ-ਧਜ, ਟੀਪ-ਟਾਪ.

adown, *adv. & prep.* = **down**, *adv.*

ad rem [L.], *a., adv. & prep.* : ਠੀਕ, ਢੁਕਵੇਂ ਸਿਰ, ਢੁਕਵਾਂ, ਵਿਸ਼ਾ ਅਨੁਸਾਰ, ਮਤ-ਉਚਿਤ.

adrenalin, *n.* : ਗੁਰਦਿਆਂ ਦੀਆਂ ਗ੍ਰੰਥੀਆਂ ਵਿਚੋਂ ਨਿਕਲਦੀ ਰਤੂਬਤ ਜੋ ਲਹੂ ਦੇ ਦੌਰੇ ਤੇ ਅਸਰ ਕਰਦੀ ਹੈ; ਇਹ ਦਵਾਈਆਂ ਵਿਚ ਵਰਤੀ ਬਣਾਉਣ ਲਈ ਵਰਤੀ ਜਾਂਦੀ ਹੈ.

adrift, *adv.* : ਰੁੜ੍ਹਦਾ ਜਾਂਦਾ; ਲਹਿਰਾਂ-ਹਵਾ ਦੇ ਰੁਖ ਤੇ, ਆਵਾਰਾ, ਨਿਆਸਰਾ ਹਵਾ ਵਿੱਚ; ਲਾਉਣ-ਡੁਬਾ, ਡੋਲਦਾ, (ਜਹਾਜ਼ਰਾਨੀ) ਖੁੱਲ੍ਹਾ, ਖਲਬਲੀਆਂ.

adroit, *a.* : ਚੁਸਤ, ਚਲਾਕ, ਫੁਰਤੀਲਾ, ਤਾਕ, ਹੁਨਰੀ, ਕਾਰੀਗਰ.

adroitLY, *adv.* : ਚਲਾਕੀ ਨਾਲ, ਫੁਰਤੀ ਨਾਲ; ਕਾਰੀਗਰੀ ਨਾਲ, ਢੰਗ ਨਾਲ.

adroitNESS, *n.* : ਚੁਸਤੀ, ਚਲਾਕੀ, ਹੁਸ਼ਿਆਰੀ; ਸਾਰ, ਅਟਕਲ.

adry, *adv. & pred. a.* : ਸੁੱਕਾ ਹੋਇਆ, ਖੁਸ਼ਕ, ਪਿਆਸਾ, ਤਿਹਾਇਆ.

adscititious, *a.* : ਬਾਹਰੋਂ ਲਿਆ ਹੋਇਆ, ਬਾਹਰਲਾ; ਵਾਧੂ.

adscriptus glebae [L.], *a. & n.* : ਕਿਸੇ ਇਕ ਜ਼ਿਮੀਂਦਾਰ ਦੀ ਜ਼ਮੀਨ ਨਾਲ ਬੱਝਿਆ ਗ਼ੁਲਾਮ ਜੋ ਜ਼ਮੀਨ ਵੇਚਣ ਦੇ ਨਾਲ ਹੀ ਵਿਕ ਜਾਂਦਾ ਸੀ ਅਤੇ ਜਿਸ ਨੂੰ ਛੱਡ ਨਹੀਂ ਸੀ ਸਕਦਾ, ਸ਼ੂਦਰ.

adsum [L.], *v. i.* : ਹਾਜ਼ਰ ਹਾਂ, ਹਾਜ਼ਰ (ਸਕੂਲਾਂ ਵਿਚ ਹਾਜ਼ਰੀ ਲੱਗਣ ਵੇਲੇ ਏਹੋ ਕਹਿੰਦੇ ਹਨ).

adulate, *v. t.* : ਵਧ ਚੜ੍ਹ ਕੇ ਵਡਿਆਈ ਕਰਨੀ, ਅਸਮਾਨ ਤੇ ਚੜ੍ਹਾਉਣਾ, ਖ਼ੁਸ਼ਾਮਦ ਕਰਨੀ, ਫੁਲਾਉਣਾ, ਲੱਲੋ-ਪੱਤੋ ਕਰਨਾ.

adulation, *n.* : ਝੂਠੀ ਤਾਰੀਫ਼, ਲੱਲੋ-ਪੱਤੋ, ਖ਼ੁਸ਼ਾਮਦ, ਫੁਲਾਹੁਣੀ, ਝੂਠੀ ਵਡਿਆਈ.

adulator, *n.* : ਝੋਲੀ-ਚੁੱਕ, ਖ਼ੁਸ਼ਾਮਦੀ.

adulatory, *a.* : ਝੋਲੀ-ਚੁੱਕਾਂ ਦੇ ਢੰਗ ਵਾਲੀ, ਖ਼ੁਸ਼ਾਮਦਾਂ.

Adullamite, *n.* : [Adullam ਤੋਂ] ਬਾਗ਼ੀ, ਇੰਗਲਸਤਾਨ ਦੀ ਪਾਰਲੀਮੈਂਟ ਦੇ ਉਹ ਮੈਂਬਰ ਜਿਨ੍ਹਾਂ ਨੇ ਸੰਨ 1866 ਵਿਚ ਲਿਬਰਲ ਪਾਰਟੀ ਨਾਲੋਂ ਸਾਥ ਤੋੜ ਲਿਆ ਸੀ.

adult, *a. & n.* : ਜਵਾਨ, ਸਿਆਣਾ, ਬਾਲਗ਼, ਗਭਰੂ.

a. education : ਬਾਲਗ਼ ਵਿਦਿਆ.

a. suffrage : ਬਾਲਗ਼ ਵੋਟ ਅਧਿਕਾਰ.

adulterant, *a. & n.* : ਮਿਲਾਵਟੀ (ਚੀਜ਼), ਮਿਲਾਵਟ, ਰਲਾ, ਖੋਟ.

adulterate, *a.* ਖੋਟੀ, ਨਕਲੀ, ਰਲੇ ਦੀ, ਹਰਾਮ ਦਾ (ਬੱਚਾ), ਬਦਕਾਰ; ਹਰਾਮੀ, ਹਰਾਮ ਦਾ, ਦੋਗਲਾ.

adulterate, *v. t.* : ਮਿਲਾਵਟ ਕਰਨੀ, ਖੋਟ ਰਲਾਉਣਾ, ਵਿਗਾੜਨਾ.

adulterATION, *n.* : ਮਿਲਾਵਟ, ਖੋਟ, ਗੰਦਗੀ, ਰਲਾ.

adulteratOR, *n.* : ਖੋਟ-ਰਲਾਉਣ ਵਾਲਾ, ਮਿਲਾਵਟ ਕਰਨ ਵਾਲਾ.

adulterer, *n.* : ਪਰ ਗਾਮੀ, ਜ਼ਨਾਹਕਾਰ, ਜ਼ਨਾਹੀ, ਪਰ-ਇਸਤਰੀ-ਗਾਮੀ, ਬਦਕਾਰ, ਦੁਰਾਚਾਰੀ, ਵਿਭਚਾਰੀ.

adulteress, *n.* : ਪਰ-ਗਾਮਣ, ਜ਼ਨਾਹਣ, ਕੁਲਟਾ, ਸ੍ਵੈਰਣੀ, ਦੁਰਾਚਾਰਨ, ਵਿਭਚਾਰਨ.

adulterine, *a.* : ਹਰਾਮੀ, ਹਰਾਮ ਦਾ ਜੰਮਿਆ ਹੋਇਆ; ਖੋਟਾ, ਨਾਜਾਇਜ਼, ਮਿਲਾਵਟੀ, ਕਾਨੂੰਨ-ਵਿਰੋਧ.

adultery, *n.* : ਬਦਕਾਰੀ (ਚਾਹੇ ਕੁਆਰੇ ਹੋਣ ਚਾਹੇ ਵਿਆਹੇ ਹੋਏ), ਜ਼ਨਾਹ, ਜ਼ਨਾਹਕਾਰੀ, ਪਰਗਮਨ, ਵਿਭਚਾਰ, ਦੁਰਾਚਾਰੀ, ਮੂੰਹ ਕਾਲਾ ਕਰਨਾ.

double a. : ਬਦਕਾਰੀ ਜੋ ਦੋਵੇਂ ਧਿਰਾਂ ਵਿਆਹੇ ਹੋਏ ਹੋਣ.

single a. : ਬਦਕਾਰੀ ਜੋ ਇਕ ਧਿਰ ਵਿਆਹੀ ਹੋਈ ਹੋਵੇ.

adulterOUS, *a.* : ਬਦਕਾਰ, ਜ਼ਨਾਹੀ.

adulterOUSLY, *adv.* : ਬਦਕਾਰੀ ਨਾਲ.

adumbral, *a.* : ਛਾਂ ਵਾਲਾ, ਛਾਇਆ ਹੋਇਆ, ਛਾਂਦਾਰ.

adumbrate, *v. t.* : ਖ਼ਾਕਾ ਖਿੱਚਣਾ, ਉਲੀਕਣਾ, ਧੁੰਦਲੇ ਆਕਾਰ ਦੱਸਣਾ, ਪਹਿਲਾਂ ਹੀ ਅਨੁਮਾਨ ਲਾਉਣਾ; ਢੱਕਣਾ, ਢੱਕ ਲੈਣਾ.

adumbration, *n.* : ਝਾਂ, ਪਰਛਾਵਾਂ, ਫੋਤਰ ਭਾਸ਼ਿਆ; ਝਲਕਾ, ਖ਼ਾਕਾ, ਇਸ਼ਾਰਾ, ਸੰਕੇਤ.

adumbrative, *a.* : ਝਲਕਾ ਦੇਣ ਵਾਲਾ, ਝਲਕ-ਦਿਖਾਊ.

ad nauseam (fastus) [L.], *a.* : ਬਹੁਤ ਵਧੀਆ ਘਟਾਇਆ ਹੋਇਆ, ਕਮਾਲ ਦਾ.

adust, *a.* : ਸੁੱਕਾ ਸੜਿਆ, ਧੁੱਪ ਨਾਲ ਸੜਿਆ ਹੋਇਆ; ਉਦਾਸ, ਕੁਮਲਾਇਆ ਹੋਇਆ.

ad valorem [L.], *adv.* & *a.* : (ਮਹਿਸੂਲ ਬਾਰੇ) ਮਾਲ ਦੇ ਮੁੱਲ ਦੇ ਹਿਸਾਬ ਨਾਲ, ਕੀਮਤ ਦੇ ਅਨੁਸਾਰ (ਮਹਿਸੂਲ).

advance, *v. t.* & *i.* : ਅਗਾਂਹ ਸਰਕਾਣਾ, ਅਗਾਂਹ ਕਰਨਾ; (ਮਨੁੱਖ ਜਾਂ ਤਜਵੀਜ਼ ਨੂੰ) ਵਧਾਉਣਾ ਜਾਂ ਤਰੱਕੀ ਦੇਣੀ; (ਹੱਕ ਜਾਂ ਨਵੀਂ ਵੀਚਾਰ) ਪੇਸ਼ ਕਰਨੀ; (ਕਿਸੇ ਘਟਨਾ ਨੂੰ ਜਾਂ ਕੰਮ ਨੂੰ) ਤੇਜ਼ ਕਰਨਾ; ਪੇਸ਼ਗੀ ਦੇਣੀ, ਸਾਈ ਦੇਣੀ; ਉਧਾਰ ਦੇਣਾ; ਮੁੱਲ ਵਧਾਣਾ; (ਅਕਰਮਕ) ਅੱਗੇ ਵਧਣਾ, ਵਧਣਾ; ਉੱਨਤ ਹੋਣਾ, ਤਰੱਕੀ ਮਿਲਣੀ; ਭਾਅ ਚੜ੍ਹਨਾ, ਮੁੱਲ ਚੜ੍ਹ ਜਾਣਾ.

  advanceD, *a.* : ਉੱਚ ਦਰਜੇ ਦੀ, ਵਧੀ ਹੋਈ, ਉੱਨਤ.

  advanceMENT, *n.* : ਵਾਧਾ, ਤਰੱਕੀ, ਉੱਨਤੀ, ਬ੍ਰਿਧੀ; ਪੇਸ਼ਗੀ.

advance, *n.* : ਅਗਾਂਹ ਵਧਣਾ, ਚੜ੍ਹਾਈ, ਧਾਵਾ; ਕੂਚ; ਪੇਸ਼-ਕਦਮੀ, ਪਹੁੰਚ; ਵਧਾਣਾ, (advances ਕਰਨੇ); ਉੱਨਤੀ, ਤਰੱਕੀ, ਵਾਧਾ, ਭਾਅ ਦੀ ਤੇਜ਼ੀ; ਸਾਈ, ਪੇਸ਼ਗੀ; ਮਿਲਣਾ; ਉਧਾਰ.

  a. copy : ਅਗਾਊਂ ਕਾਪੀ, ਅਗੇਤਰੀ ਨਕਲ; ਉਹ ਪੁਸਤਕ ਜੋ ਬਜ਼ਾਰ ਵਿਚ ਨਿਕਲਣ ਤੋਂ ਪਹਿਲਾਂ ਕਿਸੇ ਨੂੰ ਦਿੱਤੀ ਜਾਏ.

  in a. : ਪਹਿਲਾਂ (ਸਮੇਂ ਤੋਂ ਜਾਂ ਥਾਂ ਤੋਂ), ਅਗਾਊਂ, ਅਗੇਤਰੇ ਹੀ.

  a. guard : ਹਰਾਵਲ.

advantage, *n.* : ਲਾਭ, ਸਾਧਨ, ਨਫ਼ਾ, ਫ਼ਾਇਦਾ, ਵਾਧਾ, ਭਲਾਈ, ਦਾਅ, ਜ਼ੋਰ, ਗ਼ਲਬਾ; ਟੈਨਿਸ ਦੀ ਖੇਡ ਦਾ ਇਕ ਸ਼ਬਦ (ਜਿਵੇਂ a. all, ਸਮ-ਲਾਭ; a. in, ਮੋਹਰੀ; a. out, ਫ਼ਾਡੀ).

  advantageous, *a.* : ਸਫਲ, ਲਾਹੇਵੰਦ, ਲਾਭਦਾਇਕ, ਨਫ਼ੇ ਵਾਲਾ, ਫ਼ਾਇਦੇਮੰਦ, ਚੰਗਾ.

  advantageously, *adv.* : ਸਫਲਤਾ ਨਾਲ, ਲਾਹੇ ਨਾਲ, ਫ਼ਾਇਦੇ ਦੇ ਤੌਰ ਤੇ.

  a.-ground : ਮੌਕੇ ਦੀ ਥਾਂ; ਟਿਕਾਣੇ ਸਿਰ ਥਾਂ, ਚੰਗਾ ਮੌਕਾ.

  have the a. of / **gain an a. over** } ਕਿਸੇ ਹੋਰ ਨਾਲੋਂ ਬਾਜ਼ੀ ਲੈ ਜਾਣੀ, ਮੁਕਾਬਲੇ ਵਿਚ ਕਿਸੇ ਨਾਲੋਂ ਵਧ ਜਾਣਾ, ਮੌਤ ਉੱਤੇ ਰਹਿਣੀ.

  take a. : ਲਾਭ ਉਠਾਣਾ.

  take a. of a circumstance : ਮੌਕੇ ਤੋਂ ਲਾਭ ਉਠਾਣਾ.

  take a person at a. : ਧੋਖੇ ਨਾਲ ਫੜਨਾ.

  to a. : ਅਜਿਹੇ ਢੰਗ ਨਾਲ ਕਿ ਆਪਣੇ ਗੁਣ ਦੱਸੇ ਜਾ ਸਕਣ.

advantage, *v. t.* : (ਕਿਸੇ) ਲਾਭਦਾਇਕ ਹੋਣਾ, ਨਫ਼ਾ ਦੇਣਾ, ਤਰੱਕੀ ਦੇਣੀ, ਉੱਨਤ ਕਰਨਾ.

advent, *n.* : (ਕਿਸੇ ਮਹਾਂ ਪੁਰਖ ਦੇ) ਆਗਮਨ ਦਾ ਸਮਾਂ; ਕੋਈ ਜ਼ਰੂਰੀ ਆਗਮਨ.

adventitious *a.* : ਬਾਹਰੋਂ ਆਇਆ ਹੋਇਆ; ਸਬੱਬੀ; ਉਤਲੀ; (ਕਾਨੂੰਨ ਦਾ ਸ਼ਬਦ) ਕਿਸੇ ਓਪਰੇ ਤੋਂ ਮਿਲੀ ਹੋਈ, ਜੱਦੀ ਵਿਰਸੇ ਵਿਚ ਨਾ ਮਿਲੀ ਹੋਈ.

  adventitiously, *adv.* : ਸਬੱਬ ਨਾਲ, ਬਾਹਰੋਂ, ਓਪਰੇ ਤੋਂ.

adventure, *n.* : ਖ਼ਤਰਾ, ਖ਼ਤਰੇ ਵਾਲਾ ਕੰਮ, ਔਖਾ ਕੰਮ; ਜਾਨ-ਜੋਖੋਂ ਦੀ ਮੁਹਿੰਮ; ਘਟਨਾ, ਹਾਦਸਾ, ਸੱਟਾ, ਵਪਾਰੀ ਜੂਆ.

adventure, *v. t.* & *i.* : ਆਪਣੇ ਆਪ ਨੂੰ ਜਾਂ ਕਿਸੇ ਸ਼ੈ ਨੂੰ ਖ਼ਤਰੇ ਵਿਚ ਪਾਣਾ, ਖ਼ਤਰਾ ਸਹੇੜਨਾ, ਕਿਸੇ ਥਾਂ ਅਪੜਨ ਜਾਂ ਜਾਣ ਦੀ ਦਲੇਰੀ ਕਰਨੀ; ਕੋਈ ਔਖਾ ਕੰਮ ਕਰਨ ਦੀ ਦਲੇਰੀ ਕਰਨੀ.

adventurer, *n.* : ਸਾਹਸੀ, ਹਿੰਮਤੀ; ਸਿਰਲੱਥ, ਖ਼ਤਰਨਾਕ ਮੁਹਿੰਮਾਂ ਉਤੇ ਜਾਣ ਵਾਲਾ; ਸਟ-ਬਾਜ਼; ਕੋਸਲਧਾਰ, ਠੱਗੀਆ, ਠੱਗ.

adventuresome, *a.* : ਸਾਹਸੀ, ਹਿੰਮਤੀ, ਸਿਰਲੱਥ.

adventuress, *n.* : **adventurer** ਦਾ ਇਸਤ੍ਰੀ-ਲਿੰਗ.

adventurous, *a.* : ਸੂਰਮਾ, ਹੌਸਲੇ-ਵਾਲਾ, ਦਲੇਰ, ਦਿਲ-ਵਾਲਾ, ਹਿੰਮਤੀ.

  adventurousLY, *adv.* : ਦਲੇਰੀ ਨਾਲ.

adverb, *n.* : ਕਿਰਿਆ-ਵਿਸ਼ੇਸ਼ਣ.

adverbial, *a.* : ਕਿਰਿਆ-ਵਿਸ਼ੇਸ਼ਣੀ.

adverbially, *adv.* : ਕਿਰਿਆ-ਵਿਸ਼ੇਸ਼ਣ ਦੇ ਤੌਰ ਤੇ.

ad verbum, *adv.* & *a.* [L.] ਸ਼ਬਦ-ਬ-ਸ਼ਬਦ, ਹਰਫ਼ ਬ ਹਰਫ਼, ਅਖਰ-ਅਖਰ; ਅਖਰੀ.

adversary, *n.* : ਵਿਰੋਧੀ, ਵੈਰੀ, ਦੁਸ਼ਮਣ.

  the A. : ਸ਼ੈਤਾਨ, ਅਬਲੀਸ.

adversative, *a.* : (ਸ਼ਬਦਾਂ ਬਾਬਤ) ਨਿਖੇਧੀ, ਵਿਰੋਧਤਾ ਦਰਸਾਉਣ ਵਾਲਾ, ਆਪਸ-ਵਿਰੋਧ ਵਾਲਾ, ਆਪਾ-ਵਿਰੋਧੀ, ਉਲਟ-ਭਾਵੀ.

  adversativeLY, *adv.* : ਵਿਰੋਧਤਾ ਦੇ ਤੌਰ ਤੇ, ਉਲਟ-ਭਾਵੀ ਹੋ ਕੇ.

adverse, *a.* : ਵਿਰੋਧੀ, ਉਲਟਾ, ਹਾਨੀਕਾਰਕ; ਮੁਕਾਬਲੇ ਤੇ ਖੜਾ ਕੀਤਾ ਹੋਇਆ.

  a. possession : ਵਿਰੋਧੀ ਕਬਜ਼ਾ, ਕਬਜ਼ਾ ਮੁਖ਼ਾਲਫ਼ਾਨਾ.

  adverseLY, *adv.* : ਹਾਨੀ-ਕਾਰਕ ਤਰੀਕੇ ਨਾਲ, ਉਲਟੇ ਤੌਰ ਤੇ.

adversity, *n.* : ਬਿਪਤਾ, ਸੰਕਟ, ਸੰਕਟ, ਦੁਰਭਾਗ, ਮੁਸੀਬਤ, ਦੁਖ, ਕਲੇਸ਼, ਤਕਲੀਫ਼, ਗ਼ਰੀਬੀ.

advert, *v. i.* : (ਲਿਖ ਕੇ ਜਾਂ ਬੋਲ ਕੇ) ਕਿਸੇ ਵਲ ਇਸ਼ਾਰਾ ਕਰਨਾ, ਹਵਾਲਾ ਦੇਣਾ, ਧਿਆਨ ਦੁਆਣਾ; ਜ਼ਿਕਰ ਕਰਨਾ.

advertise, *v. t.* & *i.* : ਇਸ਼ਤਿਹਾਰ ਦੇਣਾ, (ਆਮ ਜਨਤਾ ਨੂੰ) ਖ਼ਬਰ ਦੇਣੀ, ਐਲਾਨ ਕਰਨਾ, ਮਸ਼ਹੂਰ ਕਰਨਾ.

advertisement, *n.* : ਇਸ਼ਤਿਹਾਰ, ਵਿਗਿਆਪਨ, ਐਲਾਨ, ਆਮ ਇਤਲਾਹ.

advice, *n.* : ਨਸੀਹਤ, ਮੱਤ, ਸਲਾਹ, ਉਪਦੇਸ਼; ਦਿੱਤੀ ਗਈ ਖ਼ਬਰ; (ਵਪਾਰ) ਲੈਣ-ਦੇਣ ਦੀ ਰਸਮੀ ਇਤਲਾਹ, ਚੌਕਸ.

  advices, *n. pl.* : ਦੂਰ ਤੋਂ ਆਈਆਂ ਖ਼ਬਰਾਂ ਜਾਂ ਸੁਨੇਹੇ.

advisable, *a.* : ਜੋਗ, ਮੁਨਾਸਬ, ਚੰਗਾ, ਠੀਕ, ਚਾਹੀਦਾ, ਕਰਨ-ਜੋਗ, ਸਲਾਹਿਆ, ਚੰਗਾ.

  advisabilITY, *n.* : / **advisableNESS,** *n.* : } ਜੋਗਤਾ, ਮੁਨਾਸਬਤਾ.

  advisably, *adv.* ਜੋਗ ਤੌਰ ਤੇ.

advise, *v. t.* & *i.* : ਸਲਾਹ ਦੇਣੀ, ਮੱਤ ਦੇਣੀ, ਖ਼ਬਰ ਦੇਣੀ; ਕਿਸੇ ਨਾਲ ਸਲਾਹ ਕਰਨੀ, ਰਾਏ ਲੈਣੀ, ਰਾਏ ਦੇਣੀ; ਜਿਵੇਂ doctors advise change of air, ਡਾਕਟਰਾਂ ਦੀ ਰਾਏ ਹੈ ਕਿ ਹਵਾ ਬਦਲਾਈ ਜਾਏ.

  adviser, *n.* : ਸਲਾਹਕਾਰ, ਵਜ਼ੀਰ, ਸਲਾਹੀ.

advised, *a.* : ਸੋਚਿਆ-ਵਿਚਾਰਿਆ, ਸੋਚਿਆ-ਸਮਝਿਆ.

  advisedLY, *adv.* : ਸੋਚ-ਵਿਚਾਰ ਕੇ, ਜਾਣ ਬੁਝ ਕੇ, ਗਹੁ ਨਾਲ.

  ill-a. : ਬੇ-ਸੋਚੇ ਸਮਝੇ, ਬੇਸਮਝੀ, ਮੂਰਖਤਾ.

advisory, *a.* : ਸਲਾਹਕਾਰ, ਸਲਾਹ ਸੰਬੰਧੀ.

ad vitam aut culpam [L.], *adv.* : ਜਿੰਨਾ ਚਿਰ ਚੰਗਾ ਆਚਰਣ ਰਹੇ, ਚੰਗੇ ਆਚਰਣ ਦੀ ਮੁੱਦਤ ਤਾਈਂ.

advocacy, *n.* : ਪੈਰਵੀ, ਪੈਰੋਕਾਰੀ, ਵਕਾਲਤ, ਸਹਾਇਤਾ, ਹਮਾਇਤ, ਪ੍ਰੋੜ੍ਹਤਾ.

advocate, *n.* : ਵਕੀਲ, ਅਧਿਵਕਤਾ; ਹਾਮੀ.

  A. General, : ਮਹਾਂ ਅਧਿਵਕਤਾ.

  devil's a. : ਉਲਟਾ ਪੱਖ ਸਿਧ ਕਰਨ ਵਾਲਾ, ਅਣਮਤੀਆ ਪੱਖ ਲੈਣ ਵਾਲਾ.

  Faculty of Advocates : ਸਕਾਟਲੈਂਡ ਦੇ ਵਕੀਲਾਂ ਦੀ ਜਮਾਤ.

  Lord A. : ਸਕਾਟਲੈਂਡ ਵਿਚ ਸਭ ਤੋਂ ਉੱਚਾ ਸਰਕਾਰੀ ਵਕੀਲ.

  advocateSHIP, *n.* : ਵਕੀਲ ਦਾ ਅਹੁਦਾ, ਵਕਾਲਤ.

  advocatORY, *a.* : ਵਕਾਲਤ ਬਾਰੇ.

advocate, *v. t.* : ਵਕਾਲਤ ਕਰਨੀ, ਹਮਾਇਤ ਕਰਨੀ, ਤਾਈਦ ਕਰਨੀ, ਪ੍ਰਸੰਸਾ ਭਰੀ ਸਫ਼ਾਰਸ਼ ਕਰਨੀ, ਹਾਮੀ ਭਰਨੀ.

advowson, *n.* : ਕਿਸੇ ਧਰਮ-ਅਸਥਾਨ ਨਾਲ ਲੱਗੀ ਜਾਇਦਾਦ ਆਦਿ ਦਾ ਹੱਕ.

ਵਕਫ਼ ਕਰਕੇ ਦਾ ਰੋਗ, ਰੋਗ ਵਸਫ਼.

adynamia, *n.* : ਕਮਜ਼ੋਰੀ, ਸਿਥਲਤਾ, ਨਿਤਾਣਤਾ.

adynamic, *a.* : ਕਮਜ਼ੋਰ, ਨਿਤਾਣਾ, ਸਿਥਲ, ਨਾਤਾਕਤ.

adytum, *n.* : (*pl.* -ta) ਧਰਮ ਅਸਥਾਨ ਦਾ ਧੁਰ ਅੰਦਰਲਾ ਹਿੱਸਾ; ਖ਼ਾਸ ਕਮਰਾ.

adze, *n.* & *v. t.* : ਤੇਸਾ, ਤੇਸੀ, ਸੱਥਰਾ, ਸੱਥਰੀ, ਤੇਸੇ ਨਾਲ ਛਿੱਲਣਾ.

Æ, ae : ਅੰਗਰੇਜ਼ੀ ਅੱਖਰ A ਅਤੇ E ਦੀ ਇਕਸਾਰਲੀ ਅਵਾਜ਼ ਦੇਣ ਵਾਲਾ ਜੋੜ ਅੱਖਰ.

aedile, *n.* : ਈਡਾਇਲ, ਪੁਰਾਤਨ ਰੋਮ ਦਾ ਹਾਕਮ ਜੋ ਲੋਕਿਕ ਇਮਾਰਤਾਂ, ਤਮਾਸ਼ੇ ਘਰਾਂ ਅਤੇ ਪੁਲਸ ਦੀ ਨਿਗਰਾਨੀ ਕਰਦਾ ਸੀ, ਨਾਜ਼ਰ.

aedileship, *n.* : ਈਡਾਇਲ ਦਾ ਅਹੁਦਾ.

aeger [L.], *n.* : (ਅੰਗਰੇਜ਼ੀ ਯੂਨੀਵਰਸਟੀਆਂ ਵਿੱਚ) ਕਿਸੇ ਵਿਦਿਆਰਥੀ ਦੇ ਬੀਮਾਰ ਹੋਣ ਦਾ ਸਰਟੀਫ਼ਿਕੇਟ.

aegis, *n.* : ਪਨਾਹ, ਸ਼ਰਨ, ਸਰਪ੍ਰਸਤੀ, ਹਿਫ਼ਾਜ਼ਤ, ਰਾਖੀ; ਇਕ ਯੂਨਾਨੀ ਦੇਵਤੇ ਦੀ ਢਾਲ.

aegrotat [L.], *n.* : (ਅੰਗਰੇਜ਼ੀ ਯੂਨੀਵਰਸਟੀਆਂ ਵਿਚ) ਇਸ ਗੱਲ ਦਾ ਲਿਖਤੀ ਪ੍ਰਮਾਣ ਕਿ ਵਿਦਿਆਰਥੀ ਬੀਮਾਰ ਹੋਣ ਦੇ ਕਾਰਨ ਪ੍ਰੀਖਿਆ ਆਦਿਕ ਵਿਚ ਬੈਠਣ ਜੋਗ ਨਹੀਂ.

Aeolian, *a.* : ਏਓਲੀਆ-ਦੇਵਤਾ ਦੇ ਜਿਹੇ ਇਓਲਸ ਦਾ.

A. mode : (ਰਾਗ ਵਿੱਚ) ਗਿਰਜੇ ਵਿਚ ਗਾਏ ਜਾਣ ਵਾਲੀਆਂ ਗਤਾਂ ਵਿਚ ਨਾਵੀਂ ਗਤ, ਤਾਰਾਂ ਹਵਾ ਦੇ ਵੇਗ ਤੇ ਵੱਜਦੇ ਇਓਲਸ ਦਾ, ਪਵਨ ਦੇਵ ਦਾ.

A. harp : ਉਹ ਤੰਤੀ-ਸਾਜ਼ ਜੋ ਤੇਜ਼ ਹਵਾ ਵਿਚ ਰੱਖਿਆਂ ਸੁਹਣੀਆਂ ਸੁਰਾਂ ਕੱਢੇ, ਹਵਾਈ ਤੁਣਤੁਣਾ.

Aeolic, *a.* & *n.* : ਕਿਸ੍ਹਾ ਇਓਲਿਸ ਦੀ ਬੋਲੀ, ਇਓਲਿਕ.

aeolipyle,-pile, *n.* : ਉਹ ਜੰਤਰ ਜਿਸ ਨਾਲ ਭਾਪ ਦੀ ਤਾਕਤ ਮਾਪੀ ਜਾਂਦੀ ਹੈ; ਭਾਪ-ਮੇਚਕੂ.

aeolotropy, *n.* : ਥਾਂ ਵਟਾਣ ਨਾਲ ਸਰੀਰਕ ਗੁਣਾਂ ਦੀ ਤਬਦੀਲੀ.

aeon, eon, *n.* : ਯੁਗ; ਪਰੰਪਰਾ; (ਅਫ਼ਲਾਤੂਨ ਦੀ ਫ਼ਿਲਾਸਫ਼ੀ) ਉਹ ਸ਼ਕਤੀ ਜੋ ਪਰੰਪਰਾ ਤੋਂ ਮੌਜੂਦ ਹੈ, ਅਨਾਦਿ ਸ਼ਕਤੀ.

aerate, *v. t.* : ਹਵਾ ਵਿੱਚ ਰੱਖਣਾ, ਹਵਾ ਲੁਆਉਣੀ; ਖ਼ਿਮਰ੍ਹਾ ਖ਼ੂਨ ਰੱਖਣਾ ਕਿ ਹਵਾ ਦਾ ਰਸਾਇਣੀ ਅਸਰ ਹੋ ਸਕੇ; ਕਾਰਬਾਨਿਕ-ਐਸਿਡ ਗੈਸ ਭਰਨੀ.

aeration, *n.* : ਕਾਰਬਾਨਿਕ-ਏਸਿਡ ਗੈਸ ਭਰਨ ਦਾ ਅਮਲ.

aerial, *a.* & *n.* : ਹਵਾਈ; ਸੂਖਮ, ਹਵਾ ਵਾਂਗ ਪਤਲਾ, ਖ਼ਿਆਲੀ; ਅਕਾਸ਼ੀ, ਅਕਾਸ਼ ਵਿੱਚ, ਹਵਾ ਵਿਚ ਚੱਲਣ ਵਾਲਾ ਜੋ ਕਿਧਰੇ ਰਹਿਣ ਵਾਲਾ; ਏਰੀਅਲ, ਉਹ ਤਾਰ-ਗੰਢ ਜੋ ਹਵਾਈ ਲਹਿਰਾਂ ਨੂੰ ਇਕੱਠਾ ਕਰਦਾ ਹੈ (ਰੇਡੀਓ).

a. railway, ropeway : ਝੂਲਣੀ ਰੇਲ, ਤਾਰਾਂ ਉੱਤੇ ਟੰਗੀ ਹੋਈ ਰੇੜ੍ਹ-ਗੱਡੀ.

aeriality, *n.* : ਹਵਾਈਅਤ.

aerially, *adv.* : ਹਵਾ ਵਾਂਗੂ, ਸੂਖਮ ਤੌਰ ਤੇ.

aerie, aery, eyrie, eyry, *n.* : ਉੱਚ-ਆਲ੍ਹਣਾ, ਬਾਜ਼ ਆਦਿਕ ਸ਼ਿਕਾਰੀ ਪੰਛੀ ਦਾ ਆਲ੍ਹਣਾ ਜਾਂ ਉਸ ਪੰਛੀ ਦਾ ਆਲ੍ਹਣਾ ਜੋ ਬੜੇ ਉੱਚੇ ਟਿਕਾਣੇ ਤੇ ਬਣਾਂਦਾ ਹੈ; ਪਹਾੜ ਦੀ ਉੱਚੀ ਚੋਟੀ ਤੇ ਬਣਿਆ ਹੋਇਆ ਘਰ; ਸ਼ਿਕਾਰੀ-ਪੰਛੀਆਂ ਦੇ ਬੱਚੇ.

aeriform, *a.* : ਅਦੇਹ ਰੂਪ, ਹਵਾ ਵਰਗਾ; ਖ਼ਿਆਲੀ, ਗ਼ਰਜ਼ੀ.

aero, *n.* : (ਬੋਲ-ਚਾਲ ਵਿਚ) ਹਵਾਈ ਜਹਾਜ਼.

aero- (aer0) : (ਸਮਾਸੀ ਸ਼ਬਦਾਂ ਵਿਚ) ਹਵਾਈ ਜਹਾਜ਼ ਦਾ.

aeroBATICS : ਜਹਾਜ਼ ਨੀਤੀ.

aeroDROME, *n.* : ਹਵਾਈ-ਅੱਡਾ.

aeroBUS : ਹਵਾਈ ਜਹਾਜ਼.

aeroDYNAMICS, *n.* : ਹਵਾਈ ਬਾਬ ਵਿੱਦਿਆ.

aeroFOIL, *n.* : ਹਵਾਈ ਜਹਾਜ਼ ਦਾ ਪੱਖ ਜਾਂ ਫ਼ਲਕ.

aeroGRAM, *n.* : ਹਵਾਈ ਤਾਰ.

aeroLITE, **aero**LITH, *n.* : ਅਸਮਾਨੀ ਪੱਥਰ, ਅਕਾਸ਼ ਸਿਲਾ.

aeroNAUT, *n.* : ਹਵਾਬਾਜ਼, ਗ਼ੁਬਾਰਚੀ, ਉਡਾਕੂ.

aeroNAUTIC (al), *a.* : ਹਵਾਬਾਜ਼ੀ ਸੰਬੰਧੀ.

aeroNAUTICS, *n.* : ਹਵਾਬਾਜ਼ੀ ਦੀ ਵਿਦਿਆ, ਹਵਾਈ ਵਿੱਦਿਆ.

aeroNAVIGATION, *n.* : ਹਵਾਈ ਸਫ਼ਰ.

aeroPLANE, *n.* : ਹਵਾਈ ਜਹਾਜ਼.

aerostat : ਗ਼ੁਬਾਰਾ, ਉੱਡਣ ਖਟੋਲਾ.

aerostatics : ਹਵਾ ਦੇ ਦਬਾ ਦੀ ਸਾਇੰਸ, ਹਵਾਬਾਜ਼ੀ ਦੀ ਵਿਦਿਆ.

aeruginous, *a.* : ਤਾਂਬੇ ਦੇ ਜੰਗਾਲ ਦੇ ਰੰਗ ਵਰਗਾ, ਕਸੈਲਾ.

Aesculapius, *n.* : ਇਸਕਲਾਪੀਸ, (ਰੋਮ ਦਾ) ਵੈਦਗੀ ਦਾ ਦੇਵਤਾ, ਧਨੰਤਰ ਵੈਦ.

Aesculapian, *a.* : ਇਸਕਲਾਪੀ ਦੇਵ ਸੰਬੰਧੀ, ਵੈਦਿਕ.

aesthete, *n.* : ਹੁਸਨ-ਪਸੰਦ, ਸੁੰਦਰਤਾ ਦਾ ਪਾਰਖੂ, ਰੂਪ-ਪਾਰਖੂ, ਕਲਾ ਰਸਿਕ, ਰਸਿਕ, ਰਸੀਆ.

aesthetic, aesthetical, *a.* : ਸਹਜ-ਸੁਆਦ ਸੰਬੰਧੀ, ਸਹਜ-ਸੁਆਦੀ, ਸਹਜ-ਵਾਦੀ.

aestheticALLY, *adv.* : ਸਹਜਵਾਦੀ ਢੰਗ ਨਾਲ.

aestheticISM, *n.* : ਸੁੰਦਰਤਾ ਪਰਖਣ ਦਾ ਗੁਣ, ਹੁਸਨ-ਪਸੰਦੀ, ਸਹਜ-ਵਾਦ.

aesthetics, *n.* : ਸੁੰਦਰਤਾ ਪਰਖਣ ਦਾ ਗੁਣ, ਹੁਸਨ-ਪਸੰਦੀ, ਸਹਜ-ਵਾਦ.

aestho-physiology, *n.* : ਗਿਆਨ ਇੰਦਰਿਆਂ ਦੀ ਵਿਗਿਆਨਕ-ਖੋਜ.

aestival, estival *a.* : ਹੁਨਾਲੇ ਸੰਬੰਧੀ, ਗਰਮਾਈ.

aestivate, *v. i.* : ਗਰਮੀਆਂ ਬਿਤਾਉਣੀਆਂ; (ਜੀਵ-ਵਿਦਿਆ) ਗਰਮੀ ਦੀ ਰੁੱਤੇ ਬੇਹੋਸ਼ ਪਏ ਰਹਿਣਾ.

aestivation, *n.* : (ਜੀਵ-ਵਿਦਿਆ) ਗਰਮੀ ਦੀ ਰੁੱਤੇ ਬੇਹੋਸ਼ ਪਏ ਰਹਿਣ ਦੀ ਦਸ਼ਾ; (ਬਨਸਪਤੀ) ਖਿੜਨ ਤੋਂ ਪਹਿਲਾਂ ਕਲੀ ਵਿੱਚ ਪੱਤੀਆਂ ਦੀ ਵਿਉਂਤ.

aetatis, *aet.*, *aetat* [L.], ਉਮਰ ਦੇ ਅਨੁਸਾਰ ਸਾਲ; ਜਿਵੇਂ *aet.* ੧੫ ਪੰਦਰਾਂ ਸਾਲ.

aetiology, *n.* : ਰੋਗੀ ਕਾਰਨ ਲਿਖਣਾ, ਕਾਰਣ-ਕਾਰਜ ਦੀ ਫ਼ਿਲਾਸਫ਼ੀ, ਬਿਮਾਰੀ ਦੇ ਕਾਰਨ ਲੱਭਣ ਦੀ ਸਾਇੰਸ, ਕਾਰਨ ਵਿਦਿਆ.

aetiologICAL, *a.* : ਰੋਗਾਂ ਦੇ ਕਾਰਣ ਲੱਭਣ ਸੰਬੰਧੀ, ਕਾਰਣ-ਵਾਦੀ.

aetiologICALLY, *adv.* : ਕਾਰਣ-ਵਾਦੀ ਢੰਗ ਨਾਲ.

af- *pref.* := *ad-*; ਇਹ ਅਗੇਤਰ ਅੰਗਰੇਜ਼ੀ ਦੇ ਅੱਖਰ f ਤੋਂ ਪਹਿਲਾਂ ਵਰਤੀਂਦਾ ਹੈ.

afar, *adv.* : ਦੂਰ ਤੋਂ, ਦੂਰੋਂ, ਦਿਸ ਤੋਂ; ਦੂਰ ਤਕ, ਦੂਰ, ਦੁਰੇਡੇ, ਪਰੇ.

affable, *a.* : ਹਸ-ਮੁਖ, ਮਿਲਾਪੜਾ, ਮਿਲਣਸਾਰ, ਮਿੱਠੇ-ਬੋਲ-ਵਾਲਾ, ਮਹਿਰਮੀ ਖੁਲ੍ਹਦੀ, ਮਜਾਹਕ ਵਾਲਾ.

affabILITY, *n.* : ਮਿਲਣਸਾਰੀ, ਮਿੱਠਤ, ਹੱਸਮੁਖਤਾਈ, ਭਲਮਣਸਾਹਤ, ਮਲਾਹਜ਼ਾ, ਖ਼ਲਕ, ਦਯਾ.

affabLY, *adv.* : ਮਿੱਠੇ-ਬੋਲੇ, ਸਾਊ ਨਾਲ.

affair, *n.* : ਕੰਮ, ਗੱਲ, ਮਾਮਲਾ, ਧੰਦਾ, ਕਾਰ-ਵਿਹਾਰ; (ਬਹੁ-ਵਚਨ) ਸੰਸਾਰ ਦੇ ਕਾਰ-ਵਿਹਾਰ, ਧੰਧੇ.

a. of honour : ਅਣਖ ਦੇ ਮਾਮਲੇ ਵਿੱਚ ਦੋ ਜਣਿਆਂ ਦਾ ਝਗੜਾ.

a gorgeous a. : (ਮਾਨਵਕ ਰੌਣਕ ਸੰਬੰਧੀ) ਇਕ ਸ਼ਾਨਦਾਰ ਕੰਮ.

affaire de coeur (ਫ਼ਰਾਂਸੀਸੀ) : ਇਸ਼ਕ ਦਾ ਮਾਮਲਾ, ਲੱਗੀਆਂ ਦੀ ਗੱਲ.

affect, *v. t.* : ਵਰਤੋਂ ਵਿਚ ਲਿਆਉਣਾ, ਵਰਤਣਾ; ਕਿਸੇ ਚੀਜ਼ ਦਾ ਕੋਈ ਖ਼ਾਸ ਸ਼ਕਲ ਧਾਰਨ ਕਰਨ ਦੀ ਰੁਚੀ ਰੱਖਣਾ; ਬਣ ਵਿਖਾਣਾ, ਦਿਖਾਵਾ ਕਰਨਾ; ਜਿਵੇਂ to affect a patriot, ਦੇਸ਼-ਪ੍ਰੇਮੀ ਬਣ ਵਿਖਾਣਾ, (ਸਾਹਿਤਕਾਰੀ) ਪਸੰਦ ਕਰਨ ਦਾ ਪਖੰਡ ਕਰਨਾ; ਕੋਈ ਕੰਮ ਕਰਨ ਦਾ ਪਖੰਡ ਕਰਨਾ.

affect, *v. t.* : (ਰੋਗ ਨੇ) ਹੱਲਾ ਕਰਨਾ; ਅਸਰ ਹਿਲਾ ਦੇਣਾ; ਮਨ ਵਿਚ ਪ੍ਰਭਾਵ ਪਾਣਾ, ਪ੍ਰਭਾਵਿਤ ਕਰਨਾ; ਅਸਰ ਪਾਣਾ, ਛੋਹਣਾ; ਦਿਲ ਤੇ ਅਸਰ ਪਾਣਾ, ਰੰਗ ਉੱਤੇ ਆਉਣਾ, ਪੱਲੇ ਪੈਣਾ.

a. prejudicially or adversely : ਉਲਟਾ ਅਸਰ ਪਾਣਾ, ਪ੍ਰਤਿਕੂਲ ਪ੍ਰਭਾਵ ਪਾਣਾ, ਉਲਟੀ ਪੈਣੀ.

affectINGLY, : ਦਿਲ-ਚੀਰਵੇਂ ਢੰਗ ਨਾਲ, ਪ੍ਰਭਾਵਿਕ ਢੰਗ ਨਾਲ.

affectation, *n.* : ਦਿਖਾਵਾ, ਪਖੰਡ, ਦੰਭ, ਬਣਾਉਟੀ ਵਰਤੀਰਾ; ਮਟਕ, ਮੇਖਣ; ਉਪਰਲੀਆ ਗੱਲਾਂ; ਬਹਾਨਾ, (ਅੱਟੇ ਵਟੇ) ਵਿਖਾ, ਪੇਸ਼.

affected, *a.* : ਬਣਾਉਟੀ, ਦਿਖਾਵੇ-ਵਾਲਾ; ਮਜਾਜੀ, ਨਖਰੀਲਾ, ਮਟਕਣੀ; ਝੂਠ-ਮੂਠ ਦਾ; (ਜ਼ਖਮਾਂ ਆਦਿ) ਪੀੜਤ, ਕਿਸੇ ਦਮ ਲਈ ਤਮਣ ਵਾਲਾ, (ਕਿਸੇ ਨਾਲ) ਕੁਸਮਾ ਹੋਇਆ; ਪੀੜਤ, ਪ੍ਰੇਰਿਤ ਮਨ ਵਾਲਾ, ਜਿਸ ਉਤੇ ਸਰੀਰਕ ਤੌਰ ਤੇ ਅਸਰ ਹੋ ਜਾਵੇ, ਪ੍ਰਭਾਵਿਤ.

affectedLY, *adv.* : ਬਣਾਉਟੀ ਤਰੀਕੇ ਨਾਲ, ਦੂਰੋਂ ਮੁਹੀ.

affectedNESS, *n.* : ਦਿਖਾਵਾ, ਬਣਾਉਟ, ਮਕਰ, ਦੰਭ.

affection, *n.* : ਪਿਆਰ, ਸਨੇਹ, ਲਾਡ, ਚਾਹ, ਮੋਹ, ਚੁੱਕ, ਮੁਹੱਬਤ, ਹਿਤ; ਮਾਨਸਿਕ ਅਵਸਥਾ, ਗੁਣ, ਦਸ਼ਾ, ਲਛਣ, ਕੁਦਰਤੀ ਦੀ ਇੱਛਾ; ਕਿਸੇ ਅਸਰ ਦੇ ਕਾਰਨ ਸਰੀਰਕ ਹਾਲਤ; ਰੋਗ, ਦੁੱਖ, ਦਰਦ.

natural a. : ਮਮਤਾ, ਮਾਇਆ.

affectional, *a.* : ਮਨ ਨੂੰ ਛੁਹਣ ਵਾਲਾ, ਜਜ਼ਬਾਤੀ, ਭਾਵਨਾ ਸੰਬੰਧੀ.

affectionate, *a.* : (ਕਿਸੇ ਵੱਲ ਦੇ) ਪਿਆਰ ਵਾਲਾ, ਪ੍ਰੇਮੀ, ਸਨੇਹੀ, ਮੁਹੱਬਤੀ, ਹਿਤਕਾਰੀ, ਪ੍ਰੀਤਵਾਨ; ਪ੍ਰੇਮ-ਭਰੀ; ਹਿਤਕਾਰੀ, ਹਿਤੈਸ਼ੀ, ਨੇਹੀ.

affectionATELY, *adv.* : ਪਿਆਰ ਨਾਲ, ਪ੍ਰੇਮ ਨਾਲ, ਪ੍ਰੇਮ-ਪਿਆਰ ਨਾਲ, ਹਿਤ ਨਾਲ.

affectionateNESS, *n.* : ਪਿਆਰ, ਹਿਤ.

affective, *a.* : ਪ੍ਰੇਰੂ, ਮਨ ਨੂੰ ਪ੍ਰੇਰ ਸਕਣ ਵਾਲਾ, ਭਾਵਨਾ ਸੰਬੰਧੀ, ਜਜ਼ਬਾਤੀ.

afferent, *a.* : ਅੰਦਰ ਵਲ ਲਿਜਾਣ ਵਾਲਾ, ਜਿਵੇਂ a. vessels, ਲਹੂ ਦੀਆਂ ਅੰਦਰ ਵਾਲੀਆਂ ਨਾੜੀਆਂ.

affettuoso [It.], *adv.* : (ਸੰਗੀ) ਮੋਹ ਨਾਲ, ਆਵੇਸ਼ ਭਰੇ ਢੰਗ ਨਾਲ.

affiance, *n.* : ਭਰੋਸਾ, ਯਕੀਨ; ਕੌਲ, ਬਚਨ ਵਿਆਹ ਦਾ ਪ੍ਰਣ (ਆਮ ਕਰਕੇ ਮੰਗਣੀ ਜਾਂ ਵਿਆਹ ਵੇਲੇ).

affiance, *v. t.* : ਵਿਆਹ ਵੇਲੇ ਤੌਰ ਵਿਆਹ ਦਾ ਪ੍ਰਣ ਲੈਣਾ, ਕੌਲ ਜਾਂ ਇਕਰਾਰ ਕਰਨਾ, ਮੰਗਣੀ ਕਰਨੀ.

affiche [F.], *n.* : ਇਸ਼ਤਿਹਾਰ.

affidavit, *n.* : ਹਲਫੀਆ ਬਿਆਨ, ਲਿਖਤੀ ਬਿਆਨ, ਹਲਫ਼ਨਾਮਾ (ਜੋ ਅਦਾਲਤ ਵਿਚ ਗਵਾਹੀ ਦੇ ਤੌਰ ਤੇ ਵਰਤਿਆ ਜਾਂਦਾ ਹੈ).

affiliate, *v. t.* : (ਕਿਸੇ ਬਚਾ ਨੂੰ) ਮੁਤਬੰਨਾ ਬਣਾ ਲੈਣਾ; (ਕਿਸੇ ਸੰਸਥਾ ਜਾਂ ਬੱਚੇ ਨੂੰ ਕਿਸੇ ਹੋਰ ਵੱਡੀ ਸੰਸਥਾ ਨਾਲ) ਸੰਬੰਧਤ ਕਰਨਾ; (ਕਾਨੂੰਨ ਵਿਚ) ਕਿਸੇ ਨਾਜਾਇਜ਼ ਬੱਚੇ ਦੀ ਪਾਲਣਾ ਦਾ ਭਾਰ ਉਸ ਦੇ ਪਿਤਾ ਉਤੇ ਪਾਣਾ, ਵਲਦੀਅਤ ਦਾ ਭਾਰ ਪਾਣਾ, ਵਲਦੀਅਤ ਦੀ ਸਥਾਪਨਾ.

affiliatED, *a.* : ਸੰਬੰਧਤ.

affiliatION, *n.* : ਸੰਬੰਧ, ਗੋਦ ਲੈਣਾ, ਅਜਿਹੀ ਸੰਬੰਧ.

affined, *a.* : ਸੰਬੰਧਤ.

affinity, *n.* : (ਵਿਆਹ ਰਾਹੀਂ) ਸੰਬੰਧ, ਸੰਬੰਧੀ, ਸਾਕ-ਸੰਗ, (ਜਾਨਵਰਾਂ, ਬੂਟਿਆਂ ਅਤੇ ਬੋਲੀਆਂ ਵਿਚ) ਬਣਤਰੀ ਮੇਲ, ਮੇਲ-ਜੋਲ, ਆਕਰਸ਼ਕ ਸ਼ਕਤੀ (ਜਿਸ ਤੋਂ ਰਸਾਇਣਕ ਤੱਤਾਂ ਦਾ ਪਰਸਪਰ ਮੇਲ ਹੋ ਸਕੇ); ਮੇਲ; (ਰਸਾਇਣਕ) ਤੱਤਾਂ ਨਾਲ ਮਿਲਣ ਦੀ ਤਾਕਤ.

affirm, *v. t. & i.* : ਜ਼ੋਰ ਦੇ ਕੇ ਆਖਣਾ, ਯਕੀਨ ਨਾਲ ਆਖਣਾ, (ਕਾਨੂੰਨ) ਰਸਮੀ ਤੌਰ ਤੇ ਐਲਾਨ ਕਰਨਾ, ਇਕਰਾਰ ਦੇਣਾ; (ਵਿਆਕਰਣ) 'ਹਾਂ' ਵਿਚ ਉੱਤਰ ਦੇਣਾ, (ਕਾਨੂੰਨ) ਅਦਾਲਤੀ ਫ਼ੈਸਲੇ ਦੀ ਪ੍ਰੋੜ੍ਹਤਾ ਕਰਨੀ, ਬਹਾਲ ਰਖਣਾ.

affirmABLE, *a.* : ਪ੍ਰੋੜ੍ਹਤਾ-ਯੋਗ.

affirmATORY, *a.* : ਤਾਈਦੀ.

affirmation, *n.* : ਪੁਸ਼ਟੀ, ਹਾਂ; ਹਾਂ-ਵਾਚਕ; ਬਿਆਨ, ਇਕਰਾਰ, ਪ੍ਰਤਿੱਗਿਆ.

affirmative, *a. & n.* : ਇਕਰਾਰੀ, ਹਾਂ ਵਾਲਾ; ਹਾਂ.

answer in the a. : ਹਾਂ ਵਿਚ ਜਵਾਬ ਦੇਣਾ.

affirmativeLY, *adv.* : ਇਕਰਾਰ ਦੇ ਤੌਰ ਤੇ, ਹਾਂ ਵਜੋਂ.

affix, *v. t.* : ਲਾਉਣਾ (ਟਿਕਟ, ਮੋਹਰ ਆਦਿ); ਚੰਬੜਨਾ, ਟਾਂਕਣਾ, ਜੋੜ ਦੇਣਾ, ਨੱਥੀ ਕਰਨਾ, ਵਧਾ ਦੇਣਾ (ਲਿਖਤ ਆਦਿ); ਥਾਪਣਾ (ਦੋਸ਼ ਆਦਿ).

affix, *n.* : ਵਧਾਵਾ, ਵਧਾਅ, ਅਗੇਤਰ ਜਾਂ ਪਿਛੇਤਰ (ਵਿਆਕਰਣ ਵਿਚ).

affixture, *n.* : ਵਧਾਅ, ਨੱਥੀ, ਵਧਾਵਾ.

afflatus, *n.* : ਅਗੰਮੀ ਫੁਰਨਾ, ਇਲਹਾਮ.

afflict, *v. t.* : ਸਤਾਉਣਾ, ਦੁਖ ਦੇਣਾ, ਤਕਲੀਫ਼ ਦੇਣਾ, ਕੋਸਣਾ.

afflictED, *a.* : ਦੁਖੀਆ, ਦੁਖਿਆਰਾ, ਤੰਗ, ਪੀੜਤ, ਗ੍ਰਸਿਆ.

affliction, *n.* : ਬਿਪਤਾ, ਮੁਸੀਬਤ, ਦੁਖ, ਦਰਦ, ਤਕਲੀਫ਼, ਕਸ਼ਟ, ਬਲਾ, ਦੁਖੜਾ, ਕਹਿਰ, ਬਦਕਿਸਮਤੀ, ਵਿਪਤਾ.

afflictIVE, *a.* : ਦੁਖਦਾਈ.

affluent, *a.* : ਵਗਦਾ, ਵਹਾਅ, ਖੁੱਲ੍ਹਾ; ਮਾਲਦਾਰ, ਧਨਵਾਨ, ਧਨੀ, ਅਮੀਰ.

affluencE, *n.* : ਮਾਲ ਧਨ, ਦੌਲਤ, ਅਮੀਰੀ, ਖੁੱਲ੍ਹਾ-ਡੁੱਲ੍ਹਾਪਨ, ਬਹੁ-ਲਤਾ.

affluentLY, *adv.* : ਖੁੱਲ੍ਹੇ-ਹੱਥ, ਅਮੀਰੀ ਨਾਲ.

affluent, *n.* : ਸਹਾਇਕ ਨਦੀ.

afflux, *n.* : ਵਹਿਣ (ਕਿਸੇ ਇਕ ਨਿਸ਼ਾਨੇ ਵਲ), ਚੜ੍ਹਾਈ.

afford, *v. t.* : ਸਮਰਥਾ ਰਖਣੀ, ਸਹਾਰ ਸਕਣਾ, ਸਰਨਾ, ਦੇ ਸਕਣਾ; ਸਮਰਥ ਹੋਣਾ; ਦਾਤਾ ਬਣਨਾ, ਪਾਉਣਾ.

afforest, *v. t.* : (ਕਿਸੇ ਜ਼ਮੀਨ ਨੂੰ) ਜੰਗਲ ਜਾਂ ਸ਼ਿਕਾਰਗਾਹ ਵਿਚ ਬਦਲ ਦੇਣਾ, ਜੰਗਲੀਣਾ.

afforestATION, *n.* : ਜੰਗਲ ਬਣਾਉਣਾ, ਜੰਗਲੀਕਰਨ, ਰੁੱਖ-ਰੋਪਣ.

affranchise, *v. t.* : ਗੁਲਾਮੀ ਜਾਂ ਜੰਜਾਲ ਵਿਚੋਂ ਕਢਣਾ, ਆਜ਼ਾਦ ਕਰਨਾ.

affray, *n.* : ਝਗੜਾ, ਫ਼ਸਾਦ, ਲੜਾਈ, ਦੰਗਾ, ਬਖੇੜਾ.

affreightment, *n.* : ਜਹਾਜ਼ੀ ਭਾੜਾ.

affright, *v. t.* : ਡਰਾਉਣਾ, ਭੈਭੀਤ ਕਰਨਾ, ਡਰਾ ਦੇਣਾ.

affright, *n.* : ਡਰ, ਭੈ.

affront, *v. t.* : (ਖੁੱਲ੍ਹਮ-ਖੁੱਲ੍ਹੀ) ਨਿਰਾਦਰੀ ਕਰਨੀ, ਹੱਤਕ ਕਰਨੀ; ਬੇ-ਸ਼ਰਮਾਂ ਢੰਗ ਕਰਨਾ, ਕਿਸੇ ਦੇ ਸਾਹਮਣੇ ਖੜ ਜਾਣਾ, ਸਾਹਮਣੇ ਆਉਣਾ, ਟੱਕਰ ਲੈਣੀ.

affront, *n.* : ਨਿਰਾਦਰੀ, ਅਪਮਾਨ, ਹੱਤਕ.

affusion, *n.* : ਤਰੌਂਕਣਾ, ਪਾਣੀ ਪਾਉਣਾ, ਛਿੜਕਣਾ, (ਈਸਾਈਆਂ ਵਿਚ ਬਪਤਿਸਮਾ ਦੇਣ ਵੇਲੇ) ਸਰੀਰ ਉੱਤੇ ਪਾਣੀ ਪਾਉਣਾ, (ਵੈਦਗੀ) ਤਾਪ ਦੇ ਰੋਗੀਆਂ ਉੱਤੇ 40 ਤੋਂ 50 ਦਰਜੇ ਤਕ ਠੰਢਾ ਪਾਣੀ ਪਾਣਾ.

Afghan, *n.* : ਪਠਾਣ, ਅਫ਼ਗਾਨ; (ਅ-) ਅਫ਼ਗਾਨੀ ਭਾਸ਼ਾ ਜਾਂ ਬੋਲੀ.

afield, *adv.* : ਪੈਲੀਆਂ ਵਿਚ, ਪੈਲੀ-ਬੰਨੇ; ਮੈਦਾਨ ਜਾਂ ਖੇਤਾਂ ਵਲ; ਘਰੋਂ ਦੂਰ, ਪਾਸੇ ਵਲ.

afire, *adv. & pred., a.* : ਸੜਦਾ ਹੋਇਆ, ਅੱਗ ਵਿਚ.

aflame, *adv. & pred., a.* : ਸੜਦਾ, ਬਲਦਾ, ਭੜਕਦਾ, ਜੋਸ਼ਲਾ.

afloat, *adv. & pred., a.* : ਵਹਿੰਦਾ, ਤਰਦਾ; ਜਹਾਜ਼ ਵਿਚ; ਜਹਾਜ਼ੀ ਨੌਕਰੀ ਵਿਚ, ਸਮੁੰਦਰ ਉੱਤੇ; ਪਾਣੀ ਨਾਲ ਭਰਿਆ ਹੋਇਆ; ਹਵਾ ਵਿਚ ਤਾਰੀਆਂ ਲੈਂਦਾ, ਜੀਵਨ ਦੇ ਸਫ਼ਰ ਵਿਚ; ਪੂਰੇ ਜੋਬਨ ਵਿਚ; ਚਾਲੂ (ਵਪਾਰ) ਬੇ ਕਰਜ਼ ਹੋਣਾ (ਲਿਖਤ), ਚੰਗਿਆੜਾ, ਇੱਧਰ ਉੱਧਰ ਰੁੜ੍ਹਦਾ ਜਾਂਦਾ, ਡਾਂਵਾਡੋਲ.

a fond, *adv.* : [ਫ਼ਰਾਂਸੀਸੀ] ਪੂਰਨ ਤੌਰ ਤੇ.

afoot, *adv. & pred., a.* : ਆਪਣੇ ਪੈਰਾਂ ਤੇ; ਪੈਦਲ; ਹਰਕਤ ਵਿਚ; ਚਾਲੂ, ਜਾਰੀ; ਕਾਰਜ ਵਿਚ.

afore, *adv. & prep.* : (ਜਹਾਜ਼ਰਾਨੀ) ਸਾਹਮਣੇ, ਅੱਗੇ ਵਲ.

afore- : (ਸਮਾਸੀ ਸ਼ਬਦਾਂ ਵਿਚ) ਉੱਪਰ; ਜਿਵੇਂ—

aforeSAID, *a.* : ਉਪਰੋਕਤ, ਉੱਤੇ ਕਹੀ, ਉਕਤ.

a fortiori [L], *adv.* : ਦਲੀਲ ਪੱਕੀ ਦਲੀਲ ਨਾਲ, ਦਲੀਲ ਪੱਕੀ ਰਹੂ.

afraid, *pred. a.* : ਡਰਿਆ ਹੋਇਆ, ਸਹਿਮਿਆ ਹੋਇਆ, ਘਬਰਾਇਆ ਹੋਇਆ, ਭੈਮਾਨ, ਭੈ-ਭੀਤ.

I am a. I am late : ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਦੇਰ ਨਾਲ ਆਇਆ ਹਾਂ.

afreet, -rit, -rites, n. : ਇਸਲਾਮੀ ਪਰੰਪਰਾਵਾਂ ਵਿਚ ਇਕ ਭੈੜਾ ਭੂਤ.

afresh, adv. : ਨਵੇਂ ਸਿਰੇ, ਮੁੜ ਨਵੇਂ, ਫੇਰ.

African, a. & n. : ਅਫ਼ਰੀਕੀ, ਅਫ਼ਰੀਕਾ-ਨਿਵਾਸੀ.

Afrikaans, n. : =**Afrikander**.

Afrikander, n. & a. : ਯੂਰਪੀ-ਅਫ਼ਰੀਕਾ ਦਾ ਵਸਨੀਕ (ਯੂਰਪੀ ਮਾਪਿਆਂ ਤੋਂ ਜੰਮਿਆ ਹੋਇਆ).

A. Bond : ਅਫ਼ਰੀਕਾ-ਨਿਵਾਸੀਆਂ ਦੀ ਸੰਸਥਾ (ਜਿਸ ਦਾ ਨਿਸ਼ਾਨਾ ਇਹ ਹੈ ਕਿ ਦੱਖਣੀ ਅਫ਼ਰੀਕਾ ਦੇ ਸਾਰੇ ਪ੍ਰਾਂਤ ਆਪਸ ਵਿਚ ਸੰਯੁਕਤ ਹੋ ਜਾਣ).

aft, adv. : (ਜਹਾਜ਼ਰਾਨੀ) ਜਹਾਜ਼ ਦੇ ਪਿਛਲੇ ਪਾਸੇ ਵਲ, ਪਿਛਵਾੜੇ, fore and aft., ਅਗਵਾੜੇ ਤੋਂ ਪਿਛਵਾੜੇ ਤਕ ਲੰਮੇ ਦਾਅ.

after, adv., prep. & conj. : ਪਿੱਛੇ, ਪਿੱਛੋਂ, ਮਗਰੋਂ, ਉਪਰੰਤ, ਪਿੱਛੇ ਪਿੱਛੇ, ਮਗਰ; ਬਾਬਤ, ਬਾਰੇ, ਵਾਸਤੇ, ਦੀ ਖ਼ਾਤਰ, ਅਨੁਸਾਰ; ਕਿਸੇ ਦੇ ਨਮੂਨਿਆਂ ਤੇ ਚਲ ਕੇ.

a. such behaviour : ਅਜਿਹੇ ਵਤੀਰੇ ਨੂੰ ਮੁਖ ਰੱਖ ਕੇ.

a. such fashion : ਇਸ ਤਰ੍ਹਾਂ ਨਾਲ.

a. Raphael : ਰਫ਼ੇਲ (ਚਿਤਰਕਾਰ) ਦੇ ਨਮੂਨੇ ਤੇ.

named a. : ਆਪਣੇ ਦੇ ਨਾਂ ਉੱਤੇ ਉਸ ਦਾ ਨਾਂ (ਰਿਹਾ ਸੀ).

a. he had gone : ਜਦ ਉਹ ਤੁਰ ਗਿਆ.

a. all : ਇਹ ਸਭ ਕੁਝ ਹੁੰਦਿਆਂ, ਤਾਂ ਵੀ ਹੋਵੇ.

a. one's own heart : ਮਰਜ਼ੀ ਅਨੁਸਾਰ.

amicable, *a.* : ਮੇਲ-ਮਿਲਾਪ ਵਾਲਾ, ਮਿਤਰਤਾਈ ਵਾਲਾ, ਮੈਤਰੀ ਵਾਲਾ, ਮਿੱਤ੍ਰਕ.

amicability / **amicableness**, *n.* : ਮੇਲ-ਮਿਲਾਪ, ਮੈਤਰੀ, ਮਿਤਰਤਾ, ਅਪਣੱਤ.

amicably, *adv.* : ਅਪਣੱਤ ਨਾਲ, ਆਪਣਿਆਂ ਵਾਂਗ, ਮੈਤਰੀ ਨਾਲ, ਸੁਲਹ-ਸਫ਼ਾਈ ਨਾਲ, ਮਿੱਠੇ-ਹਥੀਂ.

amice, *n.* : ਕਪਾਲਕਾ, ਇਕ ਮੋਕਲਾ ਚਿੱਟਾ ਕਪੜਾ ਜੋ ਈਸਾਈ ਪਾਦਰੀ ਕੋਈ ਧਾਰਮਕ ਰੀਤੀ ਕਰਾਉਣ ਸਮਿਆਂ ਸਿਰ ਤੇ ਜਾਂ ਮੋਢੇ ਤੇ ਰਖ ਲੈਂਦੇ ਹਨ.

amice, *n.* : ਟੋਪੀ ਜੋ ਪਜਾਮਾ ਜੋ ਪਾਦਰੀ ਪਹਿਨਦੇ ਹਨ; ਫ਼ਿਲਾ ਜੋ ਫ਼੍ਰਾਂਸੀਸੀ ਪਾਦਰੀ ਬਾਂਹ ਤੇ ਲਟਕਾਉਂਦੇ ਹਨ.

amicus curiae [L], *n.* : ਨਿਰਪੱਖ ਸਲਾਹਕਾਰ (ਅਦਾਲਤ ਦਾ), ਬੇਲਾਗ ਸਲਾਹਕਾਰ.

amid, **amidst**, *prep.* : ਵਿਚਾਲੇ, ਵਿਚ-ਵਿਚਾਲੇ, ਵਿਚੋਂ, ਵਿਚਕਾਰ, ਵਿਚਕਾਰ; ਹੇਠ ਉਤੇ.

amidin, *n.* : ਨਸ਼ਾਸਤੇ ਦਾ ਘੁਲਣਸ਼ੀਲ ਅੰਸ਼, ਘੁਲਿਆ ਹੋਇਆ ਨਸ਼ਾਸਤਾ.

amidships, *adv.* : ਜਹਾਜ਼ ਦੇ ਵਿਚਕਾਰ, ਜਹਾਜ਼ ਦੇ ਵਿਚਲੇ ਪਾਸੇ.

Amir : ਵੇਖੋ Ameer.

amiss, *adv.* & *pred. a.* : ਕਸਰ ਵਾਲਾ, ਘਾਟੇ ਵਾਲਾ, ਘਟੀਆ; ਖੁਸਾਰਾ ਪੈਂਦਾ ਹੋਇਆ, ਵਿਗੜਿਆ ਹੋਇਆ; ਬੇਢੰਗਾ, ਕੁਥਾਂ, ਅਣਉਚਿਤ; ਗਲਤੀ ਨਾਲ, ਭੁਲ-ਭੁਲੇਖੇ; ਖੁਸਾਰੇ.

come amiss : ਵਿਗੜ ਜਾਣਾ, ਕੁਵੇਲਾ ਹੋਣਾ, ਕੁਥਾਂ ਪੈਣਾ.

not a. : ਚੰਗਾ, ਠੀਕ, ਯੋਗ.

take a. : ਬੁਰਾ ਮਨਾਉਣਾ, ਗਲਤ-ਫ਼ਹਿਮੀ ਵਿਚ ਪੈਣਾ, ਗੁੱਸਾ ਕਰਨਾ.

amity, *n.* : ਮਿਤਰਤਾ, ਦੋਸਤੀ, ਸਜਣਤਾਈ, ਮੇਲ-ਜੋਲ, ਮੇਲ, ਮੇਲ-ਮਿਲਾਪ, ਮਿਤਰਾਚਾਰਾ, ਚੰਗਾ ਸੰਬੰਧ.

ammeter, *n.* : ਬਿਜਲੀ ਦੀ ਰੌ ਦਾ ਮਾਪਕ, ਰੌ-ਮਾਪਕ.

ammonia, *n.* : ਅਮੋਨੀਆ, ਇਕ ਤੇਜ਼ ਬੋ ਵਾਲੀ ਰੰਗ-ਹੀਣ ਗੈਸ; (ਰਸਾਇਣੀ) ਅਮੋਨੀਏ ਦੇ ਨਾਲ ਦੇ ਸਮਾਸ.

liquid a. : ਪਾਣੀ ਵਿਚ ਘੁਲਿਆ ਅਮੋਨੀਆ, ਅਮੋਨਿਆਈ ਪਾਣੀ.

ammoniac, *a.* & *n.* : ਅਮੋਨਿਆਈ, ਅਮੋਨੀਏ ਵਰਗਾ.

sal a. : ਨੌਸ਼ਾਦਰ.

gum a. : ਹੀਂਗ ਵਰਗਾ.

ammoniacal, *a.* : ਅਮੋਨੀਏਦਾਰ, ਅਮੋਨੀਏ ਵਾਂਗ.

ammoniated, *a.* : ਅਮੋਨਿਆਇਆ ਹੋਇਆ, ਅਮੋਨੀਏ ਨਾਲ ਮਿਲਿਆ ਹੋਇਆ.

ammonite, *n.* : ਅਮੋਨੀ, ਪਥਰਾਇਆ ਸਿੰਗ, ਘੋਗੇ ਵਰਗੇ ਖੋਲ ਵਾਲੇ ਜੀਵਾਂ ਦੀ ਇਕ ਕਿਸਮ ਜੋ ਧਰਤੀ ਹੇਠ ਦੱਬੀ ਰਹਿਣ ਕਰਕੇ ਪਥਰਾ ਗਈ ਹੋਵੇ.

ammunition, *n.* : ਜੰਗੀ ਸਾਮਾਨ, ਗੋਲਾ-ਬਾਰੂਦ.

a. boots : ਫ਼ੌਜੀ ਬੂਟ.

a. bread : ਫ਼ੌਜੀ ਰੋਟੀ (ਜੋ ਸਪਾਹੀਆਂ ਨੂੰ ਦਿੱਤੀ ਜਾਂਦੀ ਹੈ).

a. hat : ਫ਼ੌਜੀ ਟੋਪੀ.

amnesia, *n.* : ਅਚੇਤਤਾ; ਚੇਤਾ ਜਾਣਾ, ਭੀੜ੍ਹਬਮਰੋਗ.

amnesty, *n.* & *v. t.* : ਆਮ ਮਾਫ਼ੀ, ਅਣਡਿੱਠਤਾ, ਖਿਮਾ, ਅਮਾਨ; ਅਣਡਿੱਠ ਕਰਨਾ, ਆਮ ਮਾਫ਼ੀ ਦੇਣੀ, ਸਰਬ-ਖਿਮਾ.

amnion, *n.* : (*pl.* -ia) : ਗਾਰਭ ਦੀ ਅੰਦਰਲੀ ਝਿੱਲੀ (ਜਿਸ ਵਿਚ ਬੱਚਾ ਲਿਪਟਿਆ ਹੁੰਦਾ ਹੈ), ਜੇਰ-ਝਿੱਲੀ.

amoeba, *n.* : ਅਮੀਬਾ, ਬਦਲੂ, ਹਰ ਵੇਲੇ ਸ਼ਕਲ ਬਦਲਦੇ ਰਹਿਣ ਵਾਲਾ ਇਕ ਛੋਟਾ ਜੀਵ.

amoebiform, *a.* : ਅਮੀਬਾ-ਰੂਪ, ਬਦਲੂ-ਰੂਪ.

amoeboid, *a.* : ਅਮੀਬਵਾਂ, ਬਦਲੂਆ.

amoebaean, *a.* : ਪ੍ਰਸ਼ਨੋਤਰਵਾਂ, ਸੁਆਲੀ-ਜੁਆਬੀ.

amoebaeum, *n.* : ਪ੍ਰਸ਼ਨੋਤਰੀ ਕਵਿਤਾ, ਸੁਆਲ-ਜੁਆਬ ਵਾਲੀ ਕਵਿਤਾ, ਉਹ ਕਵਿਤਾ ਜਿਸ ਵਿਚ ਦੋ ਵਕਤਾ ਵਾਰੀ ਵਾਰੀ ਗੱਲ ਕਰਦੇ ਹਨ, ਵਾਰੋ ਵਾਰ.

among, **amongst**, *prep.* : (ਇੱਕ ਜਾਂ ਇਕੱਠਤਾ ਦਾ ਵਾਚਕ) ਵਿਚ, ਆਪੋ ਵਿਚ; ਜਿਵੇਂ We quarrelled a. ourselves, ਅਸੀਂ ਆਪੋ ਵਿਚ ਲੜ ਪਏ.

amoral, *a.* : ਅਣ-ਸਦਾਚਾਰਕ, ਆਚਰਣ ਨਾਲ ਅਸੰਬੰਧਤ, ਨਾ ਚੰਗਾ ਨਾ ਮੰਦਾ.

amorous, *a.* : ਇਸ਼ਕੀ; ਇਸ਼ਕ ਸੰਬੰਧੀ; ਇਸ਼ਕਵਾਨ; ਇਸ਼ਕਬਾਜ਼, ਰੰਗੀਲਾ; ਸ਼ਿੰਗਾਰ-ਰਸ ਵਾਲਾ.

amorously, *adv.* : ਇਸ਼ਕਬਾਜ਼ੀ ਨਾਲ, ਆਸ਼ਕੀ ਢੰਗ ਨਾਲ.

amorousness, *n.* : ਠਰਕ, ਇਸ਼ਕਬਾਜ਼ੀ, ਸ਼ਿੰਗਾਰ-ਰਸ.

amorphous, *a.* : ਬੇਰੂਪ, ਅਣਘੜਿਆ, ਬੇਡੌਲ, ਅਣਨਿਯਮਾ, ਅਣਨਿਯਮਤ, ਬੇਸ਼ਕਲਾ, ਕੁਢੰਗਾ; (ਰਸਾਇਣ) ਨਿਰਕਲਮਾ, ਜੋ ਕਲਮੀ ਸ਼ਕਲ ਵਿਚ ਨਾ ਆਇਆ ਹੋਵੇ ਜਾਂ ਜੋ ਦਾਣੇਦਾਰ ਨਾ ਬਣਿਆ ਹੋਵੇ.

amorphism, *n.* : ਅਰੂਪਤਾ, ਅਰੂਪਤਾ, ਅਨਿਯਮਤਾ, ਬੇ-ਕਲਮੀਪਣਾ.

amorphousness, *n.* : ਅਘੜਪੁਣਾ, ਬੇਡੌਲਪੁਣਾ, ਕੁਢੰਗ, ਨਿਰਕਲਮੀ.

amortise, *v. t.* : ਦਖਲੀ ਇੰਤਕਾਲ ਕਰਾਉਣਾ; ਜਾਇਦਾਦ ਨੂੰ ਕਿਸੇ ਕਾਰਜ ਜਾਂ ਸਭਾ ਦੇ ਨਾਂ ਧਰਮ-ਅਰਥ ਕਰ ਦੇਣਾ; ਉਧਾਰ ਚੁਕਾਉਣਾ (ਪੂਰਕੀ ਫ਼ੰਡ ਦੇ ਰਾਹੀਂ).

amortisation, *n.* : ਹਰਜਾ-ਅਦਾਈ, ਮੁਕ-ਮੁਕਾ; ਦਖਲੀ ਇੰਤਕਾਲ.

amount, *v. i.* : ਜੋੜ ਬਣਨਾ, ਚੜ੍ਹ ਜਾਣਾ (ਜਿਵੇਂ It amounts to Rs. 10, ਕੁਲ ਜੋੜ ਦਸ ਰੁਪਏ ਬਣਦਾ ਹੈ); ਤੁਲ ਹੋਣਾ, ਅਰਥ ਨਿਕਲਨੇ, ਬਰਾਬਰ ਹੋਣਾ (ਜਿਵੇਂ His action amounts to rebellion, ਉਸ ਦਾ ਕਰਤਾਰ ਬਗ਼ਾਵਤ ਸਮਾਨ ਹੈ).

amount, *n.* : ਜੋੜ; ਗਿਣਤੀ ਕੁਲ ਰਕਮ, ਪੂਰਾ ਮੁੱਲ; ਰਕਮ, ਰਾਸ਼ੀ; ਮਿਕਦਾਰ (ਜਿਵੇਂ a considerable a., ਚੋਖੀ ਮਿਕਦਾਰ).

amour, *n.* : ਇਸ਼ਕ, ਇਸ਼ਕਬਾਜ਼ੀ, ਨੇਹੁੰ, ਮੁਹੱਬਤ, ਆਸ਼ਨਾਈ, ਅਯੋਗ ਸੰਬੰਧ.

amourette, *n.* : ਲੁਕ-ਮਟੱਕਾ, ਪ੍ਰੇਮ-ਭਾਵ.

amour-propre [F], *n.* : ਅਭਿਮਾਨ, ਅਣਖੀਲਾਪਣ.

ampelopsis, *n.* : ਅੰਗੂਰ ਦੀ ਵੇਲ ਦੀ ਕਿਸਮ.

ampere, *n.* : ਬਿਜਲੀ ਦੀ ਸ਼ਕਤੀ ਦੀ ਇਕਾਈ.

ampersand, *n.* : ਇਸ ਚਿੰਨ੍ਹ & ਦਾ ਨਾਂ, ਜੋ 'and' (ਅਤੇ) ਦੀ ਥਾਂ ਆਉਂਦਾ ਹੈ.

amphi- : (ਸਮਾਸਾਂ ਵਿਚ ਅਗੇਤਰ ਹੈ ਜੋ) ਦੋਵੇਂ, ਦੋਹਾਂ ਤਰ੍ਹਾਂ ਦਾ, ਦੁਵੱਲੀ, ਦੁਵੱਲੇ; ਜਿਵੇਂ ਹੇਠਲੇ ਸ਼ਬਦਾਂ ਵਿਚ ਆਉਂਦਾ ਹੈ.

amphibia, *n. pl.* : (ਬਹੁ ਵਚਨ) ਜਲ-ਥਲੀਏ, ਜੋ ਪਾਣੀ ਤੇ ਖ਼ੁਸ਼ਕੀ ਦੋਹਾਂ ਵਿਚ ਰਹਿਣ ਵਾਲੇ ਹੋਣ, ਜਿਵੇਂ ਡੱਡੂ.

amphibian, *a.* & *n.* : ਜਲ-ਥਲੀਆ, ਜਲ-ਭੂਮੀਆ; ਦੋਤਾਰੂ ਹਵਾਈ ਜਹਾਜ਼ (ਜਿਹੜਾ ਧਰਤੀ ਤੇ ਸਮੁੰਦਰ ਦੋਹੀਂ ਥਾਈਂ ਉਤਾਰਿਆ ਜਾ ਸਕੇ).

amphibiology, *n.* : ਜਲ-ਥਲੀਆਂ ਦੀ ਸਾਇੰਸ.

amphibious, *a.* : ਜਲ-ਥਲੀ, ਦੁਜਨਮਾ, ਦੁਪਾਸੇ ਜੀਵਨ ਵਾਲਾ, ਦੋ ਸ਼੍ਰੇਣੀਆਂ ਨਾਲ ਸੰਬੰਧ ਰਖਣ ਵਾਲਾ, ਜਿਵੇਂ ਦੋਹਾਂ ਕਾਲਜਾਂ (ਇਕ ਮੁੰਡਿਆਂ ਦਾ ਤੇ ਦੂਜਾ ਕੁੜੀਆਂ ਦਾ) ਵਿਚ ਕੰਮ ਕਰਨ ਵਾਲੇ ਪ੍ਰੋਫ਼ੈਸਰ ਨੂੰ ਹਾਸੇ ਨਾਲ amphibious

professor ਦੁਪਾਸੀਆ ਜਾਂ ਦੁਰਕਮਾ ਪ੍ਰੋਫੈਸਰ ਆਖ ਸਕਦੇ ਹਾਂ.

amphibiously, *adv.* : ਦੁਥਾਵਾਂ ਹੋ ਕੇ, ਦੁਪਾਸੀਆ ਹੋ ਕੇ.

amphibology, *n.* : ਦੋ-ਅਰਥਾ ਬੋਲ; ਗੋਲ-ਮੋਲ ਕਥਨ, ਦੋਨੋ ਫੈਰ ਵਾਲੀ ਗਲ, ਗੋਲਵਦੀ ਗਲ.

amphibological, *a.* : ਗੋਲਵਦੀ, ਦੁਅਰਥੀ, ਹੇਰ ਫੇਰ ਵਾਲੀ, ਗੋਲ-ਮੋਲ, ਘੁੰਡੀਦਾਰ.

amphictyons, *n. pl.* : ਪ੍ਰਤਿਨਿਧ; ਪ੍ਰਾਚੀਨ ਯੂਨਾਨ ਵਿਚ ਸਾਂਝੀ ਕੌਂਸਲ ਲਈ ਭੇਜੇ ਜਾਣ ਵਾਲੇ ਰਿਆਸਤੀ ਪ੍ਰਤਿਨਿਧ.

amphictyon, *n.* : ਪ੍ਰਤਿਨਿਧੀ.

amphigam, *n.* : (ਬਨਸਪਤੀ) ਦੁਲਿੰਗਸਾ, ਉਹ ਬੂਟਾ ਜਿਸ ਵਿਚ ਨਰ-ਮਦੀਨ ਦੇ ਕੋਈ ਸਪਸ਼ਟ ਚਿੰਨ੍ਹ ਨਾ ਹੋਣ.

amphigamous, *a.* : ਦੁਲਿੰਗਸੀ.

amphigouri, **amphigory**, *n.* : ਊਲ-ਜਲੂਲ ਲੇਖ, ਨਿਰਾਰਥਕ ਲੇਖ.

amphimixies, *n.* : (ਜੀਵ-ਵਿਗਿਆਨ) ਦੁਮੇਲ, ਦੋ-ਗਾਮਨ, ਨਰ-ਮਦੀਨ ਦਾ ਆਪੋ ਵਿਚ ਮੇਲ, ਦਵਤ-ਬਿੰਦ ਦਾ ਮੇਲ.

amphioxus, *n.* : ਇਕ ਕਿਸਮ ਦੀ ਮੱਛੀ.

amphipoda, *n. pl.* : ਦੁਪੈਰੇ; ਦੋ ਕਿਸਮ ਪੈਰਾਂ ਵਾਲੇ ਕਵਚ-ਪਿੱਠੇ ਜੀਵ.

amphipod, *n.* : ਦੁਪੈਰਾ.

amphipodan, **amphipodous**, *a.* : ਦੁਪੈਰਾ.

amphiprostyle, *n.* : ਦੁ-ਥਮ੍ਹਾਤੀਆ ਭੌਣ, ਉਹ ਭੌਣ ਜਿਸ ਦੇ ਦੋਹਾਂ ਸਿਰਿਆਂ ਤੇ ਥਮ੍ਹਦਾਰੀ ਬਣੀ ਹੋਵੇ.

amphisbaena, *n.* : ਦੁਮੂੰਹਾ, ਇਕ ਕਲਪਤ ਸੱਪ ਜਿਸ ਦੇ ਦੋਹਾਂ ਸਿਰਿਆਂ ਤੇ ਮੂੰਹ ਬਣੇ ਹੋਏ ਹਨ, (ਜੀਵ-ਵਿਗਿਆਨ) ਕਿਰਲੇ ਆਕਾਰ ਦੇ ਚਲਣ ਵਾਲੀ ਕਿਰਲੀ.

amphitheatre, *n.* : ਗੋਲ-ਘਰੀ ਅਖਾੜਾ; ਉਹ ਗੋਲ ਅੰਡਾਕਾਰ ਥੀਏਟਰ ਜਾਂ ਰੰਗ-ਘਰ ਜੋ ਪੁਰਾਣੇ ਸਮਿਆਂ ਵਿਚ ਯੂਨਾਨ ਤੇ ਇਟਲੀ ਆਦਿ ਮੁਲਕਾਂ ਦੇ ਲੋਕ ਬਣਾਉਂਦੇ ਸਨ, ਜਿਸ ਵਿਚ ਬਹਿ ਕੇ ਦਰਸ਼ਕ ਲੋਕ ਖੁਸ਼ੀ ਉਤੇ ਹੇਠੇ ਬਹਿਣਦੀ ਇਹ ਦੇ ਨਾਲ ਨਾਲ ਸਾਰਿਆਂ ਵਿਚ ਵੀ ਸਾਹਮਣੇ ਸਨ, ਗੋਲ ਤਮਾਸ਼ਾ-ਘਰ, ਗੋਲ-ਘਰ, ਅਖਾੜਾ.

amphitheatrical, *a.* : ਗੋਲ-ਘਰ ਦਾ, ਅਖਾੜੇ ਦਾ.

amphitryon, *n.* : ਮਹਿਮਾਨ-ਨਿਵਾਜ਼, ਭੋਜਨ ਖੁਆਉਣ ਵਾਲਾ ਦਾਤਾ.

amphora, *n.* : (ਯੂਨਾਨੀ ਜਾਂ ਰੋਮਨ) ਦੋ-ਹੱਥਾ ਬਰਤਨ, ਮਟਕਾ, ਮਰਤਬਾਨ.

amphoric, *a.* : (ਇਕ ਕਿਸਮ ਦੀ ਰੋਗ-ਧੁਨੀ), ਉਸ ਆਵਾਜ਼ ਵਰਗੀ ਜੋ ਤੰਗ-ਮੂੰਹੇ ਭਾਂਡੇ ਵਿਚ ਫੂਕ ਮਾਰਿਆਂ ਨਿਕਲਦੀ ਹੈ.

ample, *a.* : ਖੁਲ੍ਹਾ, ਖੁਲ੍ਹਾ-ਡੁਲ੍ਹਾ, ਮੋਕਲਾ, ਵਿਸ਼ਾਲ; ਕਾਫ਼ੀ; ਜ਼ਰੂਰਤੋਂ ਵਧ, ਭਰਪੂਰ, ਚੋਖਾ, ਘਨੇਰਾ.

ampleness, *n.* : ਮੋਕਲਾਪਣ, ਵਿਸ਼ਾਲਤਾ; ਬਹੁਲਤਾ, ਖੁੱਲ੍ਹ-ਡੁੱਲ੍ਹ, ਭਰਪੂਰਤਾ.

amply, *adv.* : ਚੋਖਾ, ਖੁੱਲ੍ਹ ਨਾਲ, ਅਨੇਕ ਸਾਰਾ, ਬਹੁਲਤਾ ਨਾਲ, ਭਰਪੂਰ ਰੂਪ ਵਿਚ.

ampliative, *a.* : (ਨਿਆਇ) ਵਿਸਥਾਰਕ, ਜੋ ਕਿਸੇ ਨਵੇਂ ਵਿਚਾਰ ਨੂੰ ਵਿਸਥਾਰ ਦੇ ਦਏ.

amplification, *n.* : ਵਿਸਥਾਰ, ਵਾਧਾ, ਫੈਲਾਅ.

amplify, *v. t. & i.* : ਵਧਾਉਣਾ, ਵਧਾ ਕੇ ਦਸਣਾ; ਵਿਸਥਾਰਨਾ, ਫੈਲਾਉਣਾ, ਵੇਰਵੇ ਨਾਲ ਬਿਆਨ ਕਰਨਾ, ਖੋਲ੍ਹ ਕੇ ਦਸਣਾ.

amplifier, *n.* : ਵਧਾਊ, ਯੰਤਰ, ਜਿਸ ਨਾਲ ਆਵਾਜ਼ ਨੂੰ ਉੱਚਾ ਕਰਨ ਦਾ ਕੰਮ ਲਿਆ ਜਾਂਦਾ ਹੈ.

amplitude, *n.* : ਫੈਲਾਅ, ਵਿਸਥਾਰ, ਚੌੜਾਈ; ਬਹੁਲਤਾ, ਸ਼ਾਨ, ਵਡਿੱਤਣ; (ਭੌਤਿਕ) ਕੰਪਨ ਦਾ ਕੁੱਲ ਵਿਸਥਾਰ, ਜੋ ਕੇਂਦਰ ਬਿੰਦ ਆਦਿ ਤੋਂ ਕੰਪਨ ਕਰਨ ਵੇਲੇ ਦਿਸਦਾ ਹੈ.

ampulla, *n.* : (ਰੂਮ ਦੀ) ਦੋ-ਹੱਥੀ ਸੁਰਾਹੀ; ਪੂਜਾ ਲਈ ਤੇਲ ਰਖਣ ਵਾਲਾ ਭਾਂਡਾ, (ਜੀਵ-ਵਿਗਿਆਨ) ਕੁੱਪਾ, ਕਿਸੇ ਜੀਵ ਦੀ ਰਗ ਨਾੜ ਆਦਿ ਦਾ ਫੁਲਿਆ ਹੋਇਆ ਸਿਰਾ.

ampullaceous, *a.* : ਕੁੱਪੇ ਵਰਗਾ, ਕੁੱਪੇਦਾਰ.

amputate, *v. t.* : ਕੱਟਣਾ (ਅੰਗ ਦਾ), ਵਿਛੇਦਣਾ.

amputation, *n.* : (ਅੰਗ) ਕਟਾਈ, ਅੰਗ-ਵਿਛੇਦਨ.

amputator, *n.* : (ਅੰਗ) ਕੱਟਣ ਵਾਲਾ.

amuck, *adv.* : Run a. : ਕਮਲਿਆਂ ਵਾਂਗ ਭੱਜੀ ਫਿਰਨਾ, ਖੂਨ ਸਿਰ ਤੇ ਸਵਾਰ ਹੋਣਾ; (ਅਲੰਕਾਰਕ ਰੂਪ ਤੋਂ) ਬਿਨਾ ਵਿਚਾਰ ਤੋਂ ਕਿਸੇ ਉਤੇ ਟੁੱਟ ਪੈਣਾ, ਅੰਨ੍ਹਾ ਧੁੰਦ ਹੱਲਾ ਕਰਨਾ.

amulet, *n.* : ਤਵੀਤ, ਜੰਤਰ, ਤੇਲਾ, ਟੂਣਾ, ਧਾਗਾ, ਗੰਢ.

amuse, *v. t.* : ਵਰਚਾਉਣਾ, ਵਿਰਾਉਣਾ, ਦਿਲ ਪਰਚਾਉਣਾ, ਦਿਲ ਬਹਿਲਾਉਣਾ, ਹਸਾਉਣਾ.

amusable, *a.* : ਪਰਚਣ ਯੋਗ, ਬਹਿਲਾਉਣ-ਯੋਗ.

amusive, *a.* : ਪਰਚਾਉਣ-ਯੋਗ, ਮਨੋਰੰਜਨ-ਵਾਲਾ.

amusement, *n.* : ਦਿਲ-ਬਹਿਲਾਵਾ, ਦਿਲ-ਪਰਚਾਵਾ, ਮਨੋਰੰਜਨ, ਪਰਚਾ, ਹਾਸਾ-ਖੇਡਾ; ਖੇਡ; ਦਿਲ-ਲਗੀ, ਤਮਾਸ਼ਾ.

a. tax : ਮਨੋਰੰਜਨ ਕਰ ਹੇਠਾ.

amygdalic, *a.* : ਬਦਾਮੀ, ਬਦਾਮਾਂ ਦਾ, ਜਿਵੇਂ

a. acid : ਬਦਾਮਾਂ ਦਾ ਤੇਜ਼ਾਬ.

amygdaloid, *a. & n.* : ਬਦਾਮ ਸ਼ਕਲ ਦਾ, ਬਦਾਮ-ਨੁਮਾ.

amyl, *n.* : (ਰਸਾਇਣ) ਸ਼ਰਾਬ ਦੇ ਸਤ ਜਾਂ ਅਲਕੋਹਲ ਦਾ ਬੁਨਿਆਦੀ ਅੰਸ਼.

amylaceous, *a.* : ਨਿਸ਼ਾਸ਼ਤੇ ਸੰਬੰਧੀ, ਨਿਸ਼ਾਸ਼ਤੇ ਦਾ.

amyloid, *a. & n.* : ਨਿਸ਼ਾਸ਼ਤੇ ਵਰਗੀ (ਖੁਰਾਕ).

amylopsin, *n.* : ਨਿਸ਼ਾਸ਼ਤਾ-ਪਾਚਕ.

an, *a.* : ਵੇਖੋ a, adj.

an- *pref.* =un (ਜਿਵੇਂ anon. ਵਿਚ); =ad-, ਜਾਂ ad-,=ambi-; ਜਿਵੇਂ anfractuosity, ਚੁਫੇਰੀ = ਚੁਫੇਰੀ an- = a- = not; ਜਿਵੇਂ anarchy = no rule, ਰਾਜ ਦੀ ਅਣਹੋਂਦ.

-an, *suf.* : ਵਿਸ਼ੇਸ਼ਣ ਦਾ ਪਿਛੇਤਰ, ਜਿਵੇਂ Indian, ਹਿੰਦੀ, ਹਿੰਦ ਦਾ.

-ana, *suf.* : ਦੇ ਬਾਰੇ, ਸੰਬੰਧਤ ਕਥਾ ਕਹਾਣੀਆਂ, ਕਿੱਸੇ, ਆਦਿ, ਜਿਵੇਂ Thackerayana, ਥੈਕਰੇ ਬਾਰੇ ਕਿੱਸੇ, ਕਹਾਣੀਆਂ ਆਦਿ.

anabaptism, *n.* : ਪੁਨਰ ਦੀਖਿਆ, ਦੂਜੀ ਵਾਰ ਬਪਤਿਸਮਾ, ਮੁੜ ਬਪਤਿਸਮਾ ਲੈਣ ਦਾ ਅਸੂਲ.

anabaptist, *n.* : Baptist, ਨਵੇਂ ਸਿਰਿਓਂ ਬਪਤਿਸਮਾ ਦੇਣ ਵਾਲਾ, ਦੂਜੀ ਵੇਰ ਬਪਤਿਸਮਾ ਲੈਣ ਵਾਲੇ ਮਤ ਦਾ ਧਾਰਨੀ, ਪੁਨਰ ਦੀਖਿਆ-ਵਾਦੀ.

anabaptistical, *a.* : ਪੁਨਰ-ਦੀਖਿਆ ਸੰਬੰਧੀ.

anabas, *n.* : ਰੁੱਖਲ ਮੱਛੀ, ਪਾਣੀ ਤੋਂ ਬਾਹਰ ਰੁੱਖਾਂ ਉੱਤੇ ਚੜ੍ਹ ਸਕਣ ਵਾਲੀ ਮੱਛੀ.

anabasis, *n.* : ਚੜ੍ਹਾਈ, ਫ਼ੌਜੀ ਚੜ੍ਹਾਈ, ਖ਼ਾਸ ਕਰਕੇ ਉਹ ਚੜ੍ਹਾਈ ਜੋ ਸਾਇਰਸ ਨੇ ਏਸ਼ੀਆ-ਕੋਚਕ ਉੱਤੇ ਕੀਤੀ ਅਤੇ ਜਿਸ ਦਾ ਜ਼ਿਕਰ ਪ੍ਰਸਿੱਧ ਇਤਿਹਾਸਕਾਰ ਜ਼ੈਨੋਫ਼ਨ ਨੇ ਕੀਤਾ ਹੈ.

anabranch, *n.* : ਪਰਤਵਾਂ ਵਹਿਣ, ਨਦੀ ਦੀ ਉਹ ਸ਼ਾਖ ਜੋ ਵਿਚ ਵਾਰੀ ਨਿਕਲ ਕੇ ਮੁੜ ਉਸੇ ਨਦੀ ਵਿਚ ਆ ਪਏ.

anachronic, *a.* : ਇਤਿਹਾਸ-ਵਿਰੋਧ, ਇਤਿਹਾਸਕ ਭੁਲ ਵਾਲਾ, ਜਿਸ ਵਿਚ ਸਮੇਂ ਜਾਂ ਤਰੀਕ ਦੀ ਭੁਲ ਹੋਵੇ.

anachronism, *n.* : ਸਮੇਂ ਸੰਬੰਧੀ ਇਤਿਹਾਸਕ ਭੁਲ; ਇਤਿਹਾਸਕ ਕੁਵੇਲ; ਕਵੇਲੀ ਗਲ, ਕੋਈ ਗੱਲ ਜਾਂ ਵਾਕਿਆ ਜੋ ਵਰਤਮਾਨ ਸਮੇਂ ਦੇ ਅਨੁਕੂਲ ਨਾ ਹੋਵੇ.

anachronistic, *a.* : ਇਤਿਹਾਸਕ ਕੁਵੇਲ ਸੰਬੰਧੀ, ਕਵੇਲੀ.

anaclastic, *a.* : ਕਿਰਨਾਂ ਦੇ ਮੁੜਨ ਜਾਂ ਪਰਤਣ ਸੰਬੰਧੀ, ਪਰਤਵਾਂ; ਤਿੜਕਣ ਦੀ ਅਵਾਜ਼ ਨਾਲ ਆਪੇ ਬੰਦ ਹੋ ਜਾਣ ਵਾਲੀ, ਜਿਵੇਂ a. glasses; ਕਮਾਨੀਦਾਰ ਐਨਕ.

anacoluthon, *n.* : (*pl.* - tha) : ਬੇਜੋੜੀ ਵਾਕ-ਰਚਨਾ, ਵਾਕ ਜਾਂ ਸ਼ਬਦ ਜਿਨ੍ਹਾਂ ਵਿਚ ਵਿਆਕਰਣਕ ਤਰਤੀਬ ਨਾ ਹੋਵੇ.

anaconda *n.* : ਵੱਡਾ ਸੱਪ, ਲੰਕਾ ਦਾ ਵੱਡਾ ਸੱਪ, ਦੱਖਣੀ ਅਮਰੀਕਾ ਦਾ ਵੱਡਾ ਸੱਪ ; ਅਜਗਰ, ਜੋ ਆਪਣੇ ਸ਼ਿਕਾਰ ਨੂੰ ਲਪੇਟ ਕੇ ਮਾਰ ਸੁੱਟਦਾ ਹੈ.

anacreontic, *a.* & *n.* : ਅਨਾਕ੍ਰਿਓਨੀ ਕਵਿਤਾ, ਯੂਨਾਨੀ ਕਵੀ Anacreon ਦੇ ਗੀਤਾਂ ਦੀ ਤਰਜ਼ ਵਾਲੀ (ਕਵਿਤਾ) ; ਇਸ਼ਕੀਆ, ਪ੍ਰੇਮ-ਰੰਗੀ, ਸ਼ਿੰਗਾਰ-ਰਸ ਵਾਲੀ.

anacrusis, *n.* : (ਪਿੰਗਲ) ਲਘੂ ਮਾਤਰਾ, ਤਾਲ ਦੀ ਪਹਿਲੀ ਮਾਤਰਾ ਜਿਸ ਉੱਤੇ ਜ਼ੋਰ ਨਾ ਦਿੱਤਾ ਜਾਵੇ.

anadromous, *a.* : (ਮੱਛੀਆਂ ਬਾਰੇ) ਜੋ ਆਂਡੇ ਦੇਣ ਲਈ ਨਦੀ ਦੇ ਉੱਪਰ ਵੱਲ ਜਾਂਦੀਆਂ ਹਨ, ਵੈਤਰ੍ਹ ਵਾਂਗ ਦੌੜਦੀਆਂ, ਚੜ੍ਹਾਈ ਤੇ.

anaemia, *n.* : (ਵੈਦਗੀ) ਲਹੂ ਦਾ ਘਾਟਾ, ਖ਼ੂਨ ਦੀ ਕਮੀ, ਰੋਗ ਦੇ ਕਾਰਨ ਸਰੀਰਕ ਪੀਲੱਤਣ, ਕੁੰਭ.

anaemic, *a.* : ਕਮਜ਼ੋਰ, ਪੀਲਾ-ਭੂਕ, ਲਹੂ ਦੀ ਕਮੀ ਵਾਲਾ.

anaesthesia, *n.* : ਸੁੰਨ-ਮੁੰਨਤਾ, ਬੇਸੁਰਤੀ, ਬੇਹੋਸ਼ੀ.

anaesthetic, *a.* & *n.* : ਸੁੰਨਕ, ਦਵਾਈ ਜੋ ਬੇਸੁਰਤ ਕਰ ਦੇਵੇ.

anaestheticALLY, *adv.* : ਸੁੰਨ-ਮੁੰਨ ਕਰ ਕੇ, ਬੇਸੁਰਤ ਕਰ ਕੇ, ਸੁੰਨਕ ਵਰਤ ਕੇ.

anaesthetize, *v. t.* : ਸੁੰਨ ਕਰ ਦੇਣਾ, ਸੁੰਨਣਾ.

anaesthetizaTION, *n.* : ਸੁੰਨਣ, ਸੁੰਨ ਕਰ ਦੇਣ ਦਾ ਕੰਮ.

anaglyph, *n.* : ਉਭਰਵੀਂ ਨਕਸ਼ ਵਾਲਾ ਗਹਿਣਾ, ਜੜਾਊ ਗਹਿਣਾ.

anaglyphIC, *a.* : ਨਕਸ਼ੀ, ਜਿਸ ਉੱਤੇ ਉਭਰਵੀਂ ਨਕਸ਼ ਦਾ ਕੰਮ ਕੀਤਾ ਹੋਵੇ.

anagnorisis, *n.* : ਨਾਟਕ ਦੀ ਸੁਲਝਾਈ, ਉਹ ਥਾਂ ਜਿੱਥੇ ਨਾਟਕ ਦੀ ਗੁੰਝਲ ਖੁਲ੍ਹ ਜਾਂਦੀ ਹੈ.

anagoge, *n.* : ਆਤਮਕ ਜਾਂ ਅਲੰਕਾਰਕ ਵਿਆਖਿਆ.

anagogic(al), *a.* : ਆਤਮਕ ਜਾਂ ਅਲੰਕਾਰਕ ਅਰਥਾਂ ਵਾਲੀ.

anagogicALLY, *adv.* : ਪਰਮਾਰਥਕ ਭਾਵ ਨਾਲ.

anagram, *n.* : ਅੱਖਰੀ ਉਲਟ-ਪੁਲਟ, ਉਲਟ-ਪਲਟੀ, ਕਿਸੇ ਸ਼ਬਦ ਦੇ ਅੱਖਰਾਂ ਦਾ ਉਲਟ-ਫੇਰ ਜਿਸ ਨਾਲ ਨਵਾਂ ਸ਼ਬਦ ਬਣ ਜਾਵੇ ; ਜਿਵੇਂ 'ਰਿਧਿ' ਤੋਂ 'ਧਿਰਿ', 'ਬਾਬੂ' ਤੋਂ 'ਬੂਬਾ' ਅੰਗ੍ਰੇਜ਼ੀ ਵਿਚ Roland ਤੋਂ Orland, Cannibal ਤੋਂ Caliban.

anagrammatic(al), *a.* : (ਅੱਖਰੀ) ਉਲਟ-ਪੁਲਟੀ ਸੰਬੰਧੀ, ਉਲਟ-ਪੁਲਟਵਾਂ.

anagrammaticALLY, *adv.* : ਅੱਖਰਾਂ ਨੂੰ ਉਲਟਾ ਕੇ ਪਲਟਾ ਕੇ.

anagrammatize, *v. t.* : ਅੱਖਰੀ ਉਲਟ-ਪੁਲਟ ਕਰਨਾ, ਅੱਖਰਾਂ ਨੂੰ ਉਲਟਣਾ-ਪਲਟਣਾ, ਅੱਖਰੀ ਉਲਟੀ-ਪੁਲਟੀ ਕਰ ਕੇ ਨਵੇਂ ਸ਼ਬਦ ਬਣਾਣੇ.

anagrammatism, *n.* : ਅੱਖਰੀ ਉਲਟੀ-ਪਲਟੀ.

anagrammatist, *n.* : ਅੱਖਰੀ ਉਲਟ-ਪੁਲਟ ਕਰ ਕੇ ਨਵੇਂ ਸ਼ਬਦ ਬਣਾਣ ਵਾਲਾ.

anal, *a.* : ਗੁਦਾ ਸੰਬੰਧੀ, ਗੁਦਾ ਦੇ ਦੇਸ਼ ਦੀ.

analecta, **analects**, *n. pl.* : ਸਾਹਿੱਤਕ ਚੋਣਾਂ, ਚੁਣਵੀਆਂ ਸਾਹਿੱਤਕ ਰਚਨਾਵਾਂ, ਸਾਹਿੱਤਕ ਗੁਲਦਸਤੇ.

analeptic, *a.* & *n.* : ਬਲਕਾਰਕ, ਤਾਕਤ ਦੇਣ ਵਾਲੀ, ਤਾਕਤ ਵਾਲੀ ਦਵਾਈ.

analgesia, *n.* : ਪੀੜ ਦੀ ਅਣਹੋਂਦ, ਅਪੀੜਤੀ.

analgesic, **analgetic**, *a.* : ਪੀੜ-ਹਰਨ (ਦਵਾਈ).

analogic(al), *a.* : ਦ੍ਰਿਸ਼ਟਾਂਤੀ, ਉਦਾਹਰਣੀ, ਤਮਸੀਲੀ ; ਮੇਲ ਖਾਂਦਾ, ਸਮਾਨ, ਮਿਲਦਾ-ਜੁਲਦਾ.

analogicALLY, *adv.* : ਦ੍ਰਿਸ਼ਟਾਂਤ ਦੇ ਤੌਰ ਤੇ, ਮਿਸਾਲ ਦੇ ਤੌਰ ਤੇ.

analogist, *n.* : ਉਦਾਹਰਣੀਆ, ਤਮਸੀਲਾਂ ਦੇ ਕੇ ਸਮਝਾਉਣ ਵਾਲਾ ; ਤਮਸੀਲੀ ਕਲਾਕਾਰ, ਉਹ ਕਲਾਕਾਰ ਜੋ ਚੀਜ਼ਾਂ ਦੇ ਨਾਵਾਂ ਵਿੱਚ ਉਨ੍ਹਾਂ ਚੀਜ਼ਾਂ ਦਾ ਸਰੂਪ ਵੇਖੇ.

analogize, *v. t.* & *i.* : ਉਦਾਹਰਣ ਪੇਸ਼ ਕਰਨੀ, ਦ੍ਰਿਸ਼ਟਾਂਤ ਦੇਣੀ, ਮਿਲਦੇ-ਜੁਲਦੇ ਹੋਣਾ, ਇਕ-ਸਮਾਨ ਹੋਣਾ, ਮੇਲ ਖਾਣਾ.

analogous, *a.* : ਇਕ-ਸਮਾਨ, ਮਿਲਦਾ-ਜੁਲਦਾ, ਮੇਲ ਖਾਂਦਾ.

analogousLY, *adv.* : ਦ੍ਰਿਸ਼ਟਾਂਤ ਵਜੋਂ.

analogousNESS, *n.* : ਇਕ-ਰੂਪਤਾ, ਸਮਾਨਤਾ, ਸ਼ਕਲ ਦੀ ਸਾਂਝ.

analogue, *n.* : ਉਹ ਸ਼ੈ ਜਾਂ ਸ਼ਬਦ ਜੋ ਮਿਲਦਾ-ਜੁਲਦਾ ਹੋਵੇ.

analogy, *n.* : ਮਿਸਾਲ, ਉਦਾਹਰਣ, ਉਪਮਾਨ, ਅਨੁਕੂਲਤਾ, ਸਮਾਨਤਾ ; (ਹਿਸਾਬ) ਤੈਨਸਬਤ ; (ਨਿਆਇ) ਸਮਾਨ ਘਟਨਾਵਾਂ ਤੋਂ ਦਲੀਲ ਦੇਣ ਦਾ ਢੰਗ, ਉਦਾਹਰਣੀ ਤਰਕੀਵਾਦ ; (ਭਾਸ਼ਾ) ਸ਼ਬਦਾਂ ਦੇ ਵਰਤਮਾਨ ਵਿਆਕਰਣੀ ਰੂਪਾਂ ਦੇ ਨਮੂਨੇ ਉੱਤੇ ਨਵੇਂ ਸ਼ਬਦ ਘੜਨੇ ; (ਸਾਇੰਸ) ਵਖ ਵਖ ਅੰਗਾਂ ਜਾਂ ਸ਼ਕਲਾਂ ਦੇ ਕੰਮਾਂ ਦੀ ਸਮਾਨਤਾ.

analyse, *v. t.* : (ਕਿਸੇ ਚੀਜ਼ ਦੀ ਬਣਤਰ ਨੂੰ) ਅੰਗ-ਅੰਗ ਕਰ ਕੇ ਵੇਖਣਾ ; ਪਰਖਣਾ, ਛਾਣ-ਬੀਣ ਕਰਨੀ ; ਪੜਤਾਲਣਾ ; (ਸਾਇੰਸ) ਕਿਸੇ ਸਮਾਨ ਦੇ ਤੱਤਾਂ ਨੂੰ ਪੜਤਾਲਣਾ ; ਨਖੇੜਨਾ ; (ਕਿਸੇ ਲਿਖਤ ਜਾਂ ਰਚਨਾ ਦਾ) ਤੋੜ ਜੋੜ ਕੇ ਫ਼ੈਸਲਾ ; (ਵਿਆਕਰਣ) ਵਾਕ-ਵੰਡ ਕਰਨੀ.

analysABLE, *a.* : ਪਰਖ-ਯੋਗ, ਵੰਡੀਣ ਯੋਗ.

analysis, *n.* (*pl.* -yses) : ਪੜਚੋਲ, ਰਸਾਇਣੀ ਵੰਡ, ਵੰਡੀ-ਕਰਣ, ਪੜਤਾਲ, ਛਾਣ-ਬੀਣ, ਨਖੇੜ, (ਵਿਆਕਰਣ) ਵਾਕ-ਵੰਡ.

bowling a. : (ਕ੍ਰਿਕਟ) ਹਰ ਇਕ ਬਾਲ ਦਾ ਸਿੱਟਾ ਦਰਜ ਕਰਨ ਦਾ ਰਜਿਸਟਰ, ਰਨਜ਼-ਵੰਡ ਰਜਿਸਟਰ.

analyst, *n.* : ਵੰਡਕਾਰ, ਰਸਾਇਣੀ ਵੰਡ ਕਰਨ ਵਾਲਾ.

analystic, *a.* : ਰਸਾਇਣੀ ਵੰਡ ਸੰਬੰਧੀ, ਨਖੇੜਵਾਂ.

a. intellect : ਵਿਵੇਕ ਬੁੱਧੀ.

analystics, *n.* : ਵੰਡੀ-ਕਰਣ ਵਿਦਿਆ.

analytical, *a.* : ਨਖੇੜਵਾਂ, ਨਖੇੜੂ, ਵੰਡੀ-ਕਰਣ ਸੰਬੰਧੀ ; (ਭਾਸ਼ਾ) ਵੰਡੀ-ਕਰਣ ਵਾਲੀਆਂ (ਬੋਲੀਆਂ) ਜਿਨ੍ਹਾਂ ਵਿਚ ਵਾਕਾਂ ਦਾ ਸੰਬੰਧ ਦਸਣ ਲਈ ਸ਼ਬਦਾਂ ਵਿਚ ਹੀ ਲੱਗਾਂ ਮਾਤਰਾਂ ਦੀ ਤਬਦੀਲੀ ਕਰਨ ਦੀ ਥਾਂ ਵਧਰੇ ਵ ਸ਼ਬਦ ਵਰਤੇ ਜਾਣ, ਜਿਵੇਂ ਪੰਜਾਬੀ ਬੋਲੀ ਵਿਚ "ਹੱਥ ਤੋਂ" ਦੀ ਥਾਂ "ਹੱਥੋਂ", "ਬਹਿੜਾਂ ਵਿਚ" ਦੀ ਥਾਂ "ਬਹਿੜੀਂ" ਵਰਤ ਸਕਦੇ ਹਾਂ, ਹਿੰਦੀ ਵਿਚ "ਹਾਥ ਸੇ" ਅਤੇ "ਬਹਿਰੋਂ ਮੇਂ" ਹੀ ਵਰਤਾਂਗੇ ਇਸ ਲਈ ਹਿੰਦੀ analytical (ਵੰਡੀ-ਕਰਣ ਵਾਲੀ) ਬੋਲੀ ਹੈ ਅਤੇ ਪੰਜਾਬੀ synthetical (ਸੰਯੋਗ ਜਾਂ ਗੱਠ) ਬੋਲੀ ਹੈ.

a. laboratory, ਵੰਡੀ-ਕਰਣ-ਸ਼ਾਲਾ.

analyticALLY, *adv.* : ਵੰਡੀ-ਕਰਣ ਦੇ ਢੰਗ ਨਾਲ, ਵੰਡੀ-ਕਰਣ ਰਾਹੀਂ.

anamnesis, *n.* : ਯਾਦ, ਚੇਤਾ (ਖ਼ਾਸ ਕਰਕੇ ਪਿਛਲੇ ਜਨਮ ਬਾਰੇ).

anamorphosis, *n.* : ਵਿੰਗਾ-ਤੜਿੰਗਾ ਚਿੱਤਰ ਜੋ ਕਿਸੇ ਇਕ ਕੁੱਖੋਂ ਠੀਕ ਦਿਸੇ ; (ਬਨਸਪਤੀ) ਅਸਧਾਰਨ ਤਬਦੀਲੀ, ਅਣੋਖਾ ਅਦਲ-ਬਦਲ.

ananas, *n.* : ਅਨਾਨਾਸ.

anandrous, *a.* : (ਬਨਸਪਤੀ) ਪੁੰਗ ਕੇਸਰੀ ਤੋਂ ਬਿਨਾਂ, ਬੇ-ਪਰਾਗ, ਬੇ-ਨਰ.

anapaest, *n.* : (ਕਵਿਤਾ) ਸਗਣ (ਸ-ਗਣ), ਉਹ ਚਰਨ ਜਿਸ ਵਿਚ ਦੋ ਲਘੂ ਮਾਤਰਾਂ ਦੇ ਪਿੱਛੋਂ ਇਕ ਗੁਰੂ ਮਾਤਰਾ ਆਵੇ (ਲਘੂ-ਲਘੂ-ਗੁਰੂ, ਜਿਵੇਂ 'ਹਸਦਾ'; ਜਾਂ ਅੰਗ੍ਰੇਜ਼ੀ ਵਿਚ analyse.

anapaestic, *a.* : ਸਗਣਿਕ (ਸ-ਗਣਿਕ).

anaphora, *n.* : ਉੱਤੇ-ਥੱਲੀ ਵਾਕਾਂ ਵਿਚ ਇਕ ਸ਼ਬਦ ਜਾਂ ਵਾਕੰਸ਼ ਦਾ ਮੁੜ-ਮੁੜ ਆਉਣਾ.

anarch, *n.* : ਰਾਜ-ਰੌਲੇ ਦਾ ਮੋਢੀ; ਉੱਤਾ ਖਰੂਦੀ ਜਾਂ ਖਰੂਦੀ.

anarchic, **-ical**, *adj.* : ਅਰਾਜਕ, ਬੇਨਿਯਮਾ, ਬੇਨੇਮਾ, ਖਰੂਦੀ, ਗੜਬੜੀ ਵਾਲਾ, ਰੌਲੇ-ਰੱਪੇ ਦਾ.

anarchically, *adv.* : ਅਰਾਜਕ ਤੌਰ ਤੇ, ਗੜਬੜੀ ਨਾਲ.

anarchist, *n.* : ਰਾਜ-ਖਰੂਦੀ, ਬਲਵਾਈ, ਅਰਾਜਕ, ਅਰਾਜਕਵਾਦੀ.

anarchism, *n.* ਅਰਾਜਕਤਾ.

anarchy, *n.* : ਰਾਜ ਦੀ ਅਣਹੋਂਦ, ਅਰਾਜ, ਰਾਜ-ਰੌਲਾ, ਗੜਬੜ, ਹਫੜਾ-ਦਫੜੀ, ਖਰੂਦ.

anarthrous, *a.* : (ਕੀੜੇ ਦੇ ਅੰਗਾਂ ਬਾਰੇ) ਬੇਜੋੜ, ਬਿਨਾਂ ਜੋੜ ਦੇ.

anasarca, *n.* : ਜਲੋਧਰ (ਰੋਗ).

anasarcous, *a.* : ਜਲੋਧਰੀ.

anastatic, *a.* : ਉਭਰਵਾਂ, ਉਭਰਿਆ ਹੋਇਆ.

a. printing : ਉਭਰਵਾਂ ਛਾਪਾ, ਛਪਾਈ ਜੋ ਜਿਸਤ ਦੀ ਤਖ਼ਤੀ ਤੋਂ ਕੀਤੀ ਜਾਂਦੀ ਹੈ, ਜਿਸ ਉੱਤੇ ਅੱਖਰ ਉੱਭਰੇ ਹੋਏ ਹੁੰਦੇ ਹਨ.

anastomose, *v. i.* : ਨਾੜਿਆਂ ਦਾ ਮੇਲ ਕਰਨਾ.

anastomosis, *n.* : ਨਾੜਾ-ਮੇਲ, ਰੱਗ-ਜੋੜ; ਨਦੀਆਂ ਨਾੜਿਆਂ ਦਾ ਜਾਲ.

anathema, *n.* : ਮਜ਼ਹਬੀ ਰੋਕ, ਛੇਕ, ਸਰਾਪ, ਸਰਾਪੀ ਚੀਜ਼, ਫਿਟਕਾਰਤ (ਵਰਜਿਤ) ਸ਼ੈ, ਜੋ ਚੀਜ਼ ਮਨ੍ਹਾ ਹੋਵੇ, ਮਕਰੂਹ, ਬੁਰੀ ਸ਼ੈ, ਤੁਕੀਹਤ, ਫਿਟਕਾਰ, ਨਫ਼ਰਤ, ਲਾਨ੍ਹਤ, ਫਿਟਕਾਰ; ਤਨਖਾਹ (ਸਿੱਖਾਂ ਦਾ ਪੰਥਕ), ਛਿਕਟ, ਛੇਕ.

anathematize, *v. t. & i.* : ਸਰਾਪਣਾ, ਛੇਕਣਾ, ਫਿਟਕਾਰਨਾ, ਫਿਟਕਾਰ ਪਾਣੀ, ਫਿਕਾਰਨਾ, ਮਜ਼ਹਬੀ ਕਰਨੀ, ਵਿਵਰਜਿਤ ਠਾਣਨਾ, ਤਨਖਾਹ.

anatomical, *a.* : ਚੀਰ-ਫਾੜ ਸੰਬੰਧੀ; ਸਰੀਰਕ ਬਣਤਰ ਬਾਬਤ.

anatomically, *adv.* : ਚੀਰ-ਫਾੜ ਰਾਹੀਂ, ਸਰੀਰਕ ਪਰਖ ਦੁਆਰਾ.

anatomist, *n.* : ਸਰੀਰ-ਮਾਹਰ, ਚੀਰ-ਫਾੜ ਕਰਨ ਵਾਲਾ.

anatomize, *v. t.* : ਚੀਰ-ਫਾੜ ਕਰਨੀ, ਅੰਗ ਅੰਗ ਕਰਨਾ; ਵਿਸ਼ਲੇਸ਼ਣਾ; ਪਰਖਣਾ.

anatomy, *n.* : ਚੀਰ-ਫਾੜ, ਸਰੀਰਕ ਬਣਤਰ ਦੀ ਸਾਇੰਸ; (ਕਿਸੇ ਵਸਤੂ ਦੀ) ਪਰਖ, ਪੜਤਾਲ, ਪਿੰਜਰ, ਪਿੰਜਰ, ਜਿਸਮ ਦੇ ਜੋ ਸਿਰਫ਼ ਪਿੰਜਰ ਰਿਹਾ ਹੋਇਆ.

anatta, *n.* : ਅਲਤਾ; ਸੰਧੂਰੀ ਰੰਗ ਜਿਸ ਨਾਲ ਪਨੀਰ ਰੰਗਦੇ ਹਨ.

anbury, **amb-**, *n.* : ਪੋਲੀ ਰਸੌਲੀ ਜੋ ਘੋੜੇ ਜਾਂ ਪਸ਼ੂਆਂ ਨੂੰ ਹੋ ਜਾਂਦੀ ਹੈ; ਗੰਢ ਜਾਂ ਗਿਲ੍ਹਟੀ (ਸ਼ਲਗਮ ਆਦਿ ਦੀ ਬਿਮਾਰੀ).

-ance, *suf.* : ਭਾਵ-ਵਾਚਕ ਨਾਂਵ ਬਣਾਉਣ ਲਈ ਪਿਛੇਤਰ, ਜਿਵੇਂ assistance, ਮਦਦ, elegance, ਸੁਹਜ.

ancestor, *n.* : ਵਡੇਰਾ, ਵੱਡਾ-ਵਡੇਰਾ, ਬਜ਼ੁਰਗ, ਵਡਿੱਕਾ, ਪਿਉ-ਦਾਦਾ, ਪਿਤਾ-ਪਿਤਾਮਾ, ਪਿਤਰ.

ancestress, *n.* : ਵਡੇਰੀ, ਵਡੇਰੀ.

ancestral, *a.* : ਜੱਦੀ, ਪੁਸ਼ਤੀ, ਵਡਿਆਂ ਦੀ, ਖਾਨਦਾਨੀ, ਕੁਲ ਦਾ.

a. religion, ਕੁਲ-ਧਰਮ.

ancestry, *n.* : ਪਰਿਵਾਰ, ਕੁਲ, ਬੰਸ, ਖਾਨਦਾਨ, ਵੱਡੇ ਵਡੇਰੇ, ਜੱਦ, ਪਿਛੋਕੜ, ਨਸਲ.

anchithere, *n.* : ਘੋੜ-ਮੁੱਢੀ, ਤੀਜੇ ਦੌਰ ਦੇ ਸਮੇਂ ਦਾ ਇਕ ਜਾਨਵਰ ਜਿਸ ਦੇ ਖਲ-ਚਾਏ ਪਿੰਜਰ ਧਰਤੀ ਚੋਂ ਲਭਦੇ ਹਨ ਅਤੇ ਜਿਸ ਨੂੰ ਘੋੜਿਆਂ ਦਾ ਵਡੇਰਾ ਖਿਆਲ ਕੀਤਾ ਜਾਂਦਾ ਹੈ.

anchor, *n.* : ਲੰਗਰ (ਜਹਾਜ਼ ਦਾ), ਸਹਾਰਾ, ਢਾਰਸ, ਆਸਰਾ, ਭਰੋਸਾ, ਆਸ.

sheet-a. ਵੱਡਾ ਲੰਗਰ.

bower-a. : ਵਿਚਕਾਰਲਾ ਲੰਗਰ.

kedge-a. : ਛੋਟਾ ਲੰਗਰ.

a. plate : ਲੰਗਰੀ ਚਾਦਰ, ਲੱਕੜ ਜਾਂ ਧਾਤ ਦਾ ਵਜ਼ਨੀ ਫੱਟਾ ਜਿਸ ਨਾਲ ਝੂਲੇ ਪੁਲ ਦੀਆਂ ਤਾਰਾਂ ਨੂੰ ਸਹਾਰਾ ਦਿੱਤਾ ਹੁੰਦਾ ਹੈ.

a.-watch : ਪਹਿਰਾ (ਜੋ ਖੜੋਤੇ ਜਹਾਜ਼ ਤੇ ਲਾਇਆ ਜਾਂਦਾ ਹੈ).

at a. : ਖੜੋਤਾ (ਜਹਾਜ਼), ਲੰਗਰ ਸੁੱਟਿਆ ਹੋਇਆ, ਲੰਗਰ-ਬੱਧਾ.

come to an a. : ਲੰਗਰ ਸੁੱਟਣਾ, (ਜਹਾਜ਼ ਦਾ) ਖਲੋ ਜਾਣਾ.

weigh a. : ਲੰਗਰ ਚੁਕ ਲੈਣਾ, ਜਹਾਜ਼ ਨੂੰ ਤੋਰਨਾ.

anchor, *v. t. & i.* : ਲੰਗਰ ਸੁਟਣਾ, ਠਹਿਰਨਾ; ਕੱਸ ਕੇ ਬੰਨ੍ਹਣਾ, ਜਕੜਨਾ, ਡੇਰਾ ਕਰਨਾ.

anchorage, *n.* : ਲੰਗਰ ਘਰ, ਲੰਗਰ-ਘਰਦੇ ਥਾਂ; ਲੰਗਰ-ਮਹਸੂਲ, ਜਿਥੇ ਲੰਗਰ ਸੁਟਿਆ ਜਾਵੇ, ਸਹਾਰਾ, ਅਮਨ, ਉਮੀਦ, ਲੰਗਰ-ਸਥਾਨ ਦੇ ਵਰਤਣ ਦਾ ਮਹਸੂਲ, ਲੰਗਰ ਭਾੜਾ.

anchoress, **ancress** *n.* : ਤਪਸਣੀ, ਬੈਰਾਗਣ, ਸੰਨਿਆਸਣ, ਜੋਗਣ, ਇਕੱਲਵਾਸਣ, ਫ਼ਕੀਰਨੀ.

anchoret, **-ite**, *n.* : ਸਾਧੂ, ਬੈਰਾਗੀ, ਸੰਨਿਆਸੀ, ਜੋਗੀ, ਇਕੱਲਵਾਸ, ਫ਼ਕੀਰ, ਇਕਾਂਤੀ.

anchovy (*also* anchov-), *n.* : ਹੈਰਿੰਗ ਦੀ ਕਿਸਮ ਦੀ ਛੋਟੀ ਮੱਛੀ.

a. pear : ਪਛਮੀ ਹਿੰਦੁਸਤਾਨ ਦਾ ਇਕ ਫਲ ਜੋ ਅੰਬ ਵਾਂਗੂ ਚੂਪਿਆ ਜਾਂਦਾ ਹੈ.

a.-paste, **a.-sauce**, **a.-toast** : ਐਂਚੋਵੀ ਚਿਟਨੀ, ਚਟਣੀ, ਤਰੀ.

anchylose, *v. t. & i.* : (ਜੋੜਾਂ, ਹੱਡੀਆਂ ਆਦਿ ਬਾਰੇ) ਜੋੜਨਾ, ਅਕੜਾਉਣਾ, ਜੁੜ ਜਾਣਾ, ਆਕੜ ਜਾਣਾ.

anchylosis, *n.* : ਜੋੜ ਦਾ ਆਕੜ ਜਾਣਾ, ਅਕੜਨ.

ancien regime (F.), *n.* : ਫ਼ਰਾਂਸ ਦੇ ਮਹਾਂ-ਇਨਕਲਾਬ ਤੋਂ ਪਹਿਲਾਂ ਦੀ ਅਮਲਦਾਰੀ, ਇਨਕਲਾਬੀ ਦੌਰ ਤੋਂ ਪਹਿਲਾਂ ਦਾ ਸਮਾਂ, ਸੰਨ ੧੭੮੯ ਤੋਂ ਪਹਿਲਾਂ.

ancient, *a.* : ਪੁਰਾਣਾ, ਕਦੀਮੀ, ਪੁਰਾਤਨ, ਪਰਾਚੀਨ, ਪੁਰਾਣਾ, ਪਰੰਪਰਾ ਦਾ; ਚਿਰਕਾ, ਚਿਰਾਂ ਦਾ, ਅਗਲੇ ਦਿਨਾਂ ਦਾ, ਜਾਣਕਾਰੀ.

a. lights : ਇਮਾਰਤੀ ਬਾਰੀ, ਚਿਰਾਂ ਤੋਂ ਰਖਾ ਗਈ ਦਾ ਰੋਸ਼ਨਦਾਨ ਜਾਂ ਬਾਰੀ ਜਿਸ ਨੂੰ ਗਵਾਂਢੀ ਆਪਣੇ ਵਲ ਉਸਾਰੀ ਕਰ ਕੇ ਨਹੀਂ ਰੋਕ ਸਕਦਾ.

The A. of Days : ਆਦਿ ਪੁਰਖ, ਰੱਬ, ਪਰਮੇਸ਼ਰ.

the ancients : ਪੁਰਾਣੇ ਸਮੇਂ ਦੇ ਲੋਕ, ਅਗਲੇ ਲੋਕ.

anciently, *adv.* : ਪੁਰਾਤਨ ਢੰਗ ਅਤੇ.

ancientness, *n.* : ਪੁਰਾਤਨਤਾ.

ancient, *n.* : ensign ਤੋਂ ਵਿਗੜਿਆ ਹੋਇਆ, ਦੇਖ ensign.

ancientry, *n.* : ਪੁਰਾਤਨਤਾ, ਸਨਾਤਨਤਾ; ਪੁਰਾਣੀ ਤਰਜ਼ ਜਾਂ ਢੰਗ.

ancillary, *a.* : ਸਹਾਇਕ, ਅਧੀਨ, ਨਾਲ ਲਗਦਾ.

ancle : ਵੇਖੋ ankle.

ancon, *n.* : ਅਰਕ, ਕੁਹਣੀ; (ਇਮਾਰਤ) ਸਹਾਰਾ, ਕਾਰਨਸ, ਕੰਧ ਦੀ ਬਾਹਰ ਜਾਂ ਢੁਕ ਜਿਸ ਉਤੇ ਕਾਰਨਸ ਟਿਕੀ ਹੁੰਦੀ ਹੈ.

a. sheep : ਵੱਡੀ ਭੇਡ.

-ancy, *suf.* : ਪਿਛੇਤਰ ਜੋ -ance ਵਾਂਗ ਭਾਵ-ਵਾਚੀ ਨਾਂਵ ਬਣਾਉਣ ਲਈ ਵਰਤੀਂਦੀ ਹੈ.

and, *conj.* : ਅਤੇ, ਤੇ.

eat a. drink : ਖਾਓ ਪੀਓ.

heaps a. heaps : ਢੇਰਾਂ ਦੇ ਢੇਰ (and = ਬੇਗਿਣਤ).

There are friends a. friends : ਦੋਸਤ ਕਈ ਕੈਸੇ ਹੁੰਦੇ ਹਨ ਕੋਈ ਐਸੇ (and = ਭਾਂਤ ਭਾਂਤ ਦੇ).

move your lips and you are a dead man : ਬੋਲਿਆ ਕਿ ਮੋਇਆ (and = ਕਿ).

try a. read : ਪੜ੍ਹਨ ਦੀ ਕੋਸ਼ਸ਼ ਕਰੋ.

two a. two : ਦੋ ਦੋ ਕਰਕੇ (and = ਕਰਕੇ).

andante (It.), *adv. & n.* : (ਸੰਗੀਤ) ਧੀਮੇ ਤਾਲ ਨਾਲ, ਧੀਮੀ ਚਾਲ.

andantino [It], *adv.* & *n.* : (ਸੰਗੀਤ) ਧੀਰ ਤੇਜ਼.

andiron, *n.* : ਅੰਗੀਠ-ਟੇਕ, ਧੂਣੇ ਦੀ ਚੀੜ.

androecium, *n.* : (ਬਨਸਪਤੀ) ਨਰ-ਦਲ.

androgynous, *a.* : ਨਰ-ਮਦੀਨੇ, ਦੁਲਿੰਗਾ.

androgyny, *n.* : ਨਰ-ਮਦੀਨ, ਦੁਲਿੰਗਤਾ.

-ane, *suf.* : ਪਿਛੇਤਰ -an ਦਾ ਦੂਜਾ ਰੂਪ, ਜੋ ਵਿਸ਼ੇਸ਼ਣ ਬਣਾਉਣ ਲਈ ਵਰਤਿਆ ਜਾਂਦਾ ਹੈ; ਜਿਵੇਂ urbane, ਸ਼ਹਿਰੀ; humane, ਤਰਸਵਾਨ. (ਰਸਾਇਣ) ਹਾਈਡਰੋਕਾਰਬਨ ਦੀਆਂ ਕਿਸਮਾਂ ਦੇ ਨਾਂ ਬਣਾਉਣ ਲਈ -ene,-ine,-one ਵਾਂਗ ਵਰਤੀਂਦਾ ਹੈ.

anecdotage, *n.* : ਕਿੱਸੇ-ਕਹਾਣੀਆਂ, ਕਥਾ-ਕਹਾਣੀਆਂ, ਗਲਾਂਦੀਆਂ; (ਹਾਸ) ਜਾਲਤੀ ਗਪੌੜ.

anecdote, *n.* : ਕਹਾਣੀ, ਕਥਾ, ਕਿੱਸਾ, ਹਕਾਇਤ; ਸਾਖੀ, ਸਾਖੀ-ਪਰਮਾਣ, ਪ੍ਰਸੰਗ.

anecdotal, **anecdotical**, *a.* : ਹਕਾਇਤੀ, ਕਹਾਣੀ ਰੂਪ, ਕਹਾਣੀਤੀ.

anecdotist, *n.* : ਕਥਾਕਾਰ, ਕਿੱਸਾਕਾਰ, ਕਹਾਣੀਕਾਰ, ਕਥਾਵਾਚਕ.

anele, *v. t.* : ਤੇਲ ਮਲਨਾ (ਸੰਸਕਾਰ ਵਜੋਂ), ਜਿਵੇਂ ਰੋਮਨ ਕੈਥੋਲਿਕ ਈਸਾਈ ਮਰਨ ਵੇਲੇ ਪ੍ਰਾਣੀ ਦੇ ਸਿਰ ਤੇ ਤੇਲ ਮਲਦੇ ਹਨ.

anemograph, *n.* : ਪੌਣ-ਲੇਖ, ਕਾਗਜ਼ ਉੱਤੇ ਹਵਾ ਦਾ ਰੁਖ ਤੇ ਦਬਾਉ ਲਿਖ ਦਸਣ ਵਾਲਾ ਜੰਤਰ.

anemographic, *a.* : ਪੌਣ-ਲੇਖਕੀ, ਪੌਣ-ਲੇਖ ਬਾਰੇ.

anemometer, *n.* : ਪੌਣ-ਮਾਪਕ, ਵਾ-ਮਾਪ.

anemometric, *a.* : ਪੌਣ-ਮਾਪ ਬਾਰੇ.

anemometry, *n.* : ਵਾਤੇ ਵਿਚ ਪੌਣ ਦਾ ਦਬਾਉ ਦਸਣ ਵਾਲਾ ਜੰਤਰ.

anemone, *n.* : ਇਕ ਫੁੱਲਦਾਰ ਬੂਟਾ.

Sea a. : ਇਕ ਸਮੁੰਦਰੀ ਫੁੱਲ.

anemophilous, *a.* : ਪੌਣ-ਜਾਇਆ, ਪੌਣ-ਪਰਾਗ.

anent, *prep.* : (ਅਪ੍ਰਚਲਤ) ਬਾਰੇ, ਸੰਬੰਧੀ, ਬਾਬਤ.

-aneous, *suf.* : ਵਿਸ਼ੇਸ਼ਣ ਬਣਾਉਣ ਲਈ ਪਿਛੇਤਰ.

aneroid (barometer), *a.* & *n.* : ਵਾ-ਦਾਬ-ਮਾਪਕ.

anethum sowa, *n.* : ਸੋਏ. See dill, *also* fennel.

aneurysm, **-ism**, *n.* : ਨਾੜੀ ਦਾ ਅਸਧਾਰਨ ਫੁਲਾਉ, ਅਸਾਧਾਰਨ ਫੈਲਾਅ ਜਾਂ ਵਿਗਾੜ.

aneurysmal, **-ismal**, *a.* : ਫੁਲਾਉ, ਫੈਲਾਅ ਜਾਂ ਵਿਗਾੜ ਸੰਬੰਧੀ.

anew, *adv.* : ਨਵੇਂ ਸਿਰਿਓਂ, ਫਿਰ ਮੁੜ ਕੇ, ਵੇਰ, ਦੂਜੀ ਵਾਰ, ਮੁੜ ਮੁੜ; ਹੋਰ ਤਰ੍ਹਾਂ.

anfractuosity, *n.* : ਵੱਲ-ਛਲ, ਵੱਲਦਾਰੀ, ਪੇਚ-ਦਾਰ, ਵੱਲਦਾਰ ਰਸਤਾ, ਪੇਚਦਾਰ ਗੱਲ.

angary, *n.* : (ਕਾਨੂੰਨ) ਜੰਗੀ ਲੋੜ ਵੇਲੇ ਨਿਰਪੱਖ ਦੇਸਾਂ ਦੀ ਮਲਕੀਅਤ ਉੱਤੇ ਕਬਜ਼ਾ ਕਰ ਲੈਣ ਜਾਂ ਤਬਾਹ ਕਰ ਦੇਣ ਦਾ ਹੱਕ.

angel, *n.* : ਫ਼ਰਿਸ਼ਤਾ, ਦੇਵਤਾ, ਅਸਮਾਨੀ ਜੀਵ, ਸੋਹਣਾ ਜਾਂ ਭੋਲਾ ਪੁਰਸ਼, ਇਕ ਪੁਰਾਣਾ ਅੰਗਰੇਜ਼ੀ ਸਿੱਕਾ.

a. of death, : ਮੌਤ ਦਾ ਫ਼ਰਿਸ਼ਤਾ; ਅਜ਼ਰਾਈਲ, ਮਲਕੁਲਮੌਤ, ਜਮਦੂਤ.

a.-fish : ਇਕ ਤਰ੍ਹਾਂ ਦੀ ਸ਼ਾਰਕ ਮੱਛੀ.

angelic, *a.* : ਦੈਵੀ, ਦੇਵਤਾ-ਸਰੂਪ, ਦੈਵੀ ਗੁਣਾਂ ਵਾਲਾ.

A. Doctor : ਥਾਮਸ ਐਕੁਈਨਾਸ (Thomas Aquinas).

angelical, *a.* : ਦੈਵੀ, ਦੇਵਤਾ-ਸਰੂਪ, ਦੇਵਤਿਆਂ ਵਰਗਾ.

angelically, *adv.* : ਫ਼ਰਿਸ਼ਤਿਆਂ ਦੀ ਤਰ੍ਹਾਂ, ਦੇਵਤਿਆਂ ਵਾਂਗ.

angelica, *n.* : ਇਕ ਖੁਸ਼ਬੂਦਾਰ ਬੂਟੀ ਜੋ ਦਵਾਈਆਂ ਵਿਚ ਪੈਂਦੀ ਹੈ, ਇਸ ਦੀ ਜੜ ਦੇ ਮਸਾਲੇ.

angelolatry, *n.* : ਦੇਵ-ਪੂਜਾ, ਫ਼ਰਿਸ਼ਤਾ-ਪ੍ਰਸਤੀ.

angelology, *n.* : ਦੇਵ-ਵਿਦਿਆ; ਦੇਵ-ਮਨੌਤ.

angelus, *n.* : ਉਹ ਉਪਾਸਨਾ ਜੋ ਰੋਮਨ ਕੈਥੋਲਿਕ ਪੁਜਾਰੀ ਹਜ਼ਰਤ ਈਸਾ ਦੇ ਅਵਤਾਰ ਦੀ ਯਾਦ ਵਿਚ ਸਵੇਰੇ, ਦੁਪਹਿਰੇ ਤੇ ਸ਼ਾਮ ਵੇਲੇ ਘੰਟੀ ਵਜਾ ਕੇ ਕਰਦੇ ਹਨ; ਅਵਤਾਰ-ਉਪਾਸਨਾ.

anger, *n.* : ਕ੍ਰੋਧ, ਗੁੱਸਾ, ਰੋਸ, ਖਫ਼ਗੀ, ਤਪਾਵਣੀ, ਕ੍ਰੋਧੀ (ਕਿਸੇ ਫੱਟ ਵਗੈਰਾ); ਰੋਸ, ਖਿਝ, ਤਾਅ, ਰਾਜ਼.

anger, *v. t.* : ਕ੍ਰੋਧ ਚੜ੍ਹਾਉਣਾ, ਗੁੱਸੇ ਕਰਨਾ, ਭੜਕਾਉਣਾ.

angina, *n.* : ਖੁਨਾਕ, ਗਲੇ ਦਾ ਰੋਗ, ਗਲ-ਰੋਗ.

a. *pectoris* : ਛਾਤੀ ਦੀ ਦਰਦ (ਜੋ ਦਿਲ ਦੀ ਕਮਜ਼ੋਰੀ ਕਰਕੇ ਬਹੁਤ ਕੰਮ ਕਰਨ ਨਾਲ ਹੋ ਜਾਂਦੀ ਹੈ).

angle, *n.* : ਕੋਣ (ਦੋ ਲੀਕਾਂ ਜਾਂ ਪਧਰਾਂ ਵਿਚਲੀ ਨੁਕਰ), ਕੋਨਾ, ਦੋ ਮਿਲਦੀਆਂ ਲੀਕਾਂ ਦਾ ਪਰਸਪਰ ਝੁਕਾਉ; ਦ੍ਰਿਸ਼ਟੀ-ਕੋਣ.

acute a. : ਤਿੱਖਾ ਕੋਣ (ਸੱਜ ਕੋਣੋਂ ਤੋਂ ਘਟ ਦਾ ਕੋਣ).

adjacent a. : ਗੁਆਂਢੀ ਕੋਣ.

alternate a. : ਬਦਲਵਾਂ ਕੋਣ.

arms of an a. : ਕੋਣ ਦੀਆਂ ਭੁਜਾਵਾਂ.

bisect an a. : ਦੋ-ਟੁਕ ਕਰਨਾ ਕੋਣ ਨੂੰ.

complementary a. : ਪੂਰਕ ਕੋਣ.

consecutive a. : ਉਪਰੰਤਲ ਕੋਣ, ਨਾਲਦੇ ਕੋਣ.

corresponding a. : ਅਨੁਸਾਰੀ ਕੋਣ, ਸੰਗਾਮੀ ਕੋਣ.

obtuse a. : ਚੌੜਾ ਕੋਣ, ਅਧਿਕ ਕੋਣ.

a. of depression : ਨਿਵਾਣ ਦਾ ਕੋਣ.

dihedral a. : ਦੋ-ਤਲਾ ਕੋਣ.

a. of elevation : ਉਚਾਣ ਦਾ ਕੋਣ.

external a. : ਬਾਹਰਲਾ ਕੋਣ.

internal a. : ਅੰਦਰਲਾ ਕੋਣ.

angle of inclination : ਢਾਲ ਕੋਣ.

opposite a. : ਸਾਮ੍ਹਣਾ ਕੋਣ.

right a. : ਸੱਜਾ ਕੋਣ, ਸਮ ਕੋਣ.

spherical a. : ਗੁਲਾਈਦਾਰ ਕੋਣ.

supplementary a. : ਸੰਪੂਰਕ ਕੋਣ.

vertex of an a. : ਕੋਣ ਦੀ ਨੋਕ.

a.-iron : ਕੁਹਣੀ, ਲੋਹੇ ਦੀ ਕੋਣਦਾਰ ਪੱਤੀ ਜੋ ਛੱਤ ਆਦਿ ਦੀਆਂ ਗੁੱਠਾਂ ਨੂੰ ਪੱਕਾ ਕਰਨ ਲਈ ਵਰਤੀ ਜਾਂਦੀ ਹੈ.

a.-wise : ਕੋਣਵੇਂ ਰੁਖ ਨਾਲ, ਨੁਕਰ ਵਲ ਦੇ.

-angled, *a.* : -ਕੋਣਾ, -ਨੁਕਰਾ.

angle, *v. i.* & *n.* : ਕੁੰਡੀ, ਕੁੰਡੀ ਲਾਉਣੀ, ਕੁੰਡੀ ਨਾਲ ਮੱਛੀਆਂ ਫੜਨੀਆਂ; ਚਲਾਕੀ ਦਾ ਜਤਨ ਕਰਨਾ.

Angle, *n.* : ਇਕ ਜਰਮਨ ਕਬੀਲਾ (ਐਂਗਲਾਂ ਦੇ ਟੋਟਿਆਂ ਵਿਚੋਂ) ਜੋ ਇੰਗਲੈਂਡ ਦੇ ਮੱਧ ਅਤੇ ਉੱਤਰੀ ਇਲਾਕੇ ਵਿਚ ਜਾ ਵਸਿਆ.

angler, *n.* : ਕੁੰਡੀ ਨਾਲ ਮੱਛੀਆਂ ਫੜਨ ਵਾਲਾ; (ਜੀਵ-ਵਿਗਿਆਨ) ਡੱਡੂ ਮੱਛੀ, ਮਿਰਗਾਲੋ ਮੱਛੀ, ਯੂਰਪੀ ਸਮੁੰਦਰਾਂ ਦਾ ਇਕ ਜੀਵ ਜੋ ਛੋਟਿਆਂ ਜੀਵਾਂ ਨੂੰ ਆਪਣੇ ਗਲੇ ਤੇ ਸਿਰ ਦੀ ਲਾਲੀ ਨਾਲ ਫਸਾ ਕੇ ਸ਼ਿਕਾਰ ਕਰ ਲੈਂਦਾ ਹੈ.

Anglic, *n.* : ਇਕ ਸੌਖੀ ਹੱਜ ਵਾਲੀ ਅੰਗ੍ਰੇਜ਼ੀ ਜਿਹੜੀ ਪ੍ਰੋਫੈਸਰ ਜ਼ੈਕਰੀਸਨ ਨੇ ਜਗਤ-ਭਾਸ਼ਾ ਬਣਾਉਣ ਲਈ ਪੇਸ਼ ਕੀਤੀ ਸੀ.

Anglican, *a.* : ਇੰਗਲੈਂਡੀ, ਇੰਗਲਿਸਤਾਨ ਦਾ ਪ੍ਰੋਟੈਸਟੈਂਟ, ਇੰਗਲਿਸਤਾਨ ਦੀ ਸੁਧਾਰਕ ਸੰਪ੍ਰਦਾ ਦਾ ਅਨੁਯਾਈ.

Anglicanism, *n.* : ਇੰਗਲਿਸਤਾਨੀ ਮਤ.

Anglice [L.], *adv.* : ਅੰਗ੍ਰੇਜ਼ੀ ਵਿਚ, ਅੰਗ੍ਰੇਜ਼ੀ ਢੰਗ ਨਾਲ.

Anglicism, *n.* : ਅੰਗ੍ਰੇਜ਼ੀਅਤ; ਅੰਗ੍ਰੇਜ਼ੀ ਮੁਹਾਵਰਾ, ਅੰਗ੍ਰੇਜ਼ੀ ਤਰ੍ਹਾਂ.

Anglicise, *v. t.* : ਸ਼ਬਦ, ਮੁਹਾਵਰੇ ਜਾਂ ਸੁਭਾ ਵਿਚ ਅੰਗ੍ਰੇਜ਼ੀ ਬਣਾ ਲੈਣਾ; ਅੰਗ੍ਰੇਜ਼ੀ ਤਰ੍ਹਾਂ ਦੇਣੀ.

Anglo- : (ਸਮਾਸਾਂ ਵਿਚ ਅਗੇਤਰ) ਅੰਗ੍ਰੇਜ਼ੀ, ਇੰਗਲਿਸਤਾਨੀ, ਜਿਵੇਂ **A.-Panjabi**

Dictionary, ਅੰਗ੍ਰੇਜ਼ੀ-ਪੰਜਾਬੀ ਕੋਸ਼, ਆਕਸਫੋਰਡ-ਪੰਜਾਬੀ ਕੋਸ਼; ਅੰਗ੍ਰੇਜ਼ੀ ਨਸਲ ਦਾ; ਜਿਵੇਂ Anglo-Indian; ਐਂਗਲੋ-ਭਾਰਤੀ, ਜਿਸਦਾ ਅੰਗ੍ਰੇਜ਼ ਤੇ ਮਾਂ ਹਿੰਦੀ.

Anglomania, *n.* : ਅੰਗ੍ਰੇਜ਼-ਭਗਤੀ, ਅੰਗ੍ਰੇਜ਼-ਪ੍ਰਸਤੀ, ਅੰਗ੍ਰੇਜ਼ਪਣੇ ਦਾ ਸ਼ੌਕ.

Anglophobia, *n.* : ਅੰਗ੍ਰੇਜ਼ੀ ਤੋਂ ਨੱਫਰਤ, ਡਰ ਜਾਂ ਘਿਰਣਾ; ਅੰਗ੍ਰੇਜ਼-ਵਿਰੋਧ.

Anglo-Saxon, *n.* & *a.* : ਅੰਗ੍ਰੇਜ਼ੀ [illegible], ਉਹ [illegible] ਕੌਮ ਜਿਹੜੀ [illegible] ਵਿਚ ਆ ਵਸੀ, ਪੁਰਾਤਨ ਅੰਗ੍ਰੇਜ਼ੀ (ਐਂਗਲੋ ਜਾਂ ਸੈਕਸਨ) ਤੇ [illegible] ਤੋਂ ਪਹਿਲੋਂ ਪ੍ਰਚਲਤ ਸੀ; ਅੰਗ੍ਰੇਜ਼ੀ ਨਸਲ ਦਾ.

Anglo-Saxondom, *n.* : ਐਂਗਲੋ-ਸੈਕਸਨ ਨਸਲ ਜਾਂ ਦੇਸ਼.

Anglo-Saxonism, *n.* : ਐਂਗਲੋ-ਸੈਕਸਨ [illegible] ਦਾ ਵਰਤਣ.

angola, angora, *n.* : [illegible] ਦੀ ਬੱਕਰੀ ਦੀ ਉੱਨ ਦਾ ਬਣਿਆ ਕਪੜਾ, [illegible].

a. cat : ਲੰਮੀ ਉੱਨ ਵਾਲੀ ਬਿੱਲੀ, ਅੰਗੋਰਾ ਬਿੱਲੀ, ਲੰਮੇ ਵਾਲਾਂ ਵਾਲੀ ਬਿੱਲੀ.

angostura, angus-, *n.* & *a.* : ਇਕ ਰੁੱਖ ਦੀ ਛਿੱਲ ਜੋ ਤਪ ਦੇ [illegible] ਦੂਰ ਕਰਨ ਲਈ ਵਰਤੀ ਜਾਂਦੀ ਹੈ.

angry, *a.* : ਗੁੱਸੇ, ਨਰਾਜ਼, ਖਫ਼ਾ, ਕ੍ਰੋਧਵਾਨ, [illegible], ਤੜਿੰਗ; (ਜ਼ਖ਼ਮ ਬਾਰੇ) ਦੁਖਦਾ.

angrily, *adv.* : ਗੁੱਸੇ ਨਾਲ, ਰੋਹ ਨਾਲ, [illegible].

anguine, *a.* : ਸੱਪ ਵਾਂਗੂ, ਸੱਪ ਵਰਗਾ.

anguish, *n.* : ਦਰਦ, ਪੀੜ (ਮਾਨਸਿਕ ਜਾਂ ਸਰੀਰਕ), ਦੁਖ, ਕਲੇਸ਼, ਸੰਤਾਪ.

angular, *a.* : ਕੋਣਦਾਰ, [illegible], ਨੁਕਰੀ, ਕੋਣੀ, [illegible], ਜਿਸਦੇ ਕੋਣ ਹੋਣ, ਜਿਥੇ ਮੋੜ ਵਾਲਾ (ਰਸਤਾ), ਕੋਣ ਬਣਾਂਦਾ ਹੋਇਆ, ਹੱਡੀਆਂ ਨਿਕਲੀਆਂ ਹੋਈਆਂ; ਪਤਲਾ, ਲਿੱਸਾ; [illegible], ਅੱਖੜ, ਕਰੂਰਾ, [illegible].

a. distance : ਕੋਣਕੀ ਵਿੱਥ.

angularity, *n.* : ਕੋਣਦਾਰੀ, [illegible].

angularly, *adv.* : ਕੋਣਦਾਰ ਤੌਰ, [illegible].

angulate, *a.* : ਕੋਣਾਂ ਜਾਂ ਨੁਕਰਾਂ ਦਾ ਬਣਿਆ.

angulate, *v. t.* : ਕੋਣਦਾਰ ਬਣਾਉਣਾ, [illegible].

angulation, *n.* : [illegible], ਕੋਣਦਾਰ ਬਣਤਰ.

angusti- : (ਸਮਾਸਾਂ ਵਿਚ) ਤੰਗ.

angustiFOLIATE : ਤੰਗ ਪੱਤੀਆਂ.

angustiROSTRATE : ਤੰਗ-ਚੁੰਝ.

anhydrous, *a.* : [illegible], ਜਲ ਹੀਣ, ਖੁਸ਼ਕ.

anigh, *adv.* & *prep.* : ਨੇੜੇ, ਕੋਲ ਹੀ, ਲਾਗੇ, ਪਾਸ.

anil, *n.* : ਨੀਲ ਬੂਟਾ ਅਤੇ ਰੰਗ.

anile, *a.* : ਬੁੱਢੀ ਵਾਂਗ, [illegible], ਬੁੱਢ, ਸਠਿਆਇਆ ਹੋਇਆ, [illegible].

aniline, *n.* : ਐਨਲੀਨ, [illegible], ਇਕ ਰਸਾਇਣੀ [illegible] ਜਿਸ ਤੋਂ ਕਈ ਰੰਗ ਬਣਦੇ ਹਨ; ਪਹਿਲਾਂ ਇਹ ਨੀਲ ਤੋਂ ਕਿਆ ਜਾਂਦਾ ਸੀ, ਹੁਣ [illegible] ਤੋਂ.

anility, *n.* : ਬੁਢਿਆਪਾ, ਸਠਿਆ-ਜਾਣ ਹੋਣਾ.

animadversion, *n.* : ਅਲੋਚਨਾ, ਨੁਕਤਾਚੀਨੀ; [illegible], ਸ਼ਿਕਾਇਤ.

animadvert, *v. t.* : ਅਲੋਚਨਾ, ਪਤਚੋਲ ਕਰਨੀ; ਇਤਰਾਜ਼ ਕਰਨਾ, [illegible]; [illegible], [illegible], ਤ੍ਰਿਸਕਾਰਨਾ.

animal, *n.* & *a.* : ਜੀਵ, ਜਾਨਦਾਰ; ਜਾਨਵਰ, ਪਸ਼ੂ, [illegible], ਢੋਰ, [illegible], ਪਸ਼ੂ-ਬਿਰਤੀ ਵਾਲਾ, [illegible]; ਪਸ਼ੂਆਂ ਸੰਬੰਧੀ, ਸਰੀਰਕ, ਇੰਦ੍ਰਿਆਵੀ.

a. food : [illegible].

a. heat : ਸਰੀਰਕ ਗਰਮੀ.

a. husbandry : ਪਸ਼ੂ-ਪਾਲਣ.

a. kingdom : ਜੀਵ ਜੰਤੂ, ਸਜੀਵ ਜਗਤ.

a. magnetism : ਸਰੀਰਕ ਖਿੱਚ, ਵਿਰੋਧੀ ਖਿੱਚ.

a. spirits : ਖੁਸ਼-ਦਿਲੀ, ਕੁਦਰਤੀ ਚਾਉ, ਜੋਸ਼.

animally, *adv.* : ਪਸ਼ੂਆਂ ਵਾਂਗ.

animalcule, *n.* : ਅਣੂ-ਜੀਵ, ਸੂਖਮ ਜੀਵ, [illegible] ਕੀੜਾ, ਜੰਤੂ.

animalculism, *n.* : ਅਣੂ-ਜੀਵ ਵਾਦ, ਸਜੀਵੀ ਘਟਨਾਵਾਂ ਨੂੰ [illegible] (ਅਣੂ-ਜੀਵਾਂ) ਦਾ ਸਿੱਟਾ ਸਮਝਣ ਵਾਲਾ ਸਿਧਾਂਤ.

animalculist, *n.* : ਅਣੂ-ਜੀਵ-ਵਾਦੀ.

animalism, *n.* : ਪਸ਼ੂਪੁਣਾ, [illegible]; [illegible], ਇਹ ਸਿਧਾਂਤ ਕਿ ਮਨੁੱਖ ਸਿਰਫ ਪਸ਼ੂ ਹਨ.

animality, *n.* : ਪਸ਼ੂ-ਪ੍ਰਕਿਰਤੀ, ਪਸ਼ੂ-ਬਿਰਤੀ, ਪਸ਼ੂ-ਸੁਭਾਅ, ਪਸ਼ੂ-ਵਰਤਾਰ; ਨਿਰਾ ਪਸ਼ੂਪੁਣਾ; ਜੀਵ-ਸ਼੍ਰੇਣੀ, ਜੀਵ-ਸੰਸਾਰ.

animalize, *v. t.* : ਪਸ਼ੂ ਬਣਾਉਣਾ, ਪਸ਼ੂ-ਵਤ ਬਣਾਉਣਾ, ਪਸ਼ੂ-ਬਿਰਤੀਆਂ ਵਧਾਉਣਾ; ਭੋਗ-ਬਿਰਤੀ ਜਗਾਉਣੀ.

animate, *a.* : ਜਾਨਦਾਰ, ਜੀਉਂਦਾ, ਸਜੀਵ; [illegible], [illegible], ਖੁਸ਼-ਦਿਲ.

animate, *v. t.* : ਜਿਵਾਉਣਾ, ਜਿੰਦ ਪਾਉਣੀ, ਜਿੰਦ ਪਾ ਦੇਣੀ; ਦਿਲਾਸਾ ਦੇਣੀ, ਉਤਸ਼ਾਹ ਦੇਣਾ, [illegible], [illegible], [illegible] ਦੇਣੀ.

animated discussion : ਗਰਮਾ-ਗਰਮ ਬਹਿਸ.

animatedly, *adv.* : ਜੋਸ਼ ਨਾਲ.

animation, *n.* : ਜੋਸ਼, [illegible], [illegible].

animator, *n.* : [illegible], [illegible], ਉਤਸ਼ਾਹਕ, [illegible] ਪਾ ਦੇਣ ਵਾਲਾ.

animism, *n.* : ਆਤਮ-ਵਾਦ, ਇਹ ਸਿਧਾਂਤ ਕਿ [illegible] ਹਰ [illegible] ਨੂੰ ਚਲਾਂਦਾ ਹੋਇਆ ਹੈ, ਇਹ ਸਿਧਾਂਤ ਕਿ [illegible] ਪਦਾਰਥ ਵਿਚ ਵੀ ਜਿੰਦ ਹੈ; ਆਤਮ-ਵਿਸ਼ਵਾਸ.

animist, *n.* : ਆਤਮ ਵਿਸ਼ਵਾਸੀ, [illegible] ਨੂੰ ਮੰਨਣ ਵਾਲਾ, [illegible] ਜੀਵਾਂ ਨੂੰ ਆਤਮਾ ਵਾਲੀ ਸਮਝ ਕੇ ਪੂਜਣ ਵਾਲਾ.

animistic, *a.* : ਆਤਮ-ਪੂਜਾ ਦੀ ਸੰਬੰਧ ਵਾਲਾ.

animosity, *n.* : ਵੈਰ, ਦੁਸ਼ਮਣੀ, ਵਿਰੋਧ.

animus, *n.* : [illegible], ਵੈਰ.

anion, *n.* : [illegible].

anise, *n.* : [illegible] ਦਾ ਪੌਦਾ.

aniseed, *n.* : ਸੌਂਫ ਦੇ ਦਾਣੇ, ਸੌਂਫ.

anisette, *n.* : ਸੌਂਫ਼ੀ ਸ਼ਰਾਬ.

aniso- : (ਸਮਾਸਾਂ ਵਿਚ) ਨਾ-ਬਰਾਬਰ, ਬੇਮੇਲ, ਅਸਮਾਨ, ਜਿਵੇਂ anisosthenic, ਨਾ-ਬਰਾਬਰ ਤਾਕਤ ਵਾਲਾ, ਬੇਮੇਲ ਸ਼ਕਤੀ.

anker, *n.* : ਵੈਂਕਲ ਜਾਂ ਸ਼ਰਾਬ ਦੀ [illegible]; ਸ਼ਰਾਬ ਦਾ ਇਕ ਮਾਪ, [illegible] ਗੈਲਨ ਦੇ ਬਰਾਬਰ, [illegible].

ankle, ancle, *n.* : ਗਿੱਟਾ, ਗਿੱਟੇ ਤੇ ਪਿੰਨੀ ਦੇ ਵਿਚਕਾਰਲਾ ਤੰਗ ਹਿੱਸਾ.

anklet, *n.* : ਪਜੇਬ, ਝਾਂਜਰ.

ankling, *n.* : ਝਾਂਜਰ.

anna, *n.* : ਆਨਾ, ਚਾਰ ਪੈਸੇ.

annalist, *n.* : ਇਤਿਹਾਸਕਾਰ, ਇਤਹਾਸ-ਲਿਖਾਰੀ.

annalistic, *a.* : ਇਤਿਹਾਸਕਾਰੀ ਸੰਬੰਧੀ.

annals, *n.* : [illegible] ਇਤਿਹਾਸ, [illegible] ਘਟਨਾਵਾਂ ਦਾ [illegible]; ਸਾਲਵਾਰ ਇਤਿਹਾਸ; ਇਤਿਹਾਸਕ ਲਿਖਤਾਂ, ਇਤਿਹਾਸ.

annates, *n. pl.* : [illegible] ਪਦਵੀਆਂ ਵਿਚੋਂ ਪਹਿਲੀ ਵਰ੍ਹੇ ਦੀ [illegible] ਜੋ ਪੋਪ ਨੂੰ ਦਿੱਤੀ ਜਾਂਦੀ ਹੈ.

anneal, *v. t.* : [illegible], ਤਾ ਦੇ ਕੇ ਪਕਾਉਣਾ (ਭਾਂਡਿਆਂ ਨੂੰ), [illegible]; (ਧਾਤ ਨੂੰ) ਤਾ ਦੇ ਕੇ [illegible] ਕਰਨਾ.

annectent, *a.* : ਜੋੜਦਾ, ਜੋੜਨ ਵਾਲਾ, ਮਿਲਾਉਣ ਵਾਲਾ.

a. link : ਮੇਲ, ਮੇਲਣ ਵਾਲੀ ਕੜੀ.

annelida, *n. pl.* : ਕੀੜ ਸ਼੍ਰੇਣੀਆਂ; ਗੰਢਾਂ ਵਾਲੇ ਕੀੜੇ, ਕੁੰਡਲਦਾਰ ਜੀਵ.

annelid, *n.* : ਕੁੰਡਲਦਾਰ ਕੀੜਾ, ਗੰਡੋਆ.

annelidan, *a.* : ਕੁੰਡਲੀਦਾਰ ਕੀੜੇ ਸੰਬੰਧੀ.

annex, *v. t.* : ਕਬਜ਼ਾ ਲੈਣਾ, ਸ਼ਾਮਲ ਕਰਨਾ; ਨੱਥੀ ਕਰਨਾ, ਜੋੜਨਾ, ਪੱਲੇ ਪਾ ਲੈਣਾ, ਵਜ਼ੀਫ਼ਾ ਲਾਅ ਦੇਣਾ, ਕਬਜ਼ਾ ਜਮਾ ਲੈਣਾ (ਦੇਸ਼ ਆਦਿ ਉੱਤੇ); ਵਧਾਉਣਾ (ਗੁਣ, ਸਿੱਟਾ ਆਦਿ).

annexable, *a.* : ਮਿਲਾਉਣ ਯੋਗ, ਜੋੜਨ ਯੋਗ, ਪੱਲੇ ਪਾਉਣ ਯੋਗ.

annexation, *n.* : ਕਬਜ਼ਾ, ਜੋੜ, ਮੇਲ.

annexture, *n.* : ਵਾਧਾ; ਨੱਥੀ.

annex(e), *n.* : (ਕਿਸੇ ਲਿਖਤ ਨਾਲ) ਵਾਧਾ, ਵਧਾਵਾ; (ਕਿਸੇ ਮਕਾਨ ਨਾਲ) ਜੋੜਿਆ ਹਿੱਸਾ, ਵਾਧਾ.

annihilate, *v. t.* : ਮੌਤ ਕਰਨਾ, ਮਿਟਾ ਦੇਣਾ, ਨਾਸ਼ ਕਰਨਾ, ਮੁਕਾ ਦੇਣਾ, ਮੂਲੋਂ ਮਿਟਾਉਣਾ, ਅਲੋਪ ਕਰਾਉਣੀ, ਨਾਸ਼ ਕਰਨਾ, ਖ਼ਤਮ ਕਰਨਾ, ਸੰਘਾਰਨਾ.

annihilator, *n.* : ਮਾਰਨ ਵਾਲਾ, ਨਾਸ਼ ਕਰਨ ਵਾਲਾ, ਮੌਤ ਲਿਆਉਣ ਵਾਲਾ.

annihilation, *n.* : ਸਰਬਨਾਸ਼, ਤਬਾਹੀ, ਬਰਬਾਦੀ, ਖੈ, ਨਾਸ਼, ਮੌਤ, ਸਮਾਪਤੀ, ਅੰਤ, (ਧਰਮ) ਸਰੀਰ ਤੇ ਆਤਮਾ ਦਾ ਨਾਸ਼, ਮੁਕਤ-ਅਵਸਥਾ.

annihilationism, *n.* : ਇਹ ਸਿਧਾਂਤ ਕਿ ਮਰਨ ਪਿੱਛੋਂ ਸਰੀਰ ਤੇ ਆਤਮਾ ਦੋਵੇਂ ਮਿਟ ਜਾਂਦੇ ਹਨ, ਮਰਨ ਉਪਰੰਤ ਸਭ ਦਾ ਨਾਸ਼.

annihilationist, *n.* : ਮਰਨ ਉਪਰੰਤ ਨਾਸ਼ ਮੰਨਣ ਵਾਲਾ.

anniversary, *n.* : ਵਰ੍ਹੇਗੰਢ, ਬਰਸੀ.

birth a. : ਜਨਮ-ਦਿਨ.

death a. : ਮ੍ਰਿਤੂ-ਦਿਨ.

anno salutis [L.], *phr.* : ਈਸਾ ਦੇ ਜਨਮ ਤੋਂ ਮਗਰੋਂ ਸਾਲ ਵਿਚ.

Anno Domini [L.], *phr.* : ਈਸਾ ਦੇ ਜਨਮ ਤੋਂ ਪਿਛੋਂ ਆਉਣ ਵਾਲੇ ਸਾਲ, ਸੰਨ ਈਸਵੀ (ਸੰਖੇਪ ਰੂਪ A. D.).

annotate, *v. t. & i.* : ਟਿੱਪਣੀਆਂ ਕਰਨੀ, ਟੀਕਾ ਕਰਨਾ, ਟੀਕਾ-ਟਿੱਪਣੀ ਕਰਨੀ.

annotated, *a.* : ਸਟਿੱਪਣ, ਟੀਕਾ-ਸਹਿਤ.

annotation, *n.* : ਟੀਕਾ, ਵਿਆਖਿਆ, ਟਿੱਪਣ.

annotator, *n.* : ਟੀਕਾਕਾਰ.

announce, *v. t.* : ਐਲਾਨ ਕਰਨਾ, ਢੰਡੋਰਾ ਦੇਣਾ, (ਕਿਸੇ ਦੇ ਆਉਣ ਦਾ) ਹੋਕਾ ਦੇਣਾ, ਖ਼ਬਰ ਦੇਣੀ, ਇਤਲਾਹ ਦੇਣੀ, ਸੂਚਿਤ ਕਰਨਾ.

announcement, *n.* : ਐਲਾਨ, ਹੋਕਾ; ਇਸ਼ਤਿਹਾਰ, ਵਿਗਿਆਪਨ, ਇਤਲਾਹ, ਖ਼ਬਰ, ਵਿਗਿਆਪਨ.

announcer, *n.* : ਵਿਗਿਆਪਕ, ਐਲਾਨ-ਕਰਤਾ, ਹੋਕਾ ਦੇਣ ਵਾਲਾ.

annoy, *v. t.* : ਖਿਝਾਉਣਾ, ਤੰਗ ਕਰਨਾ, ਦਿੱਕ ਕਰਨਾ, ਤੰਗ ਕਰਨਾ, ਛੇੜਨਾ, ਸਤਾਉਣਾ. to be annoyed : ਖਿਝ ਜਾਣਾ, ਤੰਗ ਹੋਣਾ, ਚਿੜਨਾ, ਗੁੱਸਾ ਹੋਣਾ, ਪਰੇਸ਼ਾਨ ਹੋਣਾ, ਦੁਖ ਮੰਨਣਾ, ਦਿੱਕ ਹੋਣਾ, ਚਿੜਨਾ.

annoying, *a.* : ਖਿਝਾਉਣ ਵਾਲੀ, ਕਸ਼ਟ-ਦਾਇਕ, ਦੁਖਦਾਈ.

annoyance, *n.* : ਖਿਝ, ਚਿੜ, ਪਰੇਸ਼ਾਨੀ, ਕਲੇਸ਼, ਤੰਗੀ, ਚਿੜ, ਛੇੜ-ਛਾੜ, ਕਸ਼ਟ, ਦੁਖ.

annual, *a. & n.* : ਵਾਰਸ਼ਿਕ, ਸਾਲਾਨਾ, ਵਰ੍ਹੇ ਦੇ ਵਰ੍ਹੇ ਹੋਣ ਵਾਲਾ; ਇਕ ਸਾਲੀ, ਇਕ-ਸਾਲਾ ਬੂਟਾ; ਵਾਰਸ਼ਿਕ ਪੱਤਰ, ਸਾਲਨਾਮਾ.

a. financial statement : ਵਾਰਸ਼ਿਕ ਮਾਲੀ ਚਿੱਠਾ; ਵਾਰਸ਼ਿਕ ਵਿੱਤ-ਵਿਵਰਣ.

annually, *adv.* : ਹਰ ਸਾਲ, ਸਾਲ ਦੇ ਸਾਲ, ਵਰ੍ਹੇ ਮਗਰੋਂ, ਵਰ੍ਹੇ ਦੇ ਹਿਸਾਬ ਨਾਲ.

annuitant, *n.* : ਸਾਲਾਨਾ ਪੈਨਸ਼ਨ ਲੈਣ ਵਾਲਾ, ਵਾਰਸ਼ਿਕ ਵਜ਼ੀਫ਼ਾ ਲੈਣ ਵਾਲਾ, ਵਰ੍ਹੀਣ-ਪਾਤਰ.

annuity, *n.* : ਵਾਰਸ਼ਿਕੀ (ਵਜ਼ੀਫ਼ਾ, ਪੈਨਸ਼ਨ ਆਦਿ), ਪ੍ਰਬੰਧ ਹੇਠੀਂ ਵਾਰਸ਼ਿਕ ਸਹਾਇਤਾ, ਸਰਕਾਰੀ ਰਕਮ ਜੋ ਵਰ੍ਹੇ ਦੇ ਵਰ੍ਹੇ ਸਾਲਾਨਾ ਲਾਉਣ ਵਾਲੇ ਨੂੰ ਮਿਲੇ, ਸਾਲਾਨਾ ਕਿਸ਼ਤ.

deferred a. : ਪਛੜਵੀਂ ਵਾਰਸ਼ਿਕੀ, ਵਾਰਸ਼ਿਕ ਰਕਮ ਜੋ ਮਿੱਥੇ ਸਮੇਂ ਮਗਰੋਂ ਮਿਲੇ.

immediate a. : ਫ਼ੌਰੀ ਵਾਰਸ਼ਿਕੀ, ਉਹ ਵਾਰਸ਼ਿਕੀ ਜੋ ਮਿੱਥੇ ਸਮੇਂ ਦੇ ਖ਼ਤਮ ਤੇ ਮਿਲ ਜਾਏ.

life a. : ਜੀਵਨ-ਪਰਯੰਤ ਵਾਰਸ਼ਿਕੀ.

perpetual a. : ਸਦੀਵੀ ਵਾਰਸ਼ਿਕੀ, ਜੋ ਖ਼ਰੀਦ ਲਾਉਣ ਵਾਲੇ ਦੀ ਮੌਤ ਤੋਂ ਬਾਅਦ ਮਿੱਥੇ ਸਮੇਂ ਉਪਰੰਤ ਮਸ਼ਾ ਰਕਮ ਅਦਾ ਹੋਣ ਤੇ ਖ਼ਤਮ ਹੋ ਜਾਏ.

reversionary a. : ਉਤਰੀ ਵਾਰਸ਼ਿਕੀ, ਵਾਰਸਾਂ ਪਰਤਾਉਣ ਦਾ ਸ਼ਰਤ ਵਾਲੀ ਵਾਰਸ਼ਿਕੀ.

terminable a. : ਮਿਆਦੀ ਵਾਰਸ਼ਿਕੀ.

annul, *v. t.* : ਮਿਟਾ ਦੇਣਾ, ਮੇਟਣਾ, ਮਿਟਾਉਣਾ, ਮਨਸੂਖ਼ ਕਰਨਾ, ਰੱਦ ਕਰਨਾ, ਤੋੜਨਾ, ਖੰਡਣਾ.

annulment, *n.* : ਮਨਸੂਖ਼ੀ, ਖੰਡਨ, ਰੱਦਣ.

annular, *a.* : ਛੱਲੇਦਾਰ, ਕੁੰਡਲੀਦਾਰ, ਛੱਲਾਨੁਮਾ, ਕੁੰਡਲਾਕਾਰ.

a. eclipse of the sun : ਛੱਲੇਦਾਰ ਸੂਰਜ-ਗ੍ਰਹਿਣ (ਜਦੋਂ ਚੰਨ ਦਾ ਗੋਲ ਪਰਛਾਵਾਂ ਸੂਰਜ ਦੀ ਟਿੱਕੀ ਦੁਆਲੇ ਇਕ ਛੱਲਾ ਛੱਡੇ).

a. ligament : ਜੋੜ ਜੋ ਗਿੱਟੇ ਦੁਆਲੇ ਹੁੰਦੇ ਹਨ.

a. space : ਵੇਲਣ ਦੀ ਅੰਦਰਲੀ ਤੇ ਬਾਹਰਲੀ ਸਤਹ ਦੇ ਵਿਚਕਾਰਲੀ ਥਾਂ, ਘਾਟੀ ਖੇਤਰ.

annularly, *adv.* : ਛੱਲੇ ਵਾਂਗ.

annulate(d), *a.* : ਛੱਲੇਦਾਰ, ਕੁੰਡਲੀਦਾਰ.

annulation, *n.* : ਛੱਲੇ ਬਣਾਉਣੇ, ਕੁੰਡਲੀਆਂ ਪਾਉਣੀਆਂ.

annulet, *n.* : ਛੋਟਾ ਛੱਲਾ, ਕੜੀ; ਥੰਮ੍ਹੇ ਦੁਆਲੇ ਬਣਿਆ ਘੇਰਾ ਜਾਂ ਬੂਟੇ.

annuloid, / **annulose** *a.* : ਕੁੰਡਲਾਕਾਰ, ਛੱਲੇ ਵਰਗਾ, ਛੱਲੇਦਾਰ.

annunciate, *v. t.* : ਐਲਾਨ ਕਰਨਾ, ਢੰਡੋਰਾ ਫੇਰਨਾ; ਸੰਦੇਸ਼ ਭੇਜਣਾ, ਖ਼ਬਰ ਜਾਂ ਇਤਲਾਹ ਦੇਣੀ (ਆਉਣ ਜਾਂ ਜਨਮ ਹੋਣ ਦੀ).

annunciation, *n.* : ਐਲਾਨ, ਖ਼ਬਰ, ਇਤਲਾਹ, ਮੁਨਾਦੀ; (A-) ਸ਼ੁਭ-ਸੰਦੇਸ਼ (ਜੋ ਜਬਰਾਈਲ ਫ਼ਰਿਸ਼ਤੇ ਨੇ ਹਜ਼ਰਤ ਮਰੀਅਮ ਨੂੰ ਹਜ਼ਰਤ ਈਸਾ ਦੇ ਅਵਤਾਰ ਦੀ ਦਿੱਤੀ ਸੀ); ਉਸ ਦੀ ਯਾਦ ਵਿਚ ਜੋ ਪੁਰਬ ਮਨਾਇਆ ਜਾਂਦਾ ਹੈ; (25 ਮਾਰਚ ਦਾ) ਖ਼ੁਸ਼ਖ਼ਬਰੀ ਪੁਰਬ.

annunciator, *n.* : ਐਲਾਨ ਕਰਨ ਵਾਲਾ, ਢੰਡੋਰਚੀ, ਇਤਲਾਹ ਜਾਂ ਖ਼ਬਰ ਦੇਣ ਵਾਲਾ, ਸੂਚਕ-ਯੰਤਰ, ਉਹ ਯੰਤਰ ਜੋ ਇਹ ਦੱਸਦਾ ਹੈ ਕਿ ਟੈਲੀਫ਼ੋਨ ਜਾਂ ਘੰਟੀ ਕਿਸ ਪਾਸੇ ਤੋਂ ਆਈ ਹੈ.

anode, *n.* : (ਬਿਜਲੀ) ਧ੍ਰੁ-ਦਿਸ਼ਾ.

anodyne, *a. & n.* : (ਦਵਾਈ) ਪੀੜ-ਨਾਸ਼ਕ, ਦਰਦ-ਨਿਵਾਰਕ, (ਦਵਾਈ) ਦਰਦ-ਦਵਾ.

anoint, *v. t.* : ਚੋਪੜਨਾ, ਤੇਲ ਚੜ੍ਹਾਉਣਾ ਜਾਂ ਮਲਣਾ, ਥੱਪਣਾ (ਤਾਜਪੋਸ਼ੀ ਜਾਂ ਬਪਤਿਸਮੇ ਦੀ ਰਸਮ ਵੇਲੇ).

The Lord's Anointed : ਹਜ਼ਰਤ ਈਸਾ ਮਸੀਹ; (ਪਾਦਰੀ ਚੀਤੀ ਅਨੁਸਾਰ ਰੱਬੀ-ਨਿਯੁਕਤੀ) ਪਾਤਸ਼ਾਹ.

anomalistic, *a.* : = anomalous.

a. month : ਉਹ ਸਮਾਂ ਜੋ ਚੰਦਰਮਾ ਇਕ ਬਿੰਦ ਤੋਂ ਮੁੜ ਉਸੇ ਬਿੰਦ ਤਕ ਆਉਣ ਲਈ ਲੈਂਦਾ ਹੈ, ਚੰਨ ਮਹੀਨਾ.

a. year : ਉਹ ਸਮਾਂ ਜੋ ਧਰਤੀ ਸੂਰਜ ਦੇ ਦੁਆਲੇ ਚੱਕਰ ਲਾਉਂਦਿਆਂ ਕਿਸੇ ਇਕ ਕਿਨਾਰੇ ਤੋਂ ਮੁੜ ਉਸੇ ਕਿਨਾਰੇ ਉਤੇ ਆਉਣ ਲਈ ਲੈਂਦੀ ਹੈ; ਧਰਤੀ ਦਾ ਸੂਰਜ ਦੇ ਦੁਆਲੇ ਪੂਰਾ ਗੇੜ ਕਰਨ ਦਾ ਸਮਾਂ, ਸੌਰ ਸਾਲ.

anomalous, *a.* : ਬੇਢੰਗਾ, ਬੇਕਾਇਦਾ, ਬੇਢੰਗਾ, ਬੇਧੜਕਾ, ਬੇਤਰਤੀਬਾ, ਅਸਾਧਾਰਣ, ਵਿਲੱਖਣ, ਬੇਤਰੀਕਾ.

anomalously, *adv.* : ਬੇਢੰਗੇ ਤੌਰ ਤੇ, ਬੇਕਾਇਦੇ ਢੰਗ ਨਾਲ.

anomalousness, *n.* : ਬੇਤਰਤੀਬੀ, ਬੇਕਾਇਦਗੀ, ਬੇਸੁਭਾਵਿਕਤਾ, ਅਸਾਧਾਰਣਤਾ.

anomaly, *n.* : ਅਣਮੇਲ, ਬੇਕਾਇਦਗੀ, ਬੇਤਰਤੀਬੀ, ਬੇਮੇਲੀ.

anomo- (ਸਮਾਸਾਂ ਵਿਚ) : ਅਣਘੜ, ਅਸਧਾਰਣ; ਜਿਵੇਂ—

anomocarpous : ਅਸਧਾਰਣ ਫਲ ਦੇਣ ਵਾਲਾ, ਅਣਮੇਲ-ਫਲਧਾਰੀ.

anomophyllous : ਅਣਮੇਲ-ਪੱਤੀਆ.

anon, *adv.* : ਛੇਤੀ, ਤੁਰਤ, ਹੁਣੇ.

ever and a. : ਮੁੜ ਮੁੜ, ਰਹਿ ਰਹਿ ਕੇ, ਕਦੀ ਕਦੀ.

anonaceous, a. : ਅਨਅਨਾਸ ਵਾਂਗ.

anonym, n. : ਗੁਮਨਾਮ ਬੰਦਾ; ਉਪਨਾਮ.

anonymity, n. : ਗੁਮਨਾਮ ਰਹਿਣ ਦੀ ਅਵਸਥਾ, ਗੁਮਨਾਮੀ.

anonymous, a. : ਗੁਮਨਾਮ, ਜਿਸ ਦੇ ਲੇਖਕ ਦਾ ਨਾਂ ਮਲੂਮ ਨਾ ਹੋਵੇ.

anonymousLY, adv. : ਬੇਨਾਮ ਹੋ ਕੇ, ਗੁਮਨਾਮੀ ਨਾਲ, ਨਾਂ ਗੁਪਤ ਰੱਖ ਕੇ.

anonymousNESS, n. : ਗੁਮਨਾਮ ਹੋਣਾ, ਗੁਮਨਾਮੀ.

anopheles, n. : ਤਾਪ-ਮੱਛਰ ਦੀਆਂ ਕਿਸਮਾਂ.

anophelina, n. : ਚਿਤਰਾ ਮੱਛਰ.

anorexy, n. : ਭੁਖ ਦਾ ਘਾਟਾ, ਭੁਖ ਨਾ ਲਗਣੀ, ਭੁਖ-ਹੀਣਤਾ.

anosmia, n. : ਸੁੰਘਣ ਸ਼ਕਤੀ ਦਾ ਘਾਟਾ, ਗੰਧ-ਗਿਆਨ-ਹੀਣਤਾ.

another, a., *pron.* & n. : ਹੋਰ, ਦੂਜਾ, ਇਕ ਹੋਰ, ਕੋਈ ਹੋਰ.

such a. : ਅਜੇਹਾ ਹੋਰ, ਇਸ ਵਰਗਾ ਕੋਈ ਹੋਰ.

anourous, a. : ਲੰਡਾ, ਬਿ-ਪੂਛਲਾ, ਬੇਦੁਮ.

anschluss (G.), n. : ਜੋੜ, ਮੇਲ.

anserine, a. : ਹੰਸ ਵਰਗਾ, ਮੂਰਖ, ਝੱਲਾ, ਬੁੱਧੂ.

answer, n. : ਉੱਤਰ, ਜਵਾਬ, ਹੱਲ, ਬਦਲਾ.

answer, v. t. & i. : ਉੱਤਰ ਦੇਣਾ, ਜਵਾਬ ਦੇਣਾ; ਜ਼ਿੰਮੇਵਾਰ ਹੋਣਾ, ਉੱਤਰਦਾਈ ਹੋਣਾ, ਜਵਾਬਦਾਰ ਹੋਣਾ, ਅਨੁਸਾਰ ਹੋਣਾ; ਪੂਰਾ ਉਤਰਨਾ, ਕੰਮ ਦੇਣਾ.

a. the door : ਬੂਹਾ ਖੜਕਾਣ ਵਾਲੇ ਦਾ ਜਵਾਬ ਦੇਣਾ.

a. to the name of x : ਜਿਸ ਦਾ ਨਾਂ ਆਦਿ ਹੈ.

a. my hopes : ਮੇਰੀਆਂ ਆਸਾਂ ਦੇ ਅਨੁਸਾਰ ਹੈ.

answers his description : ਉਸ ਦੇ ਵਰਨਨ ਅਨੁਸਾਰ ਹੈ.

will a. my purpose : ਮੇਰੀ ਗੱਲ ਪੂਰੀ ਹੋ ਜਾਏਗੀ, ਮੇਰਾ ਕੰਮ ਹੋ ਜਾਏਗਾ.

answerable, a. : ਜਵਾਬਦੇਹ, ਉੱਤਰਦਾਈ, ਜ਼ਿੰਮੇਵਾਰ; ਅਨੁਸਾਰ, ਜੋੜ ਦਾ.

ant, n. : ਕੀੜੀ, ਕੀੜਾ, ਮਕੌੜਾ, ਦੀਰਘ-ਮਕੌੜਾ.

a.-catcher, a.-thrush : ਕੀੜੀ-ਖਾਣ ਪੰਛੀ.

a.-eaters : ਕੀੜੀ-ਖਾਣ ਜਨੌਰ.

a.-eggs : ਕੀੜੀ-ਆਂਡੇ, ਖਾਦ.

a.-fly : ਖੰਭ-ਕੀੜੀ.

a.-hill : ਕੀੜੀ-ਘਰ, ਮਿੱਟੀ-ਘਰ, ਭੜੋਣ, ਵਰਮੀ.

white ant : ਸਿਉਂਕ.

ant- : ਵੇਖੋ anti-.

-ant : ਪਿਛੇਤਰ ਵਿਸ਼ੇਸ਼ਣ ਬਣਾਉਣ ਲਈ.

antacid, a. & n. : ਖਟਾਈ-ਨਾਸ਼ਕ (ਮਿਹਦੇ ਵਿਚ), ਖਟਾਈ ਦਾ ਤੋੜ.

antagonism, n. : ਵਿਰੋਧ, ਵਿਰੋਧਤਾ, ਵੈਰ, ਦੁਸ਼ਮਣੀ, ਝਗੜਾ, ਖਾਹਮਖਾਹੀ, ਲਾਗਡਾਟ, ਖਾਰ, ਸਾੜਾ-ਸਾੜ, ਵਿਪਰੀਤ, ਟਾਕਰਾ, ਟੱਕਰ, ਜ਼ਿੱਦ, ਵਿਰੋਧੀ ਅਸੂਲ.

antagonist, n. : ਵਿਰੋਧੀ, ਵੈਰੀ, ਦੁਸ਼ਮਣ, ਸ਼ਤਰੂ, ਸ਼ਤਰੂ ਪੱਠਾ ਜੋ ਕਿਸੇ ਹੋਰ ਦੇ ਅਮਲ ਨੂੰ ਰੋਕੇ.

antagonistIC, a. : ਵਿਰੋਧੀ, ਵੈਰ-ਭਾਵ ਵਾਲਾ, ਟਾਕਰੇ ਦਾ.

antagonistICALLY, adv. : ਵੈਰ-ਭਾਵ ਨਾਲ, ਵਿਰੋਧ ਕਰਕੇ, ਵਿਰੋਧੀ ਹੋ ਕੇ.

antagonise, v. t. : ਵਿਰੋਧ ਕਰਨਾ, ਟੱਕਰ ਲੈਣੀ, ਟੱਕਰ ਲਾਣੀ, ਵੈਰ ਕਰਨਾ; ਵੈਰ ਪਾ ਲੈਣਾ, ਵਿਰੋਧੀ ਬਣਾਉਣਾ, ਵੈਰੀ ਬਣਾਉਣਾ, ਲੜਾਈ ਪਾਣੀ, ਲੜਾਉਣਾ.

antalkali, n. : ਖਾਰ-ਨਾਸ਼ਕ (ਦਵਾ).

antalkaliNE, a. : ਖਾਰ-ਨਾਸ਼ਕ.

antaphrodistic, a. & n. : ਕਾਮ-ਨਾਸ਼ਕ.

antarctic, a. : ਧੁਰ-ਦਖਣੀ, ਦਖਣੀ ਹਿਮ-ਚੱਕਰ ਦਾ, ਦਖਣੀ ਧਰੁ ਦਾ.

A. Circle : ਦਖਣੀ ਹਿਮ-ਚੱਕਰ, ਦਖਣੀ ਧਰੁ ਦਾ ਘੇਰਾ, 66° 33' ਦੀ ਸਮ-ਰੇਖਾ.

A. Ocean : ਦਖਣੀ ਹਿਮ ਸਾਗਰ.

A. Pole : (ਧਰਤ ਅਕਾਸ਼ ਦਾ) ਦਖਣੀ ਧਰੁ.

ante-, ਵਿਸ਼ਸ਼ਣੀ ਅਗੇਤਰ, ਜਿਸ ਦਾ ਅਰਥ ਹੁੰਦਾ ਹੈ 'ਪਹਿਲਾਂ ਦਾ', 'ਪੂਰਬਲਾ'.

antecedence, n. : ਪਹਿਲ, ਅਗੇਤਰਤਾ (ਸਮੇਂ ਜਾਂ ਅਸਥਾਨ ਸੰਬੰਧ ਵਿਚ); (ਜੋਤਸ਼) ਪੁੱਠੀ ਚਾਲ, ਪਿਛਲ-ਪੈਰੀ ਚਾਲ, ਪਰਤਵੀਂ ਚਾਲ.

antecedent, a. & n. : ਪਹਿਲਾ, ਮੁਹਰਲਾ, ਅਗੇਤਰਾ, ਅਗਰਗਾਮੀ, ਪਿਛਲੀ, ਅਨੁਮਾਨੀ, ਅਗੇਤਰ, ਪਹਿਲਾ ਵਾਪਰੀ ਘਟਨਾ ਜਾਂ ਚੀਜ਼, (ਨਿਆਇ) ਕਿਸੇ ਸ਼ਰਤੀਆ ਗੱਲ ਦਾ ਉਹ ਹਿੱਸਾ ਜਿਸ ਉਤੇ ਦੂਜੀ ਹੋਰ ਗੱਲ ਨਿਰਭਰ ਹੋਵੇ; (ਵਿਆਕਰਣ) ਅਗਰਗਾਮੀ, ਉਹ ਨਾਂਵ, ਵਾਕੰਸ਼ ਜਾਂ ਵਾਕ ਜਿਸ ਵਲ ਪਿਛਲਾ ਪੜਨਾਂਵ ਜਾਂ ਕਿਰਿਆ-ਵਿਸ਼ੇਸ਼ਣ ਇਸ਼ਾਰਾ ਕਰੇ; (ਗਣਿਤ) ਕਿਸੇ ਨਿਸਬਤ ਦੀ ਪਹਿਲੀ ਮਿਕਦਾਰ; (ਬਹੁਵਚਨ) ਪਿਛਾ, ਪਛੋਕੜ.

antecedentLY, adv. : ਪਹਿਲਾਂਦਿਉਂ, ਅਗੇਤਰ ਵਜੋਂ, ਅਨੁਮਾਨ ਵਜੋਂ, ਖਿਆਲੀ ਤੌਰ ਤੇ, ਜਿਵੇਂ ਅਨੁਸਾਰ.

antechamber, n. : ਡਿਉਢੀ, ਮੁਹਰਲਾ ਕਮਰਾ, ਬਾਹਰਲਾ ਕਮਰਾ.

antechapel, n. : ਗਿਰਜੇ ਦੀ ਲਹਿੰਦੀ ਗੁਠ ਦਾ ਬਾਹਰਲਾ ਹਿੱਸਾ.

antedate, n. : ਅਸਲੀ ਸਮੇਂ ਤੋਂ ਪਹਿਲਾਂ ਦੀ ਤਰੀਕ.

antedate, v. t. : ਪਹਿਲੋਂ ਦੀ ਤਰੀਕ ਪਾ ਦੇਣੀ (ਲਿਖਤ ਜਾਂ ਘਟਨਾ ਬਾਰੇ); (ਸਮੇਂ ਤੋਂ) ਪਹਿਲਾਂ ਆਉਣਾ, ਅਗੇਤਰੀ ਤੌਰ ਤੇ ਲੈਣੀ, ਪਹਿਲ ਕਰਨੀ.

antediluvian, a. & n. : ਹਜ਼ਰਤ ਨੂਹ ਦੇ ਤੂਫ਼ਾਨ ਤੋਂ ਪਹਿਲੋਂ ਦਾ, ਬਹੁਤ ਪੁਰਾਣਾ, ਬਹੁਤ ਪੁਰਾਣੇ ਢੰਗ ਦਾ, ਬਹੁਤ ਬੁਢਾ, ਪੁਰਾਣਾ-ਧੁਰਾਣਾ.

antelope, n. : ਬਾਰਾਸਿੰਙਾ (ਹਿਰਨ ਦੀ ਇਕ ਕਿਸਮ).

ante meridiem [L], *phr.* (A. M.) : ਸਵੇਰੇ, ਦੁਪਹਿਰ-ਪਹਿਲੋਂ.

antemundane, a. : ਸ੍ਰਿਸ਼ਟੀ ਤੋਂ ਪਹਿਲੋਂ ਦਾ, ਆਦੀ.

antenatal, a. : ਜਨਮ ਤੋਂ ਪਹਿਲੋਂ ਦਾ, ਪੂਰਬ ਜਨਮ ਦਾ.

antenna, n. (*pl.*-ae) : ਜਿਵ-ਜੰਤੂਆਂ ਆਦਿ ਦੇ ਸਿਰ ਦੇ ਸਿੰਗੀਆਂ ਮੁੱਛਾਂ ਜਾਂ ਤਾਰਾਂ ਜਿਨ੍ਹਾਂ ਨਾਲ ਉਹ ਚੀਜ਼ਾਂ ਨੂੰ ਟੋਹ ਲੈਂਦੇ ਹਨ; ਟੋਹਣੀਆਂ, ਟੋਹ-ਸਿੰਗੀਆਂ.

antennal, **antennary**, aa. : ਟੋਹ-ਸਿੰਗੀਆਂ ਸੰਬੰਧੀ.

antenniferous, a. : ਟੋਹ-ਸਿੰਗੀਆਂ ਵਾਲਾ.

antenneform, a. : ਟੋਹ-ਸਿੰਗੀ ਵਰਗਾ, ਸਿੰਗੀਦਾਰ.

antenuptial, a. : ਵਿਆਹ-ਪੂਰਬ, ਵਿਆਹ ਤੋਂ ਪਹਿਲੋਂ ਦਾ (ਸੌਦਾ ਜਾਂ ਵਾਪਰਿਆ).

antepenult, **antepenultimate**, aa. : ਤੁਕਾਂਤ ਤੋਂ ਪਹਿਲੋਂ ਦਾ, ਅੱਖਰਾਂ ਦੇ ਅਖੀਰਲੇ ਤੋਂ ਪਹਿਲਾਂ ਦਾ.

anteprandial, a. : ਖਾਣੇ ਤੋਂ ਪਹਿਲੋਂ ਦਾ, ਭੋਜਨ ਕਰਨ ਤੋਂ ਪਹਿਲੋਂ ਦਾ.

anterior, a. : ਅੱਗੇ ਦਸਿਆ ਹੋਇਆ, ਅਗਾਂਹ ਵਲ, ਅੱਗੇ ਦਾ, ਸਾਮ੍ਹਣੇ ਦਾ, ਮੁਹਰਲਾ, ਮੁਹਰਲਾ, ਪਹਿਲੋਂ ਦਾ.

anteriorITY, n. : ਪਹਿਲ.

anteriorLY, adv. : ਅਗਾਂਹਵਾਰ.

ante-room, n. : ਡਿਉਢੀ; (ਹੋਰਾਂ) ਕਮਰੇ ਤੇ ਆਉਣ ਵਾਲਿਆਂ ਲਈ ਬੈਠਕ.

anth- *pref.* : ਅਗੇਤਰ = anti-.

anthelion, n. : (ਸੂਰਜ ਦੇ ਮੂਹਰੇ ਬੱਦਲਾਂ ਉਤੇ ਬਣਿਆ) ਜਾਨਣ-ਚੱਕਰ, ਚਾਨਣ-ਪਿੜ.

anthelmintic, a. & n. : (ਦਵਾਈ) ਕਮੂਣੇ-ਮਾਰ, ਮਲ੍ਹਪ-ਮਾਰ.

anthem, n. : ਤਰਾਨਾ, ਭਜਨ, ਖੁਸ਼ੀ ਦਾ ਗੀਤ.

anther, n. : (ਬਨਸਪਤੀ) ਰੇਣੂਥਾ, ਫੁਲ ਦੀ ਧੂੜੀ ਵਾਲਾ ਹਿੱਸਾ, ਕੇਸਰ ਦਾ ਉਪਰਲਾ ਹਿੱਸਾ.

a.-dust, ਧੂੜੀ, ਮਕਰੰਦ, ਰਜ, ਪਰਾਗ.

a.-valve : ਮਕਰੰਦ-ਢੱਕ.

antherAL, a. : ਧੂੜੀ ਦਾ.

antherIFEROUS, a. : ਮਕਰੰਦ-ਧਾਰੀ.

antherOID, a. : ਮਕਰੰਦ ਵਰਗਾ.

anthology, n. : ਕਾਵਿ-ਸੰਗ੍ਰਹਿ, ਸਾਹਿਤ-ਸੰਗ੍ਰਹਿ.

anthologIST, n. : ਸੰਗ੍ਰਹਿ-ਕਰਤਾ.

Anthony, *n.* : ਸੰਤ ਐਂਥਨੀ, ਸੂਰ ਚਰਾਉਣ ਵਾਲਿਆਂ ਦਾ ਗੁਰੂ;
n. : ਇੱਕੋ ਵਲ ਦੇ ਜੰਮੇ ਸੂਰਾਂ ਵਿਚੋਂ ਸਭ ਤੋਂ ਛੋਟਾ ਸੂਰ.
(St.) A.'s fire : ਚੰਬਲ, ਛਪਾਕੀ.

anthracite, *n.* : ਕੋਲਾ ਪੱਥਰ, ਜਿਸ ਵਿਚ ਕਾਰਬਨ ਦਾ ਹਿੱਸਾ ਜ਼ਿਆਦਾ ਹੁੰਦਾ ਹੈ.
anthracitic, *a.* : ਕੋਲੇ ਵਰਗਾ ਜਿਹਾ.
anthracitous, *a.* : ਜਿਸ ਵਿਚ ਕੋਲੇ ਵਰਗਾ ਦਾ ਕੋਲਾ ਹੋਵੇ.

anthrax, *n.* : ਗੰਭੀਰ (ਫੋੜਾ); ਤਿੱਲੀ ਤਾਪ, ਭੇਡਾਂ ਬਕਰੀਆਂ ਦਾ ਤਿੱਲੀ ਤਾਪ; ਜੋ ਉੱਨ-ਛਾਂਟਣੀ ਤੇ ਤਿੱਲੀ-ਤਾਪ ਤੋਂ ਮਨੁੱਖਾਂ ਨੂੰ ਹੋ ਜਾਂਦੀ ਹੈ.

anthropo- : (ਸਮਾਸ ਵਿਚ) ਮਨੁੱਖੀ, ਮਨੁੱਖ ਸੰਬੰਧੀ.
anthropocentric : ਮਨੁੱਖ-ਕੇਂਦਰੀ, ਸ੍ਰਿਸ਼ਟੀ ਦਾ ਕੇਂਦਰ ਮਨੁੱਖ ਨੂੰ ਮੰਨਣ ਵਾਲਾ.
anthropogeny : ਮਨੁੱਖ ਉਤਪਤੀ ਦੀ ਵਿਦਿਆ.
anthropography : ਮਨੁੱਖ ਜਾਤੀ ਦੀ ਭੂਗੋਲਿਕ ਵੰਡ ਦੀ ਵਿਦਿਆ.
anthropolite, anthropolith : ਪੱਥਰ ਹੋਇਆ ਮਨੁੱਖ, ਪਥਰਾਇਆ ਮਨੁੱਖ, ਧਰਤੀ ਵਿਚ ਦੱਬੀ ਹੋਈ ਪੱਥਰ ਬਣਿਆ ਮਨੁੱਖ.
anthropometry : ਮਨੁੱਖੀ ਸਰੀਰ ਦਾ ਮਾਪ.
anthropophagous : ਆਦਮ-ਖਾਣਾ, ਮਨੁੱਖ-ਖਾਣਾ.
anthropophagy : ਆਦਮ ਖੋਰੀ, ਮਨੁੱਖ ਖਾਣੀ.

anthropoid, *a.* & *n.* : ਮਨੁੱਖ ਨਾਲ, ਮਨੁੱਖ ਵਰਗਾ, ਉਹ ਬਾਂਦਰ ਜੋ ਮਨੁੱਖ ਨਾਲ ਮਿਲਦਾ-ਜੁਲਦਾ ਹੈ, ਮਨੁੱਖੀ-ਰੂਪ ਬਾਂਦਰ, ਬਨ-ਮਾਣਸ.

anthropology, *n.* : ਮਨੁੱਖ ਵਿਦਿਆ.
anthropological, *a.* : ਮਨੁੱਖ ਵਿਦਿਆ ਸੰਬੰਧੀ.
anthropologically, *adv.* : ਮਨੁੱਖ-ਵਿਦਿਆ ਦੇ ਪੱਖ ਤੋਂ.
anthropologist, *n.* : ਮਨੁੱਖ-ਵਿਦਿਆ ਦਾ ਮਾਹਿਰ.

anthropomorphic, *a.* : ਈਸ਼ਵਰ ਨੂੰ ਮਨੁੱਖਾਕਾਰ ਮੰਨਣ ਦੇ ਸਿਧਾਂਤ ਵਾਲਾ.

anthropomorphize, *v. t.* : ਰੱਬ ਨੂੰ ਮਨੁੱਖਾਕਾਰ ਕਰ ਦੇਣਾ.
anthropomorphism, *n.* : ਰੱਬ ਬਾਰੇ ਮਨੁੱਖਾਕਾਰ ਹੋਣ ਦੀ ਮਨੌਤ.
anthropomorphist, *n.* : ਰੱਬ ਨੂੰ ਮਨੁੱਖਾਕਾਰ ਮੰਨਣ ਵਾਲਾ.

anthropomorphous, *a.* : ਮਨੁੱਖ-ਰੂਪ, ਮਨੁੱਖੀ ਸ਼ਕਲ ਵਾਲਾ.

anti-, *pref.* : (ਅਗੇਤਰ), ਉਲਟ, ਵਿਰੁੱਧ, ਬਦਲੇ ਵਜੋਂ; ਨਸ਼ਟ, ਮਾਰ, ਰੋਧ, ਘਾਤਕ, ਨਾਸ਼ਕ, ਦਮਨ, ਔਖਧ, ਉਲਟ.
anti-aircraft (gun) : ਹਵਾਈ-ਜਹਾਜ਼-ਮਾਰੂ (ਤੋਪ), ਹਵਾ-ਮਾਰ (ਤੋਪ).
anti-fly and mosquito measures : ਮੱਖੀ-ਮੱਛਰ-ਮਾਰ ਕਾਰਵਾਈਆਂ.
anti-government : ਰਾਜ-ਵਿਰੋਧ.
anti-inflationary : ਕੀਮਤਾਂ-ਘਟਾਊ.
anti-malaria : ਤਾਪ-ਰੋਗ, ਤਾਪ-ਰੋਕ, ਤਾਪ-ਨਾਸ਼ਕ, ਤਾਪ ਰੋਕੂ.
anti-rabic, *a.* : ਹਲਕਾਉ ਦਾ ਰੋਗ-ਨਾਸ਼ਕ.
anti-ritualistic : ਕਰਮ-ਕਾਂਡ-ਵਿਰੁੱਧ.

antiar, *n.* : ਜਾਵਾ-ਟਾਪੂ ਦਾ ਇਕ ਜ਼ਹਿਰੀਲਾ ਰੁੱਖ; ਉਸ ਰੁੱਖ ਦਾ ਜ਼ਹਿਰ.

antibilious, *a.* : ਪਿੱਤ-ਨਾਸ਼ਕ.

antibody, *n.* : ਲਹੂ ਦੇ ਉਹ ਅੰਸ਼ ਜੋ ਹਾਨੀ-ਕਾਰਕ ਕੀੜਾਂ ਨੂੰ ਨਾਸ ਕਰਦੇ ਹਨ.

antic, *a.* & *n.* : (ਆਮ ਤੌਰ ਤੇ ਬਹੁ-ਵਚਨ ਹੁੰਦਾ ਹੈ) ਬੇਢੰਗਾ, ਹਾਸੇ-ਹੀਣਾ; ਕਲਾਬਾਜ਼ੀ, ਕੁਚੇਸ਼ਟਾ, ਮਸਖ਼ਰਾ, ਭੰਡ, ਨਕਲੀਆ.

antichrist, *n.* : ਹਜ਼ਰਤ ਈਸਾ ਦਾ ਵਿਰੋਧੀ; ਈਸਾ ਦਾ ਝੂਠੀ ਵੈਰੀ ਜਿਸ ਬਾਰੇ ਪੁਰਾਣੇ ਈਸਾਈਆਂ ਦਾ ਖ਼ਿਆਲ ਸੀ ਕਿ ਪਰਲੋ ਆਉਣ ਤੋਂ ਪਹਿਲਾਂ ਪਰਗਟ ਹੋਵੇਗਾ.

antichristian, *a.* : ਈਸਾ ਦੇ ਵੈਰੀ ਬਾਰੇ; ਈਸਾਈ ਮਤ ਦੇ ਵਿਰੁੱਧ.
antichristianism, *n.* : ਈਸਾਈ ਮਤ ਦੀ ਵਿਰੋਧਤਾ.

anticipate, *v. t.* : ਪਹਿਲੋਂ ਹੀ ਵੇਖ ਲੈਣਾ ਜਾਂ ਜਾਣ ਲੈਣਾ ਜਾਂ ਸੋਚ ਲੈਣਾ; ਅਗੋਂ ਹੋਣਾ; ਪਹਿਲ ਕਰਨੀ; ਖ਼ਰਚ ਤੋਂ ਪੈਸਾ ਪੇਸ਼ਗੀ ਕਰਨੀ, ਅਗਾਊਂ ਵਰਤਣਾ, ਆਸ ਰੱਖਣੀ (ਹੋਣ ਵਾਲੀ ਘਟਨਾ ਬਾਰੇ), ਉਡੀਕਣਾ.
anticipant, *a.* & *n.* : ਪਹਿਲ ਕਰਨ ਵਾਲਾ, ਪੇਸ਼ਬੰਦੀ ਕਰਨ ਵਾਲਾ; ਆਸਵੰਦ.
anticipative, *a.* : ਆਸ ਕਰਨ, ਉਡੀਕਵਾਂ.
anticipatively, *adv.* : ਉਡੀਕ ਵਿਚ.

anticipation, *n.* : ਪਹਿਲ; ਪੇਸ਼ਬੰਦੀ; ਸਮੇਂ ਤੋਂ ਪਹਿਲਾਂ ਕਾਰਜ ਵਿਚ ਲਿਆਉਣਾ; ਸਮੇਂ ਤੋਂ ਪਹਿਲਾਂ ਕੋਈ ਘਟਨਾ ਹੋ ਜਾਣੀ; ਆਸ, ਉਡੀਕ; ਕਿਸੇ ਪਿਛੇਤਰੀ ਸੁਰ ਨੂੰ ਪਹਿਲਾਂ ਛੇੜ ਦੇਣਾ.

anticipator, *n.* : ਪਹਿਲ ਕਰਨ ਵਾਲਾ, ਪੇਸ਼ਬੰਦੀ ਕਰਨ ਵਾਲਾ, ਆਸਵੰਦ, ਉਡੀਕਵਾਨ.
anticipatory, *a.* : ਪੇਸ਼ਬੰਦੀ ਵਾਲਾ, ਉਡੀਕਵਾਂ.

anti-climax, *n.* : ਉਤਾਰ, ਸਿਖ਼ਰ-ਹੀਨ, ਅਣਚੜ੍ਹਤ; ਚੜ੍ਹਾਉ ਦੇ ਬਾਅਦ ਵਿਚ ਲਹਾਉ, ਭਾਵ ਨੂੰ ਮੱਧਮ ਕਰਨ ਵਾਲੇ ਵਿਚਾਰ ਦੇਣੇ.

anticlinal, *a.* : (ਭੂਗੋਲ) ਚੜ੍ਹਦੀ ਢਾਲ, ਪੁਸ਼ਤੀ ਦੇ ਅਜਿਹੇ ਜਗ੍ਹਾਂ ਜਾਂ ਸਿੱਲਾ ਬਣਾਉ ਜਿਸ ਤੇ ਦੋਹੀਂ ਪਾਸੀਂ ਇਕ ਦੂਜੇ ਨਾਲ ਦੋ ਢਲਾਣਾਂ ਢਲਵਾਂ ਹੁੰਦੀਆਂ ਹਨ; (ਸਰੀਰਕ ਬਣਾਵਟ) ਖੜੀ ਕੰਗਰੋੜ ਵਾਲੀ, ਜਿਸ ਦਾ ਦੋਹਾਂ ਪਾਸਿਆਂ ਦੀਆਂ ਹੱਡੀਆਂ ਮੁੜਦੀਆਂ ਹਨ.

anticyclone, *n.* : ਪੌਣ ਚੱਕਰ; ਹਵਾ ਦਾ ਬਾਹਰਮੁਖੀ ਘੁੰਮਣ.

antidote, *n.* : ਜ਼ਹਿਰ-ਮਾਰ, ਵਿਸ-ਘਾਤ, ਜ਼ਹਿਰ-ਨਾਸ਼ਕ ਦਵਾਈ; ਤਿਰਿਆਕ; ਇਲਾਜ, ਤੋੜ.
antidotal, *a.* : ਜ਼ਹਿਰ-ਮਾਰੂ, ਜ਼ਹਿਰ-ਨਾਸ਼ਕ.

antigen, *n.* : (ਡਾਕਟਰੀ) ਉਹ ਵਸਤੂ ਜਿਹੜੀ ਸਰੀਰ ਵਿਚ ਦਾਖ਼ਲ ਕੀਤੀ ਹੋਈ ਹੋਵੇ ਜਿਸ ਨਾਲ ਹਾਨੀਕਾਰਕ ਅੰਸ਼ਾਂ ਨੂੰ ਮਾਰਨ ਵਾਲੇ ਅੰਸ਼ ਪੈਦਾ ਹੋਣ, ਉਹ ਦਵਾਈ ਜੋ ਰੋਗ-ਨਾਸ਼ਕ ਅੰਸ਼ਾਂ ਨੂੰ ਪੈਦਾ ਕਰਨ ਲਈ ਲਹੂ ਵਿਚ ਪਾਈ ਜਾਂਦੀ ਹੈ.

antigropelos, *n. pl.* : ਪੱਟ-ਮੋਜ਼ੇ, ਪੈਰ ਤੋਂ ਗੋਡੇ ਤਕ ਪਾਣੀ ਨਾ ਜਾਣ ਦੇਣ ਵਾਲੀ ਜੁਰਾਬ.

antilogarithm, *n.* : ਜਵਾਬੀ ਲਘੂ-ਗਣਕ, ਉਹ ਅੰਕ ਜਿਸ ਨਾਲ ਲਘੂ-ਗਣਕ ਦਾ ਸੰਬੰਧ ਹੋਵੇ, ਜਿਵੇਂ ੧੦੦ ਜਵਾਬੀ ਲਘੂ-ਗਣਕ ੨ ਦਾ ਹੈ.

antilogy, *n.* : ਵਚਨ-ਵਿਰੋਧ.

antimacassar, *n.* : ਕੁਰਸੀ ਆਦਿ ਦਾ ਗਿਲਾਫ਼ (ਚਿਕਨਾਈ ਤੋਂ ਬਚਾਉ ਲਈ ਜਾਂ ਸਜਾਵਟੀ ਤੌਰ ਤੇ).

antimasque, antimask, *n.* : ਨਕਲ, ਵਿਚੋਂ ਸਾਂਗ ਵਿਚ ਹਾਸ-ਰਸ ਵਾਲਾ ਵਿਚਲਾ ਖੇਲ.

antimonarchical, *a.* : ਇਕ-ਪੁਰਖੀ ਰਾਜ ਦੇ ਵਿਰੁੱਧ.

antimony, *n.* : ਸੁਰਮਾ, ਅੰਜਨ.

antinomian, *a.* & *n.* : ਸਦਾਚਾਰਕ ਨੇਮਾਂ ਦਾ ਵਿਰੋਧੀ; ਸੋਲ੍ਹਵੀਂ ਸਦੀ ਦੇ ਨਾਲ ਸੰਬੰਧ ਰੱਖਣ ਵਾਲਾ (ਇਹ ਫ਼ਿਰਕਾ ੧੫੩੫ ਦੇ ਕਰੀਬ ਜਰਮਨੀ ਵਿਚ ਪਰਗਟ ਹੋਇਆ) ਇਹ ਫ਼ਿਰਕਾ ਦਾਅਵਾ ਕਰਦਾ ਸੀ ਕਿ ਈਸਾਈਆਂ ਲਈ ਸਦਾਚਾਰੀ ਨੇਮਾਂ ਦੀ ਪਾਬੰਦੀ ਜ਼ਰੂਰੀ ਨਹੀਂ.

antinomy, *n.* : ਕਾਨੂੰਨ ਵਿਚ ਆਪਾ-ਵਿਰੋਧ; ਅਧਿਕਾਰ-ਵਿਰੋਧ; ਆਪਸ-ਵਿਰੋਧ.

antipathetic, *a.* : ਸੁਭਾਅ-ਵਿਰੋਧੀ, ਪਰਕਿਰਤੀ-ਵਿਰੁੱਧ, ਵਿਰੋਧੀ.

antipathetical, *a.* : ਘਿਰਣਾਤਮਕ, ਵਿਰੋਧਕ.
antipathetically, *adv.* : ਵਿਰੁੱਧ ਹੋ ਕੇ, ਵਿਰੋਧੀ ਢੰਗ ਨਾਲ.

antipathic, *a.* : ਵਿਰੁੱਧ-ਪ੍ਰਭਾਵ ਵਾਲੀ (ਦਵਾਈ ਆਦਿ), ਵਿਪਰੀਤ ਵਾਲਾ, ਵਿਪਰੀਤਕ, ਘਿਰਣਾਤਮਕ, ਘਿਰਣਾ ਵਾਲਾ.

antipathy, *n.* : ਘਿਰਣਾਤਮਕ, ਘਿਰਣਾ, ਵਿਪਰੀਤ.

antiphlogistic, *a.* & *n.* : ਸੋਜ-ਨਾਸ਼ਕ (ਦਵਾਈ, ਲੇਪ ਆਦਿ).
antiphlogistine, *n.* : ਸੋਜ-ਨਾਸ਼ਕ ਦਵਾਈ ਜਾਂ ਮਲ੍ਹਮ.

antiphon, *n.* : ਜਵਾਬੀ ਗੀਤ, ਜੋੜੀਆਂ ਵਾਲੇ ਗੀਤ ਜਾਂ ਟੱਪੇ, ਤਰਾਨਾ.

antiphonal, *a.* & *n.* : ਜੋੜੀਆਂ ਵਿਚ ਗਾਏ ਜਾਣ ਵਾਲੇ, ਵਾਰੋ ਵਾਰੀ ਗਾਉਣ ਵਾਲੇ; ਵਾਰੀ ਵਾਲੇ; ਇਹੋ ਜਿਹੇ ਗੀਤਾਂ ਦਾ ਸੰਗ੍ਰਹਿ.

antiphonary, *n.* : ਜਵਾਬੀ ਗੀਤਾਂ ਦਾ ਸੰਗ੍ਰਹ.

antiphony, *n.* : ਜਵਾਬੀ ਗੀਤ, ਕੋਰੀਆਂ ਦਾ ਗੀਤ, ਜਵਾਬੀ ਆਵਾਜ਼, ਗੂੰਜ, ਪ੍ਰਤੀ-ਧੁਨ.

antipodes, *n. pl.* (ਬਹੁ-ਵਚਨ) : ਪਤਾਲ, ਧਰਤੀ ਦੇ ਦੂਜੇ ਪਾਸੇ ਦੇ ਸਥਾਨ.

antipodAL, **antipodEAN**, *a.* : ਪਤਾਲੀ, ਪਤਾਲ-ਸੰਬੰਧੀ, ਪਤਾਲ-ਵਾਸੀਆਂ ਦਾ; ਟਾਕਰੇ ਦਾ, ਮੁਕਾਬਲੇ ਦਾ.

antipole, *n.* : ਉਲਟਾ-ਧਰੁ, ਧਰਤੀ ਦੇ ਦੂਜੇ ਪਾਸੇ ਦਾ ਧਰੁ, ਐਨ ਉਲਟ.

antipope, *n.* : ਵਿਰੋਧੀ ਪੋਪ, ਪਹਿਲੀ ਮਨਜ਼ੂਰ ਕੀਤੇ ਹੋਏ ਪੋਪ ਦੇ ਵਿਰੁੱਧ ਖੜਾ ਕੀਤਾ ਪੋਪ.

antipyretic, *a.* & *n.* : ਤਾਪ-ਨਾਸ਼ਕ.

antipyrin, *n.* : ਇਕ ਤਾਪ-ਨਾਸ਼ਕ ਦਵਾਈ.

antiquarian, *a.* & *n.* : ਪੁਰਾ-ਖੋਜੀ, ਪੁਰਾਤਨ ਅਵਸ਼ੇਸ਼, ਵਸਤਾਂ, ਲਿਖਤਾਂ ਆਦਿ ਦੀ ਖੋਜ ਸੰਬੰਧੀ; ਪੁਰਾਣੀਆਂ ਵਸਤਾਂ ਦਾ ਖੋਜੀ; ਨਕਸ਼ਾਕਸ਼ੀ ਦਾ ਵੱਡਾ ਕਾਗ਼ਜ਼.

antiquarianISM, *n.* : ਪੁਰਾਣੀਆਂ ਚੀਜ਼ਾਂ ਦੀ ਪਰਖ, ਪੁਰਾ-ਖੋਜ.

antiquarianIZE, *v. i.* : ਪੁਰਾ-ਖੋਜ ਕਰਨੀ.

antiquary, *n.* : ਪੁਰਾ-ਖੋਜੀ, ਪੁਰਾਤੱਤਵੀ, ਪੁਰਾਣੀਆਂ ਪੁਰਾਣੀ ਚੀਜ਼ਾਂ ਦੀ ਖੋਜ ਕਰਨ ਵਾਲਾ, ਪੁਰਾਤਨਤਾ ਦਾ ਮਾਹਿਰ, ਪੁਰਾਵਿਦ.

antiquate, *v. t.* : ਅਪਰਚਲਿਤ ਕਰਨਾ, ਬੇਰਿਵਾਜਾ ਕਰਾ ਦੇਣਾ; ਪ੍ਰਾਚੀਨ ਬਣਾਉਣਾ, ਪੁਰਾਣਾ ਕਰ ਦੇਣਾ, ਪੁਰਾਣਾ ਸਿੱਧ ਕਰਨਾ.

antique, *a.* & *n.* : ਪੁਰਾਣਾ, ਪੁਰਾਤਨ, ਪੁਰਾਣੇ ਸਮੇਂ ਦਾ; ਪੁਰਾਣੇ ਸਮੇਂ ਤੋਂ ਚਲਾ ਆਉਂਦਾ; ਪੁਰਾਣੇ ਢੰਗ ਦਾ, ਪ੍ਰਾਚੀਨ ਲੋਕਾਂ ਦੇ ਢੰਗ ਦਾ; ਪੁਰਾਣਿਆਂ ਸਮਿਆਂ ਦੀ ਯਾਦਗਾਰ; ਪੁਰਾਣੇ ਹੁਨਰ ਦੀ ਯਾਦਗਾਰ, ਪੁਰਾਣੀ ਸ਼ੈਲੀ.

the *n.* : ਪੁਰਾਣਾ ਢੰਗ.

antiqueNESS, *n.* : ਪੁਰਾਤਨਤਾ, ਪ੍ਰਾਚੀਨਤਾ.

antiquity, *n.* : ਪੁਰਾਤਨਤਾ, ਪ੍ਰਾਚੀਨਤਾ, ਪੁਰਾਣੇ ਸਮੇਂ, ਅਗਲੇ ਵਕਤ; ਪੁਰਾਣੇ ਸਮੇਂ ਦੇ ਲੋਕ, ਅਗਲੇ ਲੋਕ; ਪੁਰਾਣੀ ਵਸਤ; (ਬਹੁ-ਵਚਨ) ਯਾਦਗਾਰਾਂ, ਯਾਦਗਾਰੀ ਨਿਸ਼ਾਨ, ਖੰਡਰਾਤ, ਪੁਰਾਣੀਆਂ ਚੀਜ਼ਾਂ.

antirrhinum, *n.* : ਇਕ ਕਿਸਮ ਦਾ ਬੂਟਾ, ਜਿਸ ਦੇ ਫੁੱਲ ਨੂੰ ਉਂਗਲ ਨਾਲ ਦੱਬੀਏ ਤਾਂ ਖਿਲਰ ਜਾਂਦਾ ਹੈ.

antisabbatarian, *a.* & *n.* : ਸਬਤ-ਵਿਰੋਧੀ, ਐਤਵਾਰ ਨੂੰ ਛੁੱਟੀ ਮਨਾਉਣ ਦਾ ਵਿਰੋਧੀ.

antiscorbutic, *a.* & *n.* : ਮਸੂੜੇ ਸਾਫ਼ ਕਰਨ ਵਾਲੀ, ਸਿਕਰੀ-ਹਰ.

antiscriptural, *a.* : ਧਰਮ-ਗ੍ਰੰਥ ਦਾ ਵਿਰੋਧੀ.

anti-Semite, *n.* & *a.* : ਯਹੂਦ-ਵਿਰੋਧੀ, ਸਾਮੀ ਲੋਕਾਂ ਦਾ ਵੈਰੀ.

anti-SemitIC, *a.* : ਯਹੂਦ-ਵਿਰੋਧੀ.

anti-SemitISM, *n.* : ਯਹੂਦ-ਵਿਰੋਧ.

antiseptic, *a.* & *n.* : ਵਿਸ਼-ਰੋਕੂ, ਵਿਸ਼-ਨਾਸ਼ਕ, (ਫੋੜ ਨੂੰ) ਸੜਨ ਤੋਂ ਬਚਾਉਣ ਵਾਲੀ ਦਵਾਈ.

antisepticALLY, *adv.* : ਵਿਸ਼-ਨਾਸ਼ਕ ਤੌਰ ਤੇ, ਸੜਨ ਤੋਂ ਬਚਾਉਣ ਦੇ ਉਪਾਅ ਨਾਲ.

antisocial, *a.* : ਸਮਾਜ-ਵਿਰੋਧੀ.

antistrophe, *n.* : ਕੋਰਸ ਦੀ ਵਾਰ ਦਾ ਹੋੜ, ਪਰਤਵਾਂ ਗੀਤ.

antistrophic, *a.* : ਪਰਤਵੇਂ ਗੀਤ ਸੰਬੰਧੀ.

antitheist, *n.* : ਆਸਤਕਤਾ ਦਾ ਵਿਰੋਧੀ, ਨਾਸਤਕ, ਕਾਫ਼ਰ.

antitheISM, *n.* : ਆਸਤਕਤਾ ਦਾ ਵਿਰੋਧ, ਨਾਸਤਕਤਾ.

antitheistIC, *a.* : ਨਾਸਤਕਤਾ ਵਾਲਾ ਜਾਂ ਸਬੰਧੀ.

antithesis, *n.* (*pl.-theses*) : ਵਿਰੋਧ ਅਲੰਕਾਰ, ਸ਼ਬਦੀ ਵਿਰੋਧ; ਟਾਕਰਾ, ਵਿਪ੍ਰੀਤ, ਉਲਟ, ਟੱਕਰ.

antithetic, *a.* : ਉਲਟਾ, ਵਿਰੋਧੀ, ਟਾਕਰੇ ਤੇ ਰੱਖੇ ਹੋਏ, ਟਕਰਵੇਂ ਸ਼ਬਦਾਂ ਸੰਬੰਧੀ; ਵਿਰੋਧ-ਭਾਵ ਵਾਲਾ.

antithetICAL, *a.* : ਟਕਰਵਾਂ, ਵਿਪ੍ਰੀਤਵਾਂ, ਉਲਟਵਾਂ.

antitheticALLY, *adv.* : ਟੱਕਰ ਦੇ ਤੌਰ ਤੇ, ਟਾਕਰੇ ਤੇ ਰੱਖ ਕੇ, ਵਿਪ੍ਰੀਤ ਭਾਵ ਨਾਲ.

antitoxin, *n.* : ਵਿਸ਼-ਰੋਕ, ਵਿਸ਼-ਨਾਸ਼ਕ.

anti-trade, *a.* & *n.* : ਵਿਰੁੱਧ-ਪਾਸੀ ਪੌਣ.

antitrinitarian, *n.* : ਤ੍ਰਿਮੂਰਤੀ ਅਕੀਦੇ ਦਾ ਵਿਰੋਧੀ, ਤ੍ਰਿਮਤ-ਵਿਰੋਧੀ.

antitrinitarianISM, *n.* : ਤ੍ਰਿਮੂਰਤ-ਵਿਰੋਧ.

antitype, *n.* : ਚਿੰਨ੍ਹ ਦਾ ਅਸਲ, ਛਾਪ ਜਾਂ ਠੱਪੇ ਦਾ ਮੂਲ.

antivenene, *n.* : ਵਿਸ਼-ਰੋਕ, ਖ਼ਾਸ ਕਰਕੇ ਸੱਪ ਦਾ ਜ਼ਹਿਰ ਕੱਟਣ ਵਾਲੀ ਦਵਾ.

antler, *n.* : ਸਾਂਭਰ ਦੇ ਸਿੰਗ, ਹਿਰਨ ਜਾਂ ਬਾਰਾਂਸਿੰਗੇ ਦਾ ਸਿੰਗ.

antlerED, *a.* : ਸਿੰਗਾਂ ਵਾਲਾ, ਸ਼ਾਖ਼ਦਾਰ.

antonomasia, *n.* : ਅਸਲ ਨਾਂ ਥਾਂ ਤੇ ਕੋਈ ਉਪਨਾਮ ਜਾਂ ਉਪਾਧੀ ਵਰਤਣਾ (ਜਿਵੇਂ Duke of Wellington ਦੀ ਥਾਂ the Iron Duke ਵਰਤਣਾ); ਕਿਸੇ ਗੁਣ ਦੀ ਥਾਂ ਕੋਈ ਖ਼ਾਸ ਨਾਂ ਵਰਤਣਾ (ਜਿਵੇਂ 'ਨਿਆਂਕਾਰੀ ਦੀ ਥਾਂ a Solomon ਵਰਤਣਾ').

antonym, *n.* : ਉਲਟ-ਭਾਵੀ ਸ਼ਬਦ, ਜਿਵੇਂ love (ਪਿਆਰ) ਦਾ antonym hatred (ਘਿਰਣਾ) ਹੈ.

anus [L.], *n.* : ਗੁਦਾ, ਗੁ.

anvil, *n.* : ਅਹਿਰਣ (ਲੋਹਾ ਪਿੱਟਣ ਵਾਲੀ) ਕੰਨ ਦੀ ਇਕ ਹੱਡੀ.

anxiety, *n.* : ਚਿੰਤਾ, ਫ਼ਿਕਰ, ਵਿਆਕੁਲਤਾ, ਘਬਰਾਹਟ, ਸਹਿਸਾ; ਤਾਂਘ.

anxious, *a.* : ਚਿੰਤਾਵਾਨ, ਚਿੰਤਾਤੁਰ, ਫ਼ਿਕਰਮੰਦ, ਬੇਚੈਨ, ਵਿਆਕੁਲ, ਘਬਰਾਇਆ, ਉਤਾਵਲਾ, ਚਾਹਵਾਨ.

anxiousLY, *adv.* : ਫ਼ਿਕਰ ਨਾਲ, ਤਾਂਘ ਨਾਲ, ਬੇਚੈਨੀ ਨਾਲ.

any, *a., pron.* & *adv.* : ਇਕ, ਕੁਝ, ਥੋੜਾ ਜਿਹਾ, (ਸਵਾਲੀ ਵਾਕਾਂ ਵਿਚ) ਕੋਈ; ਜਿਵੇਂ Was any Frenchman present there? ਕੀ ਉਥੇ ਕੋਈ ਫ਼ਰਾਂਸੀਸੀ ਮੌਜੂਦ ਸੀ? (ਨਿਸ਼ੇਧ ਪ੍ਰਗਟ ਕਰਨ ਵਾਲੇ ਵਾਕਾਂ ਵਿਚ) ਕੋਈ, ਕੁਝ ਵੀ; ਕਿਸੇ ਤਰ੍ਹਾਂ ਦਾ, ਇਕ ਵੀ; ਜਿਵੇਂ cannot see any difference, ਕੋਈ ਫ਼ਰਕ ਨਹੀਂ ਦੇਖ ਸਕਦਾ, (ਇਕਰਾਰੀ ਵਾਕਾਂ ਵਿਚ) ਕੋਈ, ਹਰ ਇਕ, ਹਰ ਕੋਈ; ਜਿਵੇਂ any book will do, ਕੋਈ ਕਿਤਾਬ ਕੰਮ ਦੇ ਸਕਦੀ ਹੈ.

anybody, *n.* & *pron.* : ਕੋਈ ਪੁਰਸ਼, ਕੋਈ ਵੀ; if you wish to be *a.* : ਜੇ ਤੁਸੀਂ ਕੁਝ (ਵਿਸ਼ੇਸ਼ ਜਾਂ ਮਸ਼ਹੂਰ ਵਾਲਾ ਆਦਮੀ) ਬਣਨਾ ਚਾਹੁੰਦੇ ਹੋ; two or three anybodies, ਕੋਈ ਦੋ ਤਿੰਨ ਆਦਮੀ, ਦੋ ਤਿੰਨ ਮਾਮੂਲੀ ਆਦਮੀ.

anyhow, *adv.* & *conj.* : ਜਿਵੇਂ ਕਿਵੇਂ, ਕਿਸੇ ਤਰ੍ਹਾਂ, ਹਰ ਹਾਲਤ ਵਿਚ, ਜਿਵੇਂ ਹੋ ਸਕੇ, ਜਿਵੇਂ ਕਿਵੇਂ, ਐਵੇਂ, ਉਂਜ ਹੀ, ਢੀਠਾ-ਮੱਠਾ ਕਰਕੇ; ਜਿਵੇਂ he does his work *a.* : ਉਹ ਆਪਣਾ ਕੰਮ ਜਿਵੇਂ-ਕਿਵੇਂ ਹੀ ਕਰਦਾ ਹੈ.

anyone = anybody.

anything, *pron.* & *n.* : ਕੁਝ, ਕੋਈ ਚੀਜ਼, ਕੁਝ ਵੀ, ਹਰ ਚੀਜ਼.

anyway, *adv.* & *conj.* : ਦੇਖੋ anyhow.

anywhere, *adv.* : ਕਿਧਰੇ, ਕਿਤੇ, ਕਿਤੇ ਵੀ, ਹਰ ਥਾਂ.

anywise, *adv.* : ਕਿਵੇਂ, ਕਿਵੇਂ ਵੀ, ਕਿਵੇਂ ਹੋ ਸਕੇ.

Anzac, *n.* & *a.* : (ਪਹਿਲੇ ਵਡੇ ਯੁੱਧ ਵਿਚ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦਾ ਕੋਈ ਯੋਧਾ (Australian and New Zealand Army Corps ਦੇ ਸ਼ਬਦਾਂ ਦੇ ਪਹਿਲੇ ਅੱਖਰਾਂ ਤੋਂ ਇਹ ਸ਼ਬਦ ਬਣਿਆ ਹੈ), (ਵਿਸ਼ੇਸ਼ਣ) ਇਸ ਫ਼ੌਜ ਦਾ ਸਿਪਾਹੀ.

aorist, *a.* & *n.* : (ਵਿਆਕਰਣ) ਭੂਤਕਾਲ, ਅਨਿਸ਼ਚਤ ਕਿਰਿਆ, ਉਹ ਕਿਰਿਆ ਜਿਸ ਵਿਚ ਕਾਲ ਸੰਬੰਧੀ ਕੋਈ ਬੰਧਨ ਨਾ ਹੋਵੇ, ਜਿਵੇਂ ਜਾਂਦਿਆਂ, ਖਾਣ, ਕਿਰਨ, ਕੁਲ.

aoristIC, *a.* : ਭੂਤਕਾਲ ਸੰਬੰਧੀ.

aorta, *n.* : ਆਓਰਤਾ, ਦਿਲ ਦੇ ਖੱਬੇ ਪਾਸਿਓਂ ਨਿਕਲਣ ਵਾਲੀ ਵੱਡੀ ਨਾੜ, ਸਾਰੇ ਲਹੂ ਦੀ ਸਭ ਤੋਂ ਵੱਡੀ ਨਾੜ.

aortIC, *a.* : ਆਓਰਤੀ.

à outrance [F], *phr.* : ਅੰਤਲੇ ਸਾਹਾਂ ਤਕ, ਮਰਦੇ ਦਮ ਤੀਕ.

ap- = **ad-** (p ਤੋਂ ਪਹਿਲਾਂ).

apace, *adv.* : ਛੇਤੀ ਛੇਤੀ, ਤੁਰਤ.

Apache, *n.* : ਪੈਰਸ ਦਾ ਸ਼ਰਾਬੀ ਗੁੰਡਾ.

apanage, appanage, *n.* : ਰਾਜ-ਕੁਮਾਰਾਂ ਦੇ ਪਾਲਣ-ਪੋਸ਼ਣ ਦਾ ਪ੍ਰਬੰਧ; ਅਧੀਨ ਇਲਾਕਾ; ਸੁਭਾਵਕ ਗੁਣ, ਜਾਗਾ.

apart, *adv.* : ਵੱਖ, ਵਖਰਾ, ਅੱਡ, ਇਕ ਪਾਸੇ, ਲਾਂਭੇ, ਪਰਿੰਤ, ਇਕਸੰਦੇ; ਵਿਚਲੇ ਵਿਚਲੇ, ਟੁੱਟ, ਛੱਡ ਕੇ.

jesting a. : ਹਾਸਾ ਛੱਡ ਕੇ, ਮਖੌਲ ਜਾਣ ਦਿਓ, ਦਿਲ-ਲਗੀ ਨਾ ਕਰਦੇ ਹੋਏ.

set a. : ਵਖਰੇ ਕਰ ਰਖਣਾ, ਸਾਂਭ ਰਖਣਾ, ਵਖਰਾ ਕਰਕੇ ਰਖ ਲੈਣਾ.

apartheid, *n.* : ਨਸਲੀ ਵਖੇਵਾਂ (ਜੋ ਦਖਣੀ ਅਫਰੀਕਾ ਦੀ ਸਰਕਾਰ ਵਲੋਂ ਕਾਲੇ ਲੋਕਾਂ ਨਾਲ ਵਰਤਿਆ ਜਾਂਦਾ ਹੈ.

apartment, *n.* : ਕਮਰਾ, ਕੋਠੜੀ.

apathetic, *a.* : ਬੇਪਰਵਾਹ, ਢੀਠ, ਰੁੱਖਾ, ਚਿਤ-ਉਤਸ਼ਾਹ, ਬੇ-ਹਿੱਸ, ਬੇਦਿਲ.

apatheticALLY, *adv.* : ਬੇਪਰਵਾਹੀ ਨਾਲ, ਬੇਦਿਲੀ ਨਾਲ; ਰੁਖਾਈ ਨਾਲ.

apathy, *n.* : ਬੇਪਰਵਾਹੀ, ਲੋਰਾਪਨ, ਰੁੱਖਾਪਨ, ਰੁਖਾਈ, ਬੇਹਿੱਸੀ, ਬੇ-ਦਿਲੀ, ਦਿਲ-ਮੋੜ.

ape, *n.* : ਬਾਂਦਰ, ਨਕਲੀਆ.

play the a. : ਬਾਂਦਰ ਵਾਂਗ ਨਕਲ ਕਰਨੀ, ਸਾਂਗ ਕਢਣੇ.

ape, *v. t.* : ਸਾਂਗ ਲਾਉਣਾ, ਰੀਸ ਕਰਨੀ.

apeak, *adv.* & *pred. a.* : (ਜਹਾਜ਼ਰਾਨੀ) ਖੜਾ, ਸਿੱਧਾ; ਜਿਵੇਂ oars a., ਚੜੇ ਨਾਲ.

apepsy, *n.* : ਅਪਚ, ਬਦਹਜ਼ਮੀ, ਬਦ-ਹਜ਼ਮੀ, ਹਾਜ਼ਮੇ ਦੀ ਕਮਜ਼ੋਰੀ.

aperçu [F], *n.* : ਸੰਖੇਪ ਵਿਆਖਿਆ.

aperient, *a.* & *n.* : ਜੁਲਾਬ.

aperture, *n.* : ਮੋਰੀ, ਛੇਕ, ਮਘੋਰਾ, ਵਿਰਲ, ਮੂੰਹ, ਸੇਧ, ਖਿੜਕੀ.

apery, *n.* : ਬਾਂਦਰ-ਘਰ; ਬਾਂਦਰ ਵਰਗੀਆਂ ਹਰਕਤਾਂ, ਨਕਲ, ਸਾਂਗ.

apetalous, *a.* : ਬੇਪੱਤਾ, ਅਪੱਤ, ਬੇਪੰਖੜੀਆ.

apex, *n.* (*pl.* apices, apexes) : ਚੋਟੀ, ਸਿਖਰ, ਟੀਸੀ, ਨੋਕ, ਸਿਰਾ, ਸਿਖਰ; (ਤਿਕੋਣ ਦੀ ਉਪਰਲੀ) ਨੁੱਕਰ, ਕੋਣ, ਅਣੀ.

aphasia, *n.* : ਗੂੰਗ, ਬਦਜ਼ਬਾਨੀ, ਬੋਲ ਜਾਂਦੀ ਰਹਿਣੀ, ਬੋਲ-ਬੰਦੀ, ਦਿਮਾਗੀ ਰੋਗ ਦੇ ਕਾਰਨ ਬੋਲ ਬੰਦ ਹੋ ਜਾਣੀ.

aphasic, *a.* : ਗੂੰਗਾਪਨ ਸੰਬੰਧੀ, ਬੋਲ-ਬੰਦੀ ਸੰਬੰਧੀ.

aphelion, *n.* : ਅਪ-ਸੂਰ, ਸੂਰਜ-ਦੁਰੇਡ, ਸੂਰਜ ਤੋਂ ਦੂਰ ਦਾ ਸਥਾਨ.

apheliotropic, *a.* : (ਬਨਸਪਤ) ਸੂਰਜ-ਪਿਠੀ, ਸੂਰਜ ਵਲੋਂ ਮੁੜਿਆ ਹੋਇਆ.

apheliotropicALLY, *adv.* : ਸੂਰਜ-ਪਿੱਠੀ ਹੋ ਕੇ.

apheliotropISM, *n.* : ਸੂਰਜ-ਪਿੱਠਤਾ.

aphesis, *n.* : ਲੋਪ, ਪ੍ਰਥਮ-ਅੱਖਰ ਲੋਪ, ਸ਼ਬਦ ਦੇ ਪਹਿਲੇ ਅੱਖਰ ਨੂੰ ਲੋਪ ਕਰ ਕੇ ਸਮਾਸ, ਜਿਵੇਂ esquire ਦੇ ਮੁਢਲੇ e ਨੂੰ ਹਟਾ ਕੇ squire ਰਖਕੇ ਇਸਤੇਮਾਲ ਕਰਨਾ.

aphetic, *a.* : ਲੋਪੀ.

aphis, *n.* (*pl.* aphides) : ਰਸ-ਜੂੰ, ਬੂਟਿਆਂ ਦਾ ਕੀੜਾ.

aphidIAN, *a.* : ਰਸ-ਜੂੰ ਸੰਬੰਧੀ.

aphonia, *n.* : ਗੂੰਗ, ਗਲਾ ਬੈਠਣਾ, ਆਵਾਜ਼ ਬੰਦ ਹੋ ਜਾਣੀ.

aphorism, *n.* : ਅਖਾਣ, ਕਹਾਵਤ, ਟੋਟਕਾ, ਸੂਤਰ-ਬੋਲੀ, ਸੰਖੇਪ ਸੂਤਰ.

aphorismIC, aphoristIC, *a.* : ਕਹਾਵਤੀ.

aphoristICALLY, *adv.* : ਕਹਾਵਤ ਦੇ ਤੌਰ ਤੇ, ਸੂਤਰ ਵਾਂਗੂ.

aphrodisiac, *a.* & *n.* : ਕਾਮੋਤੇਜਕ, ਧਾਤੂ-ਪੁਸ਼ਟ, ਮਰਦਾਵੀਂ ਤਾਕਤ ਵਧਾਉਣ ਵਾਲੀ ਦਵਾਈ.

aphyllous, *a.* : (ਬਨਸਪਤ) ਅ-ਪੱਤਰਾ, ਜਿਸ ਦੇ ਪੱਤਰ ਨਾ ਹੋਣ.

apiary, *n.* : ਮਖਿਆਲ-ਘਰ, ਮਖੀਰ; ਉਹ ਥਾਂ ਜਿਥੇ ਸ਼ਹਿਦ ਦੀਆਂ ਮਖੀਆਂ ਪਾਲੀਆਂ ਜਾਂਦੀਆਂ ਹਨ; ਸ਼ਹਿਦ ਵਾਲੀ ਮਖੀਰ.

apiarIAN, *a.* : ਮਖਿਆਲ ਸੰਬੰਧੀ.

apiarIST, *n.* : ਮਖਿਆਲੀਆਂ ਪਾਲਣ ਵਾਲਾ.

apical, *a.* (apex ਤੋਂ) : ਚੋਟੀ ਸੰਬੰਧੀ, ਸਿਰੇ ਦਾ, ਨੋਕ ਦਾ, ਚੋਟਵੀਂ.

apicalLY, *adv.* : ਸਿਖਰੋਂ, ਚੋਟੀ ਵਲੋਂ.

apiculture, *n.* : ਮਖਿਆਲੀਆਂ ਪਾਲਣ ਦਾ ਕੰਮ, ਮਖੀਰ-ਪਾਲਣ.

apiece, *adv.* : ਇਕ ਇਕ ਕਰਕੇ, ਹਿੱਸੇ ਪੱਤੀ, ਜਿਵੇਂ five pounds a., ਹਰ ਇਕ ਨੂੰ ਪੰਜ ਪੰਜ ਪੌਂਡ.

apish, *a.* : ਬਾਂਦਰ ਵਰਗਾ, ਬਾਂਦਰ ਜਿਹਾ, ਬਾਂਦਰ-ਮਤਾ, ਨਕਲੀਆ.

apishLY, *adv.* : ਬਾਂਦਰ ਵਾਂਗ.

apishNESS, *n.* : ਬਾਂਦਰ-ਮਤ, ਬਾਂਦਰਪੁਣਾ.

aplomb, *n.* : ਸੁਥਰਤਾ, ਸਿੱਧਾ ਖੜਾ ਹੋਣਾ; ਸ੍ਵੈ-ਭਰੋਸਾ, ਧੀਰਜ, ਸ਼ਾਂਤ-ਚਿਤੀ.

apnoea, *n.* : ਸਾਹ ਰੁਕਣਾ, ਸੁਆਸ ਚੜ੍ਹਾਉਣ ਦਾ ਰੋਗ.

apo- : (ਅਗੇਤਰ) ਜਿਸ ਦਾ ਅਰਥ ਹੁੰਦਾ ਹੈ : ਵਖਰਾ, ਦੂਰ, ਪਰੇ.

apocalypse, *n.* : ਅਕਾਸ਼-ਬਾਣੀ ਜੋ ਯੂਹੰਨਾ ਨੂੰ ਪਤਮੋਸ ਦੇ ਟਾਪੂ ਵਿਚ ਹੋਈ ਸੀ, ਉਹ ਪੁਸਤਕ ਜਿਸ ਵਿਚ ਯੂਹੰਨਾ ਦੀ ਅਕਾਸ਼-ਬਾਣੀ ਦਰਜ ਹੈ; ਅਕਾਸ਼-ਬਾਣੀ, ਇਲਹਾਮ, ਅਗੰਮੀ ਵਾਕ.

apocalyptic (al), *a.* : ਇਲਹਾਮੀ, ਅਗੰਮੀ.

apocalypticALLY, *adv.* : ਇਲਹਾਮੀ ਤੌਰ ਤੇ.

apocope, *n.* : ਅੰਤਲਾ ਅੱਖਰ ਜਾਂ ਮਾਤਰਾ ਕਟ ਦੇਣੀ.

apocrypha, *n.* : ਅੰਜੀਲ ਦੀ ਪੁਰਾਤਨ ਸਾਖ ਦੇ ਉਹ ਹਿੱਸੇ ਜੋ ਇਬਰਾਨੀ ਅੰਜੀਲ ਦੀ ਮੂਲ ਬੀੜ ਵਿਚੋਂ ਨਹੀਂ ਮੰਨੇ ਜਾਂਦੇ, ਮਿਲ ਭਾਗ, ਅਪ੍ਰਮਾਣਿਕ ਰਚਨਾ, ਝੂਠੀ ਰਚਨਾ.

apocryphal, *a.* : ਮਿਲ, ਅਪ੍ਰਮਾਣਿਕ, ਝੂਠਾ; ਬਣਾਉਟੀ, ਨਿਰਮੂਲ.

apod, *n.* : ਬੇ-ਪੈਰਾ; ਪੰਛੀ, ਕੀੜਾ ਜਾਂ ਮੱਛੀ ਜਿਸ ਦੇ ਪੈਰ ਜਾਂ ਪੇਟ ਦੇ ਪੰਖ ਨਾ ਹੋਣ ਜਾਂ ਠੀਕ ਤਰ੍ਹਾਂ ਉੱਗੇ ਨਾ ਹੋਣ.

apodAL, *a.* : ਬੇ-ਪੈਰਾ, ਪੈਰ-ਹੀਣ, ਪੰਖ-ਹੀਣ.

apodictic, -deictic, *a.* : ਪ੍ਰਮਾਣਿਤ, ਪੱਕੇ ਸਬੂਤ ਵਾਲਾ.

apodicticALLY, *adv.* : ਪੱਕੀ ਤਰ੍ਹਾਂ ਸਾਬਤ ਕਰ ਕੇ.

apodosis, *n.* : ਵਾਕ ਦੀ ਅੰਤਲੀ ਉਪ-ਅੰਸ਼; ਸ਼ਰਤੀ ਵਾਕ ਦੀ ਅਧੀਨ ਵਾਕੰਸ਼.

apogee, *n.* : ਅਪ-ਭੂ, ਭੂਮਿ-ਦੁਰੇਡ, ਕਿਸੇ ਗ੍ਰਹਿ-ਪੰਧ ਵਿਚ ਉਹ ਸਥਾਨ ਜੋ ਧਰਤੀ ਤੋਂ ਵਧੀਕ ਤੋਂ ਵਧੀਕ ਦੁਰੇਡਾ ਹੋਵੇ; ਸੂਰਜ ਤੇ ਧਰਤੀ ਦੇ ਵਿਚਕਾਰ ਵਧੀਕ ਤੋਂ ਵਧੀਕ ਵਿਥ; ਸਭ ਤੋਂ ਦੁਰੇਡਾ ਥਾਂ, ਉੱਚੇ ਤੋਂ ਉੱਚਾ ਥਾਂ.

apogean, *a.* : ਅਪ-ਭੂ ਦਾ.

apolaustic, *a.* : ਵਿਸ਼ਈ.

Apollinaris, *n.* : ਖਾਰਦੀ ਪਾਣੀ ਜੋ ਜਰਮਨੀ ਦੇ ਇਕ ਚਸ਼ਮੇ ਤੋਂ ਲੈ ਕੇ ਬਾਹਰ ਭੇਜਿਆ ਜਾਂਦਾ ਹੈ.

Apollo, *n.* : (ਯੂਨਾਨੀ ਦੇਵ-ਮਾਲਾ) ਸੂਰਜ ਦੇਵਤਾ, (ਕਾਵਿ) ਸੂਰਜ; ਸੁੰਦਰ ਮਨੁੱਖ.

Apollyon, *n.* : ਸ਼ੈਤਾਨ, ਦੈਂਤ, ਰਾਖਸ਼.

apologetic, *a.* & *n.* : ਖਿਮਾ-ਜਾਚਕ, ਮਿੰਨਤੀ, ਪਛਤਾਵੇ ਵਾਲਾ, ਲੱਜਾਵਾਨ, ਸ਼ਰਮਿੰਦਾ; (ਬਹੁ-ਵਚਨ ਰੂਪ) ਦਲੀਲ ਭਰੀ ਪਖ-ਪੂਰਤੀ.

apologeticAL, *a.* : ਪਛਤਾਵੇ-ਭਰਿਆ, ਲੱਜਾ-ਪੂਰਬਕ.

apologeticALLY, *adv.* : ਪਛਤਾਵਾ ਕਰ ਕੇ, ਸ਼ਰਮਿੰਦਾ ਹੋ ਕੇ, ਖਿਮਾ-ਪੂਰਬਕ.

apologia, *n.* : (ਲਿਖਾਰੀ ਦੀ ਆਪਣੀ) ਪਖ-ਸਿਧੀ.

apologist, *n.* : ਹਮੈਤੀ, ਵਕੀਲ, ਪੱਖੀ, ਉਜ਼ਰਦਾਰ, ਸਫ਼ਾਈ ਪੇਸ਼ ਕਰਨ ਵਾਲਾ.

apologise, *v. i.* : ਖਿਮਾ ਮੰਗਣੀ, ਮਾਫ਼ੀ ਚਾਹੁਣੀ, ਸਫ਼ਾਈ ਪੇਸ਼ ਕਰਨੀ.

apologue, *n.* : ਸਿਖਿਆ-ਪੂਰਬਕ ਕਹਾਣੀ, ਸਿਖਿਆ-ਦਾਇਕ ਸਾਖੀ.

apology, *n.* : ਭੁਲ ਦੀ ਖਿਮਾ, ਮਾਫ਼ੀ, ਪਛਤਾਵਾ; ਸਫ਼ਾਈ, ਉਜ਼ਰ; ਘਟੀਆ ਨਮੂਨਾ, ਜਿਵੇਂ this a. for a song, ਇਹ ਘਟੀਆ ਨਮੂਨਾ ਗੀਤ ਦਾ, ਇਹ ਅਖੌਤੀ ਗੀਤ.

apophthegm, *n.* : ਗਿਆਨ-ਪੂਰਬਕ ਅਖਾਣ, ਨੀਤੀ ਵਚਨ.

apophthegmATIC, *a.* : ਅਖਾਣ ਭਰੇ.

apophthegmATICALLY, *adv.* : ਅਖਾਣੀ ਢੰਗ ਨਾਲ, ਅਖਾਣ ਦੇ ਰ.

apoplectic, *a.* : ਮਿਰਗੀ ਮਾਰਿਆ, ਮਿਰਗੀ ਵਾਲਾ.

a. fit : ਮਿਰਗੀ ਦਾ ਦੌਰਾ.

apoplecticALLY, *adv.* ਮਿਰਗੀ ਵਾਲੇ ਵਾਂਗ.

apoplexy, *n.* : ਮਿਰਗੀ, ਸਕਤਾ.

aposiopesis, *n.* : ਬੋਲਦਿਆਂ ਬੋਲਦਿਆਂ ਅਚਨਚੇਤ ਰੁਕ ਜਾਣਾ.

apostasy, *n.* : ਪਤਿਤਪੁਣਾ, ਪਤਿਤਾ, ਧਰਮ ਤੋਂ ਫਿਰਨਾ, ਧਰਮ ਤੋਂ ਇਨਕਾਰ, ਧਰਮ-ਤਿਆਗ.

apostate, *n.* & *a.* : ਪਤਿਤ, ਧਰਮ ਤੋਂ ਫਿਰਿਆ ਹੋਇਆ, ਧਰਮ ਤੋਂ ਬਾਗੀ; ਵਿਧਰਮੀ.

apostatICAL, *a.* ਪਤਿਤਾ ਵਾਲਾ.

apostatize, *v. i.* : ਪਤਿਤ ਹੋ ਜਾਣਾ, ਧਰਮ ਤੋਂ ਫਿਰ ਜਾਣਾ, ਧਰਮ ਛੱਡਣਾ.

a posteriori [L], *adv.* & *adj. phr.* : ਕਾਰਜ ਤੋਂ ਕਾਰਣ ਦਾ ਅਨੁਮਾਨ ਲਾਣਾ, ਸਿੱਟਾ ਵੇਖ ਕੇ ਸਬਬ ਲਭਣਾ; ਅਨੁਮਾਨੀ.

apostil, *n.* : ਹਾਸ਼ੀਏ ਦਾ ਨੋਟ.

apostle, *n.* : ਪੈਗੰਬਰ, ਨਬੀ, ਰਸੂਲ; ਈਸਾ ਦੇ ਬਾਰਾਂ ਸਿੱਖਾਂ ਵਿਚੋਂ ਕੋਈ ਜਿਨ੍ਹਾਂ ਨੂੰ ਇੰਜੀਲ ਦਾ ਪ੍ਰਚਾਰ ਕਰਨ ਲਈ ਭੇਜਿਆ ਗਿਆ ਸੀ; ਕਿਸੇ ਦੇਸ ਵਿਚ ਈਸਾਈ ਮੱਤ ਦਾ ਪਹਿਲਾ ਕਾਮਯਾਬ ਪ੍ਰਚਾਰਕ; ਸੁਧਾਰਕ ਆਗੂ.

apostleSHIP
apostoLATE } *n.* : ਰਸਾਲਤ, ਪੈਗੰਬਰੀ.

apostolic, *a.* : ਈਸਾ ਦੇ ਸਿੱਖਾਂ ਬਾਰੇ, ਪੈਗੰਬਰ ਸੰਬੰਧੀ, ਰੋਮ ਦੇ ਪੋਪ ਦਾ.

apostolicAL, *a.* = apostolic.

apostolicALLY, *adv.* : ਪੈਗੰਬਰ ਦੇ ਤੌਰ ਤੇ.

apostrophe, *n.* : ਕਵਿਤਾ ਜਾਂ ਵਖਿਆਨ ਵਿਚ ਕਿਸੇ ਨੂੰ ਸੰਬੋਧਨ ਕਰਨਾ, ਸੰਬੋਧਨ.

apostrophic, *a.* : ਸੰਬੋਧਨੀ.

apostrophize, *v. t.* : ਸੰਬੋਧਨ ਕਰਨਾ.

apostrophy, *n.* : ਸੰਬੰਧੀ ਚਿੰਨ੍ਹ ('); ਜਿਵੇਂ boy's ਮੁੰਡੇ ਦਾ; ਕਿਸੇ ਸ਼ਬਦ ਵਿਚੋਂ ਲੁਪਤ ਹੋਏ ਅੱਖਰ ਦਾ ਨਿਸ਼ਾਨ; ਜਿਵੇਂ can't.

apostrophic, *a.* : ਲੁਪਤੀ.

apothecary, *n.* : ਪਸਾਰੀ, ਦਵਾ ਫਰੋਸ਼, ਦਵਾਈਆਂ ਵਾਲਾ.

apotheosis, *n.* : ਦੇਵ-ਪਦਵੀ, ਰੱਬੀ ਮਹਿਤ, ਕਿਸੇ ਨੂੰ ਚੁੱਕਿਆ ਕੇ ਦੇਵ ਜਾਂ ਸੰਤ ਮਿਥਣਾ; ਸੰਸਾਰਕ ਜੀਵਨ ਤੋਂ ਛੁਟਕਾਰਾ.

apotheosize, *v. t.* : ਦੇਵਤਾ ਥਾਪ ਲੈਣਾ, ਦੇਵ-ਪਦਵੀ ਦੇਣੀ

appal, *v. t.* : ਡਰਾਉਣਾ, ਭੈ-ਭੀਤ ਕਰਨਾ.

appalLING, *a.* : ਡਰਾਉਣਾ, ਭੈ-ਭੀਤ ਕਰਨ ਵਾਲਾ.

appalLINGLY, *adv.* : ਭੈ ਭੀਤ ਕਰ ਕੇ.

appanage : ਵੇਖੋ apanage.

apparatus, *n.* : (*pl.* -uses) : ਹਥਿਆਰ, ਸਮਿਆਨ (ਸਾਇੰਸ ਵਿਚ ਵਰਤਣ ਵਾਲਾ).

a. criticus : ਸੁਧਾਈਆਂ ਦੇ ਮਸਾਲਾ, ਪੜਚੋਲੀ ਸਮਿਆਨ.

apparel, *n.* : ਕਫਨੀ ਦਾ ਜਾਂ ਸਜਾਵਟੀ ਚੋਲ (ਜੋ ਪਾਦਰੀਆਂ ਦੇ ਚੋਗਿਆਂ ਉਤੇ ਸੀਤਾ ਹੁੰਦਾ ਹੈ); (ਪੁਰਾਤਨ) ਕੱਪੜੇ, ਲੀੜੇ, ਪੁਸ਼ਾਕ, ਪਹਿਰਾਵਾ, ਸੀਤਾ ਸੀਤਾ

apparel, *v. t.* : ਪੁਸ਼ਾਕ ਪਾਉਣੀ, ਕਪੜੇ ਪਹਿਨਣੇ.

apparent, *a.* : ਦਿਸਦਾ, ਪ੍ਰਤੱਖ, ਸਾਫ਼, ਜ਼ਾਹਿਰ, ਪ੍ਰਗਟ, ਸਪਸ਼ਟ, ਜਾਪਦਾ, ਜ਼ਾਹਰੀ.

heir a. : ਟਿੱਕਾ, ਰਾਜ ਕੁਮਾਰ, ਵਲੀ-ਅਹਿਦ.

apparentLY, *adv.* : ਵੇਖਣ ਨੂੰ, ਪ੍ਰਤੱਖ ਤੌਰ ਤੇ, ਜਿਵੇਂ ਜਾਪਦਾ ਹੈ.

apparition, *n.* : ਛਾਇਆ, ਭੂਤ-ਪ੍ਰੇਤ, ਪਰੇਤ, ਰੂਹਾਨੀ ਰੂ ਜਾਂ ਸ਼ਕਲ.

appeal, *n.* : ਅਪੀਲ; ਦੁਹਾਈ, ਪ੍ਰਾਰਥਨਾ, ਸਵਾਲ.

Court of A. : ਅਪੀਲ ਅਦਾਲਤ.

appeal, *v. i.* : ਅਪੀਲ ਕਰਨੀ, ਛੋਟੀ ਅਦਾਲਤ ਦੇ ਫ਼ੈਸਲੇ ਵਿਰੁੱਧ ਵੱਡੀ ਅਦਾਲਤ ਨੂੰ ਪੜਤਾਲ ਕਰਨ ਲਈ ਪੁੱਛਣਾ ਕਰਨੀ; ਪ੍ਰੇਰਨਾ ਲਈ ਮੰਗ ਕਰਨੀ, ਗਵਾਹੀ ਦਲ ਧਿਆਨ ਦਵਾਉਣਾ; ਦੁਹਾਈ ਪਾਣੀ, ਸਵਾਲ ਪਾਣਾ, ਸਿਫ਼ਾਰਸ਼ ਮੰਗਣਾ ਕਰਨੀ; ਮਿੰਨਤ ਕਰਨੀ, ਹਾੜੇ ਕਰਨੇ, ਪ੍ਰਾਰਥਨਾ ਕਰਨੀ; ਪ੍ਰਭਾਵ ਪਾਣਾ, ਚੰਗਾ ਲਗਣਾ; ਜਿਵੇਂ This argument does not a. to me, ਇਹ ਦਲੀਲ ਮੈਨੂੰ ਚੰਗੀ ਨਹੀਂ ਲਗਦੀ; This scene does not a. to the eye, ਇਹ ਨਜ਼ਾਰਾ ਅੱਖਾਂ ਨੂੰ ਨਹੀਂ ਭਾਉਂਦਾ.

appealable, *a.* : ਅਪੀਲ-ਜੋਗ; ਜਿਸ ਬਾਰੇ ਅਪੀਲ ਕੀਤੀ ਜਾ ਸਕੇ

appear, *v. i.* : ਦਿਸਣਾ, ਦਿਖਾਈ ਦੇਣਾ, ਵਿਖਾਲੀ ਦੇਣੀ, ਉੱਗਮਣਾ, ਪ੍ਰਗਟ ਹੋਣਾ; ਹਾਜ਼ਰ ਹੋਣਾ, ਜਾਪਣਾ, ਮਲੂਮ ਹੋਣਾ, ਭਾਸਣਾ, ਸੁਝਣਾ; ਪ੍ਰਕਾਸ਼ਤ ਹੋਣਾ, ਛਪਣਾ.

appearance, *n.* : ਸ਼ਕਲ, ਨੁਹਾਰ, ਸੂਰਤ; ਡੌਲ, ਦਿਖ; ਭੇਸ ਰੂਪ, ਧੁਖ; ਪ੍ਰਗਟਾਓ, ਆਉਂਦ, ਆਗਮਨ, ਵਿਖਾਲੀ; ਛਾਇਆ, ਪਰਤ.

Save, keep up, *a.s.* : ਭਰਮ ਬਣਾਈ ਰਖਣਾ, ਮੂੰਹ ਰਖਣੀ ਕਰਨੀ.

to all a. : ਵੇਖਣ ਨੂੰ, ਉਤੋਂ ਉਤੋਂ.

appease, *v. t.* : ਸ਼ਾਂਤ ਕਰਨਾ, ਮਨਾਉਣਾ, ਠਿਕਾਉਣਾ, ਥਮਾਉਣਾ, ਖੁਸ਼ ਕਰਨਾ; ਤਸੱਲੀ ਦੇਣੀ, ਦਿਲਾਸਾ ਦੇਣਾ, ਵਰਾਉਣਾ; ਮੱਠੀ ਕਰਨੀ, ਠੰਢਾ ਕਰਨਾ (ਰੋਹ, ਰੋਗ ਆਦਿ), ਬੁਝਾਣਾ.

appeaseABLE, *a.* : ਰਸਾਉਣ ਜੋਗਾ; ਸ਼ਾਂਤੀਯੋਗ ਜੋਗ.

appeaseMENT, *n.* : ਤਸੱਲੀ, ਤਸੱਲਾ, ਢਾਰਸ, ਵਿਸ਼੍ਰਾਮ, ਸ਼ਾਂਤੀ.

appellant, *n.* : ਅਪੀਲਾਂਟ, ਅਪੀਲ ਕਰਨ ਵਾਲਾ, ਅਪੀਲੀ.

appellate, *a.* : ਅਪੀਲੀ; ਜਿਸ ਨੂੰ ਅਪੀਲ ਸੁਣਨ ਦਾ ਅਧਿਕਾਰ ਹੋਵੇ, ਅਪੀਲ-ਅਧਿਕਾਰਿਤ.

a. jurisdiction : ਅਪੀਲੀ ਦਸੀਕਾਰ, ਅਪੀਲੀ ਅਮਲਦਾਰੀ.

appellation, *n.* : ਨਾਂ, ਉਪਨਾਮ, ਵਿਸ਼ੇਸ਼ਤਾਈ ਨਾਂ.

appellative, *a.* & *n.* : (ਵਿਆਕਰਣ) ਜਾਤੀ ਨਾਂਵ; ਨਾਂਵ ਨਾਂ; ਉਪਨਾਮ.

appellativeLY, *adv.* : ਜਾਤੀ ਨਾਂਵ ਦੇ ਤੌਰ ਤੇ, ਉਪਨਾਮ ਦੇ ਤੌਰ ਤੇ.

append, *v.t.* : ਟੰਗਣਾ, ਨਾਲ ਲਾਣਾ, ਨਥੀ ਕਰਨਾ, ਸ਼ਾਮਲ ਕਰਨਾ, ਰਲਾਉਣਾ, ਜੋੜਨਾ, ਅੰਤਕਾ ਜੋੜ ਦੇਣਾ.

appendage, *n.* : ਨਾਲ ਜੁੜੀ ਹੋਈ ਚੀਜ਼, ਲਟਕਣ.

appendant, *a.* & *n.* : ਤਾਬੇ, ਨਾਲ-ਲਗਦੀ, ਮਿਲ-ਵਰਤੀ.

appendix, *n.* (*pl.* -ices, -ixes) : ਅੰਤਿਕਾ, ਜ਼ਮੀਮਾ, ਵਧੀ ਹੋਈ ਆਂਦਰ.

appendicITIS, *n.* : ਆਂਦਰ-ਰੋਗ.

apperceive, *v. t.* : ਨਵੇਂ ਖਿਆਲ ਨੂੰ ਪਹਿਲੇ ਬਣੇ ਹੋਏ ਖਿਆਲ ਨਾਲ ਜੋੜ ਕੇ ਸਮਝਣਾ ਜਾਂ ਪਰਖਣਾ.

apperception, *n.* : ਅੰਤਰ-ਬੋਧ, ਸਵੈ-ਚੇਤਨਤਾ, ਸਵੈ-ਗਿਆਨ, ਆਤਮ-ਗਿਆਨ, ਆਪੇ ਦੀ ਸੋਝੀ, ਆਤਮ-ਬੋਧ; (ਮਨੋਵਿਗਿਆਨ) ਧਾਰਨਾ-ਵਿਚਾਰ ਵਿਧੀ ਜਿਸ ਬਣੇ ਹੋਏ ਖਿਆਲ ਨੂੰ ਨਵ ਖਿਆਲ ਦਾ ਬੋਧ.

appertain, *v. i.* : ਕਿਸੇ ਦਾ ਹੋਣਾ, ਸੰਬੰਧਤ ਹੋਣਾ; ਢੁਕਵਾਂ ਹੋਣਾ.

appetence, **-cy**, *n.* : ਤਾਂਘ, ਇੱਛਾ, ਚਾਹ, ਲਾਲਚ, ਅਭਿਲਾਖਾ, ਲਾਲਸਾ, ਖ਼ਾਹਿਸ਼, ਰੁਚੀ, ਰੁਚਿ, ਲਗਾਉ, ਮੋਹ.

appetent, *a.* : ਤਾਂਘੀ, ਚਾਹਵਾਨ, ਅਭਿਲਾਖੀ, ਇੱਛਾਵਾਨ.

appetite, *n.* : ਭੁੱਖ, ਰੁਚੀ, ਸੁਆਦ, ਲੋੜ, ਚਾਹ.

appetITIVE, *a.* : ਭੁੱਖ-ਲਾਊ.

appetize, *v. t.* : ਭੁੱਖ ਲਾਣੀ.

appetiZER, *n.* : ਭੁੱਖ-ਲਾਊ.

applaud, *v. t.* & *i.* : ਸਲਾਹੁਣਾ, ਵਡਿਆਉਣਾ, ਪ੍ਰਸੰਸਾ ਕਰਨੀ, ਸ਼ਲਾਘਾ ਕਰਨੀ, ਉਸਤਤ ਕਰਨੀ, ਉਪਮਾ ਕਰਨੀ, ਮਹਿਮਾ ਕਰਨੀ; ਉੱਚੀ ਉੱਚੀ ਬੋਲ ਕੇ ਪ੍ਰਸੰਸਾ ਪ੍ਰਗਟ ਕਰਨੀ, ਵਾਹ ਵਾਹ ਕਰਨੀ, ਤਾੜੀ ਮਾਰਨੀ.

applause, *n.* : (ਉੱਚੀ ਉੱਚੀ ਬੋਲ ਕੇ ਜਾਂ ਤਾੜੀ ਮਾਰ ਕੇ ਕੀਤੀ ਹੋਈ) ਪ੍ਰਸੰਸਾ ਜਾਂ ਸ਼ਲਾਘਾ; ਤਾੜੀ, ਵਾਹ ਵਾਹ.

applausIVELY, *adv.* : ਪਰਸੰਸਾ ਦੇ ਤੌਰ ਤੇ, ਵਾਹ ਵਾਹ ਕਰਦਿਆਂ.

apple, *n.* : ਸੇਉ, ਸੇਬ, ਸੇ.

a. brandy : ਸੇਬਾਂ ਦੀ ਬਰਾਂਡੀ.

a. butter : ਸੇਬਾਂ ਦੀ ਚੱਟਣੀ.

a. cheese : ਸੇਬਾਂ ਦੇ ਫੋਗ ਦੀ ਟਿੱਕੀ.

Dead Sea a. : ਭੁਲੇਖਾ ਦੇਣ ਵਾਲਾ ਸੇਬ, ਬਾਹਰੋਂ ਚਿੱਟਾ.

a. dumpling : ਸੇਬਾਂ ਦੇ ਪਕੌੜੇ.

a. green : ਸੇਬਾਂ ਵਰਗਾ ਹਰਾ.

a.-john : ਇਕ ਕਿਸਮ ਦਾ ਸੇਬ ਜੋ ਦੋ ਸਾਲ ਤਕ ਟਿਕਿਆ ਰਹਿੰਦਾ ਹੈ ਤੇ ਜਿਉਂ ਜਿਉਂ ਪੁਰਾਣਾ ਹੁੰਦਾ ਹੈ ਬਹੁਤੇ ਝੁਰੜੀਆਂ ਹੁੰਦਾ ਜਾਂਦਾ ਹੈ.

a. of discord : ਝਗੜੇ ਦੀ ਜੜ੍ਹ, ਕਲਹ ਦਾ ਮੂਲ.

a. of the eye : ਅੱਖ ਦੀ ਧੀਰੀ (ਪੁਤਲੀ), ਬਹੁਤ ਪਿਆਰੀ ਚੀਜ਼, ਅੱਖਾਂ ਦਾ ਤਾਰਾ.

a.-pie bed : ਇਸ ਤਰ੍ਹਾਂ ਵਿਛਾਇਆ ਹੋਇਆ ਬਿਸਤਰਾ ਕਿ ਲੇਟਣ ਵਾਲੇ ਦੇ ਪੈਰ ਹੇਠਾਂ ਨਾ ਲੰਮਕਣ, ਸ਼ਰਾਰਤੀ ਵਿਛਾਈ.

a.-pie order : ਠੀਕ ਸਿਰ, ਕੀਤਵੇਂ.

a. pomace : ਸੇਬ ਦਾ ਫੋਗ.

a. sauce : ਸਿਫ਼ਤੀ ਚਮਚਾਗੀਰੀ, ਝੂਠੀ ਖੁਸ਼ਾਮਦ.

upset one's a. cart : ਕਿਸੇ ਦੀ ਬਣੀ ਬਣਾਈ ਖੇਡ ਵਿਗਾੜ ਦੇਣੀ.

appliance, *n.* : ਵਰਤੋਂ, ਸਾਧਨ, ਵਸੀਲਾ; ਹਥਿਆਰ.

applicable, *a.* : ਵਰਤੀਣ ਜੋਗ, ਲਾਗੂ ਹੋਵਣ, ਲਗਦਾ; ਪਰਸੰਗਕ.

applicabilITY, *n.* : ਵਰਤੀਣਤਾ, ਪਰਸੰਗਤਾ, ਲਾਗੂ ਹੋਣਾ.

applicant, *n.* : ਦਰਖਾਸਤਕੀਆ, ਉਮੀਦਵਾਰ, ਸਵਾਲੀ, ਜਾਚਕ.

application, *n.* : ਲਗਾਉ, ਲਾਗੂ ਹੋਣਾ, ਵਰਤਾਉ, ਵਰਤੋਂ, ਲੇਪ (ਦਵਾਈ ਦੀ ਮਲ੍ਹਮ); ਮਿਹਨਤ; ਧਾਰਨਾ, ਧਿਆਨ; ਅਰਜ਼ੀ, ਬਿਨੈ-ਪੱਤਰ, ਦਰਖਾਸਤ.

appliqué, *n.* & *v. t.* : ਕਢਾਈ, ਕਢਾਈ ਲਾਉਣੀ.

apply, *v. t.* & *i.* : ਲਾਉਣਾ, ਵਰਤਣਾ; ਜੋੜਨਾ; ਜੁੜਨਾ; ਲਾਗੂ ਕਰਨਾ; ਲਾਗੂ ਹੋਣਾ; ਘਟਣਾ; ਮਨ ਲਾਉਣਾ, ਧਿਆਨ ਦੇਣਾ; ਅਰਜ਼ੀ ਕਰਨੀ, ਬਿਨੈ-ਪੱਤਰ ਪੇਸ਼ ਕਰਨਾ, ਅਰਜ਼ੀ ਦੇਣੀ.

appoggiatura [It.], *n.* : (ਸੰਗੀਤ) ਅਲਾਪ.

appoint, *v. t.* : ਮਿਥਣਾ, ਨੀਯਤ ਕਰਨਾ, ਥਾਪਣਾ, ਮੁਕੱਰਰ ਕਰਨਾ, ਨੌਕਰ ਰਖਣਾ; ਨਿਯੁਕਤ ਕਰਨਾ, ਨਿਯਤਣਾ, ਹੁਕਮ ਕਰਨਾ; ਤਜਵੀਜ਼ ਕਰਨਾ, ਠਹਿਰਾਉਣਾ; (ਕਨੂੰਨ) ਜਾਇਦਾਦ ਦਾ ਬਟਵਾਰਾ ਨੀਯਤ ਕਰਨਾ.

appointEE, *n.* : ਨਿਯਤ (ਪੁਰਸ਼), ਥਾਪਿਆ ਮਨੁੱਖ.

appointment, *n.* : ਅਸਾਮੀ, ਨੌਕਰੀ, ਅਹੁਦਾ, ਥਾਂ, ਤੈਨਾਤੀ, ਨਿਯੁਕਤੀ; (ਮਿਲਣ ਆਦਿਕ ਦਾ) ਇਕਰਾਰ; ਹੁਕਮ, ਫ਼ੁਰਮਾਨ.

break an a. : ਮਿਥੇ ਸਮੇਂ ਜਾਂ ਥਾਂ ਤੇ ਨਾ ਅਪੜਨਾ, ਖੰਭ ਜਾਣਾ.

keep an a. : ਇਕਰਾਰ ਮੁਤਾਬਕ ਪੁਜ ਜਾਣਾ.

apportion, *v. t.* : ਹਿੱਸਾ ਦੇਣਾ; ਹਿੱਸੇ ਕਰਨਾ; ਸੂਤ ਪਾਉਣਾ, ਵੰਡਣਾ; ਹਿੱਸਾ ਪੱਤੀ ਦੇਣਾ; ਪਿਤ-ਪਲੇ ਪਾਣਾ.

apportionMENT, *n.* : ਵੰਡ, ਵੰਡੀਰਣ, ਵੰਡਾਰਾ.

apposite, *a.* : ਢੁਕਵਾਂ, ਫਬਦਾ, ਯਥਾਰਥ, ਠੀਕ, ਠੁੱਕ ਵਾਲੀ.

appositeLY, *adv.* : ਠੁੱਕ ਨਾਲ, ਢੁਕਵੇਂ ਤਰੀਕੇ ਨਾਲ, ਠੀਕ ਤਰ੍ਹਾਂ.

appositeNESS, *n.* : ਢੁੱਕਣ, ਠੁੱਕ.

apposition, *n.* : ਲਾਣਾ (ਮੋਹਰ ਆਦਿ); ਨਾਲ ਨਾਲ ਰਖਣਾ, (ਵਿਆਕਰਣ) ਸਮਾਨ ਅਧਿਕਰਣ ਦੇ ਸ਼ਬਦਾਂ ਦਾ ਇੱਕੋ ਵਾਕ ਵਿਚ ਹੋਣਾ.

appositionAL, *a.* : ਮਿਲਦਾ, ਨਾਲ ਨਾਲ.

appraise, *v. t.* : ਮੁੱਲ ਪਾਣਾ, ਜਾਂਚਣਾ, ਕਦਰ ਕਰਨੀ, ਨਿਰਖਣਾ, ਲੇਖਣਾ, ਅੰਦਾਜ਼ਾ ਲਾਣਾ, ਤਖ਼ਮੀਨਾ ਲਾਣਾ, ਜਾਚਣਾ, ਮੋਟਾ-ਮੋਟਾ ਲਾਣਾ; ਪਰਖਣਾ.

appraisaBLE, *a.* : ਜਾਂਚਣ-ਜੋਗ, ਲੇਖਣ-ਜੋਗ, ਅੰਦਾਜ਼ੇ ਜੋਗ, ਪਰਖਣ-ਜੋਗ.

appraisAL, **appraise**MENT, *n.* : ਜਾਂਚ, ਮੋਟਾ-ਮੋਟਾ, ਤਖ਼ਮੀਨਾ, ਅੰਦਾਜ਼ਾ, ਕੂਤ.

appraiser, *n.* : ਜਾਂਚੂ, ਕੀਮਤੀਆ, ਕੂਤ ਕਰਨ ਵਾਲਾ, ਮੁੱਲ ਪਾਉਣ ਵਾਲਾ, ਲੇਖਣਹਾਰ, ਜਾਚਕ.

appreciable, *a.* : ਕਦਰ-ਜੋਗ, ਪਰਸੰਸਾ-ਜੋਗ; ਚੋਖਾ; ਪ੍ਰਤੱਖ.

appreciabLY, *adv.* : ਪ੍ਰਤੱਖ ਤੌਰ ਤੇ, ਚੋਖਾ.

appreciate, *v. t.* & *i.* : ਪਰਖਣਾ; ਮੁੱਲ ਪਾਣਾ, ਕਦਰ ਕਰਨੀ; ਦਾਦ ਦੇਣੀ; ਪਰਸੰਸਾ ਕਰਨੀ, ਸਲਾਹੁਣਾ ਸਮਝਣੀ; ਵਿਸ਼ਵਾਸ ਹੋਣਾ, ਚੰਗਾ ਲਗਣਾ; ਮੁੱਲ ਵਧਾਣਾ, ਮਹਿੰਗਾ ਹੋਣਾ; ਭਾ ਚੜ੍ਹਨਾ.

appreciaTIVE, *a.* : ਕਦਰ-ਦਾਨ, ਪਰਸੰਸਕ, ਗੁਣਗਾਹਕ, ਗੁਣ-ਗਾਹਕ.

appreciaTIVELY, *adv.* : ਪਰਸੰਸਾ ਨਾਲ, ਕਦਰ ਕਰਦਿਆਂ.

appreciaTORY, *a.* : ਪਰਸੰਸਕੀ.

appreciation, *n.* : ਪਰਖ, ਅੰਦਾਜ਼ਾ, ਵਿਸ਼ਵਾਸ; ਸਮਝ; ਗੁਣ-ਗਿਆਨ; ਕਦਰ, ਗੁਣ-ਗਾਹਕੀ, ਕਦਰਦਾਨੀ, ਪਰਸੰਸਾ, ਸ਼ਲਾਘਾ, ਮੁੱਲ ਵਿਚ ਵਾਧਾ.

apprehend, *v. t.* : ਫੜਨਾ, ਪਕੜ ਲੈਣਾ, ਧਰ ਲੈਣਾ, ਗੰਢ ਲੈਣਾ; ਅਨੁਭਵ ਕਰਨਾ, ਪਛਾਣਨਾ, ਸਮਝਣਾ, ਸੂਝਣਾ; ਡਰਨਾ, ਤੌਖਲਾ ਕਰਨਾ.

apprehensible, *a.* : ਸਮਝਣ-ਜੋਗ, ਸਮਝ ਆਉਣ ਵਾਲਾ.

apprehensibilITY, *n.* : ਸਮਝਣ-ਜੋਗਤਾ.

apprehension, *n.* : ਪਕੜ, ਗ੍ਰਿਫ਼ਤਾਰੀ, ਸਮਝ, ਬੋਧ, ਧਿਆਨ, ਡਰ, ਭੈ, ਫ਼ਿਕਰ, ਚਿੰਤਾ, ਖ਼ਤਰਾ, ਸ਼ੰਕਾ, ਖੜਕਾ, ਬਦਗੁਮਾਨੀ.

apprehensive, *a.* : ਸਮਝ ਵਾਲਾ; ਸੂਝਵਾਨ, ਸਮਝਦਾਰ, ਫਿਕਰਮੰਦ, ਤਰਸਾਂ, ਚਿੰਤਾਤੁਰ, ਚਿੰਤਾਮੰਦ, ਭੈਭੀਤ.

apprehensiveLY, *adv.* : ਡਰਦਿਆਂ, ਫ਼ਿਕਰ ਨਾਲ, ਚਿੰਤਾ ਹੀ ਚਿੰਤਾ, ਸਹਿਮ ਨਾਲ.

apprehensiveNESS, *n.* : ਸ਼ੰਕਾ, ਭੈ.

apprentice, *n.* : ਸ਼ਗਿਰਦ, ਚੇਲਾ, ਸਿਖਾਂਦਰੂ, ਕੰਮ ਸਿਖਣ ਵਾਲਾ.

apprenticeSHIP, *n.* : ਸ਼ਗਿਰਦੀ, ਸਿਖਾਂਦਰੂਪਣਾ.

apprentice, *v. t.* : ਸ਼ਗਿਰਦ ਬਣਾਉਣਾ, ਕੰਮ ਸਿਖਾਣਾ.

apprise, *v. t.* : ਪਤਾ ਦੇਣਾ, ਖ਼ਬਰ ਦੇਣੀ, ਦੱਸਣਾ.

to be apprised : ਪਤਾ ਲਗਾਣਾ, ਜਾਣੂ ਹੋਣਾ.

approach, *v. t.* & *i.* : ਨੇੜੇ ਢੁਕਣਾ, ਢੁਕਣਾ, ਆ ਢੁਕਣਾ, ਪਾਸ ਆਉਣਾ, ਕੋਲ ਪਹੁੰਚਣਾ ਨੇੜੇ ਆ ਜਾਣਾ; ਮਿਲਦਾ-ਜੁਲਦਾ ਹੋਣਾ, (ਆਚਰਣ ਵਿਚ) ਮਿਲਦਾ-ਜੁਲਦਾ ਹੋਣਾ, ਬਰਾਬਰ ਜਿਹਾ ਹੋਣਾ; (ਵਪਾਰ) ਦਾ ਸੰਬੰਧੀ ਗਲ-ਬਾਤ ਕਰਨੀ; (ਫ਼ੌਜੀ) ਮੋਰਚਾ ਪਾਣਾ.

approachABILITY, *n.* : ਪਹੁੰਚ, ਰਸਾਈ.

approachABLE, *a.* : ਪਹੁੰਚਣ ਜੋਗ, ਰਸਾਈ ਹੋਣ ਵਾਲਾ, ਜਿਸ ਤਕ ਪਹੁੰਚ ਹੋ ਸਕੇ.

approach, *n.* : ਪਹੁੰਚ, ਰਸਾਈ, ਢੋਈ; ਨੇੜ, ਨਜ਼ਦੀਕੀ, ਸਮੀਪਤਾ; ਅਪੜਨ, ਨੇੜੇ ਜਿਹਾ ਹੋਣਾ; ਰਾਹ, ਰਸਤਾ, ਲਾਂਘਾ; (ਫ਼ੌਜੀ) ਮੋਰਚਾ.

approbate, *v. t.* : ਮਨਜ਼ੂਰ ਕਰਨਾ, ਮਨਜ਼ੂਰ ਕਰਨਾ, ਮਨਜ਼ੂਰੀ ਦੇਣੀ.

approbation, *n.* : ਮਨਜ਼ੂਰੀ, ਪਰਵਾਨਗੀ; ਪਰਸੰਸਾ, ਰਜ਼ਾਮੰਦੀ.

approbaTORY, *a.* : ਉਸਤਤ-ਭਰਿਆ, ਪਰਸੰਸਾ ਵਾਲਾ.

appropriate, *a.* : ਸੰਬੰਧਤ, ਠੀਕ, ਢੁਕਵਾਂ, ਉਚਿਤ, ਯੋਗ, ਵਿਸ਼ੇਸ਼ ਦਾ, ਨਿੱਜੀ ਦਾ.

appropriateLY, *adv.* : ਠੀਕ ਤਰ੍ਹਾਂ, ਯੋਗ ਢੰਗ ਨਾਲ.

appropriateNESS, *n.* : ਯੋਗਤਾ, ਠੁੱਕ.

appropriate, *v. t.* : ਪੱਲੇ ਪਾਣਾ, ਹਥਿਆ ਲੈਣਾ, ਕਬਜ਼ਾ ਜਮਾਣਾ, ਮਾਲਕ ਬਣ ਬੈਠਣਾ, ਦਬੋਚਣਾ, ਅਪਣਾਉਣਾ; ਵਰਤ ਲੈਣਾ; ਕਿਸੇ ਖ਼ਾਸ ਕੰਮ ਲਈ ਰਖਿਤਣਾ.

appropriatION, *n.* : ਅਪਨਾਵੇਂ, ਵਰਤੋਂ, ਨਮਿੱਤਣ, ਨਮਿੱਤ ਰਕਮ.

appropriation bill : ਨਮਿੱਤਕ ਬਿੱਲ.

appropriatIVE, *a.* : ਨਮਿੱਤਕਾਰੀ, ਨਮਿੱਤੀ, ਅਪਣਾਵਾਂ.

appropriatOR, *n.* : ਨਮਿੱਤਕਾਰ, ਅਪਣਾਵੀ.

approval, *n.* : ਪਰਵਾਨਗੀ, ਮਨਜ਼ੂਰੀ, ਰਜ਼ਾਮੰਦੀ; ਪਰਸੰਸਾ, ਪਸੰਦ.

approve, *v. t.* & *i.* : ਪਰਵਾਨਣਾ, ਪਰਵਾਨ ਕਰਨਾ; ਚੰਗਾ ਸਮਝਣਾ; ਚੰਗਾ ਸਾਬਤ ਹੋਣਾ.

a. of : ਚੰਗਾ ਖ਼ਿਆਲ ਕਰਨਾ.

approved, *a.* : ਪਰਵਾਨਿਤ, ਪਰਵਾਨ, ਪ੍ਰਮਾਣੀਕ.

approver, *n.* : ਪ੍ਰੋੜ੍ਹਤਾ ਕਰਨ ਵਾਲਾ, ਪਰਵਾਨਗੀ ਦੇਣ ਵਾਲਾ; ਪਕਾਸਿਫ; ਸਰਕਾਰੀ ਗਵਾਹ.

approximate, *a.* : ਲਗਭਗ, ਨੇੜੇ-ਤੇੜੇ, ਮਿਲਦਾ-ਜੁਲਦਾ, ਠੀਕ ਜਿਹਾ.

approximately, *adv.* : ਲਗਭਗ, ਨੇੜੇ, ਕੁ, ਲਾਗੇ-ਚਾਗੇ.

approximate, *v. t.* & *i.* : ਨੇੜੇ ਲਿਆਉਣਾ, ਕੋਲ ਪੁੱਜਣਾ, ਲਗ-ਭਗ ਹੋਣਾ.

approximation, *n.* : ਨੇੜੇ-ਨੇੜੇ, ਢੁੱਕ, ਸਮੀਪਤਾ.

approximative, *a.* : ਲਗਭਗ.

approximatively, *adv.* : ਅੰਦਾਜ਼ਾ ਲਾਇਆ.

appui, *n.* : ਸਹਾਰਾ, ਓਟ.

point of a. [F. *point d' appui*] ਮੋਰਚਾ-ਬੰਦੀ ਦੀ ਥਾਂ.

appurtenance, *n.* : (ਨਾਲ ਲਗਦਾ) ਅਧਿਕਾਰ, ਸਬੰਧ-ਵਸਤੂ, ਅੰਗ-ਵਸਤੂ, ਚੀਜ਼ ਵਸਤ.

appurtenant, *n.* & *a.* : ਸੰਬੰਧਤ ਚੀਜ਼, ਨਾਲ ਲਗਦਾ.

apricot, *n.* : ਖ਼ੁਰਮਾਨੀ, ਜਰਦਾਲੂ, ਹਾੜੀ.

April, *n.* : ਅਪ੍ਰੈਲ, ਈਸਵੀ ਸਨ ਦਾ ਚੌਥਾ ਮਹੀਨਾ.

A. fool : ਜਿਸ ਨਾਲ ਪਹਿਲੀ ਅਪ੍ਰੈਲ ਨੂੰ ਹਾਸਾ-ਖੇਡਾ ਕੀਤਾ ਜਾਏ, ਜਿਸ ਦਾ ਮਖ਼ੌਲ ਉਡਾਇਆ ਜਾਏ.

A.-fool Day : ਪਹਿਲੀ ਅਪ੍ਰੈਲ.

a priori [L.], *adv.* & *a.* : ਕਾਰਨ ਤੋਂ ਕਾਰਜ ਵਲ ਦਲੀਲ ਦੇਣਾ ਜਾਂ ਨਤੀਜਾ ਕਢਣਾ; ਅਨੁਮਾਨ ਲਾ ਕੇ, ਅੰਦਾਜ਼ੇ ਨਾਲ.

apriorism, *n.* : ਅਨੁਮਾਨੀ ਦਲੀਲ.

apron, *n.* : ਉੱਤਰਨ, ਅੱਗ-ਬੰਦ, ਝੋਲੀ, ਉਹ ਕਪੜਾ ਜੋ ਕੰਮ-ਕਾਰ ਵੇਲੇ ਪੁਸ਼ਾਕ ਦੀ ਰਖਿਆ ਲਈ ਅਗਲੇ ਪਾਸੇ ਬੰਨ੍ਹ ਲਈਦਾ ਹੈ; ਅਹੁਦੇ ਅਨੁਸਾਰ ਨੀਅਤ ਚੋਲੀ ਵਰਦੀ, ਬਰਸਾਤੀ, ਜੋ ਖੁਲ੍ਹੀ ਗੱਡੀ ਵਿਚ ਬੈਠਣ ਸਮੇਂ ਲੱਤਾਂ ਉੱਤੇ ਪਾ ਲੈਂਦੇ ਹਨ.

tied to a.-strings (of wife, mother, etc.) : ਵਧੀਕ ਨਿਰਭਰ, ਮਾਂ ਆਦਿ ਦਾ.

aproned, *a.* : ਅੱਗ-ਬੰਦ ਪਾਇਆ ਹੋਇਆ, ਉੱਤਰਨ ਕੀਤਾ ਹੋਇਆ.

apronful, *n.* : ਝੋਲੀ ਭਰ, ਝੋਲੀ-ਭਰ.

apropos, *adv.* & *a.* : ਵਿਚਾਰ ਦਾ, ਮੌਕੇ ਦਾ, ਢੁਕਵਾਂ, ਸੰਬੰਧੀ, ਬਾਰੇ, ਅਨੁਸਾਰ.

apse, *n.* : (ਗਿਰਜਿਆਂ ਵਿਚ) ਅਰਧ-ਗੋਲਾਕਾਰ ਥਾਂ, ਗੋਲਾਕਾਰ ਛੱਤ ਜੋ ਗਾਟ ਵਾਲਾ ਹੁੰਦਾ ਹੈ ਜਾਂ ਜਿਸ ਦੀ ਛੱਤ ਗੁੰਬਦਦਾਰ ਹੁੰਦੀ ਹੈ.

apsidal, *a.* : ਗੁੰਬਦਦਾਰ, ਕਮਾਨੀਦਾਰ.

apsis, *n.* (pl. *apsides*) : ਨਛੱਤਰੀ-ਦੂਰੀ, ਜਿਥੇ ਨਛੱਤਰ ਦਾ ਸੂਰਜੀ-ਦੂਰਤ ਜਾਂ ਸੂਰਜੀ-ਨੇੜ, ਚੰਦ੍ਰਮਾ ਦਾ ਦੂਰ-ਕੇਂਦਰ ਜਾਂ ਭੂਮ-ਨੇੜ.

line of ap. : ਉਹ ਰੇਖਾ ਜੋ ਇਨ੍ਹਾਂ ਨਛੱਤਰੀ-ਦੂਰੀਆਂ ਨੂੰ ਜੋੜੇ.

apt, *a.* : ਢੁਕਵਾਂ, ਯੋਗ, ਠੀਕ ਬੈਠਣ ਵਾਲਾ, ਰਜੀ ਰਖਣ ਵਾਲਾ, ਤਾਕ, ਲਾਇਕ, ਹੁਸ਼ਿਆਰ, ਤੀਖਣ ਬੁਧੀ ਵਾਲਾ.

aptly, *adv.* : ਚੰਗੀ ਤਰ੍ਹਾਂ, ਯੋਗਤਾ ਨਾਲ, ਠੀਕ ਬਣਾ ਕੇ.

aptness, *n.* : ਰੁਚੀ, ਯੋਗਤਾ, ਰਚੀ.

apterous, *a.* : ਬੇ-ਪਰਾ, ਬਿਖੰਭਾ, ਲੰਡੋਰ; (ਬਨਸਪਤ) ਖੰਭਹੀਣ.

apteryx, *n.* : ਨਿਊਜ਼ੀਲੈਂਡ ਦਾ ਲੰਡੋਰ ਪੰਛੀ.

aptitude, *n.* : ਲਿਆਕਤ, ਯੋਗਤਾ, ਰੁਚੀ, ਕੁਦਰਤੀ ਝੁਕਾਓ.

aqua [L.], *n.* : (ਰਸਾਇਣ) ਤਰਲ, ਪਾਣੀ.

a. *fortis* [L.] : ਸ਼ੋਰੇ ਦਾ ਤੇਜ਼ਾਬ.

a. *regia* [L.] : ਸ਼ੋਰੇ ਦਾ ਤੇ ਲੂਣ ਦਾ ਮਿਲਿਆ ਹੋਇਆ ਤੇਜ਼ਾਬ, ਜੋ ਸੋਨੇ ਤੇ ਪਲੈਟੀਨਮ ਨੂੰ ਗਾਲ ਦਿੰਦਾ ਹੈ.

aquamarine, *n.* : ਨੀਲੀ ਤਾਂ ਦਾ ਪਾਰਦਰਸ਼ੀ ਹਰਾ ਰੰਗ, ਨੀਲਾ ਜਮਰਦ.

aquarelle, *n.* : ਜਲ-ਰੰਗ, ਉਹ ਚਿਤਰਕਾਰੀ ਜਿਸ ਵਿਚ ਸਿਆਹੀ ਅਤੇ ਪਤਲੇ ਪੇਸਟੋਂ ਰੰਗ ਲਾ ਕੇ ਤਸਵੀਰ ਬਣਾਈ ਜਾਂਦੀ ਹੈ.

aquarium, *n.* (*pl.* -iums, -ia) : ਜਲ-ਘਰ, ਮੱਛੀ-ਘਰ, ਮਹਿਖਾਨ.

Aquarius, *n.* : ਕੁੰਭ-ਰਾਸ਼, ਗਡ਼ਵੇ ਵਾਲੀ ਤਿਥੀ.

aquatic, *a.* & *n.* : ਜਲ-ਵਾਸੀ, ਆਬੀ (ਜੀਵ ਜਾਂ ਬੂਟੇ), ਜਲਜ.

a. animals : ਜਲ-ਚਰ, ਜਲ-ਜੰਤੂ.

a. games : ਜਲ-ਖੇਡਾਂ.

aquatint, *n.* : ਕਲਮ-ਕਾਰੀ, ਤਾਂਬੇ ਦੀ ਉੱਕਰਾਈ ਜਿਸ ਵਿਚ ਸ਼ੋਰੇ ਦੇ ਜੀ ਦਾ ਤੇਜ਼ਾਬ ਵਰਤਿਆ ਜਾਂਦਾ ਹੈ.

aqua vitae [L.], *n.* : ਤੇਜ਼ ਸ਼ਰਾਬ, ਵਿਸ਼ੇਸ਼ ਪ੍ਰਕਾਰ ਦੀ ਸ਼ਰਾਬ.

aqueduct, *n.* : ਪੱਕਾ ਨਾਲਾ, ਉਚਾਈਓਂ ਪਾਣੀ ਲੰਘਾਉਣ ਵਾਲੀ ਨਾਲੀ, ਜਣੇਪੇ ਮਨੁੱਖਾਂ ਦੇ ਸਿਰ ਦੀ ਪਤਲੀ ਨਾੜ.

aqueous, *a.* : ਪਾਣੀ, ਪਾਣੀ-ਵਾਲਾ, ਜਲ-ਸੰਬੰਧੀ, (ਭੂਗੋਲ) ਅਵ-ਪਾਤੀ, ਪਾਣੀ ਦੇ ਅਸਰ ਨਾਲ ਬਣੀ ਹੋਈ, ਜਿਵੇਂ -

a. humour : ਪਾਣੀਆਲੀ ਰੱਤ.

a. rocks : ਜਲ-ਜਣੀ ਚਟਾਨਾਂ.

aquiline, *a.* : ਉਕਾਬ ਵਰਗੀ, ਤੋਤੇ ਵਰਗੀ, ਮੁੜੀ ਹੋਈ.

a. nose : ਤੋਤੇ ਨੱਕ.

aquosity, *n.* : ਪਾਣੀਆਲਾਪਨ, ਤਰੀ, ਨਮੀ, ਰਤਰ.

-ar, : ਅੰਤ ਦੇ ਵਿਸ਼ੇਸ਼ਣ ਬਣਾਉਣ ਲਈ ਪਿਛੇਤਰ.

ar-, : ਅਗੇਤਰ = ad-.

Arab, *n.* & *a.* : ਅਰਬ-ਵਾਸੀ, ਤਾਜ਼ੀ (ਘੋੜਾ), ਅਰਬੀ ਘੋੜਾ.

street a. : ਨਿਆਸਰਾ ਬੱਚਾ, ਅਵਾਰਾ ਮੁੰਡਾ.

arabesque, *n.* & *a.* : ਅਰਬੀ ਢੰਗ ਦਾ, ਵੇਲ-ਬੂਟੀਆਂ ਵਾਲਾ, ਵੇਲ-ਬੂਟੇ ਵਾਲਾ, ਮੁਹਰਾਕਸ਼ੀ.

Arabian, *a.* & *n.* : ਅਰਬ ਵਾਸੀ, ਅਰਬ ਦੇਸ਼ ਦਾ, ਅਰਬੀ.

A. bird : ਅਨੋਖਾ ਪੰਛੀ, ਇਕ ਮਿਥਿਹਾਸਿਕ ਪੰਛੀ.

A. Nights : ਅਲਫ਼-ਲੈਲਾ, ਤਲਿਸਮੀ ਕਹਾਣੀਆਂ.

Arabic, *a.* & *n.* : ਅਰਬੀ, ਅਰਬੀ ਬੋਲੀ.

A. numerals : ਅਰਬੀ ਅੰਕ (1, 2, 3, ਆਦਿ).

gum A. : ਕਿੱਕਰ ਦੀ ਗੂੰਦ, ਬੀੜ੍ਹ.

Arabist, *n.* : ਅਰਬੀ ਦਾ ਜਾਣੂ ਜਾਂ ਵਿਦਿਆਰਥੀ, ਅਰਬੀ ਦਾ ਖੋਜੀ.

arable, *a.* : ਵਾਹੁਣ-ਯੋਗ (ਜ਼ਮੀਨ).

arachnid, *n.* : (ਜੀਵ-ਵਿਗਿਆਨ) ਅਰਾਕਨਿਡ, ਮਕੜੀ, ਬਿਛੂਆਂ, ਚਿੱਚੜਾਂ, ਕੀੜਿਆਂ ਆਦਿ ਸ਼੍ਰੇਣੀ ਦੇ ਜੀਵ.

arachnoid, *a.* & *n.* : (ਬਨਸਪਤ) ਜਾਲੇਦਾਰ, ਤੰਦੀ ਨਾਲ ਢਕਿਆ ਹੋਇਆ, ਦਿਮਾਗ਼ ਅਤੇ ਰੀੜ੍ਹ ਤੇ ਪੰਜਗੋਲ ਦੀ.

Aramaic, *a.* & *n.* : ਸੀਰਿਆਈ ਜਾਂ ਅਰਾਮੀ, ਸਾਮੀ ਬੋਲੀਆਂ ਦੀ ਉੱਤਰੀ ਸ਼ਾਖ਼ ਜਿਸ ਵਿਚ ਸੀਰਿਆਈ ਅਤੇ ਕਲਦਾਨੀ ਬੋਲੀਆਂ ਸ਼ਾਮਲ ਹਨ.

araneidan, *a.* & *n.* : ਮਕੜੀ ਦੀ ਜਿਨਸ ਦਾ (ਕੀੜਾ).

araucaria, *n.* : ਅਰਬੋਂ ਦਾ ਸਨੋਬਰ (ਰੁੱਖ), [ਜਿਸਨੂੰ ਰੁਖ ਦਾ ਸਿਰ ਸੂਬਾ ਮਨਾਵੇ ਹੈ].

arbalest, **arblast**, *n.* : ਕਮਾਨ-ਨੁਮਾ ਕਮਾਨ.

arbiter, *n.* : ਸਾਲਸ, ਪੰਚ, ਫ਼ੈਸਲਾ ਕਰਨ ਵਾਲਾ.

arbitrage, *n.* : ਹੁੰਡੀ ਦਾ ਕਾਰ ਵਿਹਾਰ.

arbitral, *a.* : ਸਾਲਸੀ, ਪੰਚਾਇਤੀ, ਮਧਿਅਸਤੀ.

a. tribunal : ਸਾਲਸੀ ਅਦਾਲਤ, ਮਧਿਅਸਤੀ ਕਚਹਿਰੀ.

arbitrament, **arbitrement**, *n.* : ਸਾਲਸੀ ਫ਼ੈਸਲਾ, ਪੰਚਾਇਤੀ ਫ਼ੈਸਲਾ, ਅੰਤਮ ਫ਼ੈਸਲਾ.

arbitrary, *a.* : ਮਨ-ਮੰਨਿਆ, ਮਨ-ਮਰਜ਼ੀ, ਅਟਕਲ-ਪੱਚੂ, ਬੇਅਸੂਲਾ, ਧੱਕੇਸ਼ਾਹੀ ਵਾਲਾ, (ਕਾਨੂੰਨ) ਸਵੈ-ਅਧਿਕਾਰਤ.

arbitrarily, *adv.* : ਐਵੇਂ ਹੀ, ਮਨ-ਮਰਜ਼ੀ ਨਾਲ, ਬੇਅਸੂਲੀ ਨਾਲ.

arbitrariness, *n.* : ਬੇਅਸੂਲੀ, ਧੱਕੇਸ਼ਾਹੀ, ਆਪਹੁਦਰਾਪਣ, ਮਨ-ਮਰਜ਼ੀ.

arbitrate, *v. t. & i.* : ਸਾਲਸੀ ਕਰਨੀ, ਪੰਚਾਇਤੀ ਫ਼ੈਸਲਾ ਦੇਣਾ.
arbitration, *n.* : ਸਾਲਸੀ, ਸਾਲਸੀ ਫ਼ੈਸਲਾ, ਪੰਚਾਇਤੀ ਫ਼ੈਸਲਾ, ਮੱਧਿਅਸਤੀ ਨਿਰਣਾ.
  a. of exchange : ਦੋ ਸਿੱਕਿਆਂ ਦੇ ਵਟਾਂਦਰੇ ਦੇ ਭਾਅ ਦਾ ਫ਼ੈਸਲਾ, ਵਟਾਈ ਨਿਰਣਾ.
arbitrator, *n.* : ਸਾਲਸ, ਪੰਚ, ਮੱਧਿਅਸਤ, ਵਿਚੋਲਾ.
  arbitratorSHIP, *n.* : ਸਾਲਸੀ, ਪੰਚਾਇਤ, ਪੰਚਪੁਣਾ.
arbitress, *n.* : ਸਾਲਸਣ, ਨਿਆਂ-ਸਰੋਦ ਦੀ ਮਾਲਕ.
arbor, *n.* : ਕਲ-ਦੰਡ, ਧੁਰਾ.
Arbor Day, : ਵਣ-ਮਹੋਤਸਵ.
arboraceous, *a.* : ਬਿਰਛਾਂ ਰੂਪ ਵਰਗਾ, ਰੁੱਖਦਾਰ.
arboreal / **arboreous** } *a.* : ਰੁੱਖਾਂ ਸੰਬੰਧੀ, ਰੁੱਖ ਵਰਗਾ.
arborescent, *a.* : ਬਿਰਛਾਂ, ਰੁੱਖਦਾਰ, ਰੁੱਖ ਜਿਹਾ, ਸ਼ਾਖਦਾਰ.
  arborescentLY, *adv.* : ਰੁੱਖਾਂ ਦੀ ਤਰ੍ਹਾਂ.
arboriculture, *n.* : ਰੁੱਖ ਉਗਾਉਣਾ, ਰੁੱਖ-ਵਿਗਿਆਨ.
  arboriculturAL, *a.* : ਬਿਰਛ ਲਾਉਣ ਬਾਰੇ, ਰੁੱਖ ਵਿਗਿਆਨ ਸੰਬੰਧੀ.
  arboriculturIST, *n.* : ਰੁੱਖ ਲਾਉਣ ਵਿਚ ਪ੍ਰਬੀਨ, ਰੁੱਖ-ਵਿਗਿਆਨੀ.
arborization, *n.* : ਖਣਿਜਾਂ ਤੇ ਬਣੀਆਂ ਧਾਤੀ ਕਲਮਾਂ (crystals) ਦੀ ਰੁੱਖ ਵਰਗੀ ਸ਼ਕਲ.
arbor vitae [L.] *n.* : ਸਦਾ-ਬਹਾਰ ਬੂਟੇ, ਜੀਵਨ ਬਿਰਛ.
arbour, *n.* : ਕੁੰਜ, ਬਨ ਕੁੰਜ, ਕੁੰਜ.
  arbourED, *a.* : ਰੁੱਖ-ਛਾਂਵਾਂ, ਬਿਰਛਦਾਰ.
arbutus, *n.* : ਸਦਾ-ਬਹਾਰ ਬੂਟਿਆਂ ਦੀ ਇਕ ਕਿਸਮ.
arc, *n.* : ਕਮਾਨੀ, ਚੱਕਰ ਜਾਂ ਵਕਰ ਦੀ ਕਮਾਨ.
  height of an a. : ਤੀਰ.
  diurnal, nocturnal a. : ਸੂਰਜ-ਚੜ੍ਹਣ-ਪੰਧ, ਤਾਰੇ-ਚੜ੍ਹਣ-ਪੰਧ.
arcade, *n.* : ਡਾਟਾਂ, ਛੱਤੀ-ਗਲੀ, ਡਾਟਦਾਰ ਰਸਤਾ, ਢੱਕਿਆ ਦਲਾਨ.
  arcadeD, *a.* : ਡਾਟਾਂ ਵਾਲਿਆਂ, ਛੱਤਦਾਰ.
Arcadian, *a. & n.* : ਅਰਕੇਡੀਆ, ਬਾਰ ਦਾ, ਆਦਰਸ਼ਕ ਪੇਂਡੂ.
Arcady, Arcadia, *n.* : ਅਰਕੇਡੀਆ, ਯੂਨਾਨ ਦੀ ਥਾਂ; ਆਦਰਸ਼ਕ ਸੁਹਾਉਣਾ ਬਾਰ ਦਾ ਇਲਾਕਾ, ਪੇਂਡੂ ਸਵਰਗ.
arcanum, *n.* (*pl.* -na) : ਭੇਤ, ਰਹੱਸ.
arch, *n.* : ਡਾਟ, ਕਮਾਨੀ, ਮਿਹਰਾਬ.
  archWAY : ਮਿਹਰਾਬੀ ਰਸਤਾ.
  archWISE, *adv.* : ਕਮਾਨ ਵਾਂਗ, ਡਾਟ ਦੀ ਤਰ੍ਹਾਂ.
arch, *v. t. & i.* : ਡਾਟ ਲਾਉਣੀ (ਜਾਂ ਪਾਉਣੀ); ਗੁਲਾਈਦਾਰ ਕਰ ਦੇਣਾ (ਡਾਟ ਵਾਂਗ).
  archED, *a.* : ਡਾਟਦਾਰ, ਕਮਾਨੀਦਾਰ, ਉੱਭਰਵਾਂ.
arch-, *a.* : ਪਹਿਲੇ ਦਰਜੇ ਦਾ, ਵੱਡਾ, ਮਹਾਂ, ਛਟਿਆ ਹੋਇਆ; (ਜਿਵੇਂ arch rogue, ਵੱਡਾ ਠੱਗ); ਖਚਰਾ, ਚਤੁਰ ਚਲਾਕ.
  arch enemy : ਵੱਡਾ ਵੈਰੀ, ਸ਼ਤਰੂ.
  arch-fiend : ਸ਼ੈਤਾਨ.
  archLY, *adv.* : ਚਲਾਕੀ ਨਾਲ, ਚੰਚਲਤਾ ਭਰ ਕੇ, ਚਤੁਰਾਈ ਨਾਲ.
  archNESS, *n.* : ਚਲਾਕੀ, ਖਚਰਾਪਣ, ਸ਼ੋਖ਼ੀ.
arch-, *a.* : ਅਗੇਤਰ ਜਿਸ ਦਾ ਅਰਥ ਹੈ ਮੁਖੀ, ਵੱਡਾ, ਮੁੱਢਲਾ, ਸਰਦਾਰ; ਜਿਵੇਂ Archbishop, ਵੱਡਾ ਲਾਟ-ਪਾਦਰੀ.
archaean, *a.* : ਧਰਤੀ ਦੀ ਬਣਤਰ ਦੇ ਪ੍ਰਾਚੀਨ ਸਮੇਂ ਦਾ.
archaeology, *n.* : ਪੁਰਾਤੱਤਵ ਵਿਗਿਆਨ, ਪ੍ਰਾਚੀਨ ਸਮੇਂ ਦੇ ਨਿਸ਼ਾਨਾਂ ਦੀ ਖੋਜ.
  archaeologic(al), *a.* : ਪੁਰਾਤੱਤਵੀ.
  archaeologicALLY, *adv.* : ਪੁਰਾਤੱਤਵੀ ਖੋਜ ਅਨੁਸਾਰ.
  archaeologIST, *n.* : ਪੁਰਾਤੱਤਵੀ ਮਾਹਿਰ.
archaic, *a.* : ਪ੍ਰਾਚੀਨ, ਪੁਰਾਣਾ, ਅਪ੍ਰਚਲਿਤ (ਬੋਲੀ), ਵਰਤੋਂ-ਰਹਿਤ.
  archaicALLY, *adv.* : ਪੁਰਾਤਨਤਾ ਨਾਲ, ਅਪ੍ਰਚਲਤ ਤੌਰ ਤੇ.
archaism, *n.* : ਪੁਰਾਤਨਤਾ, ਪੁਰਾਣਾ ਮੁਹਾਵਰਾ, ਮੋਇਆ ਸ਼ਬਦ.
  archaist, *n.* : ਅਪ੍ਰਚਲਤ-ਪ੍ਰੇਮੀ, ਪੁਰਾਣੀ ਲਕੀਰ ਦਾ ਫ਼ਕੀਰ.
  archaistIC, *a.* : ਪ੍ਰਾਚੀਨਤਾ ਬਾਰੇ, ਮੋਇਆ.
archaize, *v. t. & i.* : ਪ੍ਰਾਚੀਨ ਰੂਪ ਜਾਂ ਮੁਹਾਵਰੇ ਦੀ ਨਕਲ ਕਰਨੀ, ਪੁਰਾਣੇ ਢੰਗਾਂ ਦੀ ਸ਼ੈਲੀ ਵਰਤਣੀ, ਮੋਏ ਸ਼ਬਦਾਂ ਦੀ ਵਰਤੋਂ ਕਰਨੀ; ਮੋਇਆ ਕਰ ਦੇਣਾ.
archangel, *n.* : ਵੱਡਾ ਫ਼ਰਿਸ਼ਤਾ; ਕੋਹ, ਕਾਂਪਲਾ; ਇਕ ਕਿਸਮ ਦਾ ਕਬੂਤਰ.
archbishop, *n.* : ਵੱਡਾ ਲਾਟ-ਪਾਦਰੀ.
  archbishopRIC, *n.* : ਵੱਡੇ ਲਾਟ-ਪਾਦਰੀ ਦੀ ਪਦਵੀ; ਉਸ ਦਾ ਇਲਾਕਾ; ਉਸ ਦੀ ਰਿਹਾਇਸ਼.
archdeacon, *n.* : ਸਹਾਇਕ ਲਾਟ-ਪਾਦਰੀ.
  archdeaconSHIP, *n.* : ਸਹਾਇਕ ਲਾਟ-ਪਾਦਰੀ ਦੀ ਪਦਵੀ.
  archdeaconRY, *n.* : ਸਹਾਇਕ ਲਾਟ-ਪਾਦਰੀ ਦੀ ਪਦਵੀ ਜਾਂ ਉਸ ਦਾ ਇਲਾਕਾ ਜਾਂ ਰਿਹਾਇਸ਼.
archdiocese, *n.* : ਲਾਟ-ਪਾਦਰੀ ਦਾ ਹਲਕਾ.
archduchess, *n.* : ਆਸਟਰੀਆ ਦੇ ਰਾਜ-ਕੁਮਾਰ ਦੀ ਵਹੁਟੀ, ਆਸਟਰੀਆ ਦੀ ਰਾਜ-ਕੁਮਾਰੀ.
archduke, *n.* : ਆਸਟਰੀਆ ਦਾ ਰਾਜ-ਕੁਮਾਰ.
  archducAL, *a.* : ਆਸਟਰੀਆ ਦੇ ਰਾਜ-ਕੁਮਾਰ ਸੰਬੰਧੀ.
  archducHY, *n.* : ਆਸਟਰੀਆ ਦੇ ਰਾਜ-ਕੁਮਾਰ ਦੀ ਜਾਗੀਰ.
archer, *n.* : ਤੀਰ-ਅੰਦਾਜ਼, ਨਿਸ਼ਾਨਚੀ; ਧਨਖ-ਧਾਰੀ; ਧਨ ਰਾਸ਼.
  archerY, *n.* : ਤੀਰ-ਅੰਦਾਜ਼ੀ, ਨਿਸ਼ਾਨੇਬਾਜ਼ੀ, ਤੀਰ ਚਲਾਉਣ ਦਾ ਹੁਨਰ, ਧਨੁਖ ਵਿਦਿਆ, ਬਾਣ-ਵਿਦਿਆ.
archetype, *n.* : ਅਸਲ; ਮੁਢਲਾ ਨਮੂਨਾ, ਮੂਲ ਰੂਪ.
  archetypAL, *a.* : ਅਸਲੀ, ਮੁਢਲੇ ਨਮੂਨੇ ਦਾ.
  archetypALLY, *adv.* : ਮੁਢਲੇ ਤੌਰ ਤੇ, ਮੁਢਲੇ ਨਮੂਨੇ ਅਨੁਸਾਰ.
archidiaconal, *a.* : ਸਹਾਇਕ ਲਾਟ-ਪਾਦਰੀ ਬਾਰੇ.
archiepiscopal, *a.* : ਵੱਡੇ ਲਾਟ-ਪਾਦਰੀ ਸੰਬੰਧੀ.
archil, *n.* : ਬਨਸਪਤੀ ਰੰਗ, ਬਨਸਪਤੀ ਰੰਗ.
Archimedean, *a.* : ਅਰਕਮੀਦੀ, ਯੂਨਾਨੀ ਹਿਸਾਬਦਾਨ ਆਰਕਮੀਦਿਸ ਬਾਰੇ.
  A. screw : ਅਰਕਮੀਦੀ ਪੇਚ, ਜਿਸ ਦੀ ਸਹਾਇਤਾ ਨਾਲ ਪਹਿਲੇ ਜ਼ਮਾਨੇ ਵਿਚ ਪਾਣੀ ਖਿੱਚਿਆ ਜਾਂਦਾ ਸੀ.
archipelago, *n.* : ਦੀਪ-ਸਮੂਹ, ਟਾਪੂਆਂ ਦਾ ਝੁੰਡ.
architect, *n.* : ਮਾਹਿਰ ਉਸਾਰੀਕਾਰ (ਜੋ ਵਧੀਆ ਇਮਾਰਤਾਂ ਦੇ ਨਕਸ਼ੇ ਬਣਾਂਦਾ ਅਤੇ ਆਪਣੀ ਨਿਗਰਾਨੀ ਵਿਚ ਉਸਾਰੀ ਕਰਦਾ ਹੈ), ਰਾਜ, ਘਾੜਾ, ਕਲਾਕਾਰ, ਰਚਣਹਾਰ, ਜਿਵੇਂ a. of his own fate, ਆਪਣੀ ਕਿਸਮਤ ਆਪ ਬਣਾਉਣ ਵਾਲਾ; ਰਚਨਹਾਰ, ਸਿਰਜਣਹਾਰ.
  architectURE, *a.* : ਰਾਜਗਿਰੀ ਬਾਰੇ, ਉਸਾਰੀ ਸੰਬੰਧੀ.
architectonic, *a.* : ਰਾਜਗਿਰੀ ਜਾਂ ਉਸਾਰੀ ਬਾਰੇ, ਉਸਾਰੂ; ਰੇਖ-ਰਚਨਾ ਬਾਰੇ; ਉਸਾਰੀ ਦੇ ਢੰਗਾਂ ਬਾਰੇ.
  architectonics, *n.* : ਰਾਜਗਿਰੀ ਹੁਨਰ.
  architectonicAL, *a.* : ਰਾਜਗਿਰੀ ਹੁਨਰ ਬਾਰੇ.
architecture, *n.* : ਇਮਾਰਤੀ ਵਿਦਿਆ, ਰਾਜਗਿਰੀ, ਉਸਾਰੀ ਦਾ ਕੰਮ; ਉਸਾਰੀ, ਇਮਾਰਤ, ਭਵਨ-ਨਿਰਮਾਣ, ਢੰਗ ਉਸਾਰੀ.
  architecturAL, *a.* : ਇਮਾਰਤੀ, ਉਸਾਰੀ ਬਾਰੇ.
  architecturALLY, *adv.* : ਭਵਨ-ਨਿਰਮਾਣ ਅਨੁਸਾਰ.
architrave, *n.* : ਸ਼ਤੀਰ; ਬਾਰੀ ਜਾਂ ਬੂਹੇ ਦੇ ਆਸ ਪਾਸ ਦੇ ਹਿੱਸੇ; ਡਾਟ ਦੇ ਦੁਆਲੇ ਦੀ ਕਤਾਈ.
archive(s) : ਦਫ਼ਤਰ-ਖ਼ਾਨਾ (ਜਿੱਥੇ ਸਰਕਾਰੀ ਕਾਗ਼ਜ਼ ਰੱਖੇ ਜਾਂਦੇ ਹਨ);

ਪੁਰਾਣੀਆਂ ਲਿਖਤਾਂ ; ਇਤਿਹਾਸਕ ਦਸਤਾਵੇਜ਼.

archivist, n. : ਦਫ਼ਤਰਖ਼ਾਨੀਆ, ਪੁਰਾਣਾ ਦਫ਼ਤਰਪਾਲ.

archivolt, n. : ਡਾਟ ਦੀ ਅੰਦਰਲੀ ਗੋਲਾਈ; ਡਾਟ ਦੀ ਅੰਦਰਲੀ ਗੋਲਾਈ ਦੀ ਸਜਾਵਟ.

archon, n. : ਆਰਕਨ, ਏਥਨਜ਼ ਦੇ ਨੌਂ ਵੱਡੇ ਹਾਕਮਾਂ ਵਿਚੋਂ ਇੱਕ; ਹਾਕਮ, ਪ੍ਰਧਾਨ.

archonship, n. : ਆਰਕਨ ਜਾਂ ਪ੍ਰਧਾਨ ਦੀ ਪਦਵੀ; ਉਸ ਦੀ ਪ੍ਰਧਾਨਗੀ ਦਾ ਸਮਾਂ.

arctic, a. : ਉੱਤਰੀ, ਉੱਤਰੀ ਧਰੁਵ ਦਾ.
a.-circle, ਉੱਤਰੀ ਹਿਮ-ਚੱਕਰ
a.-ocean, ਉੱਤਰੀ ਹਿਮ-ਸਾਗਰ.
a.-region, ਉੱਤਰੀ ਹਿਮ-ਖੰਡ.

Arcturus, n. : ਬੂਟੀਸ ਖਿੱਤੀ ਦਾ ਸਭ ਤੋਂ ਰੌਸ਼ਨ ਚਮਕਦਾਰ ਤਾਰਾ.

arcuate, a. : ਕਮਾਨ ਵਰਗਾ, ਟੇਢਾ, ਕਮਾਨੀਦਾਰ, ਡਾਟਦਾਰ.

-ard, suffix : ਨਿੰਦਾ-ਵਾਚਕ ਨਾਂਵ ਬਣਾਉਣ ਲਈ ਵਰਤਿਆ ਜਾਂਦਾ ਹੈ; ਜਿਵੇਂ — sluggard, ਸੁਸਤ ਆਦਮੀ ; drunkard, ਸ਼ਰਾਬੀ.

ardent, a. : ਗਰਮਾ-ਗਰਮ ; ਤੇਜ਼, ਜੋਸ਼ੀਲਾ, ਭੜਕੀਲਾ, ਸਰਗਰਮ.
a. spirits : ਅਲਕੋਹਲੀ ਸ਼ਰਾਬ, ਤੇਜ਼ ਸ਼ਰਾਬ.
ardency, n. : ਜੋਸ਼, ਗਰਮੀ, ਸਰਗਰਮੀ, ਚਾਅ.
ardently, adv. : ਜੋਸ਼ ਨਾਲ, ਸਰਗਰਮੀ ਨਾਲ, ਚਾਅ ਨਾਲ.

ardour, n. : ਤੇਜ਼ੀ, ਗਰਮੀ, ਜੋਸ਼, ਉਤਸ਼ਾਹ, ਚਾਅ.

arduous, a. : ਔਖਾ, ਸਖ਼ਤ, ਕਠਿਨ, ਕਠਨ, ਜੋਖਮ ਭਰਿਆ, ਉੱਚਾ, ਮਿਹਨਤੀ.
arduously, adv. : ਮਿਹਨਤ ਨਾਲ, ਕਠਨਾਈ ਨਾਲ, ਔਖ ਨਾਲ.
arduousness, n. : ਉੱਦਮ, ਮਿਹਨਤ, ਕਠਨਾਈ.

are : see be.

area, n. : ਖੁੱਲ੍ਹਾ ਮੈਦਾਨ, ਖ਼ਾਲੀ ਪਈ ਜ਼ਮੀਨ ; ਵਿਹੜਾ ; ਖੇਤਰਫਲ, ਰਕਬਾ, ਖੇਤਰ.

areca, n. : ਖਜੂਰ ਦੀ ਇਕ ਕਿਸਮ, ਸੁਪਾਰੀ ਦਾ ਰੁੱਖ.
a. nut : ਸੁਪਾਰੀ.

arefaction, n. : ਖੁਸ਼ਕੀ.

arefy, v. t. : ਸੁਕਾਉਣਾ.

arena, n. : ਅਖਾੜਾ, ਪਿੜ.

arenaceous, a. : ਰੇਤਲਾ, ਰੇਤਲ, ਰੇਤੀਲਾ ; ਰੇਤ ਵਰਗਾ.
arenose, a. : ਰੇਤ ਭਰਿਆ.

areola, n. : (pl.-lae) : ਜਿਸ ਤਰ੍ਹਾਂ ਦੀ ਜਿਹੀ ਪੱਤਰ ਦੇ ਨਾੜੀਆਂ ਵਿਚਕਾਰ ਹੁੰਦੀ ਹੈ ; ਨਾੜਾਂ ਵਿਚਲੀ ਥਾਂ ; ਛਾਤੀ ਦੀ ਘੁੰਡੀ ਦੁਆਲੇ ਦੀ ਪਿੜੀ ; (ਬਨਸਪਤ) ਫੁੱਟ ਦੇ ਪੀੜ ਦੀ ਕੋਠੜੀ ਖਾਨੀ, ਖਾਨਾ, ਪਿੜ, ਪਿੜੀ.
areolar } a. : ਖਾਨੇਦਾਰ, ਪਿੜੀਆਂ ਵਾਲਾ, ਜਾਲੀਦਾਰ.
areolate }
areolation, n. : ਜਾਲੀਦਾਰ, ਪਿੜੀਆਂ ਬਣਾਈਆਂ.

Areopagite, n. : (ਯੂਨਾਨ) ਏਰੀਓਪੇਗਸ ਦਾ ਕਾਜ਼ੀ.

Areopagus, n. : (ਯੂਨਾਨੀ) ਏਥਨਜ਼ ਦੀ ਪਹਾੜੀ ਜਿਸ ਉੱਤੇ ਉੱਚੀ ਫ਼ੌਜਦਾਰੀ ਅਦਾਲਤ ਬੈਠਦੀ ਸੀ ; ਫ਼ੌਜਦਾਰੀ ਉੱਚ-ਅਦਾਲਤ.

arete [F], n. : ਪਹਾੜ ਦੀ ਤਿੱਖੀ ਧਾਰ, ਚੋਟੀ, ਕਿੰਗਰਾ.

argala, n. : ਆਰਗਲਾ, ਇਕ ਹਿੰਦੁਸਤਾਨੀ ਪੰਛੀ, ਹੜਗਿੱਲਾ.

argali, n. : ਮੰਗੋਲੀਆ ਦੀ ਜੰਗਲੀ ਭੇਡ.

argand, n. : ਤੇਲ-ਬੱਤੀਆ ਲੈਂਪ.

argent, n. & a. : (ਨਿਸ਼ਾਨਾਂ ਵਿਚ) ਚਾਂਦੀ ਦਾ ਰੰਗ ; ਰੁਪਹਿਲਾ, ਰੁਪੈਲਾ, ਚਾਂਦੀ-ਰੰਗਾ.

argentiferous, a. : ਚਾਂਦੀ-ਮਿਲਵਾਂ, ਚਾਂਦੀ ਦੇ ਤੱਤ ਵਾਲਾ, ਜਿਸ ਵਿਚੋਂ ਚਾਂਦੀ ਨਿਕਲਦੀ ਹੋਵੇ.

argentine, a. & n. : ਚਾਂਦੀ ਦਾ, ਰੁਪੈਲਾ ; ਨਕਲੀ ਚਾਂਦੀ, ਰੋਪ ; ਮੱਛੀ ਦੇ ਰੁਪੈ-ਰੰਗੇ ਚਾਨੇ, ਖਪਰੇ ; ਇਕ ਤਰ੍ਹਾਂ ਦੀ ਛੋਟੀ ਮੱਛੀ ; ਸਲੇਟੀ ਮਿੱਟੀ.

argil, n. : ਚੀਕਣੀ ਮਿੱਟੀ, ਭਾਂਡਿਆਂ ਵਾਲੀ ਮਿੱਟੀ, ਘੁਮਿਆਰੀ ਮਿੱਟੀ.
argillaceous, a. : ਚੀਕਣੀ ਮਿੱਟੀ ਦਾ.

argle-bargle, v. i. & n. : ਬਹਿਸਣਾ, ਫ਼ਜ਼ੂਲ ਲੜਾਈਆਂ ; ਵਾਦ-ਵਿਵਾਦ, ਤੂੰ-ਤੂੰ-ਮੈਂ-ਮੈਂ, ਝੈੜ-ਝਗੜਾ.

argol, n. : ਟਾਰਟਰ, ਸ਼ਰਾਬ ਦੀ ਥੱਲੇ ਬੈਠੀ ਮੈਲ.

argon, n. : ਇਕ ਗੈਸ, ਜੋ ਹਵਾ ਦੀ ਬਣਤਰ ਵਿਚ ਮਿਲੀ ਹੋਈ ਹੈ.

Argonaut, n. : ਇਕ ਯੂਨਾਨੀ ਕਹਾਣੀ ਦੇ ਉਨ੍ਹਾਂ ਸੂਰਮਿਆਂ ਵਿਚੋਂ ਕੋਈ ਇਕ ਜੋ ਉਸ ਕਹਾਣੀ ਦੇ ਮੁਖ-ਪਾਤਰ ਜੇਸਨ ਨਾਲ ਸੁਨਹਿਰੀ ਉੱਨ ਦੀ ਭਾਲ ਵਿਚ ਆਰਗੋ ਜਹਾਜ਼ ਵਿਚ ਗਏ ਸਨ ; ਇਕ ਕਿਸਮ ਦਾ ਘੋਗਾ.
Argonautic, a. : ਉਨ੍ਹਾਂ ਸੂਰਮਿਆਂ ਸੰਬੰਧੀ.

argosy, n. : ਵੱਡਾ ਤਜਾਰਤੀ ਜਹਾਜ਼ (ਖ਼ਾਸ ਕਰਕੇ ਰਗੂਸਾ ਜਾਂ ਵੇਨਿਸ ਦਾ) ; (ਕਵਿਤਾ) ਜਹਾਜ਼, ਮਹਿੰਮ.

argot, n. : ਕਿਸੇ ਟੋਲੀ ਜਾਂ ਫ਼ਿਰਕੇ ਦੀ ਖ਼ਾਸ ਬੋਲੀ (ਖ਼ਾਸ ਕਰਕੇ ਚੋਰਾਂ ਦੀ).

argue, v. t. & i. : ਬਹਿਸਣਾ, ਦਲੀਲ ਦੇਣੀ, ਝਗੜਨਾ, ਸਬੂਤ ਦੇਣਾ ; ਹੁੱਜਤ ਕਰਨੀ, ਸਿੱਧ ਕਰਨਾ.
a. a person into or out of : ਦਲੀਲਾਂ ਦੇ ਕੇ ਕਿਸੇ ਨੂੰ ਮਨਾ ਲੈਣਾ ਜਾਂ ਹਟਾ ਦੇਣਾ.
a. it away : ਬਹਿਸ ਵਿਚ ਗੱਲ ਹੀ ਮੁਕਾ ਦੇਣੀ.
arguable, a. : ਵਿਚਾਰ-ਯੋਗ, ਵਿਵਾਦ-ਯੋਗ.

argument, n. : ਦਲੀਲ, ਹਵਾਲਾ, ਪ੍ਰਮਾਣ ; ਵਿਚਾਰ-ਧਾਰਾ, ਦਲੀਲ-ਬਾਜ਼ੀ, ਬਹਿਸ, ਤਰਕ-ਵਿਤਰਕ ; ਪੁਸਤਕ ਦਾ ਸਾਰ, ਖ਼ੁਲਾਸਾ ਸਾਰ.

argumentation, n. : ਦਲੀਲ-ਬਾਜ਼ੀ, ਵਿਚਾਰ ਵਟਾਂਦਰਾ, ਤਰਕ, ਵਿਵਾਦ.

argumentative, a. : ਝਗੜਾਲੂ, ਹੁੱਜਤੀ, ਬਹਿਸੀ, ਮੰਤਕ ਦੇ ਢੰਗ ਵਾਲਾ, ਮੰਤਕੀ.
argumentatively, adv. : ਦਲੀਲ-ਬਾਜ਼ੀ ਨਾਲ, ਦਲੀਲਾਂ ਦੇ ਕੇ, ਮੰਤਕੀ ਢੰਗ ਨਾਲ, ਹੁੱਜਤੀ ਤੌਰ ਤੇ.
argumentativeness, n. : ਦਲੀਲ-ਬਾਜ਼ੀ, ਬਹਿਸ ਦਾ ਸ਼ੌਕ, ਹੁੱਜਤ-ਬਾਜ਼ੀ, ਖਚਰਪੁਣਾ.

Argus, n. : ਸੌ-ਨੇਤਰਾ ਮਨੁੱਖ (ਜਿਸ ਦਾ ਜ਼ਿਕਰ ਯੂਨਾਨੀ ਕਹਾਣੀਆਂ ਵਿਚ ਆਉਂਦਾ ਹੈ) ; ਚੌਕਸ ਰਾਖਾ, ਚੌਕਸ, ਚੌਕੰਨਾ, ਪਹਿਰੇਦਾਰ.
A.-eyed : ਚਾਕ-ਚੌਬੰਦ, ਤੇਜ਼ ਅੱਖਾਂ ਵਾਲਾ, ਚੌਕੰਨਾ, ਚੌਕਸ.
A.-shell : ਚਿਤਰ-ਮਿਤਰੀ ਸਿੱਪੀ.

argute, a. : ਚਲਾਕ, ਚਲਤਾ-ਪੁਰਜ਼ਾ, ਤੇਜ਼-ਬੁੱਧ ; (ਆਵਾਜ਼ ਬਾਰੇ) ਤਿੱਖੀ, ਚੁਭਵੀਂ.

argyr-, argyro- : (ਸਮਾਸੀ ਸ਼ਬਦਾਂ ਦਾ ਅਗੇਤਰ) ਚਾਂਦੀ ਦਾ, ਜਿਵੇਂ —
argyria : ਚਾਂਦੀ ਦਾ ਜ਼ਹਿਰ.
argyranthous : ਰੁਪਹਿਲੇ ਫੁੱਲਾਂ ਵਾਲਾ.
argyrophyllous : ਰੁਪਹਿਲੇ ਪੱਤਿਆਂ ਵਾਲਾ.

aria [*It.*], n. : (ਸੰਗੀਤ) ਰਾਗ.

Arian, a. & n. : ਆਰੀਅਸ ਦਾ, ਸਿਕੰਦਰੀਆ ਦੇ ਆਰੀਅਸ (ਚੌਥੀ ਸਦੀ ਦੇ ਇਕ ਈਸਾਈ ਮੁਖੀਏ) ਦੇ ਅਕੀਦੇ ਨੂੰ ਮੰਨਣ ਵਾਲਾ.
Arianism, n. : ਆਰੀਅਸ ਦੇ ਸਿਧਾਂਤਾਂ ਵਿਚ ਸ਼ਰਧਾ, ਆਰੀਅਸ-ਮਤ.
Arianize, v. t. & i. : ਆਰੀਅਸੀ ਹੋਣਾ ਜਾਂ ਬਣਾਉਣਾ.

-arian, : ਵਿਸ਼ੇਸ਼ਣ ਬਣਾਉਣ ਲਈ ਪਿਛੇਤਰ, ਜਿਵੇਂ humanitarian, ਪਰਉਪਕਾਰੀ ; vegetarian, ਵੈਸ਼ਨੋ.

arid, a. : ਸੁੱਕਾ, ਖ਼ੁਸ਼ਕ, ਰੁੱਖਾ ; (ਜ਼ਮੀਨ ਬਾਰੇ) ਬੰਜਰ, ਬੇਜਾਨ, ਬਾਂਝ.
aridity, aridness, n. : ਖ਼ੁਸ਼ਕੀ, ਰੁੱਖਾਪਣ, ਵੀਰਾਨਗੀ.

ariel, n. : ਇਕ ਕਿਸਮ ਦਾ ਹਿਰਨ ਜੋ ਪੂਰਬੀ ਏਸ਼ੀਆ ਅਤੇ ਅਫ਼ਰੀਕਾ ਵਿਚ ਮਿਲਦਾ ਹੈ.

Aries, n. : ਮੇਖ ਰਾਸ.

aright, adv. : ਠੀਕ, ਠੀਕ-ਠਾਕ, ਠੀਕ ਤਰ੍ਹਾਂ.

-arious : ਜੁੜਵੇਂ ਵਿਸ਼ੇਸ਼ਣ ਬਣਾਉਣ ਲਈ ਪਿਛੇਤਰ; ਜਿਵੇਂ contrarious, ਉਲਟਾ-ਪੁਲਟਾ, ਜ਼ਿੱਦੀ.

arise, v.i. : ਉਠਣਾ, ਖਲੋਣਾ, ਉਠ ਖਲੋਣਾ; ਜਾਗਣਾ; ਨਿਕਲਣਾ, ਸ਼ੁਰੂ ਹੋਣਾ, ਚੜ੍ਹਨਾ; ਪੈਦਾ ਹੋਣਾ, ਜੰਮਣਾ, ਸ਼ੁਰੂ ਹੋਣਾ; ਪਰਗਟ ਹੋਣਾ, ਨਜ਼ਰੀਂ ਪੈਣਾ; ਸਿੱਟਾ ਨਿਕਲਣਾ.

arista, n. : ਸੂੰ, ਸੂੰਈਂ, ਕੰਡ, ਸਰਾਜਾ, ਕਸਾਰ, ਕਸੀਰ.

aristate, a. : ਸੂੰਦਾਰ, ਕਸੀਰਦਾ, ਸਰਾਜਦਾਰ.

aristocracy, n. : ਅਮੀਰੀ ਰਾਜ, ਅਮੀਰ-ਸ਼ਾਹੀ, ਅਮੀਰ ਤਬਕਾ, ਸ੍ਰੇਸ਼ਟ ਜਨ.

aristocrat, n. : ਅਮੀਰ, ਰਈਸ.

aristocratISM, n. : ਅਮੀਰੀ ਢੰਗ, ਰਈਸਪੁਣਾ.

aristocratic, a. : ਰਈਸੀ, ਅਮੀਰੀ ਢੰਗ ਦਾ; ਸ਼ਾਨਦਾਰ, ਵਧੀਆ.

aristocraticAL, a. : ਰਈਸੀ, ਸ਼ਾਨਦਾਰ.

aristocraticALLY, adv. : ਅਮੀਰਾਂ ਵਾਂਗ ਨਾਲ, ਰਈਸੀ ਢੰਗ ਨਾਲ.

Aristotelian -telean, adj. & n. : ਅਰਸਤੂ ਦਾ; ਅਰਸਤੂ-ਵਾਦੀ.

arithmetic, n. : ਹਿਸਾਬ, ਗਣਿਤ ਵਿਦਿਆ, ਹਿਸਾਬਦਾਨੀ, ਗਣਿਤ ਵਿਦਿਆ ਦਾ ਗਿਆਨ; ਹਿਸਾਬ ਦੀ ਕਿਤਾਬ, ਗਣਿਤ-ਪੁਸਤਕ.

generalized a. : ਅਮੂਰਤ ਹਿਸਾਬ.

oral a. : ਜ਼ਬਾਨੀ ਹਿਸਾਬ.

arithmeticIAN, n. : ਹਿਸਾਬੀ, ਗਣਿਤ-ਵਿਦਿਆ-ਨਿਪੁੰਨ.

arithmetical, a. : ਗਣਿਤ ਵਿਦਿਆ ਦਾ, ਹਿਸਾਬ ਬਾਰੇ.

a.-mean : ਹਿਸਾਬੀ ਵਿਚਲਾ.

a.-operation : ਹਿਸਾਬੀ ਅਮਲ.

a.-progression : ਹਿਸਾਬੀ ਪੰਗਤੀ, ਗਿਣਤੀਆਂ ਦਾ ਸਿਲਸਿਲੇਵਾਰ ਵਧਾਅ ਘਟਾਅ.

arithmeticALLY, adv. : ਹਿਸਾਬ ਅਨੁਸਾਰ, ਹਿਸਾਬੀ ਢੰਗ ਨਾਲ.

arithmometer, n. : ਗਣਿਤ-ਕਲ, ਗਣਿਤ-ਯੰਤਰ.

-arium : ਨਾਂਵ (ਖ਼ਾਸ ਕਰਕੇ ਪ੍ਰਾਚੀਨ ਰੂਪਾਂ ਵਾਲੇ ਨਾਂਵ) ਬਣਾਉਣ ਲਈ ਪਿਛੇਤਰ, ਜਿਵੇਂ aquarium, ਮਛ-ਘਰ.

ark, n. : ਬੇੜੀ (ਜਿਵੇਂ Noah's a., ਨੂਹ ਦੀ ਬੇੜੀ ਜਿਸ ਵਿਚ ਉਹ ਤੂਫ਼ਾਨ ਤੋਂ ਬਚਣ ਲਈ ਬਿਠਾਇਆ ਗਿਆ ਸੀ); ਸੰਦੂਕ, ਜਿਵੇਂ—

A. of the Covenant A. of Testimony	: ਯਹੂਦੀ ਸੰਦੂਕ, ਜਿਸ ਵਿਚ ਯਹੂਦੀ ਸ਼ਰ੍ਹਾ ਦੀਆਂ ਪਟੀਆਂ ਪਈਆਂ ਹੋਈਆਂ ਸਨ.

arm, n. : (ਮਨੁੱਖ ਦੀ) ਬਾਂਹ, ਬਾਹੂ; (ਕੁੜਤੇ ਜਾਂ ਕੋਟ ਦੀ) ਬਾਂਹ; ਰੁੱਖ ਦੀ ਵੱਡੀ ਟਾਹਣੀ; ਬਾਂਹ ਵਰਗੀ ਚੀਜ਼ (ਜਿਵੇਂ a. of the sea, ਸਮੁੰਦਰ ਦੀ ਬਾਂਹ; a. of the balance, ਤਕੜੀ ਦੀ ਡੰਡੀ).

a.-chair : ਬਾਂਹ ਵਾਲੀ ਕੁਰਸੀ.

a.-hole : ਬਗਲ, ਕੋਟ ਜਾਂ ਕੁੜਤੇ ਦੀ ਉਹ ਮੋਰੀ ਜਿਸ ਵਿਚੋਂ ਬਾਂਹ ਲੰਘਾਈਦੀ ਹੈ.

a.-in-a. : ਬਾਂਹ ਵਿਚ ਬਾਂਹ ਪਾ ਕੇ.

a.-pit : ਕੱਛ, ਬਗਲ; stinking a. : ਬਗਲ-ਗੰਧ.

fore-arm : ਅਰਕ ਤੋਂ ਹੱਥ ਤਕ ਦਾ ਹਿੱਸਾ.

upper-arm : ਡੌਲਾ.

infant in aa. : ਕੁੱਛੜ ਬਾਲ.

keep at a.'s length : ਪਰ੍ਹੇ ਪਰ੍ਹੇ ਰਹਿਣਾ ਜਾਂ ਰੱਖਣਾ, ਡੂੰਘੀ ਸਾਂਝ ਨਾ ਪਾਉਣੀ.

secular a. : ਸੰਸਾਰੀ ਅਦਾਲਤ ਦਾ ਅਧਿਕਾਰ.

with open aa. : ਖੁਲ੍ਹੇ ਦਿਲੋਂ.

armful : ਢੱਬਾ, ਥੱਬਾ, ਕਲਾਵਾ, ਜੱਫੀ.

armless : ਬਿਨ-ਬਾਂਹ.

arm, n. : (ਆਮ ਤੌਰ ਤੇ ਬਹੁ-ਵਚਨ) ਹਥਿਆਰ, ਅਸਲਾ, ਸ਼ਸਤਰ; ਫ਼ੌਜ; ਸ਼ਕਤੀ, ਚਿੰਨ੍ਹ, ਨਿਸ਼ਾਨ.

bear aa. : ਸਿਪਾਹਗਿਰੀ ਕਰਨੀ, ਹਥਿਆਰਬੰਦ ਹੋਣਾ, ਸ਼ਸਤਰ-ਧਾਰੀ ਹੋਣਾ.

coat of aa. : ਖ਼ਾਨਦਾਨੀ ਨਿਸ਼ਾਨ, ਜ਼ਰੇਬੀ ਝੰਡਾ.

fire-aa. : ਅਗਨ-ਸ਼ਸਤਰ.

in aa. : ਹਥਿਆਰਬੰਦ, ਸ਼ਸਤਰ-ਬੱਧ, ਜੰਗ-ਬੱਧ, ਜੁੱਧ-ਬੱਧ.

King of Aa. : ਸ਼ਾਹੀ ਨਕੀਬ.

lay down aa. : ਹਥਿਆਰ ਸੁੱਟ ਦੇਣੇ, ਹਾਰ ਮੰਨਣੀ.

small aa. : ਛੋਟੇ ਹਥਿਆਰ (ਜਿਨ੍ਹਾਂ ਦੇ ਚੁਕਣ ਲਈ ਗੱਡੀ ਦੀ ਲੋੜ ਨਹੀਂ ਪੈਂਦੀ).

stand of aa. : ਇਕ ਸਿਪਾਹੀ ਦਾ ਅਸਲਾ.

take up aa. : ਹਥਿਆਰ ਚੁਕ ਲੈਣੇ, ਹਥਿਆਰ-ਬੰਦ ਹੋਣਾ, ਸ਼ਸਤਰ ਸਜਾਣੇ.

under aa. : ਹਥਿਆਰ-ਬੰਦ, ਸ਼ਸਤਰ-ਬੱਧ, ਜੁੱਧ-ਬੱਧ, ਜੰਗ ਲਈ ਤਿਆਰ, ਲੈਸ-ਬੰਦ.

up in aa. : ਉਠ ਪੈਣਾ, ਜੰਗ ਤੇ ਲੱਕ ਬੰਨ੍ਹ ਲੈਣਾ.

armLESS : ਨਿਹੱਥਾ, ਬੇਹਥਿਆਰ.

aa. & ammunition : ਅਸਲਾ.

arm, v.t. & i. : ਹਥਿਆਰ ਬੰਨ੍ਹਣਾ, ਹਥਿਆਰ-ਬੰਦ ਹੋਣਾ ਜਾਂ ਕਰਨਾ, ਜੰਗ ਲਈ ਤਿਆਰ ਹੋਣਾ; ਹਥਿਆਰ ਦਿਵਾਣੇ ਸਕਣੇ; ਮੁਹੱਈਆ ਕਰਨਾ, ਮਦਦ ਕਰਨੀ; ਅਰਮੇਚਰ ਲੈਸ ਕਰਨੀ.

armed forces : ਸ਼ਸਤਰ-ਧਾਰੀ ਦਲ; ਹਥਿਆਰ-ਬੰਦ ਫ਼ੌਜਾਂ, ਸੈਨਿਕ ਦਲ.

armada, n. : ਜੰਗੀ ਬੇੜਾ; ਖ਼ਾਸ ਕਰਕੇ ਉਹ ਬੇੜਾ ਜੋ ਸੰਨ 1588 ਵਿਚ ਸਪੇਨ ਦੇ ਪਾਤਸ਼ਾਹ ਫ਼ਿਲਿਪ ਦੂਜੇ ਨੇ ਇੰਗਲਿਸਤਾਨ ਉੱਤੇ ਚੜ੍ਹਾਈ ਕਰਨ ਲਈ ਭੇਜਿਆ ਸੀ.

armadillo, n. : ਦੱਖਣੀ ਅਮਰੀਕਾ ਦਾ ਇਕ ਜਾਨਵਰ ਜੋ ਹੱਡੀਆਂ ਦੇ ਖੋਲ ਨਾਲ ਢੱਕਿਆ ਹੁੰਦਾ ਹੈ ਅਤੇ ਜੋ ਧਰਤੀ ਖੋਦ ਕੇ ਰਹਿੰਦਾ ਹੈ.

Armageddon, n. : ਕੌਮਾਂਤਰੀ ਮਹਾਂਜੰਗ, ਮਹਾਂਭਾਰਤ, ਘੋਰ ਜੁੱਧ.

armament, n. : ਤਿਆਰ ਫ਼ੌਜ, ਜੰਗੀ-ਬਲ ਤੇ ਲੈਸ (ਖ਼ਾਸ ਕਰਕੇ ਸਮੁੰਦਰੀ); ਫ਼ੌਜੀ ਹਥਿਆਰ; ਫ਼ੌਜੀ ਤਿਆਰੀ, ਜੰਗ ਦੀ ਤਿਆਰੀ.

armature, n. : ਹਥਿਆਰ, ਸੰਜੋਅ; ਜਾਨਵਰਾਂ ਜਾਂ ਬੂਟਿਆਂ ਦੁਆਲੇ ਬਚਾਓ ਲਈ ਬਣੀ ਖੋਲ ਜਾਂ ਢਾਲ, ਚੁੰਬਕ-ਯੰਤਰ, ਬਿਜਲੀ ਦਾ ਇਕ ਜ਼ਰੂਰੀ ਹਿੱਸਾ.

Armenian, a. & n. : ਅਰਮਨੀ, ਅਰਮੀਨੀਆ-ਵਾਸੀ; ਅਰਮਨੀ ਬੋਲੀ, ਅਰਮਨੀ ਇਲਾਕੇ ਦਾ ਈਸਾਈ.

A. bole : ਅਰਮਨੀ ਲਾਲ ਮਿੱਟੀ, ਜੋ ਦਵਾਈਆਂ ਵਿਚ ਪੈਂਦੀ ਹੈ, ਗੇਰੀ.

A. stone : ਤਾਂਬੇ ਦਾ ਨੀਲਾ ਕਾਰਬੋਨੇਟ.

armillary, a. : ਚੂੜੀਆਂ ਸੰਬੰਧੀ.

a.-sphere : ਚੂੜੀਦਾਰ ਗੋਲਾ, ਅਕਾਸ਼-ਗੋਲਾ, ਜਿਸ ਵਿਚ ਮਧ-ਰੇਖਾ, ਧੁਰਾ, ਮਕਰ ਆਦਿ ਰੇਖਾ ਨੂੰ ਧਾਤ ਦੀਆਂ ਚੂੜੀਆਂ ਦੇ ਰਾਹੀਂ ਪ੍ਰਗਟ ਕੀਤਾ ਹੁੰਦਾ ਹੈ.

Arminian, a. & n. : ਅਰਮੀਨੀਅਸੀ, ਧਰਮ-ਸ਼ਾਸਤਰ ਦੇ ਇਕ ਪ੍ਰੋਟੈਸਟੈਂਟ ਆਚਾਰੀਆ ਅਰਮੀਨੀਅਸ ਦਾ ਅਨੁਯਾਈ.

ArminianISM, n. : ਅਰਮੀਨੀਅਸੀ ਮੱਤ.

armistice, n. : ਛੋਟੀ ਸੁਲਹ, ਵਕਤੀ ਸੁਲਹ, ਠਹਿਰ.

armlet, n. : ਤਿੰਬਾ, ਬਾਜ਼ੂਬੰਦ, ਬਹੁੱਟਾ, ਅਨੰਤਬੰਦ; (ਸਮੁੰਦਰ ਜਾਂ ਦਰਿਆ ਦੀ) ਸ਼ਾਖ਼, ਖਾੜੀ, ਵਾਹ.

armorial, a. & n. : ਜ਼ਰੇਬੀ ਨਿਸ਼ਾਨ ਸੰਬੰਧੀ, ਖ਼ਾਨਦਾਨੀ ਨਿਸ਼ਾਨ ਬਾਰੇ, ਜ਼ਰੇਬੀ.

a. bearing : ਜ਼ਰੇਬੀ ਨਿਸ਼ਾਨ, ਘਰਾਣੇ ਦਾ ਚਿੰਨ੍ਹ.

armory, n. : ਜ਼ਰੇਬੀ ਵਿਦਿਆ, ਖ਼ਾਨਦਾਨੀ ਨਿਸ਼ਾਨਾਂ ਦੀ ਪਛਾਣ.

armourer, *n.* : ਲੋਹੇ ਦੀਆਂ ਚੀਜ਼ਾਂ ਦਾ ਮਾਹਿਰ, ਯੁੱਧ-ਸਾਮਾਨ ਬਣਾਉਣ ਵਾਲਾ ਕਾਰੀਗਰ.

armour, *n.* : ਸੰਜੋਅ, ਕਵਚ, ਜ਼ਿਰ੍ਹਾ-ਬਕਤਰ, ਬਖ਼ਤਰ, ਜੰਗ ਵਿਚ ਪਹਿਨਣ ਵਾਲੀ ਲੋਹੇ ਦੀ ਵਰਦੀ; (ਜੰਗੀ ਜਹਾਜ਼ ਦੇ ਬਾਹਰ ਮੜ੍ਹੀ) ਧਾਤ ਦੀ ਚੱਦਰ; ਜਾਨਵਰਾਂ ਜਾਂ ਬੂਟਿਆਂ ਦੇ ਬਚਾਉ ਵਾਲਾ ਪਰਦਾ, ਖੋਲ, ਸ਼ਕੈਂਦੇ ਮਾਰਕਾ ਦਾ ਚਿੰਨ੍ਹ; ਟੈਂਕ ਦੀ ਸੰਜੋਅ.

a.-bearer : ਜ਼ਿਰ੍ਹਾ-ਬਰਦਾਰ, ਕਵਚ ਚੁੱਕਣ ਵਾਲਾ.

a.-clad : ਜ਼ਿਰ੍ਹਾ-ਬੰਦ, ਜ਼ਿਰ੍ਹ-ਪੋਸ਼, ਸੰਜੋਅ-ਬੰਦ, ਜੈਸਨ-ਬੰਦ, ਸਿਲਾਪੋਸ਼.

armour, *v. t.* : ਕਵਚ ਚਾੜ੍ਹਨਾ, ਜ਼ਿਰ੍ਹ-ਬਕਤਰ ਸਜਾਉਣਾ, ਸੰਜੋਅ ਪਹਿਨਾਉਣੀ;

armoured cruiser : ਸੰਜੋਅ-ਬੰਦ ਜਹਾਜ਼, ਜ਼ਿਰ੍ਹਾ-ਬੰਦ ਜਹਾਜ਼.

armoured corps : ਬਖ਼ਤਰਬੰਦ ਦਲ, ਸੰਜੋਅ-ਬੰਦ ਫ਼ੌਜ.

armourer, *n.* : ਜ਼ਿਰ੍ਹਾ-ਸਾਜ਼, ਬਕਤਰਸਾਜ਼, ਹਥਿਆਰ ਬਣਾਉਣ ਵਾਲਾ, ਸਿਲਾਹਦਾਰ, ਜਹਾਜ਼ ਜਾਂ ਫ਼ੌਜ ਦੇ ਹਥਿਆਰਾਂ ਦਾ ਚੌਕੀਦਾਰ ਅਫ਼ਸਰ.

armoury, *n.* : ਸਿਲਾਹਖ਼ਾਨਾ, ਜ਼ਖ਼ੀਰਾ-ਘਰ, ਅਸਲਾਖ਼ਾਨਾ, ਹਥਿਆਰ ਬਣਾਉਣ ਦਾ ਕਾਰਖ਼ਾਨਾ.

army, *n.* : ਫ਼ੌਜ, ਸੈਨਾ, ਲਸ਼ਕਰ, ਦਲ, ਕਟਕ, ਜਾਹਦ, ਧਾੜ; ਜਥੇਬੰਦ ਜਮਾਇਤ.

Salvation A. : ਮੁਕਤੀ ਫ਼ੌਜ.

Blue Ribbon A. : ਨਸ਼ੇ-ਵਿਰੋਧੀ ਸਭਾ, ਦਲ.

a.-broker, contractor : ਫ਼ੌਜੀ ਦਲਾਲ, ਠੇਕੇਦਾਰ.

a.-corps : ਖ਼ਾਸ ਫ਼ੌਜ, ਸੈਨਾ ਦੀ ਵੱਡੀ ਟੁਕੜੀ.

a.-headquarters : ਫ਼ੌਜੀ ਸਦਰ.

a. list : ਫ਼ੌਜੀ ਅਫ਼ਸਰਾਂ ਦੀ ਸਰਕਾਰੀ ਫ਼ਹਿਰਿਸਤ, ਫ਼ੌਜੀ ਸੂਚੀ.

a. worm : ਤਬਾਹੀ ਕੀੜਾ.

standing a. : [illegible]

the a. : ਫ਼ੌਜ, ਫ਼ੌਜੀ ਨੌਕਰੀ.

arnica, *n.* : ਅਰਨੀਕਾ (ਇੱਕ ਬੂਟਾ ਜਿਸ ਦੇ) ਬੂਟਿਆਂ ਦੀ ਜੜ੍ਹ ਜਿਸ ਵਿਚ ਪਾਣੀ ਤਮਾਕੂ ਦੀ ਤਰ੍ਹਾਂ ਸੱਟਾਂ ਚੂੰਭਿਆਂ ਤੇ ਲਾਈ ਦਵਾ (ਅਰਕ ਦੇ ਰੂਪ ਵਿਚ).

aroint, -**oynt**, *v.* or *int.* : (ਆਗਿਆਸੂਚਕ) ਜਾਹ, ਦੂਰ ਹੋ!

a. thee ! ਦੂਰ ਹੋ, ਦਫ਼ਾ ਹੋ! ਪਿੱਛਾ ਛੱਡ! ਪਰਤਾ ਦਾਰ ਜਾ!

aroma, *n.* : ਸੁਗੰਧ, ਖ਼ੁਸ਼ਬੋ, ਵਾਸ਼ਨਾ, ਮਹਿਕ, ਮਸਾਲੇਦਾਰ ਸੁਆਦ.

aromatic, *a.* : ਸੁਗੰਧੀ, ਖ਼ੁਸ਼ਬੂਦਾਰ, ਮਹਿਕਦਾਰ, ਮਸਾਲੇਦਾਰ, ਚਰਪਰਾ.

arose : ਵੇਖੋ arise

around, *adv.* & *prep.* : ਚੁਫ਼ੇਰੇ, ਚੁਗਿਰਦੇ, ਚਾਰ ਪਾਸੇ, ਇਧਰ ਉਧਰ, ਲਟਕਦਿਆਂ ਹੋਇਆਂ (ਜਿਵੇਂ fool a., ਬੇਕਾਰ ਇਧਰ ਉਧਰ ਫਿਰਨਾ); ਨੇੜੇ; ਆਸ-ਪਾਸ, ਲਗਭਗ, ਆਲੇ-ਦੁਆਲੇ, ਘੇਰਾ ਪਾ ਕੇ; ਦੁਆਲੇ; ਗਿਰਦ.

arouse, *v. t.* : ਜਗਾਉਣਾ, ਉਕਸਾਉਣਾ, ਜੋਸ਼ ਭਰਨਾ; ਚੁੱਕਣਾ, ਉਭਾਰਨਾ, ਉਤੇਜਨਾ ਦੇਣਾ.

A. R. P. : ਹਵਾਈ ਹਮਲੇ ਤੋਂ ਬਚਾਅ, ਹਵਾਈ ਰੱਖਿਆ.

arpeggio [It.], *n.* : ਰਾਗ, ਤਾਰ ਵਜਾਉਣਾ, ਸੁਰਾਂ ਨੂੰ ਇੱਕ ਦੂਜੇ ਮਗਰੋਂ ਜਲਦੀ ਵਜਾਉਣਾ, ਇੰਜ ਵਜਾਈ ਧੁਨ.

arquebus : ਵੇਖੋ harquebus.

arrack [ਅਰਕ], *n.* : ਅਰਕ, ਸ਼ਰਾਬ, ਦਾਰੂ.

arrah, *int.* : (ਆਇਰਲੈਂਡ ਦੀ ਬੋਲੀ ਵਿਚ) ਓਏ!

arraign, *v. t.* : ਦੋਸ਼ ਦੇਣਾ, ਦੋਸ਼ ਥੋਪਣਾ, ਤੁਹਮਤ ਲਾਉਣੀ, ਦੋਸ਼ੀ ਠਹਿਰਾਉਣਾ; ਮੁਕੱਦਮਾ ਚਲਾਉਣਾ, ਦਾਹਵਾ ਕਰਨਾ, ਨਾਲਸ਼ ਕਰਨੀ, ਉਜ਼ਰ ਕਰਨਾ.

arraignment, *n.* : ਦੋਸ਼, ਤੁਹਮਤ, ਉਜ਼ਰ, ਮੁਕੱਦਮਾ, ਦਾਹਵਾ.

arrange, *v. t.* & *i.* : ਤਰਤੀਬ ਦੇਣੀ, ਸਫ਼ੀ ਲਾਉਣੀ, ਵਿਉਂਤਣਾ, ਬੀੜਨਾ, ਬੀੜਨਾ; ਸੰਵਾਰਨਾ, ਸਜਾਉਣਾ, ਠੀਕ ਕਰਨਾ, ਥਾਂ ਸਿਰ ਰੱਖਣਾ; (ਰਾਗ ਨੂੰ) ਸਾਜ਼ ਵਿਚ ਅਨੁਕੂਲ ਬਣਾਉਣਾ, ਬਜਾਏ ਬੋਲਾਂ ਦੇ (ਤਾਰ) ਜਾਂ ਵਿਚ ਕਿਸੇ ਸਾਜ਼ ਜਾਂ ਆਵਾਜ਼ ਤੇ ਢਾਲਣਾ; (ਝਗੜਾ ਆਦਿ) ਨਬੇੜਨਾ, ਤੈਅ-ਸ਼ੁਦਾ ਕਰਨਾ, ਫ਼ੈਸਲਾ ਕਰਨਾ; ਮੇਲ ਕਰਾਉਣੀ; ਪ੍ਰਬੰਧ ਕਰਨਾ, ਇੰਤਜ਼ਾਮ ਕਰਨੀ, (ਆਪੋ ਵਿਚ) ਸਮਝੌਤਾ ਕਰਨਾ, ਇੰਤਜ਼ਾਮ ਕਰਨਾ, ਪ੍ਰਬੰਧ ਕਰਨਾ.

arrangement, *n.* : ਤਰਤੀਬ, ਸਿਲਸਿਲਾ, ਮੇਲ, ਢੰਗ, ਇੰਤਜ਼ਾਮ, ਬੰਦੋਬਸਤ.

arrant, *a.* : ਘਟੀਆ, ਕੱਟੜ, ਪਹਿਲੇ ਦਰਜੇ ਦਾ, ਪੱਕਾ.

arrantly, *adv.* : ਭੈੜੀ ਤਰ੍ਹਾਂ, ਬਦਨਾਮੀ ਵਾਲੇ ਢੰਗ ਨਾਲ.

arras, *n.* : ਬੂਟੀਦਾਰ ਪਰਦਾ, ਵੇਲਦਾਰ ਪਰਦਾ, ਫੁਲਕਾਰੀ (ਜਿਸ ਵਿਚ ਮੂਰਤਾਂ ਉਣੀਆਂ ਹੁੰਦੀਆਂ ਸਨ).

arrasene, *n.* : ਵੇਲਦਾਰ ਪਰਦੇ ਵਾਲਾ, ਪਰਦੇ ਉਤੇ ਕੱਢ (Arras, ਅਰਤਵਾ ਦਾ ਸ਼ਹਿਰ ਜੋ ਫੁਲਕਾਰੀਆਂ ਲਈ ਮਸ਼ਹੂਰ ਸੀ).

array, *v. t.* : ਪਰ੍ਹਾ ਜਮਾਉਣਾ, ਫ਼ੌਜ ਨੂੰ ਜੰਗ ਲਈ ਤਿਆਰ ਕਰਨਾ, ਕਤਾਰ ਬਣਾਉਣਾ, ਢੁੱਕ ਸਿਰ ਕਰਨਾ, ਤਰਤੀਬ ਦੇਣੀ; ਸਜਾਉਣਾ, ਸ਼ਿੰਗਾਰਨਾ, ਸ਼ਾਨ ਨਾਲ ਵਰਦੀ ਸਜਾਉਣੀ, ਟਸ ਕੱਢਣੀ, ਕੱਪੜੇ ਪਾਉਣੇ, ਕਪੜੇ ਪਾ ਕੇ ਤਿਆਰ ਹੋਣਾ, ਸਜਾਉਣਾ; (ਅਦਾਲਤ) ਜਿਊਰੀ ਦਾ ਨਾਂ ਪੁਕਾਰ ਕੇ ਪੇਸ਼ ਕਰਨਾ, (ਕਿਸੇ) ਜਿਊਰੀ ਬਣਾਉਣੀ.

array, *n.* : ਤਰਤੀਬ, ਦਲ, ਪਰ੍ਹਾ, ਕਤਾਰ, ਸਫ਼ (ਜਿਵੇਂ battle a. : ਸਫ਼ਬੰਦੀ); (ਇਤਿਹਾਸ) ਸੈਨਿਕ ਫ਼ੌਜ ਨੂੰ ਹਥਿਆਰ ਬੰਦ ਕਰਨਾ, ਜਿਊਰੀ ਦਾ ਬਾਕਾਇਦਾ ਇਕੱਠ; (ਕਾਵਿ) ਪੁਸ਼ਾਕ, ਲਿਬਾਸ.

arrear, *n.* (*pl.*) : ਬਕਾਇਆ, ਬਾਕੀ, ਚੁੱਕਿਆ ਕਰਜ਼ਾ.

in a., in arrs. : ਬਾਕੀ, ਪਿੱਛੇ ਰਿਹਾ.

in a. of : ਪਿੱਛੇ.

arrearage, *n.* : ਪਛੇਤ, ਪਛੇਤਾਪਣ, ਪਛੜਨ ਦੀ ਹਾਲਤ; ਬਾਕੀ, ਕਰਜ਼ਾ, ਦਸਤੂਰ ਲਗਨ ਵਾਲੀ ਰਕਮ; ਰਾਖਵੀਂ ਚੀਜ਼ (*pl.*) ਬਾਕੀ ਰਹੇ ਕਰਜ਼ੇ, ਬਕਾਏ.

arrect, *a.* : ਖੜੇ (ਕੰਨ); ਕਲੱਤਿਆਂ ਖੜੀ; ਚੌਕਸ, ਚੌਕਸ, ਖ਼ਬਰਦਾਰ, ਹੁਸ਼ਿਆਰ, ਚੇਤੰਨ.

arrest, *v. t.* : ਰੋਕਣਾ, ਅਟਕਾਉਣਾ; ਫੜਨਾ, ਪਕੜਨਾ, ਗ੍ਰਿਫ਼ਤਾਰ ਕਰਨਾ, ਖਿੱਚਣਾ; ਖਿੱਚਣਾ (a. attention, ਧਿਆਨ ਖਿੱਚਣਾ).

arrester, *n.* : ਗ੍ਰਿਫ਼ਤਾਰ ਕਰਨ ਵਾਲਾ, ਰੋਕਣ ਵਾਲਾ.

a.-judgement : ਫ਼ੈਸਲੇ ਨੂੰ ਰੋਕ ਦੇਣਾ.

arrestment, *n.* : ਕੈਦ, ਹਵਾਲਾਤ.

arrest, *n.* : ਕੈਦ, ਰੋਕ, ਡੱਕ, ਠੱਲ੍ਹ, ਗ੍ਰਿਫ਼ਤਾਰੀ.

under a. : ਕੈਦ ਵਿਚ, ਫੜਿਆ ਹੋਇਆ, ਗ੍ਰਿਫ਼ਤਾਰ ਕੀਤਾ ਹੋਇਆ, ਜਿਸ ਲਈ ਗ੍ਰਿਫ਼ਤਾਰੀ ਦਾ ਹੁਕਮ ਹੋ ਚੁੱਕਾ ਹੋਵੇ; ਕਲ. : ਫ਼ੌਜਦਾਰੀ ਗ੍ਰਿਫ਼ਤਾਰੀਆਂ.

arride, *v. t.* : (ਅਪ੍ਰਚਲਿਤ) ਖ਼ੁਸ਼ ਕਰਨਾ, ਰਾਜ਼ੀ ਕਰਨਾ.

arrière-pensée [F] : ਗੁੱਝੀ ਮਨਸ਼ਾ, ਮਨ ਦੀ ਨੀਅਤ.

arris, *n.* : ਕਿਨਾਰਾ, ਉਹ ਕਿਨਾਰਾ ਜੋ ਦੋ ਸਤ੍ਹਾਂ ਦੇ ਮਿਲਣ ਨਾਲ ਬਣੇ, ਤਿੱਖਾ ਕੋਣ.

a.-gutter : V ਦੀ ਸ਼ਕਲ ਦੀ ਨਾਲੀ.

a.-wise : ਤਿਰਛੇ ਦਾਅ, ਤਿੱਖੇ ਕੋਣ ਵਾਲਾ, ਕੋਣਦਾਰ.

arrival, *n.* : ਪਹੁੰਚ; ਆਗਮਨ, ਆਮਦ; ਜਨਮ ਤੇ ਪਹੁੰਚਣਾ, ਬੱਚੇ ਦਾ ਜਨਮ, ਨਵਾਂ ਆਇਆ ਬੰਦਾ; ਚੀਜ਼ ਜਾਂ ਮਨੁੱਖ ਜੋ ਪਹੁੰਚੇ; ਜਹਾਜ਼ ਤੋਂ ਲੱਥਾ ਮਾਲ.

arrive, *v. i.* : ਆਉਣਾ, ਪਹੁੰਚਣਾ, ਮਿਲਣਾ, ਢੁਕਣਾ; ਆ ਜਾਣਾ; (ਸਾਹਿਤਕ) ਪੈਂਡਾ ਮੁਕਾਉਣਾ; ਸਿੱਟੇ ਤੇ ਪੁੱਜਣਾ, ਸਿੱਟਾ ਕੱਢਣਾ; ਆਪਣੀ ਮਸ਼ਹੂਰੀ ਜਾਂ ਹਸਤੀ ਬਣਾਉਣੀ; (ਵਕਤ) ਆਉਣਾ, (ਘਟਨਾ ਦਾ) ਵਾਪਰਨਾ, ਹੋ ਪੈਣਾ.

arrogant, *a.* : ਘੁਮੰਡੀ, ਮਾਣੀ, ਹੰਕਾਰੀ, ਅਭਿਮਾਨੀ, ਹੈਂਕੜੀ, ਮਗ਼ਰੂਰ, ਗ਼ਰੂਰਵਾਨ, ਆਕੜ ਖ਼ਾਂ, ਸ਼ੇਖ਼ੀਖ਼ੋਰ.

arrogance, *n.* : ਘੁਮੰਡ, ਹੰਕਾਰ, ਆਕੜ, ਹੈਂਕੜ, ਅਭਿਮਾਨ, ਗ਼ਰੂਰ, ਮਗ਼ਰੂਰੀ, ਘਮਸਾਨ, ਮਾਣ, ਗ਼ਰਬ.

arrogantly, *adv.* : ਆਕੜ ਨਾਲ, ਘਮੰਡ, ਮਾਣ, ਹੰਕਾਰ ਨਾਲ.

arrogate, *v. t.* : ਝੂਠਾ ਹੱਕ ਜਮਾਉਣਾ; (ਕਿਸੇ ਕੁਝ ਦਾ) ਝੂਠਾ ਦਾਅਵਾ ਕਰਨਾ; (ਕਿਸੇ ਦੀ ਥਾਂ) ਵਧੀ ਮੰਗ ਕਰਨੀ.

arrogation, *n.* : ਝੂਠਾ ਦਾਅਵਾ, ਅਯੋਗ ਮੰਗ.

arrow, *n.* : ਤੀਰ, ਬਾਣ, ਕਾਨੀ; ਡੰਗ; ਤੀਰ ਦਾ ਨਿਸ਼ਾਨ; ਤੀਰ ਦੀ ਸ਼ਕਲ ਦਾ ਗਹਿਣਾ.

a. or broad a.-head : ਤੀਰ-ਮੁਖੀ, ਤੀਰ ਦੀ ਨਿਸ਼ਾਨੀ ਜੋ ਅੰਗਰੇਜ਼ੀ ਰਾਜ ਵਿਚ ਸਰਕਾਰੀ ਚੀਜ਼ਾਂ ਉੱਤੇ ਹੁੰਦੀ ਹੈ.

a.-headed characters : ਤੀਰ-ਮੁਖੀ ਅੱਖਰ, ਕਿਊਨੀ-ਫਾਰਮ ਜਾਂ ਉਹ ਅੱਖਰ ਜਿਨ੍ਹਾਂ ਦੇ ਸਿਰੇ ਤੀਰਾਂ ਵਾਂਗ ਹੁੰਦੇ ਹਨ.

a. root : ਅਰਾਰੂਟ, ਜਿਸ ਤੋਂ ਤਾਕਤਵਰ ਨਸ਼ਾਸਤਾ ਬਣਦਾ ਹੈ.

arrowy, *a.* : ਤੀਰ ਵਰਗਾ, ਤੀਰ ਦਾ.

a. stitch : ਤਿਰਛਾ ਤੋਪਾ.

arse, *n.* : ਪਿੱਛਾ, ਚੂਤਾ, ਢੂੰਗਾ, ਪਿੱਛਾ, ਪਿਛਲਾ ਹਿੱਸਾ, (ਅਸ਼ਲੀਲਤਾ) ਕਿਸ ਚੀਜ਼ ਦਾ ਅਖ਼ੀਰਲਾ ਅੰਤ, ਅਗਲਾ-ਪਿਛਲਾ ਹਿੱਸਾ.

arsenal, *n.* : ਹਥਿਆਰ ਰੱਖਣ ਤੇ ਬਣਾਉਣ ਦੀ ਸਰਕਾਰੀ ਥਾਂ, ਸਿਲਾਹਖ਼ਾਨਾ, ਜ਼ਿਲਾਖ਼ਾਨਾ, ਤੋਪਖ਼ਾਨਾ.

arsenic, *n.* : ਸੰਖੀਆ, ਜ਼ਹਿਰ.

flowers of a. : ਚਿੱਟਾ ਚੂਰਾ ਸੰਖੀਆ ਜਿਸ ਦੀ ਜ਼ਹਿਰ ਤੇਜ਼ ਹੁੰਦੀ ਹੈ.

arsenic(al), *a.* : ਸੰਖੀਏ ਵਾਲਾ ਅਰਸੈਨਿਕ, ਸੰਖੀਏ ਦਾ, ਉਹ ਚੀਜ਼ ਜਿਸ ਵਿਚ ਸੰਖੀਆ ਪੰਜ ਹਿੱਸੇ ਹੋਵੇ.

arsenious, *a.* : ਸੰਖੀਆ, ਸੰਖੀਏ ਵਾਲਾ, ਜਿਸ ਚੀਜ਼ ਵਿਚ ਸੰਖੀਆ ਤਿੰਨ ਹਿੱਸੇ ਹੋਵੇ.

arson, *n.* : ਜਾਣ ਬੁਝ ਕੇ ਅੱਗ ਲਾਉਣੀ, ਘਰ-ਫੂਕ, ਜਾਣ ਬੁਝ ਕੇ ਕਿਸੇ ਦੇ ਘਰ ਜਾਂ ਜਾਇਦਾਦ ਨੂੰ ਅੱਗ ਲਾਉਣੀ.

art, *v.* : ਦੇਖੋ be.

art, *n.* : ਗੁਣ, ਕਲਾ, ਵਿਸ਼ਾ, ਦਸਤਕਾਰੀ, ਉਸਤਾਦੀ, ਕਾਰੀਗਰੀ, ਹੁਸ਼ਿਆਰੀ; (ਬਹੁਵਚਨ ਵਿਚ) ਵਿਦਿਆ ਦਾ ਕੰਮ, ਸਾਹਿੱਤ, ਪੜ੍ਹਾਈ ਆਦਿ, ਜਿਸ ਵਿਚ ਗਿਆਨ ਹਾਸਲ ਕੀਤਾ ਜਾ ਸਕੇ; (ਅੰਗ੍ਰੇ.) ਆਰਟਸ, ਵਿੱਦਿਆ ਦੀਆਂ ਸ਼ਾਖ਼ਾਂ ਜੋ ਵਿਗਿਆਨ ਵਿਚ ਸ਼ਾਮਲ ਨਹੀਂ, ਜਿਵੇਂ Bachelor of Arts (B. A.) ਤੇ Master of Arts (M. A.) ਬੀ. ਏ. (ਐਮ. ਏ.) (ਆਰਟਸ ਕਾਲਜ), Arts College : ਆਰਟਸ ਕਾਲਜ; ਚਲਾਕੀ, ਫ਼ਰੇਬ, ਢੰਗ, ਛਲ, ਧੋਖਾ, ਦਾਅ, ਜਾਦੂ; ਕਲਾ, ਹੁਨਰ, ਚਲਾਕੀ, ਚਤੁਰਾਈ.

black a. : ਜਾਦੂ, ਕਾਲਾ ਇਲਮ, ਟੂਣਾ, ਕਿਰਤਬਾਜ਼.

a.-critic : ਕਲਾ-ਆਲੋਚਕ.

fine a.s. : ਕੋਮਲ ਕਲਾ; ਨਾਚ, ਕਵਿਤਾ, ਚਿਤਰਕਾਰੀ ਆਦਿ.

be a. and part in : ਕਿਸੇ ਕੰਮ ਵਿਚ ਹਿੱਸਾ ਲੈਣਾ ਜਾਂ ਰਲਣਾ.

a. is long & time is fleeting (short) : ਕਲਾ ਲੰਮੀ ਤੇ ਸਮਾਂ ਥੋੜ੍ਹਾ.

a.s. and crafts : ਕਲਾ ਹੁਨਰ.

ariel, *n.* : ਅਰਬੀ ਹਿਰਨ, ਹਵਾਈ-ਪਰੀ (ਕੁਝ ਵਿਚ).

arterial, *a.* : ਸ਼ਾਹ ਰਗ ਦੀ ਨਾੜ ਦਾ, ਵਰਗਾ, ਸੰਬੰਧੀ; ਸ਼ਾਹ-ਰਾਹ ਸੰਬੰਧੀ.

a.-drainage : ਦਰਿਆਈ ਨਾਲੀਆਂ (ਲਹੂ ਦੀਆਂ ਨਾੜਾਂ ਵਰਗੀਆਂ).

a.-railway : ਸ਼ਾਹ-ਰਾਹੀ ਰੇਲ.

a.-traffic : ਸ਼ਾਹ-ਰਾਹੀ ਆਵਾਜਾਈ.

arterialize : ਸ਼ੁੱਧ ਲਹੂ ਨੂੰ ਫੇਫੜਿਆਂ ਵਿਚ ਆਕਸੀਜਨ ਪਾ ਕੇ ਸਾਫ਼ ਲਹੂ ਬਣਾਉਣਾ, ਲਹੂ ਚਲਾਉਣ ਦਾ ਪ੍ਰਬੰਧ ਕਰਨਾ, ਲਹੂ ਦਾ ਦੌਰਾ ਜਾਰੀ ਰੱਖਣ ਦਾ ਪ੍ਰਬੰਧ ਕਰਨਾ.

arterialization, *n.* : ਲਹੂ ਚਲਾਉਣ ਦਾ ਪ੍ਰਬੰਧ.

arteriosclerosis, *n.* : ਲਹੂ ਵਾਲੀਆਂ ਨਾੜੀਆਂ ਦਾ ਸਖ਼ਤ ਹੋ ਜਾਣਾ (ਖ਼ਾਸ ਕਰਕੇ ਬੁਢੇਪੇ ਨਾਲ).

arteriotomy, *n.* : ਫ਼ਸਦ, ਰਗ ਵੱਢ ਕੇ ਜਾਂ ਕੋਈ ਨਾੜੀ ਖੋਲ੍ਹ ਕੇ ਲਹੂ ਵਗਾਉਣ ਦਾ ਕੰਮ, ਰਗਾਂ ਜਾਂ ਨਾੜੀਆਂ ਦੀ ਚੀਰ ਫਾੜ.

artery, *n.* : ਖ਼ੂਨ ਦੇ ਦੌਰੇ ਦੇ ਪ੍ਰਬੰਧ ਵਿਚ ਦਿਲ ਤੋਂ ਖ਼ੂਨ ਲਿਜਾਣ ਵਾਲੀ ਨਾੜੀ.

main a. : ਸ਼ਾਹ-ਰਗ, ਸ਼ਾਹ-ਰਾਹ.

arteritis, *n.* : ਨਾੜੀਆਂ ਦੀ ਸੋਜ.

artesian, *a.* : ਟਿਊਬ ਵਾਲ.

artesian well : ਟਿਊਬਵੈਲ, ਫੁਹਾਰੀ ਖੂਹ, ਵਗਦਾ ਖੂਹ, ਫੁਹਾਰਦਾ ਖੂਹ, ਬੋਰ-ਖੂਹ.

artful, *a.* : ਚਲਾਕ, ਧੋਖੇਬਾਜ਼, ਫ਼ਰੇਬੀ, ਹੁਸ਼ਿਆਰ, ਹੁਨਰਮੰਦ.

artfully, *adv.* : ਚਲਾਕੀ, ਧੋਖੇ, ਠੱਗੀ, ਫ਼ਰੇਬ ਨਾਲ.

artfulness, *n.* : ਧੋਖਾ, ਠੱਗੀ, ਫ਼ਰੇਬ, ਮਕਰ, ਚਲਾਕੀ.

arthritis, *n.* : ਗਠੀਆ, ਜੋੜਾਂ ਦੀ ਦਰਦ.

arthritic, *a.* : ਜੋੜਾਂ ਦੀ ਦਰਦ ਦਾ, ਗਠੀਏ ਦਾ, ਸੰਬੰਧੀ.

artichoke, *n.* : ਹਾਥੀ-ਚੱਕ, ਇੱਕ ਸਬਜ਼ੀ ਵਾਲਾ ਬੂਟਾ; ਸੂਰਜ-ਮੁਖੀ ਦੀ ਕਿਸਮ ਜਿਸ ਦੀਆਂ ਜੜ੍ਹਾਂ ਖਾਣ ਵਾਲੀਆਂ ਹਨ.

article, *n.* : ਲੇਖ, ਮਜ਼ਮੂਨ, ਮਦ, ਅਨੁਛੇਦ, ਕਿਸੇ ਲੇਖ, ਵਸਤੂ ਜਾਂ ਇਕਰਾਰਨਾਮੇ ਦਾ ਅੰਗ ਜੋ ਆਪਣੇ ਆਪ ਵਿਚ ਪੂਰਾ ਹੋਵੇ; ਚੀਜ਼, ਵਸਤੂ, ਸ਼ੈ.

definite a. : (ਵਿਆਕਰਣ) ਨਿਸ਼ਚਿਤ ਆਰਟੀਕਲ, the.

indefinite a. : ਅਨਿਸ਼ਚਿਤ ਆਰਟੀਕਲ, a, an.

in the a. of death : ਅੰਤ ਸਮੇਂ, ਮਰਨ ਵੇਲੇ.

leading a. : ਮੁੱਖ ਲੇਖ, ਮੁੱਖ ਲੇਖ.

article, *v. t.* : ਧਾਰਾ ਵਾਰ ਲਿਖਣਾ, ਇਕਰਾਰ ਨਿਭਾਉਣਾ, ਸ਼ਾਗਿਰਦੀ ਵਿਚ ਰੱਖਣਾ, ਸੈਂਤੀ ਦਰਖ਼ਾਸਤ ਵਲ ਲਗਾਉਣੀ; ਇਲਜ਼ਾਮ ਵਿਚ ਸ਼ਾਮਲ ਕਰਨਾ, ਦੋਸ਼-ਪੱਤਰ ਲਿਖਣਾ.

articular, *a.* : ਜੋੜ ਸੰਬੰਧੀ, ਜੋੜਾਂ ਦਾ.

articulate, *a.* & *n.* : ਸਪੱਸ਼ਟ, ਜੋੜਾਂ ਵਾਲਾ, ਜੋੜਾਂ ਦਾ, ਜੋੜਿਆ ਹੋਇਆ; ਸਾਫ਼ ਸਾਫ਼, ਜਿਸਦੀ ਉਚਾਰਣ ਕਰਨੀ; ਸਪੱਸ਼ਟ, ਜਿਵੇਂ a. speech, ਸਪੱਸ਼ਟ ਬੋਲ, ਸ਼ਬਦ, ਗਲੇ ਤੋਂ ਭਿੰਨ ਉਚਾਰਣ, ਅਲੱਗ.

articulately, *adv.* : ਸਾਫ਼, ਸਪੱਸ਼ਟ ਰੂਪ ਵਿਚ.

articulateness, *n.* : ਸਫ਼ਾਈ, ਸਪੱਸ਼ਟਤਾ.

articulate *v. t.* : ਜੋੜਨਾ, ਜੋੜਨਾ, ਜੋੜ ਲਾਉਣਾ, ਜਿਸਦੇ ਜੋੜਾਂ ਤੇ ਨਿਸ਼ਾਨ ਲਾਉਣੇ; ਸਾਫ਼ ਬੋਲਣਾ, ਸਾਫ਼ ਬੋਲਣਾ, ਹਰੇਕ ਸ਼ਬਦ ਦੇ ਨਾਲ ਬੋਲਣੀ.

articulatory, *a.* : ਉਚਾਰਣੀ, ਬੋਲ.

articulation, *n.* : ਜੋੜਨ ਦਾ ਕੰਮ, ਢੰਗ, ਜੋੜਬੰਦੀ; ਜੋੜ, ਗੰਢ; ਗੁਣ, ਗਿਰ੍ਹਾ; ਸਪੱਸ਼ਟ ਉਚਾਰਣ, ਸਾਫ਼ ਬੋਲਣਾ, ਸ਼ਬਦ ਉਚਾਰਣ, ਉਚਾਰਣ, ਬੋਲ.

artifice, *n.* : ਢੰਗ, ਜੁਗਤ, ਹੁਨਰ, ਵਿਓਂਤ, ਹੀਲਾ, ਦਸਤਕਾਰੀ, ਕਮਾਲ, ਚਲਾਕੀ, ਧੋਖਾ, ਫ਼ਰੇਬ, ਚਾਲਬਾਜ਼ੀ, ਛਲ ਕਪਟ.

artificer, *n.* : ਕਾਰੀਗਰ, ਉਸਤਾਕਾਰ, ਹੁਨਰਮੰਦ, ਸ਼ਿਲਪਕਾਰ; ਫ਼ੌਜੀ, ਬਣਾਉਣ ਵਾਲਾ, ਕਰਤਾ.

artificial, *a.* : ਬਣਾਉਟੀ, ਜੋ ਕੁਦਰਤੀ ਨਾ ਹੋਵੇ, ਕ੍ਰਿਤਮ; ਨਕਲੀ (ਜਿਵੇਂ a. flower, ਕਾਗ਼ਜ਼ੀ ਫੁੱਲ); ਮਨੁੱਖ ਦਾ ਬਣਾਇਆ (ਜਿਵੇਂ a. ice, ਕਾਰਖ਼ਾਨੇ ਦੀ ਬਣੀ ਬਰਫ਼), ਬਨਾ-ਸਪਤ.

artificiality, *n.* : ਬਣਾਵਟ, ਨਕਲ.

artificialize, *v. t.* : ਬਣਾਉਟੀ ਰੂਪ ਦੇ ਬਣਾਉਣਾ.

artificially, *adv.* : ਬਣਾਉਟੀ ਢੰਗ ਨਾਲ, ਉਤੋਂ ਉਤੋਂ (ਦਿਲੋਂ ਨਹੀਂ); ਝੂਠੀ-ਮੂਠੀ.

artificialness, *n.* : ਬਣਾਉਟੀਪਣ, ਨਕਲੀਪਣ.

artillery, *n.* : ਤੋਪਾਂ, ਤੋਪਖ਼ਾਨਾ.

a.-train : ਤੋਪ-ਗੱਡੀ, ਗੱਡੀਆਂ ਉੱਤੇ ਲੱਦੀਆਂ ਤੋਪਾਂ ਜੋ ਕੂਚ ਲਈ ਤਿਆਰ ਹੋਣ.

artillerist, *n.* : ਗੋਲੰਦਾਜ਼.

artilleryman, *n.* : ਤੋਪਚੀ.

artisan, *n.* : ਕਸਬੀ, ਕਾਰੀਗਰ, ਮਿਸਤਰੀ, ਉਸਤਾਕਾਰ.

artist, *n.* : ਕਲਾਕਾਰ, ਹੁਨਰਮੰਦ, ਚਿਤ੍ਰਕਾਰ, ਹੁਨਰ ਦਾ ਮਾਹਿਰ; ਪੇਸ਼ਾਵਰ, ਕਮਾਲ ਤੇ ਪੁੱਜਾ, ਗੁਣੀ.

artist's proof : ਅਸਲੀਅਤ ਦਾ ਪਰੂਫ਼ (ਨਕਲ) ਜੋ ਆਰਟਿਸਟ ਦੀ ਮਨਜ਼ੂਰੀ ਲਈ ਤਿਆਰ ਕੀਤਾ ਜਾਂਦਾ ਹੈ.

artistIC(AL), *a.* : ਗੁਣੀ, ਹੁਨਰ ਵਾਲਾ, ਸੋਹਣਾ.

artistICALLY, *adv.* : ਹੁਨਰ ਨਾਲ, ਉਸਤਾਦੀ ਨਾਲ.

artistRY, *n.* : ਹੁਨਰਮੰਦੀ, ਕਲਾਕਾਰੀ, ਕਾਰੀਗਰੀ, ਕਮਾਲ.

artiste, *n.* : ਨਾਚਾ, ਨਾਚੀ.

artless, *a.* : ਬੇਹੁਨਰਾ; ਭੋਲਾ, ਅਨਾੜੀ; ਭੋਲਾ-ਭਾਲਾ, ਆਪ-ਮੁਹਾਰਾ, ਨਿਰਛਲ, ਸਿੱਧਾ, ਕੁਦਰਤੀ.

artlessLY, *adv.* : ਸਿੱਧੇ ਸਾਦੇ ਤਰੀਕੇ ਨਾਲ, ਸਾਫ਼ ਸਾਫ਼, ਭੋਲਪਣੇ ਵਿਚ.

artlessNESS, *n.* : ਭੋਲਾਪਣ, ਨਿਰਛਲਤਾ.

arty, *a.* : (ਮਿਲਵਾਂ) ਹੁਨਰੀ, ਕਲਾਕਾਰਾਨਾ, ਸ਼ੌਕੀਨੀ

a. & crafty : ਨਾਜ਼ਕੀਲੀ, ਸ਼ੌਕੀਨ-ਮਿਜ਼ਾਜ.

arum, *n.* : ਖ਼ਾਸ ਕਿਸਮ ਦੇ ਬੂਟੇ.

a.-lily : ਇਕ ਫੁੱਲ ਜੋ ਘਰਾਂ ਵਿਚ ਲਾਈਦਾ ਹੈ.

-ary : ਵਿਸ਼ੇਸ਼ਣ ਬਣਾਉਣ ਲਈ ਪਿਛੇਤਰ.

Aryan, *a.* & *n.* : ਆਰਿਆਈ, ਆਰੀਆ ਨਸਲ ਦਾ.

as, *adv., conj. rel. pron.* : ਓਨਾ, ਜਿੰਨਾ, ਜਿਉਂ ਹੀ, (as soon as he rose, ਜਿਉਂ ਹੀ ਉਹ ਉੱਠਿਆ), ਦਰਜਾ, ਜਿਹਾ, ਜਿਹਾ ਕਿ, ਜਿਵੇਂ, do as you like, ਜਿਵੇਂ ਜੀ ਚਾਹੇ ਕਰੋ; ਵਾਂਗੂੰ, ਜਿਵੇਂ as usual, ਐਵੇਂ ਵਾਂਗੂੰ, ਕਰੀਬ, ਜਦੋਂ, ਜਿਵੇਂ ਕਿ : as if; ਜਦ : as you came, ਚੂੰਕਿ, ਕਿਉਂ ਕਿ as you are not ready, ਕਿਉਂਕਿ ਤੁਸੀਂ ਤਿਆਰ ਨਹੀਂ; ਵਜੋਂ : pay him this as his salary, ਇਹ ਉਸ ਨੂੰ ਤਨਖ਼ਾਹ ਵਜੋਂ ਦਿਓ.

as to, as regards : ਸੰਬੰਧ ਵਿਚ, ਸੰਬੰਧੀ; ਬਾਰੇ, ਬਾਬਤ.

as well as : ਵੀ, ਨਾਲ ਹੀ; as yet, ਅਜੇ ਤਕ; I thought as much: ਮੈਂ ਇਹੀ (ਇਹੋ ਕੁਝ) ਖ਼ਿਆਲ ਕੀਤਾ.

as from : ਤੋਂ (ਤ੍ਰੀਕ ਆਦਿ).

as good as dead : ਬਸ ਮੁਰਦਾ ਹੀ ਜਾਣੋ, ਨਾ ਹੋਇਆ ਵਰਗਾ.

bald as a coot : ਠਿੱਗ ਵਾਂਗ ਗੰਜਾ.

black as pitch : ਕਾਲਾ ਧੂਤ, ਤਵੇ ਵਰਗਾ ਕਾਲਾ.

blind as a bat : ਅੰਨ੍ਹਾ ਮੂਤ; ਅੰਨ੍ਹਾ ਧੁੰਦ.

brave as a lion : ਸ਼ੇਰ ਵਰਗਾ ਬਹਾਦਰ.

bright as a button or new pin : ਟਟਹਿਣੇ ਵਾਂਗ ਲਿਸ਼ਕਦਾ.

busy as a bee : ਕੀੜੀ ਵਾਂਗ ਰੁੱਝਾ.

cold as charity : ਠੰਢਾ, ਠੰਢੇ ਦਿਲ ਦਾਨੀਏ ਵਾਂਗ.

common as dirt : ਮਿੱਟੀ ਕੱਖਰ ਵਾਂਗ ਆਮ.

cool as a cucumber : ਖਾਹ ਵਾਂਗ ਠੰਢੇ ਸੁਭਾ ਦਾ.

cross as two sticks : ਅੜੇ ਟੋਟੇ ਦਾ ਦੇਤ.

deaf as a post : ਤੋਤਾ ਸਿੱਧ, ਬੋਲਾ ਬੰਦਲ.

drunk as a fiddler : ਨਸ਼ੇ ਵਿਚ ਚੂਰ.

flat as a pan-cake : ਚੱਪਟਾ ਤਵਣੀ ਵਾਂਗ.

good as gold : (ਬੱਚਿਆਂ ਦੇ ਸੁਭਾ ਬਾਬਤ) ਸੋਨੇ ਜਿਹਾ ਮਿੱਠਾ.

hard as nails : ਲੋਹੇ ਵਰਗਾ ਕਰੜਾ.

heavy as lead : ਸਿੱਕੇ ਵਾਂਗ ਭਾਰਾ.

hungry as a hunter : ਭੁੱਖਾ ਸ਼ਿਕਾਰ, ਭੁੱਖੀ ਤ੍ਰੇਹ.

jolly as a sandboy : ਮਸਤੀ ਵਾਂਗ ਖ਼ਿਰਾਸੀ.

keen as mustard : ਚੋਂਦਾ ਤੀਰ.

large as life : ਵਧਿਆ ਵਾਂਗ ਚੌੜਾ.

light as air : ਹੌਲਾ ਫੁੱਲ.

long as your or my arm : ਬਾਂਹ ਜਿੰਨਾ ਲੰਮਾ.

mad as a hatter : ਸ਼ੁਦਾਈਆਂ ਵਾਂਗ ਝੱਲਾ.

mad as a march hare : ਸ਼ੁਦਾਈਆਂ ਵਾਂਗ ਸ਼ੁਦਾਈ.

meek as Moses : ਨਿਰੀ ਗਊ.

merry as a grig : ਬੁੱਲ ਵਾਂਗ ਖਿੜਿਆ.

old as the hills : ਬਾਬੇ ਆਦਮ ਦੇ ਵੇਲੇ ਦਾ.

pale as a ghost : ਪੀਲਾ ਭੂਕ, ਪੀਲਾ ਜ਼ਰਦ.

plain as a pikestaff : ਤਲੀ ਦਾ ਤਿਲ.

plentiful as blackberries : ਰੁੱਤ ਅਣੀ ਗੰਢੀ; ਢੇਰਾਂ ਦੇ ਢੇਰ.

plump as a partridge : ਦੁੱਧੇ ਵਾਂਗ ਪਲਿਆ ਹੋਇਆ.

proud as a peacock : ਮੋਰ ਵਾਂਗ ਪੈਲਾਂ ਪਾਉਂਦਾ.

proud as Lucifer : ਰਾਵਣ ਵਰਗਾ ਹੰਕਾਰੀ.

quick as thought : ਪਵਨ ਵਾਂਗ ਤੇਜ਼.

quiet as a mouse : ਭਿੱਜੀ ਬਿੱਲੀ ਵਾਂਗ ਦੜ ਵੱਟੀ ਹੋਈ.

rich as a Jew : ਕਾਰੂੰ ਜਿਹਾ ਧਨੀ.

right as a trivet : ਡਾਂਗੇ ਵਾਂਗ ਦਰੁਸਤ.

safe as a house : ਘਰ ਵਾਂਗ ਬੇਫ਼ਿਕਰ.

sharp as a needle : ਤਿੱਖਾ ਸੂਆ ਦਾਣਾ.

silent as the grave : ਸਿਵਿਆਂ ਵਰਗੀ ਚੁੱਪ.

snug as a bug in a rug : ਖੱਡ ਵਿਚ ਬੈਠੇ ਚੂਹੇ ਵਾਂਗ ਛਿਪਿਆ.

soft as butter : ਮੱਖਣ ਜਿਹਾ ਕੂਲਾ.

soft as velvet : ਮਖ਼ਮਲ ਜਿਹਾ ਮੁਲਾਇਮ.

sound as a bell : ਟੱਲੀ ਵਾਂਗ ਟੁਣਕਦਾ.

stiff as a poker : ਚੱਮਚ ਵਰਗਾ ਸਖ਼ਤ.

straight as a die : ਸਿੱਧਾ ਤੀਰ.

strong as a horse : ਘੋੜੇ ਵਾਂਗ ਤਕੜਾ.

stubborn as a mule : ਖੱਚਰ ਵਾਂਗੀ ਅੜੀ.

sure as fate : ਮੌਤ ਵਰਗਾ ਯਕੀਨੀ.

sweet as a nut : ਗੁੜ ਵਾਂਗ ਮਿੱਠਾ.

thick as thieves : ਚੋਰਾਂ-ਚੋਰਾਂ ਵਰਗੀ.

thin as a lath : ਪਤਲਾ ਪਤੰਗ.

tight as a drum : ਢੋਲ ਵਾਂਗ ਕੱਸਿਆ.

true as steel : ਸੋਨੇ ਵਾਂਗ ਪੱਕਾ.

ugly as sin : ਪਾਪ ਵਾਂਗ ਬੁਰਾ.

warm as a toast : ਤਰਾਮੀ ਵਾਂਗ ਨਿੱਘਾ.

weak as a cat : ਬਿੱਲੀ ਵਾਂਗ ਮਾੜਾ.

weak as water : ਨਿਰਾ ਪਾਣੀ.

white as a sheet : ਚਿੱਟਾ ਦੁੱਧ.

as the case may be : ਜਿਹੀ ਕਿ ਸੂਰਤ ਹੋਵੇ.

as far as possible : ਜਿਥੋਂ ਤਕ ਹੋ ਸਕੇ, ਯਥਾ-ਸੰਭਵ.

as far as it lies in power : ਯਥਾ-ਸ਼ਕਤ.

asafoetida, *n.* : ਹਿੰਗ, ਅਨਿਸੀ.

asbestine, *a.* : ਅਸਬੈਸਟੀ, ਅਸਬੈਸਟਸ ਦਾ, ਨਾ ਬਲਣ ਵਾਲੀ.

asbestos, *n.* : ਅਸਬੈਸਟਸ, ਸੀਮਿੰਟ ਵਿਚ ਮਿਲਾ ਕੇ ਬਣਾਈ ਹੋਈ ਚਾਦਰ, ਜਿਸ ਦੇ ਮਕਾਨ ਬਣਾਏ ਜਾਂਦੇ ਹਨ; ਰੂੰ ਵਾਲੀ ਮਿੱਟੀ.

asbestic, *a.* : ਅਸਬੈਸਟਸ ਦਾ.

asbeston, *a.* : ਜਿਸ ਵਿਚ asbestos ਹਵੇ.

ascend, *v.t.* & *i.* : ਚੜ੍ਹਨਾ, ਉਤਾਂਹ ਉਠਣਾ; ਉਭਰਨਾ; ਉੱਨਤੀ ਕਰਨੀ.

ਦਾਖਲਾ, ਚੜ੍ਹਾਉਣਾ; ਉੱਚੀ ਸ਼ਾਨ ਹੋਣੀ.

a. a river : ਦਰਿਆ ਦੇ ਵਹਾਅ ਵਲ ਜਾਣਾ.

a. a throne : ਤਖ਼ਤ ਮੱਲਣਾ, ਗੱਦੀ ਤੇ ਬਹਿਣਾ.

ascendancy,-ency, *n.* : ਚੜ੍ਹਾਈ, ਚੜ੍ਹਤ, ਦਾਬਾ, ਉੱਤਮਤਾ, ਗ਼ਲਬਾ, ਪ੍ਰਬਲਤਾ, ਪ੍ਰਧਾਨਤਾ.

ascendant,-ent, *a.* & *n.* : ਚੜ੍ਹਦਾ, ਪ੍ਰਬਲ, ਪ੍ਰਧਾਨ; (ਜੋਤਸ਼ ਵਿਚ) ਚੜ੍ਹਦੇ ਰੁਖ਼, ਪੂਰਬੀ ਦੁਮੇਲ ਤੋਂ ਉੱਠਦਾ ਉਤਾਂਹ, ਉੱਪਰ; (ਜੋਤਸ਼ੀ) ਰਾਸ਼ਿ ਦਾ ਨੁਕਤਾ ਜਾਂ ਦਰਜਾ ਅਕਾਸ਼ੀ ਚੱਕਰ ਜੋ ਪੂਰਬੀ ਦੁਮੇਲ ਤੋਂ ਉੱਚੇ ਰੁਖ਼ ਹੋਵੇ.

house of the a. : ਚੜ੍ਹਦੀਆਂ ਕਲਾਂ ਵਾਲੇ ਗ੍ਰਹਿ ਜਾਂ ਘਰ.

lord of the a. : ਇਸ ਘਰ ਵਿਚ ਵਿਚਰਨ ਵਾਲਾ ਗ੍ਰਹਿ, ਆਕਾਸ਼ੀ ਗ੍ਰਹਿ.

in the a. : ਚੋਟੀ, ਅਸਰ ਵਾਲਾ, ਚੜ੍ਹਦਾ ਹੋਇਆ, ਚਾਲ੍ਹਦੀ.

ascension, *n.* : ਚੜ੍ਹਾਈ, ਅਰੋਹਣ; ਈਸਾ ਦਾ ਅਸਮਾਨ ਤੇ ਚੜ੍ਹ ਜਾਣਾ; ਮਿਅਰਾਜ (ਹਜ਼ਰਤ ਮੁਹੰਮਦ ਦੀ ਅਕਾਸ਼ ਯਾਤਰਾ).

A. Day : ਜਿਸ ਦਿਨ ਈਸਾ ਜੀ ਦਾ ਅਰੋਹਣ ਮਨਾਇਆ ਜਾਂਦਾ ਹੈ, ਵਿਜੈ-ਦਿਨ.

ascensive, *a.* : ਚੜ੍ਹਦਾ ਹੋਇਆ, ਉਭਰਦਾ, ਵਧਦਾ ਹੋਇਆ.

ascent, *n.* : ਚੜ੍ਹਾਈ, ਉਚਾਈ, ਉੱਨਤੀ, ਵਾਧਾ.

ascertain, *v. t.* : ਲਭਣਾ, ਮਲੂਮ ਕਰਨਾ, ਪਤਾ ਕੱਢਣਾ ਜਾਂ ਲੱਭਣਾ, ਪੁੱਛਣਾ; ਨਿਸ਼ਚੇ ਕਰਨਾ, ਪੱਕੀ ਕਰਨੀ, ਪੜਤਾਲ ਕਰਨੀ.

ascertainABLE, *a.* : ਲਭਣ, ਪੜਤਾਲ ਕਰਨ ਜੋਗ.

ascertainMENT, *n.* : ਪੜਤਾਲ, ਖੋਜ, ਪੱਕਾ ਪਤਾ.

ascetic, *a.* & *n.* : ਫ਼ਕੀਰ, ਵਿਰਕਤ, ਤਪੀ, ਜੋਗੀ, ਸਾਧੂ, ਤਿਆਗੀ, ਦਰਵੇਸ਼, ਸੰਨਿਆਸੀ.

asceticAL, *a.* : ਸਾਧੂਆਂ ਜਿਹੀ, ਸਾਧੂਆਂ ਵਰਗਾ, ਦਰਵੇਸ਼ੀ.

asceticALLY, *adv.* : ਸਾਧੂਆਂ ਵਾਂਗ, ਸਾਧੂਆਂ ਦੇ ਢੰਗ ਨਾਲ.

asceticISM, *n.* : ਫ਼ਕੀਰੀ, ਸਾਧਗਾਈ, ਸਾਧੂਪੁਣਾ, ਤਿਆਗ, ਸੰਨਿਆਸ, ਜਪ, ਤਪ.

ascribe, *v.* : ਸਿਰ ਲਾਉਣਾ, ਦੋਸ਼ ਲਾਉਣਾ, ਸੌਂਪਣਾ, ਕਾਰਨ ਦਾ ਸੰਬੰਧ ਦੱਸਣਾ.

ascribABLE, *a.* : ਸੌਂਪਣ ਜੋਗ, ਦੋਸ਼ ਲਾਉਣ ਜੋਗ.

ascripTION, *n.* : ਲਗਨ ਦੇ ਪਾਠ ਦੀ ਪ੍ਰਾਰਥਨਾ ਦੇ ਅਖੀਰ ਵਿਚ ਰੱਬ ਦੀ ਵਡਿਆਈ ਵਿਚ ਬੋਲਣਾ ਪਦ.

asepsis, *n.* : ਵਿਸ਼-ਰਹਿਤ, ਨੁਕਸਾਨ ਕਰਨ ਵਾਲੇ ਬੈਕਟੀਰੀਆ ਦੀ ਅਣਹੋਂਦ; ਜ਼ਖ਼ਮ, ਮਲ੍ਹਮ, ਤੌਲੀਏ, ਪਾਣੀ ਵਾਲੇ ਮਾਰੇ ਹੀ ਅਣਹੋਂਦ, ਡਾਕਟਰੀ ਚੀਰ-ਫਾੜ ਦਾ ਅਜਿਹਾ ਢੰਗ ਜਿਸ ਵਿਚ ਬੈਕਟੀਰੀਆ ਦੇ ਰਹਿਣ ਦਾ ਖ਼ਤਰਾ ਨਾ ਰਹੇ.

aseptic, *a.* & *n.* : ਵਿਸ਼-ਰਹਿਤ, ਜੋ ਗਲ ਸੜ ਜਾਂ ਰੁੱਕ ਜਾਂ ਸੁਸ ਨਾ ਸਕੇ; (ਜ਼ਖ਼ਮ ਆਦਿ) ਡਾਕਟਰੀ ਰੂੰ ਨਾਲ ਸਾਫ਼ ਕੀਤਾ ਹੋਇਆ, ਜਿਸ ਤੋਂ ਬਚਿਆ ਹੋਇਆ, ਖ਼ੂਨ ਦੇ ਜ਼ਹਿਰੀਲੇ ਰੋਗ ਤੋਂ ਬਚਿਆ; ਜ਼ਹਿਰੀਲੇ ਮਾਦੇ ਦੀ ਅਣਹੋਂਦ.

asexual, *a.* : ਲਿੰਗ-ਰਹਿਤ, ਨਿਰ-ਲਿੰਗਾ, ਰੰਡਿਆਲ, ਜਿਸ ਵਿਚ ਲਿੰਗ ਦਾ ਭੇਦ ਨਾ ਹੋਵੇ.

asexualITY, *n.* : ਨਿਰਲਿੰਗੀ, ਖੁੱਸਾਪਣੀ.

ash, *n.* : ਇਕ ਜੰਗਲੀ ਰੁਖ਼ ਜਿਸ ਦੀ ਛਿੱਲ ਚਿੱਟੀ, ਪੱਤੇ ਤਿੱਖੇ ਤੇ ਸਖ਼ਤ ਲਚੀਲ ਲੱਕੜੀਆਂ ਵਾਲਾ ਹੁੰਦਾ ਹੈ; ਇਸ ਰੁਖ਼ ਦੀ ਲਕੜ.

a.-fly, a.-grub : ਇਸ ਰੁਖ਼ ਉੱਤੇ ਪਲਣ ਵਾਲੀ ਮੱਖੀ, ਜਿਸ ਨੂੰ ਮਾਛੀ ਮੱਛੀ ਫੜਨ ਲਈ ਵਰਤਦੇ ਹਨ.

a.-key, : ਇਸ ਰੁਖ਼ ਦਾ ਖੰਭਦਾਰ ਬੀਜ.

a.-leaf : ਸ਼ੁਰੂ ਫ਼ਸਲ ਦਾ ਆਲੂ.

mountain a. : ਇਕ ਰੁਖ਼.

ash, *n.* : ਸੁਆਹ, ਭੱਸ, ਛਾਈ, ਰਾਖ, ਖੇਹ, ਸਿਵੜ, ਭੱਸਮ.

aa. : ਫੁੱਲ ਤੇ ਸੁਆਹ ਜੋ ਸਸਕਾਰ ਤੋਂ ਪਿੱਛੋਂ ਰਹਿ ਜਾਂਦੇ ਹਨ.

hot aa. : ਭੁੱਬਲ, ਧੁਖਲ.

lay in a. : ਸੜ ਕੇ ਸੁਆਹ ਹੋ ਜਾਣਾ.

sack-cloth and aa. : ਟਾਟ ਤੇ ਸਿਵੜ, ਪਛਤਾਵੇ ਦੇ ਨਿਸ਼ਾਨ.

aa. : (ਕ੍ਰਿਕਟ ਖੇਡ ਦੀ ਬੋਲ ਵਿਚ) bring back the aa. : ਹਾਰ ਦੀ ਵਾਪਸ ਲੈਣੀ.

ash-bin : ਮੱਟੀ ਪਾਣ ਜੋ ਅੰਗੀਠੀਆਂ ਵਿਚੋਂ ਸੁਆਹ ਸੁੱਟਣ ਲਈ ਵਰਤੀ ਜਾਂਦੀ ਹੈ, ਕੂੜਦਾਨ.

ash-furnace : ਸ਼ੀਸ਼ਾ ਢਾਲਣ ਦੀ ਭੱਠੀ.

A.-Wednesday : ਈਸਟਰ ਤੋਂ ਪਹਿਲੇ ਦਾ ਪਹਿਲਾ ਬੁੱਧਵਾਰ.

ashamed, *a.* : ਸ਼ਰਮਿੰਦਾ, ਲੱਜਿਤ, ਪਾਣੀ ਪਾਣੀ, ਝੇਂਪਿਆ ਹੋਇਆ (ਕੁਝ ਕਰਨੀ ਕਰਾਉਣੇ ਵਿਚ), ਝੇਂਪੀ.

ashen, *a.* : ash ਨਾਂ ਦੇ ਰੁੱਖ ਦੇ ਸੰਬੰਧ ਵਿਚ, ash ਰੁੱਖ ਦਾ ਬਣਿਆ.

ashen, *a.* : ਸੁਆਹ ਦਾ, ਛਾਈ-ਰੰਗਾ, ਸੁਆਹ-ਰੰਗਾ; ਪੀਲਾ.

ashlar, *n.* : ਚੌਰਸ ਘੜਿਆ ਪੱਥਰ; ਉਸਾਰੀ ਜੋ ਇਸ ਪੱਥਰ ਨਾਲ ਕੀਤੀ ਹੋਵੇ; ਅਜਿਹੀ ਉਸਾਰੀ ਜੋ ਇੱਟਾਂ ਰੋੜਿਆਂ ਦੀ ਕੰਧ ਨੂੰ ਢਕਦੀ ਹੈ.

ashlaring, *n.* : ਘੜਵੇਂ ਪੱਥਰ ਦੀ ਚਿਣਾਈ; ਛੱਤ ਦੇ ਸ਼ਤੀਰਾਂ ਦਾ ਟੇਕ.

ashore, *adv.* : ਕੰਢੇ ਉੱਤੇ, ਕੰਢੇ.

ashy, *a.* : ਸੁਆਹ ਦਾ, ਸੁਆਹ ਨਾਲ ਲਿਬੜਿਆ, ਸੁਆਹ-ਭਰਿਆ, ਸੁਆਹ-ਰੰਗਾ, ਫਿਕੱਟਾ, ਪੀਲਾ.

Asiatic, *a.* : ਏਸ਼ਿਆਈ, ਏਸ਼ੀਆ ਦਾ, ਏਸ਼ੀਆ ਦਾ ਵਸਨੀਕ.

aside, *adv.* & *n.* : ਲਾਂਭੇ, ਇਕ ਪਾਸੇ, ਪਰੇ, ਵੱਖ, ਇਕਲਵਾਂਝੇ; ਪਰੇ; ਵੱਖ ਉੱਤੇ; ਇਕਲਵਾਂਝੀ ਗੱਲ, ਉਹ ਕਥਨ ਜੋ ਨਾਟਕ ਵਿਚ ਪਾਤਰ ਮੂੰਹ ਫੇਰ ਕੇ ਕਹੇ (ਜਿਸ ਨੂੰ ਨਾਟਕ ਦੇ ਪਾਤਰ ਨਾ ਸੁਣਨ).

set a. : ਇਕ ਪਾਸੇ ਰੱਖਣਾ, ਮਾਫ਼ ਕਰਨਾ, ਰੱਦ ਕਰਨਾ (ਫ਼ੈਸਲਾ).

speak a. : ਹੌਲੀ ਬੋਲਣਾ, ਇਕਲੇ ਨੂੰ ਕਹਿਣਾ.

asinine, *a.* : ਖੋਤੇ ਵਰਗਾ, ਖੋਤੇ ਵਰਗਾ; ਮੂਰਖ.

-asis : ਪਿਛੇਤਰ, ਜੋ ਬੀਮਾਰੀਆਂ ਦੇ ਨਾਵਾਂ ਦੇ ਅੰਤ ਵਿਚ ਲਾਇਆ ਜਾਂਦਾ ਹੈ.

ask, *v. t.* & *i.* : ਪੁੱਛਣਾ, ਪਤਾ ਕਰਨਾ, ਜਵਾਬ ਮੰਗਣਾ, ਸੁਆਲ ਕਰਨਾ, ਸੱਦਾ ਦੇਣਾ; ਬੇਨਤੀ ਕਰਨੀ, ਸੁਆਲ ਪਾਉਣਾ, ਮੰਗਣਾ, ਚਾਹੁਣਾ.

ask the banns, *or* be asked in church : ਗਿਰਜੇ ਵਿਚ ਵਿਆਹ ਦਾ ਐਲਾਨ ਕਰਨਾ ਤਾਂ ਜੋ ਕਿਸੇ ਨੂੰ ਉਜ਼ਰ ਹੋਵੇ ਤਾਂ ਕਰ ਸਕੇ.

a. for it : (ਬੋਲਚਾਲ) ਗਲ਼ ਆ ਪੈਣਾ, ਬਿਪਤਾ ਸਹੇੜਨੀ, ਮੁੱਲ ਲੈਣੀ.

askance(-ant), *adv.* : ਟੇਢਾ, ਤਿਰਛੀਆਂ ਅੱਖਾਂ, ਘੂਰੀਆਂ ਨਾਲ, ਸ਼ੱਕ ਦੀ ਨਜ਼ਰ ਨਾਲ.

look askance at : ਸ਼ੱਕ ਕਰਨਾ, ਭੈੜੀ ਨਜ਼ਰ ਨਾਲ ਵੇਖਣਾ, ਘੂਰੀਆਂ ਨਾਲ ਵੇਖਣਾ.

askari [ਅਸਕਰੀ], *n.* : ਅਸਕਰੀ, ਅਫ਼ਰੀਕੀ ਸਿਪਾਹੀ (ਜਿਸ ਨੇ ਯੂਰਪੀਨ ਤਰੀਕੇ ਨਾਲ ਕਵਾਇਦ ਸਿਖੀ ਹੋਵੇ).

askew, *adv.* : ਟੇਢੇਪਣ ਨਾਲ, ਟੇਢਾ.

look a. : ਕੈਰ-ਅੱਖੀਂ ਵੇਖਣਾ.

aslant, *adv.* & *prep.* : ਟੇਢੇ, ਤਿਰਛੇ, ਟੇਢੇ-ਢੰਗ ਨਾਲ, ਸਲਾਮੀ, ਝੁਕਿਆ ਹੋਇਆ, ਲੇਟਿਆ ਹੋਇਆ; ਢਲਵਾਂ, ਟੇਢੀ ਨਜ਼ਰ ਨਾਲ.

asleep, *adv.* & *a.* : ਸੁੱਤਾ ਹੋਇਆ, ਨੀਂਦ ਵਿਚ; (ਅੰਗ) ਸੁੰਨ, ਬੇਹੋਸ਼.

aslope, *adv.* : ਢਲਵਾਨ ਵਾਲਾ, ਢਲਵਾਨੀ, ਸਲਾਮੀ, ਇਕ ਪਾਸੇ ਨੂੰ ਝੁਕਿਆ.

asp, *n.* : ਕਾਂਪ, ਇਕ ਰੁੱਖ ਜਿਸ ਦੇ ਪੱਤਰ ਹਿਲਦੇ ਰਹਿੰਦੇ ਹਨ.

asp, *n.* : ਇਕ ਛੋਟਾ ਜ਼ਹਿਰੀ ਫਣੀਅਰ ਸੱਪ ਜੋ ਮਿਸਰ ਤੇ ਲਿਬੀਆ ਵਿਚ ਮਿਲਦਾ ਹੈ, (ਕਵਿਤਾ ਵਿਚ) ਕੋਈ ਜ਼ਹਿਰੀਲਾ ਸੱਪ.

asparagus, *n.* : ਨਾਗ-ਦੋਨ, ਠੰਢੇ ਮੁਲਕਾਂ ਦੀ ਇਕ ਸੁਆਦਲੀ ਸਬਜ਼ੀ.

aspect, *n.* : ਵੇਖਣ ਦਾ ਢੰਗ, ਨਜ਼ਰ, ਦਿੱਖ, (ਵੇਖਣ ਦਾ) ਪਾਸਾ; ਸ਼ਕਲ, ਸੂਰਤ, ਹਾਲਤ, ਸਾਹਮਣਾ ਪਾਸਾ.

aspen, *a.* & *n.* : ਕਾਂਪ ਵਾਂਗੂ, ਹਿਲਦੇ ਪੱਤਰਾਂ ਵਾਲੇ ਰੁੱਖ (asp) ਦਾ.

ਦਰਜਾ; ਤੰਘਣਾ ਹੋਇਆ.

aspergillum, n. : ਪਵਿੱਤਰ ਪਾਣੀ ਛਿੜਕਣ ਵਾਲਾ ਬੁਰਸ਼ ਜਾ ਕੂਚੀ.

asperity, n. : ਸਖ਼ਤੀ, ਖੁਰਦਰਾਪਣ, (ਮੌਸਮ ਦੀ) ਕਠੋਰਤਾ; (ਸੁਭਾ ਦੀ) ਤੇਜ਼ੀ, ਕੌੜੀ ਬੋਲਚਾਲ, [illegible].

asperse, v. t. : ਬਦਨਾਮ ਕਰਨਾ, ਦੂਸ਼ਣ ਲਾਉਣੇ, ਬਦਨਾਮ ਕਰਨਾ, ਛਿੜਕਣਾ, ਦੋਸ਼ ਥੋਪਣਾ.

aspersion, n. : ਦੋਸ਼, ਤੁਹਮਤ, ਕਲੰਕ, ਲੋਭ.

aspersorium, n. : ਪਵਿੱਤਰ ਪਾਣੀ ਵਾਲੀ ਕੌਲੀ, ਛੱਟਾ-ਛੜੀ.

asphalt, n. : ਤਾਰ, ਰੋੜ ਆਦਿ ਵਰਗੀ ਇਕ ਮਸਾਲਾ ਜਿਸ ਵਿਚ ਸੜਕ ਤੇ ਤੇਰ ਦਿਸਦੀ ਹੁੰਦੀ ਹੈ.

asphaltic, a. : ਉਸ ਮਸਾਲੇ ਵਾਲਾ, ਦਾ, ਸੰਬੰਧੀ.

asphalt, v. : ਮਸਾਲੇ ਨਾਲ ਸੜਕ ਬਣਾਉਣੀ, ਲੁਕ ਵਿਛਾਉਣੀ.

asphodel, n. : ਇਕ ਤਰਾਂ ਦਾ ਪਿਆਜ਼ ਦਾ ਫੁੱਲ, ਕੁਮੁਦਨੀ; (ਕਵਿਤਾ ਵਿਚ) ਸਵਰਗ ਦਾ ਸਦਾ-ਬਹਾਰ ਫੁੱਲ.

asphyxia,-xy, n. : ਸਾਹ ਘੁੱਟਣਾ, (ਲਹੂ ਵਿਚੋਂ ਆਕਸੀਜਨ ਘਟਣ ਨਾਲ) ਸਾਹ ਬੰਦ ਹੋਣਾ.

asphyxiate, v. : ਸਾਹ ਘੁੱਟਣ ਦੇਣਾ.

asphyxiant, n. : ਸਾਹ ਘੁੱਟਣ.

aspic, n. : = asp, ਛੋਟਾ ਜ਼ਹਿਰੀਲਾ ਸੱਪ.

aspic, n. : ਮਾਸ ਦੀ ਪਤਲੀ ਸਲਾਦਾਂ ਵਾਲੀ, ਜਿਸ ਵਿਚ ਅੰਡੇ ਆਦਿ ਦੀ ਜੈਲ.

aspidistra, n. : ਸੰਘਣੇ ਤੇ ਚੌੜੇ ਪੱਤਿਆਂ ਵਾਲਾ ਇਕ ਬੂਟਾ.

aspirant, a. & n. : ਚਾਹਵਾਨ, ਆਸਾਵੰਦ, ਉਮੀਦਵਾਰ, ਅਭਿਲਾਸ਼ੀ.

aspirate, n. : ਉਹ ਵਿਅੰਜਨ ਜਿਸ ਦਾ ਉੱਚਾਰਨ 'ਹ' ਦੀ ਆਵਾਜ਼ ਨਾਲ ਮਿਲ ਕੇ ਹੋਵੇ; ਜਿਵੇਂ ਖ, ਝ, ਠ, ਥ, 'ਹ' ਦੀ ਆਵਾਜ਼.

aspirate, v. : ਜ਼ੋਰ ਨਾਲ ਸਾਹ ਲੈ ਕੇ ਬੋਲਣਾ; ਸ਼ੀਸ਼ੇ ਵਿਚੋਂ ਗੈਸ ਕੱਢਣੀ.

aspiration, n. : ਸਾਹ ਲੈਣ ਦਾ ਕੰਮ; ਚਾਹ, ਇੱਛਾ, ਆਸ, [illegible].

aspirator, n. : ਨਾਲੀ ਵਿਚੋਂ ਹਵਾ ਜਾਂ ਗੈਸ ਖਿੱਚਣ ਲਈ ਯੰਤਰ; ਸਰੀਰ ਵਿਚੋਂ ਜ਼ਖ਼ਮ ਆਦਿ ਦਾ ਪਾਣੀ [illegible] ਵਿਚੋਂ ਕੱਢਣ ਵਾਲਾ [illegible] ਕਰਨ ਵਾਲੀ ਮਸ਼ੀਨ.

aspire, v. i. : ਇੱਛਾ ਕਰਨਾ, ਚਾਹ ਰੱਖਣੀ, ਸ਼ਰਤ ਲਾਉਣੀ; ਉੱਚੇ ਚੜ੍ਹਨਾ, (ਮਹੱਤਵਾਕਾਂਖੀ) ਹਾਸਲ ਕਰਨਾ.

aspirin, n. : ਐਸਪਰੀਨ, ਇਕ ਦਰਦ ਦੀ ਦਵਾ (ਗੋਲੀਆਂ ਰੂਪ) ਜੋ ਆਮ ਤੌਰ ਤੇ ਦਰਦ ਦੂਰ ਕਰਨ ਲਈ ਵਰਤੀ ਜਾਂਦੀ ਹੈ.

asquint, adv. & a. : ਟੇਢਾ ਝਾਕਣਾ, ਟੇਢਾ, ਭੈਂਗਾ.

ass, n. : ਖੋਤਾ, ਗਧਾ, ਬੇਵਕੂਫ (ਮੁਹਾਵਰੇ ਵਿਚ) ਮੂਰਖ.

make an a. of : ਮੂਰਖ ਬਣਾਉਣਾ ਜਾਂ ਬਣਨਾ, ਉੱਲੂ ਬਣਾਉਣਾ.

assagai, assegai, n. : ਦੱਖਣ ਦਾ ਪਤਲਾ ਨੇਜ਼ਾ, ਭਾਲਾ ਜਿਹੜੇ ਦੱਖਣੀ ਅਫ਼ਰੀਕਾ ਦੇ ਕਬੀਲਿਆਂ ਦਾ ਹਥਿਆਰ.

assail, v. t. : ਹਮਲਾ ਕਰਨਾ, ਚੜ੍ਹਾਈ ਕਰਨੀ; (ਕਿਸੇ ਕੰਮ ਨੂੰ) ਜ਼ੋਰ ਨਾਲ ਸ਼ੁਰੂ ਕਰਨਾ, ਪਿੱਛੇ ਪੈ ਜਾਣਾ; (ਸਵਾਲਾਂ ਆਦਿ ਨਾਲ) ਬੁਛਾੜ ਕਰਨੀ, ਤੰਗ ਵਿਚ ਕਾਬੂ ਕਰਨਾ.

assailable, a. : ਜਿਸ ਤੇ ਹਮਲਾ ਹੋ ਸਕੇ.

assailant, n. : ਹਮਲਾ ਕਰਨ ਵਾਲਾ.

assassin, n. : ਘਾਤਕ, ਖੂਨੀ, ਕਾਤਲ, ਹਤਿਆਰਾ, ਧੋਖੇ ਨਾਲ ਮਾਰਨ ਵਾਲਾ; (ਇਤਿਹਾਸ) ਹਸ਼ੀਸ਼ੀਆ, ਉਹ ਮੁਸਲਮਾਨ ਜੋ ਮਜ਼੍ਹਬੀ ਜੋਸ਼ ਵਿਚ ਈਸਾਈਆਂ ਨੂੰ ਮਾਰਨ ਲਈ ਭੇਜੇ ਜਾਂਦੇ ਸਨ.

assassinate, v. t. : ਖੂਨ ਕਰਨਾ, ਧੋਖੇ ਨਾਲ ਮਾਰਨਾ.

assassination, n. : ਖੂਨ, ਕਤਲ (ਧੋਖੇ ਨਾਲ).

assassinator, n. : ਕਾਤਲ, ਹਤਿਆਰਾ, ਕਤਲ ਕਰਨ ਵਾਲਾ.

assault, n. : ਧਾਵਾ, ਹਮਲਾ, ਕਿਲੇ ਅੰਦਰ ਦਾ ਵਿਘਨ.

a. and battery : ਕੁਟਾਪਾ, ਮਾਰ-ਕੁਟ.

assault, v. t. : ਹੱਲਾ ਬੋਲਣਾ; ਧਾਵਾ ਕਰਨਾ, ਟੁੱਟ ਪੈਣਾ.

assaulter, n. : ਧਾੜਵੀ, ਹੱਲਾ, ਹਮਲਾਵਰ ਕਰਨ ਵਾਲਾ.

assay, n. : ਪਰਖਣਾ, ਜਾਂਚ, ਪਰਖ (ਧਾਤ ਵਰਗ ਅਤੇ ਆਦਿ ਧਾਤਾਂ ਦੀ) ਪਰਖੀ ਜਾਣ ਵਾਲੀ ਧਾਤ.

assay, v. t. & i. : (ਧਾਤਾਂ ਦੇ ਖ਼ਾਲਸ ਹੋਣ ਨੂੰ) ਪਰਖਣਾ; ਪਰਤਾਉਣਾ, ਜਾਂਚਣਾ, ਕਸਵੱਟੀ ਤੇ ਲਾਉਣਾ; ਜਤਨ ਕਰਨਾ; (ਔਖੇ ਕੰਮ ਲਈ) ਕੋਸ਼ਿਸ਼ ਕਰਨਾ, ਹਿੰਮਤ ਕਰਨੀ.

assayable, a. : ਪਰਤਾਵੇ ਯੋਗ.

assemblage, n. : (ਲੋਕਾਂ ਦਾ) ਇਕੱਠ, ਇਕੱਤਰਤਾ; ਇਕੱਠੇ ਹੋਣਾ.

bedizen, *v. t.* : ਠਾਠ-ਬਾਠ ਨਾਲ ਸਜਾਉਣਾ, ਭੜਕੀਲਾ ਕਰਨਾ, ਦੇਖ ਤੇ ਦਿਖਾਵੇ ਦੇ ਕੱਪੜੇ ਪਾਉਣੇ.

bedlam, *n.* : ਪਾਗਲਾਂ ਦਾ ਘਰ, ਪਾਗਲਖ਼ਾਨਾ.

bedlamite, *n. & a.* : ਪਾਗਲ, ਸੁਦਾਈ, ਝੱਲਾ.

Bedouin, *n. & a.* : ਬੱਦੂ, ਅਰਬ ਦੇ ਟਪਰੀਵਾਸ.

bedrabbled, *a.* : ਲਿਬੜਿਆ ਹੋਇਆ (ਮੀਂਹ ਤੇ ਚਿੱਕੜ ਨਾਲ).

bedraggle, *v. t.* : ਕਪੜੇ ਨੂੰ (ਜ਼ਮੀਨ ਨਾਲ ਘਸੀਟ ਕੇ) ਗੰਦਾ ਤੇ ਗਿੱਲਾ ਕਰਨਾ, ਮਿੱਟੀ ਨਾਲ ਲਿਬੇੜਨਾ.

bee, *n.* : ਮੱਖੀ, ਮਧੁਮੱਖੀ, ਸ਼ਹਿਦ ਦੀ ਮੱਖੀ, ਮਧੂ-ਮੱਖੀ, (ਅਮਰੀਕਾ ਵਿਚ) ਮਿਲ ਜੁਲ ਕੇ ਕੰਮ ਕਰਨ ਵਾਲਾ, ਕਰੀ, ਹਲ ਦੇ ਕੰਮ ਕਰਨ ਜਾਂ ਖੇਡ ਮੇਲੇ ਲਈ

ਵਿਚਲਾ ਮਸਰਸ, ਮੱਖੀਦਾਰ.

b.-bread : ਮੱਖੀ ਦੀ ਸ਼ਾਸ ਖੁਰਾਕ, ਮੱਖਿਆਲ-ਪਾਸਾ, ਛੱਲ ਦਾ ਸੀਨਾ.

b.-eater : ਹਰੀਅਲ, ਪੰਛੀ ਜੋ ਸ਼ਹਿਦ ਦੀ ਮੱਖੀ ਨੂੰ ਖਾ ਜਾਂਦਾ ਹੈ.

b.-hive : ਮਖੀਰ (ਸ਼ਹਿਦ ਦੀ ਮੱਖੀ ਦਾ ਛੱਤਾ), ਮੱਖਿਆਲ, ਧੱਗ.

b.-line : ਸਿੱਧਾ ਰਾਹ.

bb. wax : ਮੋਮ, ਮੋਮ.

have a b. in one's bonnet : ਕਿਸੇ ਗੱਲ ਦਾ ਖ਼ਬਤ ਹੋਣਾ, ਕਿਸੇ ਗੱਲ ਤੇ ਦਿਮਾਗ਼ ਦੀ ਪੈ ਜਾਣਾ.

beech, *n.* : ਸਫ਼ੈਦਾ, ਯੂਰੋਪ ਦੀ ਕਿਸਮ ਦਾ, ਰਸ਼ਮ ਛਿਲਕੇ ਤੇ ਚਮਕੀਲੇ ਪੱਤਰਾਂ ਵਾਲਾ ਰੁੱਖ; ਇਸ ਦੀ ਲਕੜ.

beef, *n.* (*pl.*-**ves**) : ਗਊ-ਮਾਸ, (ਗਊ, ਬੈਲ) ਸਾਂਡ ਤੇ ਮੱਝ, ਮੰਝਾਂ; (*pl.*) ਬੈਲ, ਵਛੇ ਜਾਂ ਉਨ੍ਹਾਂ ਦੇ ਧਰੱਖ.

b. tea : ਗਊ-ਮਾਸ ਦੀ ਯਖਨੀ (ਰੋਗੀਆਂ ਲਈ), ਸ਼ੋਰਬਾ, ਕਾੜ੍ਹ.

b.-wood : ਪੱਕੀ ਲਾਲ ਲਕੜ, ਕਾਲੀ.

beefy, *a.* : ਮਾਸ-ਭਰਪੂਰ, ਮੋਟਾ, ਮੋਟਾ ਤਾਜ਼ਾ, ਚੰਗੀ ਕਾਠੀ ਵਾਲਾ.

beefiness, *n.* : ਮੁਟਾਪਾ, ਮੋਟਾਪਣ.

Beelzebub *n.* : ਸ਼ੈਤਾਨ, ਇਬਲੀਸ.

been, *v.* : ਦੇਖੋ be.

beer, *n.* : ਬੀਅਰ, ਜੌਆਂ ਦੀ ਸ਼ਰਾਬ.

b. engine : ਪੀਪੇ ਵਿਚੋਂ ਬੀਅਰ ਕਢਣ ਵਾਲੀ ਨਲਕੀ, ਪੰਪ.

b. house : ਬੀਅਰਖ਼ਾਨਾ.

b.-money : ਇਨਾਮ ਜੋ ਨੌਕਰਾਂ ਤੇ ਮਜ਼ਦੂਰਾਂ ਨੂੰ ਬੀਅਰ ਪੀਣ ਲਈ ਦਿੱਤਾ ਜਾਂਦਾ ਹੈ.

b.-pull : ਬੀਅਰ ਕਢਣ ਵਾਲੇ ਪੰਪ ਦੀ ਹੱਥੀ.

beet, *n.* : ਖੁੰਢ ਦੇ ਪਾਣਿਆਂ ਦਾ ਖਿਲ ਜੋੜਨਾ.

beery, *a.* : ਬੀਅਰ ਦਾ, ਵਰਗਾ; ਬੀਅਰ ਦੇ ਅਸਰ ਹੇਠ, ਬੀਅਰ-ਮੱਤਾ.

beastings, *n. pl.* : ਤੋਕੜ ਲਵੇਰੀ ਗਊ ਦਾ ਪਹਿਲਾ ਦੁੱਧ, ਬਹੁਲੀ.

beeswing, *n.* : ਪੁਰਾਣੀ ਸ਼ਰਾਬ.

beet, *n.* : ਚੁਕੰਦਰ ਵਰਗੇ ਪੌਦੇ.

beetroot : ਚੁਕੰਦਰ.

red b. : ਲਾਲ ਚੁਕੰਦਰ, ਜਿਸ ਤੋਂ ਸਲਾਦ ਬਣਦਾ ਹੈ.

white b. : ਸਫ਼ੈਦ ਚੁਕੰਦਰ, ਜਿਸ ਵਿਚੋਂ ਖੰਡ ਬਣਦੀ ਹੈ.

beetle *n.* : ਮੁੰਗਲੀ, ਮੋਹਲਾ.

beetle, *v.* : ਮੁੰਗਲੀ ਆਦਿ ਨਾਲ ਕੁਟ ਕੇ ਪਧਰਾ ਕਰਨਾ.

b.-brain : ਮੂਰਖ, ਬੇਸਮਝ.

beetle, *n.* : ਭੂੰਡ, ਭੰਬੀਰੀ, ਢੋਰਾ, ਭੂੰਡੀ, ਭੂੰਡ-ਖੰਭਾਂ ਵਾਲਾ ਜਾਨਵਰ, ਦੂਰ ਦੀ ਨਾ ਵੇਖਣ ਵਾਲਾ.

beetle, *a.* : (ਜਿਵੇਂ ਕਿ) ਨੰਗੀ ਕੰਢੀ ਢਲਵਾਂ, ਮੁੰਡੀ-ਵਧ, ਉਭਰੀਆਂ ਹੋਈਆਂ, ਭੌਂਆਂ, ਅਗਾਂਹ ਨੂੰ ਵਧੀ ਹੋਈ.

beetle, *v. i.* : ਸਿਰ ਤੇ ਲਟਕਣਾ (ਚਟਾਨਾਂ ਆਦਿ ਵਾਂਗ).

beeves : ਦੇਖੋ beef.

befall, *v. t. & i.* : ਵਾਪਰਨਾ, ਆ ਪੈਣਾ, ਹੋ ਜਾਣਾ.

befit, *v. t.* : ਠੀਕ ਜਚਣਾ, ਫਬਣਾ, ਸ਼ਾਨ ਦੇ ਮੁਤਾਬਕ ਹੋਣਾ, ਯੋਗ ਹੋਣਾ, (ਆਪਣੇ ਆਪ ਨੂੰ) ਯੋਗ ਬਣਾਉਣਾ, ਠੀਕ ਹੋਣਾ.

befittingly, *adv.* : ਯੋਗ, ਫਬਦੇ, ਢੰਗ ਨਾਲ.

befog, *v. t.* : ਧੁੰਦਲਾਉਣਾ, ਧੁੰਦ ਨਾਲ ਢਕਣਾ.

befool, *v. t.* : ਬੇਵਕੂਫ਼ ਬਣਾਉਣਾ, ਉੱਲੂ ਬਣਾ ਦੇਣਾ, ਬੇਸਮਝ ਬਣਾਉਣਾ.

before, *adv., prep. & conj.* : ਪਹਿਲਾਂ, ਅੱਗੇ, ਪਹਿਲਾਂ ਤੋਂ; ਮੂਹਰੇ, ਸਾਹਮਣੇ; ਵਿਰੋਧ ਵਿਚ, ਇਸ ਤੋਂ ਪਹਿਲਾਂ ਕਿ.

long before : ਚਿਰ ਹੋਇਆ, ਦੇਰ ਪਹਿਲਾਂ.

beforehand, *adv.* : ਪਹਿਲਾਂ ਤੋਂ ਹੀ, ਅਗੇਤਰੇ ਹੀ, ਅੱਗੇ ਹੀ, ਪਹਿਲਾਂ ਹੀ, ਅਗਾਊਂ.

beforehand with the world : ਪੱਲੇ ਪੈਸੇ ਹੋਣੇ.

befoul, *v. t.* : ਖ਼ਰਾਬ ਕਰਨਾ, ਗੰਦਾ ਕਰਨਾ, ਪਲੀਤ ਕਰਨਾ; ਭਿੱਟਣਾ, ਗੰਧਲਾਉਣਾ.

befriend, *v. t.* : ਮਿਤਰਤਾ ਕੱਢਣਾ, ਸਹਾਈ ਹੋਣਾ, ਸੰਗ ਪਾਲਣਾ; ਮਦਦ ਕਰਨੀ, ਮਿਹਰ ਕਰਨਾ.

beg, *v. t. & i.* : ਮੰਗਣਾ, ਭਿਖ ਮੰਗਣੀ, ਭੀਖ ਮੰਗਣਾ, ਮਿੰਨਤਾਂ ਮੰਗ ਮੰਗ ਕੇ ਗੁਜ਼ਾਰਾ ਕਰਨਾ, ਮਿਹਰਬਾਨੀ ਮੰਗਣਾ, ਤਰਲਾ ਕਰਨਾ, ਮਿੰਨਤ ਕਰਨੀ, ਬੇਨਤੀ ਕਰਨੀ.

beg the question : ਬਹਿਸ ਵਾਲੀ ਗੱਲ ਨੂੰ ਬਿਨਾ ਸਬੂਤ ਦੇ ਮੰਨ ਲੈਣਾ, ਸਿੱਧ ਕਰਨ ਵਾਲੀ ਗੱਲ ਨੂੰ ਅੱਗੇ ਹੀ ਮੰਨ ਲੈਣਾ.

go abegging : ਕਿਸੇ ਚੀਜ਼ ਲਈ ਉਮੀਦਵਾਰ ਨਾ ਮਿਲਣਾ.

beg pardon : ਮਾਫ਼ੀ ਮੰਗਣੀ.

beg to say : ਕਹਿਣ ਦੀ ਆਗਿਆ ਮੰਗਣੀ.

begad, *int.* : ਰੱਬ ਦੀ ਸਹੁੰ !

began : ਦੇਖੋ begin.

beget, *v. t.* : ਜੰਮਣਾ, ਪੈਦਾ ਕਰਨਾ, ਜਨਮ ਦੇਣਾ, ਜੰਮੀ ਜਾਣਾ, ਕਾਰਨ ਹੋਣਾ.

begetter, *n.* : ਪੈਦਾ ਕਰਨ ਵਾਲਾ, ਜਨਮ ਦੇਣ ਵਾਲਾ, ਪਿਤਾ, ਜਨਮ-ਦਾਤਾ.

beggar, *n.* : ਮੰਗਤਾ, ਭਿਖਾਰੀ, ਭਿਖ-ਮੰਗਾ, ਫ਼ਕੀਰ, ਸੁਆਲੀ, ਭਿਖਕ.

bb. must not be choosers : ਜ਼ ਮਿਲੇ ਖੁਸ਼ੀ ਖੁਸ਼ੀ ਲਓ.

little b. : (ਬਾਲ ਨਾਲ ਪਿਆਰ ਨੂੰ) ਛੋਟਾ ਮੰਗਤਾ, ਖਿਡੌਣਾ.

a good b. : ਜੋ ਦਾਨ ਜਾਂ ਚੰਦਾ ਇਕੱਠਾ ਕਰਨ ਵਿਚ ਕਾਮਯਾਬ ਹੋਵੇ.

b.'s bag : ਝੋਲੀ, ਝੋਲੀ.

b.'s blanket : ਗੋਦੜੀ, ਕੰਬਲੀ.

b.'s patched coat : ਖ਼ਫ਼ਨੀ.

b.'s bowl : ਖੱਪਰ, ਠੂਠੀ.

beggar, *v. t.* : ਕੰਗਾਲ ਕਰ ਦੇਣਾ, ਖ਼ਾਕ ਸ਼ਾਹ ਕਰ ਦੇਣਾ, ਮੰਗਤਾ ਬਣਾ ਦੇਣਾ.

bb. description : ਵੇਖ ਹੀ ਬਣੇ, ਦੱਸਿਆ ਨਹੀਂ ਜਾ ਸਕਦਾ.

b. my neighbour : ਤਾਸ਼ ਦੀ ਇੱਕ ਖੇਡ.

beggarly, *a.* : ਕੰਗਾਲ, ਕਮੀਨਾ, ਨੀਚ.

beggarliness, *n.* : ਨੀਚਤਾ, ਕੰਗਾਲੀ, ਕਮੀਨਗੀ.

beggary, *n.* : ਕੰਗਾਲੀ, ਗ਼ਰੀਬੀ.

begin, *v. t. & i.* (-**nn**-, **began**, **begun**) : ਅਰੰਭਣਾ, ਸ਼ੁਰੂ ਕਰਨਾ, ਮੁੱਢ ਬੰਨ੍ਹਣਾ, ਛੇੜਨਾ, ਪਹਿਲ ਕਰਨੀ, ਚਲਾਉਣਾ, ਹੋਂਦ ਵਿਚ ਆਉਣਾ, ਛਿੜਨਾ.

b. upon : ਕੰਮ ਕਰਨਾ, ਸ਼ੁਰੂ ਕਰਨਾ.

b. the world : ਜੀਵਨ ਸ਼ੁਰੂ ਕਰਨਾ.

to b. with : ਪਹਿਲੀ ਗੱਲ ਇਹ ਕਿ, ਪਹਿਲਾ.

begin with : ਪਹਿਲਾਂ ਸ਼ੁਰੂ.

beginner, *n.* : ਅਰੰਭਕ, ਸ਼ੁਰੂ ਕਰਨ ਵਾਲਾ, ਚਲਾਉਣ ਵਾਲਾ, ਮੋਢੀ.

beginning, *n.* : ਅਰੰਭ, ਸ਼ੁਰੂ, ਮੁੱਢ, ਆਦਿ; ਸੋਮਾ, ਜਿਥੋਂ ਚੀਜ਼ ਦਾ ਸ਼ੁਰੂ ਦਾ ਹਿੱਸਾ.

the b. of the end : ਅਖ਼ੀਰ ਦਾ ਪਹਿਲਾ ਸਾਫ਼ ਨਿਸ਼ਾਨ.

begird, *v. t.* : ਵਲਣਾ, ਘੇਰਨਾ, ਘੇਰਨਾ, ਪੇਟੀ ਕੱਸਣਾ, ਪੇਟੀ ਪਹਿਨਣਾ.

begone, *vb. imperat.* : ਦਫ਼ਾ ਹੋ, ਚਲਾ ਜਾ, ਪਰੇ ਹੋ.

begonia, *n.* : ਕਈ ਰੁੱਤਾਂ ਦੇ ਫੁੱਲਦਾਰ ਬੂਟੇ ਜਿਨ੍ਹਾਂ ਦੀਆਂ ਪੱਤੀਆਂ ਨਹੀਂ ਹੁੰਦੀਆਂ; ਬਿਗੋਨੀਆ.

begot(ten) : beget ਦਾ ਭੂਤ ਕਾਲ ਤੇ ਕਾਰਦੰਤਕ.

begrime, v. t. : ਗੰਦਾ, ਮੈਲਾ ਕਰਨਾ, ਲਿਬੇੜਨਾ.

begrudge, v. t. : ਸੜਨਾ, (ਕਿਸੇ ਨਾਲ ਸਾੜਾ ਜਾਂ ਈਰਖਾ ਕਰਨੀ, ਖਾਰ ਖਾਣੀ, ਕਿਸੇ ਕੋਲ ਵਸਤੂ ਵੇਖ ਦੁਖੀ ਹੋਣਾ.

beguile, v. t. : ਪੁੱਠੇ ਰਾਹ ਪਾਉਣਾ, ਧੋਖਾ ਦੇਣਾ, ਠੱਗਣਾ, ਖੁਸ਼ ਕਰਨਾ, ਦਿਲ ਭੁਲਾਉਣਾ.

beguiler, n. : ਧੋਖਾ ਦੇਣ ਜਾਂ ਖੁਸ਼ ਕਰਨ ਵਾਲਾ.

beguilement, n. : ਧੋਖਾ, ਛਲਾਵਾ, ਭੁਲੇਖਾ.

begum (Pers.), n. : ਬੇਗਮ, ਨਵਾਬ ਦੀ ਵਹੁਟੀ.

begun : see begin.

behalf, n. : ਵਾਸਤੇ, ਲਈ, ਖ਼ਾਤਰ, ਵੱਲ, ਹਮਾਇਤ, (ਕੇਵਲ ਵਾਕੰਸ਼ਾਂ ਵਿਚ ਆਉਂਦਾ ਹੈ) ਜਿਵੇਂ, on my behalf, ਮੇਰੀ ਵੱਲੋਂ.

behave, v. t. & intr. (intr. used with adv.) : ਵਰਤਾਉ ਕਰਨਾ, ਸਲੂਕ ਕਰਨਾ, ਪੇਸ਼ ਆਉਣਾ, ਸਲੀਕਾ ਵਰਤਣਾ; ਚਲਣਾ, ਕੰਮ ਕਰਨਾ, ਠੀਕ ਕੰਮ ਕਰਨਾ.

behaviour, n. : ਵਰਤਾਉ, ਸਲੂਕ, ਰਵੱਈਆ, ਵਤੀਰਾ, ਢੰਗ, ਤਰੀਕਾ, ਚਲਣ, ਆਚਰਣ, ਚਾਲ-ਢਾਲ.

be on one's good b. : ਕਿਸੇ ਖ਼ਾਸ ਪਰਖ ਲਈ ਆਪਣਾ ਪੂਰਾ ਜ਼ੋਰ ਲਾਉਣਾ.

behaviourism, n. : ਵਰਤਾਉਵਾਦ, ਇਹ ਸਿਧਾਂਤ ਕਿ ਮਨੁੱਖ ਦੇ ਸਾਰੇ ਮਨ ਖੇਲ ਉਸ ਦੇ ਵਰਤਣ ਦੀ ਦੇਖ-ਭਾਲ ਕਰਨ ਤੋਂ ਜਾਣ ਸਕਦੇ ਹਨ.

behead, v. t. : ਸਿਰ ਲਾਹੁਣਾ, ਸਿਰ ਵੱਢ ਦੇਣਾ, ਜਾਨੋਂ ਮਾਰ ਦੇਣਾ.

beheld : behold ਦਾ ਭੂਤ ਕਾਲ.

behemoth, n. : ਇਕ ਬਹੁਤ ਵੱਡਾ ਜਾਨਵਰ.

behest, n. : ਹੁਕਮ, ਆਦੇਸ਼.

behind, adv., *prep.* & n. : ਪਿਛਲੇ ਵਿਚ, ਲੁਕਿਆ ਹੋਇਆ; ਠੀਕ ਵੇਲੇ ਸਿਰ ਨਹੀਂ, ਬਾਦ ਦੇ ਸਮੇਂ ਵੀ, ਪਿੱਛੇ; ਘਟੀਆ ਹਾਲਤ ਵਿਚ, ਪੂਰਵਲਾ, ਪਿਛੋਕੜ, ਪਿਛਲੇ ਪਾਸੇ; ਕਿਸੇ ਦੀ ਪਿਠ ਉੱਤੇ, ਆਸਰੇ ਵਿਚ, ਪਨਾਹ ਵਿਚ; ਪਿੱਛੇ ਪਿੱਛੇ.

b. one's back : ਪਿਠ ਪਿਛੇ, ਚੋਰੀ ਚੋਰੀ.

b. the times : ਜੋ ਜ਼ਮਾਨੇ ਦੇ ਨਾਲ ਨਾ ਹੋਵੇ, ਪਿਛੇ ਰਿਹਾ, ਪਛੜਿਆ.

b. time : ਵਕਤ ਤੋਂ ਪਿਛੋਂ, ਅਵੇਰਾ, ਚਿਰਕਾ.

fall b. : ਪਿਛੇ ਰਹਿ ਜਾਣਾ, ਪਛੜਨਾ.

b. the scenes : ਓਹਲੇ ਵਿਚ, ਪਰਦੇ ਵਿਚ.

behindhand, adv. & *pred.* a. : ਪਛੇਤਰ, ਵਕਤ ਤੋਂ ਪਿੱਛੇ, ਜੋ ਵਕਤ ਤੇ ਕੰਮ ਨਾ ਕਰੇ, ਪਿੱਛੇ ਹਟਿਆ ਹੋਇਆ.

behold, v. t. (beheld) : ਵੇਖਣਾ, ਤੱਕਣਾ, ਧਿਆਨ ਕਰਨਾ, ਧਿਆਨ ਦੇਣਾ.

beholden, *pred.* a. : ਰਿਣੀ, ਅਹਿਸਾਨਮੰਦ.

behoof, n. : ਵਾਸਤੇ, ਲਾਭ, ਫ਼ਾਇਦਾ, ਲੋੜ.

behove, behoove, v. : ਜ਼ਰੂਰੀ ਹੋਣਾ, ਯੋਗ ਹੋਣਾ.

beige, n. : ਮੁਲਾਇਮ ਉੱਨੀ ਕਪੜਾ, ਉੱਨ ਦਾ ਆਪਣਾ ਰੰਗ.

being, n. : ਹੋਂਦ, ਹਸਤੀ, ਵਜੂਦ, ਵਸਤੂ, ਵਿਅਕਤੀ.

The Supreme Being : ਰੱਬ, ਪਾਰਬ੍ਰਹਮ, ਪਰਮਾਤਮਾ.

belabour, v. t. : ਮਾਰਨਾ, ਕੁਟਾਈ ਕਰਨੀ, ਕੁੱਟਣਾ, ਝੰਬ ਦੇਣਾ.

belated, a. : ਪਛੜਿਆ, ਜਿਸ ਨੂੰ ਰਸਤੇ ਵਿਚ ਰਾਤ ਪੈ ਜਾਵੇ; ਚਿਰਕਾ ਪੁੱਜਾ.

belaud, v. t. : ਅਤੀ ਪ੍ਰਸ਼ੰਸਾ ਕਰਨੀ, ਹੱਦੋਂ ਬਾਹਰੀ ਉਪਮਾ ਕਰਨੀ, ਅਸਮਾਨ ਤੇ ਚੜ੍ਹਾ ਦੇਣਾ (ਸਿਫ਼ਤਾਂ ਕਰ ਕਰ).

belay, v. t. : ਵਲ੍ਹੇਟਣਾ, ਲਪੇਟਣਾ (ਰੱਸਾ ਆਦਿ ਕਿੱਲ ਦੇ ਦੁਆਲੇ); (ਜਹਾਜ਼ ਦਾ ਮੁਹਾਵਰਾ) ਬਸ ਬਸ, ਰਹਿਣ ਦਿਓ.

belaying-pin : ਕਿੱਲੀ ਜਿਸ ਦੇ ਦੁਆਲੇ ਰੱਸਾ ਲਪੇਟਿਆ ਜਾਂਦਾ ਹੈ.

belch, v. t. & i. : ਡਕਾਰ ਮਾਰਨਾ, ਡਕਾਰਨਾ; ਗੰਦ ਬਕਣਾ, ਗਾਲੀ-ਗਲੋਚ ਬੋਲਣਾ, (ਬੰਦੂਕ, ਤੋਪ ਦਾ) ਚਲਣਾ (ਖੜਾਕ ਨਾਲ), ਧੂਆਂ-ਧਾਰ ਨਿਕਲਣਾ, ਜਵਾਲਾ-ਮੁਖੀ ਪਹਾੜ ਵਿਚੋਂ ਲਾਵਾਂ ਨਿਕਲਣੀਆਂ.

belch, n. : ਡਕਾਰ; ਤੋਪ ਦੀ ਗਰਜ; ਜਵਾਲਾਮੁਖੀ ਦੀਆਂ ਲਾਟਾਂ ਦੀ ਭੜਕ, ਧਮਾਕਾ.

belcher, n. : ਰੰਗ-ਬਰੰਗਾ ਗਲੂਬੰਦ.

beldam, -dame, n. : ਬੁਢੜੀ, ਬੁੱਢੀ ਤੀਵੀਂ, ਚੰਡੀ ਨਾਰ, ਡੈਣ.

beleaguer, v. t. : ਘੇਰਨਾ, ਘੇਰਾ ਪਾਣਾ, ਘੇਰਾ ਘੱਤਣਾ, ਘੇਰ ਲੈਣਾ.

belfry, n. : ਬੁਰਜੀ, ਗਿਰਜੇ ਦਾ ਘੰਟਾ-ਘਰ.

belfried, a. : ਘੰਟਾਘਰ ਵਾਲਾ.

Belgian, a. & n. : ਬਿਲਜੀਅਮੀ, ਬਿਲਜੀਅਮ ਦਾ (ਵਸਨੀਕ).

Belgravia, n. : ਲੰਡਨ ਸ਼ਹਿਰ ਦਾ ਪੱਛਮੀ ਹਿੱਸਾ, ਜਿੱਥੇ ਅਮੀਰ ਲੋਕ ਰਹਿੰਦੇ ਹਨ.

Belgravian, a. : ਅਮੀਰਾਂ ਦੀ, ਬਲਗਰੇਵੀਆ ਦਾ (ਵਸਨੀਕ).

Belial, n. : ਸ਼ੈਤਾਨ, ਇਬਲੀਸ.

belie, v. t. : ਝੁਠਲਾਉਣਾ, ਝੂਠਾ ਕਰਨਾ, ਉਲਟਾ ਸਾਬਤ ਕਰਨਾ, ਕਿਸੇ ਸੰਬੰਧ ਉਲਟਾ ਖ਼ਿਆਲ ਪੈਦਾ ਕਰਨਾ.

belief, n. : ਵਿਸ਼ਵਾਸ, ਨਿਸ਼ਚਾ, ਸ਼ਰਧਾ, ਪਤੀਜ, ਭਰੋਸਾ, ਇਤਬਾਰ, ਯਕੀਨ, ਪਰਤੀਤ, ਈਮਾਨ, ਧਰਮ, ਰਾਏ, ਖ਼ਿਆਲ.

believe, v. t. & i. : ਮੰਨਣਾ, ਭਰੋਸਾ ਕਰਨਾ, ਇਤਬਾਰ ਕਰਨਾ, ਯਕੀਨ ਕਰਨਾ, ਰਾਏ ਰੱਖਣੀ, ਖ਼ਿਆਲ ਕਰਨਾ, ਸਮਝਣਾ.

make b. : ਝੂਠੀ ਮੂਠੀ ਮੰਨ ਲੈਣਾ.

believABLE, a. : ਮੰਨਣਯੋਗ, ਵਿਸ਼ਵਾਸ-ਜੋਗ.

believER, n. : ਮੰਨਣ ਵਾਲਾ, ਸ਼ਰਧਾਲੂ.

believING, a. : ਮੰਨਿਆ ਹੋਇਆ, ਸ਼ਰਧਾਲੂ.

belike, adv. : ਸ਼ਾਇਦ, ਜਿਵੇਂ ਦਿਸਦੈ, ਹੋ ਸਕਦਾ ਹੈ.

belittle, v. t. : ਛੋਟਾ ਬਣਾਉਣਾ, ਘਟ ਦੱਸਣਾ, ਛੋਟਾ ਕਰਕੇ ਵਿਖਾਉਣਾ, ਨਿੰਦਿਆ ਕਰਨੀ, ਹਤਕ ਕਰਨੀ.

bell, n. & v. : ਘੁੰਗਰੂ, ਘੰਟੀ, ਘੰਟਾ, ਟੱਲੀ; ਟੱਲ, ਘੜਿਆਲ.

b.-flower : ਘੰਟੀ ਵਰਗਾ ਇਕ ਫੁੱਲ ਜਿਸ ਦੀ ਸ਼ਕਲ ਘੰਟੀ ਵਰਗੀ ਹੁੰਦੀ ਹੈ.

b.-glass : ਸ਼ੀਸ਼ੇ ਦਾ ਢੱਕਣ (ਘੰਟੀ ਵਰਗਾ) ਜੋ ਬੂਟਿਆਂ ਨੂੰ ਬਚਾਣ ਲਈ ਵਰਤੀਦਾ ਹੈ.

b.-hanger : ਘਰਾਂ ਵਿਚ ਘੰਟੀਆਂ ਲਾਉਣ ਤੇ ਮੁਰੰਮਤ ਕਰਨ ਵਾਲਾ ਕਾਰੀਗਰ.

b.-metal : ਭਰਤ, ਮਿਲਵੀਂ ਧਾਤ (ਤਾਂਬੇ ਤੇ ਕਲੀ ਦਾ ਮੇਲ).

b.-pull : ਘੰਟੀ ਦੀ ਡੋਰੀ ਜਾਂ ਰੱਸੀ.

b.-ringer : ਘੜਿਆਲੀਆ.

b.-wether : ਇੱਜੜ ਦਾ ਮੋਹਰੀ ਭੇਡੂ ਜਿਸ ਦੇ ਗਲ ਵਿਚ ਘੰਟੀ ਹੁੰਦੀ ਹੈ; ਆਗੂ.

one to eight bells : (ਜਹਾਜ਼ ਵਿਚ) ਘੜੀ ਦੀਆਂ ਘੰਟ-ਪਹਿਰੀਆਂ.

bell, v. t. : ਘੰਟੀ ਬੰਨ੍ਹਣੀ ਜਾਂ ਲਾਉਣੀ.

b. the cat : ਦੂਜਿਆਂ ਦੀ ਬਲਾ ਆਪਣੇ ਸਿਰ ਲੈਣੀ, ਖ਼ਤਰੇ ਦੇ ਕੰਮ ਨੂੰ ਸਿਰ ਚਾਉਣਾ.

bell, n. & v. i. : ਬਾਰਾਸਿੰਗੇ ਜਾਂ ਹਰਨ ਦੀ ਮਸਤੀ ਦੀ ਆਵਾਜ਼; ਬੋ-ਬੋ ਕਰਨੀ, ਰੀਂਗਣਾ.

belladonna, n. : ਬਲਾਡੋਨਾ, ਮਕੋ (ਜਿਸ ਤੋਂ ਇਕ ਅਫ਼ੀਮ ਬਣਦੀ ਹੈ), ਅਫ਼ੀਮ (ਜਨਾਨੀਆਂ ਦੀ).

belle, n. : ਸੁੰਦਰੀ, ਰੂਪਵਤੀ, ਹਸੀਨਾ, ਸਿਰ-ਕੱਢ ਸੁੰਦਰੀ.

belles-lettres, n. : ਨਿਰੋਲ ਸਾਹਿਤਕ ਲਿਖਤਾਂ; ਸਾਹਿਤ.

belletrIST, n. : ਸਾਹਿਤਕਾਰ.

belletristIC, a. : ਸਾਹਿਤਕ.

bellicose, *a.* : ਫ਼ਸਾਦੀ, ਦੰਗੇਬਾਜ਼, ਲੜਾਕਾ, ਝਗੜਾਲੂ.

bellicosity, *n.* : ਲੜਾਕਾਪਨ.

belligerency, *n.* : ਜੰਗੀ ਹਾਲਤ.

belligerent, *a.* & *n.* : ਜਾਮਲ-ਜੰਗ, ਜੰਗਬਾਜ਼, (ਉਹ ਕੌਮ, ਜੱਥਾ ਜਾਂ ਮਨੁੱਖ) ਜੋ ਕਿਸੇ ਦੂਜੀ ਧਿਰ ਨਾਲ, ਕੌਮਾਂਤ੍ਰੀ ਕਾਨੂੰਨ ਅਨੁਸਾਰ, ਲੜਾਈ ਵਿਚ ਸ਼ਾਮਲ ਹੋਵੇ; ਅਜੇਹੀ ਕੌਮ, ਧਿਰ ਆਦਿ ਦਾ, ਜਾਂ ਸੰਬੰਧੀ; ਜੁਝਾਰੂ, ਜੰਗੀ.

bellona, *n.* : ਜੁੱਧ ਦੀ ਦੇਵੀ, ਰੋਮੀ ਦੁਰਗਾ, ਕਾਲੀ, ਰਣਚੰਡੀ, ਪਰਤਾਪ-ਭਰੀ ਔਰਤ, ਧੜੱਲੇਦਾਰ ਤੀਵੀਂ.

bellow, *v. i.* & *v. t.* & *n.* : ਗੱਜਣਾ, ਡਕਾਰਨਾ, ਬੁਕਣ ਮਾਰਨੀ; (ਦੁਖ ਤਕਲੀਫ਼ ਨਾਲ) ਚੀਕਣਾ, (ਤੂਫ਼ਾਨ) ਕੜਕਣਾ, ਤੋਪ ਦੀ ਅਵਾਜ਼, ਗਰਜ.

bellows, *n.* (*pl.*) : ਧੌਂਕਣੀ, ਖੱਲਾਂ (ਲੁਹਾਰ ਦੀਆਂ), ਪੱਖਾ (ਵਾਜੇ ਆਦਿ ਦਾ), ਭੜਕਾਉਣ ਵਾਲਾ, ਫੇਫੜੇ.

belly, *n.* & *v. i.* : ਪੇਟ, ਢਿੱਡ, ਓਦਰ, ਮਿਹਦਾ; ਭੁੱਖ, ਪੇਟੂਪੁਣਾ; ਗਰਭ, ਪੇਡੂ, ਕੁੱਖ; ਬੇੜੀ; ਕਿਸੇ ਚੀਜ਼ ਦਾ ਗੋਲ ਜਾਂ ਉਭਰਿਆ ਹੋਇਆ ਹਿੱਸਾ, ਫੁੱਲਣਾ.

b.-ache : ਪੇਟ ਦੀ ਪੀੜ, ਢਿੱਡ-ਪੀੜ, ਪੇਟ-ਦਰਦ.

b.-band : (ਘੋੜੇ ਦਾ) ਤੰਗ, ਪੇਟੀ, ਤਣਾਵੀ.

b.-worship : ਪੇਟ-ਪੂਜਾ, ਪੇਟੂਪੁਣਾ.

b.-timber : ਪੇਟ-ਝੁਲਕਾ, ਖ਼ੁਰਾਕ.

b.-pinched : ਭੁੱਖਾ.

bellyful, *n.* : ਪੇਟ-ਭਰ, ਰੱਜਵਾਂ ਭੋਜਨ.

belong, *v. i.* : ਕਿਸੇ ਦਾ ਹੱਕ ਹੋਣਾ, ਸੰਬੰਧਤ ਹੋਣਾ, ਕਿਸੇ ਦੀ ਮਿਲਖ ਹੋਣਾ, ਕਿਸੇ ਦਾ ਹੋਣਾ, ਕਿਸੇ ਦਾ ਅੰਗ ਹੋਣਾ, ਵਾਸੀ ਹੋਣਾ.

b. under or in : ਠੀਕ ਢੰਗ ਨਾਲ ਸ਼੍ਰੇਣੀਆਂ ਵਿਚ ਰੱਖੇ ਜਾਣਯੋਗ.

b. here &c. : ਏਥੋਂ ਦਾ ਵਸਨੀਕ, ਏਥੇ ਰਹਿਣ ਵਾਲਾ ਆਦਮੀ.

belongings, *n.* (*pl.*) : ਗੁਣ, ਨਿਸ਼ਾਨ, ਦਸਤਾਵੇਜ਼, ਸਾਮਾਨ, ਮਾਲ-ਮੱਤਾ, ਸੰਪਤ ਚੀਜ਼ਾਂ.

beloved, *a.* & *n.* : ਪਿਆਰਾ, ਜਾਨੀ, ਪ੍ਰੀਤਮ, ਪ੍ਰਿਆ, ਪੀਆ, ਮਹਿਬੂਬ, ਮਾਸ਼ੂਕ, ਯਾਰ, ਸੱਜਣ, ਪਿਆਰਾ, ਪਿਆਰਾ-ਦੁਲਾਰਾ.

below, *adv.* & *prep.* : ਹੇਠ, ਹੇਠਾਂ, ਥੱਲੇ, ਤਲੇ, ਨਿਮਨ ਵਿਚ; ਮਕਾਨ ਦੀ ਹੇਠਲੀ ਛੱਤ; ਜਹਾਜ਼ ਦੇ ਹੇਠਲੇ ਹਿੱਸੇ ਵਿਚ; ਦਰਿਆ ਦੇ ਹੇਠ ਨੂੰ ਵਹਿਣ ਵਾਲੇ ਪਾਸੇ; ਕਿਤਾਬ ਦੇ ਸਫ਼ੇ ਦੇ ਅਖ਼ੀਰ ਜਾਂ ਅਗਲੇ ਸਫ਼ਿਆਂ ਉੱਤੇ; ਨੀਵੇਂ ਦਰਜੇ; ਨਰਕਾਂ ਵਿਚ, ਨੀਵਾਂ ਦਰਜਾ, ਸ਼ਾਨ ਦੇ ਉਲਟ.

below one's breath : ਬਹੁਤ ਹੀ ਹੌਲੀ ਅਵਾਜ਼ ਵਿਚ.

belt, *n.* : ਪੇਟੀ, ਕਮਰਬੰਦ, ਘੋੜੇ ਦੀ ਪਾਰਣੀ; ਪੱਟਾ, ਤਣਾਵੀ, ਇਲਾਕਾ, ਜਿਵੇਂ b. of cabins : ਝੁੱਗੀਆਂ ਦੀ ਲੜੀ, ਲੰਮੀ-ਪਤਲੀ ਜਗ੍ਹਾ, ਇਲਾਕਾ, ਟੁਕੜਾ, ਪਣਜੋੜ, ਜਿਵੇਂ Great and Little B. : ਪਣਜੋੜ ਵੱਡਾ ਤੇ ਪਣਜੋੜ ਨਿੱਕਾ (ਬਾਲਟਕ ਸਾਗਰ ਦਾ); ਅਰਥ ਜਾਂ ਨਾਈਟ ਦਾ ਪਟਕਾ, ਪੇਟੀ, ਪਰਤਲਾ (ਤਲਵਾਰ ਦੀ ਪੇਟੀ); ਤਗਮਾ, ਸਾਫ਼ਲ, ਪਾਸ (ਲੋਕਾਂ ਦੀ).

hit below the b. : ਓਛਾ ਹੱਲਾ ਕਰਨਾ, ਅਯੋਗ ਵਾਰ ਕਰਨਾ.

belt, *v. t.* : ਪੇਟੀ ਬੰਨ੍ਹਣੀ; ਘੇਰਨਾ; ਬੰਨ੍ਹਣਾ, ਪੇਟੀ ਨਾਲ ਬੰਨ੍ਹ ਦੇਣਾ; ਪੇਟੀ ਨਾਲ ਮਾਰਨਾ.

belvedere, *n.* : ਉਪਰਲੀ ਮਹਿਲ, ਬੁਰਜ, ਗਵਾਖ਼.

belying : ਵੇਖੋ belie.

bemire, *v. t.* : ਲਿਬੇੜਨਾ (ਚਿਕੜ ਆਦਿ ਨਾਲ), ਮੈਲਾ ਕਰਨਾ, ਗੰਦਾ ਕਰਨਾ.

bemoan, *v. t.* : ਰੋਣਾ, ਕੁਰਲਾਉਣਾ, ਵੈਣ ਵੈਣ ਕਰਨਾ, ਅਫ਼ਸੋਸ ਕਰਨਾ.

bemuse, *v. t.* : ਮੱਤ ਮਾਰ ਦੇਣੀ, ਪਾਗਲ ਬਣਾ ਦੇਣਾ.

bench, *n.* : ਤਿਪਾਈ, ਪੰਘੂੜਾ ਜਾਂ ਲੰਮੀ ਆਦਿ ਦਾ ਬੈਂਚ, ਤਖ਼ਤ-ਪੋਸ਼; ਕਚਹਿਰੀ ਦੇ ਜੱਜ, ਜੱਜ, ਅਦਾਲਤ, (ਕਾਰੀਗਰਾਂ ਦਾ ਕੰਮ ਕਰਨ ਵਾਲਾ) ਮੇਜ਼ ਜਾਂ ਥੜ੍ਹਾ, ਪਾਰਲੀਮੈਂਟ ਵਿਚ ਕਿਸੇ ਖ਼ਾਸ ਧੜੇ ਦੀ ਬੈਠਣ ਦੀ ਥਾਂ.

be raised to the b. ਜਾਂ be on the b. : ਜੱਜ ਜਾਂ ਪਾਦਰੀ ਬਣਾਏ ਜਾਣਾ.

single b. : ਇਕ-ਜੱਜੀ ਅਦਾਲਤ.

division b. : ਦੋ-ਜੱਜੀ ਅਦਾਲਤ.

bend, *n.* : ਮੋੜ, ਵੱਲ, ਵਿੰਗ, ਝੁਕਾਅ; (ਜਹਾਜ਼ਾਂ ਵਿਚ) ਬਣੀ ਗੰਢ ਦੀ ਕਿਸਮ; ਕਿਸੇ ਚੀਜ਼ ਦਾ ਮੁੜਿਆ ਹੋਇਆ ਹਿੱਸਾ.

b.-leather : ਮੋਟੇ ਤੇ ਪੱਕੇ ਚਮੜਾ ਜੋ ਤਲਿਆਂ ਲਈ ਵਰਤੀਦਾ ਹੈ.

bend, *v. t.* & *i.* : ਉਲਰਨਾ, ਲਿਫਣਾ, ਕੁੱਬਾ ਹੋਣਾ, ਟੇਢਾ ਹੋਣਾ ਜਾਂ ਕਰਨਾ, ਝੁਕਣਾ, ਝੁਕਾਉਣਾ; ਨਿਵਣਾ ਜਾਂ ਨਿਵਾਉਣਾ; ਲਿਫਣਾ ਜਾਂ ਲਿਫਾਉਣਾ; ਵੱਟਣਾ, ਮੋੜਨਾ, ਕਿਸੇ ਪਾਸੇ ਮੋੜਨਾ (ਅੱਖਾਂ, ਕਦਮ), ਮੁੜ ਜਾਣਾ, ਤੁਰ ਜਾਣਾ, ਪੱਕੀ ਕਰ ਲੈਣੀ; ਆਪਣੀ ਗੱਲ ਮਨਵਾਉਣੀ.

bend-sinister, *n.* : ਵਿਆਹ ਤੋਂ ਬਾਹਰ (ਅਨਾਜਾਇਜ਼) ਜੰਮਣ ਦਾ ਚਿੰਨ੍ਹ.

bendy, *a.* : ਵਿੰਗੀ (ਟੇਢੀ).

beneaped, *a.* : ਓਨ ਜਹਾਜ਼ਾਂ ਦੇ ਜਵਾਰਭਾਟੇ ਦੇ ਲੱਥਣ ਕਰਕੇ ਕਿਨਾਰੇ ਤੇ ਫਸ ਜਾਣ.

beneath, *adv.* & *prep.* : ਹੇਠਾਂ, ਥੱਲੇ.

beneath contempt : ਅਤੀ ਘਿਰਣਾ ਯੋਗ, ਥੂ-ਥੂ ਕਰਨ ਯੋਗ.

b. one : ਸ਼ਾਨ ਤੋਂ ਉਲਟ, ਅਣਫਬਵਾਂ.

benedicite [L], *n.* : ਅਸੀਸ, ਬਰਕਤ.

benedick, *n.* : ਨਵ-ਵਿਆਹਿਆ ਮਨੁੱਖ, ਖ਼ਾਸ ਤੌਰ ਤੇ ਉਹ ਜਿਸ ਨੇ ਕਾਫ਼ੀ ਚਿਰ ਤਕ ਅਵਿਵਾਹਿਤ ਰਹਿਣ ਦਾ ਇਕਰਾਰ ਕੀਤਾ ਹੋਵੇ ਤੇ ਫੇਰ ਆਪੇ ਵਿਆਹ ਕਰਾ ਲਵੇ.

Benedictine, *a.* & *n.* : ਸੰਤ ਬੇਨੇਡਿਕਟ ਦੇ ਚਲਾਏ ਸਾਧ-ਪੰਥ ਦਾ, ਇਕ ਖ਼ਾਸ ਕਿਸਮ ਦੀ ਸ਼ਰਾਬ ਜੋ ਇਸ ਫ਼ਿਰਕੇ ਦੀ ਕਾਢ ਹੈ.

benediction, *n.* : ਦੁਆ, ਅਸੀਸ, ਬਰਕਤ, ਅਸ਼ੀਰਵਾਦ; ਸ਼ੁਭ-ਇੱਛਾ.

benedictory, *a.* : ਦੁਆ ਜਾਂ ਅਸੀਸ ਦਾ, ਸੰਬੰਧੀ, ਸ਼ੁਭ-ਇੱਛਾ ਸੰਬੰਧੀ.

benefaction, *n.* : ਪੁੰਨ, ਦਾਨ, ਪਰਮ ਅਰਥ, ਖ਼ੈਰਾਇਤ, ਉਪਕਾਰ, ਭਲਾਈ; ਸਹਾਇਤਾ.

benefactor, *n.* : ਦਾਨੀ, ਦਾਤਾ, ਉਪਕਾਰੀ, ਭਲਾ ਕਰਨ ਵਾਲਾ, ਸਰਪ੍ਰਸਤ.

benefactress, *n.* : ਉਪਕਾਰਨ.

benefice, *n.* : ਦਾਨ ਵਜੋਂ ਮਿਲੀ ਜਗੀਰ, ਜਿਸਨੂੰ ਕੋਈ ਧਰਮ-ਅਸਥਾਨ ਨਾਲ ਲਗੀ ਜਗੀਰ.

beneficed, *a.* : ਇਹੋ ਜਿਹੀ ਲਗੀ ਜਗੀਰ ਸੰਬੰਧੀ, ਦਾਨ ਕੀਤੀ, ਧਰਮ-ਅਰਥ.

beneficence, *n.* : ਦਇਆ, ਮਿਹਰ, ਦਯਾਲ, ਨੇਕੀ, ਭਲਾਈ, ਉਪਕਾਰ.

beneficent, *a.* : ਦਿਆਲੂ, ਮਿਹਰਵਾਨ.

beneficently, *adv.* : ਮਿਹਰ ਨਾਲ, ਦਿਆਲਤਾ-ਪੂਰਵਕ.

beneficial, *a.* : ਲਾਭਦਾਇਕ, ਲਾਭਕਾਰੀ, ਫ਼ਾਇਦੇਮੰਦ, ਕਲਿਆਣ-ਕਾਰਕ; (ਕਾਨੂੰਨ) ਜੋ ਹੱਕਦਾਰ ਦਾ ਫ਼ਾਇਦਾ ਦਿਵਾਵੇ (ਜਾਇਦਾਦ ਆਦਿ).

beneficially, *adv.* : ਲਾਭਦਾਇਕ ਤਰੀਕੇ ਨਾਲ.

beneficiary, *a.* & *n.* : (law) ਪਾਤਰ, ਦਾਨ-ਪਾਤਰ, ਜਗੀਰਦਾਰ, ਦਾਨ ਵਜੋਂ ਜਗੀਰ ਲੈਣ ਵਾਲਾ.

benefit, *n.* : ਲਾਭ, ਫ਼ਾਇਦਾ, ਨਫ਼ਾ; ਹਿਤ; ਵਜ਼ੀਫ਼ਾ, ਪੈਨਸ਼ਨ, ਗੁਜ਼ਾਰਾ, ਉਹ ਤਮਾਸ਼ਾ ਜਾਂ ਖੇਡ ਜਿਸ ਦੀ ਆਮਦਨ ਕਿਸੇ ਹੋਰ ਮਨੁੱਖ ਜਾਂ ਸੰਸਥਾ ਨੂੰ ਦਿੱਤੀ ਜਾਵੇ, (ਜਿਵੇਂ b. night ਜਾਂ b. match).

benefit society,-club : ਅਜੇਹੀਆਂ ਸੁਸਾਇਟੀਆਂ ਜੋ ਆਪਣੇ ਮੈਂਬਰਾਂ ਦੀ ਜ਼ਿੰਦਗੀ ਦਾ ਬੀਮਾ ਕਰਦੀਆਂ ਹਨ ਤੇ ਉਨ੍ਹਾਂ ਵਲੋਂ ਜਮ੍ਹਾਂ ਹੋਏ ਚੰਦੇ ਵਿਚੋਂ ਬੀਮਾਰੀ ਜਾਂ ਬੁਢੇਪੇ ਵੇਲੇ ਮਦਦ ਕਰਦੀਆਂ ਹਨ.

b. of the doubt : ਸ਼ੱਕ ਦਾ ਫ਼ਾਇਦਾ, ਅਪ੍ਰਾਧ ਦਾ ਬਰੀ ਹੋਣ ਦਾ ਸੰਦੇਹ.

maternity or medical b. : ਜਿਣੇਪੇ ਜਾਂ ਬੀਮਾਰੀ ਕਰਕੇ ਕਚਹਿਰੀ ਜਾਂ ਨੌਕਰੀ ਉੱਤੇ ਹਾਜ਼ਰ ਹੋਣ ਤੋਂ ਛੁੱਟੀ.

benefit, *v. t.* & *i.* : ਭਲਾ ਕਰਨਾ, ਫ਼ਾਇਦਾ ਪੁਚਾਣਾ, ਫ਼ਾਇਦਾ ਉਠਾਉਣਾ.

ਲਾਹ ਲੈਣਾ.

benevolence, *n.* : ਉਪਕਾਰਤਾ, ਮਿਹਰ, ਕਿਰਪਾ, ਭਲਾ ਕਰਨ ਦੀ ਚਾਹ, ਸ਼ੁਭ-ਇੱਛਾ, ਦਿਆਲੂ ਸੁਭਾਅ.

benevolent, *a.* : ਉਪਕਾਰੀ, ਦਿਆਲੂ, ਕਿਰਪਾਲੂ, ਉਪਕਾਰੀ, ਉਦਾਰ-ਚਿੱਤ, ਸ਼ੁਭ-ਚਿੰਤਕ.

b. despotism : ਹਿਤ-ਪੂਰਕ ਨਿਰੰਕੁਸ਼ ਰਾਜ.

Bengal, *n.* & *a.* : ਬੰਗਾਲ ਦਾ ਸੂਬਾ; B. light : ਹਵਾਈ ਜੋ ਸਿਗਨਲ ਜਾਂ ਕਿਸੇ ਤਰ੍ਹਾਂ ਦਾ ਪਤਾ ਦੇਣ ਵਾਸਤੇ ਚਲਾਈ ਜਾਵੇ; B. tiger : ਬੰਗਾਲ ਦਾ ਸ਼ੇਰ; B. stripes : ਬੰਗਾਲ ਦਾ ਧਾਰੀਦਾਰ ਕੱਪੜਾ.

Bengali,-alee, *n.* & *a.* : ਬੰਗਾਲੀ, ਬੰਗਾਲ ਦਾ ਵਸਨੀਕ; ਬੰਗਾਲੀ ਬੋਲੀ.

benighted, *p. p.* & *a.* : ਰਾਤ ਦੇ ਹਨੇਰੇ ਨੇ ਘੇਰ ਲਿਆ, ਨਿਆਣੀ ਜਾਂ ਪਿਛਲਗੀ ਤੌਰ ਤੇ ਹਨੇਰੇ ਵਿਚ : ਅਣਜਾਣ, ਅਗਿਆਨੀ, ਪਿੱਛੇ ਰਹਿ ਗਿਆ.

benign, *a.* : ਦਿਆਲੂ, ਮਿਹਰਬਾਨ, ਨੇਕ-ਦਿਲ; (ਬੀਮਾਰੀ) ਨਰਮ ਜੋ ਬਹੁਤੀ ਦੁਖਦਾਈ ਨਾ ਹੋਵੇ.

benignly, *adv.* : ਕਿਰਪਾ ਨਾਲ : ਮਿਹਰਬਾਨੀ ਕਰਕੇ.

benignant, *a.* : ਤਰਸਵਾਨ, ਮਿਹਰਵਾਨ, (ਆਪ ਤੋਂ ਛੋਟਿਆਂ ਨਾਲ) ਨਰਮ ਵਰਤਾਉ ਕਰਨ ਵਾਲਾ, ਦਿਆਲੂ.

benignancy, *n.* : ਦਇਆ, ਕਿਰਪਾ, ਮਿਹਰ, ਨਰਮੀ.

benignantly, *adv.* : ਨਰਮੀ ਨਾਲ, ਮਿਹਰਬਾਨੀ ਭਰੇ ਢੰਗ ਨਾਲ.

benignity, *n.* : ਮਿਹਰ, ਮਿਹਰਬਾਨੀ, ਕਿਰਪਾ.

benison, *n.* : ਅਸੀਸ, ਬਰਕਤ, ਦੁਆ.

Benjamin, *n.* : ਅੰਤਿਮ, ਸਭ ਤੋਂ ਛੋਟਾ ਲਾਡਲਾ ਬੱਚਾ, ਪਿਆਰਾ.

B.'s mess : ਵੱਡਾ ਹਿੱਸਾ.

bent, *n.* : ਕਈ ਤਰ੍ਹਾਂ ਦਾ ਘਾਹ ; ਖੁਲ੍ਹੀ ਜ਼ਮੀਨ.

bent, *n.* : ਝੁਕਾਅ, ਰੁਚੀ, ਮਨ ਦਾ ਝੁਕਾਅ.

to the top of one's b. : ਰੱਜ ਕੇ, ਜੀਅ ਭਰ ਕੇ.

bent : = bend.

Benthamism, *n.* : ਬੈਂਥਮ (੧੭੪੮-੧੮੩੨) ਦਾ ਸਿਧਾਂਤ ਕਿ ਵੱਧ ਤੋਂ ਵੱਧ ਲੋਕਾਂ ਦੀ ਵੱਧ ਤੋਂ ਵੱਧ ਖ਼ੁਸ਼ੀ ਦਾ ਸਿਧਾਂਤ.

Benthamite, *n.* : ਇਸ ਅਸੂਲ ਨੂੰ ਮੰਨਣ ਵਾਲਾ, ਪੈਰੋਕਾਰ.

benthos, *n.* : (ਜੀਵ-ਵਿਗਿਆਨ) ਸਮੁੰਦਰੀ ਥੱਲੇ ਦੇ ਜੀਵ ਅਤੇ ਪੌਦੇ.

ben trovato [*It.*], *a.* : ਖ਼ੂਬ ਘੜਿਆ, ਖ਼ੂਬ ਸੋਚਿਆ ; ਜੇ ਸੱਚ ਨਹੀਂ ਤਾਂ ਖ਼ੂਬ ਤਾਂ ਹੈ.

benumb, *v. t.* : ਠੰਢ ਨਾਲ ਸੁੰਨ ਜਾਂ ਬੇਹੋਸ਼ ਜਾਂ ਨਿਕੰਮਾ ਕਰ ਦੇਣਾ; (ਦਿਮਾਗ਼ ਜਾਂ ਕੰਮ ਨੂੰ) ਨਕਾਰਾ ਕਰ ਦੇਣਾ, ਠਿਠਰਾਉਣਾ, ਸੁਸਤ ਕਰ ਦੇਣਾ, ਬੇਹੋਸ਼ ਕਰਨਾ, ਸੁੰਨ ਕਰਨਾ.

benzene, *n.* : ਇਕ ਖ਼ੁਸ਼ਬੂਦਾਰ ਚੀਜ਼ ਜਿਸ ਨਾਲ ਚਿੱਕੜ ਦੇ ਨਿਸ਼ਾਨ ਹਟਾਈਦੇ ਹਨ ; ਰਸਾਇਣ ਵਿਚ ਬੈਨਜ਼ੀਨ ਆਧਾਰ ਵਾਲੇ.

benzoin, *n.* : ਧੂਪ, ਜਾਵਾ ਦੇ ਇਕ ਰੁੱਖ ਤੋਂ ਨਿਕਲਣ ਵਾਲਾ ਖ਼ੁਸ਼ਬੂਦਾਰ ਗੂੰਦ.

benzoic, *a.* : ਧੂਪ ਗੂੰਦ ਸੰਬੰਧੀ, ਦਾ.

benzol(-ole), *n.* : = benzene.

bequeath, *v. t.* : ਵਸੀਅਤ ਕਰ ਜਾਣਾ, ਬਾਅਦ-ਮਰਗ ਛੱਡਣਾ; ਪੈਤ੍ਰਿਕ, ਪਿੱਛੇ ਰਹਿ ਜਾਣ ਵਾਲਿਆਂ ਵਾਸਤੇ ਲਈ ਛੱਡ ਜਾਣਾ (ਮਿਸਾਲ ਆਦਿ).

bequest, *n.* : ਵਿਰਸਾ, ਵਸੀਅਤ ਰਾਹੀਂ ਮਿਲਿਆ ਮਾਲ; ਸੰਕਲਪ, ਵਸੀਅਤ.

berate, *v. t.* : ਝਿੜਕਣਾ, ਝਾੜਨਾ, ਡਾਂਟਣਾ, ਖੁੰਬ ਠੱਪਣਾ, ਬੁਰਾ ਭਲਾ ਕਹਿਣਾ.

Berber, *n.* : ਉੱਤਰੀ ਅਫ਼ਰੀਕਾ ਦੀ ਇੱਕ ਨਸਲ ; ਬਰਬਰੀ ਨਸਲ ਦਾ ਆਦਮੀ.

berberry, *n.* : ਵੇਖੋ barberry.

bere, *n.* : ਜੌਂ ਕਿਸਮਾਂ ਦੇ ਜੌਂ.

bereave, *v. t.* : ਖੋਹ ਲੈਣਾ; ਲੈ ਲੈਣਾ (ਜੀਵਨ, ਉਮੀਦ ਆਦਿ); ਵਾਂਝਿਆਂ ਕਰਨਾ, ਖ਼ਾਲੀ ਕਰ ਦੇਣਾ; ਗੁਜ਼ਰ ਜਾਣਾ (ਕਿਸੇ ਨੇੜਲੀ ਰਿਸ਼ਤੇਦਾਰ ਦਾ).

bereavement, *n.* : ਸੋਗ, ਮਾਤਮ (ਮੌਤ ਉੱਤੇ).

berg, *n.* : = iceberg.

bergamot, *n.* : ਨਿੰਬੂ ਸੰਤਰੇ ਆਦਿ ਦੀ ਕਿਸਮ ਦਾ ਰੁੱਖ ; ਇਸ ਵਿਚੋਂ ਕੱਢੀ ਖ਼ੁਸ਼ਬੋ, ਸੁਗੰਧੀ.

bergamot, *n.* : ਨਾਸ਼ਪਾਤੀ ਦੀ ਕਿਸਮ ਦਾ ਫਲ.

bergschrund, *n.* : ਪਹਾੜ ਦੀ ਚੋਟੀ ਤੇ ਜਿਥੇ ਬਰਫ਼ ਦੇ ਤੋਦੇ ਵਿਚਲੀ ਵਿੱਥ.

berhyme, *v. t.* : (ਕਿਸੇ ਦੀਆਂ ਗੱਲਾਂ) ਤੁਕਾਂ ਜੋੜਨੀਆਂ, ਕਵਿਤਾ ਵਿਚ ਆਖਣਾ, ਤੁਕਬੰਦੀ ਕਰਨੀ.

beriberi, *n.* : ਹਿੰਦੁਸਤਾਨ ਦੀ ਇਕ ਖ਼ਤਰਨਾਕ ਬੀਮਾਰੀ ਜੋ ਜਲੋਧਰ ਦੇ ਰੋਗ ਨਾਲ ਮਿਲਦੀ ਹੈ ; ਸਰੀਰ ਵਿਚ ਪਾਣੀ ਭਰ ਜਾਣ ਦਾ ਰੋਗ.

Berkeleian, *a.* : Berkeley ਦਾ (ਬਿਸ਼ਪ ੧੬੮੫) ਜਾਂ ਉਸ ਦੇ ਸਿਧਾਂਤ (ਕਿ ਵਸਤੂਆਂ ਕੇਵਲ ਮਨ ਵਿਚ ਹਨ, ਹੋਂਦ ਨਹੀਂ) ਨੂੰ ਮੰਨਣ ਵਾਲਾ.

Berlin, *n.* & *a.* : [ਜਰਮਨੀ ਦੀ ਰਾਜਧਾਨੀ] ਚਾਰ ਪਹੀਆਂ ਵਾਲੀ ਬੱਘੀ, ਉੱਨ ਦੀ ਬੁਣਤੀ.

b. black : ਲੋਹੇ ਦਾ ਵਾਰਨਿਸ਼.

b. iron : ਖ਼ਾਸ ਕਿਸਮ ਦਾ ਢਾਲਿਆ ਹੋਇਆ ਲੋਹਾ.

b. warehouse : ਉੱਨ ਦੀ ਦੁਕਾਨ.

b. wool : ਰੰਗਦਾਰ ਉੱਨ ਜਿਸ ਤੋਂ ਸਵੈਟਰ ਆਦਿ ਉਣੀਦੇ ਹਨ.

berm, *n.* : ਖਾਈ ਤੇ ਕਿਲ੍ਹੇ ਦੀ ਕੰਧ ਦੇ ਵਿਚਕਾਰਲੀ ਪਟੜੀ.

Bernardine, *a.* & *n.* : = Cistercian.

berry, *n.* : ਬੇਰਾਂ ਵਰਗੇ ਕਈ ਰਸ ਭਰੇ ਫਲ, ਬੇਰ.

berth, *n.* : ਜਹਾਜ਼ ਵਿਚ ਲੰਗਰ ਪਾਉਣ ਵਾਲੀ ਥਾਂ; ਜਹਾਜ਼ ਜਾਂ ਗੱਡੀ ਵਿਚ ਸੌਣ ਦੀ ਥਾਂ; (ਕਿਸੇ ਚੀਜ਼ ਲਈ) ਠੀਕ ਥਾਂ; ਸੌਣ ਲਈ ਥਾਂ (ਜਹਾਜ਼ ਜਾਂ ਰੇਲ ਵਿਚ), ਨੌਕਰੀ, ਅਸਾਮੀ.

give wide b. to : ਟਾਲ ਦੇਣਾ, ਦੂਰ ਰਹਿਣਾ, ਬਚ ਕੇ ਰਹਿਣਾ.

berth, *v. t.* : (ਜਹਾਜ਼ ਆਦਿ ਨੂੰ) ਲੰਗਰ ਦਿਵਾਉਣਾ, (ਜਹਾਜ਼ ਨੂੰ) ਠੀਕ ਥਾਂ ਤੇ ਲਗਾਉਣਾ; ਸੌਣ ਵਾਲੀ ਥਾਂ ਦੇਣੀ (ਰੇਲ ਜਾਂ ਜਹਾਜ਼ ਵਿਚ), ਨਿਯੁਕਤ ਕਰਨਾ.

bertha, berthe, *n.* : ਗਲੇ ਦੇ ਦੁਆਲੇ ਲਮਕਦੀ ਝਾਲਰ.

Bertillon system, *n.* : ਦੋਸ਼ੀਆਂ ਨੂੰ ਸਰੀਰ ਦੀ ਮਿਣਤੀ ਰਾਹੀਂ ਲਭਣ ਦਾ ਤਰੀਕਾ.

beryl, *n.* : ਇਕ ਕੀਮਤੀ ਪੱਥਰ, ਜ਼ਮੁਰਦ ਆਦਿ.

beryllium, *n.* : ਇਕ ਧਾਤ, = glucinum.

beseech, *v. t.* : ਤਰਲੇ ਕਰਨੇ, ਮਿੰਨਤ ਕਰਨੀ, ਯਾਚਨਾ ਕਰਨੀ, ਬੇਨਤੀ ਕਰਨੀ.

beseeching, *a.* : ਮਿੰਨਤ ਭਰਿਆ, ਮਿੰਨਤਾਂ ਵਾਲਾ, ਤਰਲੇ.

beseechingly, *adv.* : ਮਿੰਨਤ ਨਾਲ, ਮਿੰਨਤਾਂ ਨਾਲ, ਆਜਜ਼ੀ ਨਾਲ, ਤਰਲਿਆਂ ਨਾਲ.

beseem, *v. t.* : (ਕਿਸ ਦੇ) ਲਾਇਕ ਹੋਣਾ, ਸੋਭਣਾ, ਫਬਣਾ.

beseemingly, *adv.* : ਫਬਦੇ ਢੰਗ ਨਾਲ.

beset, *v. t.* : ਘੇਰਾ ਪਾਉਣਾ, ਆ ਪੈਣਾ, ਟੁੱਟ ਕੇ ਆ ਪੈਣਾ; ਘੇਰ ਲੈਣਾ, ਚਾਰ ਚੁਫੇਰੇ ਹੋਣਾ, ਹੱਲਾ ਬੋਲਣਾ, ਕਾਬੂ ਆ ਜਾਣਾ.

besetting sin : ਆਦਤ ਬਣਿਆ ਪਾਪ, ਜਕੜਿਆ ਪਾਪ, ਲਾਗੂ ਪਾਪ.

besetment, *n.* : ਲੱਗੂ ਪਾਪ, ਕੁਟੇਵ, ਘੇਰਿਆ ਜਾਣਾ.

beshrew, *v. t.* : ਰੱਬ ਦੀ ਮਾਰ ਵਗਣੀ.

beside, *prep.* : ਇਕ ਪਾਸੇ, ਆਸ ਪਾਸ, ਨੇੜੇ ਤੇੜੇ, ਮੁਕਾਬਲੇ ਤੇ, ਨੇੜੇ, ਕੋਲ; ਟਾਕਰੇ ਤੇ, (ਗਿਣਤੀ ਦੇ ਲਿਹਾਜ਼ ਤੋਂ) ਬਾਹਰ.

be b. oneself : ਆਪੇ ਤੋਂ ਬਾਹਰ ਹੋਣਾ, ਭਾਵਨਾਵਾਂ ਤੋਂ ਕਾਬੂ ਖੋਣਾ (ਗੁੱਸੇ ਨਾਲ); ਹੋਸ਼ ਦਾ ਗੁਆਚਣਾ (ਖ਼ੁਸ਼ੀ ਨਾਲ).

besides, *adv.* & *prep.* : ਨਾਲੇ, ਇਸ ਤੋਂ ਬਿਨਾਂ, ਇਸ ਤੋਂ ਸਿਵਾ, ਹੋਰ ਇਸ ਤੋਂ.

besiege, *v. t.* : ਘੇਰਨਾ, ਘੇਰ ਲੈਣਾ, ਘੇਰਾ ਪਾਉਣਾ; ਭੀੜ ਕਰਨੀ; (ਅਰਜ਼ੀਆਂ ਜਾਂ ਮੰਗਾਂ ਦੀ) ਭਰਮਾਰ ਕਰ ਦੇਣੀ.

besieger, *n.* : ਘੇਰਾ ਘੱਤਣ ਵਾਲਾ.

beslaver, *v. t.* : ਥੁੱਕ ਨਾਲ ਭਰ ਦੇਣਾ, ਗੰਦਾ ਕਰਨਾ, ਹੱਦ ਦੀ ਖੁਸ਼ਾਮਦ ਕਰਨੀ.

beslobber, *v. t.* : =beslaver; ਬਹੁਤ ਚੁੰਮਣਾ, ਚੰਮਾ-ਚੱਟੀ ਕਰਨੀ.

beslubber, *v. t.* : =besmear.

besmear, *v. t.* : ਲੇਪ-ਪੋਚ ਕਰਨਾ, ਕਿਸੇ ਚੀਕਣੀ ਤੇ ਚਿਪਚਿਪੀ ਚੀਜ਼ ਨਾਲ ਲਿੰਬਣਾ, ਲਬੇੜਨਾ, ਪੋਚਣਾ, ਮਲਣਾ, ਗੰਦਾ ਕਰਨਾ, ਲਿਬੇੜਨਾ.

besmirch, *v. t.* : ਕਾਲਾ ਕਰਨਾ, ਕਾਲਖ ਲਾਉਣੀ, ਮੈਲਾ, ਗੰਦਾ ਕਰਨਾ, ਨਾਂ ਖਰਾਬ ਕਰਨਾ, ਸ਼ਾਨ ਮਾਰਨੀ, ਦੋਸ਼ ਲਾਉਣੇ.

besom, *n.* & *v. t.* : ਬਹੁਕਰ, ਬਹਾਰੀ, ਝਾੜੂ; ਬਹੁਕਰ ਫੇਰਨੀ, ਝਾੜੂ ਦੇਣਾ.

besot, *v. t.* : ਮੂੜ੍ਹ ਜਾਂ ਬਦਮਸਤ ਕਰ ਦੇਣਾ; (ਸ਼ਰਾਬ ਜਾਂ ਮਾਨਸਿਕ ਤੌਰ ਤੇ) ਪਾਗਲ ਬਣਾ ਦੇਣਾ.

besotted, *a.* : ਮਦਹੋਸ਼, ਨਸ਼ੇ ਵਿਚ.

besought : beseech ਦਾ ਭੂਤ ਕਾਲ ਤੇ ਕਾਰਦੰਤਕ.

bespangle, *v. t.* : ਸਿਤਾਰੇ ਜੜਨੇ, ਤਿੱਲੇ ਸਿਤਾਰੇ ਲਾਉਣੇ.

bespatter, *v. t.* : ਛਿੱਟਾਂ ਪਾਉਣੀਆਂ, ਚਿੱਕੜ ਲਾਉਣਾ, ਗੰਦਾ ਕਰਨਾ, ਗਾਲਾਂ ਦੀ ਬੁਛਾੜ ਕਰਨੀ, ਬਹੁਤ ਖੁਸ਼ਾਮਦ ਕਰਨੀ, ਗੱਲੀਂ ਭੰਡਣਾ.

bespeak, *v. t.* : (*past* -spoke) : ਪਹਿਲਾਂ ਹੀ ਕਹਿ ਛੱਡਣਾ; ਰਾਖਵਾਂ ਕਰਾਉਣਾ, ਸਾਈ ਦੇਣੀ, ਮੰਗਵਾਉਣਾ, ਸਲਾਹ ਕਰਨੀ, (ਕਾਈ) ਪ੍ਰਗਟ ਕਰਨੀ.

bespoke bootmaker : ਆਰਡਰ ਉੱਤੇ, ਸਾਈ ਲੈ ਕੇ ਜੁੱਤੀ ਬਣਾਉਣ ਵਾਲਾ.

besprent, *p. p.* & *a.* : (ਕਵਿਤਾ ਵਿਚ) ਸਿੰਜਿਆ ਹੋਇਆ, ਖਿਲਰਿਆ ਹੋਇਆ.

besprinkle, *v. t.* : ਛਿੜਕਾ ਕਰਨਾ, ਛਿੜਕਣਾ; ਖਿੰਡਾਉਣਾ.

Bessemer, *a.* & *n.* : B. process, ਉਹ ਤਰੀਕਾ ਜਿਸ ਨਾਲ ਲੋਹੇ ਨੂੰ ਪੰਘਾਰ ਕੇ ਉਸ ਵਿਚੋਂ ਕਾਰਬਨ ਤੇ ਹੋਰ ਸਿਲੀਕਾਨ ਫੂਕ ਦਿੱਤੇ ਜਾਂਦੇ ਹਨ.

B. iron, B. steel : ਉਪਰਲੇ ਤਰੀਕੇ ਨਾਲ ਬਣਾਇਆ ਲੋਹਾ ਤੇ ਫ਼ੌਲਾਦ.

best, *a.* & *adv.* (*superl.* of good, well) : ਵਧੀਆ, ਚੰਗੇ ਤੋਂ ਚੰਗਾ, ਸਭ ਤੋਂ ਚੰਗਾ, ਉੱਤਮ, ਉੱਚੇ ਦਰਜੇ ਦਾ, ਪਰਮ.

b. abused : ਸਭ ਤੋਂ ਵਧ ਬਦਨਾਮ.

one's b. girl : ਪ੍ਰੀਤਮਾ, ਮਹਿਬੂਬਾ, ਪਿਆਰੀ.

b. man : ਸਰਬਾਲਾ, ਲਾੜੇ ਦਾ ਸਾਥੀ.

b. seller : ਚੰਗੀ ਵਿਕਣ ਵਾਲੀ, ਆਮ-ਪਸੰਦ (ਕਿਤਾਬ ਆਦਿ).

at b. : ਵਧ ਤੋਂ ਵਧ, ਚੰਗੀ ਤੋਂ ਚੰਗੀ (ਹਾਲਤ ਵਿਚ).

be at one's b. : ਉੱਚੇ ਤੋਂ ਉੱਚੀ ਹਾਲਤ ਜਾਂ ਦਰਜੇ ਤੇ ਹੋਣਾ.

do one's b. : ਆਪਣੀ ਸਾਰੀ ਵਾਹ ਲਾਉਣੀ, ਟਿੱਲ ਲਾਉਣਾ.

have the b. of it : ਜਿੱਤਣਾ, ਕਾਬੂ ਪਾਉਣਾ (ਬਹਿਸ ਵਿਚ).

one's b., Sunday best : ਵਧੀਆ ਕਪੜੇ.

to the best of one's power, ability : ਜਿਥੋਂ ਤਕ ਹੋ ਸਕੇ, ਜਿੱਥੇ ਤਕ ਵਾਹ ਲੱਗੇ.

did it for the b. : ਭਲੇ ਲਈ ਕੀਤਾ ਸੀ.

the b. is the enemy of the good : ਪੂਰਨਤਾ ਉੱਤੇ ਜ਼ਿਆਦਾ ਜ਼ੋਰ ਦੇਣਾ ਚੰਗਿਆਈ ਦੀ ਤਰੱਕੀ ਰੋਕ ਦੇਂਦਾ ਹੈ.

bad is the b. : ਕਿਸੇ ਪਾਸਿਓਂ ਵੀ ਕਿਸੇ ਚੀਜ਼ ਦੀ ਉਮੀਦ ਨਹੀਂ.

make the b. of things : ਸੰਤੋਖ ਕਰੋ, ਜਿਵੇਂ ਕਿਵੇਂ ਡੰਗ ਟਪਾਓ.

put the best leg or foot foremost : ਤੇਜ਼ੀ ਤੇਜ਼ੀ ਪੈਰ ਪੁੱਟੋ, ਕਦਮ ਪੁੱਟੋ ਛੇਤੀ.

bestead, *v. t.* & *i.* : ਕੰਮ ਆਉਣਾ, ਮਦਦ ਕਰਨੀ, ਸਹਾਇਤਾ ਦੇਣੀ.

bested, *p. p.* : ਘਿਰਿਆ ਹੋਇਆ, ਫਸਿਆ ਹੋਇਆ (ਮੁਸ਼ਕਲਾਂ ਵਿਚ); ਸਮਾਸ ਵਿਚ, ਜਿਵੇਂ sore-bested, hard-bested, ਮਾੜਾ ਫਸਿਆ.

bestial, *a.* : (beast ਤੋਂ) ਪਸ਼ੂਆਂ ਦਾ, ਪਸ਼ੂਆਂ ਵਰਗਾ; ਵਹਿਸ਼ੀ, ਜੰਗਲੀ, ਵਿਸ਼ੱਈ, ਲੁੱਚਾ, ਗੰਦਾ, ਬਦਕਾਰ.

bestiality, *n.* : ਪਸ਼ੂਪੁਣਾ, ਬਦਕਾਰੀ, ਲੁੱਚਪੁਣਾ.

bestialize, *v. t.* : ਪਸ਼ੂ ਬਣਾਉਣਾ, ਆਚਰਣ ਵਿਗਾੜਨਾ.

bestially, *adv.* : ਪਸ਼ੂਆਂ ਵਾਂਗ, ਵਹਿਸ਼ੀਪੁਣੇ ਨਾਲ.

bestiary, *n.* : ਮੱਧ-ਕਾਲਿਕ ਪੁਸਤਕ ਜਿਸ ਵਿਚ ਜਾਨਵਰਾਂ ਦੀਆਂ ਕਹਾਣੀਆਂ ਤੇ ਸਿੱਖਿਆ ਦਿੱਤੀ ਜਾਵੇ, ਜਿਵੇਂ ਅਨਵਾਰ ਸੁਹੇਲੀ ਤੇ ਪੰਚ-ਤੰਤਰ.

bestir, *v. refl.* : ਹੱਥ-ਪੈਰ ਮਾਰਨੇ, ਦੌੜ-ਭੱਜ ਕਰਨੀ, ਉੱਦਮ ਕਰਨਾ; ਹਿੰਮਤ ਵਿਖਾਉਣੀ; ਜਗਾਉਣਾ, ਉਠਾਲਣਾ.

bestow, *v. t.* : ਰਖਣਾ; ਦੇਣਾ, ਬਖਸ਼ਣਾ.

bestowal, *n.* : ਬਖਸ਼ੀ ਚੀਜ਼, ਬਖਸ਼ੀਸ਼, ਇਨਾਮ, ਦਾਤ.

bestrew, *v. t.* : ਖਿੰਡਾਉਣਾ, ਖਿਲਾਰਨਾ, ਛਿੜਕਣਾ.

bestride, *v. t.* : ਚੜ੍ਹਨਾ, ਸਵਾਰ ਹੋਣਾ, ਸਵਾਰੀ ਕਰਨੀ, ਲੱਤਾਂ ਚੌੜੀਆਂ ਕਰ ਕੇ ਖਲੋਣਾ.

bet, *n.* & *v. i.* & *t.* : ਸ਼ਰਤ, ਬਾਜ਼ੀ, ਦਾਅ; ਬਾਜ਼ੀ ਲਾਉਣੀ, ਸ਼ਰਤ ਲਾਉਣੀ, ਜੂਆ ਖੇਡਣਾ.

betting-book : ਘੁੜ-ਦੌੜ ਦੀਆਂ ਸ਼ਰਤਾਂ ਲਿਖਣ ਲਈ ਕਿਤਾਬ, ਸ਼ਰਤ-ਬਹੀ.

I bet / you bet : ਸੱਚ ਜਾਣੋ, ਯਕੀਨ ਜਾਣੋ.

beta, *n.* : ਯੂਨਾਨੀ ਵਰਣਮਾਲਾ ਦਾ ਦੂਜਾ ਅੱਖਰ, ਜਾਂਚਾਂ ਦੇ ਨੰਬਰ ਵਿਚ ਦੂਜਾ ਤਾਰਾ; ਜਮਾਤ ਵਿਚ ਦੂਜਾ.

betake, *v. refl.* : (ਕੋਈ ਤਰੀਕਾ ਜਾਂ ਜਗ੍ਹਾ) ਅਖਤਿਆਰ ਕਰਨਾ, ਵਰਤਨਾ; ਜਾਣਾ.

betel, *n.* : ਪਾਨ.

b.-leaf : ਪਾਨ ਦਾ ਪੱਤਰ.

b.-nut : ਸੁਪਾਰੀ; ਦੇਖੋ areca-nut.

bête noire [F]. : ਹਊਆ.

bethel, *n.* : ਪੂਜਾ-ਅਸਥਾਨ, ਧਾਰਮਕ ਥਾਂ; ਈਸਾਈ ਮੱਤ ਦੇ ਗੈਰ-ਰਵਾਇਤੀ ਫਿਰਕੇ (nonconformist) ਦਾ ਗਿਰਜਾ, ਮਲਾਹਾਂ ਲਈ ਗਿਰਜਾ.

bethesda, *n.* : ਗੈਰ-ਰਵਾਇਤੀ ਈਸਾਈਆਂ ਦਾ ਗਿਰਜਾ.

bethink, *v. refl.* : ਯਾਦ ਆਉਣਾ, ਸੋਚਣਾ, ਵਿਚਾਰਨਾ, ਦਿਲ ਵਿਚ ਆਉਣਾ.

betide, *v. i.* & *t.* : ਹੋਣਾ, ਵਾਪਰਨਾ, ਬੀਤਣਾ, ਪੇਸ਼ ਆਉਣਾ, ਆ ਪੈਣਾ.

betimes, *adv.* : ਸਵੇਰੇ, ਸੁਵੱਖਤੇ, ਵੇਲੇ ਸਿਰ, ਪਹਿਲਾਂ, ਛੇਤੀਂ ਛੇਤੀਂ.

betoken, *v. t.* : ਲੱਛਣ, ਨਿਸ਼ਾਨੀਆਂ ਦੱਸਣੀਆਂ, ਦੱਸਣਾ, ਸੁਝਾਉਣਾ.

betook : betake ਦਾ ਭੂਤ ਕਾਲ.

betray, *v. t.* : ਬੇਵਫ਼ਾਈ ਕਰਨੀ, ਦਗ਼ਾ ਕਮਾਉਣਾ, ਧੋਖਾ ਦੇਣਾ, ਧ੍ਰੋਹ ਕਮਾਉਣਾ, ਵਿਸ਼ਵਾਸ ਤੋੜਨਾ, ਦਗ਼ਾ ਕਰਨਾ, ਧੋਖੇ ਨਾਲ ਫੜਾਉਣਾ, ਵਿਸ਼ਵਾਸ-ਘਾਤ ਕਰਨਾ, ਭੇਤ ਖੋਲ੍ਹਣਾ ਜਾਂ ਦੱਸ ਦੇਣਾ; ਕੁਰਾਹੇ ਪਾਉਣਾ; ਨੀਤ ਜਾਂ ਹੋਣਿਆਂ ਦੀ ਦੱਸ ਪਾਉਣਾ, ਭਲੇ-ਬੁਰੇ ਕੋਈ ਗੱਲ ਦੱਸੀ ਜਾਣੀ.

betrayal, *n.* : ਦਗ਼ਾ, ਧੋਖਾ, ਬੇਵਫ਼ਾਈ, ਗ਼ੱਦਾਰੀ, ਧ੍ਰੋਹ.

betrayer, *n.* : ਦਗ਼ਾ, ਧੋਖਾ, ਬੇਵਫ਼ਾਈ ਕਰਨ ਵਾਲਾ, ਧ੍ਰੋਹੀ.

betroth, *v. t.* : ਮੰਗਣ ਲਾਉਣਾ, ਮੰਗਣੀ ਕਰਨੀ, ਕੁੜਮਾਈ ਕਰਨੀ.

betrothal, *n.* : ਮੰਗਣੀ, ਕੁੜਮਾਈ, ਸ਼ਗਨ.

betrothed, *a.* & *n.* : ਮੰਗਿਆ ਗਿਆ, ਜਿਸ ਦੀ ਕੁੜਮਾਈ ਹੋ ਗਈ ਹੋਵੇ; ਮੰਗੇਤਰ.

better, *a.* *adv.* & *n.* (comp. of good or well) : ਚੰਗੇਰਾ, ਭਲੇਰਾ, ਦੂਜੇ ਨਾਲੋਂ ਚੰਗਾ, ਵਧੀਆ.

b. off : ਵਧੇਰੇ ਸੁਖੀ, ਚੰਗੇਰੇ ਗੁਜ਼ਾਰੇ ਵਾਲਾ.

b. than one's word : ਕੀਤੇ ਇਕਰਾਰ ਤੋਂ ਵਧ ਕੇ ਕਰ ਵਿਖਾਉਣ

ਵਾਸਤੇ.

be better, get b. : ਠੀਕ ਅਗੇ ਨਾਲੋਂ ਰਾਜ਼ੀ ਹੋਣਾ.

for b. for worse : ਹਰ ਹਾਲਤ ਵਿਚ.

get the b. of : ਜਿੱਤ ਲੈਣਾ, ਮਾਤ ਦੇਣਾ.

had better : ਚੰਗਾ ਹੋਵੇਗਾ ਜੇ.

one's better : ਆਪਣੇ ਨਾਲੋਂ ਅਧਿਕ ਯੋਗ.

one's better half : ਇਸਤਰੀ, ਪਤਨੀ.

one's bb. : ਆਪਣੇ ਤੋਂ ਉੱਚੇ ਦਰਜੇ ਦੇ ਲੋਕ.

think better of it : ਵਿਚਾਰ ਜਾਂ ਨਿਸ਼ਚਾ ਬਦਲਣਾ.

know better : (ਕਿਸੇ ਗੱਲ ਨੂੰ ਮੰਨਣ ਤੋਂ ਨਾਂਹ ਕਰਦਿਆਂ) ਮੈਂ ਚੰਗੀ ਤਰ੍ਹਾਂ (ਅਸਲੀਅਤ) ਜਾਣਦਾ ਹਾਂ.

he goes one b. : ਉਹ ਚਾਰ ਕਦਮ ਅੱਗੇ ਹੈ.

better, *v. t. & i.* : ਚੰਗੇਰਾ ਬਣਾਉਣਾ, ਸੁਧਾਰ ਕਰਨਾ; (ਕਿਸੇ ਨਾਲੋਂ) ਵਧ ਜਾਣਾ.

b. oneself : ਉੱਨਤੀ ਕਰਨੀ, ਚੰਗੇ ਥਾਂ ਤੇ ਜਾਣਾ.

betterMENT : ਵਿਹਤਰੀ, ਤਰੱਕੀ, ਸੁਧਾਰ, ਉੱਨਤੀ, ਵਾਧਾ.

better, **bettor**, *n.* : ਸ਼ਰਤਬਾਜ਼, ਸ਼ਰਤ ਲਾਉਣ ਵਾਲਾ, ਬਾਜ਼ੀ ਲਾਉਣ ਵਾਲਾ.

between, *prep. & adv.* : ਵਿਚ, ਅੰਦਰ, ਦਰਮਿਆਨ, ਵਿੱਚ-ਵਿੱਚ, ਵਿਚਾਲੇ.

b. devil & deep sea : ਕਿਸੇ ਪਾਸੇ ਚੰਗਾ ਨਾ ਹੋਣਾ, ਸੱਪ ਦੇ ਮੂੰਹ ਕੋੜ੍ਹ-ਕਿਰਲੀ.

b.-maid : ਵਿਚਲੀ ਨੌਕਰਾਣੀ, ਜੋ ਦੋ ਹੋਰਨਾਂ ਨੌਕਰਾਂ ਦਾ ਕੰਮ ਕਰਦੀ.

b. two stools : ਦੁਬਿਧਾ ਵਿਚ, ਦੁਚਿੱਤਾ ਹੋਣਾ.

b. whiles : ਵਿਚ ਵਿਚ, ਕਿਤੇ ਕਿਤੇ ਕਦੀ.

b. you and me }
b. ourselves } : ਇਹ ਗੱਲ ਸਾਡੇ ਵਿਚ ਹੀ ਰਹੇ, ਕਿਸੇ ਨੂੰ ਦੱਸਣੀ ਨਹੀਂ, ਆਪਣੇ ਮਿੱਤ੍ਰਾਂ ਵਿਚ ਰਹਣੀ.

far b. : ਵਿਰਲੇ ਵਿਰਲੇ.

go-b. : ਵਿਚੋਲਾ, ਦਲਾਲ, ਏਜੰਟ.

stand b. : ਪੱਖ ਕਰਨਾ, ਵਿਚੋਲਾ ਬਣਨਾ.

b. wind & water : ਖ਼ਤਰਨਾਕ ਹਾਲਤ ਵਿਚ.

betwixt, *prep. & adv.* : = between.

bevel, *n. & v. t. & i.* : ਮਿਸਤ੍ਰੀਆਂ ਦਾ ਗੁਣੀਆਂ, ਧੈਪਰ, (ਵਿਸ਼ਕ ਗੱਲ ਦੀ) ਢਾਲ ਦੇਣੀ ਜਾਂ ਬਣਾਉਣੀ.

b.-edge : ਕਣੀ ਦੇ ਵੱਢੇ ਕਾਰ.

b.-wheels : ਦੰਦਿਆਂਦਾਰ ਪਹੀਏ.

beverage, *n.* : ਸ਼ਰਬ, ਸ਼ਰਬਤ ਆਦਿ ਪੀਣ ਵਾਲੀ ਚੀਜ਼.

bevy, *n.* : ਪਰ੍ਹਾ, ਝੁੰਡ, ਜੁਰਮਟ, ਆਜੜ, ਟੋਲਾ, ਇੱਜੜ.

bewail, *v. t. & i.* : (ਕਿਸੇ ਦਾ) ਸੋਗ ਮਨਾਉਣਾ, ਅਫ਼ਸੋਸ ਕਰਨਾ; ਰੋਣਾ, ਕੁਰਲਾਉਣਾ, ਹੱਥ ਮਲਣਾ.

beware, *v. t. & i.* : ਚੇਤਨਾ, ਖ਼ਬਰਦਾਰ ਰਹਿਣਾ, ਚੌਕਸ ਹੋਣਾ, ਚੁਕੰਨੇ ਹੋਣਾ.

bewilder, *v. t.* : ਭੰਬਲਭੂਸੇ ਪਾਉਣਾ, ਹੈਰਾਨ ਕਰਨਾ, ਮੱਤ ਮਾਰ ਦੇਣੀ, ਹੋਸ਼ ਭੁਲਾ ਦੇਣੀ, ਘਬਰਾ ਦੇਣਾ.

b.ED, *a.* : ਭੰਬਲਭੂਸਿਆ ਹੋਇਆ, ਵਿਆਕੁਲ.

bewilderINGLY, *adv.* : ਹੈਰਾਨੀ ਨਾਲ, ਘਾਬਰ ਕੇ.

bewilderMENT, *n.* : ਘਾਬਰ, ਹੈਰਾਨੀ, ਵਿਆਕੁਲਤਾ.

bewitch, *v. t.* : ਜਾਦੂ ਟੂਣਾ ਕਰਨਾ, ਲੁਭਾਉਣਾ, ਮੋਹਣਾ, ਰਿਝਾਉਣਾ.

bewitchING, *a.* : ਮਨ-ਮੋਹਣਾ, ਜਾਦੂ-ਭਰਿਆ, ਦਿਲ ਖਿਚਵਾਂ, ਲੁਭਾਇਮਾਨ.

bewitchINGLY, *adv.* : ਮਨ-ਮੋਹਕ ਢੰਗ ਨਾਲ, ਜਾਦੂ ਵਾਲੇ ਅਸਰ ਨਾਲ, ਜਾਦੂ ਭਰੇ ਤਰੀਕੇ ਨਾਲ.

bewitchMENT, *n.* : ਲੁਭਾਇਮਾਨਤਾ.

bewray, *v. t.* : ਅਚੇਤ ਭੇਤ ਖੋਲ੍ਹਣਾ, ਅੰਧਿਆਂ ਦੀ ਤਰ੍ਹਾਂ ਭੇਤ ਦੇਣਾ.

bey, *n.* : ਤੁਰਕੀ ਗੁਵਰਨਰ.

beyond, *adv., prep. & n.* : ਪਰਲੇ ਪਾਸੇ, ਪਾਰ; ਪਰ੍ਹੇ, ਪਰਤ; ਸੀਮਾ ਪਰੇ.

the back of b. : ਦੁਨੀਆਂ ਦਾ ਅਖੀਰੀ ਸਿਰਾ.

the b. : ਪਰਲੋਕ, ਮੌਤ ਮਗਰੋਂ, ਅਗਲਾ ਜਹਾਨ.

b. measure : ਅਮਿੱਤ, ਹੱਦੋਂ ਬਾਹਰ.

bezel, *n.* : ਤਰਾਸ਼ੇ ਹੋਏ ਹੀਰੇ ਦੀ ਛੱਤ ਦਾ ਇਕ ਪਾਸਾ, ਛੱਲੀ ਦਾ ਚਾਕਦਾ ਪਾਸਾ, ਘੜੀ ਦਾ ਸ਼ੀਸ਼ਾ ਜਾਂ ਮੋਤੀ ਆਦਿ ਜੜ੍ਹਣ ਲਈ ਥਣੀ ਥਾਂ, ਖ਼ਾਨਾ.

bezique, *n.* : ਤਾਸ਼ ਦੀ ਇਕ ਖੇਡ, ਬਿਜ਼ੀਕ.

bezoar, *n.* : ਜ਼ਹਿਰ-ਮੁਹਰਾ.

bhang [Hindi], *n.* : ਭੰਗ, ਸੁੱਖਾ.

addicted to b. : ਭੰਗੀ, ਨਸ਼ਈ.

bhisti [Urdu], *n.* : ਭਿਸ਼ਤੀ, ਮਾਸ਼ਕੀ.

bhoosa [Hindi], *n.* : ਤੂੜੀ, ਤੂੜੀ.

bias, *n.* : ਕੱਪੜੇ ਦਾ ਤਿਰਛਾ ਰੁਖ, ਟੇਢੀ ਦਿਸ਼ਾ, ਮਨ ਦਾ (ਪੱਖਪਾਤੀ) ਝੁਕਾਅ, ਰੁਚੀ, ਪੱਖ-ਪਾਤਕੀ, ਤਰਫ਼ਦਾਰੀ, ਤਅੱਸਬ.

cut on the b. : ਟੇਢਾ ਕਰਨਾ, ਤਿਰਛੀ ਕਾਟ ਕਰਨੀ.

bias, *v. t.* : ਅਣਗਿਣਤ ਅਸਰ ਪਾਉਣਾ, ਪੱਖ ਪਾਲਣਾ, ਪੱਖੀ ਕਰਨੀ.

biaxial, *a.* : ਦੋ-ਧੁਰਾ, ਦੋ ਧੁਰਿਆਂ ਵਾਲਾ.

bib, *v. i.* : ਸ਼ਰਾਬ ਸਰਾਬ ਪੀਣੀ.

bib, *n.* : ਛੋਟੇ ਬੱਚੇ ਦੀ ਠੋਡੀ ਥਲੇ ਬੰਨ੍ਹਣ ਵਾਲਾ ਕੱਪੜਾ ਜਿਸ ਕਰਕੇ ਮੂੰਹ ਦੇ ਕਪੜੇ ਖ਼ਰਾਬ ਨਹੀਂ ਹੁੰਦੇ, ਖਰ-ਪੱਟ, ਕੰਮ ਵੇਲੇ ਕੱਪੜੇ ਬਚਾਉਣ ਲਈ ਬੰਧਾ ਕਪੜਾ, ਬਿਬਣੀ.

bib, *n.* : ਇਕ ਤਰ੍ਹਾਂ ਦੀ ਮੱਛੀ.

bibasic, *a.* : ਦੋਹਰੀ ਜਾਂ ਜਿਸ ਪਦਾਰਥ ਦੀਆਂ ਦੋ ਬੇਸਿਕਤਾਂ ਹੋਣ ਵਾਲਾ.

bibber, *n.* **bibbing** *n. & a.* : ਸ਼ਰਾਬੀ, ਸ਼ੌਕੀ.

Bible, *n.* : ਅੰਜੀਲ, ਤੌਰੇਤ (ਪੁਰਾਤਨ ਅੰਸ਼) ਅਤੇ ਅੰਜੀਲ (ਨਵੀਂ ਸ਼ਾਖਾ), ਈਸਾਈਆਂ ਦੀ ਧਾਰਮਕ ਪੁਸਤਕ.

B.-oath : ਅੰਜੀਲ ਚੁਕਣੀ (ਸਹੁੰ ਦੇ ਤੌਰ ਤੇ).

B.-reader : ਜੋ ਘਰ ਜਾ ਕੇ ਅੰਜੀਲ ਪੜ੍ਹ ਕੇ ਸੁਣਾਉਂਦਾ ਵਾਲਾ.

B. Christian : ਇਕ ਕਿਸਮ ਦੇ ਈਸਾਈ ਦਾ ਇਕ ਫ਼ਿਰਕਾ.

B. clerk : ਔਕਸਫੋਰਡ ਦਾ ਵਿਦਿਆਰਥੀ ਜੋ ਗਿਰਜੇ ਵਿਚ ਅੰਜੀਲ ਪੜ੍ਹ ਕੇ ਸੁਣਾਉਂਦਾ ਹੈ.

biblical, *a.* : ਅੰਜੀਲ ਦਾ, ਸੰਬੰਧੀ, ਜੋ ਅੰਜੀਲ ਵਿਚ ਆਇਆ ਹੋਇਆ.

bibliography, *n.* : ਪੁਸਤਕ-ਸੂਚਨਾ, ਗ੍ਰੰਥ-ਸੂਚੀ (ਜਿਸ ਵਿਚ ਕਿਤਾਬਾਂ ਦਾ ਇਤਿਹਾਸ, ਉਨ੍ਹਾਂ ਦੇ ਲੇਖਕਾਂ ਦੇ ਨਾਂ ਤੇ ਐਡੀਸ਼ਨ ਆਦਿ ਹੋਣ), ਕਿਸੇ ਲੇਖਕ, ਪਰਕਾਸ਼ਕ, ਵਿਸ਼ੇ, ਜਾਂ ਦੌਰ ਦੀਆਂ ਕਿਤਾਬਾਂ ਦੀ ਸੂਚੀ, ਸਹਾਇਕ ਪੁਸਤਕ-ਸੂਚੀ.

bibliolater, *n.* : ਗ੍ਰੰਥ-ਪੂਜ, ਕਿਤਾਬਾਂ ਦਾ ਪੁਜਾਰੀ, ਅੰਜੀਲ ਦਾ ਸ਼ਰਧਾਲੂ.

bibliolatrous, *a.* : ਗ੍ਰੰਥ-ਪੂਜ.

bibliolatry, *n.* : ਗ੍ਰੰਥ-ਪੂਜਾ, ਪੁਸਤਕ-ਪੂਜਾ, ਕਿਤਾਬਾਂ ਦੀ ਪੂਜਾ.

bibliomania, *n.* : ਪੁਸਤਕੀ ਸ਼ੁਦਾ, ਕਿਤਾਬੀ ਸ਼ੌਕ, ਕਿਤਾਬਾਂ ਕੱਠੀਆਂ ਕਰਨ ਦਾ ਖ਼ਬਤ, ਜਨੂਨ.

bibliomaniac, *n.* : ਜਿਸ ਨੂੰ ਕਿਤਾਬਾਂ ਕੱਠੀਆਂ ਕਰਨ ਦਾ ਸ਼ੁਦਾ ਜਾਂ ਵਧੇਰੇ ਸ਼ੌਕ ਹੋਵੇ, ਕਿਤਾਬੀ ਖ਼ਬਤ ਵਾਲਾ.

bibliophil(e), *n.* : ਪੁਸਤਕ-ਪ੍ਰੇਮੀ, ਕਿਤਾਬਾਂ ਦਾ ਸ਼ੌਕੀ, ਪਿਆਰਾ.

bibliophilism, *n.* : ਕਿਤਾਬਾਂ ਦਾ ਮੋਹ, ਪਿਆਰ.

bibliophilist, *n.* : ਕਿਤਾਬਾਂ ਦਾ ਸ਼ੌਕੀ.

bibliopole, *n.* : ਪੁਰਾਣੀਆਂ ਕਿਤਾਬਾਂ ਦਾ ਵਪਾਰੀ, ਅਲੱਭ ਕਿਤਾਬਾਂ ਵੇਚਣ ਵਾਲਾ.

bibliopoly, *n.* : ਅਲੱਭ ਕਿਤਾਬਾਂ ਦਾ ਵਪਾਰ.

bibulous, *a.* : ਸ਼ਰਾਬੀ, ਮਤਵਾਲੀ; ਪਾਣੀ-ਚੂਸ, ਪਾਣੀ-ਸੋਖ.

bicameral, *a.* : ਦੋ-ਮਜਲਸੀ, ਦੁਸਦਨਾ, ਦੋ ਸਦਨਾਂ ਵਾਲੀ (ਪਾਰਲੀਮੈਂਟ), ਦੋ-ਖਣਾ.

bicarbonate, *n.* : (ਕੈਮਿਸਟਰੀ) ਬਾਈਕਾਰਬੋਨੇਟ, ਉਹ ਲੂਣ ਜਿਨ੍ਹਾਂ ਵਿਚ ਦੋ ਹਿੱਸੇ ਕਾਰਬਨ ਤੇ ਚਾਰ ਹਿੱਸੇ ਔਕਸੀਜਨ ਹੁੰਦੀ ਹੈ.

bice, *a.* : ਪੀਲਾ ਨੀਲਾ ਜੋ ਹਲਕਾ ਹੋਵੇ.

bicentenary, *a.* & *n.* : ਦੋ-ਸੌ-ਸਾਲਾ ਬਰਸੀ, ਦੋ ਸੌ ਸਾਲ ਪਿੱਛੋਂ ਮਨਾਈ ਜਾਣ ਵਾਲੀ ਬਰਸੀ; ਦੋ-ਸੌ-ਸਾਲਾ ਸਬੰਧੀ.

bicentennial, *a.* & *n.* : ਦੋ-ਸੌ-ਸਾਲਾ, ਦੋ ਸੌ ਸਾਲ ਚਲਣ ਵਾਲਾ ਜਾਂ ਦੋ ਸੌ ਸਾਲ ਮਗਰੋਂ ਆਉਣ ਵਾਲਾ.

bicephalous, *a.* : ਦੋ-ਸਿਰਾ, ਦੋ ਸਿਰਾਂ ਵਾਲਾ.

biceps, *n.* : ਡੌਲਾ, ਦੋ-ਸਿਰਾ ਪੱਠਾ; ਤਾਕਤ, ਜ਼ੋਰ.

bichloride, *n.* : ਉਹ ਚੀਜ਼ ਜਿਸ ਵਿਚ ਧਾਤ ਨਾਲ ਕਲੋਰੀਨ ਦੇ ਦੋ ਹਿੱਸੇ ਮਿਲੇ ਹੁੰਦੇ ਹਨ.

bichromate, *n.* : ਅਜਿਹਾ ਲੂਣ ਜਿਸ ਵਿਚ ਦੋ ਹਿੱਸੇ ਕਰੋਮਿਕ ਐਸਿਡ ਦੇ ਹੋਣ.

bicker, *v. i.* : ਝਗੜਨਾ, ਕਜੀਆ ਕਰਨਾ; (ਬਰਖਾ ਦਾ) ਰੌਲਾ ਪਾਉਂਦਿਆਂ ਵਗਣਾ, (ਲਾਟ ਜਾਂ ਰੌਸ਼ਨੀ ਦਾ) ਲਿਸ਼ਕਣਾ.

biconcave, *a.* : ਦੋ-ਨਤੋਦਰ, ਦੁਵੱਲੀ ਨਤੋਦਰ.

bicuspid, *a.* & *n.* : (ਦੰਦ) ਦੋ-ਨੁਕਰਾ.

bicycle, *n.* & *v. i.* : ਬਾਈਸਿਕਲ, ਪੈਰਾਂ ਨਾਲ ਚਲਾਉਣ ਵਾਲੀ ਦੋ-ਪਹੀਆ ਗੱਡੀ; ਬਾਈਸਿਕਲ ਚਲਾਉਣਾ.

bid, *v. t.* & *i.* : ਹੁਕਮ ਦੇਣਾ, ਆਗਿਆ ਕਰਨਾ; ਸੱਦਾ ਦੇਣਾ (ਜਾਂ ਆਇਆਂ ਨੂੰ ਜੀ ਆਇਆਂ ਕਹਿਣਾ); ਸੌਦਾ ਕਰਨਾ, ਮੁੱਲ ਲਾਉਣਾ, ਨਿਲਾਮੀ ਵਿਚ ਬੋਲੀ ਦੇਣੀ, ਕੀਮਤ ਪਾਉਣੀ, ਐਲਾਨ ਕਰਨਾ (ਵਿਆਹ ਦਾ).

bidden guest : ਸੱਦਿਆ ਹੋਇਆ ਪ੍ਰਾਹੁਣਾ.

do as you are bid : ਤੁਹਾਨੂੰ ਜਿਵੇਂ ਕਿਹਾ ਗਿਆ ਹੈ.

bid fair to ... : ਚੰਗੇ ਸਫਲ ਦੀ ਉਮੀਦ ਦੇਣੀ.

bidding prayer : ਲੋਕਾਂ ਨੂੰ ਅਰਦਾਸ ਦਾ ਸੱਦਾ ਦੇਣਾ.

bidder, *n.* : ਬੋਲੀ ਦੇਣ ਵਾਲਾ.

bid, *n.* : (ਨੀਲਾਮੀ ਦੀ) ਬੋਲੀ.

make a b. for : ਲੈਣ ਦਾ ਜਤਨ ਕਰਨਾ.

biddable, *a.* : ਆਗਿਆਕਾਰ, ਆਖੇ ਲਗਣ ਵਾਲਾ.

bidding, *n.* : (ਨੀਲਾਮੀ ਵਿਚ) ਬੋਲੀ; ਹੁਕਮ, ਆਗਿਆ.

bide, *v. t.* & *i.* : (abide ਦਾ ਪੁਰਾਤਨ ਰੂਪ) ਅਗਿਆ ਮੰਨਣੀ, ਕਾਇਮ ਰਹਿਣਾ.

b. one's time : ਸਮਾਂ ਤਾੜਨਾ, ਚੰਗੇ ਮੌਕੇ ਦੀ ਉਡੀਕ ਵਿਚ ਰਹਿਣਾ.

biennial, *a.* : ਦੋ-ਸਾਲਾ, ਦੋ-ਬਰਸੀ; ਦੁਵਰ੍ਹਿਆਈ ਬੂਟਾ, ਜੋ ਇਕ ਸਾਲ ਉਗਦਾ ਹੈ, ਤੇ ਦੂਜੇ ਸਾਲ ਫੁੱਲ ਤੇ ਫਲ ਦੇ ਕੇ ਮਰ ਜਾਂਦਾ ਹੈ.

biennially, *adv.* : ਹਰ ਦੂਜੇ ਸਾਲ.

bier, *n.* : ਅਰਥੀ, ਬਿਬਾਣ, ਜਨਾਜ਼ਾ, ਤਖ਼ਤਾ, ਜਿਸ ਵਿਚ ਮੁਰਦੇ ਨੂੰ ਮਸਾਣਾਂ ਵਲ ਲਿਜਾਂਦੇ ਹਨ.

biff, *n.* & *v. t.* : (ਆਮਬੋਲੀ ਬੋਲੀ) ਥੱਪੜ, ਚਪੇੜ, ਮੁੱਕਾ, ਘਸੁੰਨ ਮਾਰਨਾ, ਥੱਪੜ ਠੋਕਣੀ.

biffin, *n.* : ਗੂੜ੍ਹੇ ਲਾਲ ਰੰਗ ਦਾ ਸੇਬ (ਜੋ ਪਕਾਇਆ ਜਾਂਦਾ ਹੈ).

bifid, *a.* : ਦੁਫਾੜ, ਦੋ ਹਿੱਸਿਆਂ ਵਿਚ ਵੰਡਿਆ ਹੋਇਆ.

bifocal, *a.* : ਦੋ-ਫੋਕਸੀ, ਦੂਹਰੇ ਸ਼ੀਸ਼ੇ ਵਾਲੀ (ਐਨਕ).

bifoliate, *a.* : ਦੋ-ਪੱਤੀਆ, ਦੋ ਪੱਤਿਆਂ ਵਾਲਾ, ਦੁਪੱਤਾ.

bifurcate, *v. t.* & *i.* : ਦੁਸਾਂਗਾ, ਦੁਫਾੜਨਾ, ਦੋ ਸ਼ਾਖਾਂ ਵਿਚ ਵੰਡਣਾ, ਦੁਫਾੜ ਕਰਨਾ ਜਾਂ ਹੋਣਾ.

bifurcation, *n.* : ਦੁਫਾੜ, ਦੁਸਾਂਗ, ਦੋ ਸ਼ਾਖਾਂ ਵਿਚ ਵੰਡੀਜ, ਵੰਡੀਜਣ ਦੀ ਥਾਂ, ਵੰਡ.

big, *a.* & *adv.* : ਵੱਡਾ, ਵੱਡੀ ਉਮਰ ਦਾ, ਕੁਰਬ ਵਾਲਾ, ਭਰੀ ਭਰੂੰਨੀ, ਗਰਭ-ਵਤੀ, ਜਾਂ ਕਿਸੇ ਚੀਜ਼ ਨਾਲ ਭਰਿਆ ਹੋਇਆ; ਖ਼ਾਸ, ਜ਼ਰੂਰੀ.

bigger : ਵਡੇਰਾ.

biggest : ਸਭ ਤੋਂ ਵੱਡਾ, ਵੱਡੇ ਤੋਂ ਵੱਡਾ.

bigwig : ਵੱਡਾ ਆਦਮੀ, ਮੁਖੀਆ, ਵਡਾ ਪੁ.

b. with young : ਗਰਭ-ਵਤੀ. big bellied : ਗਰਭ-ਵਤੀ.

b. with fate : ਚੰਗੀ ਭਾਗ ਪ੍ਰਗਟ ਵਾਲੇ.

b. with news : ਕਿਸੇ ਖ਼ਬਰ ਨਾਲ ਅਫਰਿਆ ਪਿਆ.

get, grow, too b. for one's boots : ਸ਼ੇਖੀ ਵਿਚ ਆ ਕੇ ਵੱਡਾ ਬਣ ਬਹਿਣਾ, ਫਿਟ ਜਾਣਾ, ਹੰਕਾਰਿਆ ਜਾਣਾ.

Big Ben : ਵੱਡੀ ਘੜੀ, ਖ਼ਾਸ ਕਰਕੇ ਉਹ ਜੋ ਪਾਰਲੀਮੈਂਟ (ਲੰਡਨ) ਦੇ ਉੱਤੇ ਟੰਗੀ ਹੋਈ ਹੈ.

b.-horn : ਪਤਾਸ਼ੀ ਢੋਲ.

b. stick : ਜਬਰਦਸਤੀ, ਡਾਂਗ; ਤਾਕੱਤ (ਫ਼ੌਜ ਜਾਂ ਸੈਨਾ); ਫ਼ੌਜ ਦਾ ਦਿਖਾਵਾ.

b. and small : ਵੱਡੇ ਛੋਟੇ.

bigness, *n.* : ਵਡੱਪਣ.

the big three, four, etc. : ਮਹੱਤਵਸ਼ਾਲੀਆਂ ਦੀ ਤ੍ਰਿਕੜੀ, ਚੌਕੜੀ ਆਦਿ.

bigamist, *n.* : ਦੋ-ਦਾਰ੍ਹੀਆ, ਦੋ-ਵਿਆਹੀਆ, ਦੋ-ਵਿਆਹਤਾ, ਦੁਜਨੀ.

bigamous, *a.* : ਦੂਜੇ-ਵਿਆਹਤਾ ਹੋਣ ਦਾ ਦੋਸ਼ੀ.

bigamy, *n.* : ਦੂਜਾ-ਵਿਆਹ, ਜਿਸ ਸਮੇਂ ਦੋ ਵਹੁਟੀਆਂ ਜਾਂ ਦੋ ਪਤੀ ਹੋਣ.

bigeminal, *a.* : ਦੂਜੋੜ, ਦੋ ਦੋ ਜੋੜਿਆਂ ਵਿਚ ਤਰਤੀਬ ਦਿੱਤਾ ਹੋਇਆ.

bigg, big, *n.* : ਚਾਰ ਕਤਾਰੀ ਜੌਂ.

biggish, *a.* : ਵੱਡਾ ਜਿਹਾ.

bight, bit, *n.* : ਰੱਸੀ ਦਾ ਵਲ਼ੇਵਾਂ, ਕੁੰਡਲ; ਨਦੀ ਦਾ ਮੋੜ; ਖਾੜੀ.

bigot, *n.* : ਕੱਟੜ ਆਦਮੀ, ਤਅੱਸਬੀ ਮਨੁੱਖ.

bigotry, *n.* : ਕੱਟੜਪੁਣਾ, ਤਅੱਸਬ, ਹਠ-ਧਰਮੀ.

bijou [F], *n.* (*pl.* bijoux) *a.* : ਜ਼ੇਵਰ, ਛੋਟੀ ਪਰ ਕੀਮਤੀ ਚੀਜ਼; ਸੁੰਦਰ ਨਿੱਕਾ.

bijouterie [F], *n.* : ਗਹਿਣਾ, ਸੁੰਦਰ ਚੀਜ਼.

bike, *n.* & *v. i.* : bicycle ਦਾ ਸੰਖੇਪ.

bilateral, *a.* : ਦੋ-ਪਾਸੀਆ, ਦੁਪਾਸੜ, ਦੋ-ਮੂੰਹਾ, ਦੋ-ਪੱਖੀ.

bilaterally, *adv.* : ਦੁਪਾਸੜ ਲਿਹਾਜ਼ ਨਾਲ, ਦੋਹਾਂ ਪੱਖਾਂ ਦਾ ਲਿਹਾਜ਼ ਕਰਦਿਆਂ.

bilbo, *n.* : [ਸਪੇਨ ਦੇ ਸ਼ਹਿਰ ਬਿਲਬੋ ਦੇ ਨਾਂ ਉੱਤੇ], ਜਿੱਥੇ ਤਲਵਾਰਾਂ ਬਣਦੀਆਂ ਸਨ] ਤਲਵਾਰ.

bilboes, *n. pl.* : ਬੇੜੀ-ਬੰਦੀ (ਕੈਦੀਆਂ ਦੇ ਪੈਰੀਂ ਪਾਉਣ ਵਾਲੀ).

bile, *n.* : ਪਿੱਤ, ਮਾਦੀ, ਚਿੜਚਿੜਾਪਣ, ਬਦਮਿਜ਼ਾਜ਼ੀ; ਜਿਗਰ ਵਿਚੋਂ ਨਿਕਲਣ ਵਾਲਾ ਕੌੜਾ ਰਸ ਜੋ ਹਾਜ਼ਮੇ ਵਿਚ ਮਦਦ ਕਰਦਾ ਹੈ.

b.-duct : ਪਿੱਤ-ਨਾਲੀ.

b.-stone : ਪਥਰੀ (ਬੀਮਾਰੀ).

bilge, *n.* : ਜਹਾਜ਼ ਦੇ ਥੱਲੇ ਦਾ ਚਾਲਦਾਂ ਹਿੱਸਾ; ਜਹਾਜ਼ ਦੇ ਥੱਲੇ ਵਿਚ ਇਕੱਠਾ ਹੋਇਆ ਗੰਦ-ਮੰਦ; ਪੀਪੇ ਆਦਿ ਦਾ ਪੇਟ; ਫੋਕਟ, ਬਕਵਾਸ, ਬੱਸਰ.

b.-keel : ਸ਼ਤੀਰ ਜੋ ਜਹਾਜ਼ ਦੇ ਥੱਲਾਂ ਲਾਈਦਾ ਹੈ.

b.-water : ਗੰਦਾ ਪਾਣੀ ਜੋ ਜਹਾਜ਼ ਦੇ ਹੇਠਲੇ ਹਿੱਸੇ ਵਿਚ ਜਮ੍ਹਾ ਹੋ ਜਾਂਦਾ ਹੈ.

bilge, *v. t.* & *i.* : ਜਹਾਜ਼ ਵਿੱਚ ਮੋਰੀ ਕਰਨੀ ਜਾਂ ਹੋਣੀ; ਫੁੱਲ ਜਾਣਾ.

biliary, *a.* : ਪਿੱਤ ਸੰਬੰਧੀ.

bilingual, *a.* : ਦੁਭਾਸ਼ੀ, ਦੁਭਾਸ਼ੀਆ, ਦੋ ਬੋਲੀਆਂ ਲਿਖਣ, ਬੋਲਣ ਜਾਣਨ ਵਾਲਾ.

bilious, *a.* : ਪਿੱਤ-ਮਾਰਿਆ, ਚਿੜਚਿੜਾ, ਕੌੜਾ, ਤ੍ਰਿੱਖਾ, ਪਿੱਤ.

biliousness, *n.* : ਜੀਅ ਕੱਚਾ ਹੋਣਾ; ਚਿੜਚਿੜਾਪਣ, ਪਿੱਤ ਘਟੇ ਹੋਣੇ, ਗਰਮੀ.

bilk, *v. t.* : ਕਰਜ਼ਾ ਟਾਲਣਾ, ਧੋਖਾ ਦੇਣਾ.

bill, *n.* : ਪੁਰਾਣੇ ਸਮੇਂ ਦਾ ਇਕ ਹਥਿਆਰ.

bill, *n.* : ਚੁੰਝ, ਲੰਗਰ ਦੇ ਸਿਰ ਦੀ ਨੋਕ.

bill, *v. i.* : ਚੁੰਝਾਂ ਭਿੜਾਉਣੀਆਂ, ਲਾਡ ਕਰਨਾ.

bill, *n.* & *v. t.* : ਬਿਲ, ਲੇਖਾ, ਹਿਸਾਬ ਦੀ ਪਰਚੀ; ਕਾਨੂੰਨ ਦਾ ਖਰੜਾ (ਪੱਕਾ ਬਣਨ ਤੋਂ ਪਹਿਲਾਂ); ਅਰਜ਼ੀ ਦਾਅਵਾ, ਪ੍ਰੋਗਰਾਮ, (ਕੰਧਾਂ ਤੇ ਲਾਉਣ ਵਾਲੇ) ਇਸ਼ਤਿਹਾਰ; ਹੁੰਡੀ; ਵਿੱਕੇ ਮਾਲ ਜਾਂ ਕੀਤੀ ਸੇਵਾ ਦੀ ਕੀਮਤ ਦੀ ਲਿਖਤ; ਪ੍ਰੋਗਰਾਮ ਵਿੱਚ ਰਖਣਾ, ਇਸ਼ਤਿਹਾਰ ਲਾਉਣੇ, ਇਸ਼ਤਿਹਾਰ ਕਰਨਾ.

b.-broker : ਹੁੰਡੀ-ਦਲਾਲ.

b. of exchange : ਹੁੰਡੀ, ਵਟਾਂਦਰਾ-ਪੱਤਰ.

b. of fare : ਖਾਣੇ ਦਾ ਵੇਰਵਾ। (ਕਿ ਕੀ ਕੀ ਚੀਜ਼ ਮਿਲੇਗੀ).

b. of health : ਜਹਾਜ਼ ਦੇ ਮੁਸਾਫ਼ਰਾਂ ਦੀ ਅਰੋਗਤਾ ਦਾ ਪਰਵਾਨਾ.

b. of indemnity : ਹਾਣ-ਪੂਰਤੀ ਪੱਤਰ.

b. of quantities : (ਉਸਾਰੀ ਸੰਬੰਧੀ) ਕੰਮ, ਕੀਮਤਾਂ ਆਦਿ ਦਾ ਵੇਰਵਾ.

b. of lading : ਜਹਾਜ਼ੀ ਬਿਲਟੀ, ਲਦਾਈ ਬਿਲਟੀ.

B. of Right : ਅਧਿਕਾਰ ਪੱਤਰ.

b. of sale : ਸਾਹੂਕਾਰ ਦੇ ਹੱਕ ਗਹਿਣੇ ਮਾਲ ਦੀ ਲਿਖਤ, ਗਹਿਣਾ-ਪੱਤਰ.

b.-poster, -sticker : ਇਸ਼ਤਿਹਾਰ ਲਾਉਣ ਵਾਲਾ.

billet, *n.* : ਪਰਵਾਨਾ, ਚਿੱਠੀ, ਸਿਪਾਹੀ ਨੂੰ ਕਿਸੇ ਘਰ ਤੇ ਠਹਿਰਾਉਣ ਦਾ ਪਰਵਾਨਾ, ਸਿਪਾਹੀਆਂ ਦੇ ਰਹਿਣ ਦੀ ਥਾਂ; ਨਿਯੁਕਤ ਕੀਤੀ ਥਾਂ, ਟਿਕਾਣਾ; ਨੌਕਰੀ, ਸੇਵਾ.

billet, *v. t.* : (ਘਰਾਂ ਵਿੱਚ) ਸਿਪਾਹੀਆਂ ਨੂੰ ਠਹਿਰਾਉਣ ਦਾ ਹੁਕਮ ਦੇਣਾ, ਸਿਪਾਹੀਆਂ ਨੂੰ ਕਿਸੇ ਦੇ ਘਰ ਸਪੁਰਦ.

billet, *n.* : ਮੁੱਢੀ (ਬਾਲਣ ਵਾਸਤੇ ਮੋਟੀ ਲਕੜ), ਛੋਟੀ ਸੀਖ.

billet doux [F], *n.* : ਪ੍ਰੇਮ-ਪੱਤਰ, ਪਿਆਰ ਦੀ ਚਿੱਠੀ.

billiard, *n.* : ਬਿਲੀਅਰਡ, ਇਕ ਖੇਡ ਜੋ ਫੱਟੇ-ਮੇਜ਼ ਤੇ ਡੰਡਿਆਂ ਨਾਲ ਗੇਂਦ ਰੋੜ੍ਹ ਖੇਡੀਦੀ ਹੈ.

b.-marker : ਇਸ ਖੇਡ ਵਿਚ ਜਿੱਤ ਹਾਰ ਦਾ ਹਿਸਾਬ ਰਖਣ ਵਾਲਾ.

billingsgate, *n.* : ਗਾਲ੍ਹਾਂ.

to indulge in b. : ਗੰਦਾ ਬੋਲਣਾ.

billion, *n.* : ਦਸ ਖਰਬ.

billow, *n.* : ਲਹਿਰ (ਵੱਡੀ ਸਮੁੰਦਰੀ ਲਹਿਰ); (ਕਵਿਤਾ) ਸਮੁੰਦਰ, ਕੋਈ ਚੀਜ਼ ਜੋ ਅਗ੍ਹਾਂ ਵਧਦੀ ਜਾਵੇ (ਜਿਵੇਂ ਧੂੰਆਂ).

billowy, *a.* : ਲਹਿਰਦਾਰ.

billow, *v. i.* : ਲਹਿਰ ਉੱਠਣੀ, ਵਲ ਪੈਣਾ, ਹਿਲੋਰੇ ਲੈਣੇ.

billy, *n.* : ਕੇਤਲੀ, ਟੀਨ ਦਾ ਡੱਬਾ ਜੋ ਪਤੀਲੀ ਵਾਂਗ ਵਰਤਿਆ ਜਾਵੇ.

billycock, *n.* : ਨਮਦੇ ਦੀ ਗੋਲ ਟੋਪੀ.

billygoat, *n.* : ਬੋਕਟਾ, ਛੇਲਾ.

bilobate, *a.* : ਦੋ-ਫਾੜਾ.

biltong, *n.* : ਧੁੱਪ ਵਿੱਚ ਸੁਕਾਏ ਮਾਸ ਦੀ ਫੇਟੀ.

bimanal, **bimanous**, *a.*, **bimane**, *n.* : ਦੋ-ਹੱਥਾ, ਦੋ ਹੱਥਾਂ ਵਾਲੇ ਜਾਨਵਰਾਂ ਵਿਚੋਂ, ਦਾ, ਸੰਬੰਧੀ.

bimetallic, *a.* : ਦੋ-ਧਾਤੂਆਂ.

bimetallism, *n.* : ਸਿੱਕੇ ਚਲਾਉਣ ਦਾ, ਦੋ ਧਾਤਾਂ ਦਾ ਤਰੀਕਾ (ਸੋਨੇ ਤੇ ਚਾਂਦੀ ਦੇ ਸਿੱਕਿਆਂ ਦਾ ਇੱਕੋ ਜਿਹਾ ਚਲਨ).

bimetallist, *n.* & *a.* : ਦੋ-ਧਾਤ ਵਾਦੀ, ਦੋ ਧਾਤਾਂ ਦੇ ਚਲਨ ਦਾ ਹਾਮੀ.

bin, *n.* : ਭੜੋਲਾ (ਭੂਰੇ ਵਾਲਾ), ਕੂੜਾ-ਦਾਨ, ਕੋਠਲਾ; ਭੜੋਲਾ, ਕੋਠੀ, ਵੱਡਾ ਡੱਬਾ (ਜਿਸ ਵਿੱਚ ਦਾਣੇ, ਕੋਲੇ, ਮਿੱਟੀ, ਜਾਂ ਬੋਤਲਾਂ ਵਿਚ ਪਾ ਕੇ ਸ਼ਰਾਬ ਆਦਿ ਰਖੀਦੀ ਹੈ).

binary, *a.* : ਦੂਹਰਾ, ਜੋੜੇਦਾਰ.

b. system : (ਜੋਤਸ਼) ਸੂਰਜ-ਮੰਡਲ ਪ੍ਰਬੰਧ, ਦੋ ਤਾਰੇ ਜੋ ਕਿਸੇ ਸਾਂਝੇ ਕੇਂਦਰ ਦੇ ਦੁਆਲੇ ਜਾਂ ਇੱਕ ਦੂਜੇ ਦੇ ਦੁਆਲੇ ਭੌਂਦੇ ਹੋਣ.

b. compound : ਦੋ-ਤੱਤੀ ਸਮਾਸ.

b. theory : ਉਹ ਗਣਿਤੀ ਸਿਧਾਂਤ ਜਿਸ ਅਨੁਸਾਰ ਸਭ ਚੀਜ਼ਾਂ ਨੂੰ ਹਾਂ ਤੇ ਨਾਂਹ ਦੇ ਰੂਪ ਵਿਚ ਸਭ ਕੁਝ ਨੂੰ ਧਾਤਾਂ ਦੇ ਸਮਾਸ ਮੰਨਿਆ ਜਾਂਦਾ ਹੈ.

b. scale : ਦੁਗਣੀ ਮਾਪ, ਦੋ ਦਾ ਪੈਮਾਨਾ; ਹਿਸਾਬ ਵਿੱਚ ਅੰਕ ਦੇ ਦੂਜੇ ਸਥਾਨ ਵਿਚ ਦੇ ਗਿਣਤੀ ਦੀ ਥਾਂ ਸਮਝੋ.

b. measure : (ਰਾਗ ਵਿੱਚ) ਦੋ-ਤਾਲ, ਇਕ ਕਿਸਮ ਦਾ ਦੋ ਦੋ ਦਾ ਪਸਾਰ.

binate, *a.* : ਜੋੜੇਦਾਰ.

binaural, *a.* : ਦੋ-ਕੰਨੀ.

b. stethoscope : ਦੋ-ਕੰਨੀ ਟੂਟੀ.

bind, *v. t.* & *v. i.* : ਬੰਨ੍ਹਣਾ, ਜਕੜ ਕਰਨਾ ਜਾਂ ਹੋਣਾ; ਕੈਦੀ ਕਰਨਾ ਜਾਂ ਬੰਧਨ ਪਾਉਣੇ, ਜਕੜਨਾ; ਜਿਲਦ ਬੰਨ੍ਹਣੀ, ਜੋੜਨਾ, ਜਮਾਉਣਾ; ਗੰਢਾ ਬੰਨ੍ਹਣਾ; ਦੋ ਸ਼ਰਤ ਲਗਾਉਣੀ; ਮੁਚੱਲਕਾ ਲੈਣਾ.

half-bind : ਅੱਧ-ਜਿਲਦੀ ਕਰਨੀ, ਕੇਵਲ ਪਿੱਠ ਤੇ ਕੋਨਿਆਂ ਤੇ ਚਮੜਾ ਲਾ ਕੇ ਜਿਲਦ ਬੰਨ੍ਹਣੀ.

bind, *n.* : ਜੰਗਲੀ ਬੇਲਾਂ ਪਰਾਣ ਵਿੱਚ ਦੀ ਮਿੱਟੀ.

binder, *n.* : ਬੰਨ੍ਹਣ ਵਾਲਾ, ਖਾਸ ਤੌਰ ਤੇ ਜਿਲਦ ਬੰਨ੍ਹਣ ਵਾਲਾ, ਜਿਲਦਸਾਜ਼; ਲੋਹ-ਪੱਟੀ (ਜੋ ਕੰਧ ਦੀ ਮਜ਼ਬੂਤੀ ਲਈ ਲਾਈ ਜਾਂਦੀ ਹੈ); ਬਾਨ੍ਹਣੂ (ਫ਼ਸਲ ਕਟਣ ਵਾਲੀ ਮਸ਼ੀਨ ਦਾ ਉਹ ਹਿੱਸਾ ਜੋ ਭਰੀਆਂ ਬੰਨ੍ਹਦਾ ਹੈ); ਪੱਟੀ, ਰੱਸੀ (ਜੋ ਪਾਣੀ ਬੰਨ੍ਹ ਕੇ ਨਾਲ ਦੇ ਵਿਚ ਲੈ ਜਾਵੇ); ਵੇ ਆਧਾਰ ਜਿਸ ਤੇ ਰੰਗ ਦਾ ਚੂਰਨਾ ਖੁਲ੍ਹਾ ਜਾਵੇ, ਫੇਰੀ ਦੀ ਲੰਮੀ ਰਸ (ਜੋ ਚੀਜ਼ ਨੂੰ ਬੰਨ੍ਹ ਰੱਖਦੀ ਹੈ); ਘਾਹ ਦਾ ਪੂਲਾ; ਫ਼ਾਈਲਾਂ ਦਾ ਸੰਗ੍ਰਹਿ.

binding, *a.* : ਲਾਜ਼ਮੀ.

binding, *n.* : ਜਿਲਦ, ਬੰਧਨ, ਕੱਸ, ਜੋੜ, ਬਾਨ੍ਹਣਾ, ਗੋਟੀ, ਪੱਟੀ.

bindweed, *n.* : ਵੇਲਾਂ ਦੀ ਕਿਸਮ.

bine, *n.* : ਡੰਡੀ; ਵੇਲ ਦੀ ਟਾਹਣੀ, ਲਗਰ.

binge, *n.* : ਐਸ਼ਪ੍ਰਸਤੀ; ਮੌਜ-ਮੇਲਾ, ਪੀਣ-ਪਿਆਉਣ ਦਾ ਦੌਰ.

binnacle, *n.* : ਜਹਾਜ਼ ਵਿਚ ਕੰਪਾਸ (ਕੁਤਬ-ਨੁਮਾ) ਦਾ ਸੰਦੂਕ.

binocular, *a.* : ਦੋ-ਅੱਖੀ ਦੂਰਬੀਨ.

binomial, *a.* & *n.* : ਦੋ-ਪਦਾ.

b. theorem : ਦੋ-ਪਦਾ ਸਿਧਾਂਤ.

binominal, *a.* : ਦੋ ਨਾਵਾਂ ਵਾਲਾ, ਦੋ-ਨਾਮੀਆਂ.

biochemistry, *n.* : ਜੀਵ-ਰਸਾਇਣ, ਜੀਵ-ਰਸਾਇਣ.

biogenesis, *n.* : ਜੀਵ ਤੋਂ ਜੀਵ ਦੀ ਉਤਪਤੀ ਦਾ ਸਿਧਾਂਤ.

biograph, *n.* : ਚਲਦੀ ਤਸਵੀਰ, ਜਿਸ ਵਿਚ ਦੀ ਲਗਾਤਾਰ ਫ਼ੋਟੋ ਜਾਂ ਫ਼ਿਲਮ, ਇਸ ਲਗਾਤਾਰ ਕੰਮ ਦੀ ਫ਼ੋਟੋ.

biographee, *n.* : ਮਨੁੱਖ ਜਿਸ ਦੀ ਜੀਵਨੀ ਲਿਖੀ ਜਾਏ.

biography, *n.* : ਜੀਵਨੀ, ਜੀਵਨ-ਬਿਰਤਾਂਤ, ਜੀਵਨ-ਕਥਾ.

biographer, *n.* : ਜੀਵਨੀਕਾਰ, ਜੀਵਨੀ ਲਿਖਣ ਵਾਲਾ.

biographic(al), *a.* : ਜੀਵਨੀ ਸੰਬੰਧੀ.

biographically, *adv.* : ਜੀਵਨੀ ਦੇ ਢੰਗ ਤੇ.

biology, *n.* : ਜੀਵ-ਵਿਗਿਆਨ, ਜੰਤ-ਵਿਗਿਆਨ (ਜਿਸ ਵਿਚ ਜੀਵ-ਵਿਗਿਆਨ ਤੇ ਬਨਸਪਤ ਗਿਆਨ ਦੋਵੇਂ ਆ ਜਾਂਦੇ ਹਨ).

biologic(al), *a.* : ਜੀਵ-ਵਿਗਿਆਨਕ, ਜੀਵ-ਵਿਗਿਆਨਕ.

b. treatment : ਰੋਗ ਬਾਰੇ ਇਲਾਜ.

biologically, *adv.* : ਜੀਵ-ਵਿਗਿਆਨ ਦੇ ਨਜ਼ਰੀਏ ਤੋਂ.

biologist, *n.* : ਜੀਵ-ਵਿਗਿਆਨੀ, ਜੀਵ-ਵਿਗਿਆਨੀ.

biometry, **biometrics**, *n.* : ਜੀਵ-ਮਿਤੀ.

bioplasm, **bioplast**, *n.* : ਜੀਵ-ਅਣੂ, ਜੀਵਾਣੂ, ਜੀਵਨ ਦਾ ਮੂਲ-ਅਣੂ, ਜਿਸ ਤੋਂ ਸਭ ਜੀਵਾਂ ਦੀ ਉਤਪਤੀ ਮੰਨੀ ਜਾਂਦੀ ਹੈ.

biophysics, *n.* : ਜੀਵ-ਪਦਾਰਥ ਵਿਗਿਆਨ.

bioscope, *n.* + = **biograph**.

bipartite, *a.* : ਦੋ-ਧੰਧਾ, ਦੋ-ਖੰਡੜੀਆ, ਦੋ ਧਿਰਾਂ ਵਾਲੀ.

biped, *n.* & *a.* ; **bipedal**, *a.* : ਦੋ-ਪੈਰਾ, ਦੋ-ਪੈਰਾ, ਦੋਪਾਇਆ, ਦੋ ਪੈਰਾਂ ਵਾਲਾ (ਜਾਨਵਰ).

biplane, *n.* : ਦੋ-ਤਖਤੀ ਹਵਾਈ ਜਹਾਜ਼.

bipolar, *a.* : ਦੋ-ਸਿਰਾ, ਦੋ-ਧੁਰਾ, ਦੋ ਧੁਰਿਆਂ ਜਾਂ ਸਿਰਿਆਂ ਵਾਲਾ.

biquadratic, *a.* & *n.* : ਚੌਥੇ ਘਾਤ ਦਾ (ਹਿੰਦਸਾ), ਵਰਗ-ਫਲ ਦਾ ਵਰਗ-ਫਲ, ਜਿਵੇਂ (੨×੨)×(੨×੨).

birch, *n.* : ਭੋਜ-ਪੱਤਰ, ਭੋਜ ਪੱਤਰ.

b. rod : ਛਮਕ (ਜਿਸ ਨਾਲ ਸਕੂਲਾਂ ਵਿਚ ਬੱਚਿਆਂ ਨੂੰ ਮਾਰਦੇ ਸਨ).

birchen, *a.* : ਭੋਜੀ, ਭੋਜ ਦੀ ਸੋਟੀ ਜਿਹੀ.

birch, *v. t.* : ਛਮਕ ਜਾਂ ਡੰਡੇ ਨਾਲ ਮਾਰਨਾ, ਛਮਕਾਂ ਮਾਰਨੀਆਂ.

bird, *n.* : ਪੰਛੀ, ਪੰਖੇਰੂ, ਪਖੇਰੂ; (ਮੁਹਾਵਰਾ) ਕੁੜੀ.

b. catcher : ਚਿੜੀਮਾਰ, ਫਾਂਧੀ.

b. fancier : ਜੋ ਪੰਛੀ ਫੜਨ, ਸਾਂਭਣ, ਸਮਝਣ ਤੇ ਪਾਲਣ ਦਾ ਸ਼ੌਂਕ ਰਖੇ.

a bird in hand is worth two in the bush : ਰੱਜੀਆਂ ਨੂੰ ਛਡ ਕੇ ਉਡਦੀਆਂ ਦੇ ਮਗਰ ਨਹੀਂ ਦੌੜੀਦਾ, ਜੋ ਹਥ ਵਿਚ ਆ ਜਾਵੇ ਉਹੋ ਚੰਗਾ.

b.-lime : ਲਾਸਾ, ਲੇਸਦਾਰ ਗੂੰਦ ਜੋ ਪੰਛੀਆਂ ਨੂੰ ਫੜਨ ਲਈ ਟਾਹਣੀਆਂ ਤੇ ਲਾਈ ਜਾਂਦੀ ਹੈ.

b. of paradise : ਇਕ ਪੰਛੀ ਜਿਸ ਦੇ ਖੰਭ ਬੜੇ ਸੋਹਣੇ ਹੁੰਦੇ ਹਨ; ਪੀਲਕ.

b. of passage : ਰੁੱਤ-ਰੁੱਤ ਦੇ ਬਦਲਣ ਨਾਲ ਥਾਂ ਬਦਲਣ ਵਾਲਾ ਪੰਛੀ, ਜੋ ਇਕ ਥਾਂ ਟਿਕ ਕੇ ਨਾ ਬਹੇ.

b. of prey : ਸ਼ਿਕਾਰੀ ਪੰਛੀ (ਬਾਜ਼, ਕੁਹੀ, ਆਦਿ).

b.-seed : ਚਿੜੀਆਂ ਦਾ ਚੋਗਾ.

b.'s-eye view : ਸਰਸਰੀ ਨਜ਼ਰ, ਪੰਖ-ਉਡਾਰੀ ਦ੍ਰਿਸ਼, ਪੰਛੀ ਵਾਂਗੂੰ ਉਤੋਂ ਵੇਖ ਕੇ ਲਿਆ ਨਜ਼ਾਰਾ, ਪੰਛੀ ਅੱਖ-ਨਜ਼ਾਰਾ, ਵਿਸ਼ਾਲ-ਦ੍ਰਿਸ਼.

b.-nesting : ਪੰਛੀਆਂ ਦੇ ਆਲ੍ਹਣੇ ਲਭਣੇ ਤੇ ਇਹਨਾਂ ਵਿਚੋਂ ਅੰਡੇ ਚੁੱਕਣੇ; ਅੰਡੇ ਦਾ ਸ਼ਿਕਾਰ.

bb. of a feather : ਇੱਕੋ ਖ਼ਿਆਲ ਦੇ ਮਨੁੱਖ.

kill two bb. with one stone : ਇੱਕ ਪੰਥ ਦੋ ਕਾਜ.

little b. : ਭੇਤ ਪਹੁੰਚਾਉਣ ਵਾਲਾ ਜਿਸ ਦਾ ਨਾਂ ਨਾ ਪਤਾ ਹੋਵੇ.

old b. : ਸਿਆਣਾ ਤਜਰਬੇਕਾਰ ਮਨੁੱਖ, ਪੁਰਾਣਾ ਪਾਪੀ.

b. is flown : ਕੈਦੀ ਆਦਿ ਨੱਠ ਗਿਆ.

biretta, *n.* : ਰੋਮਨ ਕੈਥੋਲਿਕ ਪਾਦਰੀਆਂ ਦੀ ਚੌਰਸ ਟੋਪੀ.

birth, *n.* : ਜਨਮ, ਪੈਦਾਇਸ਼, ਉਤਪਤੀ, ਮੁੱਢ; ਨਸਲ, ਕੁੱਲ, ਅਸਲ.

b.-control : ਸੰਤਾਨ-ਸੰਜਮ, ਮਰਜ਼ੀ ਤੇ ਵਿਚਾਰ ਨਾਲ ਬੱਚੇ ਪੈਦਾ ਕਰਨੇ.

birthday : ਜਨਮ-ਦਿਨ, ਵਰ੍ਹੇ-ਗੰਢ.

b.-mark : ਜਮਾਂਦਰੂ ਚਿੰਨ੍ਹ, ਪੈਦਾਇਸ਼ੀ ਨਿਸ਼ਾਨ.

b.-place : ਜਨਮ ਭੂਮੀ, ਜਨਮ-ਸਥਾਨ.

b.-rate : ਜਨਮ-ਦਰ, ਇਹ ਲੇਖਾ ਕਿ ਸਾਲ ਵਿਚ ਕਿੰਨੇ ਲੋਕ ਕਿੰਨੇ ਪਿਛੇ, ਦੇਸ਼ ਜਾਂ ਇਲਾਕੇ ਵਿਚ ਜੰਮੇ.

b.-right : ਜਮਾਂਦਰੂ ਹੱਕ, ਪੈਦਾਇਸ਼ੀ ਹੱਕ.

new b. : ਨਵਾਂ ਜਨਮ, ਨਵੀਂ ਜ਼ਿੰਦਗੀ.

biscuit, *n.* & *a.* : ਬਿਸਕੁਟ, ਮਿੱਠੀ ਜਿਹੀ ਕੁਰਕੁਰੀ ਟਿੱਕੀ, ਪਕਵਾਨ; ਚੀਨੀ ਦੇ ਭਾਂਡੇ ਭੱਠੀ ਤੇ ਪਕਾਉਣ ਤੋਂ ਪਿਛੋਂ ਤੇ ਲੇਪ-ਚੜ੍ਹੇ ਪਹਿਲਾਂ ਦੀ ਹਾਲਤ; ਕਿਸ਼ਮਿਸ਼ੀ ਰੰਗਾ, ਭੂਸਲਾ.

b. throw : ਨੇੜੇ ਹੀ.

bisect, *v. t.* : ਦੋ ਟੁੱਕ ਕਰਨਾ, ਅੱਧ-ਅੱਧ ਕਰਨਾ, ਵਿਚੋਂ ਤੋੜਨਾ.

bisection, *n.* : ਦੋ ਟੁੱਕ ਕਰਨ ਦਾ ਕੰਮ.

bisector, *n.* : ਦੋ-ਟੋਟਾ, ਦੋ ਹਿੱਸਿਆਂ ਵਿਚ ਵੰਡਣ ਵਾਲੀ ਲਕੀਰ.

bisexual, *a.* : ਦੋ ਲਿੰਗਾ, ਦੋ-ਜਿਨਸੀਆ.

bishop, *n.* : ਲਾਟ-ਪਾਦਰੀ; ਸ਼ਤਰੰਜ ਦਾ ਇਕ ਮੁਹਰਾ, ਮਸਾਲੇਦਾਰ ਸ਼ਰਾਬ.

b.'s-cap, -hat, -leaves, -weed : ਕੁਝ ਬੂਟਿਆਂ ਦੇ ਨਾਂ.

bishopric, *n.* : ਲਾਟ-ਪਾਦਰੀ ਦੀ ਪਦਵੀ ਜਾਂ ਉਸ ਦਾ ਹਲਕਾ.

bisk, *n.* : ਸ਼ੋਰਬਾ, ਤਰੀ.

bismuth, *n.* : ਲਾਲ ਭਾਹ ਮਾਰਦੀ ਚਿੱਟੀ ਧਾਤ, ਕੁੱਲ-ਕਾਂਸੀ.

bison, *n.* : ਜੰਗਲੀ ਝੋਟਾ, ਅਰਨਾ.

bisque, *n.* : (ਖੇਡਾਂ) ਕਿਸੇ ਖਿਡਾਰੀ ਨੂੰ ਨੰਬਰ ਦਾ ਹੱਕ; ਵਾਧੂ ਵਾਰੀ ਲੈਣ ਦਾ ਹੱਕ.

bisque, *n.* : ਮੂਰਤ-ਮਿੱਟੀ, ਬੁੱਤ ਆਦਿ ਬਣਾਉਣ ਲਈ ਸਫੈਦ ਚੀਕਣੀ ਮਿੱਟੀ.

bissextile, *a.* & *n.* : ਲੌਂਦ ਦਾ (ਸਾਲ), ਚਾਰ ਨਾਲ ਤਕਸੀਮ ਹੋਣ ਵਾਲਾ (ਸਾਲ), ਲੌਂਦ.

bistort, *n.* : ਦੋ-ਵੇਲਾ, ਮਰੋੜ-ਖਾਧੀ ਜੜ੍ਹਾਂ ਦੀ ਇਕ ਵੇਲ.

bistoury, *n.* : ਸਰਜਨ ਦੀ ਛੁਰੀ, ਚੀਰ-ਫਾੜ ਕਰਨ ਵਾਲ ਛੁਰੀ.

bistre, *n.* & *a.* : ਕੱਜਲ ਜਾਂ ਕਾਲਖ ਤੋਂ ਬਣਾਇਆ ਭੂਸਲਾ ਰੰਗ; ਇਸ ਰੰਗ ਦਾ.

bit, *n.* : ਟੋਟਾ, ਪੁਰਜ਼ਾ, ਟੁਕੜਾ, ਰਤਾ ਕੁ, ਬੁਰਕੀ, ਟੁੱਕਰ, ਟੁੱਕ, ਛੋਟਾ ਸਿੱਕਾ (ਜਿਵੇਂ two-penny bit : ਦੁਆਨੀ); ਨਜ਼ਾਰੇ ਦਾ ਹਿੱਸਾ (ਅਸਲੀ ਜਾਂ ਤਸਵੀਰ); ਕੁਝ, ਕਿਤਾਬ ਵਿਚੋਂ ਲਿਖਤ ਵਿਚ ਛੋਟਾ ਪੈਰਾ ਆਦਿ.

a b. & a sup : ਕੁਝ ਖਾਣ ਪੀਣ ਨੂੰ.

b. by bit : ਹੌਲੀ ਹੌਲੀ.

do one's bit : ਕਿਸੇ ਕੰਮ ਵਿਚ ਆਪਣਾ ਹਿੱਸਾ ਪਾਉਣਾ.

every b. as : ਬਿਲਕੁਲ ਹੀ ਉਸ ਤਰ੍ਹਾਂ ਦਾ, ਇੰਨ-ਬਿੰਨ, ਹੂਬਹੂ.

give a b. of one's mind : ਸਾਫ ਸਾਫ ਕਹਿਣਾ, ਖਰੀ ਖਰੀ ਸੁਣਾਉਣੀ.

not a b. : ਉੱਕਾ ਹੀ ਨਹੀਂ.

wait a b. : ਰਤਾ ਠਹਿਰ ਜਾ.

bit, *n.* : ਚਾਬੀ ਜਾਂ ਬਰਮੇ ਦਾ ਸਿਰਾ; ਕੜਿਆਲ, ਦਹਾਨਾ, ਲਗਾਮ ਦਾ ਉਹ ਹਿੱਸਾ ਜੋ ਘੋੜੇ ਦੇ ਮੂੰਹ ਵਿਚ ਹੁੰਦਾ ਹੈ; ਰੰਦਾ, ਰੰਦੇ ਦਾ ਲੋਹਾ; ਵਰਮੇ ਦੀ ਅਣੀ, ਕਾਬੂ, ਪਕੜ; ਕੁੰਜੀ ਦਾ ਅਗਲਾ ਸਿਰਾ ਜਾਂ ਦੰਦ.

draw b. : ਵਾਗ ਖਿੱਚਣੀ ਜਾਂ ਰੋਕਣੀ, ਵਾਗ ਖਿੱਚਣੀ.

take b. between teeth : ਮੁਕਾਬਲਾ ਕਰਨਾ, ਕੜਿਆਲੋਂ ਨਿਕਲੇ.

bit, *v. t.* : ਘੋੜੇ ਦੇ ਮੂੰਹ ਵਿਚ ਲਗਾਮ ਦੇਣਾ, ਲਗਾਮ ਦਾ ਆਦੀ ਬਣਾਉਣਾ; ਕਾਬੂ ਪਾਉਣਾ, ਰੋਕਣਾ, ਥੰਮ੍ਹਣਾ.

bitch, *n.* : ਕੁੱਤੀ, ਲੂੰਬੜੀ, ਬਘਿਆੜੀ; ਗੰਦੀ ਔਰਤ, ਬਦਕਾਰ ਔਰਤ, ਗੰਦੀ ਰੰਨ.

bite, *v. t.* & *i.* (past *bit*, p.p. *bitten*, sometimes *bit*) : ਡੰਗਣਾ, ਦੰਦਣਾ, ਦੰਦੀ ਵੱਢਣੀ, ਦੰਦਾਂ ਨਾਲ ਵੱਢ ਸੁਟਣਾ, ਦੰਦ ਮਾਰਨਾ, ਕੁਤਰਨਾ;

ਤੰਗ ਮਾਰਨਾ, ਡੰਗਣਾ, ਲੜਨਾ, ਮੱਛੀ ਦਾ ਕਿਸੇ ਨੂੰ ਮੂੰਹ ਮਾਰਨਾ; (ਮਖੌਲੀਆ) ਝਾਂਸੇ ਵਿਚ ਆ ਜਾਣਾ, ਖੁਸ ਜਾਣਾ, ਧੋਖਾ ਦੇਣਾ, ਖਾ ਜਾਣਾ (ਤੰਗਾਲ, ਤੇਜ਼ਾਬ ਨੇ); ਫੜ ਲੈਣਾ (ਪਹੀਏ ਜਾਂ ਲੰਗਰ ਆਦਿ ਦਾ); ਚੁਭਣਾ, ਲੜਨਾ (ਮੱਛਰ ਆਦਿ ਦਾ).

b. one's lip : ਚੁਪ ਰਹਿਣੇ, ਗੁੱਸੇ ਨੂੰ ਪੀ ਜਾਣਾ.

b. the dust, ground : ਮੂੰਹ ਦੀ ਖਾਣੀ, ਡਿੱਗ ਪੈਣਾ, ਢਿਗ ਕੇ ਮਰ ਜਾਣਾ.

bitten with : ਸ਼ੁਦਾਈ, ਮਤਵਾਲਾ (ਸ਼ੌਂਕ ਵਿਚ).

frost bitten : ਪਾਲੇ ਦਾ ਮਾਰਿਆ ਹੋਇਆ.

b. off more than one can chew : ਜਾਣ ਦੀ ਕੋਹਣ-ਬਿਰਥੀ, ਸਭਤਾਂ ਨੂੰ ਨੰਦੇ.

bite, *n.* : ਦੰਦ (ਕੁੱਤੇ ਦਾ); ਡੰਸ, ਡੰਗ (ਸੱਪ ਦਾ); ਬੁਰਕ, ਬੁਰਕੀ; ਗਾਹ, ਘਾਹ-ਪੱਠਾ, ਚਾਰਾ; ਚੋਭ.

biter, *n.* : ਕਟੰਦੜ, ਦੰਦੀ ਵਢਣਾ ਆਦਿ, ਧੋਖੇਬਾਜ਼.

the b. bit : ਖੂਹ ਪੁਟਦੇ ਨੂੰ ਖਾਤਾ.

biting, *a.* : ਤੇਜ਼, ਡੰਗਦਾ, ਚੋਂਟਦਾ ਹੋਇਆ, ਚੁਭਵਾਂ, ਮਾਰਵਾਂ; ਜਾ ਕੇ ਲੱਗਣ ਵਾਲੀ (ਗੱਲ), ਚਿਤਕੇ ਵਾਲਾ.

bitingLY, *adv.* : ਚਿਤਕੇ ਨਾਲ, ਜਾ ਕੇ.

bitter, *a.* : ਕੌੜਾ, ਖਿਝਵੀਂ; ਕੁਰਾਂਗਾ; ਦੁਖਦਾਈ, ਸਾੜਵਾਂ, ਚੁਭਵੀਂ, ਤੇਜ਼, ਕੜਾਕੇ ਦੀ (ਠੰਡ); ਦੁੱਖਦਾਈ; (*pl.*) ਮਿਹਦੇ ਲਈ ਕੌੜੀਆਂ ਦਵਾਈਆਂ.

b. cup : ਅਸਹਿ ਦੁੱਖ, ਕੌੜਾ ਘੁੱਟ.

to b. end : ਅਖੀਰੀ ਦਮ ਤਕ.

bitterLY, *adv.* : ਸਖ਼ਤਾਈ ਨਾਲ, ਕੁੜੱਤਣ ਨਾਲ, ਦੁੱਖ ਨਾਲ.

bitterISH, *a.* : ਕੁਝ ਕੌੜਾ, ਕਰੂਆਂਗਾ.

bitterNESS, *n.* : ਕੁੜੱਤਣ, ਕਸੈਲ, ਤਲਖੀ.

b.-sweet : ਮਿੱਠੀਆਂ ਚੀਜ਼ਾਂ ਖਾ ਕੇ ਪਿੱਛੋਂ ਕੌੜਾ ਸੁਆਦ.

b.b. : ਕੌੜਾ-ਕਸੈਲਾ.

bittern, *n.* : ਬਗਲੇ ਦੀ ਕਿਸਮ ਦਾ ਇਕ ਪੰਛੀ.

bittock, *n.* : ਛੋਟਾ ਟੋਟਾ.

bitts, *n.* (*pl.*) : ਜਹਾਜ਼ ਉੱਤੇ ਰੱਸੇ ਆਦਿ ਬੰਨ੍ਹਣ ਲਈ ਥੰਮ੍ਹੀਆਂ.

bitumen, *n.* : ਰਾਲ; ਸਿਲਾਜੀਤ; (ਰਸਾਇਣ) ਪੈਟਰੋਲ ਆਦਿ ਚੀਜ਼ਾਂ ਜੋ ਹਾਈਡ੍ਰੋਜਨ, ਕਾਰਬਨ ਤੇ ਆਕਸੀਜਨ ਦਾ ਮੇਲ ਹੋਣ.

bituminOUS, *a.* : ਰਾਲਦਾਰ.

bituminise, *v.t.* : (ਚਾਰਕੋਲ ਵਿਚ) ਰਾਲ ਮਿਲਾਉਣੀ.

bituminisATION, *n.* : ਰਾਲ ਮਿਲਾਉਣ ਦਾ ਕੰਮ.

bivalent, *a.* : =divalent.

bivalve, *a.* & *n.* : bivalved, bivalvular, ਦੋ ਛਿਲਕਾ, ਦੋ-ਪਰ ਸਿੱਪ, ਦੋ-ਡਿੱਗੀਆਂ; ਸਿੱਪੀ.

bivouac, *v.i.* & *n.* : ਬਾਹਰ ਖੁੱਲ੍ਹਾ ਡੇਰਾ ਕਰਨਾ, ਰਾਤੋਂ ਮਦਾਨ ਵਿਚ ਰਹਿਣਾ, ਡੇਰਾ ਕਰਨਾ; ਪੜਾਅ, ਡੇਰਾ, ਪੜ.

biz = **business** : ਕੰਮ-ਕਾਜ, ਵਿਹਾਰ.

bizarre, *a.* : ਬਤਾਲੀ, ਅਜੀਬ, ਮਸਤਾ ਜਿਹਾ.

blab, *v.t.* & *i.* : ਬੜਬੜਾਣਾ; ਭੇਤ ਖੋਲ੍ਹਣਾ, ਬੇਵਕੂਫ਼ੀ ਦੀਆਂ ਗੱਲਾਂ ਕਰਨੀਆਂ, (ਭੇਤ) ਦੱਸ ਬਹਿਣਾ; ਚੁਗਲ ਖੋਰ.

blabBER, *n.* : ਬੜਬੋਲਾ.

black, *a.* : ਕਾਲਾ, ਮੈਲਾ, ਤੱਤੀਆਂ ਹਨੇਰਾ, ਉਦਾਸ, ਗਮਗੀਨ; ਬਹੁਤ ਭੈੜਾ; ਘੋਰ; ਖਿਝਿਆ ਹੋਇਆ.

b. and white : ਕਾਲੀ ਤੇ ਚਿੱਟੀ (ਤਸਵੀਰ ਜੋ ਸਿਰਫ਼ ਸਿਆਹੀ ਜਾਂ ਚਿੱਟੇ ਰੰਗ ਨਾਲ ਖਿੱਚੀ ਗਈ ਹੋਵੇ); ਲਿਖਤ.

b. & blue : ਮਾਰ ਮਾਰ ਕੇ ਨੀਲ ਪਾ ਦੇਣੇ.

b. art : ਜਾਦੂ, ਟੂਣਾ.

b. ball : ਕਾਲੀ ਗੋਲੀ ਜੋ ਕਿਸੇ ਨੂੰ ਚੋਣ ਜਾਂ ਸਭਾ ਦੀ ਮਿੰਬਰੀ ਤੋਂ ਹਟਾਣ ਲਈ ਵਰਤੀ ਜਾਂਦੀ ਹੈ.

blackBALL, *v.t.* : ਕਿਸੇ ਨੂੰ ਮਿੰਬਰੀ ਤੋਂ ਖਾਰਜ ਕਰ ਦੇਣਾ.

b.-board : (ਸਕੂਲਾਂ ਵਿਚ) ਕਾਲਾ-ਤਖ਼ਤਾ.

b. book or list : ਕਾਲੀ ਸੂਚੀ, ਸ਼ੱਕੀ ਜਾਂ ਫ਼ੇਲ੍ਹ ਹੋਇਆਂ ਦੀ ਸੂਚੀ.

b. cap : ਕਾਲੀ ਟੋਪੀ ਜੋ ਜੱਜ ਮੌਤ ਦੀ ਸਜ਼ਾ ਸੁਣਾਉਣ ਲਗਿਆਂ ਪਹਿਨਦੇ ਹਨ.

b. coffee : ਦੁੱਧ ਬਿਨਾ ਕਾਹਵਾ, ਗਾੜ੍ਹਾ ਕਾਹਵਾ.

b. death : ਮਰੀ, ਤਾਊਨ, ਪਲੇਗ.

b. despair : ਘੋਰ ਨਿਰਾਸਤਾ.

b. draught : ਜੁਲਾਬ.

b.-eye : ਸੱਟ ਲੱਗਣ ਕਾਰਨ ਨੀਲੀ ਹੋਈ ਅੱਖ.

b.-eyed : ਸੁਰਮਈ.

b.guard : ਲੁੱਚਾ, ਬਦਮਾਸ਼, ਗੁੰਡਾ, ਭੜੂਆ, ਮੁਸ਼ਟੰਡਾ.

b. grain : ਮਾਂਹ.

b.-hearted : ਕਾਲੇ ਦਿਲ ਵਾਲਾ, ਕਠੋਰ.

b.-hole : ਕਾਲ ਕੋਠੜੀ, ਭੋਰਾ.

b. jack : ਚਮੜੇ ਦੀ ਕੁੱਪੀ, ਚੰਮ ਦੀ ਬੋਤਲ (ਸ਼ਰਾਬ ਲਈ); ਝੰਡੇ, ਲਹਿਰੀਆ.

b.-lead : ਸਿੱਕੇ ਦਾ ਸੁਰਮਾ, ਸਿੱਕਾ.

b.leg : ਧੋਖੇਬਾਜ਼ (ਘੁੜ-ਦੌੜ ਵਿਚ); ਕਲੁਖ਼ਤੀਆ, ਉਹ ਮਜ਼ਦੂਰ ਜੋ ਹੜਤਾਲ ਵੇਲੇ ਮਾਲਕ ਦਾ ਸਾਥ ਦੇਵੇ.

blackLIST, *v.t.* : ਕਿਸੇ ਰਜਿਸਟਰ ਤੇ ਚਾੜ੍ਹਨਾ.

b. looks : ਗੁੱਸੇ ਭਰੀ ਨਜ਼ਰ, ਤਿਊੜੀ.

b.mail : ਅਟੇਰ, ਜਰ ਜ਼ਬਾਨੀ ਧੋਖਾ ਦੀ ਵੰਡੀ, ਭੇਤ ਜਾਹਰ ਕਰਨ ਦਾ ਡਰਾਵਾ ਦੇ ਕੇ ਰੁਪਇਆ ਠਗਣਾ.

b.mailer : ਅਟੇਰੂ, ਠੱਗੂ, ਭੇਤ ਖੋਲ੍ਹਣਾ ਜਾਂ ਜਾਹਰ ਕਰਨ ਦਾ ਡਰਾਵਾ ਦੇ ਕੇ ਰੁਪਏ ਠਗਣ ਵਾਲਾ.

b. mark : ਕਲੰਕ, ਕਾਲਖ ਦਾ ਟਿੱਕਾ, ਬਦਨਾਮੀ ਦੀ ਕਾਲਖ; ਬੁਰਾ ਲਗਦਾ ਦਾਗ.

b.-market : ਚੋਰ-ਮੰਡੀ, ਚੋਰ-ਬਜ਼ਾਰੀ, ਬਲੈਕ.

b.-marketeer : ਚੋਰ-ਬਜ਼ਾਰੀਆ.

blackOUT, *n.* : ਅਚਨਚੇ ਹਨੇਰਾ; ਰੋਸ਼ਨ ਬੱਤੀ ਦਾ ਅਭਾਵ, ਅਨ੍ਹੇਰਾ.

blackOUT, *v.t.* : ਹਨੇਰਾ, ਹਨੇਰਾ ਕਰਨਾ.

b.-quarter : (ਪਸ਼ੂਆਂ ਦੀ ਬੀਮਾਰੀ) ਗੱਠਦਾਰ, ਗੋਲ੍ਹੇ, ਲੰਗੜੀ, ਗਾਠੀ.

b. sheep : ਕਮਾਊ ਭੇਡ, ਬਦੀ.

b.-shirts : ਕਾਲੀ-ਕੁੜਤੀ, ਫ਼ਾਸਿਸਤ, ਮੁਸੋਲੀਨੀ ਦਾ ਪਿਛਲੱਗ.

b.smith : ਲੁਹਾਰ.

crimes of blackest dye : ਘੋਰ ਅਪਰਾਧ.

down in b. & white : ਲਿਖਤ ਵਿਚ.

deep in one's b. books : ਕਿਸੇ ਦੀ ਨਜ਼ਰ ਵਿਚ ਬਹੁਤ ਗਿਰਿਆ-ਡਿਗਿਆ.

blackGUARDLY, *a.* : ਮੁਸ਼ਟੰਡੇ ਵਾਲਾ.

blackGUARDISM, *n.* : ਲੁੱਚਪੁਣਾ.

b.thorn : ਆਲੂ ਬਿਸਾਖ ਦੀ ਕੰਡਿਲੀ ਝਾੜੀ ਜਿਸ ਨੂੰ ਚਿੱਟੇ ਫੁੱਲ ਲਗਦੇ ਹਨ; ਇਸ ਤੋਂ ਬਣੀ ਸੋਟੀ.

b.thorn winter : ਇਸ ਝਾੜੀ ਦੇ ਫੁੱਲਣ ਦੀ ਰੁੱਤ.

blackEN, *v.t.* : ਕਾਲੀ ਭਾਹ ਮਾਰਨਾ.

blackNESS, *n.* : ਤਾਰੀਕੀ, ਕਾਲਖ.

black, *n.* : ਕਾਲਖ, ਸਿਆਹੀ, ਕਾਲਾ ਰੰਗ, ਹਬਸ਼ਣ ਜਾਂ ਹਬਸ਼ੀਨ, ਕਾਲਾ ਧੱਬਾ, ਕੱਜਲ; ਹਬਸ਼ੀ; ਕਾਲੀ ਪੁਸ਼ਾਕ.

black, *v. t.* : ਕਾਲਾ ਕਰਨਾ, ਕਾਲਾ ਰੰਗ ਜਾਂ ਵਾਰਨਿਸ਼ ਦੇਣਾ, ਪਾਲਸ਼ ਕਰਨਾ.

b. out : ਕਾਟੀ ਫੇਰਨੀ, ਕਿਸੇ ਲਿਖਤ ਤੇ ਸਿਆਹੀ ਲਾ ਕੇ ਮਿਟਾ ਦੇਣਾ; ਹਨੇਰਾ, ਯਾਨੇ ਸ਼ਹਿਰ ਵਿਚ ਦੀਵੇ ਆਦਿ ਦਾ ਚਾਨਣ ਬਾਹਰ ਜਾਣੋਂ ਰੋਕ ਦੇਣਾ.

blacky, *n.* : ਹਬਸ਼ੀ.

blackamoor, *n.* : ਹਬਸ਼ੀ; ਕਾਲੇ ਰੰਗ ਦਾ ਮਨੁੱਖ.

blackavised, *a.* : ਕਾਲੀ ਜਿਲਦੀ ਵਾਲਾ, ਸਾਂਵਲਾ, ਕਾਲ-ਮੂਹਾਂ.

blacken, *v. t.* & *i.* : ਕਾਲਾ ਬਣਾਉਣਾ, ਕਾਲਾ ਜਾਂ ਹੋਣਾ; (ਕਿਸੇ ਦੇ ਲੱਛਣਾਂ, ਗੁਣਾਂ, ਆਚਰਨ ਆਦਿ ਨੂੰ) ਕਾਲਾ ਕਹਿਣਾ, ਨਿੰਦਣਾ.

blacking, *n.* : ਲਿਸ਼ਕਾਉਣ ਵਾਲਾ ਤੇਲ, ਬੂਟ-ਪਾਲਸ਼, ਕਾਲੀ ਪਾਲਸ਼.

bladder, *n.* : ਫੁਕਣਾ, ਬੁਕਣਾ; ਮਸਾਨਾ, ਫੂਲੀ ਹੋਈ ਖਾਲੀ ਚੀਜ਼; ਬਕਵਾਸ, ਗਾਲੜੀ ਮਨੁੱਖ, ਫਫੂੰਡ, ਹਵਾ ਨਾਲੀ ਥੈਲੀ (ਪੇਟ ਦੀ); ਪੱਤਿਆਂ ਵਿਚ ਉੱਠੀ ਹੋਈ ਥਾਂ.

b.-wrack : ਬੰਬਲ-ਘਾਹ, ਸਮੁੰਦਰ ਵਿਚ ਹੋਣ ਵਾਲੀ ਇਕ ਬੂਟੀ.

bladdery, *a.* : ਫੁੱਲਿਆ ਹੋਇਆ.

blade, *n.* : ਪੱਤਰ, ਪੱਤੀ, ਤ੍ਰਿਣ; ਪੱਤਾ; ਫਲ, ਤਲਵਾਰ, ਛੁਰੀ, ਚਾਕੂ, ਬਲੇਡ ਆਦਿ ਦਾ ਫਲ; ਚਲਾਕ (ਮੌਜ ਦੀ) ਚੋਖੀ ਤੌਰੀ ਵਾਲਾ; ਹਸ-ਮੁਖ, ਮਖੌਲ ਕਰਨ.

(-)bladed, *a.* : ਫਲ ਜਾਂ ਪੱਤਰਾ ਵਾਲਾ.

blain, *n.* : ਫੋੜਾ, ਫਿਨਸੀ.

blame, *v. t.* : ਦੋਸ਼ਣਾ, ਦੋਸ਼ ਲਾਉਣਾ ਜਾਂ ਦੇਣਾ, ਦੋਸ਼ ਥੱਪਣਾ, ਬੁਰਾ ਕਹਿਣਾ, ਭੰਡਣਾ, ਐਬ ਲਾਣਾ, ਊਜ ਲਾਣੀ, ਲੀਕ ਲਾਣੀ.

blame, *n.* : ਦੋਸ਼, ਊਜ, ਐਬ, ਲੀਕ, ਕਸੂਰ.

blamABLE, *a.* : ਕਸੂਰਵਾਰ, ਦੋਸ਼ ਜੋਗ.

blamABLY, *adv.* : ਦੋਸ਼ੀ ਦੇ ਤੌਰ ਤੇ, ਕਸੂਰ ਅਨੁਸਾਰ.

blameful, *a.* : ਦੋਸ਼ੀ, ਕਸੂਰਵਾਰ.

blameless, *a.* : ਨਿਰਦੋਸ਼, ਬੇਕਸੂਰ, ਬਿਦੋਸ਼ਾ, ਨਿਰਦੋਸ਼ਾ.

blamelessLY, *adv.* : ਬੇਕਸੂਰਾ ਹੀ, ਬਿਦੋਸ਼ਾ ਹੀ.

blamelessNESS, *n.* : ਨਿਰਦੋਸ਼ਤਾ, ਨਿਰਦੋਸ਼ਪਣ, ਬੇਕਸੂਰੀ.

blameWORTHY, *a.* : ਕਸੂਰਵਾਰ, ਨਿੰਦਣੀਯ.

blameWORTHINESS, *n.* : ਕਸੂਰਵਾਰੀ.

blanch, *v. t.* & *i.* : (ਧੁੱਪ ਤੋਂ, ਰੰਗ ਉਡਾ ਕੇ) ਚਿੱਟਿਆਉਣਾ, ਚਿੱਟਾ ਕਰ ਲੈਣਾ; (ਬਦਾਮ ਆਦਿ ਨੂੰ) ਛਿਲਣਾ; ਬੂਟੇ ਨੂੰ ਚਾਨਣ ਤੋਂ ਓਹਲੇ ਕਰ ਦੇਣਾ; ਪੀਲਾ ਪੈ ਜਾਣਾ (ਘਬਰਾਹਟ, ਡਰ ਨਾਲ).

b. over : (ਗ਼ਲਤ ਢੰਗ ਨਾਲ ਪੇਸ਼ ਕਰਕੇ) ਛੋਟਾ ਦਸਣਾ.

blancmange, *n.* : ਚਿੱਟੀ ਫਿਰਨੀ (ਜੋ ਜੈਲਾਟੀਨ, ਮੈਦੇ ਤੇ ਦੁੱਧ ਨਾਲ ਬਣਦੀ ਹੈ).

bland, *a.* : ਨਰਮ, ਮੁਲੈਮ, ਹਲੀਮ.

blandLY, *adv.* : ਨਰਮੀ ਨਾਲ, ਲਾ ਕੇ.

blandNESS, *n.* : ਨਰਮੀ.

blandish, *v. t.* : ਖ਼ੁਸ਼ਾਮਦ ਕਰਨੀ, ਫੁਸਲਾਉਣੀ ਦੇਣੀ, ਫੂਕ ਦੇਣੀ.

blandishMENT, *n.* (usu. *pl.*) : ਫੁਸਲਾਹਟ; ਫੂਕ ਨਖ਼ਰਾਂ, ਚੂਹਲ, ਚੋਜ, ਜੋਗ.

blank, *a.* : ਕੋਰਾ, ਸਾਦਾ, ਖਾਲੀ; ਰੁੱਖਾ; ਫੋਕਾ; ਬਿਨਾਂ ਦਸਖ਼ਤ; ਚਿੱਟਾ, ਨਿਰਾ.

b. verse : ਬਿਨਤੁੱਕੀ ਛੰਦ.

b. cheque : ਕੋਰਾ ਚੈਕ (ਤਾਂ ਜੋ ਲੈਣ ਵਾਲਾ ਆਪਣੀ ਮਰਜ਼ੀ ਦੀ ਰਕਮ ਭਰ ਸਕੇ).

look b. : ਭੌਂਕਾ ਬੱਕਾ, ਘਬਰਾਇਆ ਦਿਸਣਾ.

b. cartridge : ਬੰਦ ਹੋਇਆ ਕਾਰਤੂਸ, ਫੋਕੀ ਗੋਲੀ, ਨਿਰਾ ਧਮਾਕਾ.

b. paper : ਕੋਰਾ ਕਾਗ਼ਜ਼.

blankNESS, *n.* : ਖਾਲੀਪੁਣਾ, ਕੋਰਾਪਣ, ਘਬਰਾਹਟ.

blank, *n.* : ਕੋਰਾ ਟਿਕਟ, ਲਾਟਰੀ ਦੀ ਟਿਕਟ ਜਿਸ ਤੇ ਇਨਾਮ ਨਾ ਨਿਕਲੇ; (ਲਿਖਤ ਵਿਚ) ਭਰਨ ਵਾਲੀ ਖਾਲੀ ਛੱਡੀ ਥਾਂ (ਦਸਖ਼ਤ ਜਾਂ ਰਕਮ ਆਦਿ ਲਈ); ਖਾਲੀ ਵਕਤ, ਖੋਖਲਾ ਥਾਂ, ਖਾਲੀ ਹੋਣ.

bb. : ਖਾਲੀਆਂ (ਜਿਸੇ ਇਸ਼ਤਿਹਾਰ ਵਿਚ ਕੋਈ ਖਾਲੀ ਥਾਂ ਜਾਂ ਜਿੱਥੇ ਅੱਖਰਾਂ ਦੀ ਥਾਂ ਸਿਰਫ਼ ਲਕੀਰਾਂ ਹੋਣ), ਵਕਤ, ਜਿਸ ਵਿਚ ਕੋਈ ਘਟਨਾ ਨਾ ਹੋਈ ਹੋਵੇ; ਨਿਸ਼ਾਨਾ, ਮੁਹਰ ਲੱਗਣ ਤੋਂ ਪਹਿਲਾਂ.

one's mind, memory is a blank : ਨਿਰਾ ਖੁੰਢ, ਖਾਲੀ, ਕੋਰਾ.

blank, blanky, blanked : ਗਾਲ੍ਹ ਜਾਂ ਕੋਈ ਮੰਦਾ ਸ਼ਬਦ ਖਾਲੀ ਛੱਡੀ ਥਾਂ, ਲਾਮਾ.

blanket, *n.* : ਕੰਬਲ, ਕੰਬਲੀ, ਲੋਈ, ਭੂਰੀ, ਫ਼ਰਦ, ਝੁੱਲ, ਲੋਈ, ਧੁੱਸਾ, ਗ਼ਲਾਮ ਪਸ਼ਮੀਨੇ ਦੀ ਲੋਈ, ਪੋਤ.

wet b. : ਰੰਗ ਵਿਚ ਭੰਗ ਪਾਉਣ ਵਾਲਾ, ਰੋਂਦੀ ਕੰਬਲੀ.

born on wrong side of blanket : ਨਜਾਇਜ਼, ਹਰਾਮ ਦਾ.

blanket, *v. t.* : ਕੰਬਲ ਨਾਲ ਕੱਜਣਾ, ਉੱਤੇ ਕੰਬਲ ਲੈਣਾ, ਕੰਬਲ ਵਿਚ ਪਾ ਕੇ ਉਛਾਲਣਾ (ਸਜ਼ਾ ਦੇ ਤੌਰ ਤੇ); (ਕਿਸੇ ਮਾਮਲੇ ਨੂੰ) ਦਬਾ ਦੇਣਾ, ਗੱਲ ਲੋਪ ਕਰਨੀ, ਪਰਦਾ ਪਾਣਾ.

blankly, *adv.* : ਖਾਲੀ ਨਜ਼ਰ ਨਾਲ, ਬਿਟ-ਬਿਟ, ਸਾਫ਼-ਸਾਫ਼.

blare, *v. t.* & *i.* & *n.* : ਤੂਤੀ ਦੀ ਆਵਾਜ਼, ਗੱਜ ਕੇ ਬੋਲਣਾ, ਭੂਤੀ ਵਜਾਉਣੀ; ਤੁਰਮ ਦੀ ਅਵਾਜ਼.

blarney, *n.* & *v. t.* & *i.* : ਮਿੱਠੀ-ਪੋਚੀ, ਚਾਪਲੂਸੀ; ਗੱਲਾਂ ਪੋਚ ਕਰਨੀ, ਫੁਸਲਣਾ.

blasé [F], *a.* : ਖ਼ੁਸ਼ੀਆਂ ਕਰਕੇ ਅਕਿਆ ਹੋਇਆ, ਜੀਵਨ ਤੋਂ ਤੰਗ, ਰੱਜ ਗਿਆ ਆਇਆ.

blaspheme, *v. i.* & *t.* : ਕੁਫ਼ਰ ਤੋਲਣਾ, ਬੇਅਦਬੀ ਕਰਨੀ, ਕੁਧਰਮੀ ਗੱਲਾਂ ਕਰਨੀਆਂ, ਨਿੰਦਾ ਕਰਨੀ, ਬੇਅਦਬੀ ਦੇ ਸ਼ਬਦ ਵਰਤਣੇ.

blasphemER, *n.* : ਕੁਫ਼ਰ ਤੋਲਣ ਵਾਲਾ, ਬੇਅਦਬੀ ਕਰਨ ਵਾਲਾ, ਕੁਧਰਮੀ.

blasphemY, *n.* : ਕੁਫ਼ਰ, ਕੁਫ਼ਰ ਦੇ ਸ਼ਬਦ, ਬੇਅਦਬੀ.

blasphemOUS, *a.* : ਕਾਫ਼ਰ, ਕੁਫ਼ਰੀ.

blasphemOUSLY, *adv.* : ਬੇਅਦਬੀ ਨਾਲ.

blast, *n.* : (ਹਵਾ ਦਾ ਤੇਜ਼) ਬੁੱਲਾ; ਸੇਕ ਦੇ ਫੂਟਕ ਦਾ ਧੱਕਾ, ਧਮਾਕਾ; ਹਨੇਰੀ; ਹਨੇਰੀ ਦੀ ਫੂਕਰ; ਤੂਤੀ ਜਾਂ ਤੁਰਮ ਦੀ ਆਵਾਜ਼; ਬਾਰੂਦ ਦਾ ਧਰੋਟ ਜੋ ਇਕ ਵਾਰ ਸੁਰੰਗ ਉਡਾਉਣ ਲਈ ਵਰਤੀਦਾ ਹੈ.

b.-furnace : ਫੂਕਣ-ਭੱਠੀ.

b.-pipe : ਫੂਕ-ਨਾਲੀ.

blast, *v. t.* : (ਬਾਰੂਦ ਨਾਲ) ਉਡਾਉਣਾ; ਝੁਲਸਾਉਣਾ, ਭਸਮ ਦੇਣਾ, ਵੱਢਾ ਸਾੜਨਾ (ਨੂੰ, ਮਸ਼ਹੂਰੀ ਜਾਂ ਇੱਜ਼ਤ ਨੂੰ); ਮਿੱਟੀ ਵਿਚ ਮਿਲਾ ਦੇਣਾ; ਰੱਬ ਦੀ ਮਾਰ ਪਾਉਣੀ, ਸਰਾਪਣਾ.

blasted : ਸਰਾਪਿਆ ਹੋਇਆ.

blastoderm, *n.* : ਭਿੰਬ ਝਿੱਲੀ ਜੋ ਅੰਡੇਦਾਨੀ ਨੂੰ ਤਿੰਨ ਹਿੱਸਿਆਂ ਵਿਚ ਵੰਡਦੀ ਹੈ.

blatant, *a.* : ਸ਼ੋਰੀ, ਰੌਲਾ-ਪਾਊ, ਉੱਘਮਲ [illegible] ਵਾਲਾ.

blatantCY, *n.* : ਰੌਲਾ ਰੱਪਾ, ਸ਼ੋਰ.

blatantLY, *adv.* : ਰੌਲੇ-ਰੱਪੇ ਨਾਲ.

blather : ਵੇਖੋ blether.

blaze, *n.* : ਲੰਬਾ, ਲਾਟ, ਭੰਬੜ, ਜੋਸ਼; ਭੜਕ, ਮਚ ਚਾਨਣ, ਜਗ-ਮਗ.

blaze, *v. i.* : ਲਾਟਾਂ ਨਾਲ ਬਲਣਾ, ਜੋਸ਼ ਵਿਚ ਆਉਣਾ, ਭੜਕ ਉਠਣਾ; ਚਮਕ ਪੈਣਾ, ਜਗ-ਮਗ ਕਰਨਾ.

b. away : ਬੰਦੂਕਾਂ ਆਦਿ ਨਾਲ ਲਗਾਤਾਰ ਗੋਲੀ ਚਲਾਈ ਜਾਣੀ; ਜੋਸ਼ ਨਾਲ ਕੰਮ ਕਰਨਾ.

blazing indiscretion : ਖੁਲ੍ਹੀ ਬਿਅਕਲੀ.

blazing scent : (ਸ਼ਿਕਾਰ) ਤੇਜ਼ ਬੋ.

blaze², n. : ਘੋੜਿਆਂ ਤੇ ਪਸ਼ੂਆਂ ਦੇ ਮੱਥੇ ਤੇ ਚਿੱਟਾ ਨਿਸ਼ਾਨ, ਟੀਕ, ਫੁੱਲੀ; ਰੁੱਖਾਂ ਉੱਤੇ, ਰਸਤਾ ਦੱਸਣ ਲਈ, ਚਿੱਟੀ ਨਿਸ਼ਾਨੀ.

blaze³, v. t. : ਰੁੱਖਾਂ ਉੱਤੇ ਨਿਸ਼ਾਨ ਲਾਉਣਾ.

blaze,⁴ v. t. : ਢੰਡੋਰੇ ਦੀ ਚੋਟ ਨਾਲ ਕਹਿਣਾ, ਖ਼ਬਰ ਫੈਲਾਉਣੀ, ਮਸ਼ਹੂਰ ਕਰਨਾ.

blazer, n. : ਖਿਡਾਰੀਆਂ ਦਾ ਰੰਗਦਾਰ ਕੋਟ, ਤੇਜ਼ ਰੰਗ.

blazon, n. : ਢਾਲਾਂ ਉੱਤੇ ਲੱਗਾ ਨਿਸ਼ਾਨ, ਮਾਟੋਕਾ, ਇਨ੍ਹਾਂ ਦਾ ਠੀਕ ਠੀਕ ਵਿਖਿਆਨ; ਗੁਣਾਂ ਦਾ ਬਿਆਨ.

blazon, v. t. : ਨਿਸ਼ਾਨ ਲਾਉਣਾ; ਗੁਣਾਂ ਦਾ ਬਿਆਨ ਕਰਨਾ, ਮਸ਼ਹੂਰ ਕਰਨਾ; (ਚੀਜ਼ਾਂ ਉੱਤੇ) ਨਿਸ਼ਾਨ ਉੱਕਰਨੇ ਜਾਂ ਬਣਾਉਣੇ; ਸ਼ਿੰਗਾਰਨਾ, ਬੋਰ ਬਣਾ ਕੇ ਪੇਸ਼ ਕਰਨਾ, ਐਲਾਨ ਕਰਨਾ.

blazonment, n. : ਸ਼ਿੰਗਾਰ ਜਾਂ ਐਲਾਨ.

blazonry, n. : ਖ਼ਾਨਦਾਨ ਜਾਂ ਜਾਤ ਦੇ ਚਿੰਨ੍ਹ; (ਰੰਗ-ਬਰੰਗਾ) ਦਿਖਾਵਾ.

bleach, v. t. & i. : (ਧੁੱਪ ਜਾਂ ਦਵਾ ਨਾਲ ਰੰਗ ਉਡਾ ਕੇ) ਚਿੱਟਾ ਕਰਨਾ, ਰੰਗ ਉਡਾਉਣਾ, ਰੰਗ ਕੱਟਣਾ.

bleaching powder : ਰੰਗ-ਉਡਾਊ ਮਸਾਲਾ, ਧੋਬੀ ਮਸਾਲਾ, ਰੰਗ-ਕਾਟਣੀ; ਚੂਨੇ, ਕਲੋਰੀਨ ਤੇ ਆਕਸੀਜਨ ਦਾ ਮੇਲ ਜੋ ਰੰਗ ਉਡਾਉਣ ਲਈ ਕੰਮ ਆਉਂਦਾ ਹੈ.

bleacher, n. : ਧੋਬੀ, ਰੰਗ ਉਡਾਉਣ ਵਾਲਾ, ਰੰਗ ਕਟਣੀ, ਮਟ.

bleak, a. : ਬੇਰੰਗ, ਪੀਲਾ; ਉਜਾੜ, ਵਿਰਾਨ; ਠੰਢਾ ਤੇ ਖ਼ੁਸ਼ਕ.

blear, a. & v. t. : ਧੁੰਦਲਾ; ਧੁੰਦਲਾ ਕਰਨਾ, ਹਨੇਰਾ ਕਰਨਾ, ਨਜ਼ਰ ਨੂੰ ਧੁੰਦਲਾਉਣਾ.

b.-eyed : ਚੁੰਨ੍ਹਾ, ਚੁੰਨ-ਅੱਖਾ, ਧੁੰਦਲੀਆਂ ਅੱਖਾਂ ਵਾਲਾ, ਜੋ ਦੂਰ ਦੀ ਨਾ ਦੇਖ ਸਕੇ.

bleat, v. i. & t. : (ਬੱਕਰੀ, ਭੇਡ ਜਾਂ ਵੱਛੇ ਵਾਂਗ) ਮੈਂ ਮੈਂ ਕਰਨਾ, ਮਿਮਿਆਉਣਾ; (ਦੁਖੀਆਂ ਜਾਂ ਕਾਇਰਾਂ ਵਾਂਗ) ਮਿਣ-ਮਿਣ ਕਰਨਾ.

bleb, n. : ਫਿਨਸੀ; (ਪਾਣੀ ਜਾਂ ਸ਼ੀਸ਼ੇ ਵਿਚ) ਬੁਲਬੁਲਾ.

bleed, v. i. & t. : ਲਹੂ ਵਗਣਾ, ਲਹੂ ਕਢਣਾ, ਨਸ਼ਤਰ ਮਾਰਨਾ, ਜੋਕ ਲਾਉਣਾ; ਦਰਖ਼ਤਾਂ ਵਿਚੋਂ ਰਸ ਕਢਣਾ; ਪੈਸਾ ਐਂਠਣੇ, ਠਗੀਣਾ.

heart bleeds : ਦਿਲ ਲਹੂ-ਲੁਹਾਣ ਹੋਇਆ ਹੈ, ਬਹੁਤ ਦੁੱਖ ਹੈ.

bleeder : ਨਕਸੀਰ ਦਾ ਰੋਗੀ.

blemish, v. t. : ਦਾਗ਼ ਲਾਉਣਾ, ਦਾਗ਼ੀ ਕਰਨਾ, ਸ਼ਕਲ ਵਿਗਾੜਨੀ, ਨਾਸ ਕਰਨਾ.

blemish, n. : ਧੱਬਾ, ਨੁਕਸ, ਕਾਲਖ, ਦਾਗ਼, ਦੋਸ਼, ਐਬ, ਕਸਰ, ਖੋਟ, ਕਲੰਕ, ਕਮੀ, ਖ਼ਾਮੀ, ਖੋਟ, ਧੱਬਾ, ਕਲਕ-ਕਲੰਕ.

blench, v. i. : ਝਕਣਾ, ਝਿਜਕਣਾ, ਘਬਰਾਉਣਾ, ਪਿਛਾਂਹ ਹਟਣਾ.

blend, v. t. & i. (blended or blent) : (ਚੀਜ਼ਾਂ ਨੂੰ) ਆਪੋ ਵਿਚ ਮਿਲਾਉਣਾ, ਰਲਾਉਣਾ; ਘੁਲ-ਮਿਲ ਜਾਣਾ, ਰਲ-ਮਿਲ ਜਾਣਾ, ਇਕ ਹੋ ਜਾਣਾ; (ਰੰਗਾਂ ਦਾ) ਇਕ ਦੂਜੇ ਵਿਚ ਰਚਣਾ, ਇਕ-ਜਾਨ ਹੋ ਜਾਣਾ.

blend, n. : ਮਿਲਾਵਟ; ਚਾਹ ਜਾਂ ਤਮਾਕੂ ਦੀਆਂ ਵਖ ਵਖ ਕਿਸਮਾਂ ਦੇ ਮੇਲ ਤੋਂ ਬਣੀ ਚਾਹ ਜਾਂ ਸ਼ਰਾਬ.

blende, n. : ਇਕ ਸਲਫ਼ਾਈਡ, ਜਿਸਤ, ਗੰਧਕ ਤੇ ਐਂਟੀਮਨੀ ਦੇ ਮੇਲ ਤੋਂ ਬਣੀ ਇਕ ਚੀਜ਼.

blent : blend ਦਾ ਭੂਤ ਕਾਲ ਤੇ ਕਾਰਦੰਤਕ.

bless, v. t. : ਅਸੀਸ ਦੇਣੀ; ਬਰਕਤ ਦੇਣੀ, ਵਰ ਦੇਣਾ; (ਕਿਸੇ ਲਈ) ਰੱਬੀ ਮਿਹਰ ਮੰਗਣੀ, ਸਿਫ਼ਤ ਕਰਨੀ, ਨਿਹਾਲ ਕਰਨਾ, ਖ਼ੁਸ਼ ਜਾਂ ਭਾਗਵਾਨ ਬਣਾਉਣਾ, ਮਿਹਰ ਕਰਨੀ.

God b. me, b. me, you, ... am blest : ਰੱਬ ਬਚਾਵੇ ! ਰੱਬ ਰੱਖੇ ! ਮਿਹਰ ਕਰੇ ! ਖ਼ੈਰ ਕਰੇ !

not a pice to b. oneself with : ਪੈਸਾ ਕੌਡੀ ਪੱਲੇ ਨਹੀਂ.

blessed, blest, a. : ਪਵਿੱਤਰ, ਮੁਬਾਰਕ, ਧੰਨ, ਭਾਗਵਾਨ, ਸੁਰਗਵਾਸੀ (ਮਰ ਚੁੱਕਾ).

the blessed, n. : ਸੁਰਗਵਾਸੀ, ਮੁਕਤਾਂ.

b. with : (ਵਿਅੰਗ ਨਾਲ) ਕੋਈ ਚੰਗੀ ਚੀਜ਼ ਮਿਲੀ ਹੋਣੀ.

blessedness, n. : ਅਨੰਦ, ਭਾਗਵਾਨਤਾ.

single b. : (ਮਜ਼ਾਕੀਆ ਤੌਰ) ਛੜੇ ਹੋਣ ਦੀ ਮੌਜ.

blessing, n. : ਅਸੀਸ, ਅਸ਼ੀਰਵਾਦ, ਦੁਆ, ਬਰਕਤ, ਰਹਿਮਤ, ਮਿਹਰ, ਵਰਦਾਨ, ਰੱਬੀ ਦਾਤ, ਉਹ ਚੀਜ਼ ਜਿਸ ਨੂੰ ਲੈ ਕੇ ਖ਼ੁਸ਼ੀ ਹੋਵੇ; ਖਾਣੇ ਤੋਂ ਪਹਿਲਾਂ ਜਾਂ ਪਿੱਛੋਂ ਦੀ ਅਰਦਾਸ.

b. in disguise : ਦੁਖ ਤੋਂ ਉਪਜੇ ਸੁਖ.

blether, blather, v. i. & n. : ਬਕਵਾਸ ਕਰਨਾ, ਅਜ਼ਲ ਫ਼ਜ਼ਲ ਬਕਣਾ; ਬਕਵਾਸ, ਅਜ਼ਲ-ਫ਼ਜ਼ਲ.

bletherskite, blatherskate, n. : ਬਕਵਾਸੀਆ.

blew : blow ਦਾ ਭੂਤ ਕਾਲ.

blight, n. : ਕੁੰਗੀ, ਬੂਟਿਆਂ ਦੀ ਇਕ ਬੀਮਾਰੀ; ਕੰਬਣ ਜਾਂ ਲੂ ਦਾ ਅਸਰ; ਹੁੱਮਸ, ਹੁੱਮ, ਸੋਕਾ; ਭੈੜਾ ਅਸਰ, ਮਣੀ.

blight, v. t. : ਭੈੜਾ ਅਸਰ ਪਾਉਣਾ; ਮੁਰਝਾ ਦੇਣਾ, ਕੁਮਲਾਉਣਾ, ਦਬਾ ਦੇਣਾ, ਨਸ਼ਟ ਕਰਨਾ.

blighter, n. : ਦੁਖਦਾਈ ਮਨੁੱਖ, ਭੈੜ-ਭੜੱਕਾ.

to be b.ed : ਕੁੰਗੀ ਲਗਣੀ.

Blighty, n. : ਦੇਸ਼ (ਫ਼ੌਜੀ ਬੋਲੀ) : ਵਲੈਤ, ਇੰਗਲੈਂਡ.

a B. one : ਅਜੇਹਾ ਫੱਟ ਜਿਸ ਕਾਰਨ ਵਲੈਤ ਜਾਣ ਲਈ ਛੁੱਟੀ ਮਿਲਣੀ ਜ਼ਰੂਰੀ ਹੋਵੇ.

blind, a. : ਅੰਨ੍ਹਾ, ਨੇਤਰਹੀਨ, ਮੁਨਾਖਾ, ਸੂਰਾ, (ਮਿੱਠਾ-ਬੋਲਾ) ਸੂਰਮਾ, ਸੂਰਦਾਸ; ਬੇਸਮਝ, (ਦਿਲੀ ਤੇ ਦਿਮਾਗ਼ੀ) ਸਭ ਤੋਂ ਕਠੋਰ, ਅੰਨ੍ਹੇ-ਵਾਹ, ਬੇਹਿਸਾਬ, ਟੇਢੇ-ਮੇਢੇ.

b. alley : ਬੰਦ ਗਲੀ.

b. alley occupations : ਅਜੇਹੇ ਕੰਮ ਜਿਨ੍ਹਾਂ ਵਿਚ ਤਰੱਕੀ ਦੀ ਗੁੰਜਾਇਸ਼ ਨਾ ਹੋਵੇ.

b. to : ਸਮਝ ਨਾ ਸਕਣੀ, ਬੇਖ਼ਬਰ ਹੋਣਾ.

one's b. side : ਅਣਡਿੱਠਾ ਪਾਸਾ, ਉਹ ਪਾਸਾ ਜਿਧਰ ਰਾਖੀ ਨਾ ਹੋਵੇ.

b. track : ਬੰਦ ਰਾਹ.

b.-letter, -man, -reader : (ਡਾਕਖ਼ਾਨੇ) ਉਹ ਚਿੱਠੀ ਜਿਸ ਦਾ ਪਤਾ ਠੀਕ ਨਾ ਹੋਵੇ, ਜੋ ਅਜੇਹੇ ਜੇ ਅਜੇਹੀਆਂ ਚਿੱਠੀਆਂ ਨੂੰ ਨਜਿੱਠਦੇ ਹਨ.

b.-man's-buff : ਅੱਖਾਂ ਮੀਟ ਕੇ ਫੜਨ ਵਾਲੀ ਖੇਡ.

b. door : ਦਿਖਾਵੇ ਦਾ ਦਰਵਾਜ਼ਾ.

b. stamping, b. tooling : (ਜਿਲਦਸਾਜ਼ੀ) ਬੇਰੰਗ ਛਪਾਈ, ਜਿਹੜੀ ਸੋਨੇ ਜਾਂ ਰੰਗ ਦੇ ਜਿਲਦਾਂ ਉੱਤੇ ਅੱਖਰ ਉਭਰਨ.

b.-man's holiday : ਝਟਪਟਾ, ਦੀਵੇ ਬਲਣ ਤੋਂ ਪਹਿਲਾਂ ਦਾ ਵਕਤ.

b. boil : ਗੁੰਮ-ਫੋੜਾ, ਬੇਮੂੰਹਾ ਫੋੜਾ, ਬੰਦ-ਮੂੰਹ ਫੋੜਾ.

b. coal : ਸੁਲਗਦਾ ਕੋਲਾ, ਕੋਲਾ ਜੋ ਲਾਟ ਨਾ ਦੇਵੇ, ਸੰਗ ਕੋਲ.

b. of an eye : ਕਾਣਾ, ਇਕ ਨੇਤਰਾ, ਇਕ-ਅੱਖਾ.

turn a blind eye to : ਵੇਖਣਾ ਹੀ ਨਾ, ਧਿਆਨ ਨਾ ਦੇਣਾ, ਵੇਖ ਕੇ ਅੱਖ ਮੀਟ ਲੈਣੀ.

b. spot : ਅੰਨ੍ਹੀ ਥਿੱਗ.

blind, v. t. : ਅੰਨ੍ਹਾ ਕਰਨਾ, ਧੋਖਾ ਦੇਣਾ, ਮਤ ਮਾਰ ਦੇਣੀ.

blind, n. : ਆੜ, ਓਟ, ਪਰਦਾ, ਹੀਲਾ-ਚੋਜ.

blindage, n. : ਆੜ (ਫ਼ੌਜੀ ਭੇਸ ਬਦਲ ਦੀ).

blindfold, v. t. : ਅੱਖਾਂ ਬੰਨ੍ਹ ਦੇਣੀਆਂ, ਅੱਖਾਂ ਤੇ ਪੱਟੀ ਬੰਨ੍ਹਣੀ.

blindfold, a. & adv. : ਅੱਖਾਂ-ਬੰਨ੍ਹਿਆ, ਅੰਨ੍ਹਿਆਂ ਵਾਂਗ, ਅੰਨ੍ਹੇਪਣ ਨਾਲ, ਅੰਨ੍ਹੇ-ਵਾਹ; ਬਿਨਾਂ ਸੋਚੇ ਸਮਝੇ; ਅੱਖਾਂ ਬੰਦ ਕਰ ਕੇ.

blinding, *vbl. n.* : ਥੀਤ੍ਰੀ ਪਾਣੀਆਂ, ਹਿੰਬੀ ਭਰਨੀਆਂ (ਸੜਕ ਆਦਿ ਦੀਆਂ).
blindly, *adv.* : ਅੱਖਾਂ ਬੰਦ ਕਰ ਕੇ, ਬਿਨਾਂ ਸੋਚੇ.
blindness, *n.* : ਅੰਨ੍ਹ, ਅੰਨ੍ਹਪੁਣਾ, ਬੇਸਮਝੀ, ਮੂਰਖਤਾ.
blink, *v. t. & i.* : ਅੱਖ ਝਮਕਣੀ; ਲੋਅ ਟਹਿਕਣੀ; ਨਜ਼ਰੋਂ ਓਹਲੇ ਕਰ ਜਾਣਾ, ਪਲ ਦੀ ਪਲ ਲਈ ਅੱਖ ਬੰਦ ਕਰਨੀ, ਕੁਝ ਚਿਰ ਲਈ ਚਮਕਣਾ, ਝਲਕਾਰਾ ਮਾਰਨਾ.
blink, *n.* : ਝਲਕ, ਝਲਕਾਰਾ, ਚਮਕ, ਇਕ ਨਜ਼ਰ; ਦੂਮੇਲ ਦੀ ਰਿਸ਼ਮਾਂ; ਦੂਰ ਦੀ ਬਰਫ਼ ਦਾ ਲਿਸ਼ਕਾਰਾ.
blinker, *n.* (*usu. pl.*) : ਰਿਸ਼ਮਾਂ ਵਾਲੀਆਂ ਹਾਲਤਾਂ ਵਿਚ; ਖੋਪਾ; ਘੋੜੇ ਦੀਆਂ ਅੱਖਾਂ ਦੇ ਖੋਪੇ, ਅਖੋੜਨੇ.
bliss, *n.* : ਅਨੰਦ, ਆਤਮਕ ਸੁਖ, ਸਰੂਰ, ਪਰਮ ਸੁਖ, ਵਿਸਮਾਦ, ਸੁਰਗਾਂ ਵਿਚ ਹੋਣਾ.
  blissFUL, *a.* : ਅਨੰਦਤ, ਸੁਖੀ, ਮਗਨ, ਵਿਸਮਾਦੀ, ਸੁਰਗਾਂ ਵਿਚ.
  blissFULLY, *adv.* : ਅਨੰਦ ਨਾਲ, ਸੁਰਗੀ ਤਰੀਕੇ ਨਾਲ, ਮਗਨਤਾ ਨਾਲ.
  blissFULNESS, *n.* : ਅਨੰਦੀ ਅਵਸਥਾ, ਵਿਸਮਾਦ, ਅਨੰਦਤਾਈ, ਮਸਤੀ, ਮੌਜ.
blister, *n.* & *v. t.* & *i.* : ਛਾਲਾ, ਫੋੜਾ, ਛਾਲਾ-ਉਠਾਊ (ਦਵਾਈ ਜਿਸ ਨਾਲ ਛਾਲਾ ਪੈ ਜਾਵੇ); ਛਾਲਾ ਉਠਾਣਾ, ਛਾਲਿਆਂ ਨਾਲ ਭਰ ਜਾਣਾ; ਰਕਤ ਪ੍ਰਵਾਹ ਕਰਨਾ.
blithe, *a.* : ਖ਼ੁਸ਼, ਮੌਜੀ, ਰੰਗੀਲਾ.
  blitheLY, *adv.* : ਮੌਜੀ ਖ਼ੁਸ਼ੀ.
  blitheSOME, *a.* : ਖ਼ੁਸ਼-ਖ਼ੁਸ਼, ਹਸਦਾ-ਰਸਦਾ.
blithering, *a.* : ਬਕਵਾਸੀ, ਮਹਾਂ-ਬਾਊ, ਮਿਨ-ਖਪਾਊ.
  b. idiot : ਪਰਲੇ ਦਰਜੇ ਦਾ ਖੋਤਾ.
blitzkrieg, blitz, *n.* : ਤੂਫ਼ਾਨੀ ਹੱਲਾ, ਖ਼ਾਸ ਕਰਕੇ ਹਵਾਈ ਹਮਲਾ.
blizzard, *n.* : ਬਰਫ਼ ਦਾ ਤੇਜ਼ ਤੂਫ਼ਾਨ, ਬਰਫ਼ਾਨੀ ਹਨੇਰੀ.
bloat, *v. t.* : ਮੱਛੀ ਨੂੰ ਲੂਣ ਲਾ ਕੇ ਤੇ ਧੂੰਆਂ ਦੇ ਕੇ ਸਾਫ਼ ਕਰਨਾ.
  bloater : ਸਾਫ਼ ਕੀਤੀ ਮੱਛੀ.
bloat, *v. t. & i.* : ਆਫਰਨਾ, ਫੁੱਲਣਾ.
  bloated, *adj.* : (ਖਾ ਖਾ ਕੇ) ਭਰੀਆ ਫੁਲਿਆ, ਮੋਟਾ-ਤਾਜ਼ਾ, ਫੁੱਲਿਆ ਹੋਇਆ.
blob, *n.* : ਢੇਲਾ, ਤੁਪਕਾ, ਬੂੰਦ, ਬਿੰਦ, ਟਿਮਕਣਾ.
blobber-lipped, *a.* : ਬੁੱਲ੍ਹੜ, ਮੋਟੇ ਹੋਠਾਂ ਵਾਲਾ.
bloc, *n.* : ਬਲਾਕ, ਧੜਾ, ਗੁੱਟ (ਰਾਜਸੀ).
block, *n.* : (ਲੱਕੜ ਦਾ) ਮੁੱਢ, ਘੁੰਡ, ਮੁੱਢ; ਮੰਡਾ (ਜਿਸ ਉੱਤੇ ਰਖ ਕੇ ਲੱਕੜ ਕੱਟਦੇ ਜਾਂ ਕੁੱਟਦੇ ਹਨ); (ਟੋਪੀਆਂ ਦਾ) ਸੱਚਾ, ਕਾਲਬ, ਬਲਾਕ, ਠੱਪਾ (ਲੱਕੜ ਜਾਂ ਧਾਤ ਦਾ ਜਿਸ ਵਿਚ ਛਾਪਣ ਵਾਸਤੇ ਤਸਵੀਰ ਉੱਕਰੀ ਹੋਵੇ); ਕਿਸੇ ਚੀਜ਼ ਦਾ ਢੇਰਾ ਹੋਣਾ; ਕਾਗ਼ਜ਼ਾਂ ਪੈਡ, ਮਕਾਨਾਂ ਦਾ ਸਮੂਹ, ਬਲਾਕ, ਮੁਹੱਲਾ, ਅੜਿੱਕਾ; ਘੜਾ, ਬਲਾਕ; ਕਠੋਰ ਮਨੁੱਖ; (ਕ੍ਰਿਕਟ) ਉਹ ਥਾਂ ਜਿੱਥੇ ਖਿਡਾਰੀ ਬੈਟ ਰਖਦਾ ਤੇ ਰੋਕਦਾ ਹੈ.
  b.head : ਮੂਰਖ ਮਨੁੱਖ, ਉੱਤ, ਬੁੱਧੂ-ਬਾਟਾ.
  b.-house : ਕਿਲ੍ਹਾ ਕਿਸੇ ਥਾਂ ਦੀ ਰਾਖੀ ਲਈ, ਲੱਕੜ ਦਾ ਕਿਲ੍ਹਾ, ਕਾਰਗਾਹ.
  b. letters, -writing : ਵੱਡੇ ਅੱਖਰਾਂ ਵਿਚ ਤੇ ਛਾਪੇ ਵਾਂਗ ਲਿਖਣਾ.
  b. system : (ਰੇਲਾਂ ਵਿਚ) ਤਰੀਕਾ ਜਿਸ ਅਨੁਸਾਰ ਇਕੋਂ ਸੈਕਸ਼ਨ ਵਿਚ ਇਕੋ ਗੱਡੀ ਜਾ ਸਕੇ ਜਿੰਨਾ ਚਿਰ ਉਥੋਂ ਅਗਲੀ ਗੱਡੀ ਚਲੀ ਨਾ ਜਾਵੇ.
  chip of old b. : ਪਿਤਾ ਪਰ ਪੁਤ.
  the b. : (ਲੱਕੜ ਦੀ ਮੁੱਢੀ ਜਿਸ ਉੱਤੇ ਸਿਰ ਰਖ ਕੇ ਵਢਦੇ ਸਨ) ਮੌਤ ਦੀ ਸਜ਼ਾ.
  blockISH, *a.* : ਕਠੋਰ, ਬੇਤਰਸ.

block², *v. t.* : ਅੜਾਉਣਾ, ਅਟਕਾਉਣਾ, ਰੋੜਾ ਅਟਕਾਉਣਾ, ਰੋਕ ਪਾਉਣੀ, ਰੋਕਣਾ, ਰਾਹ ਬੰਦ ਕਰ ਦੇਣਾ, ਘੇਰਨਾ, ਬੰਦ ਕਰਨਾ; ਗੇਂਦ ਨੂੰ ਰੋਕਣਾ; ਟੋਪੀ ਨੂੰ ਲੱਕੜ ਦੇ ਸੱਚੇ ਤੇ ਚੜ੍ਹਾਉਣਾ; (ਪਾਰਲੀਮੈਂਟ) ਕਿਸੇ ਬਿਲ ਦੀ ਵਿਰੋਧਤਾ ਦਾ ਐਲਾਨ ਕਰਨਾ.
  b. out, in : ਨਕਸ਼ਾ ਬਣਾਉਣਾ, ਖ਼ਾਕਾ ਖਿੱਚਣਾ.
blockade, *n.* : ਘੇਰਾ; ਨਾਕਾਬੰਦੀ; ਡੱਕਾ; ਰਸਦ ਤੇ ਸਮਿਗਰੀ ਦੀ ਬੰਦੀ.
  raise b. : ਨਾਕਾਬੰਦੀ ਖੋਲ੍ਹਣੀ, ਘੇਰਾ ਹਟਾਉਣਾ, ਘੇਰਾ ਘੱਤਣ ਵਾਲਿਆਂ ਨੂੰ ਹਰਾ ਦੇਣਾ.
  run b. : ਘੇਰਾ ਘੱਤਣ ਵਾਲਿਆਂ ਕੋਲ ਤੋਂ ਬਚ ਨਿਕਲਣਾ.
  b.-runner : ਜਹਾਜ਼ ਜਾਂ ਕਪਤਾਨ ਜੋ ਘੇਰੇ ਤੋਂ ਬਚਣ ਦਾ ਜਤਨ ਕਰੇ.
blockade², *v. t.* : ਘੇਰਾ ਘੱਤਣਾ, ਨਾਕਾਬੰਦੀ ਕਰਨੀ, ਡੱਕਾ ਲਾਉਣਾ, ਰੋਕਣਾ, ਰਾਹ ਰੋਕਣਾ.
  blockader, *n.* : ਰੋਕਣ ਵਾਲਾ, ਘੇਰਨ ਵਾਲਾ, ਨਾਕਾਬੰਦੀ ਕਰਨ ਵਾਲਾ.
bloke, *n.* : ਘਟੀਆ ਆਦਮੀ.
blond, blonde, *n.* & *a.* : ਗੋਰਾ, ਗੋਰਾ ਮਨੁੱਖ ਜਿਸ ਦੇ ਵਾਲ ਸੁਨਹਿਰੀ ਤੇ ਰੰਗ ਗੋਰਾ ਹੋਵੇ.
blood, *n.* : ਰੱਤ, ਲਹੂ, ਖ਼ੂਨ, ਧਾਤ, ਕਤਲ, ਸੁਭਾਅ ਦੀ ਗਰਮੀ, ਤੇਜ਼ੀ, ਨਸਲ, ਉੱਚੀ ਨਸਲ, ਰਿਸ਼ਤੇਦਾਰੀ, ਖ਼ੂਨ ਦਾ ਰਿਸ਼ਤਾ.
  b. clot : ਲਹੂ ਦੀ ਫੁੱਟ.
  b. corpuscles : ਲਹੂ-ਕਣ.
  b. feud : ਖ਼ਾਨਦਾਨੀ ਵੈਰ.
  flesh & b. : ਸਰੀਰ, ਇੰਦ੍ਰੀਆਂ; ਸਾਧਾਰਨ ਆਦਮੀ, ਸਧਾਰਨ ਮਨੁੱਖ.
  b. pressure : ਖ਼ੂਨ ਦਾ ਦਬਾਓ.
  b. and iron : ਕਠੋਰ ਬਾਹੂਬਲ ਦੀ ਵਰਤੋਂ.
  b. heat : ਸਰੀਰ ਦੀ ਸਧਾਰਨ ਗਰਮੀ, ਜਿੰਨਾ ਕੁ ਲਹੂ ਨੂੰ ਗਰਮ ਰਹਿਣਾ ਚਾਹੀਦਾ ਹੈ, 98.4° F.
  b.-guilty : ਖ਼ੂਨੀ.
  b. hound : ਜਾਸੂਸ, ਸੂਹੀਆ ਕੁੱਤਾ, ਖੋਜੀ ਕੁੱਤਾ.
  b.-relation : ਖ਼ੂਨ ਦਾ ਰਿਸ਼ਤਾ, ਨਜ਼ਦੀਕੀ ਸੰਬੰਧੀ.
  b.-royal : ਸ਼ਾਹੀ ਨਸਲ.
  b.-shot eye : ਖ਼ੂਨ-ਭਰੀ ਅੱਖ, ਲਾਲ ਅੱਖ.
  bloodshed : ਖ਼ੂਨ-ਖ਼ਰਾਬਾ.
  b.-stained : ਲਹੂ-ਲੁਹਾਨ, ਲਹੂ ਨਾਲ ਲਿਬੜਿਆ ਹੋਇਆ.
  b.-sucker : ਜੋਕ-ਪੀਣਾ, ਲਹੂ-ਚੂਸ, ਜੋਕ, ਜਾਬਰ.
  b.-thirsty : ਲਹੂ-ਤਿਹਾਇਆ, ਲਹੂ ਦਾ ਤਿਹਾਇਆ, ਖ਼ੂਨੀ, ਜ਼ਾਲਮ.
  b.-transfusion : ਰੱਤ-ਸੰਚਾਰ.
  b.-vessel : ਲਹੂ-ਨਾੜੀ, ਨਾੜ.
  b.-wort : ਲਾਲ ਪੱਤਰਾਂ ਵਾਲੇ ਬੂਟੇ.
  bad b. : ਰੰਜਸ਼, ਨਰਾਜ਼ਗੀ.
  blue b. : ਉੱਚ-ਘਰਾਣਾ.
  his b. is up : ਉਹ ਮਰਨ ਮਾਰਨ ਲਈ ਤਿਆਰ ਹੈ, ਲੜਨ ਤੇ ਤੁਲਿਆ ਹੋਇਆ ਹੈ.
  fresh b. : ਨਵਾਂ ਖ਼ੂਨ, ਨੌਜਵਾਨ.
  in cold b. : ਬਿਨਾਂ ਜੋਸ਼ ਵਿਚ ਆਏ, ਜਾਣ ਬੁਝ ਕੇ.
  let b. : ਪੱਛਣਾ, ਪੱਛ ਲਾਉਣਾ, ਲਹੂ ਕਢਣਾ, ਫ਼ਸਦ ਕਰਨਾ.
  runs in the b. : ਖ਼ੂਨ ਵਿਚ ਹੈ, ਜਮਾਂਦਰੂ ਹੈ, ਪੀੜ੍ਹੀਆਂ ਤੋਂ ਚਲਾ ਆਉਂਦਾ ਹੈ.
  b.-money : ਲਹੂ-ਬਦਲਾ, ਮਾਰੇ ਗਏ ਬੰਦੇ ਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਜੋ ਰੁਪਿਆ ਮਿਲੇ, ਖ਼ੂਨੀ ਦੇ ਖ਼ਿਲਾਫ਼ ਗਵਾਹੀ ਦੇਣ ਦਾ ਇਨਾਮ.
  own flesh & b., b. is thicker than water : ਲਹੂ ਪਾਣੀ ਤੋਂ ਗਾੜ੍ਹਾ ਹੁੰਦਾ ਹੈ, ਆਪਣਾ ਆਪਣਾ ਹੀ ਹੁੰਦਾ ਹੈ; ਆਪਣਾ ਮਾਰ

ਝਾੜੇ ਜੋ ਸੋਟ.

b.-poisoning : ਜ਼ਹਿਰ ਚੜ੍ਹ ਜਾਣਾ, ਖ਼ੂਨ ਵਿਚ ਜ਼ਹਿਰੀਲਾ ਮਾਦਾ ਪੈਦਾ ਹੋ ਜਾਣਾ (ਜ਼ਖ਼ਮ ਆਦਿ ਕੀ ਰਾਹੀਂ).

b.-red : ਲਹੂ ਵਰਗਾ ਲਾਲ, ਲਾਲ-ਬਿੰਬ.

b. orange : ਅਜੇਹੇ ਸੰਗਤਰੇ ਜਿਨ੍ਹਾਂ ਦਾ ਗੁੱਦਾ ਲਾਲ ਹੋਵੇ.

b. out of a stone : ਪੱਥਰ ਵਿਚੋਂ ਹਮਦਰਦੀ !

blood-horse, *n.* : ਘੋੜਿਆਂ ਦੀ ਚੰਗੀ ਨਸਲ.

b.-stone : ਇਕ ਕੀਮਤੀ ਪੱਥਰ ਜਿਸ ਵਿੱਚ ਲਾਲ ਧਾਰੀਆਂ ਜਾਂ ਨਿਸ਼ਾਨ ਹੁੰਦੇ ਹਨ.

young b. : ਜੋਸ਼ੀਲਾ ਲਹੂ, ਜਵਾਨ.

blood², *v. t.* : ਥੋੜ੍ਹਾ ਜਿਹਾ ਲਹੂ ਕੱਢਣਾ; ਲਹੂ ਮੂੰਹ ਲਾਣਾ (ਸ਼ਿਕਾਰੀ ਕੁੱਤੇ ਨੂੰ ਪਹਿਲੀ ਵਾਰ ਲਹੂ ਦਾ ਸੁਆਦ ਚਖਾਉਣਾ); (ਅਲੰਕਾਰ) ਉਕਸਾਉਣਾ, ਜੋਸ਼ ਦੇਣਾ.

bloodless, *a.* : ਰੱਤ-ਹੀਣ, ਲਹੂ ਤੋਂ ਸੱਖਣੀ, ਖ਼ੂਨ ਤੋਂ ਬਿਨਾਂ, ਪੀਲਾ; ਖ਼ੂਨ-ਹੀਣ, ਨਿਸਤੇਜ; ਬੇ-ਜੋਸ਼, ਜੋ ਪਸੀਜ ਨਾ ਸਕੇ; ਖ਼ੂਨ-ਖ਼ਰਾਬੇ ਤੋਂ ਬਿਨਾਂ, ਸ਼ਾਂਤ.

bloodlessly, *adv.* : ਖ਼ੂਨ-ਖ਼ਰਾਬੇ ਤੋਂ ਬਿਨਾ ਹੀ.

bloody, *a.* & *adv.* : ਲਹੂ ਦਾ, ਵਰਗਾ, ਜਾਂ ਲਹੂ ਲਿਬੜਿਆ; ਲਹੂ-ਲੁਹਾਨ; ਖ਼ੂਨਖ਼ਾਰ, ਖ਼ੂਨੀ, ਜ਼ਾਲਮ (ਗਾਲ੍ਹ ਦੇ ਤੌਰ ਤੇ), (ਅਸ਼ਲੀਲ) ਬਹੁਤ, ਬੜਾ.

b. nose : ਨਕਸੀਰ ਫੁਟੀ ਹੋਈ; ਨੱਕ ਵਿਚੋਂ ਲਹੂ ਵਗਦਿਆਂ.

b. flux : ਮਰੋੜ, ਖ਼ੂਨੀ ਪੇਚਸ਼, ਰਕਤਾਤਿਸਾਰ.

b.-minded : ਬੇਰਹਮ.

bloodily, *adv.* : ਖ਼ੂਨ ਖ਼ਰਾਬੇ ਨਾਲ, ਖ਼ੂਨੀ ਦੇ ਤੌਰ ਤੇ, ਜ਼ਾਲਮਾਂ ਵਾਂਗ.

bloodiness, *n.* : ਖ਼ੂਨ ਖ਼ਰਾਬਾ, ਜ਼ੁਲਮ.

bloody, *v. t.* : ਲਹੂ ਨਾਲ ਲਿਬੇੜਨਾ, ਰੰਗਣਾ.

bloom¹, *n.* : ਫੁੱਲ, ਬਹਾਰ, ਜੋਬਨ, ਜਵਾਨੀ, ਖਿੜਾਉ, ਸੁੰਦਰਤਾ, ਰੌਣਕ, ਤਾਜ਼ਗੀ, ਖਿੜਕ-ਖੁਸ਼ਕ, ਚਮਕ-ਦਮਕ; ਚਿੱਟਾ ਧੂੜਾ ਜੋ ਅੰਗੂਰਾਂ ਜਾਂ ਪੱਤਿਆਂ ਆਦਿ ਤੇ ਜੰਮ ਜਾਂਦਾ ਹੈ; ਮਲਿੰਗਾ, ਮੈਦਾ.

bloom¹, *v. i.* : ਫੁੱਲਣਾ, ਫੁੱਲ ਲਗਣੇ, ਫੁੱਲਾਂ ਨਾਲ ਲੱਦੀਣਾ, ਪੂਰੇ ਜੋਬਨ ਵਿਚ ਆਉਣਾ, ਖਿਲਣ ਤੇ ਪੁੱਜਣਾ, ਪ੍ਰਫੁੱਲਤ ਹੋਣਾ.

bloom², *n.* : ਪੰਘਰੇ ਹੋਏ ਲੋਹੇ ਤੋਂ ਬਣੀ ਮੋਟੀ ਸੀਖ.

bloom², *v. t.* : ਪੰਘਰੇ ਹੋਏ ਲੋਹੇ ਤੋਂ ਮੋਟੀ ਸੀਖ ਬਣਾਉਣੀ.

bloomery, *n.* : ਸ਼ਿਕੰਜੀਆਂ ਸੀਖਾਂ ਬਣਾਉਣ ਦਾ ਕਾਰਖ਼ਾਨਾ.

bloomer, *n.* : ਇਕ ਅਮਰੀਕਨ, ਮਿਸਿਜ਼ ਬਲੂਮਰ ਦੇ ਨਾਂ ਤੇ, ਇੱਕ ਕਿਸਮ ਦਾ ਜ਼ਨਾਨਾ ਪਹਿਰਾਵਾ, ਛੋਟੀ ਕਮੀਜ਼ ਤੇ ਪਤਲੂਨ; (ਬਹੁਵਚਨ) ਜ਼ਨਾਨਾ ਪਜਾਮਾ (ਜੋ ਸਾਈਕਲ ਚਲਾਉਣ ਵੇਲੇ ਪਾਈ ਜਾਂਦੀ ਸੀ).

bloomer, *n.* : (ਬੋਲਚਾਲ) ਵੱਡੀ ਭੁੱਲ.

blooming, *a.* : ਫੁੱਲਦਾਰ; ਫਲਦਾ ਫੁਲਦਾ; ਠਾਠਾਂ ਮਾਰਦਾ; ਪੂਰੇ ਜੋਬਨ ਵਿਚ ਉਠਦੀ (ਜਵਾਨੀ).

blossom, *n.* : ਫੁੱਲ (ਖ਼ਾਸ ਤੌਰ ਤੇ ਜਿਸ ਤੋਂ ਫਲ ਦੀ ਆਸ ਹੋਵੇ); ਫੁੱਲਾਂ ਦਾ ਢੇਰ ਤੇ ਸਾਰਾ ਬੂਰ (ਜਿਵੇਂ ਅੰਬ ਦਾ); ਹੋਣਹਾਰਪਣਾ, ਵਧਣ ਫੁੱਲਣ ਦੇ ਦਿਨ, ਜੋਬਨ.

in b. : ਖੇੜੇ ਵਿਚ, ਖਿੜੇ ਹੋਏ, ਖਿੜਾਉ ਵਿਚ.

b. faced, ਜਾਂ **b. nosed** : ਵੇਖੋ **bloated**.

blossomy, *a.* : ਫੁੱਲਦਾਰ, ਖਿੜਿਆ, ਖਿਲਦਾ, ਵਧਦਾ-ਫੁਲਦਾ, ਫੁਲਿਆ, ਫੁੱਲਾਂ ਨਾਲ ਲੱਦਿਆ.

blossomless, *a.* : ਜੋ ਨਾ ਫੁੱਲੇ ਫਲੇ.

blossom, *v. i.* : ਖਿੜਨਾ (ਫੁੱਲ ਦਾ), ਫੁੱਲ ਲਗਣੇ.

b. out into a statesman : ਨੀਤੀਵਾਨ ਬਣ ਜਾਣਾ.

blot, *n.* : ਦਾਗ਼, ਧੱਬਾ, ਧਰੋਖ਼ਾ, ਧੱਬਾ, ਐਬ, ਦੋਸ਼, ਕਲੰਕ, ਨੁਕਸ, ਖੋਟ, ਕਲੰਕ ਦਾ ਟਿੱਕਾ.

blot, *v. t.* & *i.* : ਧੱਬਾ ਲਗਾਣਾ ਜਾਂ ਲਾਣਾ, ਦਾਗ਼ ਜਾਂ ਧੱਬਾ ਲਾਉਣਾ, ਕਲੰਕਤ ਕਰਨਾ; ਐਵੇਂ ਕਾਗ਼ਜ਼ ਕਾਲਾ ਕਰਨਾ; ਸਿਆਹੀ-ਚੱਟ ਨਾਲ ਸੁਕਾਉਣਾ.

blotting-paper : ਸਿਆਹੀ-ਚੂਸ.

blotting-book, -pad, -case : ਸਿਆਹੀ-ਚੱਟਾਂ ਦੀ ਕਾਪੀ ਜਾਂ ਗੱਤਾ ਜਿਸ ਉੱਤੇ ਸਿਆਹੀ ਚੱਟ ਲੱਗਾ ਹੋਵੇ.

blot out : ਮਿਟਾ ਦੇਣਾ (ਲਿਖਤ ਆਦਿ ਨੂੰ); ਅਲੋਪ ਕਰ ਦੇਣੀ.

blotch, *n.* : ਫੋੜਾ, ਉਗਾਲ; ਰੰਗ ਜਾਂ ਸਿਆਹੀ ਦਾ ਦਾਗ਼, ਧਰੋਖਾ, ਧੱਬਾ.

blotchilu, **blotchy**, *a.* : ਧੱਬੇ ਵਾਲਾ, ਫੋੜੇ ਵਾਲਾ.

blottesque, *a.* : ਟੇਢਾ-ਮੇਢਾ ਚਿਤਰ, ਇਕ ਕਿਸਮ ਦੀ ਤਸਵੀਰ ਜੋ ਰੰਗ ਦੇ ਧੱਬਿਆਂ ਨਾਲ ਹੀ ਬਣਾਈ ਜਾਂਦੀ ਹੈ.

blouse, *n.* : ਕਮੀਜ਼; ਪੇਟ-ਬੰਦ, ਕਮੀਜ਼, ਚੋਲੀ, ਕੁੜਤੀ (ਤੀਵੀਆਂ ਦੀ), ਖੁਲ੍ਹੀ ਕਮੀਜ਼ ਜੋ ਲੱਕ ਤਕ ਲਿਟਕਦੀ ਹੈ.

blow¹, *v. i.* & *t.* : (ਹਵਾ ਦਾ) ਫੂਕਣਾ, ਵਗਣਾ, ਝੁਲਕਣਾ, ਧੁਕਣਾ, ਫੂਕ ਮਾਰਨੀ; ਫੁੰਕਾਰਾ ਮਾਰਨਾ; ਸਹਿਕਣਾ; ਸਾਹ ਚੜ੍ਹਨਾ; ਹਵਾ ਨਾਲ ਉੱਡ ਜਾਣਾ, ਧੌਂਕਣਾ, ਵਜਾਉਣਾ, (ਵੇਲ ਮੱਛੀ, ਸਮੁੰਦਰੀ ਆਦਿ ਦਾ) ਫੁੰਕਾਰਾ ਮਾਰਨਾ, ਉਡਾ ਦੇਣਾ, ਬਾਰੂਦ ਨਾਲ ਉਡਾ ਦੇਣਾ (ਸੁਰੰਗ ਲਾ ਕੇ); (ਬੋਲਚਾਲ) ਧੋਖਾ ਦੇਣਾ, (ਮੱਖੀਆਂ ਦਾ) ਆਂਡੇ ਦੇਣੇ; (ਬੋਲਚਾਲ) ਫਿਟਕਾਰ ਪਾਉਣੀ; (ਰੁਪਿਆ ਪੈਸਾ) ਫੂਕਣਾ, ਉਡਾਉਣਾ, ਫਟਣਾ, ਤੋੜਨਾ.

b.-fly : ਮਾਸ-ਮੱਖੀ.

b. out : ਬੁਝਾਉਣਾ (ਫੂਕ ਮਾਰ ਕੇ).

b. one's own trumpet : ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ.

b. hot & cold : ਡੰਗ-ਡੋਲਾ ਵਰਤਣਾ, ਘੜੀ ਤੋਲਾ ਘੜੀ ਮਾਸ਼ਾ ਹੋਣਾ.

b.pipe : ਫੂਕਣੀ (ਉਹ ਨਾਲੀ ਜੋ ਪਿਘਲੇ ਹੋਏ ਸ਼ੀਸ਼ੇ ਨੂੰ ਫੁਲਾਉਣ ਲਈ ਫੂਕ ਮਾਰਨ ਵਾਸਤੇ ਵਰਤੀਦੀ ਹੈ); ਤੀਰ-ਨਲੀ (ਜਿਸ ਨਾਲ ਅਮਰੀਕੀ ਇੰਡੀਅਨ ਤੀਰ ਦਾ ਨਿਸ਼ਾਨਾ ਲਾਉਂਦੇ ਹਨ).

b. up : (ਬਾਰੂਦ ਨਾਲ) ਉਡਾ ਦੇਣਾ.

b. great guns : ਹਨੇਰੀ ਆਉਣੀ, ਝੱਖੜ ਝੁਲਣਾ.

b. off steam : ਵਾਧੂ ਭਾਫ਼ ਕੱਢ ਦੇਣੀ; ਦਿਲ ਦਾ ਗ਼ੁਬਾਰ ਕੱਢਣਾ.

b. over : ਟਲ ਜਾਣਾ, ਲੰਘ ਜਾਣਾ.

b. upon : ਫਟਣਾ, ਉਲਟੀਆਂ-ਸਿੱਧੀਆਂ ਲਾਣੀਆਂ, ਭੰਡਣਾ.

blow², *n.* : (ਤਾਜ਼ੀ ਹਵਾ ਦਾ) ਬੁੱਲਾ; ਬੀਨ ਜਾਂ ਤੁਰੀ ਦੇ ਵਜਾਉਣ ਦਾ ਕੰਮ; (ਸ਼ੇਰ) ਸ਼ੇਖੀ ਮਾਰਨ.

blow-out, *n.* : ਬਦਹਜ਼ਮੀ, ਬਦਹਜ਼ਮੀ, ਬਹੁਤ ਖਾਣਾ; ਟਾਇਰ ਦਾ ਫਟਣਾ, ਫਟਣਾ; ਬਿਜਲੀ ਦਾ ਉੱਡਣਾ.

blow³, *v. i.* (**blew, blown**) : (ਫੁੱਲ ਦਾ) ਖਿੜਨਾ; (ਮਨੋਰਥਾਂ ਦਾ) ਫੁੱਲਣਾ.

blow³, *n.* : ਖੇੜਾ.

in full b. : ਪੂਰੇ ਖਿੜਾਉ ਵਿੱਚ, ਪੂਰੇ ਜੋਬਨ ਵਿਚ, ਬਹਾਰ ਤੇ.

blow⁴, *n.* : ਸੱਟ, ਚੋਟ-ਫੇਟ, ਘੂਸਾ, ਮੁੱਕਾ, ਧੱਕਾ, ਘਸੁੰਨ, ਧੌਲ, ਸਦਮਾ, ਤਕਲੀਫ਼, ਪੀੜ, ਦੁੱਖ.

come to bb., **exchange bb.** : ਘਸੁੰਨ-ਮੁੱਕੀ ਹੋਣਾ, ਹੱਥੋ-ਪਾਈ ਹੋਣਾ, ਗੁੱਥਮ-ਗੁੱਥਾ ਹੋਣਾ, ਲੜਨਾ.

strike a b. for : ਹਮਾਇਤ ਕਰਨੀ, ਮਦਦ ਕਰਨੀ.

strike a b. against : ਵਿਰੋਧਤਾ ਕਰਨੀ, ਉਲਟ ਚਲਣਾ, ਸੱਟ ਮਾਰਨੀ.

at one b. : ਇੱਕੋ ਵਾਰ, ਇੱਕੋ ਟੱਲੇ ਵਿੱਚ, ਇੱਕੋ ਧਫ਼ੇ ਨਾਲ.

blower, *n.* : (ਖ਼ਾਸ ਕਰਕੇ blow¹ ਤੇ blow³ ਦੇ ਅਰਥਾਂ ਵਿੱਚ) ਫੂਕਣ ਵਾਲਾ, ਖਿੜਨ ਵਾਲਾ; ਲੋਹੇ ਤੇ ਸ਼ੀਟ ਆਦਿ ਦੀ ਤਖ਼ਤੀ, ਖ਼ਾਸ ਕਰਕੇ ਜਿਹੜੀ ਚੁੱਲ੍ਹੇ ਦੇ ਅੱਗੇ ਅੱਗ ਭਖਾਉਣ ਲਈ ਲਾਈ ਜਾਂਦੀ ਹੈ; (ਕੋਲੇ ਦੀ ਖਾਣ ਵਿਚ ਗੈਸ ਆਦਿ ਨਿਕਲਣ ਲਈ) ਵਿਰਲ ਜਾਂ ਰਾਹ.

blowy, *a.* : ਹਵਾਦਾਰ, ਹਨੇਰੀ ਦਾ (ਮੌਸਮ, ਥਾਂ ਆਦਿ).

blowzed, **blowzy**, *adj.* : ਲਾਲ-ਮੂੰਹਾ, ਲਾਲ ਚਿਹਰੇ ਵਾਲਾ, ਬੇਢੰਗਾ.

blub, *v. i.* : (ਮੁਹਾਵਰੇ ਦੇ ਤੌਰ ਤੇ ਵਰਤਿਆ ਜਾਂਦਾ) ਅੱਥਰੂ ਵਹਾਉਣਾ, ਬੁਸ-ਬੁਸ ਕਰਨਾ.

blubber[1], *n.* : ਵੇਲ ਦੀ ਚਰਬੀ, 'ਜੈਲੀ' ਫ਼ਿਸ਼ ਦੀ ਮੱਛੀ; ਰੋਣ-ਧੋਣ, ਰੁਦਨ-ਵਿਰਲਾਪ.

blubber[2], *a.* : ਸੁੱਜਿਆ ਹੋਇਆ, ਉਭਰਿਆ ਹੋਇਆ (ਬੁਲ੍ਹਾਂ ਲਈ).

blubber[3], *v. i.* & *t.* : ਭੁੱਬਾਂ ਮਾਰ ਕੇ ਰੋਣਾ, ਕੁਰਲਾਉਣਾ, ਡੁਸਕਣਾ, ਰੋ ਰੋ ਕੇ ਅੱਖਾਂ ਸੁਜਾ ਲੈਣੀਆਂ, ਧਾਹਾਂ ਮਾਰ ਕੇ ਰੋਣਾ.

bludgeon, *n.* & *v. t.* : ਕੁਤਕਾ, ਡੰਡਾ, ਸੋਟਾ, ਸੋਟੇ ਨਾਲ ਕੁੱਟਣਾ.

blue[1], *a.* : ਨੀਲਾ, ਅਸਮਾਨੀ.

b.-bell : ਨੀਲੰਫ਼ਰ, ਘੰਟੀ ਦੀ ਸ਼ਕਲ ਦਾ ਇਕ ਫੁੱਲ.

b. blood : ਉੱਚੇ ਘਰਾਣੇ ਦਾ, ਸੱਚਾ ਖ਼ੂਨ.

b.-book : ਪਾਰਲੀਮੈਂਟ ਦੀ ਜਾਂ ਸਰਕਾਰੀ ਰਪੋਟ (ਜਿਸ ਉੱਤੇ ਨੀਲੀ ਜਿਲਦ ਜਾਂ ਕਾਗ਼ਜ਼ ਚੜ੍ਹਿਆ ਹੁੰਦਾ ਹੈ).

b.-bottle : ਮਾਸ-ਮੱਖੀ, ਫੁੱਲ.

b.-devils : ਨਿਰਾਸ਼ (ਹੋ ਜਾਣਾ).

b.-eyed : ਪਿਆਰਾ, ਚਹੇਤਾ, ਨੇਕ.

b.-jacket : ਸਮੁੰਦਰੀ ਫ਼ੌਜ ਦਾ ਸਿਪਾਹੀ.

b.-print : ਨੀਲਾ-ਛਾਪਾ, ਨਕਸ਼ਾ, ਚਿੱਤਰ, ਤਜਵੀਜ਼.

b.-rock : ਇਕ ਤਰ੍ਹਾਂ ਦਾ ਕਬੂਤਰ.

b.-stocking : ਸਾਹਿੱਤਕ ਤੇ ਵਿਦਿਅਕ ਰੁਚੀਆਂ ਵਾਲੀ ਤੀਵੀਂ.

look b. : ਉਦਾਸ ਨਜ਼ਰ ਆਉਣਾ.

b.-black, deep b. : ਗੂੜ੍ਹਾ ਨੀਲਾ.

b.-funk : ਡਰ, ਦਹਿਸ਼ਤ.

true b. : ਵਫ਼ਾਦਾਰ.

drink till all is b. : ਪੀ ਪੀ ਅੰਨ੍ਹੇ ਹੋ ਜਾਣਾ.

once in a b. moon : ਕਦੇ ਕਦਾਈਂ, ਈਦ ਦੇ ਚੰਨ ਵਾਂਗੂੰ.

bolt from the b. : ਅਸਮਾਨੋਂ ਪਈ ਬਿਜ.

b.-water : ਖੁਲ੍ਹਾ ਸਮੁੰਦਰ.

b.-stone, b. vitriol : ਨੀਲਾ-ਥੋਥਾ.

blueNESS, *n.* : ਨੀਲੱਤਣ.

bluISH, *a.* : ਨੀਲਾ ਜਿਹਾ.

blue[2], *v. t.* : ਨੀਲਾ ਕਰਨਾ, ਨੀਲ ਲਾਉਣਾ (ਗਰਮ-ਧਾਤੂ) ਰੁਪੱਈਆ ਉਡਾਉਣਾ.

blue[3], *n.* : ਨੀਲਾ ਰੰਗ, ਨੀਲੱਤਣ, ਨੀਲ; ਨੀਲ-ਵਸਤਰ; ਨੀਲਾ ਅਕਾਸ਼; ਅਸਮਾਨ, ਸਮੁੰਦਰ; ਯੂਨੀਵਰਸਿਟੀ ਦੀ ਟੀਮ ਦਾ ਖਿਡਾਰੀ; ਚਿੰਨ੍ਹ ਜੋ ਅਜਿਹੇ ਖਿਡਾਰੀ ਨੂੰ ਮਿਲਦਾ ਹੈ.

bluebeard, *n.* : ਕਈ ਵਹੁਟੀਆਂ ਦਾ ਪਤੀ, ਬਹੁ-ਵਿਆਹੀਆ.

bluff[1], *a.* : (ਜਹਾਜ਼) ਜਿਹੜੇ ਚੌੜੇ ਮੱਥੇ ਵਾਲਾ; (ਮਨੁੱਖ ਜਾਂ ਤਰੀਕਾ) ਸਿੱਧਾ, ਸਾਫ਼, ਦਿਲੋਂ, ਔਖੀਆਂ ਗੱਲਾਂ ਵਿਚ, ਸਾਫ਼ ਸਾਫ਼ ਕਹਿਣ ਵਾਲਾ, ਮੂੰਹ-ਫਟ, ਖਰਾ, ਉਜੱਡ, ਅੱਖੜਖਾਂਦ.

bluffLY, *adv.* : ਸਾਫ਼ ਸਾਫ਼, ਖੁਲ੍ਹੇ ਤੌਰ ਤੇ, ਅੱਖੜਖਾਂਦੀ ਢੰਗ ਨਾਲ.

bluffNESS, *n.* : ਅੱਖੜਖਾਂਦਪੁਣਾ, ਰੁੱਖਾਪਣ.

bluff[2], *n.* : ਚੌੜੀ ਚਿਟਾਨ, ਉੱਚੀ ਚੌੜੀ ਥਾਂ.

bluff[3], *v. i.* & *t.* : ਧੌਂਸ ਜਮਾਉਣੀ, ਧੋਖਾ ਦੇਣਾ, ਦਮਗਜ਼ਾ ਮਾਰਨਾ, ਦਬਕਾ ਮਾਰਨਾ, ਤਾਸ਼ ਦੇ ਪੱਤਿਆਂ ਦੀ ਇਉਂ ਧੌਂਸ ਜਮਾਉਣੀ ਕਿ ਮੁਕਾਬਲੇ ਦੇ ਖਿਡਾਰੀ ਨੂੰ ਪੱਤੇ ਸੁੱਟਣੇ ਪੈਣ; ਰਾਜਸੀ ਪੈਂਤੜੇਬਾਜ਼ੀ ਵਿਚ ਉਸਦ ਪਤੇ ਨਾਲ ਇਹੋ ਹੱਥ ਕਰਨਾ, ਇਹ ਢੰਗ ਵਰਤਣਾ.

bluff[4], *n.* : ਧੌਂਸ, ਝੂਠੀ ਧਮਕੀ, ਗਿੱਦੜ-ਭਬਕੀ, ਝਾਂਸਾ, ਚਕਮਾਸਾ, ਦਬਕਾ.

blunder[1], *v. i.* & *t.* : ਠੇਡਾ ਖਾਣਾ; ਠੋਕਰ ਖਾਣੀ; ਭਾਰੀ ਭੁੱਲ ਕਰਨੀ, ਘਪਲਾ ਕਰਨਾ (ਵਿਹਾਰ ਵਿਚ).

b. upon : ਸਬੱਬ ਦੀ ਸੋਝ ਲੈਣਾ, ਗ਼ਲਤੀ ਕਰਦਿਆਂ ਲੱਭ ਪੈਣਾ.

b. out : ਬੇਧਿਆਨੇ ਕਹਿਣਾ, ਬੋਲ ਪੈਣਾ.

b. away : ਬੁਰੇ ਪ੍ਰਬੰਧ ਕਰਕੇ ਕੰਮ ਰੋੜ੍ਹ ਕੇ ਦੇਣਾ.

blunderER, *n.* : ਵੱਡੀ ਭੁੱਲ ਕਰਨ ਵਾਲਾ, ਵੱਡਾ ਭੁਲਣਹਾਰ, ਘਪਲਾ ਕਰਨ ਵਾਲਾ.

blunderINGLY, *adv.* : ਠੋਕਰਾਂ ਖਾਂਦਿਆਂ, ਭਾਰੀਆਂ ਭੁੱਲਾਂ ਕਰਦਿਆਂ.

blunder[2], *n.* : ਭਾਰੀ ਭੁੱਲ.

blunderbuss, *n.* : ਪੁਰਾਣੀ ਚੌੜੇ ਮੂੰਹ ਦੀ ਛੋਟੀ ਬੰਦੂਕ ਜੋ ਕਈ ਗੋਲੀਆਂ ਛੱਡੀਆਂ ਛੱਡਦੀ ਸੀ, ਤੁਪਕ.

blunderhead, *n.* : ਵੇਖੋ dunderhead.

blunge, *v. t.* : ਇਕ ਡੰਡੇ ਵਾਲੀ ਮਸ਼ੀਨ ਨਾਲ ਗਾਰਾ ਬਣਾਉਣਾ, ਕੱਚੀ ਮਿੱਟੀ ਆਦਿ ਨੂੰ ਪਾਣੀ ਵਿਚ ਮਿਲਾ ਕੇ ਘਾਣੀ ਬਣਾਉਣੀ.

blunt[1], *a.* & *n.* : ਖੁੰਢਾ, ਬੇ-ਤਿਖ, ਖੋਡ, ਬੇ-ਧਾਰ, ਖੋਰਾ, ਖਰਾ-ਖਰਾ, ਮੂੰਹ-ਫਟ, ਅੱਖੜਖਾਂਦ ਸਾਫ਼ ਦਸਣਾ, ਮੋਟੀ ਸੂਈ, ਬੰਦਾ ਸੂਆ; (ਬਿਨਸਾਨ) ਨਕਦ-ਨਰੈਣ, ਨਕਦ ਮਾਲ.

blunt, *v. t.* : ਖੁੰਢਾ ਕਰਨਾ, ਮੱਤ ਮਾਰਨੀ.

bluntly, *adv.* : ਬੇ-ਰੁੱਖ, ਖਰੀ-ਖਰੀ ਉਜੱਡਤਾ ਨਾਲ, ਖਰ੍ਹਵੇ ਢੰਗ ਨਾਲ.

bluntness, *n.* : ਖੁੰਢਾਪਣ, ਅੱਖੜਪਣ.

blur[1], *n.* : ਸਿਆਹੀ ਦਾ ਦਾਗ਼, ਧੁੰਦਲਾਪਣ, ਧੁੰਦਲਾਪਣ.

blur[2], *v. t.* & *i.* : ਸਿਆਹੀ ਦਾ ਦਾਗ਼ ਲੱਗ ਜਾਣਾ, ਧੱਬਾ ਪੈਣਾ, ਧੁੰਦਲਾਉਣਾ, ਧੁੰਦਲਾ ਕਰ ਦੇਣਾ, ਮਿਟਾ ਦੇਣਾ, ਗੰਧਲਾ ਕਰ ਦੇਣਾ, ਸਮਝ ਵਿਗਾੜ ਦੇਣੀ.

blurb, *n.* & *v. t.* : ਪ੍ਰਕਾਸ਼ਕ ਦਵਾਰਾ ਪ੍ਰਸੰਸਾ, ਜੋ ਕਿਤਾਬ ਦੀ ਜਿਲਦ ਉੱਤੇ ਜਾਂ ਕਿਤਾਬ ਦੇ ਇਸ਼ਤਿਹਾਰ ਉੱਤੇ ਛਪੀ ਹੁੰਦੀ ਹੈ; ਕਹਿ ਸੁਣਾਉਣਾ, ਬੋਲ ਦੇਣਾ, ਮੂੰਹੋਂ ਨਿਕਲ ਜਾਣਾ, ਭੌਂਕ ਪੈਣਾ.

blush[1], *v. i.* : ਸ਼ਰਮਾ ਜਾਣਾ, ਚਿਹਰੇ ਉੱਤੇ ਸ਼ਰਮ ਜਾਂ ਕਿਸੇ ਹੋਰ ਭਾਵ ਨਾਲ ਲਾਲੀ ਦੌੜ ਜਾਣੀ, ਸ਼ਰਮਿੰਦਾ ਹੋਣਾ.

blushINGLY, *adv.* : ਸ਼ਰਮ ਨਾਲ ਲਾਲ ਹੋਇਆਂ.

blush[2], *n.* : ਝਲਕ, ਸ਼ਰਮ ਦੀ ਲਾਲੀ; ਬਾਗ਼ਾਂ ਦੀ ਗੁਲਾਬੀ ਭਾਹ.

bluster[1], *v. i.* & *t.* : ਜ਼ੋਰ ਦਾ ਵਗਣਾ (ਤੂਫ਼ਾਨ, ਹਨੇਰੀ, ਛੱਲਾਂ ਦਾ); ਤੂਫ਼ਾਨ ਲਿਆ ਦੇਣਾ, ਸ਼ੋਰ ਸ਼ਰਾਬਾ ਦੇਣਾ, ਭੜਥੂ ਪਾ ਦੇਣਾ, ਆਕੜਨਾ, ਬਾਤ ਆਕੜ ਨਾਲ ਕਹਿਣਾ, ਧਮਕੀ ਦੇਣੀ; ਗੁੱਸੇ ਵਿਚ ਬੋਲਣਾ.

blusterER, *n.* : ਤੂਫ਼ਾਨ ਮਚਾਉਣ ਵਾਲਾ, ਭੜਥੂ ਪਾਉਣ ਵਾਲਾ, ਆਕੜ-ਖ਼ਾਂ, ਗੁੱਸੇ ਵਿਚ ਗਰਜਣ ਵਾਲਾ.

blusterINGLY, *adv.* : ਗੁੱਸੇ ਵਾਲੇ ਢੰਗ ਨਾਲ, ਫੜ੍ਹਾਂ ਮਾਰਦਿਆਂ ਹੋਇਆਂ.

bluster[2], *n.* : ਸ਼ੋਰ, ਤੂਫ਼ਾਨ, ਆਕੜ, ਸ਼ੇਖ਼ੀ, ਧੌਂਸ, ਅਬਾਤਬਾਜ਼ੀ, ਗ਼ਰੂਰ.

blusterOUS, *a.* }
blusterY, *a.* } : ਆਕੜ ਵਾਲਾ, ਸ਼ੇਖ਼ੀ ਵਾਲਾ, ਧਮਕੀਆਂ ਭਰਿਆ.

bo, boh, *int.* : ਭਾਉ ! ਹੁਸ਼ ਜਾਂ ਹੁਰ !

can't say bo to a goose : ਏਨਾ ਡਰਾਕਲ ਕਿ ਕਿਸੇ ਨੂੰ ਹੂੰਝ ਨਹੀਂ ਕਹਿ ਸਕਦਾ.

boa, boa constrictor, *n.* : ਅਜਗਰ, ਇਕ ਵੱਡਾ ਸੱਪ ਜੋ ਜ਼ਹਿਰੀ ਨਹੀਂ ਹੁੰਦਾ ਤੇ ਆਪਣੇ ਸ਼ਿਕਾਰ ਨੂੰ ਘੁੱਟ ਕੇ ਹੀ ਮਾਰ ਦਿੰਦਾ ਹੈ, ਤੀਵੀਆਂ ਦਾ ਗੁਲੂਬੰਦ.

Boanerges, *n.* : ਗਰਜੂ (ਉਪਦੇਸ਼ਕ ਜਾਂ ਲੈਕਚਰਾਰ).

boar, *n.* : ਜੰਗਲੀ ਸੂਰ, ਸੂਰ (ਜਿਸ ਨੂੰ ਖੱਸੀ ਨਾ ਕੀਤਾ ਗਿਆ ਹੋਵੇ); ਸੂਰ ਦਾ ਮਾਸ.

board[1], *n.* : ਬੋਰਡ, ਫੱਟਾ, ਮੇਜ਼, (*pl.*) ਸਟੇਜ, ਰੰਗ-ਭੂਮੀ; ਖਾਣੇ ਦਾ ਮੇਜ਼; ਖਾਣਾ; ਕੌਂਸਲ ਦਾ ਮੇਜ਼, ਕੌਂਸਲ ਦੇ ਮੈਂਬਰ; ਕਮੇਟੀ, ਸੰਗਤ, ਇਕੱਤਰਤਾ, ਜਹਾਜ਼ ਦਾ ਪਾਸਾ.

b.-money, -wages : ਭੱਤਾ, ਖ਼ਰਚਾ.

b.-school : ਜ਼ਿਲੇ ਕਮੇਟੀ ਦਾ ਸਕੂਲ.

above b. : ਖੁਲ੍ਹਮਖੁਲ੍ਹਾ, ਦਿਆਨਤਦਾਰ.

bed & b. : ਦੰਪਤੀ ਦੀ ਰਹਿਣੀ-ਬਹਿਣੀ, ਦੰਪਤੀ-ਸੰਬੰਧ.

go by the b. : (ਜਹਾਜ਼ ਤੋਂ) ਡਿਗ ਪੈਣਾ.

on b. : ਜਹਾਜ਼ ਉੱਤੇ.

b. with : ਕਿਸੇ ਦੇ ਘਰ ਖ਼ਰਚ ਦੇ ਕੇ ਰੋਟੀ ਖਾਣੀ.

on the b. : ਲਾਟਰ ਦਾ ਮੈਂਬਰ ਹੋਣਾ, ਕੌਂਸਲ ਵਿੱਚ ਕੰਮ ਕਰਨਾ.

District B. : ਜ਼ਿਲ੍ਹਾ-ਬੋਰਡ.

board², *v. t.* & *i.* : ਫੱਟਿਆਂ ਨਾਲ ਜੋੜਨਾ, ਫੱਟੇ ਚੜ੍ਹਾ ਦੇਣੇ; ਰੋਟੀ-ਬੰਦ ਕੀਮਤ ਉੱਤੇ ਖਾਣਾ ਜਾਂ ਖੁਆਉਣਾ; ਇਕ ਜਹਾਜ਼ ਦਾ ਦੂਜੇ ਦੇ ਬਰਾਬਰ ਆਉਣਾ; ਜਹਾਜ਼ੇ ਚੜ੍ਹਨਾ.

board-out : ਡਾਕਟਰੀ ਬੋਰਡ ਰਾਹੀਂ ਬੀਮਾਰ ਸਿੱਧ ਹੋ (ਕੇ) ਨੌਕਰੀਓਂ ਲਾਹ ਦੇਣਾ.

boarder, *n.* : ਉਹ ਮਨੁੱਖ ਜੋ ਕਿਸੇ ਦੇ ਘਰ ਖ਼ਰਚ ਦੇ ਕੇ ਖਾਣਾ ਖਾਵੇ, ਖ਼ਾਸ ਕਰਕੇ ਬੋਰਡਿੰਗ ਵਿੱਚ ਰਹਿਣ ਵਾਲਾ.

boarding, *n.* : ਕਿਸੇ ਕੰਮ ਲਈ ਵਰਤੀ ਜਾਣੀ; ਫੱਟੇ ਲਾਉਣੇ.

b.-house : ਬੋਰਡਿੰਗ ਹਾਊਸ, ਵਿਦਿਆਰਥੀਆਂ ਦਾ ਨਿਵਾਸ-ਅਸਥਾਨ.

b. out : ਘਰ ਦੀ ਥਾਂ ਬਾਹਰ ਰੋਟੀ ਖਾਣੀ; ਲਾਵਾਰਸ ਬੱਚਿਆਂ ਨੂੰ ਟੱਬਰਾਂ ਵਿੱਚ ਥਾਂ ਦੇਣੀ.

boast¹, *n.* : ਸ਼ੇਖ਼ੀ; ਫੜ, ਫਰ, ਗ਼ਰੂਰ, ਡਾਹਢ, ਗੱਪ, ਸ਼ੇਖ਼ੀ; ਆਪਣੀ ਵਡਿਆਈ, ਫ਼ਖ਼ਰ ਵਾਲੀ ਚੀਜ਼.

boastFUL, *a.* : ਸ਼ੇਖ਼ੀ-ਖ਼ੋਰਾ, ਗੱਪੀ, ਫੜ-ਮਾਰ.

boastFULLY, *adv.* : ਮਾਣ ਜਾਂ ਹੰਕਾਰ ਨਾਲ.

boastFULNESS, *n.* : ਗੱਪ, ਸ਼ੇਖ਼ੀ, ਫ਼ਖ਼ਰ, ਢੰਗ.

boast², *v.i.* & *t.* : ਸ਼ੇਖ਼ੀ ਮਾਰਨੀ, ਗੱਪ ਮਾਰਨੀ, ਦਮ ਮਾਰਨਾ, ਡੀਂਗ ਮਾਰਨੀ, ਫੜ ਮਾਰਨੀ, ਫਰ ਮਾਰਨੀ, ਡਾਹਢ ਮਾਰਨੀ.

boaster : ਸ਼ੇਖ਼ੀ-ਖ਼ੋਰਾ, ਗੱਪੀ, ਫੜ-ਮਾਰ, ਸ਼ੇਖ਼ਚਿੱਲੀ, ਗਪੌੜ.

boat, *n.* : ਬੇੜੀ, ਕਿਸ਼ਤੀ, ਨਊਕਾ, ਡੂੰਗਾ, ਸ਼ਿਕਾਰਾ.

b. hook : ਵੱਡਾ ਬਾਂਸ ਜਿਸ ਵਿੱਚ ਕਿੱਲ ਤੇ ਸਿਰੇ ਤੇ ਮੁੜੇ ਲੱਗੇ ਹੋਣ.

b.-house : ਬੇੜੀ-ਘਰ.

b.-load } : ਪੂਰ.
b.full }

b.man : ਮਾਂਝੀ, ਮਾਂਝੀ, ਮਲਾਹ, ਕਿਸ਼ਤੀ ਵਾਲਾ.

b.-race : ਬੇੜੀਆਂ ਦੀ ਦੌੜ.

b.swain : ਵੱਡਾ ਮਲਾਹ.

in the same b. : ਇੱਕੋ ਬੇੜੀ ਦੇ ਸਵਾਰ, ਇੱਕੋ ਮੁਸੀਬਤ ਵਿੱਚ ਫਸੇ.

take b. : ਕਿਸ਼ਤੀ ਤੇ ਚੜ੍ਹਨਾ.

have oar in everyone's b. : ਹਰ-ਮਸਾਲੇ ਪਿਪਲਾਮੂਲ, ਹਰ ਥਾਂ ਲੱਤਾਂ ਅੜਾਉਣੀਆਂ.

b.-fly : ਪਾਣੀ ਦਾ ਇੱਕ ਕੀੜਾ.

ship's boat : ਜਹਾਜ਼ ਵਿਚਲੀ ਕਿਸ਼ਤੀ.

boat, *v. i.* & *t.* : ਬੇੜੀ ਤੇ ਚੜ੍ਹਨਾ, ਬੇੜੀ ਵਿੱਚ ਜਾਣਾ, ਬੇੜੀ ਦੀ ਸੈਰ ਕਰਨੀ; ਬੇੜੀ ਵਿੱਚ ਰੱਖਣਾ ਜਾਂ ਲਿਜਾਣਾ.

boatING, *n.* : ਬੇੜੀ ਦੀ ਸੈਰ.

bob, *n.* & *v. t.* : ਲਟਕਣ; ਵਾਲਾਂ ਦੀ ਲਿਟ; ਪਟੇ; ਗੁੱਤੀ ਦੀ ਪੂਛ, ਘੋੜੇ ਦੀ ਕੱਟੀ ਹੋਈ ਪੂਛ, ਲੱਤ; ਕਿਸੇ ਕਵਿਤਾ ਦੀ ਅੰਤਲੀ ਛੋਟੀ ਤੁਕ; ਔਰਤ ਦੇ ਪਟੇ ਰੱਖਣੇ, ਵਾਲ ਕਟਾਣੇ, ਛਾਂਗਣੇ.

bobbed hair : ਕੱਟੇ ਹੋਏ ਵਾਲ, ਪਟੇ.

bob-tailed : ਲੰਡਾ.

bob², *v. i.* : ਉਛਲਣਾ, ਝੂਲਣਾ, ਕੁੱਦਣਾ, ਟੱਪਣਾ, ਹਿੱਲਣਾ, ਗੋਡਿਆਂ ਪਰਨੇ ਹੋ ਕੇ ਆਦਰ ਦੇਣਾ; ਮੂੰਹ ਨਾਲ ਫੜਨਾ (ਲਮਕਦੇ ਚੀਜ਼ ਨੂੰ ਉਛਲ ਕੇ).

b. up like a cork : ਮੁੜ ਹੁਸ਼ਿਆਰ ਹੋਣਾ, ਹਾਰ ਕੇ ਮੁੜ ਜੋਸ਼ ਨਾਲ ਨਵੇਂ ਸਿਰੇ ਉੱਦਮ ਕਰਨਾ.

bob³, *n.* : ਉਛਾਲ, ਟਪੋਸੀ; ਗੋਡਿਆਂ ਪਰਨੇ ਹੋ ਕੇ ਕੀਤੀ ਸਲਾਮ; ਘੰਟੀਆਂ ਵਜਾਈਆਂ ਸੁਰਾਂ ਵਿੱਚ ਵਜਣੀ.

bob⁴, *n.* : (ਬੋਲਚਾਲ) ਸ਼ਿਲਿੰਗ.

bobbery [H. *bap re*], *n.* & *a.* : ਰੌਲਾ-ਪਾਹਰਿਆ, ਰੌਲਾ-ਰੱਪਾ.

bobbin, *n.* : ਊਰੀ, ਫਿਰਕੀ, ਨੌਲ.

bobbinet, *n.* : ਮਿਸਰੀ ਦੇ ਉੱਪਰ ਬੱਝੀ ਜਾਲੀਦਾਰ ਲੇਸ.

bobbish, *a.* : (ਬੋਲਚਾਲ) ਚੰਗਾ-ਭਲਾ, ਫੁਰਤੀਲਾ.

bobby, *n.* : (ਬੋਲਚਾਲ) ਪੁਲਸੀਆ.

bobtail, *n.* & *a.* : ਦੁਮ-ਕਟਾ, ਲੰਡਾ (ਘੋੜਾ ਜਾਂ ਕੁੱਤਾ).

bode, *v. t.* & *i.* : ਜੋਤਿਸ਼ ਲਾਉਣਾ, ਭਵਿੱਖਤ ਦਾ ਪਤਾ ਦੇਣਾ, ਆਉਣ ਵਾਲੀ ਗੱਲ ਦੱਸਣੀ, ਚੰਗੇ ਜਾਂ ਬੁਰੇ ਸ਼ਗਨ ਦਿਸਣੇ.

bodeINGLY, *adv.* : ਸ਼ਗਨ ਪਰਗਟ ਕਰਦਿਆਂ, ਭਵਿੱਖਤ ਦਾ ਅੰਦਾਜ਼ਾ ਲਾਉਂਦਿਆਂ.

bodeMENT, *n.* : ਭਵਿੱਖਤ ਦਾ ਅੰਦਾਜ਼ਾ, ਸ਼ਗਨ.

bodeful, *a.* : ਬੁਰੇ ਸ਼ਗਨਾਂ ਵਾਲਾ, ਕੁਲੱਛਣਾ, ਬਦ-ਸ਼ਗਨਾ.

bodice, *n.* : ਚੋਲੀ, ਅੰਗੀ, ਕੁੜਤੀ, ਸੀਨਾਬੰਦ.

bodied, *a.* : ਸਰੀਰ-ਧਾਰੀ, ਸਰੀਰ ਵਾਲਾ.

bodiless, *a.* : ਬੇ-ਧੜ, ਸਰੀਰ-ਰਹਿਤ, ਨਿਰਾਕਾਰ, ਕਮਜ਼ੋਰ.

bodily, *adv.* & *a.* : ਸਰੀਰਕ ਤੌਰ ਤੇ; ਸਰੀਰਕ, ਸਮੁੱਚਾ, ਸਾਰੇ ਦਾ ਸਾਰਾ.

bodkin, *n.* : ਸੂਆ, ਵਾਲਾਂ ਉੱਤੇ ਲਾਉਣ ਵਾਲੀ ਸੂਈ; ਮਨੁੱਖ ਜੋ ਦੋ ਬੰਦਿਆਂ ਦੇ ਵਿਚਕਾਰ ਫਸਿਆ ਹੋਵੇ.

Bodleian, *a.* & *n.* : (ਸਰ ਟਾਮਸ ਬਾਡਲੇ ਦੇ ਨਾਂ ਤੇ) ਔਕਸਫੋਰਡ ਯੂਨੀਵਰਸਿਟੀ ਦੀ ਲਾਇਬ੍ਰੇਰੀ; ਬਾਡਲੀਅਨ ਲਾਇਬ੍ਰੇਰੀ ਸੰਬੰਧੀ.

body¹, *n.* : ਸਰੀਰ, ਤਨ, ਧੜ, ਦੇਹ, ਕਾਇਆ, ਬਦਨ, ਜੁੱਸਾ, ਪਿੰਡਾ, ਜਿਸਮ; ਪਿੰਡ, ਲਾਸ਼, ਲੋਥ, ਪੁਤਲੀ, ਨਿਜੀ ਹਸਤੀ, ਸ਼ਖ਼ਸੀਅਤ; ਗਲ ਪਾਉਣ ਵਾਲਾ ਕਪੜਾ; ਲਿਖਤ ਜਾਂ ਮਜ਼ਮੂਨ ਦਾ ਪ੍ਰਧਾਨ ਅੰਗ; ਬੰਦਾ, ਮਨੁੱਖ; ਸਭਾ, ਸੰਸਥਾ; ਫ਼ੌਜ, ਜੱਥਾ, ਅਣੂ ਜਾਂ ਕੀੜਾ.

b.-colour : ਗੂੜ੍ਹਾ ਰੰਗ ਜਿਸ ਦੇ ਵਿੱਚੋਂ ਦੀ ਪਾਰ ਨਾ ਦਿੱਸੇ.

b.-corporate : ਨਿਗਮ ਸੰਸਥਾ.

b.-guard : ਰਖਵਾਲਾ-ਗਾਰਡ, ਗਾਰਦ, ਰੱਖਿਅਕ ਦਸਤਾ.

governing b. : ਪ੍ਰਬੰਧਕ ਕਮੇਟੀ.

b. line bowling : (ਕ੍ਰਿਕਟ) ਲੱਤਾਂ ਵਲ ਬਾਲ ਦੇਣਾ, ਸੁੱਟਣਾ.

b. politic : ਰਾਜ.

b.-servant : ਖ਼ਿਦਮਤਗਾਰ, ਖ਼ਾਨਸਾਮਾ, ਟਹਿਲੀਆ.

anybody : ਕੋਈ.

in a b. : ਮਿਲ ਕੇ, ਇਕੱਠੇ.

keep b. & soul together : ਜੀਉਂਦੇ ਰਹਿਣਾ.

b. snatcher : ਚੋਰ ਜੋ ਲਾਸ਼ ਕਬਰ ਵਿੱਚੋਂ ਕੱਢ ਲਵੇ, ਲਾਸ਼-ਚੋਰ.

heavenly b. : ਤਾਰਾ-ਗ੍ਰਹਿ, ਨਛੱਤਰ (ਸੂਰਜ, ਚੰਨ, ਤਾਰਾ, ਆਦਿ).

body², *v. t.* : ਰੂਪ ਦੇਣਾ; ਰੂਪ ਵਿੱਚ ਲਿਆਉਣਾ.

Boer, *n.* & *a.* : ਬੋਅਰ, ਡੱਚ ਨਸਲ ਵਿੱਚੋਂ ਦੱਖਣੀ ਅਫ਼ਰੀਕਾ ਦਾ ਵਸਨੀਕ.

bog¹, *n.* : ਚਿੱਕੜ, ਖੁਭਣ, ਜਿਲ੍ਹਣ; ਸੇਮ ਦਾ ਇਲਾਕਾ.

bogGY, *a.* : ਚਿੱਕੜ ਵਾਲੀ, ਸੇਮ ਵਾਲੇ ਇਲਾਕੇ ਦਾ, ਦਲਦਲ (ਵਾਲਾ).

bog², *v. t.* : ਚਿੱਕੜ ਵਿੱਚ ਧੱਸ ਜਾਣਾ.

boggle, *v. i.* : ਝਿਜਕਣਾ, ਤ੍ਰਭਕਣਾ, ਝਿਜਕਣਾ, ਕਤਰਾਉਣਾ, ਬਦੋ-ਬਦੀ ਕਰਨਾ.

bogie, *n.* : ਬੋਗੀ, ਰੇਲ ਦਾ ਡੱਬਾ.

bogle, *n.* : ਭੂਤ, ਪ੍ਰੇਤ; ਹਊਆ, ਡਰਨਾ.

bogus, *a.* : ਬਨਾਉਟੀ, ਜਾਅਲੀ, ਨਕਲੀ.

bogy, -gey, *n.* : (*pl.* -ies, -eys) : ਸ਼ੈਤਾਨ; ਭੂਤ, ਪ੍ਰੇਤ; ਡਰਨਾ; ਹਊਆ.

bohea, *n.* : ਸਭ ਤੋਂ ਘਟੀਆ ਕਾਲੀ ਚਾਹ ਦੀ ਪੱਤੀ.

Bohemian, *a.* & *n.* : ਮਸਤ-ਮਲੰਗ, ਖੁੱਲ੍ਹਾ-ਡੁੱਲ੍ਹਾ, ਖੁੱਲ੍ਹਾ-ਖੁਲਾਸਾ, ਮਨ-ਮੌਜੀ.

BohemianISM, *n.* : ਖੁੱਲ੍ਹਾਪਣ.

BohemianIZE, *v. i.* : ਖੁੱਲ੍ਹੀਆਂ-ਡੁੱਲ੍ਹੀਆਂ ਆਦਤਾਂ ਬਣਾਉਣੀਆਂ.

boil, *n.* : ਫੋੜਾ, ਫਿੰਮਣੀ, ਰਸੌਲੀ, ਗੜ.

boil, *v. t.* ਤੇ *v. i.* : ਖੌਲਣਾ, ਉਬਲਣਾ, ਉਬਾਲਣਾ, ਜੋਸ਼ ਜਾਂ ਉਬਾਲ ਆਉਣਾ, ਉਬਲਦੇ ਪਾਣੀ ਦੇ ਸੇਕ ਨਾਲ ਰਿੰਨ੍ਹਣਾ, ਜਾਂ ਰਿਝਣਾ; ਕੜ੍ਹਨਾ, ਕਾੜ੍ਹਨਾ.

b. over : ਉਬਲ ਪੈਣਾ, ਕਰੋਧ ਉਠਣਾ.

b. down, away : ਘਟਾਉਣਾ, ਜਾਂ ਭਾਫ਼ ਬਣਾ ਕੇ ਉਡਾ ਦੇਣਾ.

keep the pot boiling : ਗੁਜ਼ਾਰਾ ਕਰੀ ਜਾਣਾ.

blood boils : ਖ਼ੂਨ ਖੌਲਦਾ ਹੈ (ਗੁੱਸੇ ਵਿਚ).

boiled shirt : ਕਮੀਜ਼, ਜਿਸ ਦੇ ਅਗਲੇ ਹਿੱਸੇ ਨੂੰ ਮਾਇਆ ਨਾਲ ਅਕੜਾਇਆ ਹੋਵੇ.

boiled corn : ਸ਼ਕਰਕੰਦੀਆਂ, ਛੱਲੀਆਂ, ਘੁੰਗਣੀਆਂ.

boil, *n.* : ਉਬਾਲਾ.

boiler, *n.* : ਉਬਾਲਣ ਵਾਲਾ, ਵੱਡਾ ਭਾਂਡਾ ਜਿਸ ਵਿਚ ਪਾਣੀ ਉਬਾਲਿਆ ਜਾਵੇ; ਬਾਇਲਰ, ਇੰਜਨ ਦਾ ਵੱਡਾ ਹਿੱਸਾ ਜਿੱਥੇ ਭਾਫ਼ ਬਣਾਉਣ ਲਈ ਪਾਣੀ ਉਬਲਦਾ ਹੈ; (ਧੋਬੀ ਦੀ) ਕੋਠੀ, ਰਸੋਈ ਵਿਚ ਵੱਡਾ ਪਤੀਲਾ ਜਾਂ ਦੇਗ; ਸਬਜ਼ੀ ਭਾਜੀ ਜੋ ਉਬਾਲਣ-ਯੋਗ ਹੋਵੇ.

b.-iron, -plate : 1/4 ਤੋਂ 1/2 ਇੰਚ ਮੋਟੀ ਲੋਹੇ ਦੀ ਚਾਦਰ.

b.-tube : ਭਾਫ਼-ਨਲੀ, ਬਾਇਲਰ ਵਿਚ ਗਰਮੀ ਖਿਲਾਰਨ ਵਾਲੀ ਨਾਲੀ.

boiling, *n.* : ਉਬਾਲਾ, ਉਬਾਲ, ਬਹੁਤ ਜੋਸ਼.

b. hot : ਬਹੁਤ ਤੱਤਾ.

b.-point : ਉਬਾਲ-ਦਰਜਾ, ਉਬਾਲ-ਬਿੰਦੂ, ਉਹ ਦਰਜਾ ਜਿਸ ਉੱਤੇ ਕੋਈ ਚੀਜ਼ ਉਬਲੇ.

boisterous, *a.* : ਸ਼ੋਰੀ, ਤੇਜ਼, ਭੜਥੂ ਪਾਉਣ ਵਾਲਾ, ਰੌਲਾ ਪਾਉਣ ਵਾਲਾ, ਉਧਮੂਲ ਕਰਨ ਵਾਲਾ.

boisterously, *adv.* : ਰੌਲੇ ਨਾਲ, ਤੇਜ਼ੀ ਨਾਲ, ਭੜਥੂ ਪਾ ਕੇ.

bold, *a.* : ਦਲੇਰ, ਬਹਾਦਰ, ਹੌਸਲੇ ਵਾਲਾ, ਹਿੰਮਤੀ, ਮਨਚਲਾ; ਸਾਫ਼ ਸਾਫ਼, ਉਘੜਿਆ ਹੋਇਆ, ਸਪੱਸ਼ਟ.

make (so) bold (as) : ਹੀਆ ਕਰਨਾ, ਹਿੰਮਤ ਕਰਨੀ, ਦਲੇਰੀ ਕਰਨੀ.

boldly, *adv.* : ਦਲੇਰੀ ਨਾਲ, ਹਿੰਮਤ ਨਾਲ, ਛਾਤੀ ਠੋਕ ਕੇ.

boldness, *n.* : ਹੌਸਲਾ, ਦਲੇਰੀ, ਹਿੰਮਤ, ਹੀਆ.

bole, *n.* : ਤਣਾ (ਰੁੱਖ ਦੀ), ਮੁੱਢ.

boll, *n.* : ਫੁੱਟੀ (ਕਪਾਹ ਆਦਿ ਦਾ), ਡੋਡੀ, ਡੋਡਾ.

bollard, *n.* : ਜਹਾਜ਼ ਜਾਂ ਜੈਟੀ ਉੱਤੇ ਲੱਗਾ ਥੰਮ੍ਹ ਜਿਸ ਨਾਲ ਰੱਸੇ ਬੰਨ੍ਹੇ ਜਾਂਦੇ ਹਨ.

bolometer, *n.* : ਵਿਕਿਰਣ-ਮਾਪ, ਇਕ ਜੰਤਰ ਜਿਸ ਨਾਲ ਕਿਸੇ ਚੀਜ਼ ਵਿਚੋਂ ਨਿਕਲਦੀ ਗਰਮੀ, ਬਿਜਲੀ ਜਾਂ ਰੋਸ਼ਨੀ ਦੀ ਮਿਣਤੀ ਕਰੀਦੀ ਹੈ.

Bolshevik, *n.* : ਬਾਲਸ਼ਵਿਕ, ਇਨਕਲਾਬ ਦਾ ਹਾਮੀ, ਰੂਸ ਵਿਚ ਕਿਰਤੀ ਰਾਜ ਦਾ ਹਾਮੀ, ਰੂਸੀ ਕਮਿਊਨਿਸਟ.

bolshevism, *n.* : ਕਿਰਤੀ-ਵਾਦ.

bolshevist, *n.* : ਕਿਰਤੀਵਾਦੀ.

bolster[1], *n.* : ਸਿਰ੍ਹਾਣਾ, ਸਿਰ੍ਹਾਣਾ, ਗੱਦਾ, ਤਕੀਆ, ਗਦੇਲਾ.

bolster[2], *v. t.* ਤੇ *i.* : ਸਿਰ੍ਹਾਣਾ ਦੇਣਾ, ਸਹਾਰਾ ਦੇਣਾ ਜਾਂ ਲੈਣਾ, ਪਿੱਠ ਠੋਕਣੀ, ਮਦਦ ਕਰਨੀ.

bolt[1], *n.* : ਛੋਟਾ ਤੀਰ; ਬਿਜਲੀ, ਚਿਟਕਣੀ; ਜੰਦਰੇ ਦੀ ਜੀਭ; ਕਿੱਲ (ਚਿਟਕਣੀ); ਕਾਬਲਾ, ਪੇਚ, ਵਿਥਰੀ; ਉਛਾਲਾ.

b. from the blue : ਅਚਨਚੇਤ ਬਿੱਜ ਪੈਣੀ.

fool's bolt is soon shot : ਮੂਰਖ ਛੇਤੀ ਹੀ ਬੋਲਦਾ ਹੈ ਤੇ ਛੇਤੀ ਹੀ ਚੁੱਪ ਕਰ ਜਾਂਦਾ ਹੈ, ਕੜ੍ਹੀ ਦਾ ਉਬਾਲ.

bolt[2], *v. t.* ਤੇ *i.* : ਬੰਦ ਕਰਨਾ, ਚਿਟਕਣੀ ਮਾਰਨੀ ਜਾਂ ਚਾੜ੍ਹਨੀ; ਕਾਬਲਿਆਂ ਨਾਲ ਕੱਸਣਾ; (ਘੋੜੇ ਦਾ) ਬੇਕਾਬੂ ਹੋ ਜਾਣਾ, ਛਾਲ ਮਾਰ ਕੇ ਭੱਜਣਾ, ਨੱਠ ਜਾਣਾ; (ਬਿਨ ਚਿੱਥਿਆਂ ਹੀ) ਨਿਗਲ ਜਾਣਾ.

bolt[3], *adv.* (with upright) : ਸਿੱਧਾ, ਸਿੱਧਾ (ਤੀਰ ਵਾਂਗ).

to sit b. upright : ਸਿੱਧਾ ਹੋ ਬਹਿਣਾ.

bolt[4], **boult**, *v. t.* : ਪੁਣ-ਛਾਣ ਕਰਨੀ, ਛਾਣ-ਬੀਣ ਕਰਨੀ, ਪੜਤਾਲ ਕਰਨੀ.

bolter, *n.* : ਮੂੰਹ-ਜ਼ੋਰ ਘੋੜਾ, ਬੇਕਾਬੂ ਹੋਇਆ ਘੋੜਾ; ਚਿਟਕਣੀ ਮਾਰਨ ਵਾਲਾ; ਛਾਨਣੀ, ਛਾਨਣਾ, ਦਾਣੇ ਸਾਫ਼ ਕਰਨ ਵਾਲੀ ਮਸ਼ੀਨ; ਪੜਤਾਲ ਜਾਂ ਪੁਣ-ਛਾਣ ਕਰਨ ਵਾਲਾ.

bolus, *n.* : ਵੱਡੀ ਗੋਲੀ (ਦਵਾਈ ਦੀ).

bomb, *n.*, *v. t.* ਤੇ *i.* : ਬੰਬ, ਬੰਬ ਦਾ ਗੋਲਾ, ਗੋਲਾ; ਬੰਬ ਮਾਰਨਾ, ਬੰਬ ਚਲਾਉਣਾ.

b.-proof : ਬੰਬ-ਅਪੋਹ, ਜਿਸ ਉੱਤੇ ਬੰਬ ਦਾ ਅਸਰ ਨਾ ਹੋਵੇ.

bomber : ਬੰਬ-ਮਾਰ, ਬੰਬ ਸੁੱਟਣ ਜਾਂ ਮਾਰਨ ਵਾਲਾ ਸਿਪਾਹੀ ਜਾਂ ਹਵਾਈ-ਜਹਾਜ਼.

fell like a b.-shell : ਬੰਬ ਵਾਂਗੂੰ ਆ ਡਿੱਗਾ.

bombard, *v. t.* : ਗੋਲਾਬਾਰੀ ਕਰਨੀ (ਆਮ ਤੌਰ ਤੇ ਜੰਗੀ ਜਹਾਜ਼ ਤੋਂ); (ਬਹਿਸ ਵਿਚ ਕੂਨੇ ਪਏ ਉੱਤੇ ਗਾਲੀਆਂ ਜਾਂ ਦਲੀਲਾਂ ਦੀ) ਬੁਛਾੜ ਕਰਨੀ.

bombardment, *n.* : ਗੋਲਾਬਾਰੀ, ਬੰਬਾਰੀ, ਬੰਬ-ਮਾਰੀ.

bombardier, *n.* : ਤੋਪਖ਼ਾਨੇ ਦਾ ਨਾਨ-ਕਮਿਸ਼ਨ ਅਫ਼ਸਰ; ਬੰਬ-ਅਫ਼ਸਰ.

bombasine, *n.* : ਬੰਬਸੀਨ, ਊਨ ਤੇ ਰੇਸ਼ਮ ਜਾਂ ਊਨ ਤੇ ਸੂਤ ਮਿਲਾ ਕੇ ਬਣਾਇਆ ਕਪੜਾ ਜੋ ਵਧੇਰੇ ਮਾਤਮੀ ਲਿਬਾਸ ਲਈ ਵਰਤਿਆ ਜਾਂਦਾ ਹੈ.

bombast, *n.* : ਬੜ੍ਹਬੋਲ, ਬੜ੍ਹਬੋਲੀ, ਵੱਡੇ ਤੇ ਥੋਥੇ ਲਫ਼ਜ਼ਾਂ ਦੀ ਵਰਤੋਂ.

bombastic, *a.* : ਬੜ੍ਹਬੋਲਾ.

bombastically, *adv.* : ਵੱਡੇ ਵੱਡੇ ਲਫ਼ਜ਼ ਵਰਤ ਕੇ, ਬੜ੍ਹਬੋਲ ਦੁਆਰਾ.

bombax, *n.* : ਸਿੰਮਲ.

bon, *bonne* [F], *a.* : ਚੰਗਾ, ਸੋਹਣਾ.

bonafide, *a.* ਤੇ *adv.* : ਸਚ-ਮੁਚਲਾ, ਅਸਲੀ; ਸਹੀਂ ਮੁੱਚੀਂ, ਨੇਕਨੀਤੀ ਨਾਲ.

bonafides, *n.* : ਨੇਕਨੀਤੀ.

bona vacantia, *n.* : ਲਾਵਾਰਸੀ, ਨਿਖਸਮਾ ਹੋਣਾ, ਮਾਲਕੀ-ਹੀਣਤਾ.

bon-bon [F], *n.* : ਮਿਠਾਈ, ਮਿਠਾਈ ਦੀਆਂ ਗੋਲੀਆਂ.

bonce, *n.* : ਵੱਡਾ ਬੰਟਾ, ਵੱਡੀ ਗੋਲੀ (ਬੱਚਿਆਂ ਦੇ ਖੇਡਣ ਵਾਲੀ).

bond[1], *n.* : ਜੋੜ, ਸੰਬੰਧ, ਬੰਧਨ, ਬੰਧ, ਸੰਜੋਗ, ਬੰਦੀ, ਬੰਦਸ਼, ਕੈਦ; ਇਕਰਾਰਨਾਮਾ, ਇਕਰਾਰਨਾਮਾ, ਤਮੱਸਕ, ਲਿਖਤ, ਅਸ਼ਟਾਮ, ਸੰਗਲ.

b. holder : ਜਿਸ ਕੋਲ ਅਜੇਹੀ ਲਿਖਤ ਹੋਵੇ.

in bb. : ਕੈਦ ਵਿਚ.

in b. : ਬੰਧ, ਮਾਲ ਨੂੰ ਮਹਿਸੂਲ ਦੇਣ ਤਕ ਚੁੰਗੀਖ਼ਾਨੇ ਵਿਚ ਰਖਣਾ.

take out of b. : ਛੁੜਾਉਣਾ, ਮਹਿਸੂਲ ਦੇ ਕੇ ਮਾਲ ਛੁੜਾ ਲਿਆਉਣਾ.

English b., Flemish b. : ਇੱਟਾਂ ਜੋੜਨ ਦੇ ਵੱਖਰੇ ਵੱਖਰੇ ਤਰੀਕੇ.

b.-stone : ਜੋੜ-ਪੱਥਰ.

bond[2], *v. t.* : ਜੋੜਨਾ, ਜੋੜਨਾ, ਮਹਿਸੂਲ ਵਾਲੇ ਮਾਲ ਨੂੰ ਬੰਧ ਰਖਣਾ.

bonder, *n.* : ਮਹਿਸੂਲ ਜੋ ਮਾਲ ਚੁੰਗੀ ਤੇ ਰਖੇ; ਜੋੜ-ਪੱਥਰ.

bond[3], *n.* : (ਪੁਰਾਣਾ) ਗੁਲਾਮ, ਮੁਜ਼-ਖ਼ਰੀਦੀ ਗੋਲਾ, ਗੋਲਾ, ਦਾਸ.

b.man, bondsman, bondslave, bondservant : ਗੁਲਾਮ.

bondmaid : ਗੋਲੀ, ਦਾਸੀ.

b.service : ਗੁਲਾਮੀ, ਗ਼ਲਾਮੀ.

bondage, *n.* : ਗੁਲਾਮੀ, ਕੈਦ, ਬੰਦੀ, ਬੰਧਨ, ਬੰਧੇਜ, ਪਾਬੰਦੀ.

bonded, *a.* : ਬੰਧ, ਬੰਧ ਪਿਆ.

bondsman, *n.* : ਗੋਲਾ, ਚਾਕਰ, ਗੁਲਾਮ, ਕੈਦੀ, ਜ਼ਾਮਨ ਹੋਇਆ ਮਨੁੱਖ.

bone[1], *n.* : ਹੱਡੀ, ਹੱਡ; (*pl.*) ਹੱਡੀਆਂ, ਅਸਥੀਆਂ, ਦੇਹ; ਸਰੀਰ, ਲੋਥ, ਮਰੀਅਤ, ਲਾਸ਼; ਮੁੱਢੀ, ਬੀਜਾ (ਮੰਡੀ ਦਾ); ਹੱਡੀ ਵਰਗਾ ਸਖ਼ਤ ਹਿੱਸਾ, ਜਿਵੇਂ ਮੱਛ-ਪੰਜਰ, ਹਾਥੀ-ਦੰਦ; ਹੱਡੀ ਤੋਂ ਬਣੀ ਚੀਜ਼; ਦਵਾਈ ਵਾਲੀ ਚੀਜ਼, ਝਗੜੇ ਦੀ ਜੜ੍ਹ.

b.-dry : ਬਿਲਕੁਲ ਸੁੱਕਾ, ਸੱਕ ਪੱਕਾ, ਸੁੱਕੜ, ਸੂਹ-ਸੁੱਖ.

b.-dust : ਹੱਡ-ਚੂਰਾ.

b. of contention : ਝਗੜੇ ਵਾਲੀ ਗੱਲ, ਲੜਾਈ ਦਾ ਮੂਲ.

b. to pick with someone : ਝਗੜੇ ਵਾਲੀ ਗੱਲ.

b.-setter : ਖਸਕੀਆਂ ਹੱਡੀਆਂ ਚੜ੍ਹਾਉਣ ਵਾਲਾ, ਟੁੱਟੀਆਂ ਹੱਡੀਆਂ ਜੋੜਨ ਵਾਲਾ.

b.-shaker : ਟਾਇਰ-ਰਹਿਤ ਸਾਈਕਲ.

horse with plenty of bones : ਮੋਟਾ ਤਾਜ਼ਾ ਘੋੜਾ, ਖੁੱਲ੍ਹਾ ਹੱਡਿਆ ਘੋੜਾ.

skin and b. : ਸੁੱਕੜ, ਹੱਡੀਆਂ ਦੀ ਮੁੱਠ, ਮਾੜੂ.

to the b. : ਹੱਡੀਆਂ ਤਕ ਪੁੱਜਣ ਵਾਲਾ (ਪਾਲਾ, ਜ਼ਖ਼ਮ).

make no bb. of, about or to : ਝਕਣਾ ਨਾ.

will never make old bb. : ਬੁੱਢਾ ਹੋਣ ਤਕ ਨਹੀਂ ਜੀਵੇਗਾ.

feel in one's bones : ਪੱਕਾ ਯਕੀਨ ਹੋਣਾ.

bred in the b. : ਜਮਾਂਦਰੂ, ਘੁੱਟੀ ਵਿੱਚ ਮਿਲਿਆ.

bone, v. t. : ਮਾਸ ਨਾਲੋਂ ਸੰਧੀਆਂ ਨਖੇੜਨੀਆਂ; (ਸੌਂਚ ਕਰਨ ਵੇਲੇ) ਪੱਧਰ ਮਾਪਣਾ ਜਾਂ ਪਰੋਖਣਾ.

boning rod : (ਟੀ-ਵਰਗੇ ਖ ਥਾਰ ਦੇ ਸਹਾਇਕ ਕਰਨ ਵਾਲਾ) ਡੰਡਾ.

bonfire, n. : ਲੋਹੜੀ, ਕਿਸੇ ਖੁਸ਼ੀ ਦੇ ਸਮੇਂ ਖੁਲ੍ਹੀ ਥਾਂ ਵਿੱਚ ਬਾਲੀ ਅੱਗ, ਕੂੜਾ-ਕਰਕਟ, ਬੂਟੀ ਆਦਿ ਸਾੜਨ ਲਈ ਬਾਲੀ ਅੱਗ, ਭਾਂਬੜ.

make a bonfire of : ਨਾਸ ਕਰ ਦੇਣਾ, ਸੁਆਹ ਕਰ ਦੇਣਾ, ਤੀਲੀ ਲਾਉਣੀ.

bonism, n. : ਸ਼ੁਭਮਤ-ਵਾਦ, ਇਹ ਸਿਧਾਂਤ ਕਿ ਸੰਸਾਰ ਚੰਗਾ ਹੈ.

bonhomie [F], n. : ਮਿਲਣਸਾਰੀ, ਹਸਮੁਖਤਾ.

bon mot [F], n. : ਚੁਟਕਲਾ, ਲਤੀਫ਼ਾ, ਚਮਤਕਾਰਿਤ ਟੋਟਕਾ.

bonne [F], n. : ਖਿਡਾਵੀ, ਨੌਕਰਾਣੀ, ਆਇਆ.

bonne bouche [F], n. : ਸੁਆਦ, ਸੁਆਦਲਾ ਖਾਣਾ ਜੋ ਅਖ਼ੀਰ ਤੇ ਖਾਧਾ ਜਾਏ, ਚੱਖਾ-ਚੱਖੀ, ਤਰ-ਨਿਵਾਲਾ.

bonnet[1], n. : ਟੋਪੀ (ਔਰਤਾਂ ਦੀ); ਮੋਟਰ (ਦੇ ਇੰਜਣ) ਦਾ ਢੱਕਣ, ਜਲਾਲਾ (ਜੂਏ ਤੇ ਨੀਲਾਮੀ ਵਿੱਚ) ਉਹ ਮਨੁੱਖ ਜੋ ਜੂਆ ਖਿਡਾਉਣ ਵਾਲਿਆਂ ਜਾਂ ਨੀਲਾਮੀ ਕਰਨ ਵਾਲਿਆਂ ਨਾਲ ਮਿਲਿਆ ਹੋਇਆ ਹੋਵੇ ਤੇ ਵਧ ਵਧ ਕੇ ਝੂਠੀ ਸੱਟੇ ਜਾਂ ਬੋਲੀ ਦੇਵੇ); ਚਿਮਨੀ ਦਾ ਢੱਕਣ, ਮੋਢਾ.

having bee in bonnet : ਖ਼ਬਤ, ਝੱਲਾ.

bonnetted, a. : ਟੋਪੀਆਂ ਵਾਲਿਆਂ ਹੋਇਆ.

bonnet[2], v. t. : ਸਿਰ ਤੇ ਟੋਪੀ ਰੱਖਣੀ; ਅੱਖਾਂ ਤਕ ਖਿੱਚ ਕੇ ਟੋਪੀ ਮਿਧਾਉਣੀ.

bonny, a. : ਸੋਹਣਾ, ਅਲਬੇਲਾ, ਮੂੰਹ-ਖਿੜ ਲਗਦਾ.

bonus, n. : ਬੋਨਸ, ਭੂੰਗਾ, ਵਾਧੂ ਨਫ਼ਾ, ਲਾਭ, ਲਾਭ ਅੰਸ਼ (ਜਿਹੜਾ ਵਾਧੂ ਨਫ਼ਾ ਜੋ ਕਿਸੇ ਕੰਪਨੀ ਦੇ ਹਿੱਸੇਦਾਰਾਂ ਨੂੰ ਮਿਲੇ); ਇਨਾਮ ਦੇ ਤੌਰ ਤੇ ਵੱਧਰਾ ਮਿਹਨਤਾਨਾ ਜੋ ਦਿੱਤਾ ਜਾਵੇ, ਮਾਲੀ.

bon-vivant [F], n. : ਚੰਗਾ-ਚੋਖਾ ਖਾਣ ਵਾਲਾ, ਖਾਣ ਪੀਣ ਵਾਲਾ.

bony, a. : ਹੱਡਲ, ਨਿਰੀਆਂ ਹੱਡੀਆਂ; ਹੱਡੀਆਂ ਦਾ, ਹੱਡੀ ਵਰਗਾ.

bonze, n. : ਚੀਨ ਜਾਂ ਜਾਪਾਨ ਦੇ ਬੋਧੀ ਭਿਖਸ਼ੂ.

boo, int., n. & v. t. & i. : ਫਿੱਟ ਫਿੱਟ ! ਹੁਸ਼ ! ਫਿੱਟ ਫਿੱਟ ਕਰਨਾ.

boob [booby ਦਾ ਸੰਖੇਪ], n. : ਮਿੱਦੜ, ਲੱਲਾ.

booby, n. : ਮੂਰਖ, ਲੱਲਾ, ਬੁੱਧੂ, ਮਿੱਦੜ.

b.-trap : ਛੱਲ-ਪਟਾਕਾ, ਦਰਵਾਜ਼ੇ ਉੱਤੇ ਅਜੇਹੀ ਚੀਜ਼ ਜੋ ਬੂਹਾ ਖੋਲ੍ਹਦਿਆਂ ਹੀ ਉੱਤੇ ਡਿਗ ਪਵੇ; (ਫ਼ੌਜੀ) ਧੋਖੇ ਦੀ ਟੱਟੀ, ਛੱਲ-ਫਿੱਟਰ.

boobyish, a. : ਬੁੱਧੂ ਜਿਹਾ.

boodle, n. : ਭੀੜ, ਜੁੰਡੀ, ਢੇਰ (the whole boodle); ਚੰਦਾ, ਰਾਜਸੀ ਲੋਕਾਂ ਵਿੱਚ ਵੰਡੀ ਹੀ ਰਕਮ; ਤਾਸ਼ ਦੀ ਇਕ ਖੇਡ.

boohoo, n. & v. i. : ਧੁਸਕਾਰ, ਉੱਚੀ ਉੱਚੀ ਰੋਣ ਦੀ ਆਵਾਜ਼, ਉੱਚੀ ਉੱਚੀ ਰੋਣਾ, ਕੁਰਲਾਉਣਾ.

book[1], n. : ਪੁਸਤਕ, ਕਿਤਾਬ, ਪੋਥੀ, ਗ੍ਰੰਥ, ਐਸੀ ਚੀਜ਼ ਜਿਸ ਤੋਂ ਕੁਝ ਸਿੱਖਿਆ ਜਾ ਸਕੇ; ਕੁਦਰਤੀ ਲਿਖਤ (ਜਿਵੇਂ b. of fate, ਕਰਮ-ਲੇਖ; b. of life, ਉਨ੍ਹਾਂ ਦੀ ਸੂਚੀ ਜੋ ਬਚਾਏ ਜਾਣਗੇ); ਗ੍ਰੰਥ ਸਾਹਿਬ, ਅੰਜੀਲ, ਕੁਰਾਨ ਸ਼ਰੀਫ਼; ਕਾਪੀ, ਲੇਖ-ਬਧ, ਰਜਿਸਟਰ, ਵਹੀ-ਖਾਤਾ, ਭਾਗ, ਜਿਲਦ.

b.binder : ਜਿਲਦਸਾਜ਼.

b.binding : ਜਿਲਦਸਾਜ਼ੀ.

b.case : ਕਿਤਾਬਾਂ ਦੀ ਅਲਮਾਰੀ; ਕਿਤਾਬ-ਦਾਨ.

b.-keeper : (ਤਜਾਰਤ, ਵਪਾਰ) ਲੇਖਾ ਜਾਂ ਹਿਸਾਬ-ਕਿਤਾਬ ਰੱਖਣ ਵਾਲਾ, ਮੁਨੀਮ.

b.-keeping : ਵਹੀ-ਖਾਤਾ, ਮੁਨੀਮੀ.

b.-maker : ਲਿਖਾਰੀ, ਸੰਪਾਦਕ.

b.man : ਸਾਹਿਤਕਾਰ.

b.-mark : (ਕਿਤਾਬਾਂ ਵਿੱਚ) ਨਿਸ਼ਾਨੀ.

b. of reference : ਹਵਾਲੇ ਦੀ ਕਿਤਾਬ, ਉਹ ਕਿਤਾਬ ਜੋ ਕਿਸੇ ਹਵਾਲੇ ਲਈ ਵੇਖੀ ਜਾਵੇ, ਜਿਵੇਂ ਡਿਕਸ਼ਨਰੀ, ਕੋਸ਼, ਸਰਬ-ਵਿਸ਼ਵ-ਕੋਸ਼.

b. plate : ਕਿਤਾਬ ਦੇ ਮਾਲਕ ਦੇ ਨਾਂ ਦੀ ਛਪੀ ਜਾਂ ਪਰਚੀ ਜੋ ਕਿਤਾਬ ਉੱਤੇ ਲੱਗੀ ਹੋਵੇ.

b.seller : ਪੁਸਤਕਾਂ ਵਾਲਾ, ਪੁਸਤਕ-ਵਿਕ੍ਰੇਤਾ, ਕਿਤਾਬਾਂ ਵੇਚਣ ਵਾਲਾ.

b.stall : ਕਿਤਾਬਾਂ ਦੀ ਦੁਕਾਨ.

b.-value : ਕਿਤਾਬੀ ਮੁੱਲ, ਰਜਿਸਟਰ ਵਿੱਚ ਕੀਮਤ (ਮੰਡੀ ਦੇ ਉਲਟ).

b.-work : ਕਿਤਾਬੀ ਕੰਮ.

b.worm : ਕਿਤਾਬੀ ਕੀੜਾ, ਘੋਟੂ.

bring to b. : ਹਿਸਾਬ ਮੰਗਣਾ, ਪੜਤਾਲ ਕਰਨੀ; ਸਜ਼ਾ ਦੇਣੀ.

in one's bad, black or good bb. : ਕਿਸੇ ਦੀ ਨਜ਼ਰ ਵਿੱਚ ਬੁਰੇ ਜਾਂ ਚੰਗੇ ਹੋਣਾ, ਨਜ਼ਰ-ਚੜ੍ਹਿਆ, ਨਜ਼ਰੋਂ-ਲੱਥਾ.

take a leaf out of one's book : ਨਕਲ ਕਰਨੀ, ਰੀਸ ਕਰਨੀ.

won't suit my book : (ਨੌਕਰੀ ਦੀ ਤਬਦੀਲੀ ਆਦਿ) ਮੇਰੀ ਗੌਂ ਦੀ ਨਹੀਂ.

speak like a book : ਕਿਤਾਬੀ ਬੋਲੀ ਬੋਲਣੀ.

speak by the book : ਹਵਾਲਿਆਂ ਨਾਲ ਬੋਲਣਾ.

without book : ਜ਼ਬਾਨੀ, ਮੂੰਹ-ਜ਼ਬਾਨੀ.

on the bb. : ਰਜਿਸਟਰ ਜਾਂ ਲਿਸਟ ਵਿੱਚ.

off the bb. : ਮੈਂਬਰੀ ਤੋਂ ਬਾਹਰ.

b.-learning : ਕਿਤਾਬੀ ਗਿਆਨ, ਵਿੱਦਿਆ.

bookish, a. : ਕਿਤਾਬੀ, ਕਿਤਾਬੀ ਕੀੜਾ.

bookishly, adv. : ਕਿਤਾਬੀ ਤੌਰ ਤੇ.

bookishness, n. : ਕਿਤਾਬੀ ਕੀੜਾ ਹੋਣ ਦੀ ਆਦਤ.

bookie(y), n. : (ਪ੍ਰਚਾਰਕ) ਸ਼ਰਤ-ਬਾਜ਼.

booklet, n. : ਕਿਤਾਬਚਾ, ਗੁਟਕਾ.

book-rest : ਰੇਹਲ.

b. of demands : ਮੰਗਾਂ ਦਾ ਰਜਿਸਟਰ.

book[2], v. t. : ਦੇਖਣਾ, ਲਿਖਣਾ (ਵਹੀ ਖਾਤੇ ਵਿੱਚ), ਰਜਿਸਟਰ ਤੇ ਚਾੜ੍ਹਨਾ; ਸੀਟ ਰਾਖਵੀਂ ਕਰਨੀ (ਥੀਏਟਰ, ਗੱਡੀ ਆਦਿ ਦੀ), ਟਿਕਟ ਦੇਣੀ; ਮਾਲ ਭੇਜਣ ਜਾਂ ਮੰਗਵਾਉਣ ਵਾਲੇ ਦਾ ਨਾਂ ਲਿਖਣਾ.

I am booked : ਮੈਂ ਰੁਝਿਆ ਹੋਇਆ ਹਾਂ, ਫਸਿਆ ਹੋਇਆ ਹਾਂ.

booking-clerk : ਟਿਕਟ-ਬਾਬੂ.

booking-office : ਟਿਕਟ-ਘਰ.

boom[1], n. : ਗੋਲੀ-ਰੋਕ, ਰੋਕ-ਜੰਗ੍ਹਾ, ਲੱਕੜਾਂ ਦਾ ਤਰਦਾ ਬੇੜਾ ਜੋ ਉੱਤੋਂ ਰੁੜ੍ਹਦੀਆਂ ਆਉਂਦੀਆਂ ਗੇਲੀਆਂ ਨੂੰ ਰੋਕਣ ਲਈ ਦਰਿਆ ਦੇ ਆਰ-ਪਾਰ ਲਾ ਦਿੱਤੇ ਹਨ.

boom[2], v. i. & n. : ਗੱਜਣਾ; ਗਰਜ, ਗੜ-ਗੜ ਦੀ ਆਵਾਜ਼, ਘੂੰ-ਘੂੰ, ਭੀਂ-ਭੀਂ.

boom², *v. i. & t. & n.* : ਫਟ-ਫਟ ਉੱਘਾ ਹੋ ਜਾਣਾ, ਧੂਮ-ਧਾਮ ਨਾਲ ਸ਼ੁਰੂ ਕਰਨਾ; (ਵਪਾਰ) ਮੰਦੇ ਤੋਂ ਪਿਛੋਂ ਇਕ-ਦਮ ਭਾ ਚੜ੍ਹਨੇ, ਤੇਜ਼ੀ ਲੈਣੀ; ਧੂਮ-ਧਾਮ; (ਭਾ ਦੀ) ਤੇਜ਼ੀ.

boomerang, *n.* : ਪਰਤਵੀਂ ਗੁਲੇਲ, ਆਸਟ੍ਰੇਲੀਆ ਦਾ ਲੱਕੜ ਦਾ ਸ਼ਸਤਰ ਜੋ ਚਲਾਉਣ ਵਾਲੇ ਕੋਲ ਮੁੜ ਕੇ ਪਰਤ ਆਉਂਦਾ ਹੈ; (ਅਲੰਕਾਰਕ) ਉਲਟ-ਸ਼ਸਤਰਾ ਸਿਧਾਂਤ, ਦਲੀਲ ਜੋ ਪੇਸ਼ ਕਰਨ ਵਾਲੇ ਦੇ ਉਲਟ ਜਾਵੇ.

boon¹, *n.* : ਬਖ਼ਸ਼ਿਸ਼, ਵਰ, ਸੁਗਾਤ, ਲਾਭ; ਮੰਗ.

boon², *a.* : ਦਿਲਖੁਸ਼, ਮਿਹਰਬਾਨ, ਹਸਮੁਖ, ਖੁਸ਼ਦਿਲ.

boor, *n.* : ਉਜੱਡ, ਗੰਵਾਰ, ਪੇਂਡੂ, ਅੱਖੜ, ਪੇਂਡਾ, ਘਟੀਆ.

boorish, *a.* : ਅੱਖੜ, ਗੰਵਾਰ, ਉਜੱਡਾ ਵਾਲਾ, ਪੇਂਡੂ.

boorishness, *n.* : ਗੰਵਾਰਪੁਣਾ, ਉਜੱਡਪੁਣਾ.

boorishly, *adv.* : ਗੰਵਾਰਾਂ ਵਾਂਗ, ਉਜੱਡਾਂ ਵਾਂਗ, ਅਸੱਭਤਾ ਨਾਲ.

boost, *v. t. & n.* : ਵਧੇਰਾ ਕਰਨਾ, ਧੱਕਾ-ਦੇਣਾ ਜੇ ਵਧਣ, ਵਡਿਆਉਣਾ; ਇਸ਼ਤਿਹਾਰਬਾਜ਼ੀ, ਵਾਧਾ, ਉਤਸ਼ਾਹ.

boot¹, *n.* : ਬੂਟ; (ਘੋੜ ਦੇ ਲੱਤ ਦਾ) ਤਸੀਹੇ ਦੇਣ ਦਾ ਸੰਦ; ਸਿਖਿਆ, ਘੋੜਸਵਾਰ ਦੀ ਗਡਾਰਿਆਂ ਦੀ ਸੀਟ ਦੇ ਹੇਠਲਾ ਸੰਦੂਕ ਜਾਂ ਪੇਟੀ.

b. is on the other leg : ਸਚਾਈ ਇਸ ਦੇ ਉਲਟ ਹੈ.

b.jack : ਬੂਟ ਲਾਹੁਣ ਦਾ ਇਕ ਸੰਦ.

b.lace : ਤਸਮਾ.

b.legger : ਚੋਰੀ ਸ਼ਰਾਬ ਵੇਚਣ ਵਾਲਾ (ਅਮਰੀਕਾ ਵਿਚ).

b.-licker : ਖੁਸ਼ਾਮਦੀ.

b.maker : ਮੋਚੀ.

b.-tree : ਕਲਬੂਤ.

heart in one's boots : (ਡਰ ਨਾਲ) ਦਿਲ ਬਹਿ ਜਾਣਾ.

over shoes over boots : ਜਿੱਥੇ ਸੌ ਉੱਥੇ ਸਵਾ ਸੌ.

die in one's boots : ਜੁੱਤੀਆਂ ਪਾਈਆਂ ਮਰਨਾ, ਮੰਜੇ ਪੈਣ ਤੋਂ ਬਿਨਾਂ ਮਰਨਾ.

boot and saddle : (ਰਿਸਾਲੇ ਦੀ ਬੋਲੀ) ਸਵਾਰ ਹੋਵੋ.

get, give the b. : ਨੌਕਰੀਓਂ ਕੱਢੇ ਜਾਣਾ ਜਾਂ ਕੱਢਣਾ.

booted, *a.* : ਬੂਟ-ਧਾਰੀ, ਬੂਟਾਂ-ਸਣੇ.

boot, *n.* : ਵੱਧ, ਫ਼ਾਇਦਾ, ਲਾਭ, ਨਫ਼ਾ.

to boot : ਨਾਲੇ, ਨਾਲ ਹੀ, ਵੀ.

boot, *v. t.* : ਲਾਭ ਦੇਣਾ.

what boots it ? : ਕੀ ਲਾਭ ?

bootee, *n.* : ਜ਼ਨਾਨੇ ਬੂਟ ਦੀ ਕਿਸਮ, ਬੱਚਿਆਂ ਦੇ ਜ਼ਰਾਬੀ ਬੂਟ.

booth, *n.* : ਛੱਪਰ, ਛੱਪਰ, ਖੱਖੀ, ਝੌਂਪੜੀ, ਮੇਲੇ ਦੀ ਹੱਟੀ.

polling-booth : ਵੋਟ-ਘਰ, ਚੋਣ-ਘਰ, ਵੋਟ ਪਾਉਣ ਵਾਲੀ ਥਾਂ.

bootless, *a.* : ਵਾਧੂ, ਅਕਾਰਥ, ਬੇਫ਼ਾਇਦਾ.

boots, *n.* : ਹੋਟਲ ਦਾ ਨੌਕਰ ਜੋ ਬੂਟ ਸਾਫ਼ ਕਰਦਾ ਤੇ ਸਮਾਨ ਚੁੱਕਦਾ ਹੈ.

booty, *n.* : ਲੁੱਟ, ਲੁੱਟ ਦਾ ਮਾਲ.

to play b. : ਠੱਗ ਕੇ ਨੁਕਸਾਨ ਨਾਂ ਕਰਨਾ.

booze, *v. i. & n.* : ਅੰਨ੍ਹੇ-ਵਾਹ ਪੀਣਾ (ਸ਼ਰਾਬ); ਦੌਰ (ਸ਼ਰਾਬ ਦਾ); ਸ਼ਰਾਬ.

boozy, *a.* : ਸ਼ਰਾਬੀ, ਮਦਹੋਸ਼, ਟੱਲੀ (ਨਸ਼ੇ ਵਿਚ).

bo-peep, *n.* : ਲੁਕਣ-ਮੀਟੀ, ਬਾਲ-ਖੇਡਾਂ ਦੀ ਖੇਡ.

play b. : (ਰਾਜਸੀ ਮਾਮਲਿਆਂ ਵਿਚ) ਚਾਲਬਾਜ਼ੀ ਚਲਾਣੀ.

bora, *n.* : ਠੰਢਾ, ਠੰਢੀ ਹਵਾ.

boracic, *a.* : ਸੁਹਾਗੇ ਦਾ, ਬਾਰਕੀ.

borax, *n.* : ਸੁਹਾਗਾ, ਬੋਰਕ, ਟਾਂਕਣ.

Bordeaux, *n.* : ਫ਼ਰਾਂਸ ਦੀ ਸ਼ਰਾਬ.

border, *n. & a.* : ਸਰਹੱਦ, ਹੱਦ, ਕਿਨਾਰਾ, ਸੀਮਾ, ਹਾਸ਼ੀਆ, ਕਿਨਾਰੀ ਮਗ਼ਜ਼ੀ, ਕੰਨੀ.

borderLAND, *n.* : ਸਰਹੱਦੀ ਇਲਾਕਾ; ਡਾਵਾਂਡੋਲ ਹਾਲਤ, ਵਿਚ-ਵਿਚਾਲਾ.

border², *v. t. & i.* : ਹੱਦਬੰਦੀ ਕਰਨੀ, ਹੱਦਾਂ ਬੰਨ੍ਹਣੀਆਂ, ਛੋਹਣਾ, ਹਾਸ਼ੀਆ ਲਾਉਣਾ, ਕਿਨਾਰੀ ਲਾਉਣੀ, ਮਗ਼ਜ਼ੀ ਲਾਉਣੀ.

border upon : ਲੱਗਣਾ, ਹੱਦਾਂ ਮਿਲਣੀਆਂ, ਨਾਲ ਲੱਗਣਾ.

borderer, *n.* : ਸਰਹੱਦ ਤੇ ਰਹਿਣ ਵਾਲਾ, ਸਰਹੱਦੀ.

bore¹, *v. t. & i.* : ਛੇਕ ਪਾਉਣਾ, ਵਰਮੇ ਨਾਲ ਮੋਰੀ ਕੱਢਣੀ, ਛੇਕ ਕਰਨਾ, ਵਿੰਨ੍ਹਣਾ, ਜੰਗ ਖਾਣਾ, ਅਕਾਉਣਾ, ਅਕਾ ਦੇਣਾ; ਖਪਾਉਣਾ, ਖੂਹ ਸਿੱਟ ਲਿਆ ਦੇਣੀ.

borer, *n.* : ਮੋਰੀ ਕੱਢਣ ਦਾ ਕੰਮ.

boring, *a.* : ਅਕਾਉਂਦਾ, ਅਕਾਊ, ਸਿਰ-ਖਪਾਊ; (ਘੁੜ-ਦੌੜ) ਦੂਜੇ ਘੋੜੇ ਨੂੰ ਧੱਕਾ ਦੇ ਕੇ ਰਾਹ ਵਿਚੋਂ ਕੱਢ ਕਰਨਾ; (ਘੋੜੇ ਦਾ) ਸਿਰ ਬਾਹਰ ਕੱਢਣਾ.

bore², *n.* : ਛੇਕ, ਮੋਰੀ; ਜ਼ਮੀਨ ਵਿਚ ਪਾਣੀ ਦੇਖਣ ਲਈ ਕੀਤੀ ਵੱਡੀ ਮੋਰੀ; ਸੁਰਾਖ਼ ਦੀ ਨਾਲੀ, ਬੰਦੂਕ ਦੀ ਨਾਲੀ ਦੀ ਚੁੜਾਈ.

bore³, *n.* : ਅਕਾਊ (ਆਦਮੀ), ਜੰਗ ਖਾਣ ਵਾਲਾ, ਅਕਾ ਦੇਣ ਵਾਲਾ, ਸਿਰ-ਦਰਦ.

bore⁴, *n.* : ਖਾੜੀ ਲਹਿਰ (ਜਵਾਰਭਾਟੇ ਦੀ), ਕਾਂਗ.

bore⁵ : bear ਦਾ ਭੂਤ ਕਾਲ.

boreal, *a.* : ਉੱਤਰੀ (ਠੰਢੀ) ਹਵਾ ਦਾ; ਉੱਤਰੀ.

Boreas, *n.* : ਉੱਤਰੀ ਹਵਾ ਦਾ ਦੇਵਤਾ.

boredom, *n.* : ਅਕੇਵਾਂ, ਰੁੱਖਾਪਣ.

borer, *n.* : ਵਰਮਾ, ਛੇਦਕ; ਮਨੁੱਖ ਜੋ ਵਰਮੇ ਨਾਲ ਛੇਕ ਕਰੇ; ਕੀੜਾ ਜੋ ਆਪਣਾ ਸਿਰ ਅੰਦਰ ਨੂੰ ਕਰੇ, ਲੱਕੜ ਅੰਦਰ ਵਾਲੇ ਕੀੜੇ, ਛੇਦ-ਕਾਰ ਕੀੜਾ (ਦਰਖ਼ਤ, ਲਕੜਾਂ, ਘੁਣ, ਟਿੱਡਾ ਆਦਿ).

boric, *a.* : ਬੋਰਕ; boron ਦਾ.

born, *p. p. & a.* : ਜੰਮਿਆ, ਪੈਦਾ ਹੋਇਆ, ਜਨਮ ਲਿਆ; ਜਮਾਂਦਰੂ.

b. poet : ਜਮਾਂਦਰੂ ਕਵੀ.

be b. : ਜੰਮਣਾ, ਪੈਦਾ ਹੋਣਾ.

be b. again : ਨਵਾਂ ਜਨਮ ਲੈਣਾ.

b. with silver spoon in mouth : ਖੁਸ਼ਕਿਸਮਤ ਤੇ ਅਮੀਰ.

in all my born days : ਸਾਰੀ ਜ਼ਿੰਦਗੀ, ਸਾਰਾ ਜੀਵਨ.

borne : bear ਦਾ ਪਾਸਟ ਪਾਰਟੀਸਿਪਲ.

boron, *n.* : ਇਕ ਤੱਤ ਦਾ ਕਾਲੀ ਭਾਹ ਮਾਰਦਾ ਭੂਰਾ.

borough, *n.* : ਨਗਰ.

borrow, *v. t.* : ਉਧਾਰ ਲੈਣਾ, ਕਰਜ਼ਾ ਲੈਣਾ, ਚੁਕਣਾ; ਮੰਗਵਾਂ ਲੈਣਾ.

b. pit : ਖਾਈ ਜਾਂ ਭਰਤ ਟੋਆ, ਉਹ ਟੋਆ ਜਿਸ ਵਿਚੋਂ ਭਰਤੀ ਪਾਣ ਲਈ ਮਿੱਟੀ ਕੱਢੀ ਜਾਂਦੀ ਹੈ.

borrowed light : ਮੰਗਵੀਂ ਚਾਨਣ.

borrowed plumes, feathers : ਸਾਗ ਤੋਂ ਸੋਭ.

borrower, *n.* : ਕਰਜ਼ਾ ਲੈਣ ਵਾਲਾ, ਕਰਜ਼ਈ, ਕਰਜ਼ਦਾਰ, ਉਧਾਰਲੈਣਾ.

borrowing, *n.* : ਕਰਜ਼ਾ ਲੈਣ ਦਾ ਕੰਮ, ਉਧਾਰ.

Borstal, *n.* B. system : ਪੌਰਸਟਲੀ ਤਰੀਕਾ, ਦੋਸ਼ੀ ਬੱਚਿਆਂ ਨੂੰ ਕਦ ਰੱਖਣ ਦਾ ਨਵਾਂ ਤਰੀਕਾ, ਜਿਸ ਵਿਚ ਕਸੂਰ ਜਾਂ ਕਰ ਦੋਸ਼ੀ ਨਹੀਂ ਜਾਂਦੀ.

B. Association : ਬੋਰਸਟਲ ਦੇ ਕੈਦੀਆਂ ਦੀ ਰਿਹਾਈ ਉੱਤੇ ਉਨ੍ਹਾਂ ਦੀ ਮਦਦ ਕਰਨ ਵਾਲੀ ਸਭਾ.

B. Institution : ਸੋਧਘਰ ਸੰਸਥਾ.

bort, *n.* : ਹੀਰੇ ਦੀਆਂ ਕਣੀਆਂ ਜੋ ਹੀਰੇ ਨੂੰ ਕੱਟਦਿਆਂ ਨਿਕਲਦੀਆਂ ਹਨ.

borzoi, *n.* : ਰੂਸ ਦਾ ਸ਼ਿਕਾਰੀ ਕੁੱਤਾ (ਬਘਿਆੜ ਦੇ ਨਸਲ ਦੇ).

bossage -lage, *n.* : (ਰੁੱਖਾਂ ਦੀ) ਝੰਗੀ, ਝਿੜੀ.

bosh, *n.* : ਫ਼ਜ਼ੂਲ ਗੱਲਾਂ, ਬਕਵਾਸ.

bosk, bosket,-quet, *n.* : ਝੰਗੀ, ਝਾੜ.

bosky, *a.* : ਸੰਘਣਾ, ਝਾੜੀਦਾਰ, ਰੁੱਖਾਂ ਨਾਲ ਢਕਿਆ.

bosom, *n.* : ਹਿੱਕ, ਛਾਤੀ, ਸੀਨਾ, ਦਿਲ; ਕੁੱਛੜ, ਗੋਦ, ਬੁੱਕਲ; ਸਤਹ (ਝੀਲ ਆਦਿ ਦੀ).

bosom of one's family : ਟੱਬਰ ਵਿਚ.

b. friend : ਦਿਲੀ ਮਿੱਤਰ, ਲੰਗੋਟੀਆ (ਯਾਰ).

boss[1], *n.* : ਉਭਾਰ, ਢਾਲ ਜਾਂ ਸੰਜੋਅ ਉੱਤੇ ਉਭਰਵਾਂ ਬੂੰਦਾ; (ਇਮਾਰਤ) ਗੁੰਬਦ ਦਾ ਉੱਭਰਿਆ ਹਿੱਸਾ; (ਮਸ਼ੀਨ) ਧੁਰੇ ਦਾ ਉਭਰਵਾਂ ਹਿੱਸਾ.

bossED, *a.* : ਉਭਰਿਆ ਹੋਇਆ, ਬੂੰਦਦਾਰ.

bossY, *a.* ਉਭਰਵਾਂ.

boss[2], *n.* : (ਬੋਲ-ਚਾਲ) ਮਾਲਕ, ਅਫ਼ਸਰ.

boss[3], *v. t.* : (ਬੋਲ-ਚਾਲ) ਮਾਲਕੀ ਜਤਾਉਣੀ; ਮਾਲਕ ਜਾਂ ਅਫ਼ਸਰ ਜਾਂ ਮੈਨੇਜਰ ਹੋਣਾ.

boss the show : ਸਭ ਇੰਤਜ਼ਾਮ ਕਰਨਾ, ਕਰਤਾ ਧਰਤਾ ਹੋਣਾ.

Boswell, *n.* : ਜੀਵਨੀਕਾਰ, ਜੀਵਨੀਆਂ ਲਿਖਣ ਵਾਲਾ (ਜੇਮਸ ਬਾਸਵਲ ਵਾਂਗ ਜਿਸ ਨੇ Johnson ਦੀ ਜੀਵਨੀ ਲਿਖੀ ਸੀ).

BoswellIAN, *a.* : ਜੇਮਸ ਬਾਸਵਲ ਦੇ ਢੰਗ ਦਾ.

bot, bott, *n.* : ਪਰ-ਆਸ਼ਰਿਤ ਕੀੜੇ, ਮਲ੍ਹ-ਮੱਖੀ ਦੇ ਕੀੜੇ.

the botts : ਘੋੜਿਆਂ ਦੀ ਬੀਮਾਰੀ ਜੋ ਇਨ੍ਹਾਂ ਕੀੜਿਆਂ ਤੋਂ ਹੁੰਦੀ ਹੈ.

botanist, *n.* : ਬਨਸਪਤ-ਗਿਆਨੀ, ਮਾਹਿਰ ਬਨਸਪਤ.

botanise, *v. i.* : ਬੂਟਿਆਂ ਨੂੰ ਵਧਾਇਆਂ ਫੁਲਾਇਆਂ ਦੇਖ ਭਾਲ ਕੇ ਉਨ੍ਹਾਂ ਸੰਬੰਧੀ ਗਿਆਨ ਪ੍ਰਾਪਤ ਕਰਨਾ.

botany, *n.* : ਬਨਸਪਤ-ਵਿਦਿਆ, ਬੂਟਿਆਂ ਦਾ ਗਿਆਨ.

botanICAL, *a.* : ਬਨਸਪਤ ਸੰਬੰਧੀ, ਬਨਸਪਤਈ.

botanIC, *a.* : ਬਨਸਪਤ ਸੰਬੰਧੀ, ਬਨਸਪਤਈ.

botanICALLY, *adv.* : ਬਨਸਪਤ-ਗਿਆਨ ਅਨੁਸਾਰ.

Botanical Department : ਬਨਸਪਤ ਵਿਭਾਗ, ਮਹਿਕਮਾ ਬਨਸਪਤੀ.

botanical garden : ਬਨਸਪਤੀ ਬਾਗ਼.

botch, *n.* & *v. t.* & *i.* : ਗੰਢ-ਤੁਪ ਕਰਨਾ, ਉਖੜ-ਦੁਖੜ ਜੋੜਨਾ, ਬੇ-ਢੰਗਾ ਜੋੜ ਮਾਰਨਾ, ਭੂਰੀ ਤਰ੍ਹਾਂ ਮੁਰੰਮਤ ਕਰਨੀ, ਕੰਮ ਵਿਗਾੜਨਾ; ਬੇਧਿਆਨੀ ਨਾਲ ਕੀਤਾ ਹੋਇਆ ਕੰਮ.

botcher, *n.* : ਗੰਢ-ਤੁਪ ਕਰਨ ਵਾਲਾ, ਅਨਾੜੀ ਮੁਰੰਮਤੀਆ.

both, *a.*, *pron.* & *adv.* : ਦੋਵੇਂ, ਦੋਵੇਂ.

have it b. ways : ਚਿਤ ਵੀ ਮੇਰੀ, ਪਟ ਵੀ ਮੇਰੀ.

bother[1], *v. t.* & *i.* : ਔਖਾ ਕਰਨਾ, ਸਿਰ ਖਾਣਾ, ਅਕਾਉਣਾ, ਤੰਗ ਕਰਨਾ, ਤੰਗ ਹੋਣਾ, ਫ਼ਿਕਰ ਵਿਚ ਗ਼ਲਤਾਨ ਹੋਣਾ, ਖੇਚਲ ਕਰਨਾ.

bother[2], *n.* : ਅਕੇਵਾਂ, ਜ਼ਹਿਮਤ, ਤੰਗੀ, ਸਿਰ-ਖਪਾਈ, ਝਮੇਲਾ, ਬਖੇੜਾ.

botheration, *n.* & *int.* : ਸਿਰ-ਖਪਾਈ, ਝਮੇਲਾ, ਬਖੇੜਾ, ਖਿੱਚੋ, ਅਕੇਵਾਂ.

bothersome, *a.* : ਦੁਖਦਾਈ, ਤੰਗ ਕਰਨ ਵਾਲਾ, ਸਿਰ-ਖਪਾਊ.

bothy, -ie, *n.* : ਝੁੱਗੀ, ਕੁੱਲੀ, ਖ਼ਿੱਤੇ ਕਮਰੇ ਦਾ ਕੋਠਾ ਜਿਸ ਵਿਚ ਮਜ਼ਦੂਰਾਂ ਨੂੰ ਰੱਖਿਆ ਜਾਂਦਾ ਹੈ.

bo-tree : ਬੋਧੀ-ਬ੍ਰਿਛ, ਗਯਾ ਵਿਚ ਦਾ ਉਹ ਪਿੱਪਲ ਜਿਸ ਦੇ ਹੇਠਾਂ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ.

bottle[1], *n.* : ਬੋਤਲ, ਸ਼ੀਸ਼ੀ; ਇੱਕ ਬੋਤਲ ਵਿਚ ਜਿੰਨੀ ਚੀਜ਼ ਆਵੇ, ਬੋਤਲ ਭਰ.

b.-brush : ਬੋਤਲਾਂ ਸਾਫ਼ ਕਰਨ ਵਾਲਾ ਬੁਰਸ਼, ਬੋਤਲ-ਬੁਹਾਰੀ.

b.-green : ਗੂੜ੍ਹਾ ਹਰਾ.

b. holder : ਪੈਰੋਂ, ਪਸ਼ੂਲੜਾਕ, ਪਹਿਲਵਾਨੀ ਦੇ ਮੁਕਾਬਲੇ ਵਿਚ ਦੂਜੇ ਖਿਡਾਰੀ ਦਾ ਸਹਾਇਕ, ਸਾਥੀ.

b.-nose : ਮੋਟ-ਨੱਕਾ.

b.-neck : ਭੀੜਾ ਰਾਹ, ਘਾਟੀ.

bring upon the b. : ਉਪਰੇ ਦੁੱਧ ਤੇ ਪਾਲਣਾ.

over a b. : ਸ਼ਰਾਬ ਪੀਂਦਿਆਂ.

the b. : ਸ਼ਰਾਬ, ਪੀਣ ਪਿਆਣ.

blue-b. : ਫੁੱਲ.

bottle[2], *v. t.* : ਬੋਤਲ ਵਿਚ ਬੰਦ ਕਰਨਾ, (ਫਲ਼ ਵਗੈਰਾ) ਸ਼ੀਸ਼ੀ ਵਿਚ ਰੱਖਣਾ.

b. up : ਲੁਕਾਉਣਾ, ਲਕੋਉਣਾ, ਬੰਦ ਕਰਨਾ, ਦਬਾ ਰੱਖਣਾ, ਬੰਦ ਕਰਨਾ.

bottle[3], *n.* : ਤੂੜੀ ਜਾਂ ਘਾਹ ਦਾ ਥੱਬਾ.

look for needle in a b. of hay : ਘਾਹ ਦੇ ਢੇਰ ਵਿਚੋਂ ਸੂਈ ਲਭਣੀ, ਅਣਹੋਣੀ ਗੱਲ.

bottom[1], *n.* & *a.* : ਥੱਲਾ, ਥਾਹ, ਜੜ੍ਹ, ਤਲ, ਨਿਚਲਾ, ਆਧਾਰ; (ਕੁਰਸੀ ਆਦਿ ਦੀ) ਸੀਟ, ਬਹਿਣ ਵਾਲੀ ਥਾਂ; ਜਹਾਜ਼ ਦਾ ਥੱਲਾ; ਨੀਂਹ; ਮੂਲ; ਅਸਲ; ਅਸਲੀਅਤ, ਹਕੀਕਤ; ਅਖ਼ੀਰੀ, ਫ਼ੈਸਲਾਕੁਨ, ਸਭ ਤੋਂ ਹੇਠਲਾ; ਬੁਨਿਆਦੀ; ਸਹਿਣ-ਸ਼ਕਤੀ; ਝੀਲ ਦੇ ਪਾਣੀ ਦੇ ਹੇਠਲੀ ਜ਼ਮੀਨ.

be at the b. of : ਸਬਬ ਹੋਣਾ, ਕਾਰਨ ਹੋਣਾ.

to, from, b. of heart : ਦਿਲੋਂ, ਦਿਲ ਦੀ ਤਹਿ ਤੋਂ.

touch b. : ਤਹਿ ਤਕ ਪਹੁੰਚਣਾ, ਮਾਮਲੇ ਦੀ ਅਸਲੀਅਤ ਸਮਝ ਲੈਣੀ.

stand on own b. : ਆਪਣੇ ਪੈਰੀਂ ਖਲੋਣਾ.

send, go to the b. : ਡੋਬਣਾ, ਡੁੱਬਣਾ.

bottomMOST, *a.* : ਅਖ਼ੀਰਲਾ, ਸਭ ਤੋਂ ਹੇਠਲਾ.

bottomED, *a.* : ਥੱਲੇ ਵਾਲਾ, ਥੱਲਾ.

bottom[2], *v. t.* & *i.* : (ਜਿਵੇਂ ਕੁਰਸੀ, ਭਾਂਡੇ ਆਦਿ ਦਾ) ਥੱਲਾ ਲਾਉਣਾ; ਤਹਿ ਤਕ ਪੁੱਜਣਾ, ਕਿਸੇ ਚੀਜ਼ ਦੀ ਅਸਲੀਅਤ ਸਮਝ ਲੈਣੀ; (ਦਲੀਲ ਆਦਿ ਦਾ) ਆਧਾਰ ਬਣਾਉਣਾ.

bottomless, *a.* : ਥੱਲੇ ਤੋਂ ਬਿਨਾਂ (ਕੁਰਸੀ ਆਦਿ), ਅਥਾਹ.

bottomry, *n.* & *v. t.* : ਜਹਾਜ਼ ਦੇ ਮਾਲਕ ਨੂੰ ਜਹਾਜ਼ ਦੀ ਜ਼ਮਾਨਤ ਉੱਤੇ ਕਰਜ਼ਾ ਦੇਣ ਦਾ ਸੌਦਾ, ਜਿਸ ਅਨੁਸਾਰ ਜਹਾਜ਼ ਡੁੱਬਣ ਦੀ ਹਾਲਤ ਵਿਚ ਸ਼ਾਹ ਦਾ ਰੁਪਿਆ ਮਾਰਿਆ ਜਾਂਦਾ ਸੀ, ਜਹਾਜ਼ ਗਹਿਣੇ ਰਖ ਕੇ ਰੁਪਿਆ ਲੈਣਾ.

boudoir, *n.* : ਜ਼ਨਾਨੀਆਂ ਦਾ ਵੱਖਰਾ ਛੋਟਾ ਕਮਰਾ, ਜ਼ਨਾਨਖ਼ਾਨਾ.

bough, *n.* : ਡਾਲੀ, ਟਾਹਣੀ, ਟਾਹਣ, ਡਾਲ, ਸ਼ਾਖ਼, ਸ਼ਗਲ.

bought : buy ਦਾ ਭੂਤ ਕਾਲ.

bougie [F], *n.* : ਮੋਮ ਬੱਤੀ; (ਡਾਕਟਰੀ) ਬੱਤਕਾ, ਸਲਾਈ ਜਿਸ ਨਾਲ ਸਰੀਰ ਦੀਆਂ ਤੰਗਨਾਲੀਆਂ ਖੋਲ੍ਹਣ ਦੇ ਦੇਖੀਆਂ ਜਾਂਦੀਆਂ ਹਨ.

bouillé [F], *n.* : ਉਬਲਿਆ ਜਾਂ ਭੁੰਨਿਆ ਮਾਸ, ਗੋਸ਼ਤ-ਸ਼ੋਰਬਾ.

bouillon [F], *n.* : ਤਰੀ, ਰਸਾ, ਸ਼ੋਰਬਾ.

boulder, *n.* : ਢੇਲ, ਰੋੜਾ, ਸਿਲ, ਗੋਲ ਚਿਟਾਨ, ਗੋਲ-ਪੱਥਰ, ਸਿਲ.

boulevard, *n.* : ਚੌੜੀ ਸੜਕ ਜਿਸ ਦੇ ਨਾਲ ਨਾਲ ਰੁੱਖਾਂ ਦੀਆਂ ਪਾਲਾਂ ਹੋਣ, ਰੁੱਖਾਂ ਵਾਲੀ ਖੁਲ੍ਹੀ ਸੜਕ, ਛਾਂਦਾਰ ਸੜਕ.

bouleversement [F], *n.* : ਉਲਟ-ਪੁਲਟ, ਉਥਲ-ਪੁੱਥਲ, ਹੇਠ-ਉੱਤੇ.

boulter, *n.* : ਮੱਛੀਆਂ ਫੜਨ ਵਾਲੀ ਡੋਰ ਜਿਸ ਨਾਲ ਕਈ ਕੁੰਡੀਆਂ ਹੋਣ.

bounce, *v. i.* & *t.* : ਉਛਲਣਾ, ਕੁੱਦਣਾ, ਬੁੜ੍ਹਕਣਾ, ਟੱਪਣਾ, ਫੁੰਕਾਰਨਾ; ਜੋਸ਼ ਜਾਂ ਗੁੱਸੇ ਵਿਚ ਆ ਕੇ ਉਛਲਣਾ.

bouncing girl : ਮੋਟੀ ਤਾਜ਼ੀ, ਚੰਚਲ ਕੁੜੀ, ਟਪਲੀ, ਟੱਪ ਕੁੜੀ, ਟੱਪੂ-ਟੱਪੂ ਕਰਦੀ.

bounce[2], *n.* : ਟਪੋਸੀ, ਛਾਲ, ਸ਼ੇਖ਼ੀ, ਗੱਪ, ਫੜ੍ਹ, ਅਤਿ-ਕਥਨੀ.

bounce[3], *adv.* : ਅਚਨਚੇਤ, ਧਮਾਕ ਕਰਕੇ, ਤੜ-ਫੜ, ਧਰੋਕ ਕਰਕੇ.

come b. against : ਜ਼ੋਰ ਦੀ ਵੱਜਣਾ (ਕਿਸੇ ਚੀਜ਼ ਨਾਲ).

bouncer, *n.* : (ਬੋਲਚਾਲ ਰੂਪ ਵਿਚ) ਬੁੜ੍ਹਕਣਾ, ਕੁੱਦਣ ਵਾਲਾ, ਫੜ੍ਹਬਾਜ਼; ਗੱਪੀ; ਕੋਰਾ ਝੂਠ, ਦਿਖਾਵੇ ਦਾ ਦਿਖਾਵਾ ਕਰਨੀ ਗੱਪ.

bound[1], *n.* : ਹੱਦ, ਸਰਹੱਦ, ਬੰਨਾ; ਰੋਕ, ਬੰਦਸ਼.

out of bb. : (ਖੇਡ ਜਾਂ ਸਕੂਲ ਦੇ ਨੇਮਾਂ ਅਨੁਸਾਰ ਬੰਧੀ) ਹੱਦ, ਬਾਹਰ-ਵਰਤੋਂ ਵਾਲਾ.

beyond the bb. of reason : ਦਲੀਲ ਦੀ ਹੱਦੋਂ ਬਾਹਰ.

put bb. to : ਬੰਨ੍ਹਣਾ, ਬੰਨ੍ਹ ਲਾਉਣਾ, ਬੰਦਸ਼ਾਂ ਲਾਉਣੀਆਂ, ਰੋਕਣਾ.

bound[2], *v. t.* : ਹੱਦਾਂ ਬੰਨ੍ਹਣੀਆਂ, ਪਾਬੰਦੀਆਂ ਲਾਉਣੀਆਂ; ਹੱਦ ਹੋਣਾ.

bound[3], *v. i.* : (ਗੇਂਦ ਦਾ) ਬੁੜ੍ਹਕਣਾ, ਉਛਲਣਾ; (ਜੀਉਂਦੀਆਂ ਚੀਜ਼ਾਂ ਤੇ ਸਰਿਤਾਂ ਦਾ) ਕੁੱਦਣਾ, ਛਾਲ ਮਾਰਨੀ, ਬੁੜ੍ਹਕਣਾ, ਚੌਂਕੜੀ ਭਰਨੀ.

bound[4], *n.* : ਛਾਲ, ਟੱਪੀ, ਚੁੰਗੀ, ਚੌਂਕੜੀ.

advance by leaps & bb. : ਬਹੁਤ ਛੇਤੀ ਤੇ ਤੇਜ਼ੀ ਨਾਲ ਵਧਣਾ, ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਨੀ.

bound[5], *a.* : ਤੁਰਨ ਲਈ ਤਿਆਰ, ਤੁਰ ਪਿਆ, ਤੁਰਿਆ ਜਾਂਦਾ (ਸੰਬੰਧਕ for ਦੇ ਨਾਲ).

bound[6], *p.p.* of bind : ਬੱਧਾ ਹੋਇਆ, ਮਜਬੂਰ.

bound to win : ਜਿੱਤਣਾ ਯਕੀਨੀ ਹੈ.

b. up with : ਰਲਿਆ ਹੋਇਆ, ਸ਼ਾਮਲ.

boundary, *n.* : ਵਾੜ, ਹੱਦ, ਹੱਦ, ਸੀਮਾ, ਸੀਮ, ਬੰਨੀ, ਹੱਦ, ਹੱਦ ਬੰਨਾ, ਹੱਦ-ਬੰਨਾ, ਸਰਹੱਦ, ਹੱਦ ਦੀ ਨਿਸ਼ਾਨੀ ਜਾਂ ਲੀਕ.

b. pillar : ਹੱਦ-ਬੁਰਜੀ, ਮੀਨਾਰ-ਹੱਦਬੰਦੀ, ਠੱਕਾ.

b. wall : ਚਾਰ-ਦਿਵਾਰੀ.

bounden : bind ਦਾ ਭੂਤਕਾਲ.

bounder, *n.* : ਨੱਚਣ ਟੱਪਣ ਵਾਲਾ, ਬੁੜ੍ਹਕਣ ਵਾਲਾ, ਉੱਛਲਣ ਵਾਲਾ; (ਬੋਲਚਾਲ) ਟੱਪੂ, ਟੱਪਰਾ, ਗੁਸਤਾ, ਅਵਾਰਾ.

boundless, *a.* : ਬੇਹੱਦ, ਬੇਓੜਕ, ਬਿਅੰਤ, ਅਮਿਤ, ਅਨੰਤ, ਅਪਾਰ.

boundlessly, *adv.* : ਹੱਦੋਂ ਵੱਧ, ਅਥਾਹ, ਜਿਨ੍ਹਾਂ ਦਿਸ਼ ਬੰਧਨ ਹੈ, ਬਹੁਤ ਵਧੇਰੇ.

boundlessness, *n.* : ਬਿਅੰਤਤਾ, ਬੇਹੱਦੀ, ਅਨੰਤਤਾ, ਅਥਾਹਪਣਾ.

bounteous, *a.* : ਦਇਆਲੂ, ਖੁੱਲ੍ਹ-ਦਿਲਾ, ਦਾਨੀ, ਫ਼ਰਾਖ਼ਦਿਲ, ਸਖੀ, ਖੁਲ੍ਹ-ਹੱਥਾ, ਉਦਾਰ.

bounteously, *adv.* : ਖੁੱਲ੍ਹੇ ਹੱਥੀਂ, ਖੁੱਲ੍ਹੇ ਦਿਲ, ਸਖੀ ਭਾਵ ਨਾਲ.

bounteousness, *n.* : ਖੁਲ੍ਹ-ਦਿਲੀ, ਸਖਾਵਤ.

bountiful, *a.* : ਦਾਨੀ, ਦਿਲ-ਵਾਲਾ, ਦਇਆਲੂ, ਸਖੀ, ਦਾਤਬੀਰ, ਉਦਾਰ; ਬਹੁਤਾ.

lady b. : ਦਇਆਲੂ ਸੁਭਾ ਦੀ ਗ੍ਰਹਿਣੀ.

bountifully, *adv.* : ਖੁਲ੍ਹਦਿਲੀ ਨਾਲ, ਉਦਾਰਤਾ ਨਾਲ, ਖੁੱਲ੍ਹੇ ਹੱਥੀਂ.

bounty, *n.* : ਦਾਨ, ਦਿੱਤ, ਬਖ਼ਸ਼ੀਸ਼; ਖੁਲ੍ਹ-ਦਿਲੀ, ਸਖੀ ਭਾਵ; ਇਨਾਮ, ਸਰਕਾਰ ਦੀ ਸਹਾਇਤਾ, ਸਰਕਾਰੀ ਮਦਦ (ਜੋ ਕਾਰਖ਼ਾਨੇਦਾਰਾਂ ਤੇ ਵਪਾਰੀਆਂ ਨੂੰ ਦਿੱਤੀ ਜਾਵੇ); ਸਿਪਾਹੀਆਂ ਤੇ ਮਲਾਹਾਂ ਨੂੰ ਭਰਤੀ ਹੋਣ ਤੇ ਮਿਲਣ ਵਾਲੀ ਬਖ਼ਸ਼ੀਸ਼.

bouquet, *n.* : ਗੁਲਦਸਤਾ.

bourgeois, *n.* & *a.* : ਮਧ ਸ਼੍ਰੇਣੀ, ਵਿਚਕਾਰਲੇ ਦਰਜੇ ਦਾ ਵਿਹਾਰੀ (ਨਾ ਅਮੀਰ ਨਾ ਗਰੀਬ), ਮਧ-ਸ਼੍ਰੇਣੀਆ.

bourgeois, *n.* : ਛਾਪੇ ਦੇ ਦਰਮਿਆਨੇ ਮੇਲ ਦੇ ਅੱਖਰ.

bourgeoisie [F], *n.* : ਦਰਮਿਆਨੇ ਮੇਲ ਦੇ ਲੋਕ, ਮਧ-ਸ਼੍ਰੇਣੀ.

bourgeon : ਵੇਖੋ burgeon.

bourn, *n.* : ਨਦੀ, ਨਾਲਾ, ਨੈਂ.

bourn(e), *n.* : ਹੱਦਾ, ਹੱਦ, ਨਿਸ਼ਾਨਾ, ਟੀਚਾ.

bourse [F], *n.* : ਸਰਾਫ਼ਾ (ਪਰਦੇਸ ਦੀ, ਖ਼ਾਸ ਕਰਕੇ ਪੈਰਿਸ ਦੀ.)

boustrophedon, *n.* & *adv.* : (ਲਿਖਣ ਦਾ ਢੰਗ ਜੋ ਸੱਜਿਓਂ ਖੱਬੇ, ਫਿਰ ਖੱਬਿਓਂ ਸੱਜੇ, ਹਲ ਵਾਹੁਣ ਵਾਂਗ ਲਿਖਿਆ ਜਾਂਦਾ) [illegible] ਲਿਪੀ [illegible]).

bout, *n.* : ਪੇਚ, ਗੇੜਾ, ਦਾਅ, ਦੌਰਾ (ਖੇਡ ਜਾਂ ਕੰਮ ਵਿੱਚ); ਦੌਰ (ਬੁਖ਼ਾਰ ਦਾ).

bovine, *a.* : ਬਲਦ ਜਾ, ਗਊ; ਢੱਗੇ ਵਰਗਾ, ਡੰਗਰ ਜਿਹਾ, ਮੂਰਖ.

bovril, *n.* : ਬੀਫ਼ ਤਰੀ ਦੀ ਯਖ਼ਨੀ (ਵਪਾਰੀ ਨਾਂ).

bow[1], *n.* : ਕਮਾਨ, ਧਨੁਸ਼; ਕਮਾਨ, ਧਨੁਖ; ਕਲੇਲ, ਘੁਮਾਣੀ; ਅਸਮਾਨੀ ਪੀਂਘ, ਸਤਰੰਗੀ ਪੀਂਘ; (ਸਾਰੰਗੀ ਆਦਿ ਵਜਾਉਣ ਲਈ) ਗਜ਼; ਗਜ਼ ਦਾ ਇੱਕ ਫੇਰਾ; ਫ਼ੀਤੇ ਆਦਿ ਦੀ ਦੂਹਰੀ ਖਿਸਕਵੀਂ ਗੰਢ, ਫੁੱਲਦਾਰ ਬੰਧਾ ਫ਼ੀਤਾ.

b.-legged : ਕਮਾਨ ਵਰਗੀਆਂ ਲੱਤਾਂ ਵਾਲਾ, ਵਿੰਗ-ਲੱਤਾ.

b. and arrow : ਤੀਰ ਕਮਾਨ.

carding bow : ਧਣਖੀ, ਪਿੰਜਣੀ.

draw a b. : ਚਿੱਲਾ ਚੜ੍ਹਾਉਣਾ.

b. of a kite : [illegible].

b.-saw : ਕਮਾਨੀਦਾਰ ਆਰਾ.

b.-shot : ਤੀਰ ਦੀ ਮਾਰ (ਹੱਦ).

b.-string : ਚਿੱਲਾ, ਤੰਦੀ; ਤੰਦੀ ਨਾਲ ਫਾਹੇ ਦੇਣਾ.

b.-window : ਵੇਖੋ window.

draw the long b. : ਗੱਲ ਵਧਾ ਕੇ ਕਰਨੀ, ਫੜ ਮਾਰਨੀ.

two strings to one's b. : ਇਕ ਤੋਂ ਵਧੀਕ ਆਸਰੇ ਹੋਣੇ.

bow[2], *v. t.* : ਸਾਰੰਗੀ ਤੇ ਗਜ਼ ਫੇਰਨਾ.

bow[3], *v. i.* & *t.* : ਝੁਕਣਾ, ਨਿਵਣਾ, ਟੇਢਾ ਹੋਣਾ, ਉੱਲਰਨਾ, ਕਬੂਲਣਾ, ਸਿਰ ਨਿਵਾਉਣਾ, ਸਲਾਮ ਕਰਨਾ, ਨਮਸਕਾਰਨਾ, ਸਿਜਦਾ ਜਾਂ ਪਰਨਾਮ ਕਰਨਾ, ਸਿਰ ਝੁਕਾਉਣਾ (ਆਦਰ ਨਾਲ), ਮੱਥਾ ਟੇਕਣਾ; (ਧੰਨਵਾਦ, ਸਹਿਮਤੀ ਆਦਿ ਪ੍ਰਗਟ ਕਰਨ ਲਈ) ਸਿਰ ਹਿਲਾਉਣਾ; ਝੁਕਣਾ ਜਾਂ ਝੁਕਾਉਣਾ (ਭਾਰ ਨਾਲ).

bowing acquaintance : ਨਿਰੀ ਸਾਹਿਬ-ਸਲਾਮਤ, ਮਾਮੂਲੀ ਜਾਣ ਪਛਾਣ.

bow[4], *n.* : (ਸਤਕਾਰ, ਧੰਨਵਾਦ ਜਾਂ ਸਹਿਮਤੀ ਦੇ ਪ੍ਰਗਟਾਵੇ ਲਈ) ਸਿਰ-ਨਿਵਾਈ, ਪਰਨਾਮ, ਨਮਸਕਾਰ, ਸਿਜਦਾ.

make one's bow : ਵਿਦੈਗੀ ਲੈਣੀ, ਝੁਕ ਕੇ ਪਿੱਛੇ ਹਟ ਜਾਣਾ.

bow[5], *n.* : ਜਹਾਜ਼ ਜਾਂ ਬੇੜੀ ਦਾ ਅਗਲਾ ਸਿਰਾ, ਮੱਥਾ.

bowdlerize, *v. t.* : [ਬੌਡਲਰ (੧੮੧੮) ਦੇ ਨਾਂ ਤੋਂ, ਜਿਸ ਨੇ ਪਹਿਲ-ਪਹਿਲ ਸ਼ੇਕਸਪੀਅਰ ਦੀਆਂ ਰਚਨਾਵਾਂ ਵਿੱਚੋਂ ਗੰਦ-ਮੰਦ ਕੱਢ ਦਿੱਤਾ] ਕਿਸੇ ਕਿਤਾਬ ਵਿੱਚੋਂ ਗੰਦੀਆਂ ਥਾਵਾਂ ਕੱਢਣੀਆਂ.

bowel, *n.* : [ਆਮ ਤੌਰ ਤੇ ਬਹੁਵਚਨ] ਆਂਦਰਾਂ, ਦਿਲ, ਦਰਦ, ਤਰਸ, ਕੋਮਲ ਭਾਵ.

join in bb. : ਪੇਟ ਵਿੱਚ ਵੱਟ (ਪੈਣਾ), ਸੂਲ.

bower[1], *n.* : ਨਿਵਾਸ-ਅਸਥਾਨ, ਰਿਹਾਇਸ਼, ਰਹਿਣ ਦੀ ਥਾਂ, ਅੰਦਰਲਾ ਕਮਰਾ, ਕੁੰਜ, ਵੇਲਾਂ ਤੇ ਪੱਤਰਾਂ ਨਾਲ ਢੱਕੀ ਬਹਿਣ ਦੀ ਥਾਂ, ਸਰਦਖ਼ਾਨਾ.

bowery, *a.* : ਕੁੰਜ ਵਰਗਾ.

bower[2], *n.* : ਜਹਾਜ਼ ਦੇ ਲੰਗਰਾਂ ਦੀ ਜੋੜੀਆਂ ਵਿੱਚੋਂ ਕੋਈ ਇੱਕ.

bowl[1], *n.* : ਪਿਆਲਾ, ਛੰਨਾ, ਕਟੋਰਾ, ਛੰਨਾ, ਬਾਟਕੋਲ, ਤੌਂਸੀ; ਕੌਲਾ, ਦੋਰ, ਡੋਲ, ਹੁੱਕੇ ਦੀ ਚਿਲਮ.

bowlful : ਪਿਆਲਾ-ਭਰ, ਛੰਨਾ-ਭਰ.

bowl[2], *n.* : ਗਿੱਟਾ, ਅੰਡਾਕਾਰ ਗੇਂਦ, ਲੱਕੜ ਦਾ ਗੋਲਾ ਜਿਸ ਦਾ ਇਕ ਪਾਸਾ ਸਿੱਕੇ ਆਦਿ ਨਾਲ ਭਾਰਾ ਕੀਤਾ ਹੁੰਦਾ ਹੈ, ਇਸ ਨਾਲ ਪੁਰਾਣੇ ਸਮੇਂ ਵਿੱਚ ਇੱਕ ਖੇਡ ਖੇਡੀ ਜਾਂਦੀ ਸੀ; (ਬਹੁਵਚਨ) ਗਿੱਟ-ਗਿੱਟ ਦੀ ਖੇਡ.

bowl[3], *v. i.* & *t.* : ਗਿੱਟ-ਗਿੱਟ ਦੀ ਖੇਡ ਖੇਡਣੀ, ਗਿੱਟ-ਗਿੱਟ ਖੇਡਣਾ, ਗੇਂਦ ਨੂੰ ਹੌਲੀ ਹੌਲੀ ਰਿੜ੍ਹਾਉਣਾ, ਬਾਲ ਦੇਣਾ, ਗੇਂਦ ਸੁੱਟਣੀ (ਕ੍ਰਿਕਟ), ਗੇਂਦ ਸੁੱਟ ਕੇ ਆਊਟ ਕਰਨਾ.

b.-along : ਰਿੜ੍ਹਦੀ ਜਾਣਾ.

b.-over : ਡੇਗ ਦੇਣਾ, ਪਛਾੜ ਦੇਣਾ.

bowler : ਗੇਂਦ ਸੁੱਟਣ ਵਾਲਾ, ਬਾਲ ਦੇਣ ਵਾਲਾ.

bowler, *n.* : = billycock.

bowling, *n.* : ਗੇਂਦ ਸੁੱਟਣ ਦਾ ਕੰਮ, ਗੇਂਦਬਾਜ਼ੀ, ਬਾਲ ਦੇਣਾ.

b.-crease : ਗੇਂਦਬਾਜ਼-ਲੀਕ, ਉਹ ਲੀਕ ਜਿਸ ਦੇ ਪਿੱਛੇ ਖੜੋ ਕੇ ਹੀ ਗੇਂਦ ਸੁੱਟਣੀ ਹੁੰਦੀ ਹੈ.

b.-shot : ਤਿੰਨ-ਤਿੰਨ ਪੈਰ ਲੰਬਾਈ ਜਿੰਨੀ ਦੂਰੀ ਤੋਂ ਵੀ ਚਲੇ.

b.-green : ਭਿੰਨ-ਭਿੰਨ ਖੇਡ ਖੇਡਣ ਲਈ ਘਾਹੀ ਮਦਾਨ.

bowman[1], *n.* : ਧਨੁਖਧਾਰੀ, ਤੀਰੰਦਾਜ਼.

bowman[2], *n.* : ਬੇੜੀ ਦਾ ਅਗਲੇ ਸਿਰੇ ਤੋਂ ਮੁਹਾਣਾ ਮਲਾਹ.

bowsprit, *n.* : ਪੰਧ-ਡੰਡਾ, ਉਹ ਸ਼ਤੀਰ ਜੋ ਬਾਦਬਾਨ ਨੂੰ ਥੰਮੀ ਰੱਖਦਾ ਹੈ.

Bowstreet, *n.* : ਲੰਡਨ ਦੀ ਕਚਹਿਰੀ.

bow window, *n.* : ਕੰਧ ਦੇ ਗੋਲ ਹਿੱਸੇ ਵਿੱਚ ਲੱਗੀ ਬਾਰੀ, ਗੋਲ ਬਾਰੀ, (ਬੋਲਚਾਲ) ਤੋਂਦ.

bow-wow, *int.* & *n.* : (ਕੁੱਤੇ ਦਾ) ਭੌਂਕਣਾ; ਕੁੱਤੇ ਦੀ ਅਵਾਜ਼ ਦੀ ਨਕਲ, ਭਊਂ-ਭਊਂ; ਕੁੱਤਾ.

bowyer, *n.* : ਕਮਾਨਾਂ ਬਣਾਉਣ ਤੇ ਵੇਚਣ ਵਾਲਾ.

box[1], *n.* : ਝਾੜੀਦਾਰ, ਇੱਕ ਸਦਾ ਦੀ ਹਰੀ ਝਾੜੀ ਜੋ ਬਾਗ਼ਾਂ ਦੇ ਆਲੇ ਦੁਆਲੇ ਵਾੜ ਵਜੋਂ ਲਾਈਦੇ ਹਨ.

b. wood : ਲਿਕੜੀ ਦੀ ਲੱਕੜ (ਜਿਸ ਦੇ ਸੰਦੂਕ, ਕੰਘੇ ਆਦਿ ਬਣਦੇ ਹਨ).

box[2], *n.* : ਸੰਦੂਕ, ਸੰਦੂਕੜੀ, ਪੇਟੀ, ਡੱਬੀ, ਡੱਬਾ, ਬਕਸ, ਕਮਰਾ; ਥੀਏਟਰ ਵਿੱਚ ਸੱਜਣਾਂ ਦਾ ਵੱਖਰਾ ਕਮਰਾ; ਕੋਚਵਾਨ ਦੀ ਸੀਟ, ਤਬੇਲੇ ਜਾਂ ਗੱਡੀ ਵਿੱਚ ਘੋੜੇ ਦਾ ਵੱਖਰਾ ਥਾਂ; ਸੰਤਰੀ ਦਾ ਤੰਬੂ; ਮਸ਼ੀਨ ਆਦਿ ਦਾ ਢੱਕਣ.

boxFUL, *n.* : ਸੰਦੂਕ-ਭਰ.

B. bed : ਅਲਮਾਰੀ.

b.-cloth : ਬਰੀਕ ਜਾਂ ਮੋਟਾ ਕਪੜਾ.

b.-coat : (ਕੋਚਵਾਨ ਦਾ) ਭਾਰੀ ਕੋਟ.

in the wrong b. : ਔਖ ਵਿੱਚ.

witness b. : ਗਵਾਹ ਦਾ ਕਟਹਿਰਾ.

b.-pleat : ਦੂਹਰੀ ਤਹਿ (ਕਪੜੇ ਵਿੱਚ).

box[3], *v. t.* : ਸੰਦੂਕ ਵਿੱਚ ਰੱਖਣਾ, ਦਰਖ਼ਾਸਤ ਦਾਖ਼ਲ ਕਰਨੀ (ਅਦਾਲਤ ਵਿੱਚ), ਖਾਨਿਆਂ ਵਿੱਚ ਵੰਡਣਾ.

b.-up : ਤੰਗ ਥਾਂ ਤੇ ਲਿਜਾਣਾ, ਬੰਦ ਕਰਨਾ.

b. the compass : ਕੰਪਾਸ ਦੇ ਦਰਜਿਆਂ ਦੇ ਨਾਂ ਤਰਤੀਬ ਵਾਰ ਬੋਲਣੇ.

box[4], *n.* : (ਕੰਨਾਂ ਉੱਤੇ ਮਾਰੀ) ਚਪੇੜ, ਥੱਪੜ.

box[5], *v. t.* & *i.* : (ਕੰਨਾਂ ਤੇ) ਥੱਪੜ ਮਾਰਨੀ, ਚਪੇੜਨਾ; ਮੁੱਕੇਬਾਜ਼ੀ ਦੀ ਖੇਡ ਵਿੱਚ ਘਸੁੰਨ ਮਾਰਨੇ.

boxer, *n.* : ਘਸੁੰਨ-ਬਾਜ਼, ਮੁੱਕੇਬਾਜ਼ੀ ਦਾ ਖਿਡਾਰੀ.

boxhaul, *v. t.* : ਬਾਦਬਾਨ ਨੂੰ ਤੇਜ਼ੀ ਕਰਕੇ ਜਹਾਜ਼ ਨੂੰ ਉਸ ਦੇ ਆਪਣੇ ਧੁਰੇ ਦੇ ਦੁਆਲੇ ਹੀ ਘੁਮਾਉਣਾ, ਜੋ ਤੇ ਹੀ ਭੁਆਣੀ ਦੇਣੀ.

Boxing-day, *n.* : ਵੱਡੇ ਦਿਨ (ਕ੍ਰਿਸਮਿਸ) ਤੋਂ ਪਿੱਛੋਂ ਪਹਿਲਾ ਦਿਨ.

boy, *n.* : ਮੁੰਡਾ, ਲੜਕਾ, ਬਾਲ, ਬਾਲਕ; ਬਾਲ-ਸੁਭਾਵੀ ਮਨੁੱਖ ਜੋ ਵੱਡੀ ਉਮਰ ਵਿੱਚ ਭੀ ਬਾਲਾਂ ਵਾਲੀਆਂ ਰੀਝਾਂ ਤੇ ਸਾਦਗੀ ਰੱਖਦਾ ਹੋਵੇ; ਨੌਕਰ, ਚਾਕਰ, ਮੁੰਡੂ, ਖ਼ਿਦਮਤਗਾਰ.

old, my, b. : ਸੁਭਾਵਕ ਤੌਰ ਤੇ ਵਾਜ ਮਾਰਨ ਦਾ ਢੰਗ, ਓਇ ਯਾਰ.

boy-scout : ਵੇਖੋ scout.

boycott, *v.* & *n.* : ਬਾਈਕਾਟ, ਕੁਟੀ; ਬਾਈਕਾਟ ਕਰਨਾ, ਕੁੱਟੀ ਕਰਨੀ, ਛੇਕਣਾ, ਛੇਕ ਦੇਣਾ, ਕਿਸੇ ਨਾਲ ਲੈਣ-ਦੇਣ, ਮੇਲ-ਜੋਲ, ਸਾਕ-ਵਿਹਾਰ ਬੰਦ ਹੋਣਾ, ਭਾਈਚਾਰੇ ਜਾਂ ਬਰਾਦਰੀ ਵਿੱਚੋਂ ਕੱਢ ਦੇਣਾ; ਕਿਸੇ ਦੇਸ਼ ਦਾ ਮਾਲ ਵਰਤਣ ਤੋਂ ਨਾਹ ਕਰਨ ਲਈ ਜੁੜ ਜਾਣਾ.

boyhood, *n.* : ਬਾਲਪਨ, ਲੜਕਪਣ.

boyish, *a.* : ਮੁੰਡਿਆਂ ਵਰਗਾ, ਬਾਲ-ਸੁਭਾਈ.

boyishLY, *adv.* : ਮੁੰਡਪੁਣੇ ਨਾਲ, ਮੁੰਡਿਆਂ ਵਾਂਗੂੰ.

boyishNESS, *n.* : ਲੜਕਪਣ, ਮੁੰਡਪੁਣਾ.

brace, *n.* : ਤਣੀ, ਡੋਰੀ, ਫੀਤਾ, (ਬਹੁਵਚਨ) ਗੇਲਸ, ਪਤਲੂਨ ਦੇ ਤਸਮੇ; ਕੈਂਚੀ ਜਾਂ ਥਾੜ੍ਹ (ਮਕਾਨ ਵਿੱਚ), ਤਣਾਵਾਂ, ਪੱਲੂਆਂ ਨੂੰ ਖਿੱਚੀ ਰੱਖਣ ਵਾਲੀਆਂ ਰੱਸੀਆਂ; ਛਾਪਾਈ ਵਿੱਚ ਜੋੜਨੀ ਦਾ ਨਿਸ਼ਾਨ { }; ਵੱਲਕੀ ਵੀਆ ਤਣਾਵਾਂ, ਬਰਮਾ; ਜੋੜਾ (ਜਾਨਵਰਾਂ, ਕੁੱਤਿਆਂ ਦਾ); ਤਰਖਾਣ ਦਾ ਬਰਮਾ.

brace, *v. t.* : ਜੋੜਨਾ, ਕੱਸਣਾ, ਜਕੜਨਾ, ਸਖ਼ਤ ਕਰਨਾ; ਤਾਣਨਾ, ਪੱਲੂ ਨੂੰ ਰੱਸੀ ਨਾਲ ਘੁਮਾਉਣਾ; ਤਕੜਾ ਕਰਨਾ.

b. oneself up, b. one's energies, : ਲੱਕ ਬੰਨ੍ਹ ਲੈਣਾ.

bracing air : ਨਰੋਈ ਹਵਾ.

bracelet, *n.* : ਕੰਗਣ, ਚੂੜੀ, ਕੜਾ, ਵੰਗ, ਪੌਂਚੀ, ਗੋਖੜੂ, ਕੜਾ, ਹਥਕੜੀ.

braceletED, *a.* : ਹੱਥਕੜੀ ਪਾਈ, ਹੱਥਕੜਾਂ ਸਮੇਤ.

bracer, *n.* : ਤੀਰਾਂ ਦਾ ਤਸਮਾ ਜੋ ਤੀਰੰਦਾਜ਼ ਤੇ ਤਲਵਾਰ ਚਲਾਉਣ ਵਾਲੇ ਬੰਨ੍ਹਦੇ ਹਨ.

brach, *n.* : ਸ਼ਿਕਾਰੀ ਕੁੱਤੀ.

brachial, *a.* : ਬਾਂਹ ਦੀ, ਬਾਂਹਵੀਂ.

brachycephalic, *a.* : ਗੋਲ-ਸਿਰਾ, ਛੋਟੇ ਸਿਰ ਵਾਲਾ.

brachylogy, *n.* : ਪ੍ਰਕਟਾਊ ਦੀ ਸੰਖੇਪਤਾ, ਭਾਸ਼ਣ ਦੀ ਸੰਖੇਪਤਾ, ਸੂਤਰ-ਭਾਸ਼, ਸੂਤਰ ਰੂਪ ਵਿੱਚ ਕਹੀ ਗੱਲ, ਲੋੜੋਂ ਵੱਧ ਸੰਖੇਪਤਾ.

bracken, *n.* : ਫਰਨ, ਝਾੜੀ.

bracket, *n.* : ਬ੍ਰੈਕਟ, ਕਾਨਸੀ, ਦਿਵਾਲਗੀਰ, ਟਪਾਟ, ਟੇਕ; ਕਮਾਨੀ ਦਾ ਨਿਸ਼ਾਨ ਜੋ ਲਿਖਤ ਵਿੱਚ ਵਰਤਦੇ ਹਨ : ( ), [ ], { }.

bracket, *v. t.* : ਜੋੜਨਾ (ਸਮਾਨਤਾ ਪ੍ਰਗਟ ਕਰਨ ਲਈ), ਕਮਾਨੀਆਂ ਵਿੱਚ ਰੱਖਣਾ.

bracketED, *a.* : ਸਮਾਨ, ਬਰਾਬਰ; ਕਮਾਨੀਆਂ ਵਿੱਚ; (ਤੋਪਖ਼ਾਨੀ ਵਿੱਚ) ਠੀਕ ਨਿਸ਼ਾਨਾ ਬੰਨ੍ਹਣ ਲਈ ਅੱਗੇ ਪਿੱਛੇ ਦੋ ਗੋਲੇ ਸੁੱਟਣੇ, ਇੱਕ ਅਗਾਂਹ ਚਲਾ ਜਾਣਾ ਤੇ ਇੱਕ ਪਿੱਛੇ ਰਹਿ ਜਾਣਾ.

brackish, *a.* : ਖਾਰਾ, ਸਲੂਣਾ, ਖਰਿਆਲਾ.

brackishNESS, *n.* : ਖਾਰ.

bract, *n.* : ਕਲੀ ਦਾ ਬਾਹਰਲਾ ਢੱਕਣ, ਹੇਠਲਾ ਪੱਤਰ.

brad, *n.* : ਕਿੱਲ, ਕਿੱਲੀ.

bradawl, *n.* : ਚਿੱਪੇ ਦਾ ਸੂਆ.

Bradshaw : ਰੇਲਵੇ ਟਾਈਮ.

brae, *n.* : (ਸਕਾਟਲੈਂਡ ਦਾ ਸ਼ਬਦ) ਢਲਾਣ, ਢੱਕੀ, ਪਹਾੜੀ ਦਾ ਪਾਸਾ.

brag, *v. i.* & *t.* & *n.* : ਫੜ੍ਹ ਮਾਰਨੀ, ਸ਼ੇਖ਼ੀ ਘਮਾਰਨੀ, ਗੱਪ ਮਾਰਨੀ, ਡੀਂਗ ਮਾਰਨੀ, ਫੜ, ਗੱਪ; ਤਾਸ਼ ਦੀ ਖੇਡ.

braggadocio, *n.* : ਸ਼ੇਖ਼ੀ ਫੜ, ਗੱਪ, ਗਪੌੜ.

braggart, *n.* & *a.* : ਗਪੌੜਸੰਖ, ਗੱਪੀ, ਗਪੌੜੂ.

Brahmin, *n.* : ਬ੍ਰਾਹਮਣ.

Brahminism
Brahminhood } ਬ੍ਰਾਹਮਣ-ਮਤ, ਬ੍ਰਾਹਮਣਪੁਣਾ.

Brahminee bull, *n.* : ਸਾਂਢ, ਪਵਿੱਤਰ ਸਾਨ੍ਹ.

Brahmoism, *n.* : ਬ੍ਰਹਮੋ ਸਮਾਜ (੧੮੩੦).

brahmapootra, **brahma**, *n.* : ਇੱਕ ਕੁੱਕੜਾਂ ਦੀ ਮੁਰਗ਼ੀ.

braid, *n.* : ਮੀਢੀ, ਗੁੰਦੇ ਹੋਏ ਵਾਲ, ਪਟੀ; ਪਰਾਂਦੀ, ਫੀਤਾ, ਗੋਟਾ, ਕਿਨਾਰੀ.

braid, *v. t.* : ਗੁੰਦਣਾ; ਮੀਢੀਆਂ ਕਰਨੀਆਂ, ਪਰਾਂਦੀ ਪਾਉਣੀ; ਹਾਰ ਗੁੰਦਣਾ.

Braidism, *n.* : = Hypnotism [ਜੇ. ਜੇ. ਬ੍ਰੇਡ (੧੮੪੨) ਦੇ ਨਾਂ ਉੱਤੇ].

brail, *n.* & *v. t.* : ਰੱਸੀਆਂ ਜੋ ਬਾਦਬਾਨ ਨੂੰ ਸਮੇਟਣ ਲਈ ਵਰਤੀਦੀਆਂ ਹਨ; ਰੱਸੀਆਂ ਨਾਲ ਬਾਦਬਾਨ ਨੂੰ ਸਮੇਟਣਾ.

braille, *n.* : [ਫ਼੍ਰਾਂਸੀਸ ਲੂਈ ਬਰੇਲ (੧੮੩੪) ਦੇ ਨਾਂ ਤੋਂ] ਬਰੇਲ-ਲਿਖਤ, ਅੰਨ੍ਹਿਆਂ ਵਾਸਤੇ ਲਿਖਾਈ ਤੇ ਛਪਾਈ ਦਾ ਢੰਗ.

brain, *n.* : ਮਗ਼ਜ਼, ਮਿੱਝ; ਸੋਚ-ਸ਼ਕਤੀ.

brainLESS, ਮੂਰਖ, ਬੇਸਮਝ, ਬੇਅਕਲ, ਉੱਲੂ.

b.-fag : ਦਿਮਾਗ਼ੀ ਥਕਾਵਟ.

b. fever : ਸਿਰਸਾਮ.

b.-pan : ਖੋਪੜੀ.

cudgel one's bb. : ਸਿਰ ਮਾਰਨਾ, ਸਿਰ-ਖਪਾਈ ਕਰਨੀ, ਦਿਮਾਗ਼ ਲੜਾਉਣਾ, ਬਹੁਤ ਸੋਚ ਵਿਚਾਰ ਕਰਨੀ.

b.-racking : ਦਿਮਾਗ-ਸੋਜ਼ੀ.

have something on the b. : ਕਿਸੇ ਚੀਜ਼ ਦਾ ਖ਼ਬਤ (ਭੂਤ) ਹੋਣਾ, ਕਿਸੇ ਚੀਜ਼ ਦੀ ਧੁਨ ਲਗ ਜਾਣੀ, ਕਿਸੇ ਗੱਲ ਦੇ ਬਹੁਤ ਮਗਰ ਪੈ ਜਾਣਾ.

turn one's b. : ਕਿਸੇ ਦਾ ਦਿਮਾਗ਼ ਵਿਗਾੜ ਦੇਣਾ, ਫ਼ੇਰ ਦੇਣਾ.

b. sauce : ਸਿਆਣਪ, ਬੁੱਧੀ.

suck or pick one's bb. : ਕਿਸੇ ਦੇ ਖ਼ਿਆਲ ਚੁਰਾਉਣੇ.

b.-sick : ਝੱਲਾ, ਸਿਰ-ਫਿਰਿਆ, ਪਾਗਲ.

bb. trust : ਖਰਚ ਪੂੰਜੀਏ, ਮਾਹਿਰਾਂ ਦਾ ਜੁੱਟ.

b. wave : ਮਨ-ਤਰੰਗ, ਨਵਾਂ ਖ਼ਿਆਲ.

blow out one's bb. : ਸਿਰ ਵਿੱਚ ਗੋਲੀ ਮਾਰਨੀ.

brain, *v. t.* : ਮਾਰ ਕੇ ਸਿਰ ਫੇਹ ਦੇਣੀ, ਮਾਰ ਮਾਰ ਕੇ ਮਗ਼ਜ਼ ਪੋਲਾ ਕਰ ਦੇਣਾ.

brainy, *a.* : ਚਲਾਕ, ਚਾਤਰ, ਸਿਆਣਾ, ਹੁਸ਼ਿਆਰ.

braird, *n.* & *v. i.* : ਨਵੀਂ ਕਰੂੰਬਲ; ਨਵੀਆਂ ਕਰੂੰਬਲਾਂ ਫੁੱਟਣੀਆਂ.

braise, *v. t.* : ਭੁੰਨਾ ਹੋਇਆ ਮਾਸ ਰਿੰਨ੍ਹਣਾ, ਮਾਸ ਨੂੰ ਸਬਜ਼ੀ ਦੇ ਨਾਲ ਰਿੰਨ੍ਹਣਾ.

brake[1], *n.* : ਦੇਖੋ bracken.

brake[2], *n.* : ਝਾੜੀ, ਝਾੜ.

brake[3], *n.* : ਸਣ ਕੁੱਟਣ ਵਾਲੀ ਦੰਦਾਂ ਵਾਲੀ ਮਸ਼ੀਨ, ਆਲੂ ਦੀ ਫ਼ਸਲ ਲਾਹੁਣ ਵਾਲਾ ਜੰਤਰ.

brake[4], *v. t.* : ਮੰਗਾਲੀ ਨਾਲ ਸਣ ਕੁੱਟਣੀ.

brake[5], *n.* : ਬਰੇਕ, (ਪਹੀਏ ਨੂੰ ਰੁਕਣੋਂ ਰੋਕਣ ਵਾਲੀ) ਅਟਕਣੀ, ਰੋਕ.

b.-van : ਗਾਰਡ-ਡੱਬਾ, ਰੇਲ ਵਿੱਚ ਗਾਰਡ ਦਾ ਡੱਬਾ, ਜਿਸ ਵਿੱਚ ਰੇਲ ਦੇ ਪਹੀਆਂ ਨੂੰ ਬਰੇਕ ਲਾਉਣ ਦਾ ਇੰਤਜ਼ਾਮ ਹੁੰਦਾ ਹੈ.

brakeless, *a.* : ਬਿਨ ਬਰੇਕਾ, ਬੇਰੋਕ, ਬੇਲਗਾਮ.

brake[6], *v. t.* : ਬਰੇਕ ਲਾਉਣੀ, (ਪਹੀਏ ਆਦਿ ਨੂੰ) ਰੋਕਣਾ.

brakesman, *n.* : ਬਰੇਕ ਵਾਲਾ, ਬਰੇਕ-ਮੈਨ.

Bramah- : [ਜੇ. ਬੀ. ਬਰਾਮਾ—ਮੌਤ 1814—ਦੇ ਨਾਂ ਤੋਂ] ਬਰਾਮਾ ਦੀ ਕਾਢ ਦਾ (ਜਿੰਦਰਾ, ਕੁੰਜੀ, ਪੰਪ, ਆਦਿ).

bramble, *n.* : ਕੰਡਿਆਲੀ ਝਾੜੀ.

brambly, *a.* : ਝਾੜੀ ਦਾਰ, ਝਾੜੀਦਾਰ.

brambling, *n.* : ਛੋਟਾ ਪਹਾੜੀ ਪੰਛੀ.

bran, *n.* : ਬੂਰਾ, ਸੁਹਬੂਰ, ਛਾਣਬੂਰਾ, ਤੋਹ, ਛਾਣ.

b. pie : ਲਾਟਰੀ-ਥੈਲਾ, ਬੂਰ ਭਰਿਆ ਹੋਇਆ ਥੈਲਾ ਜਿਸ ਵਿੱਚ ਸਸਤੀਆਂ ਸਜਾਵਟੀ ਚੀਜ਼ਾਂ ਪਈਆਂ ਹੋਣ ਤੇ ਲਾਟਰੀ ਵਾਂਗੂ ਕੁਝ ਰਕਮ ਦੇਣ ਬਾਅਦ ਹੱਥ ਪਾ ਕੇ ਜੋ ਮਰਜ਼ੀ ਕੱਢ ਸਕੇ.

branch, *n.* : ਟਾਹਣੀ, ਡਾਲੀ, ਸ਼ਾਖ, ਸਹਾਇਕ, ਸ਼ਾਖ, ਟਾਹਣਾ, ਸ਼ਾਖਾ, ਕਿਸਮ (ਕਿਸੇ ਰੁੱਖ, ਪਹਾੜ, ਨਦੀ, ਇਲਾਕੇ, ਮਾਰਗ, ਸੜਕ, ਦਫ਼ਤਰ, ਕੰਪਨੀ, ਬੈਂਕ, ਵਿਗਿਆਨ ਆਦਿ ਦੀ).

root & b., *adv.* & *adj.* : ਜੜ੍ਹ, ਮੁੱਢ, ਪੂਰੀ ਤਰ੍ਹਾਂ, ਮੂਲ ਤੋਂ, ਪੂਰੀ ਤਰ੍ਹਾਂ.

-branched, *a.* : -ਸ਼ਾਖਾ, ਸ਼ਾਖਾ ਵਿੱਚ ਵੰਡਿਆ ਹੋਇਆ, ਸ਼ਾਖਾਂ ਵਾਲਾ.

branchless, *a.* : ਬਿਨ-ਸ਼ਾਖਾ, ਜਿਸ ਦੀ ਕੋਈ ਸ਼ਾਖ ਨਾ ਹੋਵੇ.

branchlet, *n.* : ਬਹੁਤ ਛੋਟੀ ਸ਼ਾਖ, ਲਗਰ, ਸਿਮਰ.

branch, *v. i.* : ਟਾਹਣਾ, ਸ਼ਾਖ ਨਿਕਲਣੀ, ਟਾਹਣੀ ਫੁੱਟਣੀ, ਸ਼ਾਖਾਂ ਵਿੱਚ ਵੰਡਿਆ ਜਾਣਾ.

branchy, *a.* : ਬਹੁ-ਸ਼ਾਖਾ, ਬਹੁਤੀਆਂ ਸ਼ਾਖਾਂ ਵਾਲਾ.

brand, *n.* : ਧਮੂੜਾ, ਚੁਆਤੀ, ਬਲਦੀ ਲੱਕੜ ਜਾਂ ਮੋਢਾ, ਮਸ਼ਾਲ; (ਕਵਿਤਾ) ਮਸ਼ਾਲ, (ਤੱਤੇ ਲੋਹੇ ਨਾਲ ਲਾਇਆ) ਦਾਗ਼, ਠੱਪਾ, (ਵਪਾਰੀ) ਮਾਰਕਾ, (ਦਾਗ਼ ਜਾਂ ਮਾਰਕਾ ਲਾਉਣ ਵਾਲਾ) ਠੱਪਾ, ਕਲੰਕ ਦਾ ਟਿੱਕਾ, ਖ਼ਾਸ ਮੇਲ ਦਾ ਮਾਲ, ਸਾੜ (ਖੇਤਾਂ ਆਦਿ ਦਾ); ਤਲਵਾਰ (ਕਵਿਤਾ ਵਿੱਚ).

b. from the burning : ਬਚਾਇਆ ਹੋਇਆ ਮਨੁੱਖ, ਨਵਾਂ ਜਨਮ ਮਿਲਿਆ, ਨਵ-ਧਾਰਮੀ, ਨਵਾਂ ਨਵਾਂ ਮਜ਼੍ਹਬ ਧਾਰਨ ਕਰਨ ਵਾਲਾ.

brand[2], *v. t.* : ਦਾਗ਼ਣਾ, ਠੱਪਣਾ (ਤੱਤੇ ਲੋਹੇ ਨਾਲ ਦਾਗ਼ ਲਾਉਣਾ), ਪੱਕੀ ਤਰ੍ਹਾਂ ਮਨ ਵਿੱਚ ਬਿਠਾਉਣਾ; ਆਪਣੀ ਮਲਕੀਅਤ, ਕੁਲ ਜਾਂ ਮਾਲ ਦਾ ਠੱਪਾ ਜਾਂ ਨਿਸ਼ਾਨ ਲਾਉਣਾ, ਕੰਲਕਣਾ; ਕੋਝੀ ਲਾਉਣੀ, ਤੋਹਮਤ ਲਾਉਣਾ, ਕਲੰਕ ਦਾ ਟਿੱਕਾ ਲਾਉਣਾ.

brandish, *v. t.* : ਘੁਮਾਉਣਾ, ਲਹਿਰਾਉਣਾ (ਤਲਵਾਰ, ਸੋਟੇ ਆਦਿ ਨੂੰ ਵਾਰ ਕਰਨ ਤੋਂ ਪਹਿਲਾਂ).

brandling, *n.* : ਲਾਲ ਕੀੜਾ, ਜੋ ਮੱਛੀ ਫੜਨ ਲਈ ਕੁੰਡੀ ਦੇ ਚੋਗ ਤੇ ਵਰਤੀਦਾ ਹੈ.

brand-new, bran-, *a.* : ਬਿਲਕੁਲ ਨਵਾਂ, ਨਵਾਂ ਨਿਰੋਲ, ਨਵਾਂ ਨਿਕੋਰ.

brandreth, *n.* : ਘੜਵੰਜੀ, ਢਾਂਚਾ; ਜੰਗਲਾ, ਕੰਧਾ.

brandy, *n.* : ਬਰਾਂਡੀ, ਸ਼ਰਾਬ.

b.-pawnee : ਬਰਾਂਡੀ ਤੇ ਪਾਣੀ.

b.-snap : ਮਸਾਲੇਦਾਰ ਬਿਸਕੁਟ ਜਾਂ ਰੋਟੀ.

brash, *n.* : ਰੋੜਾ ਜਾਂ ਚਟਾਨ ਦੇ ਟੁੱਕੜੇ; ਝਾੜੀਆਂ ਤੋਂ ਡਿੱਗੀ ਰਹਿੰਦ (ਪੱਤਰ, ਬੇਰ, ਟਾਹਣੀਆਂ ਆਦਿ).

brass, *n.* & *a.* : ਪਿੱਤਲ; ਕਬਰ ਉੱਤੇ ਪਿੱਤਲ ਦਾ ਉੱਕਰਿਆ ਪੱਤਰਾ; ਪਿੱਤਲ ਦਾ, (ਅਸ਼ਿ) ਰੁਪਇਆ ਪੈਸਾ; ਬੇਸ਼ਰਮੀ, ਢੀਠਪੁਣਾ.

the b. : ਪਿੱਤਲ ਦੇ ਵਾਜੇ.

b. band : ਪਿੱਤਲ ਦੇ ਵਾਜਿਆਂ ਵਾਲਾ ਬੈਂਡ.

b. farthing : ਕਾਣੀ ਕੌਡੀ, ਕਾਲੀ ਕੌਡੀ.

b. hat : ਵੱਡਾ ਅਫ਼ਸਰ (ਫ਼ੌਜੀ ਮੁਹਾਵਰਾ).

b.-plate : ਨਾਂ-ਪੱਤਰਾ (ਦਰਵਾਜ਼ੇ ਉੱਤੇ ਨਾਂ ਆਦਿ ਦਾ ਪਿੱਤਲ ਦਾ), ਪਿੱਤਲ ਪੱਤਰਾ.

b. rags : ਮਲਾਹ ਦੀਆਂ ਕੰਮ ਆਉਣ ਵਾਲੀ ਚਾਦਰੇ, ਝਾੜਨ.

part b. rags : ਦੋਸਤੀ ਕਟ-ਕਾਣ (ਮਲਾਹਾਂ ਦਾ ਮੁਹਾਵਰਾ).

get down to b. tacks : ਅਸਲ ਗੱਲ ਤਕ ਆਉਣਾ.

brass-worker : ਠਠਿਆਰ, ਠਠੇਰਾ, ਕਸੇਰਾ.

brassage, *n.* : ਸਿੱਕਾ-ਘੜਾਈ, ਸਿੱਕੇ ਘੜਨ ਦੀ ਉਜਰਤ.

brassard, *n.* : (ਬਾਂਹ ਤੇ ਲਾਉਣ ਵਾਲਾ) ਪਿੱਤਲ ਦਾ ਬਿੱਲਾ.

brassiere [F], *n.* : (ਜ਼ਨਾਨੀਆਂ ਦੀ) ਅੰਗੀ, ਸੀਨਾ-ਬੰਦ.

brassy, *a.* : ਪਿੱਤਲ, ਦਿਖਾਵਾ, (ਰੰਗ, ਆਵਾਜ਼ ਤੇ ਸੁਆਦ ਵਿੱਚ) ਪਿੱਤਲ ਵਰਗਾ; ਢੀਠ, ਨਿਲੱਜ, ਸ਼ੋਖ, ਗੁਸਤਾਖ਼.

brat, *n.* : ਬੱਚਾ, ਜੀਂਗੜ (ਘਿਰਣਾ ਨਾਲ).

brattice, bratticing, *n.* : (ਖਾਣ ਦੀ ਖਾਣ ਵਿੱਚ) ਲੱਕੜ ਦਾ ਪਰਦਾ.

bravado, *n.* (*pl.* -oes, -os) : ਸ਼ੇਖ਼ੀ, ਫੜ੍ਹ, ਦਿਖਾਵੇ ਦੀ ਬਹਾਦਰੀ.

brave[1], *a.* & *n.* : ਦਲੇਰ, ਬਹਾਦਰ, ਸੂਰਬੀਰ, ਦਲੇਰਾਨਾ, ਜੁਰਅਤ, ਤਕੜਾ, ਹਿੰਮਤੀ (ਸਾਹਿਤ ਵਿੱਚ ਪੁਰਾਤਨ) ਚਿਟਪੋਸ਼ੀਆ, ਚੰਗੇ ਕੱਪੜਿਆਂ ਵਾਲਾ, ਦਿੱਖ ਵਾਲਾ.

the b. : ਸੂਰਮਾ, ਜੋਧੇ.

bravely, *adv.* : ਬਹਾਦਰੀ ਨਾਲ, ਬਹਾਦਰਾਂ ਵਾਂਗ.

brave[2], *v. t.* : ਟਾਕਰੇ ਤੇ ਡੱਟ ਜਾਣਾ, ਟਾਕਰਾ ਕਰਨਾ, ਪਰਵਾਹ ਨਾ ਕਰਨੀ, ਨਿਡਰ ਹੋ ਕੇ ਮੁਕਾਬਲਾ ਕਰਨਾ.

b. it out : ਬਦਨਾਮੀ ਜਾਂ ਸ਼ੱਕ ਨਾਲ ਲੋਕਾਂ ਦੇ ਹੌਸਲ ਵਿੱਚ ਰਹਿਣਾ; ਬਦਨਾਮੀ ਆਦਿ ਦਾ ਤਕੜਿਆਂ ਹੋ ਕੇ ਟਾਕਰਾ ਕਰਨਾ.

bravery, *n.* : ਦਲੇਰੀ, ਦੀਰਤਾ, ਸੂਰਬੀਰਤਾ, ਬਹਾਦਰੀ, ਹਿੰਮਤ, ਸੂਰਮਤਾਈ, (ਪੁਰਾਣੀ ਸਾਹਿਤ ਵਿੱਚ) ਸ਼ਾਨ, ਦਿੱਖ, ਦਿਖਾਵਾ, ਕੀਮਤੀ ਕਪੜੇ.

bravo[1], *n.* (*pl.* -oes, -os) : ਪੇਸ਼ਾਵਰ ਖ਼ੂਨੀ, ਗੁੰਡਾ, ਜਾਨ ਤਲੀ ਤੇ ਰੱਖੀ ਫਿਰਨ ਵਾਲਾ, ਦੁਸ਼ਮਣੀਆ.

bravo[2], *n.* & *int.* : ਖ਼ੂਬ ! ਬਹੁਤ ਖ਼ੂਬ ! ਵਾਹਵਾ ! ਸ਼ਾਬਾਸ਼ ! ਵਾਹ-ਵਾ !

brawl, *n.* & *v. i.* : ਰੌਲਾ, ਝਗੜਾ, ਚੀਕ-ਚਿਹਾੜਾ, ਦੰਗਾ-ਫ਼ਸਾਦ; ਝਾਂ-ਝਾਂ (ਨਦੀਆਂ ਦੇ ਜਲ ਦੀ ਅਵਾਜ਼); ਚੀਕ-ਚਿਹਾੜਾ ਪਾਉਣਾ, ਝਗੜਾ ਕਰਨਾ.

brawler, *n.* : ਝਗੜਾਲੂ, ਫ਼ਸਾਦੀ, ਰੌਲੱਈ.

brawn, *n.* : ਪੱਠਾ, ਜੰਗਲੀ ਸੂਰ ਦਾ ਮਾਸ ਜੋ ਲੂਣ ਲਾ ਕੇ ਰਖਿਆ ਹੋਵੇ.

brawny, *a.* : ਤਕੜਾ, ਜ਼ਿਸਟ-ਪੁਸ਼ਟ, ਪੀਡਾ, ਹੱਡਾ-ਕੱਟਾ.

brawniness, *n.* : ਤਕੜਾਈ, ਪੀਡਾਪਨ.

braxy, *n.* : ਭੇਡਾਂ ਦੀ ਇਕ ਬੀਮਾਰੀ.

braxy, *adj.* : ਇਸ ਬੀਮਾਰੀ ਵਾਲੀ ਭੇਡ ਦਾ (ਮਾਸ).

bray, *n.* & *v. i.* & *t.* : ਹੀਂਘਣ, ਹੀਂਗ (ਖੋਤੇ ਦੀ ਅਵਾਜ਼); ਕਰੱਖਤ ਅਵਾਜ਼, (ਖੋਤੇ ਦਾ) ਹੀਂਗਣਾ; ਤਰਮ ਦਾ ਵਜਣਾ; ਖੋਤੇ ਦੇ ਹੀਂਗਣ ਵਰਗੀ ਅਵਾਜ਼ ਕਢਣੀ.

b. out : ਬਹੁਤ ਕਰੂਹੀ ਅਵਾਜ਼ ਵਿਚ ਕਹਿਣਾ.

bray, *v. t.* : ਮੁੰਗਲੀ, ਕੂੰਡੇ ਜਾਂ ਹਮਾਮ-ਦਸਤੇ ਨਾਲ ਕੁਟਣਾ.

braze, *v. t.* : ਪਿੱਤਲ ਵਰਗਾ ਰੰਗ ਚਾੜ੍ਹਨਾ; ਪਿੱਤਲ ਦਾ ਟਾਂਕਾ ਲਾਉਣਾ.

brazen[1], *a.* : ਪਿੱਤਲ ਦਾ, ਜਾਂ ਪਿੱਤਲ ਵਰਗਾ, ਨਿਲੱਜ, ਢੀਠ.

b.-faced : ਬੇਸ਼ਰਮ, ਨਿਲੱਜ, ਢੀਠ.

brazenly, *adv.* : ਬੇਸ਼ਰਮੀ ਨਾਲ, ਢੀਠਾਂ ਵਾਂਗ.

brazen[2], *v. t.* : ਸ਼ੋਰ ਕਰਨਾ, ਬੇਸ਼ਰਮ ਬਣਾਉਣਾ, ਢੀਠਪੁਣੇ ਨਾਲ ਕੰਮ ਕਰਨਾ.

brazier, *n.* : ਕਸੇਰਾ, ਅੰਗੀਠਾ, ਠਠੇਰਾ.

braziery, *n.* : ਕਸੇਰਾਪਣ, ਠਠਿਆਰਪੁਣਾ.

brazier, *n.* : ਅੰਗੀਠੀ, ਕਾਂਗੜੀ.

Brazil, *n.* & *a.* : (also B.-wood) ਦੱਖਣੀ ਅਮਰੀਕਾ ਦੀ ਇੱਕ ਕਰੜੀ ਲਾਲ ਲੱਕੜ ਜਿਸ ਤੋਂ ਰੰਗ ਪਕਦੇ ਹਨ.

B.-nut : ਬਰਾਜ਼ੀਲ ਦੇ ਤਿਕੋਣੇ ਅਖਰੋਟ.

breach[1], *n.* : ਮਘੋਰਾ, ਦਰਾੜ, ਪਾੜੀ, ਮੋਰੀ, ਛੇਦ, ਤ੍ਰੇੜ; ਟੁੱਟ-ਭੱਜ, ਤੋੜ-ਫੋੜ, ਅਣਬਣ, ਝਗੜਾ, ਫ਼ਸਾਦ, ਵਿਛੋੜਾ, ਤੋੜ-ਵਿਛੋੜ, ਉਲੰਘਣ, ਮੋਹ-ਭੰਗ.

b. of close : ਹੱਦ ਟੱਪਣਾ, ਰਾਹ ਉਲੰਘਣਾ, ਜਿਥੋਂ ਲੰਘਣਾ ਮਨ੍ਹਾ ਹੋਵੇ ਉਥੋਂ ਲੰਘਣਾ.

b. of peace : ਅਮਨ-ਭੰਗ, ਅਮਨ ਦਾ ਟੁਟਣਾ, ਬਲਵਾ, ਫ਼ਸਾਦ.

stand in the b. : ਮੁਹਰੇ ਹੋ ਕੇ ਹਮਲੇ ਦੀ ਸੱਟ ਸਹਿਣੀ, ਮੋਹਰਾ ਝਾਲ ਝਲਣਾ.

breach[2], *v. t.* & *n.* : ਸੰਨ੍ਹ ਲਾਉਣੀ, ਮੋਰੀ ਕਰਨੀ, ਮਘੋਰਾ ਕਰਨਾ, ਦੰਦ ਪਾਉਣੇ.

bread, *n.* : ਰੋਟੀ, ਡਬਲ-ਰੋਟੀ, ਰੋਜ਼ੀ-ਰੋਜ਼ਗਾਰ, ਟੁੱਕਰ.

white, brown, black, standard b. : ਆਟੇ ਦੀਆਂ ਕਿਸਮਾਂ ਦੇ ਫ਼ਰਕ ਨਾਲ ਵੱਖ ਵੱਖ ਕਿਸਮ ਦੀ ਰੋਟੀ.

break b. : ਰੋਟੀ ਖਾਣੀ.

b. and butter : ਰੋਟੀ, ਰਜਦਾ-ਪੁੱਜਦਾ, ਰਾਸ-ਸਮੱਗਰੀ, ਰੁਜ਼ਗਾਰ, ਵਿਵਹਾਰਕ ਰੋਟੀ, ਗੁਜ਼ਾਰਾ.

b.-&-butter miss : ਜਵਾਨ ਕੁੜੀ.

b. & cheese : ਸਾਦੀ ਖ਼ੁਰਾਕ, ਗ਼ਰੀਬੀ ਖਾਣਾ, ਗੁਜ਼ਾਰਾ.

b. buttered on both sides : ਮੌਜਾਂ, ਦੋਵਾਂ ਹੱਥਾਂ ਵਿਚ ਲੱਡੂ, ਚੰਗੇ ਗੁਜ਼ਾਰੇ ਵਿਚ ਹੋਣਾ.

b.-winner : ਰੋਟੀ ਕਮਾਉਣ ਵਾਲਾ, ਰੋਜ਼ੀ-ਦਾਤਾ.

know which side one's b. is buttered : ਆਪਣੇ ਭਲੇ ਦੀ ਸਭ ਸੋਚਣੀ, ਉਹਦੀ ਪਰਖ ਰੱਖਣੀ.

make one's b. : ਰੋਟੀ ਕਮਾਉਣੀ, ਰੋਜ਼ੀ ਕਮਾਉਣੀ.

take the b. out of one's mouth : ਕਿਸੇ ਦੀ ਰੋਟੀ ਖੋਹਣੀ.

b. & scrape : ਪਤਲੀ ਚੋਪੜੀ ਰੋਟੀ, ਨਾ-ਮਾਤਰ ਚੋਪੜੀ.

ship's b. : (ਜਹਾਜ਼) ਕਰੜੀ ਬਿਸਕੁਟ.

eat the b. of idleness, affliction : ਵਿਹਲਿਆਂ ਖਾਣੀਆਂ, ਤੰਗੀ ਨਾਲ ਗੁਜ਼ਾਰਾ ਕਰਨਾ.

daily b. : ਰੋਜ਼ੀ.

b.-basket : (ਬੋਲੀ) ਪੇਟ, ਢਿੱਡ.

b.-fruit, -tree : ਕਮਾਸਤੀ ਫਲ, ਰੁੱਖ.

b. line : ਗ਼ਰੀਬਾਂ ਦੀ ਬੱਧੀ ਪਾਲ (ਰੋਟੀਆਂ ਲੈਣ ਲਈ).

b. & wine : (ਈਸਾਈਆਂ ਵਿਚ) ਅਸ਼ਾਇ ਵਿਚ ਇਹ ਹਜ਼ਰਤ ਈਸਾ ਦੇ ਪ੍ਰਸਾਦ ਵਜੋਂ ਵੰਡੀ ਜਾਂਦੀ ਹੈ.

b. ticket : ਰਾਸ਼ਨ ਕਾਰਡ.

breadless, *a.* : ਰੋਟੀਓਂ ਆਤੁਰ, ਬੇਰੁਜ਼ਗਾਰ, ਮੁਥਾਜ.

breadth, *n.* : ਚੁੜਾਈ, ਚੁੜੱਤਣ, ਬਰ, ਪੇਟਾ, ਅਰਜ਼ (ਕਪੜ ਦਾ), ਪਾਟ, ਪੜਾ (ਨਦੀ ਦਾ); ਦੂਰੀ, ਵਿੱਥ, ਫ਼ਾਸਲਾ; ਵਿਸ਼ਾਲਤਾ, ਖੁਲ੍ਹ-ਦਿਲੀ, ਉਦਾਰਤਾ, ਤਰਫ਼ਦਾਰੀ.

length and b. : ਵਿਸਤਾਰ.

b. of mind & view : ਖੁਲ੍ਹ-ਦਿਲੀ, ਚੌੜੀ ਨਜ਼ਰ.

to a hair's b. : ਠੀਕ ਠੀਕ.

hand's b. : ਹੱਥ ਭਰ.

breadthways, **-wise**, *adv.* : ਚੌੜੇ ਦਾਅ, ਚੁੜਾਈ ਵਾਲੇ ਪਾਸਿਓਂ.

break[1], *v. t.* & *i.* : ਤੋੜਨਾ, ਭੰਨਣਾ, ਚੂਰ ਚੂਰ ਕਰਨਾ, ਟੋਟੇ ਟੋਟੇ ਕਰਨਾ, ਟੀਸੇ ਟੀਸੇ ਕਰਨਾ, ਖੰਡਣਾ, ਖੰਡਤ ਕਰਨਾ, ਵਿੱਛੜਨਾ, ਵਿਗਾੜਨਾ (ਕੰਨੀ ਪਾਣ ਨੂੰ), ਫਟਣਾ, ਟੁੱਟਣਾ, ਭੱਜਣਾ, ਟੋਟੇ ਹੋਣਾ, ਤਿੜਕਣਾ, ਟੁੱਟਣਾ, ਤ੍ਰੇੜ ਪੈਣਾ; ਇਕਰਾਰ ਤੋੜਨਾ, ਰਾਹ ਬਦਲਣਾ, ਜਾਂ ਰਖਣਾ; ਰੋਗ ਬਦਲਣਾ, ਕਮਜ਼ੋਰ ਹੋਣਾ ਜਾਂ ਕਰ ਦੇਣਾ, ਵਿਸਾਰਨਾ, ਤਰੱਕੀ ਬੰਦ ਹੋਣੀ ਜਾਂ ਕਰਨੀ, ਨਿਕਾਲਿਆ ਕਰਨਾ; ਰੁਕਣਾ, ਬੰਦ ਹੋਣਾ, ਮਰ ਜਾਣਾ; ਸਿਧਾਉਣਾ (ਘੋੜੇ ਆਦਿ ਨੂੰ); ਉਲੰਘਣਾ; ਉਘਾੜਨਾ (ਦਰਵਾਜ਼ਾ).

b. a lance with : ਮੁੱਠਭੇੜ ਕਰਨੀ.

b. bread with : ਕਿਸੇ ਨਾਲ ਦਾ ਲੂਣ ਦੇ ਘਰ ਜਾਣਾ.

b. butterfly on wheel : ਦਾਰੂ ਜ਼ੋਰ ਲਾਉਣਾ.

b. down : ਟੁੱਟ ਭੱਜ ਜਾਣਾ, ਭੰਨਣਾ, ਢਾਹੁਣਾ.

b. ground : ਹਲ ਚਲਾਉਣਾ, ਪਹਿਲਾ ਕਦਮ ਕਰਨਾ, (ਅਸਲਾਹ) ਕੋਈ ਕੰਮ ਛੁਹਣਾ, ਵਿਛਣਾ.

b. in : ਰੋਕ ਦੇਣੀ, ਆ ਵੜਨਾ, ਅੰਦਰ ਸੰਨ੍ਹ ਲਗਾਉਣੀ.

b. bows : ਭੈੜੀ ਖ਼ਬਰ ਸਿਖਾਉਣੀ, ਘਸਾਉਣੀ, ਮੰਦੀ ਵਾਜ ਕੱਢਣੀ.

b. jest : ਠੱਠਾ ਕਰਨਾ.

b. off : ਵਿੱਚੋਂ ਛੱਡ ਜਾਣਾ, ਮੁਕਾ ਦੇਣਾ.

b. an officer : ਨੌਕਰੀਓਂ ਬਾਹਰ ਕੱਢਣਾ, ਕੱਢ ਦੇਣਾ, ਜਵਾਬ ਦੇ ਦੇਣਾ.

b. out : ਫੁਟ ਪੈਣੀ (ਬਿਮਾਰੀ), ਅੱਗ ਪੈਣੀ (ਅੱਗ); ਛਿੜਨੀ (ਲੜਾਈ).

b. promise : ਬਚਨ ਭੰਗ ਕਰਨਾ, ਕੌਲੋਂ ਹਾਰਨਾ.

b. out of prison, b. free, b. loose : ਜੇਲ੍ਹ ਵਿਚੋਂ ਭੱਜ ਨਿਕਲਣਾ.

b. the ice : ਚੁਪ ਤੋੜਨੀ; ਪਰਦਾ ਉਠਾਉਣਾ, ਝਕ ਜਾਂ ਸੰਗ ਲਾਹੁਣੀ.

b. the neck or back of : ਲੱਕ ਤੋੜਨਾ, ਅੰਤ ਕਰ ਦੇਣਾ, ਲੱਕ ਤੋੜਨਾ.

b. up : ਉਧੜ-ਪੁਧੜ ਜਾਣਾ (ਬਦਲਾਂ ਦਾ); ਉਠ ਖੜੋਣਾ (ਸੰਗਤ, ਇਕੱਠ ਦਾ).

b. with : ਲੜਨਾ, ਕੌਲ ਨਾਲ ਫ਼ਰਕ ਦੇਣੀ.

voice bb. : ਅਵਾਜ਼ ਤਰੜਾ ਜਾਣੀ, ਮੋਟੀ ਹੋਣੀ, ਗਲਾ ਫਟਣਾ.

b. heart : ਦਿਲ ਤੋੜਨਾ.

heart breaks : ਦਿਲ ਟੁਟਦਾ ਹੈ.

b. bank : ਸਰਮਾਇਆ ਖ਼ਤਮ ਕਰ ਦੇਣਾ.

merchant breaks. : ਦਿਵਾਲਾ ਨਿਕਲਦਾ ਹੈ.

b. blow, fall : ਨਿਕੰਮਾ ਕਰ ਦੇਣਾ.

b. a horse : ਘੋੜਾ ਸਿਖਾਉਣਾ, ਸਿਧਾਉਣਾ.

b. the ranks : ਫ਼ੌਜਾਂ ਨੂੰ ਤੋੜ ਕੇ ਘੜਮਸ ਪਾ ਦੇਣੀ.

troops b. : ਘਮਸਾਨ ਵਿੱਚ ਤਿੜ-ਬਿੱਤਰ ਜਾਣਾ ਫ਼ੌਜਾਂ ਦਾ.

ball breaks : ਗੇਂਦ ਦਾ ਰਾਹ ਬਦਲਣਾ, ਟੱਪਾ ਖਾ ਜਾਣਾ.

b. into house : ਸੰਨ੍ਹ ਲਾਉਣੀ.

b. one's will, spirit, resistance, rebellion : ਕਮਜ਼ੋਰ ਕਰਨਾ, ਨਿਰਬਲ ਕਰਨਾ, ਲੱਕ ਤੋੜਨਾ.

b. wind : ਪੱਦ ਮਾਰਨਾ, ਟਰਕ ਮਾਰਨਾ.

breakABLE, *a.* : ਟੁੱਟਣ ਵਾਲਾ, ਟੁੱਟਣ ਵਾਲਾ, ਟੁੱਟਲ.

breakABLES, *n.* : ਟੁੱਟਣ ਵਾਲੀਆਂ ਚੀਜ਼ਾਂ.

breakAGE, *n.* : ਟੋੜ ਭੰਨ, ਤੋੜ-ਭੰਨ, ਭੰਨ-ਟੁੱਟ.

break[2], *n.* : ਤੋੜ, ਟੁੱਟ, ਤ੍ਰੇੜ; ਬੇਰੋਕੀ, ਮੋੜਾ (ਗੇਂਦ ਦਾ ਟੱਪਾ ਖਾ ਕੇ), ਵਿੱਥ, ਵਕਫ਼ਾ, ਵਿਰਾਮ, ਬੰਦ, ਛੁੱਟੀ (ਪੜ੍ਹਾਈ ਵਿੱਚ).

b. of day : ਸਵੇਰ ਸਾਰ, ਤੜਕਾ, ਸਾਝਰਾ, ਪਹੁ ਫੁਟਾਲਾ.

break[3], *n.* : ਬਗੀ੍ਹ, ਘੋੜੇ ਨੂੰ ਸਿਧਾਉਣ ਵਾਸਤੇ ਜੋ ਇਸ ਦੇ ਪਿੱਛੇ ਜੁੜਦਾ ਬੰਨ੍ਹਦੇ ਹਨ; ਵੱਡੀ ਵੈਗਨ, ਗੱਡੀ.

break-down, *n.* : ਢਹਿ-ਢੇਰੀ ਹੋ ਜਾਣਾ (ਸਿਹਤ ਦੀ) ਖੀਣਤਾ, ਨਿਘੇਰਾ, ਟੁੱਟ ਜਾਣ (ਸਿਹਤ, ਪ੍ਰਬੰਧ ਆਦਿ ਦਾ).

breaker, *n.* : ਤੋੜਨ ਜਾਂ ਭੰਨਣ ਵਾਲਾ, ਘੋੜਿਆਂ ਨੂੰ ਸਿਧਾਉਣ ਵਾਲਾ, ਕੰਢੇ ਨਾਲ ਟਕਰਾਉਣ ਵਾਲੀ ਲਹਿਰ, ਛੱਲ.

breakfast, *n.* & *v. t.* & *i.* : ਛਾਹ ਵੇਲਾ, ਹਾਜ਼ਰੀ, ਨਾਸ਼ਤਾ; ਛਾਹ ਵੇਲਾ ਖਾਣਾ, ਜਾਂ ਖਵਾਉਣਾ.

breakfastLESS, *a.* : ਛਾਹ ਵੇਲੇ ਤੋਂ ਬਿਨਾਂ ਹੀ, ਨਿਰਨਾ, ਨਿਰਨੇ-ਪੇਟ.

breakneck, *a.* : ਖ਼ਤਰਨਾਕ (ਚਾਲ, ਸੜਕ, ਢਾਲ); ਗਰਦਨ-ਤੋੜ ਧੌਣ-ਮਰੋੜ.

break-up, *n.* : ਖਿੰਡਾਅ, ਟੁੱਟ-ਭੱਜ, ਛਿੰਨ-ਭਿੰਨ.

breakwater, *n.* : ਠੋਕਰ, ਬੰਧ, ਸੇਤੂ (ਜੋ ਪਾਣੀ ਜਾਂ ਛੱਲਾਂ ਰੋਕਣ ਲਈ ਬਣਾਇਆ ਹੋਵੇ).

bream, *n.* : ਦਰਿਆ ਜਾਂ ਸਮੁੰਦਰ ਦੀ ਪੀਲੀ ਭਾਹ ਮਾਰਦੀ ਚੌੜੀ ਮੱਛੀ.

bream, *v. t.* : ਜਹਾਜ਼ ਦੇ ਥੱਲੇ ਨੂੰ ਤਪਾ ਦੇ ਕੇ ਸਾਫ਼ ਕਰਨਾ.

breast[1], *n.* : ਛਾਤੀ, ਹਿੱਕ, ਸੀਨਾ, ਥਣ, ਮੰਮਾ, ਚੂੰਚੀ; ਕੋਟ ਆਦਿ ਕਪੜੇ ਦਾ ਉੱਤਲਾ ਅਗਾੜ, ਦਿਲ, ਦਿਲ-ਦਿਮਾਗ਼.

make clean b. of : ਸਾਫ਼ ਸਾਫ਼ ਮੰਨ ਲੈਣਾ, ਸਾਰੀ ਗੱਲ ਦੱਸ ਦੇਣੀ.

breastbone : ਸੀਨੇ ਦੀ ਹੱਡੀ, ਛਾਤੀ ਦੀ ਹੱਡੀ.

b.-high : ਸੀਨੇ ਤਕ, ਛਾਤੀ ਤਕ, ਛਾਤੀ-ਛਾਤੀ.

b.-pin : ਨਕਟਾਈ ਦੀ ਪਿਨ.

b.plate : ਸੰਜੋਅ, ਸੀਨਾ-ਬੰਦ.

b.-wheel : ਪਨਚੱਕੀ ਜਾਂ ਘਰਾਟ ਦਾ ਪਹੀਆ.

b.work : ਕੱਚਾ ਮੋਰਚਾ.

breast[2], *v. t.* : ਟਾਕਰਾ ਕਰਨਾ, ਛਾਤੀ ਡਾਹ ਕੇ ਲੜਨਾ.

breastsummer, **bressummer**, *n.* : ਕਿਸੇ ਖੁੱਲ੍ਹੇ ਥਾਂ ਦੀ ਉਪਰਲੀ ਕੰਧ ਆਦਿ ਨੂੰ ਸਹਾਰਾ ਦੇਣ ਵਾਲਾ ਸ਼ਤੀਰ, ਥੰਮ੍ਹੀ.

breath, *n.* : ਸਾਹ, ਦਮ, ਸੁਆਸ, ਪ੍ਰਾਣ; ਹਵਾ ਦਾ ਬੁੱਲਾ; ਫੂਕ, ਮੰਦ ਧੀ ਹਵਾੜ.

b. of life, nostrils : ਜ਼ਿੰਦਗੀ ਦੀ ਸ਼ੈ, ਜ਼ਰੂਰਤ, ਲੋੜ.

below one's b. : ਬਹੁਤ ਹੀ ਹੌਲੀ.

catch, hold one's b. : (ਡਰ ਨਾਲ, ਜਾਂ ਚਾਅ ਨਾਲ) ਸਾਹ ਰੁਕਣਾ.

draw b. : ਸਾਹ ਲੈਣਾ, ਜੀਉਣਾ.

to be out of b. : ਸਾਹੋ-ਸਾਹ ਹੋਣਾ, ਹੌਂਕ ਜਾਣਾ, ਹੌਂਕਣਾ.

spend, waste b. : ਵਾਧੂ ਬੋਲਣਾ.

take away person's b. : ਅਚੰਭਤ ਕਰਨਾ, ਹੈਰਾਨ ਕਰਨਾ, ਹੱਕਾ-ਬੱਕਾ ਕਰ ਦੇਣਾ, ਠੱਗੀ ਮਾਰਨਾ.

take b. : ਸਾਹ ਲੈਣਾ, ਸੁਸਤਾਉਣਾ.

a b. of fresh air : ਤਾਜ਼ੀ ਹਵਾ ਦਾ ਬੁੱਲਾ.

keep b. to cool porridge : ਚੁੱਪ ਰਹਿਣਾ, ਜੀਭ ਨੂੰ ਲਗਾਮ ਦੇਣੀ.

breathe, *v. t.* & *i.* : ਸਾਹ ਲੈਣਾ, ਫੂਕ ਮਾਰਨੀ; ਜੀਉਣਾ, ਜੀਉਂਦੇ ਹੋਣਾ, ਬੋਲਣਾ, ਕਹਿਣਾ.

allow to b. : ਸਾਹ ਲੈਣ ਦੇਣਾ, ਸਾਹੀ ਕਢਣ ਦੇਣੀ, ਆਰਾਮ ਕਰਨ ਦੇਣਾ.

b. again, freely : ਸੁਖ ਦਾ ਸਾਹ ਲੈਣਾ, ਛੁਟਕਾਰਾ ਕਰਾਉਣਾ, ਮਖ ਵਿੱਚ ਸਾਹ ਆਉਣਾ.

b. hard : ਸਾਹ ਚੜ੍ਹਨਾ, ਸਿਸਕਣਾ, ਹਟਕੋਰੇ ਭਰਨੇ, ਸਿਸਕੀਆਂ ਲੈਣੀਆਂ.

b. new life into : ਨਵਾਂ ਜੀਵਨ ਭਰਨਾ, ਸੁਰਜੀਤ ਕਰਨਾ.

b. fragrance : ਖ਼ੁਸ਼ਬੋ ਖਿਲਾਉਣੀ, ਲਪਟਾਂ ਛਡਣੀਆਂ, ਮਹਿਕ ਦੇਣੀ.

b. one's last : ਮਰਨਾ, ਦਮ ਤੋੜਨਾ, ਸਾਹ ਨਿਕਲਣਾ, ਪ੍ਰਾਣ ਦੇਣੇ.

b. simplicity : ਸਾਦਗੀ ਟਪਕਣੀ.

breather, *n.* : ਸਾਹ ਲੈਣ ਵਾਲਾ; ਥੋੜੀ ਜਿਹੀ ਕਸਰਤ, ਵਰਜ਼ਿਸ਼.

breathing[1], *n.* : ਸਾਹ ਲੈਣਾ, ਆਦਿ.

b. space : ਦਮ ਭਰ, ਪਲ ਦੋ ਪਲ, ਵਿਹਲ, ਸਾਹ.

breathing[2], *a.* : ਸਾਹ ਲੈਂਦਾ, ਜੀਉਂਦਾ ਜਾਗਦਾ, ਜੀਉਂਦਾ ਜਾਪਦਾ (ਬੁੱਤ ਆਦਿ).

breathless, *a.* : ਬੇਜਾਨ; ਬਿਨਾਂ ਸਾਹ ਤੋਂ; ਟੁੱਟੇ ਸਾਹ, ਸਾਹੋ-ਸਾਹ, ਹਫੀਂਦਾ, ਸਾਹ ਰੋਕੀ; ਅਹਿੱਲ; ਨਿਰਪੌਣ.

breathlessly *adv.* : ਹਫ਼ਦਿਆਂ ਹਫ਼ਦਿਆਂ, ਸਾਹ ਚੜ੍ਹਿਆਂ, ਬੇਸਬਰੀ ਨਾਲ ਉਡੀਕਦਿਆਂ.

breathy, *a.* : (ਗਾਉਣ ਵਾਲੀ ਆਵਾਜ਼) ਸਾਹ-ਮਿਲੀ ਹੋਈ, ਗਾਣੇ ਦੀ ਆਵਾਜ਼ ਜਿਸ ਵਿੱਚ ਸਾਹ ਵੀ ਸੁਣਾਈ ਦੇਵੇ.

breathINESS, *n.* : ਸਾਹੋ-ਸਾਹੀ.

breccia, *n.* : ਰੋੜੀਲਾ ਪੱਥਰ, ਜਿਸ ਵਿੱਚ ਚੂਨਾ ਵੀ ਹੁੰਦਾ ਹੈ.

bred : breed ਦਾ ਭੂਤ ਕਾਲ ਤੇ ਕਾਰਦੰਤਕ.

breech, *n.* & *v. t.* : (*pl.*) ਬਿਰਜਿਸ, ਛੋਟੀ ਪਤਲੂਨ ਜੋ ਗੋਡੇ ਦੇ ਬਲਿਕੁਲ ਹੇਠੀ ਜਾ ਬੰਨ੍ਹੀ ਜਾਂਦੀ ਹੈ; ਕੋਢਾ; ਬੰਦੂਕ ਜਾਂ ਤੋਪ ਦਿੱਤ ਨਾਲ ਦਾ ਪਿਛਲਾ ਹਿੱਸਾ, ਬਿਰਜਿਸ ਪਾਉਣੀ.

b.-loader : ਤੋੜੇ ਵਾਲੀ ਬੰਦੂਕ.

wear the bb. : ਇਸ ਤੀਵੀਂ ਨੂੰ ਕਹਿੰਦੇ ਹਨ ਜੋ ਪਤੀ ਉੱਤੇ ਦਾਬ ਰਖੇ.

breechED, *a.* : ਬਿਰਜਿਸ ਪਾਈ.

breeching, *n.* : ਇਹ ਤਸਮਾ ਜੋ ਗੱਡੀ ਰੋਕਣ ਲਈ ਘੋੜੇ ਦੇ ਪਿਛਲੇ ਦੁਆਲੇ ਬੰਨ੍ਹਿਆ ਰਹਿੰਦਾ ਹੈ; ਉਹ ਰੱਸੀ ਜਿਸ ਨਾਲ ਜਹਾਜ਼ ਵਿਚ ਤੋਪ ਬਧੀ ਰਹਿੰਦੀ ਹੈ.

breechless, *a.* : ਬਿਰਜਿਸ ਤੋਂ ਬਿਨਾਂ.

breed[1], *v. t.* & *i.* : ਜਣਨਾ, ਸੰਤਾਨ ਉਤਪੰਨ ਕਰਨਾ, ਪੈਦਾ ਕਰਨਾ, ਅੰਡਾ ਦੇਣਾ, ਸੂਣਾ, ਕਾਰਨ ਹੋਣਾ, ਤਿਆਰ ਹੋਣ, ਤਿਆਰ ਕਰਨਾ (ਕਿਸੇ ਕੰਮ ਲਈ); ਪਾਲਣਾ; ਪੈਦਾ ਹੋਣਾ, ਫੈਲਣਾ.

b. in & in : ਸਦਾ ਨਜ਼ਦੀਕੀ ਰਿਸ਼ਤੇਦਾਰਾਂ ਵਿਚ ਵਿਆਹ ਕਰਨਾ.

what is bred in the bone : ਜੋ ਕੁਝ ਖ਼ਾਨਦਾਨੀ ਹੈ, ਵਿਰਸੇ ਵਿਚ ਆਇਆ ਹੈ, ਹੱਡੀਆਂ ਵਿਚ ਰਚਿਆ ਹੋਇਆ, ਜੱਦੀ, ਜੈਨੂੰਨੀ.

breedER, *n.* : ਪਾਲਣ ਵਾਲਾ, ਪੈਦਾ ਕਰਨ ਵਾਲਾ, ਉਪਜਾਉਣ ਵਾਲਾ.

breeding operation : ਨਸਲ-ਕਸ਼ੀ ਕਾਰਜ.

breed[2], *n.* : ਨਸਲ, ਖ਼ਾਨਦਾਨ, ਜੱਦ, ਜਾਤ, ਬੂਟਾ, ਜਾਤ, ਕਿਸਮ, ਕੋਮ.

breeding, *n.* : ਪਾਲਣਾ, ਨਸਲ, ਸੁਭਾਅ, ਮੱਝਣ, ਸਿੱਖਿਆ, ਸਿਖਾਈ, ਵਤੀਰਾ, ਚੰਗੇ ਲੱਛਣ.

breeze[1], *n.* : ਇੱਕ ਵੱਡੀ ਮੱਖੀ, ਡਡਮੱਖੀ, ਸਿੰਘ.

breeze[2], *n.* : ਮੱਠੀ ਹਵਾ, ਰੁਮਕਦੀ ਹਵਾ; (ਮੁਹਾਵਰਾ) ਝਗੜਾ, ਝਪਟ, ਨਥ-ਖਪ, ਬੋਲ-ਬੁਲਾਰਾ, ਰੌਲਾ-ਰੱਪਾ.

loud b. : ਤੇਜ਼ ਪੌਣ.

sea b. : ਸਮੁੰਦਰੀ ਹਵਾ.

breezeLESS, *a.* : ਹਵਾ ਤੋਂ ਖ਼ਾਲੀ (ਥਾਂ, ਮੌਸਮ).

breeze², *n.* : ਗੁਬਾਰ, ਕੂੜਾ, ਕੋਲੇ, ਕੋਲੇ (ਜੋ ਇੱਟਾਂ ਬਣਾਉਣ ਵਾਸਤੇ ਵਰਤਦੇ ਹਨ).

breezy, *a.* : ਹਵਾਦਾਰ, ਹਵਾਦਾਰ; ਤਾਜ਼ਾ, ਹਸ-ਮੁਖ, ਜ਼ਿੰਦਾ, ਖ਼ੁਸ਼-ਦਿਲ.

breeziLY, *adv.* : ਚੰਗੀ ਹਵਾ ਵਾਂਗ, ਖ਼ੁਸ਼ੀ-ਖ਼ੁਸ਼ੀ.

breeziNESS, *n.* : ਹਵਾਦਾ, ਮੱਠੀ ਹਵਾ ਵਾਲਾ ਮੌਸਮ, ਤਾਜ਼ਗੀ, ਖ਼ੁਸ਼ੀ.

Bren, Bren-gun, *n.* : ਹੌਲੀ ਮਸ਼ੀਨ-ਗਨ.

bressummer : ਵੇਖੋ breastsummer.

brethren : brother ਦਾ ਬਹੁ-ਵਚਨ.

Breton, *n.* & *a.* : ਫ਼ਰਾਂਸ ਦੇ ਇਲਾਕੇ ਬ੍ਰਿਟਨੀ ਦਾ (ਵਸਨੀਕ).

breve, *n.* : ਬਾਦਸ਼ਾਹ ਜਾਂ ਪੋਪ ਵਲੋਂ ਖ਼ਾਸ ਚਿੱਠੀ, ਫ਼ੁਰਮਾਨ, ਖ਼ਰੀਤਾ, ਛਪਾਈ ਵਿਚ ਲਘੂ ਮਾਤ੍ਰਾ ਦਾ ਚਿੰਨ੍ਹ (˘).

brevet, *n.* & *v. t.* : ਫ਼ਾਂਦੀ ਸਨਦ ਜਿਸ ਨਾਲ ਫ਼ੌਜੀ ਅਫ਼ਸਰ ਨੂੰ ਉਚੇਰੀ ਪਦਵੀ ਦਾ ਖ਼ਿਤਾਬ ਦਿੱਤਾ ਜਾਵੇ, ਬਿਨ ਤਨਖ਼ਾਹ ਪਦਵੀ ਦਾ ਖ਼ਿਤਾਬ ਦੇਣਾ.

breviary, *n.* : (ਰੋਮਨ ਕੈਥੋਲਿਕ) ਗੁਟਕਾ ਜਾਂ ਕਿਤਾਬ ਜਿਸ ਵਿਚ ਨਿਤ-ਨੇਮ ਵਾਲੀਆਂ ਬਾਣੀਆਂ ਲਿਖੀਆਂ ਹੋਣ.

brevier, *n.* : ਛੋਟਾ ਟਾਈਪ.

brevity, *n.* : ਸੰਖੇਪਤਾ; ਤੰਗੀ, ਥੁੜ (ਸਮੇਂ ਆਦਿ ਦੀ).

brew¹, *v. t.* & *v. i.* : ਸ਼ਰਾਬ ਕੱਢਣੀ, ਖਿੱਚਣੀ; ਪਕਾ ਕੇ ਉਬਾਲਣਾ, ਚਾਹ ਬਣਾਉਣੀ; ਘਾੜ ਘੜਨਾ, ਮਨਸੂਬਾ ਬੰਨ੍ਹਣਾ, ਤਣਾ ਖੜਨਾ, ਤਿਆਰ ਹੋਣਾ, ਘੜੀ ਜਾਣੀ (ਸ਼ੋਸ਼ਾ, ਸ਼ਰਾਰਤ ਆਦਿ).

drink as you have brewed : ਆਪੇ ਬੀਜ ਆਪੇ ਹੀ ਖਾਹੁ, ਕਰਨੀ ਦਾ ਫਲ ਭੁਗਤਣਾ, ਜੈਸੀ ਕਰਨੀ ਤੈਸੀ ਭਰਨੀ.

brew-house }
brewery } : ਭੱਠੀ, ਸ਼ਰਾਬ ਦਾ ਕਾਰਖ਼ਾਨਾ, ਭੱਠੀ.

mischief is brewing : ਸ਼ਰਾਰਤ ਉੱਠ ਰਹੀ ਹੈ.

brewER, *n.* : ਸ਼ਰਾਬ ਕੱਢਣ ਵਾਲਾ.

brew², *n.* : ਸ਼ਰਾਬ-ਕਢਾਈ, ਸ਼ਰਾਬ ਕੱਢਣ ਦਾ ਕੰਮ, ਇੱਕ ਵਾਰ ਕੱਢੀ ਗਈ ਸ਼ਰਾਬ, ਘਾਣ; ਕੱਢੀ ਸ਼ਰਾਬ ਦਾ ਲੱਛਣ.

brewage, *n.* : ਘਾਣ; ਖਿਚੜੀ ਪੱਕਣੀ; ਮਨਸੂਬਾ, ਗੋਂਦ, ਸਾਜ਼ਿਸ਼.

briar : ਵੇਖੋ brier.

Briareus, *n.* : ਬਹੁ-ਭੁਜਾ, ਸੌ ਹੱਥਾਂ ਵਾਲਾ ਮਨੁੱਖ.

bribe¹, *n.* ਵੱਢੀ, ਰਿਸ਼ਵਤ.

bribe², *v. t.* : ਵੱਢੀ ਦੇਣੀ, ਮੁੱਠੀ ਗਰਮ ਕਰਨੀ, ਮੂੰਹ ਵਿੱਚ ਹੱਡੀ ਦੇਣੀ.

bribeR, *n.* : ਵੱਢੀ ਦੇਣ ਵਾਲਾ.

bribee, : ਵੱਢੀ ਲੈਣ ਵਾਲਾ, ਵੱਢੀਖ਼ੋਰ.

briBABILITY, *n.* : ਵੱਢੀ ਲੈਣ ਜਾਂ ਦੇਣ ਦੀ ਯੋਗਤਾ.

briBABLE, *a.* : ਜਿਸ ਨੂੰ ਵੱਢੀ ਦਿੱਤੀ ਜਾ ਸਕੇ, ਵੱਢੀ-ਖ਼ੋਰ, ਰਿਸ਼ਵਤੀ.

bribeRY, *n.* : ਵੱਢੀ, ਰਿਸ਼ਵਤ.

bric-a-brac, *n.* : ਪੁਰਾਣੀਆਂ ਚੀਜ਼ਾਂ, ਅਣੋਖੀਆਂ ਵਸਤਾਂ, ਸਜਾਵਟੀ ਵਸਤਾਂ.

brick, *n.* : ਇੱਟ, ਰੋੜਾ, ਇੱਟ ਵਰਗੀ ਚੌਰਸ ਚੀਜ਼; (ਮੁਹਾਵਰਾ) ਨੇਕ-ਦਿਲ ਮਨੁੱਖ.

b.-bat : ਇੱਟਾ, ਰੋੜਾ.

b.-dust : ਗੇਰੀ, ਰੋੜੀ, ਸੁਰਖ਼ੀ.

b.-kiln : ਭੱਠਾ, ਆਵਾ.

b.-field : ਜਿੱਥੇ ਇੱਟਾਂ ਬਣਾਈਆਂ ਜਾਣ, ਭੱਠੇ.

b.layer : ਮਿਸਤਰੀ.

b.-laying : ਇੱਟ-ਚਿਣਾਈ, ਚਿਣਾਈ.

b.work : ਇੱਟਾਂ ਦੀ ਚਿਣਾਈ, ਚਿਣਾਈ.

to drop a b. : (ਮੁਹਾਵਰਾ) ਵੱਡਾ ਵਾਧਾ ਮਾਰਨਾ, ਭੈੜੀ ਗੱਲ ਕਰਨੀ.

burnt b. : ਪੱਕੀ ਇੱਟ.

half-burnt b. : ਪਿੱਲੀ ਇੱਟ.

sun-dried b. }
clay-b. } : ਕੱਚੀ ਇੱਟ.

brickERY, *n.* : ਇੱਟਾਂ ਦਾ ਬਣਿਆ ਹੋਇਆ.

brick, *v. t.* : ਇੱਟਾਂ ਨਾਲ ਚਿਣ ਦੇਣਾ (ਬਾਰੀ ਆਦਿ ਨੂੰ).

bricky, *a.* : ਇੱਟਦਾ, ਇੱਟਾਂ ਦੇ ਰੰਗ ਦਾ, ਸ਼ਕਲ ਦਾ; ਇੱਟਾਂ ਨਾਲ ਭਰਿਆ.

bricole, *n.* : (ਟੈਨਿਸ ਜਾਂ ਬਿਲੀਅਰਡ ਦੀ ਖੇਡ ਵਿਚ) ਟੱਪਾ ਕੇ ਰੋੜ, ਟੇਢੀ ਚਾਲ, ਪੁੱਠੇ ਹੱਥ ਨਾਲ ਮਾਰਨਾ.

bridal, *n.* & *a.* : ਵਿਆਹ, ਸ਼ਾਦੀ, ਕੰਜ, ਕਾਜ, ਵਹੁਟੀ ਦਾ, ਵਿਆਹ ਦਾ, ਜਾਞ.

b. procession : ਜੰਞ, ਜਨੇਤ, ਬਰਾਤ.

bridalLY, *adv.* : ਵਿਆਹ ਦੇ ਢੰਗ ਨਾਲ.

bride, *n.* : ਲਾੜੀ, ਵਹੁਟੀ, ਨਵ-ਵਿਆਹੀ, ਵਿਆਂਹਦੜ.

bride's parents : ਪੇਕੇ, ਕੁੜਮ.

bridegroom, *n.* : ਲਾੜਾ, ਜਵਾਈ, ਸੀਂਗਾਰਦੇਵ, ਵਰ.

b.'s parents : ਸਹੁਰੇ, ਕੁੜਮ.

bridesmaid, *n.* : ਲਾੜੀ ਦੀ ਸਹੇਲੀ, ਸਖੀ, ਸਹੇਲੀ.

bridesman, *n.* : ਸਰਬਾਲਾ, ਵੇਖ bestman.

bridewell, *n.* : ਜੇਲ੍ਹਖ਼ਾਨਾ, ਬੰਦੀਖ਼ਾਨਾ, ਤਾੜਨਾ ਘਰ.

bridge, *n.* : ਪੁਲ, ਜਹਾਜ਼ ਦਾ ਨਿਗਰਾਨੀ ਥੜ੍ਹਾ; (ਨੱਕ ਦੀ) ਘੋੜੀ.

b. of boats : ਬੇੜੀਆਂ ਦਾ ਪੁਲ.

b. of gold : ਹਰਾਏ ਦੁਸ਼ਮਨ ਨੂੰ ਪਿਛਾਂਹ ਹਟਣ ਲਈ ਸੌਖਾ ਰਾਹ.

b.-head : ਅਗੇਰੀ ਦਰਿਆ ਤੋਂ ਪਾਰ ਦੀ ਚੌਕੀ, ਜਾਂ ਮੋਰਚਾ.

b.-train : ਫ਼ੌਜੀ ਇੰਜੀਨੀਅਰ ਸਮੇਤ ਤਰਦੇ ਪੁਲਾਂ ਦੇ ਸਮਿਆਨਾਂ ਦੇ.

bridgeLESS, *a.* : ਬਿਨ-ਪੁਲਾ, ਪੁਲ ਬਿਨਾਂ.

bridge, *v. t.* : ਪੁਲ ਬੰਨ੍ਹਣਾ.

bridge, *n.* : ਬ੍ਰਿਜ, ਤਾਸ਼ ਦੀ ਇੱਕ ਖੇਡ.

bridle, *n.* : ਲਗਾਮ (ਸਣੇ ਕੜਿਆਲ, ਵਾਗ ਆਦਿ ਦੇ); ਰੋਕ, ਕਾਬੂ; (ਸਰੀਰ) ਉਹ ਪੱਠਾ ਜੋ ਕਿਸੇ ਅੰਗ ਦੀ ਹਿਲਜੁਲ ਨੂੰ ਰੋਕੇ.

give horse the b., lay b. on his neck : ਲਗਾਮ ਢਿੱਲੀ ਛੱਡ ਦੇਣੀ, ਵਾਗਾਂ ਢਿੱਲੀਆਂ ਕਰਨੀਆਂ, ਖੁੱਲ੍ਹ ਦੇ ਦੇਣੀ.

horse going well up to b. : ਖ਼ੁਸ਼ੀ ਖ਼ੁਸ਼ੀ ਚਲਣਾ, ਚੰਗੀ ਚਾਲ.

b. bridge, path, road : ਜੋ ਘੋੜਿਆਂ ਲਈ ਠੀਕ ਹੋਵੇ, ਪਰ ਗੱਡੀਆਂ ਰੇੜ੍ਹੀਆਂ ਦਾ ਮੋਕਲਾ ਲਾਂਘਾ ਨਾ ਹੋਵੇ.

bridle, *v. t.* & *v. i.* : ਲਗਾਮ ਪਾਉਣੀ ਜਾਂ ਚਾੜ੍ਹਨੀ, ਕਾਬੂ ਕਰਨਾ, ਰੋਕਣਾ, ਨਾਸਾਂ ਚਿੜ੍ਹਾਉਣੀਆਂ, ਸਿਰ ਅਕੜਾ ਕੇ ਤੇ ਠੋਡੀ ਅੰਦਰ ਨੂੰ ਕਰ ਕੇ ਆਕੜ ਤੇ ਗੁਸਤਾਖ਼ੀ ਦੱਸਣੀ.

bridoon, *n.* : ਰਸਾਲੇ ਦੇ ਘੋੜਿਆਂ ਦੀ ਲਗਾਮ.

brief¹, *n.* : (ਪੋਪ ਵਲੋਂ ਕਿਸੇ ਮਜ਼ਹਬ ਜਾਂ ਸਮਾਜ ਨੂੰ ਨਾਂ) ਹੁਕਮਨਾਮਾ; (ਕਾਨੂੰਨ) ਵਕੀਲਾਂ ਲਈ ਕਿਸੇ ਮੁਕੱਦਮੇ ਦੇ ਮੋਟੇ ਮੋਟੇ ਹਾਲ, ਮੁਕੱਦਮੇ ਦਾ ਖ਼ੁਲਾਸਾ, ਛੋਟਾ ਖ਼ੁਲਾਸਾ (ਗਵਾਹ, ਜ਼ਮੀਨ ਆਦਿ ਦਾ); ਹਦਾਇਤਾਂ (ਹਵਾਬਾਜ਼ਾਂ ਲਈ).

hold b. for : ਕਿਸੇ ਦਾ ਵਕੀਲ ਹੋਣਾ, ਕਿਸੇ ਵਲੋਂ ਬਹਿਸ ਕਰਨੀ.

watching-b. : ਨਿਗਰਾਨੀ ਵਕਾਲਤ, ਵਕੀਲ ਦਾ ਕੰਮ ਜੋ ਮੁਕੱਦਮੇ ਦੀ ਸਿਰਫ਼ ਦੇਖ-ਭਾਲ ਕਰਦਾ ਹੈ.

b.-bag : ਥੈਲਾ ਜਾਂ ਬਸਤਾ.

a b. : ਵਕਾਲਤ ਦਾ ਕੰਮ.

briefLESS, *a.* : ਵਿਹਲਾ (ਵਕੀਲ) ਜਿਸ ਕੋਲ ਕੋਈ ਮੁਕੱਦਮਾ ਨਾ ਆਵੇ.

brief², *v. t.* : (ਕਾਨੂੰਨ) ਮੁਕੱਦਮੇ ਦਾ ਖ਼ੁਲਾਸਾ ਕਰਨਾ ਜਾਂ ਦੱਸਣਾ ਵਕੀਲ ਨੂੰ; ਖ਼ੁਲਾਸਾ ਤਿਆਰ ਕਰਨੀ; ਵਕੀਲ ਕਰਨਾ; ਹਵਾਬਾਜ਼ਾਂ ਨੂੰ ਹਦਾਇਤਾਂ ਦੇਣੀਆਂ.

brief[1], *a.* & *n.* : ਥੋੜਾ, ਸੰਖੇਪ, ਸੰਖੇਪਣ੍ਹੀ, ਸੰਕੁਚਿਤ, ਮੋਟਾ-ਮੋਟਾ, ਥੋੜ-ਚਿਰੀ; ਥੋੜ-ਚਿਰਾ.

   be b. : ਥੋੜੇ ਵਿਚ ਮੁਕਾਉਣਾ.

   in b. : ਮੋਟੀ ਗੱਲ, ਗੱਲ ਕੀ, ਮੁਕਦੀ ਗੱਲ, ਥੋੜੇ ਵਿੱਚ, ਥੋੜੇ ਅੱਖਰਾਂ ਵਿਚ.

   briefLY, *adv.* : ਥੋੜੇ ਵਿਚ, ਸੰਖੇਪਤਾ ਨਾਲ, ਸੰਖੇਪ ਕਰਕੇ.

   briefNESS, *n.* : ਸੰਖੇਪਤਾ.

brier, briar, *n.* : ਕੰਡਿਆਲੀ ਝਾੜੀ.

   sweet b. : ਜੰਗਲੀ ਗੁਲਾਬ.

   brierY, -ARY, *a.* : ਝਾੜੀਦਾਰ; ਜੰਗਲੀ ਗੁਲਾਬ ਦਾ, ਕੰਡਿਆਲਾ.

brier, briar, *n.* : ਚਿਮਨੀ-ਝਾੜੀ, ਝਾੜੀ ਜਿਸ ਦੀ ਜੜ ਤੋਂ ਹੁੱਕੇ ਦੀਆਂ ਚਿਲਮਾਂ ਬਣਦੀਆਂ ਹਨ.

brig[1], *n.* : ਦੋ-ਮਸਤੂਲ ਬੇੜੀ, ਦੋ-ਮਸਤੂਲੀ ਕਿਸ਼ਤੀ.

brigade, *n.* : ਬ੍ਰਿਗੇਡ, ਫ਼ੌਜ ਦਾ ਇਕ ਹਿੱਸਾ.

brigade, *v. t.* : ਬ੍ਰਿਗੇਡ ਬਣਾਉਣਾ (ਪਲਟਣਾਂ ਆਦਿ ਰਲਾ ਕੇ).

brigadier, *n.* : ਬ੍ਰਿਗੇਡੀਅਰ, ਬ੍ਰਿਗੇਡ ਦਾ ਵੱਡਾ ਅਫ਼ਸਰ.

brigand, *n.* : ਧਾੜਵੀ, ਡਾਕੂ, ਲੁਟੇਰਾ, ਮਾਰ-ਮਾਰ.

   brigandAGE, *n.* : ਮਾਰ-ਧਾੜ, ਲੁਟ-ਮਾਰ, ਡਾਕਾਜ਼ਨੀ.

   brigandISM, *n.* : ਡਾਕੂਪਣ.

   brigandISH, *a.* : ਡਾਕੂਆਂ ਵਰਗਾ, ਜਿਹਾ.

brigantine, *n.* : ਦੋ-ਮਸਤੂਲਾ ਜਹਾਜ਼.

bright, *a.* : ਲਿਸ਼ਕਦਾ, ਚਿਲਕਦਾ, ਲਿਸ਼ਕਣਾ, ਰੌਸ਼ਨ, ਚਮਕਦਾ; ਉੱਜਲ, ਦਮਕਦਾ, ਦਗਦਗ ਕਰਦਾ, ਖਿੜ-ਖੜ, ਖੁਸ਼, ਚਮਕੀਲਾ, ਚਮਕਦਾਰ, ਤਿਖੀ; ਚਤੁਰਾਈਆਂ ਕਲਾ ਵਿਚ, ਆਸ-ਭਰਪੂਰ, ਤੇਜ਼ (ਰੰਗ); ਦਿਮਾਗ-ਤੇਜ਼, ਹੋਣਹਾਰ, ਲਾਇਕ, ਉੱਘਾ, ਮਸ਼ਹੂਰ, ਮੰਨਿਆ-ਪ੍ਰਮੰਨਿਆ, ਪ੍ਰਸਿੱਧ.

   brightEN, *v. t.* & *i.* : ਚਮਕਾਉਣਾ, ਲਿਸ਼ਕਾਉਣਾ; ਚਮਕਣਾ, ਚਮਕ ਜਾਣਾ, ਰੌਣਕ ਪੈਣਾ.

   brightISH, *a.* : ਚਮਕੀਲਾ ਜਿਹਾ.

   brightLY, *adv.* : ਚਮਕਦਿਆਂ ਹੋਇਆਂ, ਖੁਸ਼ੀ-ਖੁਸ਼ੀ, ਖੁਸ਼ੀ ਨਾਲ.

   brightNESS, *n.* : ਚਮਕ-ਦਮਕ, ਚਮਕ, ਲਿਸ਼ਕ, ਰੌਣਕ, ਉੱਜਲਤਾ, ਦਿਮਾਗ, ਸਿਆਣਪ, ਚਿਲਕਾਰਾ, ਝਲਕ, ਖੁਸ਼ੀ.

bright, *adv.* : =brightly.

Bright's disease, *n.* : (ਡਾਕਟਰ ਆਰ. ਬਰਾਈਟ (੧੮੨੭) ਦੇ ਨਾਂ ਤੇ) ਗੁਰਦਿਆਂ ਦੀ ਮਰਜ਼ੀ

brilliant[1], *a.* : ਚਮਕੀਲਾ, ਰੌਸ਼ਨ, ਚਮਕਾਂ ਮਾਰਦਾ, ਦਮਕਦਾ, ਜਗਮਗਾਉਂਦਾ; ਸਿਆਣਾ, ਹੋਣਹਾਰ; ਉੱਘਾ, ਮਸ਼ਹੂਰ, ਤੇਜ਼.

   brillianCE, *n.* : ਭਾਹ, ਚਮਕ, ਦਮਕ, ਆਭਾ, ਰੌਬ, ਝਲਕ; ਸਿਆਣਪ, ਮਸ਼ਹੂਰੀ; ਤੇਜ਼ੀ.

   brillianCY, *n.* : =brilliance.

   brilliantLY, *adv.* : ਚਮਕ ਨਾਲ, ਸਿਆਣਪ ਨਾਲ, ਸ਼ਾਨ ਨਾਲ, ਰੋਹਬ ਨਾਲ.

brilliant[2], *n.* : ਸ਼ਾਨ ਦਾ ਹੀਰਾ ਤਰਾਸ਼ਿਆ (ਬਹੁਤ ਸਾਰੀ ਤਰ੍ਹਾਂ ਤਰਾਸ਼ਿਆ ਤੇ ਚਮਕ ਵਾਲਾ) ਹੀਰਾ.

brilliantine, *n.* : ਵਾਲ-ਚਮਕਾਊ ਤੇਲ, ਤੇਲ ਖ਼ੁਸ਼ਬੂਦਾਰ ਕ੍ਰੀਮ.

brim, *n.* : (ਪਿਆਲੇ ਜਾਂ ਭਾਂਡੇ ਦਾ) ਕੰਢਾ, ਕੰਨਦੀ; ਕਾਲਮਾ; ਟੋਪੀ ਦਾ ਛੱਜਾ.

   b. full : ਨੱਕੋ ਨੱਕ (ਭਰਿਆ), ਮੂੰਹੋਂ-ਮੂੰਹ, ਨੱਕਾ ਨੱਕ, ਟੱਪੋ-ਟੱਪ, ਕੰਢਿਆਂ ਤਕ ਭਰਿਆ.

   brimLESS, *a.* : ਬੇ-ਕੰਢਾ, ਖੁੱਲ੍ਹਾ.

   brimMED, *a.* : ਕੰਢੇਦਾਰ.

brim, *v. t.* & *i.* : ਭਰਨਾ, ਨੱਕੋ ਨੱਕ ਭਰਨਾ ਜਾਂ ਭਰ ਜਾਣਾ, ਛਲਕਣਾ.

   b. over : ਡੁਲ੍ਹ-ਡੁਲ੍ਹ ਪੈਣਾ, ਡੁਲ੍ਹਣਾ, ਚੜ੍ਹ ਤੁਰਨਾ.

   brimMING, *a.* : ਡੁਲ੍ਹ-ਡੁਲ੍ਹ ਪੈਂਦਾ, ਡੁਲ੍ਹਦਾ, ਛਲਕਦਾ.

brimmer, *n.* : ਨੱਕੋ-ਨੱਕ ਭਰਿਆ ਪਿਆਲਾ, ਭਰਿਆ ਪਿਆਲਾ.

brimstone, *n.* : ਨਰਕਾਂ ਦੀ ਅੱਗ ਦਾ ਬਾਲਣ, ਗੰਧਕ ਦਾ ਪੁਰਾਣਾ ਨਾਂ.

   b. & treacle : ਬੱਚਿਆਂ ਦੀ ਦਵਾਈ, ਕਾੜ੍ਹਾ.

   b. butterfly, moth : ਪੀਲੀ ਤਿੱਤਲੀ ਜਾਂ ਪਤੰਗਾ [illegible].

   brimstoneY, *a.* : ਗੰਧਕੀ.

brindled, brindle, *a.* : ਚਿਤਰ-ਮਿਤਰਾ, ਚਿਤਕਬਰਾ.

brine, *n.* : ਲੂਣ ਵਾਲਾ ਪਾਣੀ, ਖਾਰਾ ਪਾਣੀ; ਸਮੁੰਦਰ; (ਕਵਿਤਾ) ਹੰਝੂ, ਅੱਥਰੂ.

   b. pan : ਪਾਣੀ ਉੱਡਾ ਕੇ ਲੂਣ ਬਣਾਉਣ ਵਾਲਾ ਖੁਲ੍ਹਾ ਕੜਾਹਾ ਜਾਂ ਟੋਆ.

   brinY, *a.* : ਖਾਰਾ, ਖਾਰ ਵਾਲਾ, ਲੂਣ ਵਾਲਾ.

brine, *v. t.* : ਲੂਣ ਲਾਉਣਾ ਜਾਂ ਲੂਣ ਵਿਚ ਰਖਣਾ.

bring, *v. t.* & *i.* (brought) : ਲੈਣਾ, ਲਿਆਉਣਾ, ਲੈ ਆਉਣਾ, ਪਹੁੰਚਾਉਣਾ (ਕਿਸੇ ਹਾਲਤ ਵਿੱਚ); ਪੇਸ਼ ਕਰਨਾ, ਲਾਉਣੀ (ਦਲੀਲ).

   b. action against : ਦਾਵਾ ਕਰਨਾ, ਅਰਜ਼ੀ ਪਾਉਣੀ.

   b. about : ਸਹਾਰਾ ਦੇ ਕੇ ਕਰਨਾ, ਕਾਰਨ ਹੋਣਾ.

   b. away : ਨਾਲ ਲਿਆਉਣਾ.

   b. back : ਚੇਤੇ ਕਰਨਾ, ਯਾਦ ਕਰਨਾ.

   b. down : ਹੇਠਾਂ ਪਟਕਣਾ ਕਰਨਾ, ਘਟੀਆ ਦਸਣਾ, (ਜਿਵੇਂ ਕੀਮਤ) ਘਟਾਉਣੀ; ਤਬਾਹ ਕਰਨਾ, ਢਾਹੁਣਾ, ਲਾਹ ਲੈਣਾ, ਮਾਰ ਦੇਣਾ.

   b. down the house : (ਨਾਟਕ ਵਿਚ) ਲੋਕਾਂ ਵਲੋਂ ਜ਼ੋਰ ਦੀ ਵਾਹਵਾ ਲੈਣੀ.

   b. forth : ਜਣਨਾ, ਪੈਦਾ ਕਰਨਾ, ਹੋਂਦ ਵਿਚ ਲਿਆਉਣਾ.

   b. forward : ਪੇਸ਼ ਕਰਨਾ; ਅਗਾਂਹ ਪਾਣਾ, ਇਕ ਸਫ਼ੇ ਦੀਆਂ ਰਕਮਾਂ ਦੇ ਜੋੜ ਨੂੰ ਅਗਲੇ ਸਫ਼ੇ ਉੱਤੇ ਲਿਖਣਾ.

   brought forward : ਪਿੱਛੋਂ ਲਿਆਂਦਾ.

   b. home to : ਦੋਸ਼ ਵਿੱਚ ਸਜ਼ਾ ਦੇਣਾ, ਪੱਕਾ ਯਕੀਨ, ਸਾਬਤ ਕਰ ਦੇਣਾ.

   b. into play : ਵਰਤੋਂ ਵਿਚ ਲਿਆਉਣਾ.

   b. into world : ਜਨਮ ਦੇਣਾ.

   b. on : ਕਾਰਨ, ਸਬਬ ਹੋਣਾ, ਵਿਚਾਰ ਛੇੜਨੀ.

   b. out : ਛਾਪਣਾ, ਪ੍ਰਕਾਸ਼ਤ ਕਰਨਾ, ਪਰਗਟ ਕਰ ਦੇਣਾ, ਏਲਾਨ ਕਰ ਦੇਣਾ.

   b. over : ਮਿਲਾ ਲੈਣਾ, ਜਿੱਤ ਲੈਣਾ, ਆਪਣੇ ਨਾਲ ਦਾ ਬਣਾ ਲੈਣਾ.

   b. round : ਹੋਸ਼ ਵਿਚ ਲਿਆਉਣਾ, ਠੀਕ ਕਰਨਾ; ਮਨਾਉਣਾ, ਆਪਣੇ ਨਾਲ ਦਾ ਬਣਾ ਲੈਣਾ.

   b. to : ਹੋਸ਼ ਵਿਚ ਲਿਆਉਣਾ, ਜਗਾਉਣਾ, ਰੋਕਣਾ, ਸੰਭਲਣਾ.

   b. to book : ਪੁਛ-ਗਿੱਛ ਕਰਨੀ, ਜਵਾਬ-ਤਲਬੀ ਕਰਨੀ.

   b. to bear : ਕੰਮ ਵਿਚ ਲਿਆਉਣਾ (ਅਸਰ, ਜ਼ੋਰ), ਵਰਤੋਂ ਵਿਚ ਲਿਆਉਣਾ.

   b. to mind : ਚੇਤੇ ਕਰਨਾ, ਚੇਤੇ ਕਰਾਉਣਾ.

   b. to pass : ਕਾਰਨ ਬਣਨਾ, ਸਬਬ ਹੋਣਾ.

   b. through : ਬਚਾ ਲੈਣਾ (ਬਿਮਾਰ ਨੂੰ).

   b. under : ਅਧੀਨ ਕਰਨਾ, ਮਾਤਹਿਤ ਕਰਨਾ.

   b. up : ਪਾਲਣਾ, ਉਠਾਉਣਾ, ਸਿਖਾਉਣਾ, (ਮੁਕੱਦਮਾ) ਚਲਾਉਣਾ; ਥੰਮ੍ਹ ਜਾਣਾ.

   b. in : ਵਰਤੋਂ ਵਿਚ ਲਿਆਉਣਾ, ਲਾਗੂ ਹੋਣਾ.

   b. off : ਬਚਾ ਲਿਆਉਣਾ, ਸਫ਼ਲ ਬਣਾਉਣਾ.

   b. up the rear : ਸਭ ਤੋਂ ਪਿੱਛੋਂ ਆਉਣਾ.

brinjal, *n.* : ਬਤਾਊਂ, ਬੈਂਗਣ; ਵੇਖ egg-plant.

brink, *n.* : ਕੰਢਾ, ਤਟ.

   on b. of grave : ਕਬਰ ਵਿੱਚ ਪੈਰ ਹੋਣੇ, ਮਰਨ-ਕਿਨਾਰੇ ਹੋਣਾ.

   shiver on the b. : ਝਿਜਕਣਾ, ਲਾਂਭੇ ਖਲੋਤੇ ਹੀ ਡਰੀ ਜਾਣਾ.

briquette, briquet, *n.* : ਕੋਲੇ ਦੇ ਚੂਰੇ ਦੀ ਇੱਟ, ਗਟਿੱਟ.

brise-bise, *n.* : ਬਾਰੀ ਦੇ ਹੇਠਲੇ ਹਿੱਸੇ ਤੇ ਲਾਇਆ ਪਰਦਾ.

brisk¹, *a.* : ਤੇਜ਼, ਚੁਸਤ, ਫੁਰਤੀਲਾ, ਫੁਰਤੀਆ; ਜਾਨ-ਪਾਊ, ਜਾਨ ਪਾਣ ਵਾਲੀ (ਸ਼ਰਾਬ, ਹਵਾ).

briskly, *adv.* : ਤੇਜ਼ੀ, ਫੁਰਤੀ, ਨਾਲ.

briskness, *n.* : ਤੇਜ਼ੀ, ਫੁਰਤੀ.

brisk², *v. t. & i.* : ਤੇਜ਼, ਚੁਸਤ, ਫੁਰਤੀਲਾ ਕਰਨਾ ਜਾਂ ਹੋਣਾ.

brisket, *n.* : ਜਾਨਵਰਾਂ ਦਾ ਸੀਨਾ; ਸੀਨੇ ਦਾ ਮਾਸ.

bristle, *n.* : ਸੂਰ ਦਾ ਵਾਲ, ਕਰੜਾ ਵਾਲ; ਮੂੰਹ ਦੀਆਂ ਮੁੱਛਾਂ ਵਿੱਚੋਂ ਇਕ, ਬੂਟੇ ਦੀ ਸੂਲ.

set up one's bb. : ਰੋਹ ਚੜ੍ਹਨਾ, ਗੁੱਸੇ ਵਿਚ ਆਉਣਾ.

set up another's b. : ਰੋਹ ਚੜ੍ਹਾਉਣਾ, ਗੁੱਸੇ ਕਰਨਾ, ਗੁੱਸਾ ਚੜ੍ਹਾਉਣਾ.

bristly, bristled, *a.* : ਕਰੜੇ ਵਾਲਾਂ ਵਾਲਾ, ਸੂਲਾਂ ਵਾਲਾ, ਖੁਰਦਰਾ.

bristle, *v. t. & i.* : ਵਾਲ ਖੜ੍ਹੇ ਹੋਣੇ ਜਾਂ ਕਰਨੇ, ਰੋਹ ਜਾਂ ਗੁੱਸੇ ਵਿਚ ਆਉਣਾ, ਲੜਾਈ ਲਈ ਤਿਆਰ ਹੋਣਾ; ਭਰਿਆ ਹੋਣਾ.

Bristol, *n.* : B. board, ਡਰਾਇੰਗ ਜਾਂ ਨਕਸ਼ੇ ਵਗ਼ੈਰਾ ਲਈ ਇਕ ਕਿਸਮ ਦਾ ਗੱਤਾ.

Britain, *n.* : (also Great B.) : ਬਰਤਾਨੀਆ, ਇੰਗਲੈਂਡ ਵੇਲਜ਼ ਤੇ ਸਕਾਟਲੈਂਡ ਦਾ ਸੰਮਿਲਤ ਦੇਸ਼; ਬਰਤਾਨਵੀ ਸਾਮਰਾਜ.

North B. : ਸਕਾਟਲੈਂਡ.

Greater B. : ਵਡੇਰਾ ਬਰਤਾਨੀਆ, ਬਰਤਾਨੀਆ ਅਤੇ ਇਸ ਦੇ ਸੰਮਿਲਤ ਅਤੇ ਅਧੀਨ ਦੇਸ਼.

Britannia, *n.* : ਬਰਤਾਨੀਆ.

B. metal : ਕਲੀ ਤੇ ਹੋਰ ਧਾਤਾਂ ਦੇ ਮੇਲ ਤੋਂ ਬਣੀ ਚਾਂਦੀ ਵਰਗੀ ਧਾਤ, ਅੰਗਰੇਜ਼ੀ ਨਿਕਲ.

Britannic, *a.* : ਬਰਤਾਨਵੀ, ਬਰਤਾਨੀਆ ਦਾ.

Briticism, *n.* : = Britishism.

British, *a.* : ਬਰਤਾਨਵੀ, ਬਰਤਾਨੀਆ ਦਾ, ਪੁਰਾਣੇ ਬ੍ਰਿਟਨ ਲੋਕਾਂ ਦਾ.

the B. : ਬਰਤਾਨਵੀ ਲੋਕ, ਸਿਪਾਹੀ ਆਦਿ.

B. Academy : ਬ੍ਰਿਟਿਸ਼ ਅਕੈਡਮੀ, ੧੯੦੨ ਵਿਚ ਬਣੀ ਇਕ ਵਿਦਿਅਕ ਸੰਸਥਾ ਜੋ ਇਤਿਹਾਸਕ ਤੇ ਦਾਰਸ਼ਨਿਕ ਵਿਗਿਆਨ ਦਾ ਪਰਚਾਰ ਕਰਦੀ ਹੈ.

B. Association : ਬ੍ਰਿਟਿਸ਼ ਐਸੋਸੀਏਸ਼ਨ, ਸਾਇੰਸ ਦਾ ਗਿਆਨ ਵਧਾਣ ਲਈ ਬਣੀ ਸਭਾ.

B. Empire : ਬਰਤਾਨਵੀ ਸਾਮਰਾਜ.

B. Museum : ਬ੍ਰਿਟਿਸ਼ ਮਿਊਜ਼ੀਅਮ, ਲੰਡਨ ਦਾ ਅਜਾਇਬ ਘਰ.

Britisher, *n.* : ਅੰਗਰੇਜ਼.

Britishism, *n.* : ਅੰਗਰੇਜ਼ੀ ਮੁਹਾਵਰਾ, ਬਰਤਾਨਵੀਪਣਾ, ਅੰਗਰੇਜ਼ੀ ਢੰਗ.

Briton, *n.* : ਦੱਖਣੀ ਇੰਗਲੈਂਡ ਦੀ ਇਕ ਕੌਮ, ਬਰਤਾਨੀਆ ਦਾ ਵਸਨੀਕ.

North B. : ਸਕਾਟਲੈਂਡ ਦਾ ਵਸਨੀਕ.

brittle, *a.* : ਕੜਕੀਲਾ, ਭੁਰਭੁਰਾ, ਕੁਰਕੁਰਾ, ਕਮਜ਼ੋਰ, ਤਿੜਕਣ, ਟੁੱਟਣ, ਵਾਲਾ, ਨਾਜ਼ੁਕ.

brittleness, *n.* : ਭੁਰਭੁਰਾਪਣ, ਕਮਜ਼ੋਰੀ, ਨਾਜ਼ੁਕ ਹਾਲਤ, ਟੁੱਟਣ.

broach¹, *n.* : ਸੀਖ (ਮਾਸ ਭੁੰਨਣ ਦੀ), ਗਿਰਜੇ ਦੀ ਨੋਕ.

broach², *v. t.* : ਪੀਪੇ ਵਿੱਚੋਂ ਸ਼ਰਾਬ ਕੱਢਣ ਲਈ ਮੋਰੀ ਕਰਨੀ; ਛੇਕ ਲਾਣਾ; ਵਰਤਣ ਦੇ ਯੋਗ ਬਣਾਉਣਾ; (ਵਿਚਾਰ) ਛੇੜਨੀ, (ਬਹਿਸ) ਸ਼ੁਰੂ ਕਰਨੀ.

broach, *v. t. & i.* : ਹਵਾ ਤੇ ਲਹਿਰਾਂ ਨਾਲ ਜਹਾਜ਼ ਦਾ ਪਾਸਾ ਮੋੜਨਾ ਜਾਂ ਮੁੜਨਾ.

broad, *a., n. & adv.* : ਚੌੜਾ, ਮੋਕਲਾ, ਖੁੱਲ੍ਹਾ, ਵਿਸ਼ਾਲ, ਸਾਫ਼ ਸਾਫ਼; ਪੂਰਾ, ਚੌੜਾ, ਉਜਾੜ; ਸਰਬਪੱਖ, ਮੋਟਾ, ਮੁੱਖ ਤੌਰ ਤੇ, ਸਾਫ਼ ਤੌਰ ਤੇ.

b.-blown : ਪੂਰੇ ਜੋਬਨ ਉੱਤੇ.

b.cloth : ਵਧੀਆ ਅਰਜ਼ ਦੀ ਕੀਮਤੀ ਬਨਾਤ; ਲੱਠਾ.

b. conclusion : ਮੋਟਾ ਸਿੱਟਾ.

in b. daylight : ਦਿਨ-ਦੀਵੀਂ, ਦਿਨ ਦਿਹਾੜੇ.

b. distinction : ਮੋਟਾ ਫ਼ਰਕ, ਮੁੱਢਲਾ ਫ਼ਰਕ.

b. facts : ਮੋਟੀਆਂ ਮੋਟੀਆਂ ਗੱਲਾਂ.

b. gauge : ਵੇਖੋ gauge.

b. hint : ਖੁੱਲ੍ਹਾ ਇਸ਼ਾਰਾ.

b.-minded : ਖੁੱਲ੍ਹ-ਦਿਲਾ.

b.-mindedness : ਖੁੱਲ੍ਹ-ਦਿਲੀ.

b. rule : ਚਲਦੀ ਰੀਤ, ਆਮ ਕਾਇਦਾ.

b.sheet : ਵੱਡਾ ਇਕਪਾਸੜ ਛਪਿਆ ਕਾਗ਼ਜ਼.

b.side : ਜਹਾਜ਼ ਦਾ ਖੁੱਲ੍ਹਾ ਹਿੱਸਾ, ਜਹਾਜ਼ ਦੇ ਇਕ ਪਾਸੇ ਦੀਆਂ ਤੋਪਾਂ.

b.sword : ਖੁੱਲ੍ਹੇ ਫਲ ਵਾਲੀ ਤਲਵਾਰ.

broaden, *v. t. & i.* : ਚੌੜਾ, ਖੁੱਲ੍ਹਾ ਕਰਨਾ, ਮੋਕਲਾ ਕਰਨਾ.

broadly, *adv.* : ਖੁੱਲ੍ਹੇ ਤੌਰ ਤੇ, ਮੋਟੀ ਨਜ਼ਰ ਨਾਲ.

broadways, broadwise, *adv.* : ਚੌੜਾਈ ਵਿਚ; ਚੌੜਾਈ ਦੇ ਰੁਖ਼; ਚੌੜਾਨ ਵਿਚ; ਚੌੜੇ-ਦਾਅ.

broadcast, *n., adv., v. t. & i.* (*past* -casted, *p.p.* -cast) & *a.* : ਖਿਲਾਰਨਾ, ਪਸਾਰਨਾ, (ਬੀਜ) ਛੱਟਾ ਦੇਣਾ (ਸਿਆੜਾਂ ਜਾਂ ਪੋਰ ਦੇ ਉਲਟ); ਛੱਟੇ ਦੇ ਢੰਗ ਨਾਲ, ਖਿੰਡਿਆ ਹੋਇਆ; ਖਿਲਰਿਆ ਹੋਇਆ; (ਅਲੰਕਾਰਕ) ਮਸ਼ਹੂਰ ਕਰਨਾ, ਫੈਲਾਉਣਾ, ਪਰਚਾਰ ਕਰਨਾ, ਢੰਡੋਰਾ ਫੇਰਨਾ, ਰੇਡੀਓ-ਖ਼ਬਰਾਂ ਦੇਣੀਆਂ; (ਰੇਡੀਓ) ਰੇਡੀਓ ਰਾਹੀਂ ਖ਼ਬਰਾਂ, ਰਾਗ ਜਾਂ ਹੋਰ ਸੁਣਨ ਵਾਲੀਆਂ ਚੀਜ਼ਾਂ ਸੁਣਾਉਣੀਆਂ ਜਾਂ ਨਸ਼ਰ ਕਰਨੀਆਂ; ਰੇਡੀਓ ਸਟੇਸ਼ਨ ਤੋਂ ਗਾਉਣਾ ਜਾਂ ਬੋਲਣਾ.

broadcast, *n.* : ਰੇਡੀਓ ਤੋਂ ਸੁਣਾਏ ਜਾਣ ਦਾ ਪ੍ਰੋਗਰਾਮ, ਐਲਾਨ, ਹੋਕਾ.

broadish, *a.* : ਚੌੜੇਰਾ, ਜ਼ਰਾ ਚੌੜਾ ਜਿਹਾ.

broadness, *n.* : (ਬੋਲਚਾਲ ਦਾ) ਕਰੂਪਪਣ, ਗੰਵਾਰਪੁਣਾ.

Brobdingnag, *n.* : ਦੈਂਤ-ਭੂਮੀ, ਜਾਇੰਟਲੈਂਡ, ਦੈਂਤਾਂ ਦਾ ਦੇਸ਼.

Brobdingnagian : ਜਬਰਾ, ਦੈਂਤ.

brocade, *n.* : ਕੀਮਖ਼ਾਬ, ਜ਼ਰੀ, ਕਿਨਾਰੀ.

broche, *a. & n.* : ਕਢਿਆ ਹੋਇਆ (ਕਪੜਾ), ਕਸੀਦਾ, ਬੂਟੇਦਾਰ ਕਪੜਾ, ਜ਼ਮਦਾਨੀ.

broc(c)oli, *n.* : ਫੁੱਲ-ਗੋਭੀ ਦੀ ਇਕ ਕਿਸਮ.

brochure, *n.* : ਟ੍ਰੈਕਟ, ਕਿਤਾਬਚੀ, ਪੈਂਫ਼ਲਟ.

brock, *n.* : ਗੰਦਾ ਆਦਮੀ, ਬਿੱਜੂ.

brocket, *n.* : ਦੋ ਸਾਲ ਦਾ ਬਾਰਾਂਸਿੰਗਾ ਜਿਸ ਦੇ ਸਿੱਧੇ ਸਿੰਗ ਹੋਣ.

brogue¹, *n.* : ਆਇਰਲੈਂਡ ਤੇ ਸਕਾਟਲੈਂਡ ਦੀ ਚੰਮ ਦੀ ਮੋਟੀ ਜੁੱਤੀ.

fishing b's. : ਮੱਛੀਆਂ ਫੜਨ ਲਈ ਲਿੱਤਾਂ, ਪੈਰਾਂ ਵਾਲੀ ਅਜਿਹੀ ਜੁੱਤੀ ਜਿਸ ਤੇ ਪਾਣੀ ਦਾ ਅਸਰ ਨਾ ਹੋਵੇ.

brogue², *n.* : ਮੋਟਾ ਲਹਿਜਾ (ਆਇਰਲੈਂਡ ਦਾ), ਗ਼ਲਤ ਉਚਾਰਣ.

broil¹, *n.* : ਝਗੜਾ, ਰੌਲਾ, ਫ਼ਸਾਦ, ਰੌਲਾ ਰੱਪਾ.

broil², *v. t. & i.* : ਸੇਕ ਨਾਲ ਤਪਣਾ ਜਾਂ ਤਪਾਉਣਾ, ਧੁੱਪ ਸੇਕਣਾ, ਭੁੰਨਣਾ; ਸੀਖਾਂ ਉੱਤੇ ਭੁੰਨਣਾ.

broil², *n.* : ਭੁੰਨਿਆ ਮਾਸ.

broke¹, *n.* : ਕੱਟੇ ਹੋਇਆਂ ਦੀ ਉੱਨ.

broke², (*p. & p.p.* of break) : ਟੁੱਟਾ ਹੋਇਆ; ਕੰਗਾਲ ਹੋਇਆ (ਬੋਲਚਾਲ); ਦਿਵਾਲੀਆ.

broken, *a.* : ਟੁੱਟਾ ਹੋਇਆ, ਟੁੱਟਾ ਫੁੱਟਾ, ਟੁੱਟਾ ਭੱਜਾ, ਟੀਟੇ-ਟੀਟੇ; ਖੰਡਤ, ਅਧੂਰਾ.

b. English : ਟੁੱਟੀ ਫੁੱਟੀ, ਗ਼ਲਤ-ਮਲਤ, ਅਸ਼ੁੱਧ ਅੰਗਰੇਜ਼ੀ.

b. ground : ਉੱਚੀ-ਨੀਵੀਂ ਥਾਂ, ਟੋਏ-ਟਿੱਬੇ.

b.-hearted : ਟੁੱਟੇ ਦਿਲ ਵਾਲਾ, ਨਿਰਾਸ਼, ਉਦਾਸ.

b. man : ਨਿਰਾਸ਼, ਨਾਮੁਰਾਦ ਮਨੁੱਖ.

b. meat etc. : ਰਹਿੰਦ-ਖੂੰਹਦ, ਜੂਠ, ਬਚਿਆ-ਖੁਚਿਆ ਖਾਣਾ ਜਾਂ ਮਾਸ.

b. money : ਭੰਨ-ਖਤ.

b. numbers : ਖਲੇਰਾਂ, ਅਪੂਰਣ ਗਿਣਤੀ.

b.-reed : ਟੁੱਟਾ-ਆਸਰਾ, ਬੇਇਤਬਾਰਾ ਆਦਮੀ.

b. sleep : ਉੱਖੜੀ ਨੀਂਦਰ, ਉੱਚਟ ਨੀਂਦ.

b. tea : ਚਾਹ ਦਾ ਚੂਰਾ, ਚੂਰਾ-ਚਾਹ.

b. time : (ਕੰਮ ਤੋਂ) ਖੁੰਝਾਇਆ ਸਮਾਂ.

b. voice : ਟੁੱਟੀ ਅਵਾਜ਼.

b. water : ਪਾਣੀ ਦੇ ਵੱਟ, ਲਿਸ਼ਕਦੀਆਂ ਲਹਿਰਾਂ.

b. weather : ਬੇਵਸਾਹੀ ਰੁੱਤ, ਘੜੀ ਘੜੀ ਬਦਲਣ ਵਾਲਾ ਮੌਸਮ.

b.-winded : ਸਿਹਕਦਾ (ਘੋੜਾ, ਫੇਫੜਿਆਂ ਦੀ ਖ਼ਰਾਬੀ ਕਰਕੇ).

brokenly, *adv.* : ਰੁਕ-ਰੁਕ ਕੇ, ਵਿਚ ਵਿਚ ਦੀ, ਝਟਕਿਆਂ ਨਾਲ, ਹੁਬਕੀਆਂ ਨਾਲ, [illegible].

broker, *n.* : ਕਬਾੜੀਆ, ਟੁੱਟੀਆਂ-ਫੁੱਟੀਆਂ ਚੀਜ਼ਾਂ ਦਾ ਵਪਾਰੀ; ਦਲਾਲ, ਵਿਚੋਲਾ, ਏਜੰਟ, ਮੁਖਤਾਰ, ਆੜ੍ਹਤੀ; ਕੁਰਕ ਹੋਏ ਮਾਲ ਨੂੰ ਵੇਚਣ ਦਾ ਹੱਕਦਾਰ ਵਾਲਾ.

brokerage, *n.* : ਦਲਾਲੀ, ਆੜ੍ਹਤ, ਦਸਤੂਰੀ.

broking, *n.* : ਦਲਾਲੀ, ਸੱਟਾ.

brolly, *n.* : ਛੱਤਰੀ, ਛਤਰੀ.

bromal, *n.* : ਬਰੋਮਲ, ਅਲਕੋਹਲ ਉੱਤੇ ਬਰੋਮਾਈਨ [illegible] ਹੋਈ ਮਿਸ਼ਰਤ ਚੀਜ਼.

bromic, *a.* : ਬਰੋਮੀ, ਰਸਾਇਣੀ ਸਮਾਸ ਵਿੱਚ ਬਰੋਮਾਈਨ ਦੇ ਰਲੇ ਵਾਲਾ.

bromate, *n.* : ਬਰੋਮੇਟ, ਬਰੋਮਾਈਨ ਦੇ ਤੇਜ਼ਾਬ ਨਾਲ ਬਣੀ ਰਸਾਇਣਿਕ ਮਿਸ਼.

bromide, *n.* : ਬਰੋਮਾਈਡ, ਬਰੋਮਾਈਨ ਦੀ ਮਿਸ਼.

b. paper : ਬਰੋਮਾਈਡ ਕਾਗ਼ਜ਼, ਫ਼ੋਟੋਗਰਾਫ਼ੀ ਦਾ ਕਾਗ਼ਜ਼.

bromine, *n.* : ਬਰੋਮਾਈਨ, ਜ਼ਹਿਰੀਲ ਦ੍ਰਵ ਵਿਚ ਮਿਲਣ ਵਾਲੀ ਤੱਤ ਜੋ ਕਈ ਰਸਾਇਣਿਕ ਸਮਾਸਾਂ ਵਿਚ ਵਰਤਿਆ ਜਾਂਦਾ ਹੈ.

bromize, *v. t.* : ਬਰੋਮਾਈਨ ਰਲਾਉਣਾ.

bromism, *n.* : ਬਰੋਮਾਈਨ ਦਾ ਰੋਗ.

bronchi, **bronchia**, *n.* *pl.* : ਹਵਾ-ਨਾਲੀ ਦੇ ਦੋ ਵੱਡੇ ਭਾਗ, ਅਤੇ ਉਨ੍ਹਾਂ ਦੀਆਂ ਛੋਟੀਆਂ ਨਾਲੀਆਂ.

bronchial, *a.* : ਇਨ੍ਹਾਂ ਸੰਬੰਧੀ.

bronchotomist, *n.* : ਇਨ੍ਹਾਂ ਦਾ ਵਿਗਿਆਨੀ.

bronchitis, *n.* : ਹਵਾ-ਨਾਲੀ ਦੀ ਸੋਜ, ਰੇਸ਼ਾ-ਖੰਘ.

bronchitic, *a.* : ਇਸ ਬੀਮਾਰੀ ਵਾਲਾ, [illegible].

bronchocele, *n.* : ਗਿਲ੍ਹੜ.

bronze, *n.* & *a.* : ਕਹਿਆਂ, ਕਾਂਸੀ, ਕੈਂਹ, ਕਾਂਸੀ ਦੀ ਬਣੀ ਹੋਈ ਕੋਈ ਵਸਤ; ਕੈਂਹ ਦਾ ਰੰਗ; ਕਾਂਸੀ ਦਾ.

b. age : ਉਹ ਸਮਾਂ ਜਦ ਹਥਿਆਰ ਕੈਂਹ ਦੇ ਬਣਦੇ ਸਨ.

bronzy, *a.* : ਕਾਂਸੀ-ਰੰਗਾ, ਕੈਂਹ ਵਰਗਾ, ਕੈਂਹ ਤੋਂ ਬਣਿਆ.

bronze, *v. t.* & *i.* : ਕੈਂਹ ਵਰਗਾ ਬਣਾਉਣਾ, ਕੈਂਹ ਦੇ ਰੰਗ ਦਾ ਕਰਨਾ ਜਾਂ ਹੋ ਜਾਣਾ, ਧੁੱਪ ਨਾਲ ਰੰਗ ਸਾਂਵਲਾ ਪੈ ਜਾਣਾ.

brooch, *n.* : ਜੜਾਊ ਪਿੰਨ, ਜੋ ਇਸਤ੍ਰੀਆਂ ਦੇ ਕਪੜਿਆਂ ਨਾਲ ਲਾਈ ਜਾਂਦੀ ਹੈ, ਬਰੂਚ.

brood[1], *n.* : ਝੋਲ, ਬਾਲ ਬੱਚੇ, ਉੱਲਰ-ਪੁੱਤਰ (ਘਿਰਣਾ ਨਾਲ); ਚੋਜ਼ੂ, ਵੰਸ਼ (ਪੰਛੀਆਂ ਦਾ).

brood[2], *v. i.* : ਆਂਡਿਆਂ ਉੱਤੇ ਬਹਿਣਾ (ਮੁਰਗੀ ਦਾ); ਜਾ ਆਂਡਾ ਜਾਂ ਘਿਰ ਆਉਣਾ (ਰਾਤ ਆਦਿ ਦਾ); ਮਨਸੂਬੇ ਘੜਨੇ, ਮਤੇ ਪਕਾਣੇ; ਖ਼ਿਆਲ ਵਿੱਚ ਲੀਨ ਹੋਣਾ, ਵਿਚਾਰਾਂ ਵਿੱਚ ਡੁੱਬੇ ਹੋਣਾ.

broody, *a.* : ਆਂਡਿਆਂ ਤੇ ਬੈਠੀ, ਕੁੜਕ; ਚਿੰਤੇ ਬੈਠਾ, ਉਦਾਸ.

broodiness, *n.* : ਕੁੜਕ ਅਵਸਥਾ, ਕੁੜਕਪੁਣਾ; ਝੋਰਾ, ਚਿੰਤਾ.

brook, *n.* : ਨਾਲਾ, ਵਾਹ, ਦਰਿਆ, ਨੈਂ, ਛੋਟੀ ਨਦੀ.

brooklet : ਨਦੀ, ਸੋਤ, ਛੋਟਾ ਨਾਲਾ.

brook, *v. t.* : ਝੱਲਣਾ, ਸਹਿਣਾ.

broom, *n.* : ਝਾੜੂ, ਪੀਲੇ ਫੁੱਲਾਂ ਵਾਲੀ ਝਾੜੀ ਜੋ ਰੇਤਲੇ ਥਾਂਵਾਂ ਉੱਤੇ ਉੱਗਦੀ ਹੈ; ਝਾੜੂ, ਬੁਹਾਰੀ, ਬਾਬਰ, ਝਾੜੀ, ਮਾਂਜਣ, ਦੱਭਣ.

b. stick : ਝਾੜੂ ਦਾ ਡੰਡਾ.

new b. : ਨਵਾਂ ਨੌਕਰ ਹੋਇਆ ਅਫ਼ਸਰ, ਜੋ ਬੇਸਬਰੀ ਦੇ ਕਾਰਨ ਕਈ ਸੁਧਾਰ ਕਰਦਾ ਹੈ.

brose, *n.* : [illegible] ਜਵੀਂ ਦੇ ਆਟੇ ਉੱਤੇ ਉਬਲਦਾ ਪਾਣੀ ਜਾਂ ਦੁੱਧ ਪਾ ਕੇ ਬਣਾਈ ਚੀਜ਼.

broth, *n.* : ਸ਼ੋਰਬਾ, ਰਸਾ, ਯਖ਼ਨੀ, [illegible].

brothel, *n.* : ਚਕਲਾ, ਰੰਡੀਖਾਨਾ, ਕੋਠਾ-ਕੋਠੀ.

brother, *n.* (*pl.* brothers or brethren) : ਭਰਾ, ਵੀਰ, ਭਾਈ, ਮਾਂ-ਪਿਉ ਜਾਇਆ, (ਧਾਰਮਿਕ ਵਿੱਚੋਂ) ਭਾਈ-ਬੰਦ, ਪ੍ਰੇਮ-ਭਾਈ, ਧਰਮ-ਭਾਈ; ਮਿੱਤਰ; ਸਾਥੀ.

half-b. : ਮਤ੍ਰੇਆ ਭਰਾ, ਮਤ੍ਰੇਆ ਵੀਰ.

b. german : ਮਾਂ-ਪਿਉ ਜਾਇਆ, ਸਕਾ ਭਰਾ.

b. uterine : ਕੇਵਲ ਮਾਂ ਵਲੋਂ ਭਰਾ.

b.-in-law : ਸਾਲਾ, ਭਣਵਈਆ, ਜੀਜਾ, ਜੇਠ, ਦਿਉਰ, ਸਾਂਢੂ.

brotherless, *a.* : ਭਰਾ ਹੀਣ, ਬਿਨ-ਭਾਈ, ਇਕੱਲਾ.

brotherlike, *a.* & *adv.* : ਭਰਾਵਾਂ ਵਾਂਗ.

brotherly, *a.* & *adv.* : ਭਰਾ-ਚਾਰੇ ਦੀ ਤਰ੍ਹਾਂ, ਭਰਾਵਾਂ ਵਾਂਗ.

brotherliness, *n.* : ਭਰੱਪਣ, ਭਰਾਵਾਂ ਵਾਲੀ ਵਰਤੋਂ, ਭ੍ਰਾਤਰੀ-ਭਾਵ.

brotherhood, *n.* : ਭਾਈਚਾਰਾ, ਬਰੋਕਾ, ਬਰਾਦਰੀ, ਭਾਈਬੰਦੀ, ਭਰਾਵਲੀ; ਸਮਾਜ, ਇਕ-ਮਤੀ ਸਭਾ.

brougham, *n.* : (ਇੱਕੋ ਘੋੜੇ ਦੀ ਜਾਂ ਬਿਜਲੀ ਵਾਲੀ) ਬੰਦ ਗੱਡੀ.

brought, : *bring* ਦਾ ਭੂਤ ਕਾਲ ਅਤੇ ਕਾਰਦੰਤਕ.

brow[1], *n.* (usu. *pl.*) : ਭਰਵੱਟਾ, ਭਰਵੱਟੇ, ਭੌਂ; ਮੱਥਾ; ਪਹਾੜ ਦੀ ਚੋਟੀ, ਕੰਢਾ (ਪਹਾੜੀ ਦਾ), ਕੰਢਾ.

knit, bend one's bb. : ਨੱਕ ਚਾੜ੍ਹਨਾ, ਮੱਥੇ ਵੱਟ ਪਾਣਾ, ਘੂਰੀ ਵੱਟਣੀ.

b.-ague : ਅੱਧ-ਕਪਾਲਾ.

browed, *a.* : ਭਰਵੱਟੇ ਵਾਲਾ, ਕੰਢੇ ਵਾਲਾ.

brow[2], *n.* : ਜਹਾਜ਼, ਕਿਸ਼ਤੀਆਂ ਦਾ ਚਾਲਣਾਂ ਰਸਤਾ, ਪਉੜੀ.

browbeat, *v. t.* : ਧੌਂਸ-ਧਮਕੀ ਦੇਣੀ, ਘੂਰਨਾ, ਘੂਰੀ ਵੱਟਣੀ, ਡਰਾਉਣਾ, ਧਮਕਾਉਣਾ, ਡਰਾਣਾ, ਦਬਕਾ ਮਾਰਨਾ.

browbeating, *n.* : ਘੂਰੀ, ਦਬਕਾ.

brown, *a.*, *n.*, *v. t.* & *i.* : ਭੂਰਾ, ਕਥਈ; ਘਸਮੈਲਾ, ਸਾਉਲਾ; ਕਣਕਵੰਨੀ; ਭੂਰਾ ਰੰਗ, ਭਾਹ (ਵਿਸ਼ੇਸ਼ ਚੀਜ਼ਾਂ ਦੀ); ਅੱਗੀ ਜਾਂ ਭੂਰਾ ਕਰਨਾ, ਰੰਗਣਾ (ਰੋਟੀ ਨੂੰ).

b. bread : ਅਣਛਾਣੇ ਆਟੇ ਦੀ ਰੋਟੀ.

b. coal : ਕੱਚਾ ਕੋਲਾ, ਭੂਰੇ ਰੰਗ ਦਾ ਕੋਲਾ ਜਿਸ ਵਿੱਚ ਅਜੇ ਵੀ ਲੱਕੜ ਹੋਵੇ.

b. paper : ਭੂਰਾ ਕਾਗਜ਼, ਖ਼ਾਕਸਾਰੀ ਕਾਗ਼ਜ਼ (ਜਿਸ ਵਿਚ ਪਾਰਸਲ ਲਪੇਟਿਆ ਹੈ).

b. study : ਸੋਚਾਂ ਦੇ ਸਮੁੰਦਰ ਵਿੱਚ ਗੋਤਾ, ਡੂੰਘੀ ਸੋਚ, ਆਪ-ਮੁਹਾਰੀ.

b. sugar : ਸ਼ੱਕਰ, ਦੇਸੀ ਖੰਡ.

b. ware : ਮਿੱਟੀ ਦੇ ਭਾਂਡੇ.

to fire into the b. : ਡਾਰ ਦੀ ਡਾਰ ਨੂੰ ਫੁੰਡਣਾ, ਅੰਧਾ-ਧੁੰਦ ਗੋਲੀ, ਮਾਰਨੀ.

brownish, *a.* : ਭੂਰਾ ਜਿਹਾ, ਸਾਂਵਲਾ ਜਿਹਾ.

brownness, *n.* : ਭੂਰਾਪਣ, ਸਾਂਵਲਾਪਣ.

brownie, *n.* : ਇੱਕ ਕਿਸਮ ਦਾ ਲਾਭੂ ਭੂਤਨਾ ਜੋ ਰਾਤੀਂ ਰੱਤੀਂ ਘਰ ਦਾ ਕੰਮ ਕਰ ਜਾਂਦਾ ਹੈ; ਇਕ ਕਿਸਮ ਦਾ ਕੈਮਰਾ; ਗਰਲਗਾਈਡਾਂ ਵਿਚ ੮ ਤੋਂ ੧੧ ਸਾਲ ਦੀ ਕੁੜੀ.

Browning, *n.* : ਨਵੀਂ ਕਿਸਮ ਦਾ ਪਿਸਤੌਲ.

browse, *n.* : ਪੱਤੇ, ਚਾਰਾ, ਚਰਨਾ, ਹਰਾ ਘਾਹ, ਜੰਗਲ ਦਾ ਚਾਰਾ.

browse, *v. t. & i.* : ਚਰਨਾ, ਮੂੰਹ ਮਾਰਨਾ; (ਅਲੰਕਾਰਕ) ਮੌਜ ਨਾਲ ਪੜ੍ਹਨਾ.

Bruin, *n.* : ਰਿੱਛ (ਕਹਾਣੀ-ਨਾਂ).

bruise, *n.* : ਰਗੜ, ਝਰੀਟ, ਪੱਚੜ, ਖਰਿਸਤ, ਸੱਟ; ਲਾਸ, ਨਿਸ਼ਾਨ, ਦਾਗ (ਜੋ ਫਲਾਂ ਨੂੰ ਲਗ ਜਾਂਦਾ ਹੈ).

bruise, *v. t. & i.* : ਸੱਟ ਲਗਣੀ ਜਾਂ ਲਾਉਣੀ, ਰਗੜ ਜਾਂ ਝਰੀਟ ਲਗਣੀ ਜਾਂ ਲਾਉਣੀ; ਫਿਸਣਾ ਜਾਂ ਫੇਹਣਾ, ਚਿਥਣਾ, ਖੱਖੀਆਂ; ਦਲਣਾ, ਪਿਸਣਾ.

bruiser, *n.* : ਇਨਾਮ ਜਿੱਤਣ ਲਈ ਘਸੁੰਨਬਾਜ਼ੀ ਦੀ ਖੇਡ ਖੇਡਣ ਵਾਲਾ, ਮਾਰਨ ਵਾਲਾ.

brumous, *a.* : ਸਿਆਲੀ, ਧੁੰਦਲੀ.

brunette, *n. & a.* : ਕਾਲੀ ਤੇ ਭੂਰੇ ਵਾਲਾਂ ਵਾਲੀ (ਤ੍ਰੀਮਤ).

brunt, *n.* : ਮੁਕਾਬਲਾ ਜ਼ੋਰ (ਆਸ ਕਰਕੇ ਹਮਲੇ ਦਾ), ਜ਼ੋਰ.

brush¹, *n.* : ਬੁਰਸ਼, ਝਾੜਨੀ, ਕੂਚੀ, ਛੋਟੀ ਟੱਚ (ਬੁਹਾਰੇ ਦਾ), ਪੂਛਲੀ (ਲੂੰਬੜੀ ਦੀ); (ਬਿਜਲੀ) ਬੁਰਸ਼ ਵਾਂਗ ਬਿਜਲੀ ਦੇ ਚੰਗਿਆੜਿਆਂ ਦਾ ਨਿਕਲਣਾ, ਧਾਤ ਦਾ ਟੋਟਾ ਜਿਸ ਦੇ ਸਿਰੇ ਤੇ ਬੁਰਸ਼ ਵਾਂਗ ਤਾਰਾਂ ਹੋਣ; ਕਲਮ (ਚਿਤਰਕਾਰ ਦੀ); ਚਿਤਰਕਾਰੀ ਦੀ ਤਰਜ਼ ਜਾਂ ਢੰਗ; ਖਹਿਬੜ, ਝੜਪ, ਨੋਕ-ਝੋਕ; (ਪ੍ਰਾਂਤਕ) ਸੰਘਣੀ ਝਾੜੀ.

b.-pencil : ਚਿਤਰਕਾਰ ਦਾ ਬੁਰਸ਼, ਕੂਚੀ.

b.-wood : ਸੰਘਣੀਆਂ ਝਾੜੀਆਂ, ਮਲ੍ਹੇ.

b.-work : ਕਲਾਕਾਰੀ.

brushy, *a.* : ਕੂਚੀ ਵਾਂਗ, ਝੱਤਲ, ਸੰਘਣਾ; ਝਾੜੀਦਾਰ.

brush², *v. t. & i.* : ਬੁਰਸ਼ ਕਰਨਾ, ਬੁਰਸ਼ ਲਾਉਣਾ, ਕੂਚੀ ਫੇਰਨੀ, ਝੱਚ ਫੇਰਨਾ, ਸਾਫ਼ ਕਰਨਾ, ਝਾੜਨਾ, ਝਾੜ-ਝੰਬ ਕੇ ਰਖਣਾ, ਖਹਿਸਰ ਕੇ ਲੰਘਣਾ, ਖਹਿਸਰਨਾ; ਛੇਤੀ ਛੇਤੀ ਲੰਘਣਾ.

b. aside, away : ਲਾਂਭੇ ਕਰ ਛੱਡਣਾ, ਬੇਪਰਵਾਹੀ ਨਾਲ ਲੰਘ ਜਾਣਾ, ਪਰਿਤੇ ਕਰ ਛੱਡਣਾ, ਅੱਖੋਂ ਓਹਲੇ ਕਰ ਦੇਣਾ, (ਪਸ਼ੂਆਂ ਦਾ) ਖੇਤੀ ਨਾਲ ਦੇ ਨਿਆਰਨਾ.

b. up : ਲਿਸ਼ਕਾਉਣਾ, ਮਾਂਜਣਾ; ਚੇਤੇ ਕਰਨਾ, ਯਾਦ ਤਾਜ਼ੀ ਕਰਨੀ.

brusque, *a.* : ਖੁੰਢਾ, ਕਰੂਵਾ, ਅੱਖੜ, ਖਰੀਆਂ ਖਰੀਆਂ ਸੁਣਾਉਣ ਵਾਲਾ, ਮੂੰਹ-ਫੱਟ.

brusqueLY, *adv.* : ਕਰੂੜੇ ਢੰਗ ਨਾਲ.

brusqueNESS }
brusquerie } *nn.* : ਅੱਖੜਪਣ, ਅੱਖੜਪੁਣਾ.

brutal, *a.* : ਨਿਰਦਈ, ਸਖ਼ਤ, ਕਠੋਰ, ਰੁੱਖਾ, ਹੈਵਾਨੀ, ਬੇਦਰਦ, ਬੇਰਹਮ, ਜ਼ਾਲਮ, ਵਹਿਸ਼ੀ.

brutalITY, *n.* : ਜ਼ਾਲਮੀ, ਨਿਰਦੈਤਾ, ਬੇਰਹਮੀ, ਬੇਦਰਦੀ, ਪਸ਼ੂਪੁਣਾ, ਜ਼ੁਲਮ, ਕਠੋਰਤਾ.

brutalLY, *adv.* : ਬੇਰਹਮੀ ਨਾਲ, ਕਠੋਰਤਾ ਨਾਲ.

brutalize, *v. t. & i.* : ਕਠੋਰ ਬਣਾ ਦੇਣਾ, ਪਸ਼ੂ ਬਣਾ ਦੇਣਾ, ਜੰਗਲੀ ਬਣਾਉਣਾ.

brutalIZATION, *n.* : ਜੰਗਲਿਆਉਣ.

brute, *a. & n.* : ਪਸ਼ੂ, ਡੰਗਰ, ਹੈਵਾਨ, ਵਹਿਸ਼ੀ, ਜਾਂਗਲੀ, ਉਜੱਡ, ਪਸ਼ੂ-ਬਿਰਤੀ ਵਾਲਾ, ਜਾਨਵਰ, (ਮਨੁੱਖੀ ਸੂਰਤ ਵਿਚ) ਪਸ਼ੂ-ਬਿਰਤੀ.

bruteHOOD, *n.* : ਪਸ਼ੂਪੁਣਾ.

brutISH, *a.* : ਵਹਿਸ਼ੀ, ਜ਼ਾਲਮ, ਹੈਵਾਨਾਂ ਜਿਹਾ, ਹੈਵਾਨਾਂ.

brutISHLY, *adv.* : ਵਹਿਸ਼ੀਆਂ ਵਾਂਗ, ਡੰਗਰਾਂ ਵਾਂਗ.

brutISHNESS, *n.* : ਵਹਿਸ਼ੀਪੁਣਾ, ਡੰਗਰਪੁਣਾ.

brutIFY, *v. t.* : ਵਹਿਸ਼ੀ, ਜ਼ਾਲਮ ਜਾਂ ਬੇਰਹਮ ਬਣਾਉਣਾ.

brutIFICATION, *n.* : ਵਹਿਸ਼ੀ, ਜ਼ਾਲਮ, ਬੇਰਹਮ ਬਣਾਉਣ ਦੀ ਕ੍ਰਿਆ.

brutum fulmen [L.], *n.* : ਫੋਕੀ ਧਮਕੀ, ਫੋਕਾ ਡਰਾਵਾ.

bubble¹, *n.* : ਬੁਲਬੁਲੀ, ਬੁਲਬੁਲਾ, ਬੁਦਬੁਦੀ; ਉਬਾਲੇ ਦੀ ਆਵਾਜ਼, ਖੁਦਬੁਦ; ਹਵਾਈ ਕਿਲ੍ਹਾ, ਖ਼ਿਆਲੀ ਮਨਸੂਬਾ.

prick the b. : ਕੋਜ ਦਾ ਪੋਲ ਖੋਲ੍ਹਣਾ, ਭੁਲੇਖਾ ਕੱਢਣਾ.

b.-&-squeak : ਗੋਭੀ ਤਲੀ ਸਬਜ਼ੀ ਦੇ ਨਾਲ ਭੁੰਨਿਆ ਹੋਇਆ ਮਾਸ.

bubble², *v. i. & t.* : ਬੁਲਬੁਲਿਆਂ ਉਠਣੀਆਂ ਜਾਂ ਉਠਾਉਣੀਆਂ; ਬੁਲਬੁਲੇ ਪੈਦਾ ਹੋਣੇ ਜਾਂ ਕਰਨੇ, ਉਬਲਣਾ; ਖੁਦਬੁਦ ਦੀ ਆਵਾਜ਼ ਕੱਢਣੀ, ਖੁਦਬੁਦ ਕਰਨਾ.

b. over or b. with laughter : ਖਿੜਖਿੜਾ ਕੇ ਹਸਣਾ.

b. over, or b. with wrath : ਗੁੱਸੇ ਨਾਲ ਰਿੱਝਣਾ.

b. up : ਉਮ੍ਹੜਨਾ.

bubbly-jock, *n.* : ਤੁਰਕੀ ਕੁੱਕੜ, ਫੀਲ-ਮੁਰਗ਼.

bubo, *n.* : ਗਿਲਟੀ, ਕੱਛਰਾਲੀ, ਗੰਢ, ਫੋੜਾ, ਗਿੱਟੀ.

bubonic, *a.* : ਗਿਲਟੀ ਵਾਲੀ, ਗਿਲਟੀਦਾਰ, ਗੰਢਾਂ ਵਾਲੀ (ਪਲੇਗ).

bubonocele, *n.* : ਪੱਟਿਆਂ ਦਾ ਹਰਨੀਆ (ਇਕ ਰੋਗ).

buccaneer, *n. & v. i.* : ਸਮੁੰਦਰੀ ਡਾਕੂ, ਸਮੁੰਦਰੀ ਡਾਕੂ ਹੋਣਾ.

buccaneerISH, *a.* : ਸਮੁੰਦਰੀ ਡਾਕੂ ਵਾਂਗ ਜਾਂ ਵਰਗਾ.

buccinator, *n.* : ਗਲ੍ਹ ਦਾ ਚੌੜਾ ਪਤਲਾ ਪੱਠਾ.

Bucephalus, *n.* : [ਸਿਕੰਦਰ ਬਾਦਸ਼ਾਹ ਦੇ ਘੋੜੇ ਦੇ ਨਾਂ ਤੇ] ਸਵਾਰੀ ਦਾ ਘੋੜਾ.

buck¹, *n.* : ਹਰਨ, ਛੇਲ, ਬਾਂਕਾ ਮਨੁੱਖ.

b.-shot : ਛੱਰਾ.

b.-skin : ਹਿਰਨ-ਚਮੜਾ; ਸਾਬਰ.

b.-toothed : ਦੰਦਲ.

buckISH, *a.* : ਹਰਨ ਵਰਗਾ, ਛੈਲ-ਛਬੀਲਾ.

buckISHLY, *adv.* : ਹਰਨ ਵਾਂਗ, ਛਬੀਲਿਆਂ ਵਾਂਗ.

buck², *v. i. & t.* : ਹਰਨ-ਛੇਕੜੀ ਭਰਨੀ, ਘੋੜੇ ਦਾ ਸੀਖ-ਪਾ ਹੋਣਾ, ਕੁੱਬੇ ਪੈਰ ਜੋੜ ਕੇ ਸਿੱਧਾ ਉਤਾਂਹ ਨੂੰ ਉਛਲਣਾ.

buck-jump : ਹਰਨ-ਛੇਕੜੀ.

buck-jumper : ਉਹ ਘੋੜਾ ਜੋ ਇਉਂ ਛੇਕੜੀ ਭਰੇ.

b. off : (ਘੋੜੇ ਦਾ) ਉੱਛਲ ਕੇ ਪਿੱਠੋਂ ਲਾਹ ਮਾਰਨਾ.

buck³, *v. i. & t.* : (ਬੋਲਚਾਲ ਵਿਚ) [up ਦੇ ਨਾਲ] ਖਿੜ ਜਾਣਾ, ਹੌਸਲਾ ਕਰਨਾ, ਹੋਰ ਹਿੰਮਤ ਕਰਨੀ.

buck⁴, *n.* : ਛੱਤੇ ਜਾਂ ਕੱਪੜੇ ਦਾ ਪਿੰਨ.

buckbean, *n.* : ਪਾਣੀ ਦਾ ਇੱਕ ਸਮੋਤੀ ਫੁੱਲਾਂ ਵਾਲਾ ਬੂਟਾ.

bucket, *n.* : ਬਾਲਟੀ, ਡੋਲ, ਡੋਲਚੀ, ਪੰਪ ਦੀ ਬੋਕੀ.

bucketFUL, *n.* : ਬਾਲਟੀ ਭਰ.

kick the b. : ਮਰਨਾ.

leather b. : ਬੋਕਾ.

bucket, *v. i. & t.* : ਘੋੜੇ ਦਾ ਸਰਪਟ ਦੌੜਨਾ ਜਾਂ ਦੁੜਾਉਣਾ; ਬੇੜੀ ਨੂੰ ਛੇਤੀ ਛੇਤੀ ਚੱਪੂ ਲਾਉਣਾ.

buckthorn, *n.* : ਇੱਕ ਝਾੜੀ.

Buckingham Palace, *n.* : ਬਕਿੰਘਮ ਪੈਲਿਸ, ਇੰਗਲੈਂਡ ਦੇ ਬਾਦਸ਼ਾਹ ਦਾ ਮਹਿਲ ਲੰਡਨ ਵਿੱਚ.

buckle, *n.* : ਬਕਸੂਆ.

buckle, *v. t. & i.* : ਬਕਸੂਆ ਲਾਉਣਾ, ਜੋੜਨਾ.

b. to : ਕੰਮ ਸ਼ੁਰੂ ਕਰਨਾ, ਲੱਕ ਬੰਨ੍ਹ ਲੈਣਾ, ਕਮਰ-ਕੱਸਾ ਕਰਨਾ, ਜ਼ੋਰ ਨਾਲ ਕੰਮ ਕਰਨਾ.

buckler, *n. & v. t.* : ਢਾਲ, ਛੋਟੀ ਢਾਲ, ਪਰਤਲਾ; ਬਚਾਅ, ਬਚਾਉਣ ਵਾਲਾ; ਬਚਾਅ ਕਰਨਾ, ਬਚਾਉਣਾ, ਰਖਿਆ ਕਰਨੀ.

buckram, *n. & a.* : ਬਕਰਮ, ਮੋਟਾ ਕਪੜਾ ਜਿਸ ਨੂੰ ਗੂੰਦ ਜਾਂ ਮਾਇਆ ਲਾ ਕੇ ਕਰੜਾ ਕਰ ਲਿਆ ਹੋਵੇ; ਪੀਡਾ, ਸਖ਼ਤ; ਪੱਕਾ; ਜਿਹਾ ਵੇਖਣ ਵਿੱਚ ਪੱਕਾ;

ਆਕਰ, ਟੁੱਕੀਪਣ.

buckwheat, *n.* : ਇਕ ਤਰ੍ਹਾਂ ਦੀ ਕਣਕ ਜੋ ਘੋੜਿਆਂ ਤੇ ਕੁੱਕੜਾਂ ਨੂੰ ਪਾਉਂਦੇ ਹਨ ਤੇ ਜਿਸ ਦੀਆਂ ਟਿੱਕੀਆਂ ਅਮਰੀਕਾ ਵਿੱਚ ਨਾਸ਼ਤੇ ਵੇਲੇ ਖਾਂਦੇ ਹਨ.

bucolic, *a.* & *n.* : ਆਜੜੀਆਂ ਦਾ, ਪੇਂਡੂ; (*pl.*) ਪੇਂਡੂ ਜੀਵਨ ਦੀਆਂ ਕਵਿਤਾਵਾਂ.

bud[1], *n.* : ਅੱਖ ਦੀ ਖੇਹਿੰਦਾ, ਕਲੀ, ਡੋਡੀ, ਦਾਬ ਜਾਂ ਸੂਆ (ਟਾਹਣੀ ਦਾ), ਕਰੂੰਬਲ, ਕੁਮਲ; ਕੋਈ ਚੀਜ਼ ਜੋ ਅਜੇ ਪੂਰੀ ਨਾ ਬਣੀ ਹੋਵੇ.

in b. : ਕਲੀਆਂ ਨਿਕਲਦੀਆਂ.

nip in the b. : ਸ਼ੁਰੂ ਸ਼ੁਰੂ ਵਿੱਚ ਹੀ ਮੁਕਾ ਦੇਣਾ, ਮੁੱਢੋਂ ਹੀ ਨੱਪ ਦੇਣੀ (ਮੁਹਾਵਰਾ).

budLESS, *a.* : ਬਿਨ-ਕਲੀ, ਬਿਨ-ਡੋਡੀ.

budLET, *n.* : ਨਿੱਕੀ ਕਲੀ.

bud[2], *v. t.* & *i.* : ਕਲੀਆਂ ਕਢਣੀਆਂ, ਕਲੀਆਂ ਨਿਕਲਣੀਆਂ; ਫਪਣਾ ਫਲਣਾ, ਵੱਧਣਾ; ਸ਼ੁਰੂ ਕਰਨਾ, (ਬਾਗ) ਕਲਮ ਲਾਉਣੀ, ਦਾਬ ਲਾਉਣੀ; ਪੈਦਾ ਕਰਨਾ.

budding lawyer : ਨਵਾਂ ਨਵਾਂ ਪਰ ਤਰੱਕੀ ਕਰਦਾ ਵਕੀਲ.

budding cricketer : ਨਵਾਂ ਨਵਾਂ ਹੋਣਹਾਰ ਕ੍ਰਿਕਟ ਦਾ ਖਿਡਾਰੀ.

budded, *a.* : ਕਲੀਦਾਰ.

Buddha, *n.* : ਗੌਤਮ ਬੁੱਧ.

BuddhISM : ਬੁੱਧ ਮੱਤ.

BuddhIST, *n.* & *a.* : ਬੋਧੀ.

BuddhISTIC(AL), *a.* : ਬੋਧੀ ਮੱਤ ਦਾ, ਬੁੱਧ ਮਤ ਸੰਬੰਧੀ.

buddleia, *n.* : ਇਕ ਕਿਸਮ ਦੀ ਝਾੜੀ, ਜਿਸ ਨੂੰ ਪੀਲੇ ਤੇ ਹੋਰ ਰੰਗਾਂ ਦੇ ਫੁੱਲ ਲਗਦੇ ਹਨ.

buddy, *n.* : (ਬਿਲਚਾਲ) ਭਾ, ਸਾਥੀ, ਯਾਰ.

budge, *v. i.* & *t.* : ਹਟਣਾ, ਸਰਕਣਾ, ਸਰਕਾਉਣਾ, ਟਲਣਾ.

budget, *n.* & *v. i.* : ਕਿਸੇ ਥੈਲੇ ਜਾਂ ਡੱਬ ਵਿੱਚ ਕਥੀਆਂ ਚੀਜ਼ਾਂ (ਖ਼ਾਸ ਕਰਕੇ ਖ਼ਬਰਾਂ, ਜਾਂ ਅਖ਼ਬਾਰਾਂ ਦੀ ਸੁਰਖੀ ਦੇ ਤੌਰ ਤੇ); ਸਾਲਾਨਾ ਆਮਦਨ ਤੇ ਖ਼ਰਚ ਦਾ ਹਿੱਸਾ ਜਾਂ ਅੰਦਾਜ਼-ਪੱਤਾ, ਬੱਜਟ.

b. estimate : ਬੱਜਟ ਅਨੁਮਾਨ.

b. for : ਬੱਜਟ ਵਿੱਚ ਗੁੰਜਾਇਸ਼ ਰਖਣੀ.

budgetARY, *a.* : ਬੱਜਟ ਸੰਬੰਧੀ.

budgetary equilibrium : ਬੱਜਟੀ ਸਾਵ.

buff[1], *n.* & *a.* : ਪੀਲੇ ਰੰਗ ਦਾ ਮੁਲਾਇਮ ਚਮੜਾ, ਸਾਂਭਰ; ਮਨੁੱਖ ਦੀ ਖੱਲ (ਜਿਵੇਂ in b., ਨੰਗਾ); ਪੀਲਾ ਰੰਗ; ਪੀਲੇ-ਰੰਗਾ; (ਡਾਕਟਰੀ) ਤਾਪ ਵਾਲੇ ਰੋਗੀ ਦੇ ਜੰਮੇ ਹੋਏ ਲਹੂ ਦੀ ਉਤਲੀ ਝਿੱਲੀ; ਪੇਪੜੀ.

buffY, *a.* : ਸਾਂਭਰੀ, ਪੀਲਾ.

b.-coat,-jerkin : ਚਮੜੇ ਦਾ ਭਾਰੀ ਕੋਟ, ਪੋਸਤੀਨ.

b.-stick,-wheel : ਪਾਲਿਸ਼ ਕਰਨ ਵਾਲੇ ਹਥਿਆਰ ਜੋ ਚਮੜੇ ਨਾਲ ਮੜ੍ਹੇ ਹੋਣ.

b.-tip : ਇੱਕ ਤਰ੍ਹਾਂ ਦਾ ਡੁੰਘਟ.

buff[2], *v. t.* : ਪਾਲਿਸ਼ ਕਰਨਾ, ਲਿਸ਼ਕਾਉਣਾ; ਚਮੜੇ ਨੂੰ ਮਲ ਕੇ ਨਰਮ ਕਰਨਾ.

buffalo, *n.* : ਮੱਝ, ਮਹਿ, ਸੰਢਾ, ਮਹਿਆਂ, ਮਹੇਸ਼ੂ, ਮਹਿਸ਼, ਝੋਟਾ.

young b. : ਕੱਟਾ, ਕੱਟੀ, ਵੱਛਾ, ਵੱਛੀ.

old b. : ਢੱਗਾ, ਢੱਗੀ.

buffer[1], *n.* : ਟੱਕਰ-ਰੋਕ, ਠੋਕਰ.

b. state : ਦੋ ਵੱਡੀਆਂ ਰਿਆਸਤਾਂ ਦੇ ਵਿਚਕਾਰ ਇਕ ਛੋਟੀ ਨਿਰਪੱਖ ਰਿਆਸਤ, ਵਿਚਕਾਰਲੀ ਰਿਆਸਤ.

buffet[1], *n.* & *v. t.* & *i.* : ਮੁੱਕਾ, ਘਸੁੰਨ, ਧੂਹਣ, ਥੱਪੜ, ਲੱਫੜ; (ਕਿਸਮਤ ਦੀ) ਮਾਰ, ਸੱਟ; ਧੁਕਣਾ, ਥਪੇੜਾ (ਲਹਿਰਾਂ ਦਾ); ਮੁੱਕਾ ਮਾਰਨਾ, ਥੱਪੜ ਠੋਕਣਾ, ਥੱਪੜ ਲਗਾਉਣਾ; ਲਹਿਰਾਂ ਵਿੱਚ ਹੱਥ ਪੈਰ ਮਾਰਨੇ.

buffet[2], *n.* : ਮੇਜ਼ੀਨੀ, ਭਾਂਡਿਆਂ ਦੀ ਅਲਮਾਰੀ (ਖ਼ਾਸ ਕਰਕੇ ਚੀਨੀ ਤੇ ਕੱਚ ਦੇ).

buffet [F], *n.* & *a.* : ਖਲੋਤਾ-ਖਾਣਾ; ਬਿਨਾਂ-ਬਰਾਹਿਰੇ (ਖਾਣਾ).

buffo, *n.* & *a.* : ਹਾਸੀ, ਮਸਖ਼ਰੀ, ਮਸਖ਼ਰੀ, ਮਕਬੂਲਾ, ਨਕਲ; ਮਖੌਲੀ, ਹਾਸੋਹੀਣੀ.

buffoon, *n.* & *v. i.* : ਮਸਖ਼ਰਾ, ਮਨਸੂਖਾ, ਵਿਦੂਸ਼ਕ, ਨਕਲੀਆ, ਭੰਡ; ਮਸਖ਼ਰੀ ਕਰਨੀ, ਹਾਸਾ ਕਰਨਾ, ਨਕਲ ਕਰਨੀ.

buffoonERY, *n.* : ਮਸਖ਼ਰੀ, ਮਸਖ਼ਰੀ, ਹਾਸੀ, ਦਿਲ-ਲਗੀ.

bug, *n.* : ਖਟਮਲ, ਮਾਂਗਣੂੰ, ਢੋਰ, ਕਾਕਰੋਚ.

bugaboo, **bugbear**, *nn.* : ਹਊਆ, ਡਰਾਵਾ, ਧਮਾਕਾ, ਧੌਂਸ.

bugger, *n.* : (ਕਾਨੂੰਨ) ਕੁਕਰਮੀ, ਕਦਰਤ ਦੇ ਉਲਟ ਮਨੁੱਖ ਜਾਂ ਪਸ਼ੂ ਨਾਲ ਭੋਗ ਕਰਨ ਵਾਲਾ ਮਨੁੱਖ; (ਗਾਲ-ਗਲੋਚ ਵਿੱਚ) ਸ਼ੈਤਾਨ, ਬਦਮਾਸ਼, ਲੁੱਚਾ.

buggerY, *n.* : ਲੁਚਪੁਣਾ, ਬਦਮਾਸ਼ੀ; ਗ਼ੈਰ-ਕੁਦਰਤੀ ਭੋਗ, ਦੁਰਭੋਗ.

buggy, *n.* : ਬੱਘੀ.

bugle[1], *n.* & *v. t.* & *i.* : ਬਿਗਲ; ਬਿਗਲ ਵਜਾਉਣਾ.

buglER, *n.* : ਬਿਗਲਚੀ, ਬਿਗਲ ਵਜਾਉਣ ਵਾਲਾ.

bugle[2], *n.* : ਇਕ ਕਿਸਮ ਦਾ ਬੂਟਾ.

bugle[3], *n.* : ਕੱਚ ਦਾ ਮਣਕਾ, ਸਜਾਵਟੀ ਮਣਕਾ, ਗੋਲੀ.

buglet, *n.* : (ਸਾਈਕਲ ਦਾ) ਛੋਟਾ ਬਿਗਲ, ਘੁੱਗੂ, ਭੂੰਪੂ.

bugloss, *n.* : ਬੂਟਿਆਂ ਦੀ ਇੱਕ ਕਿਸਮ.

buhl, *n.* & *a.* : ਧਾਤੀ-ਜੜਾਵਾ, ਕੱਛੂ-ਕੁੰਮੇ ਦੀ ਹੱਡੀ ਜਾਂ ਪਿੱਤਲ ਦਾ ਸਜਾਵਟੀ ਟੋਟਾ ਜਾ ਪਤਰਾ ਜੋ ਲਕੜ ਆਦਿ ਵਿਚ ਜੜਿਆ ਜਾਂਦਾ ਹੈ; ਇਨ੍ਹਾਂ ਪਤਰਿਆਂ ਨਾਲ ਜੜਤ, ਮੀਨੀ-ਜੜਤ.

build[1], *v. t.* & *i.* : ਬਣਾਉਣਾ, ਉਸਾਰਨਾ, ਜੜ੍ਹਾਉਣਾ, ਚਾੜ੍ਹਨਾ (ਘਰ, ਜਹਾਜ਼, ਆਲ੍ਹਣਾ, ਮਸ਼ੀਨਰੀ ਆਦਿ).

b. upon : ਆਸ ਰੱਖਣੀ, ਉਮੈਦ ਰਖਣੀ, ਆਸਰਾ ਲੈਣਾ, ਭਰੋਸਾ ਕਰਨਾ.

build, *n.* : ਬਣਤਰ; ਬਣਤ, ਉਸਾਰੀ ਦਾ ਢੰਗ; (ਮਨੁੱਖੀ ਸਰੀਰ ਦੀ) ਕਾਠੀ, ਕਾਇਆਂ.

builder, *n.* : ਉਸਰਈਆ, ਉਸਾਰਨ ਵਾਲਾ; ਮਕਾਨ ਬਣਾਉਣ ਵਾਲਾ ਠੇਕੇਦਾਰ.

building, *n.* : ਉਸਾਰੀ, ਉਸਾਰਾ, ਇਮਾਰਤ, ਮਕਾਨ, ਕੋਠਾ.

b. lease : ਪੱਟਾ, ਜ਼ਮੀਨ ਲੰਮੇ ਅਰਸੇ ਤੇ ਲੈਣ ਵਾਲੇ ਨੂੰ ਉਸ ਉੱਤੇ ਉਸਾਰੀ ਕਰਨ ਦੀ ਆਗਿਆ ਦੇਣੀ.

bulb, *n.* : ਬਲਬ, ਲਾਟੂ, ਆਂਡਾ; ਡੋਡੀ, ਫਲ ਦੀ ਜੜ੍ਹ; ਪਿਆਜ਼ ਦਾ ਗੱਠਾ, ਗੰਢਾ, ਡੂਡੀ (ਥਣ ਦੀ), ਗੋਲੀ, ਗੰਢੀ, ਗੰਢ.

bulbED
bulbIFEROUS } *a.* : ਗੋਲੀਦਾਰ, ਡੋਡੀ ਵਾਲਾ, ਗੰਢੀਦਾਰ, ਗੰਢਲਾ.

bulbIFORM, *a.* : ਗੰਢਾਕਾਰ, ਆਂਡਾਕਾਰ.

bulb, *v. i.* : ਫੈਲ ਪਕੜਨੀ, ਗੰਢੇ ਜਾਂ ਬਿਜਲੀ ਦੇ ਲਾਟੂ ਦੀ ਸ਼ਕਲ ਵਿੱਚ ਫੁੱਲਣਾ.

bulbous, *a.* : ਗਠੀਲੀ, ਗੰਢਲ, ਗੰਢਲ.

bulbul [P], *n.* : ਬੁਲਬੁਲ, ਚੰਗਾ ਗਵੱਈਆ; ਸੁਰੀਲਾ ਗਵੱਈਆ.

bulge[1], *n.* : ਉਭਾਰ, ਸੋਜ.

bulgY, *a.* : ਉਭਰਿਆ ਹੋਇਆ, ਉਭਰਵਾਂ, ਸੁੱਜਾ.

bulgINESS, *n.* : ਉਭਾਰ, ਸੋਜ.

bulge[2], *v. i.* & *t.* : ਉਭਰਨਾ, ਫੁੱਲਣਾ, ਫੁਲਾਉਣਾ.

bulger, *n.* : (ਗੋਲਫ ਦਾ) ਬੱਲਾ.

bulimy, **bulimia**, *n.* : (ਡਾਕਟਰੀ) ਭੁੱਖ ਵਧਾਉਣੀ ਜਾਂ ਭੁੱਖ ਦੀ ਬੀਮਾਰੀ, ਭੁਖੜਪਣ; (ਅਲੰਕਾਰਕ) ਭੁੱਖ (ਕਿਤਾਬਾਂ ਆਦਿ ਦੀ).

bulk[1], *n.* : ਡੀਲ, ਜੁੱਸਾ, ਕੱਦ-ਕਾਠ; ਮਿਕਦਾਰ, ਭਾਰ, ਜਹਾਜ਼ ਦਾ ਭਾਰ; (ਚੀਜ਼ਾਂ ਦਾ) ਢੇਰ, ਬਹੁਤਾ ਹਿੱਸਾ.

break b. : ਭਾਰ ਲਾਹੁਣਾ (ਜਹਾਜ਼ ਆਦਿ ਤੋਂ).

b. not equal to sample : ਮਾਲ ਨਮੂਨੇ ਅਨੁਸਾਰ ਨਹੀਂ.

in b. : ਇਕੱਠਾ; ਖੁਲ੍ਹਾ ਮਾਲ, ਢੇਰ, ਅੰਧੂਧ.

load in b. : (ਜਹਾਜ਼ ਆਦਿ) ਵਸਤੂ ਦੀ ਢੇਰ ਲਦਣਾ, ਥੋਕ ਦੀ ਸ਼ਕਲ ਵਿਚ.

bulk², v. i. & t. : ਤੋਲ-ਕਾਠ ਜਾਂ ਮਹੱਤਤਾ ਵਿਚ ਜਾਪਣੀ (b. large : ਵੱਡਾ ਜਾਪਣਾ); ਢੇਰ ਲਗਾਉਣਾ (ਮੱਛੀਆਂ ਆਦਿ ਦਾ); ਭਾਰ ਤੋਲਣਾ ਜਾਂਚਣਾ, ਪੰਡੀ ਜਾਂ ਢੇਰੀ ਵਿਚ ਬੰਨ੍ਹ ਕੇ.

bulkhead, n. : ਜਹਾਜ਼ ਦੇ ਕਮਰਿਆਂ ਦੇ ਵਿਚਲੀ ਕੰਧ ਜਾਂ ਪਰਦਾ; ਵਖਰਾ ਕਮਰਾ, ਖਾਨਾ ਜਾਂ [illegible].

bulky, a. : ਮੋਟਾ, ਵੱਡਾ, ਵੱਡੇ ਆਕਾਰ ਵਾਲਾ, ਭਾਰਾ, ਬੇਡੌਲ, [illegible], [illegible].

bull¹, n. : ਬਲਦ, ਸਾਨ੍ਹ, ਢੱਗਾ, ਢੋਰ.

b.-calf : ਵੱਛਾ, ਵਹਿੜਕਾ, [illegible], [illegible], [illegible], [illegible], [illegible].

b.-dog : ਬੁਲਡੌਗ ਕੁੱਤਾ, [illegible] ਵਾਲਾ ਤੇ ਜਮ ਕੇ ਫੜਨ ਵਾਲਾ ਮਨੁੱਖ; ਯੂਨੀਵਰਸਿਟੀ ਦੇ ਪ੍ਰਾਕਟਰ ਦਾ ਸਹਾਇਕ; ਪੰਜਾਬ ਜਾਂ ਪਿਸਤੌਲ.

b.-doze, v. t. : ਡਰਾ ਧਮਕਾ ਕੇ, ਦਬਾਅ ਪਾ ਕੇ; ਜ਼ਬਰਦਸਤੀ ਕਰ ਦੇਣਾ.

b.-dozer : ਪੱਧਰਾਉ ਮਸ਼ੀਨ, ਟਿੱਬੇ ਢਾਹੁਣ ਵਾਲਾ.

b.-fight : ਬਲਦ-ਜੰਗ, ਬਲਦ-ਲੜਾਈ, ਮਨੁੱਖ ਤੇ ਬਲਦ ਦਾ ਟਾਕਰਾ.

b.-head : ਇਕ ਵੱਡੇ ਸਿਰ ਵਾਲੀ ਮੱਛੀ.

b.-headed : ਢੀਠ, ਸਿਰ-ਫਿਰਿਆ, ਜ਼ਿੱਦੀ, ਹਠੀ, ਅੜੀਅਲ.

b. in china shop : ਮਨੁੱਖ ਜੋ ਚੀਜ਼ਾਂ ਦੇ ਨਾਲ ਚੀਜ਼ਾਂ ਤੋੜ ਭੰਨ ਦੇਵੇ; ਉਜੱਡ-ਪੇਂਡੂ, ਗੰਵਾਰ.

b. pup : ਬੁਲਡੌਗ ਬੱਚਾ.

b. hitch : ਬੁਲਡੌਗ ਕੁੱਤੀ.

b.'s eye : ਗੁਲਜ਼ਾਰੀ, ਨਿਸ਼ਾਨੇ ਲਾਉਣ ਲਈ ਕੇਂਦਰ, ਚਾਂਦ-ਮਾਰੀ ਦਾ ਕੇਂਦਰ ਨਿਸ਼ਾਨਾ; ਅਧਵਾਰ ਸ਼ੀਸ਼ਾ; ਜਹਾਜ਼ ਦੇ ਇੱਕ ਪਾਸੇ ਲੱਗੀ ਲਾਲਟੈਨ; ਗੋਲ ਖਿੜਕੀ, ਖਿੜਕੀ; ਇੱਕ ਕਿਸਮ ਦੀ ਮਠਿਆਈ.

take b. by horns : ਦਲੇਰੀ ਨਾਲ ਨਜਿੱਠਣਾ, ਨਿਡਰਤਾ, ਤਕਲੀਫ਼ਾਂ ਦਾ ਟਾਕਰਾ ਕਰਨਾ.

b.-terrier : ਸ਼ਿਕਾਰੀ ਕੁੱਤੇ ਤੇ ਬੁਲਡੌਗ ਕੁੱਤੇ ਦੇ ਮੇਲ ਤੋਂ ਪੈਦਾ ਹੋਇਆ ਦੋਗਲਾ ਕੁੱਤਾ, ਸ਼ਿਕਾਰੀ ਬੁਲੀ.

b.-puncher : ਬਲਦ ਹਿੱਕਣ ਵਾਲਾ.

b.-front : ਵੱਡੀ ਮੱਥੇ ਵਾਲੀ.

wandering b. : ਮਾਲ੍ਹੇ.

bull², v. t. & i. : ਚੀਜ਼ਾਂ ਦਾ ਭਾਅ ਚੜ੍ਹਾਉਣਾ, ਜਾਂ ਵਪਾਰੀਆਂ ਲਈ ਮੰਦਾ ਕਰਨਾ.

bull³, n. : ਪੋਪ ਦਾ ਫ਼ਰਮਾਨ.

bull⁴, n. : ਅਸੰਗਤ ਗੱਲ, ਅਜਿਹੀ ਗੱਲ ਜਿਸ ਵਿਚ ਆਪਾ-ਵਿਰੋਧ ਜਾਂ ਅਣਮੇਲ ਹੋਵੇ.

Bull⁵ = John Bull.

bullace, n. : ਜੰਗਲੀ ਆਲੂਚਾ.

bullate, a. : (ਪੱਤ ਤੇ ਸਰੀਰ) ਫੁੱਲਿਆ ਹੋਇਆ, ਛਾਲੇ-ਛਾਲੇ ਹੋਇਆ.

bullet, n. : ਗੋਲੀ (ਬੰਦੂਕ, ਪਿਸਤੌਲ ਆਦਿ ਦੀ).

b.-drawer : ਗੋਲੀ-ਕਢ, ਜ਼ਖ਼ਮ ਵਿਚੋਂ ਗੋਲੀ ਕੱਢਣ ਵਾਲਾ ਸੰਦ.

b. headed : ਗੋਲ-ਸਿਰਾ, ਮੂਰਖ.

b.-proof : ਗੋਲੀ-ਰੋਕ, ਜਿਸ ਤੇ ਗੋਲੀ ਅਸਰ ਨਾ ਕਰ ਸਕੇ.

bulletin, n. : ਬੁਲਿਟਿਨ, ਸਰਕਾਰੀ ਇਸ਼ਤਿਹਾਰ, ਖ਼ਬਰ ਪੱਤਰ ਜਾਂ ਰੋਗੀ ਦੀ ਹਾਲਤ ਬਾਰੇ ਸੂਚਨਾ.

bullion, n. : ਸੋਨੇ ਚਾਂਦੀ ਦੀਆਂ ਸੀਖਾਂ (ਸਿੱਕਾ-ਢਲਾਈ ਤੋਂ ਪਹਿਲਾਂ).

bullion, n. : ਧਾਗਾ ਜੋ ਵੱਟ ਸਿਲਾਈ ਹੋਵੇ; ਮਹੀਂ ਸੋਨੇ ਜਾਂ ਚਾਂਦੀ ਦਾ ਬਣਿਆ ਹੋਇਆ).

bullionist, n. : ਸੋਨੇ ਚਾਂਦੀ ਦੇ ਸਿੱਕੇ ਦੇ ਹਮਾਇਤੀ, ਧਾਤੂ ਮੁਦਰਾ ਵਾਦੀ.

bullock, n. : ਬਲਦ, ਢੱਗਾ, ਵਾਂਢ, ਵਹਿੜਕਾ.

bully, n. : ਗੁੰਡਾ, ਧੱਕੜਬਾਜ਼, ਧਮਕਾਊ, ਧੌਂਸਬਾਜ਼, ਦੂਜਾ ਨੂੰ ਡਰਾਉਣ ਵਾਲਾ, ਕਾਰ ਦਾ ਗੁੰਡਾ, ਭਾੜੇ ਦਾ ਦਲਾਲ.

bully², v. t. : ਤੰਗ ਕਰਨਾ, ਧੌਂਸ ਕਰਨਾ, ਕੰਮ ਲੈਣ ਲਈ ਡਰਾਉਣਾ ਧਮਕਾਉਣਾ, ਧੱਕਾ ਕਰਨਾ.

bully³, n. : (ਫ਼ੁਟਬਾਲ) ਖਿਡਾਰੀਆਂ ਦੀ ਭੀੜ (ਇੱਕ ਥਾਂ ਤੋਂ ਗੇਂਦ ਖੋਹ ਲਈ).

bully⁴, n. : ਡੱਬਿਆਂ ਦਾ ਗੋਸ਼ਤ.

bullyrag : ਵੇਖੋ ballyrag.

bulrush, n. : ਸਰਕੜਾ, ਕਾਨਾ.

bulwark, n. : ਫ਼ਸੀਲ, ਰਖਿਆਤਮਕ ਕੰਧ; ਬੰਨ੍ਹ, ਪਨਾਹ, ਓਟ, ਆੜ, ਪਰਕੋਟਾ, ਮੋਰਚਾ, ਜਹਾਜ਼ ਦੀ ਕੰਧ ਦਾ ਉਤਲਾ ਹਿੱਸਾ; ਆਸਰਾ ਦੇਣਾ.

bum, n. & a. : ਪਿੱਠ, ਪਿੱਛਾ, ਨਿਤੰਬ; ਵਿਹਲੜ, ਮਖੱਟੂ; ਨਿਕੰਮਾ, ਰੱਦੀ.

b.-bailiff : ਕਚਹਿਰੀ ਦਾ ਪਿਆਦਾ (ਜਿਹੜਾ ਕਰਜ਼ਦਾਰ ਨੂੰ ਪਿੱਛੋਂ ਆ ਫੜਦਾ ਹੈ).

b.-boat : ਜਹਾਜ਼ ਉੱਤੇ ਖ਼ੁਰਾਕ ਆਦਿ ਲਿਜਾਣ ਵਾਲੀ ਬੇੜੀ.

bumble, n. : ਜ਼ਾਬਤਾਰ (ਕਚਹਿਰੀ ਜਾਂ ਗਿਰਜੇ ਦਾ) ਪਾਦਰੀ ਦਾ ਨੌਕਰ; ਦਫ਼ਤਰ ਦਾ ਛੋਟਾ ਅਧਿਕਾਰ ਜਿਸ ਨੂੰ ਆਪਣੇ ਅਧਿਕਾਰਾਂ ਤੇ ਘੁਮੰਡ ਹੋਵੇ.

bumbledom, n. : ਨਮਾਇਸ਼ੀ, ਅਹੁਦੇ ਦਾ ਘਮੰਡ.

bumble-bee, n. : ਭੌਰ-ਮੱਖੀ, ਭੌਰਾ.

bumble-flies : ਭੂੰਡ-ਮੱਖੀਆਂ.

bumble-puppy, n. : ਫੰਡੀ ਖੇਡ; ਇਕ ਕਿਸਮ ਦੀ ਖੇਡ, ਜਿਸ ਵਿਚ ਗੇਂਦ ਖੰਭੇ ਨਾਲ ਲਟਕਾਈ ਹੁੰਦੀ ਹੈ.

bumf, n. : (ਗਿਰਜਾਘਰ) ਟੱਟੀ ਵਿੱਚ ਵਰਤਣ ਵਾਲਾ ਕਾਗਜ਼, ਪੂੰਝਣਾ; ਕਾਗਜ਼ੀ ਢੇਰ, ਦਸਤਾਵੇਜ਼.

bummalo, n. : (ਮਰਾਠੀ) ਬੰਮਲ ਮੱਛੀ.

bummaree, n. : ਸੌਦਾਗਰ; ਮੱਛੀਆਂ ਦੀ ਮੰਡੀ ਦਾ ਦਲਾਲ.

bummer, n. : ਵੈਲੀ, ਅਵਾਰਾ, ਵਿਹਲੜ.

bump¹, v. t. & i. & adv. : ਧਕੇਲਣਾ, ਧੱਕਾ ਮਾਰਨਾ, ਧਚਕਣਾ, ਟਕਰਾਉਣਾ, ਧੱਕਾ ਦੇਣਾ, ਥੋਕਣਾ, ਧਮ ਕਰਨਾ; ਜਾ ਟਕਰਾਉਣਾ; (ਕ੍ਰਿਕਟ) ਪਿੱਚ ਦਾ ਪਰਤੀ ਨੂੰ ਵੱਜ ਕੇ ਬੁੜ੍ਹਕਣਾ, ਉੱਛਲਣਾ; ਧੜਕੇ ਨਾਲ, ਧਕਦੇ ਕਰਕੇ, ਧੜੰਮ ਕਰਕੇ, ਜ਼ੋਰ ਨਾਲ.

bump off : ਕਤਲ ਕਰ ਦੇਣਾ, ਮਾਰ ਮੁਕਾਉਣਾ.

bump², n. : ਧੜੰਮ ਜਾਂ ਧਮ (ਦੀ ਆਵਾਜ਼), ਟੱਕਰ, ਧਕ, ਧਕਾ, ਗੁਮਟਾ; (ਟੱਕਰ ਦੇ ਨਾਲ ਪੈ ਜਾਣ ਵਾਲੀ) ਸੋਜ, ਗੁਮੜਾ, ਸੁੱਜਣ, ਰੋੜਾ, ਖੋਪਰੀ ਵਿੱਚ ਉਭਾਰ, ਜਿਸ ਤੋਂ ਮਨੁੱਖ ਦੇ ਦਿਮਾਗ਼ੀ ਲੱਛਣ, ਲਿਆਕਤ.

b. ball : (ਕ੍ਰਿਕਟ) ਉੱਚੀ-ਨੀਵੀਂ, ਪੈਰ ਪੈਂਦੀ ਬਾਲ (ਜੋ ਬੈਟ ਦੇ ਕੋਲ ਜਾ ਵੱਜੇ).

bump³, v. & n. i. : ਬਗਲੇ ਦੀ ਆਵਾਜ਼, ਬੋਲਣਾ, ਗੂੰਜਣਾ; ਬਗਲੇ ਵਰਗੀ ਆਵਾਜ਼ ਕਰਨੀ.

bumper, n. & a. : ਭੁਚਕਣ ਵਾਲਾ, ਉੱਛਲਣ ਵਾਲਾ, ਟਕਰਾਉਣ ਵਾਲਾ ਆਦਿ; ਨੱਕੋ-ਨੱਕ ਭਰਿਆ ਗਲਾਸ ਦਾ ਪਿਆਲਾ, (ਮੋਟਰ) ਬੰਪਰ, ਡੰਡਾ, ਵੱਡਾ ਵਧ; (ਕਿਸੇ ਚੀਜ਼) ਦੇ ਨਾਲ ਭਰਿਆ; (ਥੀਏਟਰ) ਭਰਵਾਂ, ਭਰਪੂਰ, ਠੁਸ-ਠੁਸ, ਬਹੁਤੀ (bumper crop, ਵਡੇਰੀ ਫ਼ਸਲ, ਬਹੁਤੀ ਫ਼ਸਲ).

bumpkin, n. : ਗੰਵਾਰ, ਪੇਂਡੂ, ਜਾਂਗਲੂ; ਮੂੰਗਲੀ.

bumptious, a. : ਆਪ-ਹੁਦਰਾ, ਘੁਮੰਡੀ, ਆਕੜਖੋਰ.

bumptiously, adv. : ਆਕੜ ਨਾਲ, ਸ਼ੋਖ਼ ਨਾਲ.

bumptiousness, n. : ਆਕੜ, ਸ਼ੇਖ਼ੀ.

bumpy, a. : ਧੁਣਕਿਆਂ ਵਾਲਾ, ਧਚਕਦਾ, ਖਾਂਡਦੀ, ਖੜਕਦੀ, ਉੱਚੀ ਨੀਵੀਂ; ਟੋਏ ਟਿੱਬਿਆਂ ਤੇ ਰੋੜਿਆਂ ਵਾਲਾ (ਰਾਹ ਜਾਂ ਸੜਕ).

bumpiness, n. : ਉਘੜਦਾਬੀ, ਖੜੱਕਣ.

bun¹, n. : ਬੰਨ, ਮਿੱਠਾ ਕੁਲਚਾ, ਗੋਲਕੀ ਜੂੜਾ.

bun², n. : ਸਹੇ ਜਾਂ ਗਿੱਠੀ ਦਾ ਲਾਡਲਾ ਨਾਂ.

bunch, *n.* : ਗੁੱਛਾ (ਅੰਗੂਰਾਂ, ਫੁੱਲਾਂ, ਕੁੰਜੀਆਂ ਆਦਿ ਦਾ), ਸਮੂਹ; ਟੋਲੀ, ਜੱਥਾ, ਗੁੱਟ.
  best of the b. : ਸਭ ਤੋਂ ਚੰਗਾ.
  b. of rascals : ਚੰਡਾਲ ਚੌਕੜੀ, ਗੁੰਡਾ-ਮੰਡਲੀ.
  bunchy, *a.* : ਗੁੱਛੇਦਾਰ, ਗੁੱਛਲ.

bunch, *v. t.* & *i.* : ਗੁੱਛਾ ਬਣਨਾ ਜਾਂ ਬਣਾਉਣਾ; ਇਕੱਠਾ, ਤਹਿ ਕਰਨਾ (ਕਪੜੇ); ਜੁੜਨਾ, ਇਕੱਠੇ ਹੋਣਾ.

buncombe : ਵੇਖੋ bunkum.

bund [Hindi], *n.* : ਬੰਨ੍ਹ.

bunder [Urdu], *n.* : ਬੰਦਰਗਾਹ, ਘਾਟ, ਪੱਤਣ.

bundle, *n.* : ਬੰਡਲ, ਗੱਠ, ਗੱਠਾ, ਗੱਠੜੀ, ਪੰਡ, ਪੋਟਲੀ; ਥੱਬਾ, ਗਠੜੀ, ਪੰਡ; ਪੁਲੰਦਾ; ਢੇਰੀ, ਪੂਲਾ, ਭਰੀ, ਗੁੱਛੀ, ਪਲੰਦਾ; ਲੱਠਾ.

bundle, *v. t.* & *i.* : ਬੰਨ੍ਹਣਾ, ਗੱਠ ਬੰਨ੍ਹਣੀ; ਛੇਤੀ ਨਾਲ ਸੰਭਾਲਣਾ, ਕਿਸੇ ਚੀਜ਼ ਵਿੱਚ (ਜਿਵੇਂ ਬਕਸੇ ਆਦਿ ਵਿੱਚ) ਇਕੱਠਾ ਕਰਨਾ, ਧੱਕਮ-ਧੱਕੇ ਭੇਜੀ ਜਾਣਾ.
  b. off, out, away : ਕਿਸੇ ਨੂੰ ਛੇਤੀ ਛੇਤੀ ਤੋਰਨਾ, ਭੇਜਣਾ ਜਾਂ ਜਾਣਾ ਦਫ਼ਾ ਹੋਣਾ ਜਾਂ ਕਰਨਾ.
  b. up : ਗੁੱਛ-ਮੁੱਛਾ ਹੋਣਾ ਜਾਂ ਕਰਨਾ.

bung, *n.* : ਡੱਟਾ, ਡੁੱਜਾ, (ਗਿਲਾਸ) ਬੂਹ.

bung, *v. t.* : ਡੱਟਾ ਦੇਣਾ, ਬੰਦ ਕਰਨਾ, ਬੰਦ ਕਰਨਾ, ਡੱਟੀ ਲਾਉਣੀ.
  eyes bunged up : ਸੱਟ ਨਾਲ ਸੋਜਸ਼ ਕਰਕੇ ਬੰਦ ਅੱਖ.

bungalow, *n.* : ਬੰਗਲਾ, ਕੋਠੀ.
  bungaloid, *a.* : ਬੰਗਲਾਨੁਮਾ, ਬੰਗਲੇ ਜਿਹਾ, ਬੰਗਲੇ ਦੀ ਸ਼ਕਲ ਦਾ, ਕੋਠੀਨੁਮਾ.

bungle, *v. t.* & *i.*, & *n.* : (ਅਨਾੜੀਪਣੇ ਨਾਲ) ਕੰਮ ਵਿਗਾੜਨਾ, ਗੰਦ ਕਰਨਾ, ਖ਼ਰਾਬ ਕਰਨਾ; ਭੈੜੀ ਕੰਮ, ਖ਼ਰਾਬੀ, ਵਿਗਾੜ.
  bungler, *n.* : ਵਿਗਾੜੂ, ਚੌੜ-ਚੁਪੱਟ, ਭੌਂਦੂ, ਕੰਮ ਚਾਲਕ.

bunion, *n.* : ਪੈਰ ਦੀ ਸੋਜ.

bunk, *n.* : (ਜਹਾਜ਼ ਜਾਂ ਰੇਲ ਵਿੱਚ) ਸੌਣ ਵਾਲੀ ਥਾਂ, ਉਪਰਲਾ ਫੱਟਾ.

bunk=bunkum (*q. v.*)

bunker, *n.* : (ਜਹਾਜ਼ ਵਿੱਚ) ਕੋਲਿਆਂ ਵਾਲੀ ਕੋਠੜੀ; ਗੋਲਫ਼ ਦੇ ਮੈਦਾਨ ਵਿੱਚ ਰੇਤਲੇ ਟੋਏ.

bunker, *v. t.* : ਗੇਂਦ ਨੂੰ ਬਨਕਰ ਟੋਏ ਵਿੱਚ ਸੁੱਟਣਾ; (ਅਲੰਕਾਰਕ) ਵਿਪਤਾ ਦੇ ਮੂੰਹ ਦੇਣਾ, ਫਸਾਉਣਾ.

bunkum, **-combe**, *n.* : ਬਕਵਾਸ, ਬਕੜਵਾਹ, ਢਕੌਂਸਲਾ.

bunny, *n.* : ਸਹੇ ਦਾ ਲਾਡਲਾ ਨਾਂ.

Bunsen('s), *a.* : ਬਨਸਨ ਦਾ, [illegible] (ਗੈਸ-ਲੈਂਪ ਆਦਿ).

bunt[1], *n.* : ਪੱਲੂ ਜਾਂ ਥੈਲੀਆਂ ਵਰਗਾ ਬਾਦਬਾਨ ਦਾ ਹਿੱਸਾ, ਢਿੱਲਦਾਰ ਹਿੱਸਾ, ਖ਼ਾਲੀ ਥਾਂ.
  b.-line : ਪੱਲੂ ਚੜ੍ਹਾਉਣ ਲਈ ਬੰਨ੍ਹੀ ਹੋਈ ਰੱਸੀ.

bunt[2], *n.* : ਕਣਕ ਦੀ ਇੱਕ ਬੀਮਾਰੀ, ਕਾਂਗੀ.

bunting, *n.* : ਝੰਡੀ; ਪਤਲਾ ਊਨੀ ਕਪੜਾ ਜਿਸ ਤੋਂ ਝੰਡੀਆਂ ਬਣਦੀਆਂ ਹਨ.

buoy, *n.* : ਤਰਦਾ ਪੀਪਾ ਜਾਂ ਢੋਲ (ਜਹਾਜ਼ਾਂ ਨੂੰ ਖ਼ਤਰਾ ਦੱਸਣ ਲਈ).
  life-b. : ਜੀਵਨ-ਰਖਿਅਕ ਪੇਟੀ; ਡੁਬਣ-ਰੋਕ.

buoy, *v. t.* : ਤਰਦੇ ਰਖਣਾ, ਉੱਪਰ ਲਿਆਉਣਾ (ਪਾਣੀ ਦੀ ਸਤਹ ਉੱਤੇ); ਹਿੰਮਤ ਦੇਣੀ, ਉਤਸ਼ਾਹ ਦੇਣਾ.

buoyage, *n.* : ਤਰਦੇ ਪੀਪਿਆਂ ਦਾ ਲਾਉਣਾ.

buoyancy, *n.* : ਤਾਰਨ-ਸ਼ਕਤੀ, ਤਰਨਿਆਈ, [illegible], [illegible] (ਪਾਣੀ ਵਿੱਚ ਪੈਂਦ ਨਾਲ); ਜਿਗਰ, ਚੁਸਤੀ, ਫ਼ੁਰਤੀਲਾਪਣ; ਹੌਲਿਆਈ; ਹੁਲਾਸ, ਚੈਨ.

buoyant, *a.* : ਤਰਨਹਾਰ, ਜਿਗਰਦਾਰ, ਜਿਗਰਵਾਲਾ, ਚੁਸਤ, ਉਭਰਵਾਂ; ਹੌਲਾ, ਫੁਰਤੀਲਾ, ਮੌਜੀ, ਹੁਲਾਸੀ.

bur, **burr**, *n.* : ਭੱਖੜਾ.

Burberry, *n.* : ਬਰਸਾਤੀ, ਮੀਂਹ ਜਾਂ ਪਾਣੀ ਰੋਕਣ ਵਾਲਾ ਕਪੜਾ (ਜੋ ਇਸ ਨਾਂ ਦੀ ਕੰਪਨੀ ਦਾ ਬਣਿਆ ਹੋਵੇ).

burble, *v. i.* : (ਖ਼ੁਸ਼ੀ ਜਾਂ ਗੁੱਸੇ ਨਾਲ) ਉਬਲ ਪੈਣਾ, ਉਛਲ ਪੈਣਾ.

burbot, *n.* : ਲੰਬੇ ਸਿਰ ਵਾਲੀ ਦਾੜ੍ਹੀਦਾਰ ਮੱਛੀ.

burden, **burthen**, *n.* : ਭਾਰ, ਬੋਝ, ਬੋਝਾ, ਜ਼ਿੰਮੇਵਾਰੀ, ਭਾਰਾ, ਭਾਰ; ਜਹਾਜ਼ ਦਾ ਮਾਲ (ਜਹਾਜ਼ ਦੀ ਭਾਰ ਚੁੱਕਣ ਦੀ ਸਮਰਥਾ); (ਗੀਤ) ਟੇਕ, [illegible]; ਕਵਿਤਾ, ਕਿਤਾਬ ਜਾਂ ਲੈਕਚਰ ਦਾ ਮੁੱਖ ਵਿਚਾਰ.
  b. of proof : ਕਿਸੇ ਗੱਲ ਸਾਬਤ ਕਰਨ ਦੀ ਜ਼ਿੰਮੇਵਾਰੀ, ਸਬੂਤ ਦਾ ਭਾਰ.
  beast of b. : ਭਾਰ ਢੋਣ ਵਾਲਾ ਪਸ਼ੂ, ਲਾਦੂ ਜਾਨਵਰ, ਵਹਿੜਕਾ.
  ship of b. : ਭਾਰ ਢੋਣ ਵਾਲਾ ਜਹਾਜ਼, ਲਾਦੂ ਜਹਾਜ਼.

burden, **burthen**, *v. t.* : ਲੱਦਣਾ, ਭਾਰ ਪਾਉਣਾ, ਬੋਝ ਪਾਉਣਾ, ਜ਼ਿੰਮੇਵਾਰੀ ਦੇਣੀ, ਦੁਖੀ ਕਰਨਾ.

burdensome, *a.* : ਭਾਰੂ, ਬੋਝਲ; ਦੁਖਦਾਈ, ਅਸਹਿਣਯੋਗ, ਦੁੱਭਰ.
  burdensomeness, *n.* : ਬੋਝਲਪੁਣਾ, ਦੁਖਦਾਈਪੁਣਾ, ਦੁੱਭਰਪੁਣਾ.

burdock, *n.* : ਇੱਕ ਕੰਡਿਆਂ ਵਾਲਾ ਜੰਗਲੀ ਬੂਟਾ, ਕਧਰਾ.

bureau, *n.* : ਮੇਜ਼ਪੋਸ਼, ਸਰਕਾਰੀ ਮਹਿਕਮਾ, ਦਫ਼ਤਰ; ਖ਼ਾਨਿਆਂ ਵਾਲਾ ਮੇਜ਼.

bureaucracy, *n.* : ਅਫ਼ਸਰਸ਼ਾਹੀ, ਦਫ਼ਤਰ-ਸ਼ਾਹੀ, ਦਫ਼ਤਰੀ ਹਕੂਮਤ, ਲੋਕ ਤੋਂ ਵਖਰਾ ਸੰਗਠਨ; ਕੇਂਦਰੀਕਰਣ; ਅਫ਼ਸਰ-ਸ਼੍ਰੇਣੀ.
  bureaucrat, *n.* : ਦਫ਼ਤਰ-ਅਫ਼ਸਰ ਹਾਕਮ.
  bureaucratic, *a.* : ਅਫ਼ਸਰਸ਼ਾਹੀ, ਦਫ਼ਤਰੀ.
  bureaucratically, *adv.* : ਅਫ਼ਸਰਸ਼ਾਹੀ ਢੰਗ ਨਾਲ.

burette, *n.* : ਗ੍ਰੈਮ ਦਾ ਪੈਮਾਨਾ.

burg, *n.* : (ਇਤਿਹਾਸ) ਸ਼ਹਿਰ, ਨਗਰ, ਵੇਖੋ borough.

burgee, *n.* : ਕਿਸ਼ਤੀ ਦੀ ਝੰਡੀ.

burgeon, **bourgeon**, *n.*, & *v. i.* : ਕਰੂੰਬਲ, ਡੋਡੀ; ਕਰੂੰਬਲ ਫੁੱਟਣੀ, ਕਲੀ ਨਿਕਲਣਾ.

burgess, *n.* : ਪਾਰਲੀਮੈਂਟ ਵਿੱਚ ਕਿਸੇ ਸ਼ਹਿਰ ਜਾਂ ਯੂਨੀਵਰਸਿਟੀ ਦਾ ਪ੍ਰਤੀਨਿਧ, ਨਾਗਰਿਕ; (ਪੁਰਾਣੇ ਇਤਿਹਾਸ ਵਿੱਚ) ਸ਼ਹਿਰੀ, ਸ਼ਹਿਰੀ ਜਾਂ ਵੋਟ ਵਾਲਾ.

burgh, *n.* : ਸਕਾਟਲੈਂਡ ਦਾ ਕਸਬੇ ਸ਼ਹਿਰ; ਵੇਖੋ borough.

burgher, *n.* : (ਪੁਰਾਤਨ) ਸ਼ਹਿਰੀ, ਸ਼ਹਿਰੀ.

burglar, *n.* : ਸੰਨ੍ਹਮਾਰ, ਚੋਰ.
  burglary, *n.* : ਸੰਨ੍ਹ, ਚੋਰੀ.
  burglarious, *a.* : ਸੰਨ੍ਹ ਦਾ, ਸੰਬੰਧੀ.

burgle, *v. i.* & *t.* : ਸੰਨ੍ਹ ਲਾਉਣੀ, ਚੋਰੀ ਕਰਨੀ.

burgomaster, *n.* : ਹਾਲੈਂਡ ਆਦਿ ਦੇਸ਼ਾਂ ਵਿੱਚ ਸ਼ਹਿਰ ਦੇ ਜਾਗੀਰ ਦਾ ਪਰਧਾਨ.

burgonet, *n.* : ਲੋਹੇ ਦੀ ਟੋਪੀ, ਖ਼ੋਦ, ਸੰਜੋਅ.

burgundy, *n.* : ਬਰਗੰਡੀ ਸ਼ਹਿਰ ਦੀ ਸ਼ਰਾਬ.

burial, *n.* : ਦਫ਼ਨਾ (ਖ਼ਾਸ ਤੌਰ ਤੇ ਮੁਰਦੇ ਦਾ); ਦਫ਼ਨਾਉਣ, ਜਨਾਜ਼ਾ.
  b. ground : ਕਬਰਸਤਾਨ.
  b. prayer, service : ਜਨਾਜ਼ੇ ਦੀ ਨਮਾਜ਼.

burin, *n.* : ਤਾਂਬੇ ਉੱਤੇ ਉੱਕਰਨ ਲਈ ਇੱਕ ਸੰਦ, ਉੱਕਰਨੀ.
  burinist, *n.* : ਉੱਕੇਰਾ.

burke, *v. t.* : ਆਵਾਜ਼ ਜਾਂ ਖ਼ਬਰ ਦਾ ਮੌਕਾ ਨਾ ਨਿਕਲਣ ਦੇਣਾ, ਚੋਰੀ ਹੀ ਲੁਕਾ ਲੈਣਾ, ਦਬਾ ਦੇਣਾ, ਪਰਦਾ ਪਾਉਣਾ.

burl, *n.*, & *v. t.* : ਉੱਨ ਜਾਂ ਸੂਤ ਵਿੱਚ ਗੱਠ; ਗੰਢਾਂ ਸਾਫ਼ ਕਰਨੀਆਂ.

burlap, *n.* : ਖੁਰਦਰੀ ਕਿਸਮ ਦਾ ਲੱਠਾ, ਮੋਟੀ ਕਿਰਮਚ.

burlesque, *n.*, *a.*, & *v. t.* : ਸਾਂਗ, ਨਕਲ, ਖਿੱਲੀ, ਹਾਸੋਹੀਣੀ ਨਕਲ, ਮਖੌਲ, ਹਜੋਣੀ; ਸਾਂਗ ਬਣਾਉਣੀ, ਖਿੱਲੀ ਉਡਾਉਣੀ, ਮਖੌਲ ਉਡਾਉਣ ਲਈ ਨਕਲ ਕਰਨੀ.

burly, *a.* : ਮੋਟਾ ਤਾਜ਼ਾ, ਹੱਟਾ-ਕੱਟਾ, ਮੁਸ਼ਟੰਡਾ, ਘੁਤ-ਪੂੰਨਾ.

burliness, *n.* : ਮੁਸ਼ਟੰਡ, ਘੁਤ-ਮੋਤ.

capote, *n.* : ਬਰਾਂਡੀ, ਸਿਪਾਹੀ ਜਾਂ ਮੁਸਾਫ਼ਰ ਦਾ ਲੰਮਾ ਕੋਟ, ਸਣੇ ਸਿਰ ਨੂੰ ਕੱਜਣ ਵਾਲੇ ਕੱਪੜੇ ਦੇ; ਚੋਗਾ.

capric, *a.* : (ਰਸਾਇਣ) c. acid : ਕੇਪਰਿਕ ਖਟਾਸ, ਤੇਜ਼ਾਬ ਜੋ ਮੱਖਣ ਤੇ ਗਰੀ ਦੇ ਤੇਲ ਆਦਿ ਵਿੱਚੋਂ ਕੱਢਿਆ ਜਾਵੇ.

caprice, *n.* : ਵਹਿਮ, ਤਰੰਗ, ਮਨ-ਮੌਜ, ਮਨ ਦੀ ਮੌਜ, ਲਹਿਰ, ਲਲ੍ਹ, ਕਦੀ ਆਸਾ ਕਦੀ ਕਾਰਾ ਹੋਣਾ; (ਹੁਨਰ ਵਿੱਚ) ਖ਼ਿਆਲੀ ਖੇਡ.

capricious, *a.* : ਮੌਜੀ, ਵਹਿਮੀ, ਲਹਿਰੀ.

capriciously, *adv.* : ਮੌਜ ਨਾਲ, ਵਹਿਮੀ ਸੁਭਾ ਅਨੁਸਾਰ.

capriciousNESS, *n.* : ਮੌਜੀਪੁਣਾ, ਵਹਿਮੀਪੁਣਾ.

Capricorn, *n.* : ਮਕਰ ਰਾਸ.

Tropic of C. : ਮਕਰ ਰੇਖਾ.

caprification, *n.* : ਕਿਸੇ ਫਲ (ਅੰਜੀਰ ਆਦਿ) ਨੂੰ ਛੇਤੀ ਪਕਾਉਣ ਲਈ ਇੱਕ ਖ਼ਾਸ ਕਿਸਮ ਦੇ ਕੀੜੇ ਦੀ ਸਾਂਝ.

caprine, *a.* : ਬਾਕਰਾ, ਬੱਕਰੇ ਦਾ; ਬੱਕਰਦਾ, ਬੱਕਰੇ ਵਰਗਾ.

capriole, *n.* & *v. i.* : ਟੁਲਾਂਗ, ਕੁੜਕ, ਟੱਪਣਾ.

caproic, *a.* : c. acid, ਕੇਪਰੋਇਕ ਖਟਾਸ, ਮੱਖਣ ਆਦਿ ਵਿਚੋਂ ਨਿਕਲਣ ਵਾਲਾ ਇੱਕ ਪਦਾਰਥ.

caps, *n.* : ਵੱਡੇ ਅੱਖਰ (capital letters ਦਾ ਛੋਟਾ ਰੂਪ); ਪਰੂਫ਼ ਵਿਚ ਕੰਪੋਜ਼ੀਟਰ ਨੂੰ ਸੂਚਨਾ ਕਿ ਇਥੇ ਵੱਡੇ ਅੱਖਰ ਵਰਤੋ.

capsicum, n. : ਖਾਸ ਮਿਰਚ ਦੇ ਬੂਟੇ ਵਰਗਾ ਇੱਕ ਬੂਟਾ; ਪੀਂਹੀਂ ਤੇਜ਼ੀ ਮੋਟੀ ਲਾਲ ਮਿਰਚ

capsize, n. & v. t. & i. : ਉਲਟਣਾ, ਉਲਟਾਉਣਾ (ਜਹਾਜ਼, ਕਿਸ਼ਤੀ ਦਾ), ਮੂਧਾ ਕਰਨਾ, ਮੂਧੇ ਪੈਣਾ, ਪਾਸੇ ਪੈਣਾ, ਪੁੱਠਾ ਕਿਰਾਉਣਾ, ਉੱਥਲ ਪੁਥਲੀ.

capsizAL, n. : ਉਲਟੇ ਹੋਣ ਦੀ ਹਾਲਤ, ਉਲਟਪੁਲਟੀ, ਤਿੱਗਣ, ਉਲਟ.

capstan, n. : (ਜਹਾਜ਼ ਦੇ) ਲੰਗਰ ਦੀ ਚਰਖੜੀ, ਵੱਡੀ ਭੌਣੀ ਜੋ ਜਹਾਜ਼ ਦੇ ਸਾਜ਼ਸਾਮਾਨ ਖਿੱਚਣ ਲਈ ਹੁੰਦੀ ਹੈ.

capsule, n. : (ਸਰੀਰ) ਝਿੱਲੀਦਾਰ ਥੈਲਾ ਜਾਂ ਗਿਲਾਫ਼; (ਬੀਆਂ ਦਾ) ਡੋਡਾ; (ਰਸਾਇਣ) ਖੁੱਲ੍ਹੀ ਕੜ੍ਹਾਈ ਜੋ ਭਾਫ਼ ਬਣਾ ਕੇ ਪਾਣੀ ਉਡਾਉਣ ਲਈ ਹੁੰਦੀ ਹੈ; (ਹਕੀਮੀ) ਖੋਲ (ਜੈਲਾਟੀਨ ਦੀ ਨਿੱਕੀ ਡੱਬੀ, ਜਿਸ ਵਿੱਚ ਕੌੜੀ ਦਵਾਈ ਜਾਂ ਤੇਲੀ ਬੰਦ ਕਰਕੇ ਮਰੀਜ਼ ਨੂੰ ਖਵਾਉਂਦੇ ਹਨ).

capsulAR, a. : ਗਲਾਫ਼ੀ, ਖੋਲਦਾਰ, ਡੋਡੀਆ.

capsuliFORM, a. : ਡੱਬੀਦਾਰ, ਡੋਡੀਦਾਰ.

captain, n. : ਸਰਦਾਰ, ਆਗੂ; ਕਪਤਾਨ (ਫ਼ੌਜ ਦਾ ਜਾਂ ਜਹਾਜ਼ ਦਾ); ਖੇਡ ਦੀ ਟੀਮ ਦਾ ਜ਼ਿੰਮੇਵਾਰ, ਕਪਤਾਨ.

captaincy, captainSHIP, nn. : ਕਪਤਾਨੀ.

captainLESS, a. : ਕਪਤਾਨ ਤੋਂ ਬਿਨਾਂ, ਬੇਕਪਤਾਨੀ.

captain, v. t. : ਕਪਤਾਨੀ ਕਰਨੀ, ਅਗਵਾਈ ਕਰਨੀ, ਆਗੂ ਹੋਣਾ, ਸਰਦਾਰੀ ਕਰਨੀ.

captation, n. : ਫਸਾਉਣ, ਪਰਚਾਅ, ਝੂਠੀਆਂ ਚਿਕਨੀਆਂ ਦਲੀਲਾਂ ਦੀ ਵਰਤੋਂ.

caption, n. : (ਕਾਨੂੰਨੀ) ਗ੍ਰਿਫ਼ਤਾਰੀ, ਫੜੇ ਜਾਣਾ; (ਕਾਨੂੰਨ) ਕਿਸੇ ਲਿਖਤ ਦੇ ਨਾਲ ਲੱਗੀ ਸਰਟੀਫ਼ਿਕੇਟ; (ਅਮਰੀਕਾ ਵਿੱਚ) ਕਿਸੇ ਲੇਖ, ਕਾਂਡ, ਸਫ਼ੇ, ਫ਼ਿਲਮ ਆਦਿ ਦਾ ਨਾਂ ਜਾਂ ਸਿਰਲੇਖ.

captious, a. : ਨੁੱਕਤੇ, ਚੋਂਹਦੀ, ਕੁਤਰਕੀ, ਨੁਕਤਾਚੀਨ, ਤਕਰਾਰੀ; ਰੁਲਾਣਾ, ਭੁਲੇਖੇ ਵਾਲਾ.

captiousLY, adv. : ਨੁਕਤਾਚੀਨੀ ਨਾਲ, ਨੁਕਤਾਚੀਨੀ ਦੇ ਖ਼ਿਆਲ ਨਾਲ, ਕੁਤਰਕ ਕਰ ਕੇ.

captiousNESS, n. : ਕੁਤਰਕਵਾਦ, ਨੁੱਕਤਾਵਾਦ, ਪੇਚ, ਨੁਕਤਾਚੀਨੀ.

captivate, v. t. : ਮੋਹ ਲੈਣਾ, ਲੁਭਾਉਣਾ, ਫਸਾਉਣਾ, ਪਿਆਰ ਖਿੱਚਣਾ

captivatING, a. : ਮਨ-ਮੋਹਣ, ਮੋਹਣੀ, ਮਨ-ਮੋਹਣਾ, ਲੁਭਾਉਣਾ, ਮਨੋਹਰ, ਦਿਲ-ਖਿੱਚਵਾਂ, ਰਸੀਲਾ.

captivatION, n. : ਖਿੱਚ, ਮਨ ਮੋਹਣ ਦੀ ਸ਼ਕਤੀ, ਲੁਭਾਇਮਾਨਤਾ, ਮਨੋਹਰਤਾ.

captive, a. & n. : ਕੈਦੀ, ਬੰਦੀਵਾਨ, ਬੰਧੂਆ, ਫੜਿਆ ਹੋਇਆ, ਡੱਕਿਆ ਹੋਇਆ, ਕਾਬੂ ਆਇਆ, ਗ੍ਰਿਫ਼ਤਾਰ.

c. balloon : ਕਿੱਲੇ-ਬੱਧਾ ਗੁਬਾਰਾ, ਉਹ ਗੁਬਾਰਾ ਜੋ ਰੱਸੀ ਨਾਲ ਜ਼ਮੀਨ ਨਾਲ ਬੱਧਾ ਹੋਵੇ.

lead, take, hold c. : ਕੈਦ ਵਿੱਚ ਰੱਖਣਾ, ਕੈਦੇ ਪਾਉਣਾ, ਕੈਦ ਕਰਨਾ.

captivity, n. : ਕੈਦ, ਬੰਦੀ.

captor, n. : **captress**, n. (fem.) : ਫੜੂ, ਕੈਦ ਕਰਨ ਵਾਲਾ, ਫਾਹੀ.

capture, n. & v. t. : ਫੜਾਈ, ਗ੍ਰਿਫ਼ਤਾਰੀ, ਫੜਾਵਣੀ, ਹੱਥ-ਲੱਗਾ ਮਾਲ ਜਾਂ ਲੁੱਟ; ਕੈਦ ਕਰਨਾ, ਪਕੜਨਾ, ਲੁੱਟ ਲੈਣਾ; (ਮਨ) ਮੋਹ ਲੈਣਾ, ਕਬਜ਼ਾ ਕਰਨਾ.

capturER, n. : ਫੜਨ ਵਾਲਾ, ਕਬਜ਼ਾ ਕਰਨ ਵਾਲਾ.

Capuchin, n. & a. : ਫ਼ਰਾਂਸਿਸਕੀ ਸਾਧੂ, ਜਨਾਨਾ ਟੋਪੀਦਾਰ ਚੋਗਾ, ਸਰਪੋਸ਼.

c.-monkey, -pigeon : ਦਖਣੀ ਅਮਰੀਕਾ ਦਾ ਬਾਂਦਰ ਜਾਂ ਕਬੂਤਰ (ਜਿਨ੍ਹਾਂ ਦੇ ਸਿਰ ਦੇ ਵਾਲ ਜਾਂ ਖੰਭ ਪਾਦਰੀਆਂ ਦੀ ਟੋਪੀ ਵਾਂਗ ਹੋਣ).

caput mortuum [L.], n. : ਫੋਕ, ਰਹਿੰਦ-ਖੂੰਹਦ.

capybara, n. : ਥਣਧਾਰੀਆਂ ਦਾ ਸਭ ਤੋਂ ਵੱਡਾ, ਦੱਖਣੀ ਅਮਰੀਕਾ ਦਾ ਇੱਕ ਕੁਤਰਨ-ਵਾਲਾ ਜਨੌਰ.

car, n. : ਕਾਰ, ਮੋਟਰ-ਕਾਰ, ਗੱਡੀ, ਰੱਥ; (ਅਮਰੀਕਾ) ਰੇਲ ਦਾ ਡੱਬਾ; ਹਵਾਈ ਜਹਾਜ਼ ਨਾਲ ਲਟਕਦਾ ਡੱਬਾ ਜਿਸ ਵਿੱਚ ਮੁਸਾਫ਼ਰ ਬੈਠਦੇ ਹਨ.

carMAN, n. : ਗੱਡੀਵਾਨ, ਡਰਾਈਵਰ, ਰਥਵਾਨ.

c. of Juggernaut : ਜਗਨਨਾਥ ਦਾ ਰੱਥ; ਅੰਧ-ਵਿਸ਼ਵਾਸ, ਅੰਧਾ-ਧੁੰਦ ਭਗਤੀ.

c. of the sun : ਸੂਰਜ ਭਗਵਾਨ ਦਾ ਰੱਥ.

dining-c. : ਖਾਣੇ ਦਾ ਡੱਬਾ.

tramway-c. : ਟਰਾਮ-ਗੱਡੀ.

triumphal-c. : ਜਲੂਸੀ ਰੱਥ.

carFUL, n. : ਗੱਡੀ-ਭਰ, ਗੱਡੀ ਦਾ ਭਾਰ.

carabineer, carb-, n. : ਕਰਾਬੀਨਚੀ, ਸਿਪਾਹੀ ਜਿਸ ਕੋਲ ਕਰਾਬੀਨ ਹੋਵੇ, ਕਰਾਬੀਨ ਵਾਲਾ.

caracal, n. : [ਤੁਰਕੀ—ਕਰਾਕੁਲਕ] ਕਾਲ-ਕੰਨਾ, ਇੱਕ ਕਿਸਮ ਦਾ ਬਣ-ਬਿੱਲਾ.

caracol(e), n. & v. i. : (ਘੋੜੇ ਦਾ) ਅੱਧਾ ਚੱਕਰ, ਚੱਕਰ ਦੇਣਾ.

carafe, n. : [ਅਰਬੀ 'ਗਰਾਫ਼ਾ'] ਸ਼ੀਸ਼ੇ ਦੀ ਸੁਰਾਹੀ.

caramel, n. : (ਖੰਡ ਨੂੰ ਰੰਗ ਦੇਣ ਲਈ) ਸੜੀ ਹੋਈ ਖੰਡ; ਇੱਕ ਮਿਠਿਆਈ

carapace, n. : ਖੱਪਰ; ਕੱਛੂਕੁੰਮੇ ਆਦਿ ਜਾਨਵਰਾਂ ਦਾ ਉੱਪਰਲਾ ਖੋਲ

carat, n. : [ਅਰਬੀ 'ਕਿਰਾਤ'] ਰੱਤੀ, ਕੀਮਤੀ ਪੱਥਰ ਤੋਲਣ ਲਈ ਤੋਲ ਜੋ 3 1/5 ਗਰੇਨ ਦਾ ਹੁੰਦਾ ਹੈ; ਸੋਨੇ ਦੇ ਖ਼ਾਲਸਪੁਣੇ ਦਾ ਤੋਲ, ਖ਼ਾਲਸ ਸੋਨਾ 24 ਕੈਰਟ ਹੁੰਦਾ ਹੈ.

caravan [ਫ਼ਾਰਸੀ 'ਕਾਰਵਾਨ'], n. : ਕਾਰਵਾਨ, ਕਾਫ਼ਲਾ, (ਮੁਸਾਫ਼ਰਾਂ) ਦਾ ਸਾਥ, ਸੰਗ, ਟੋਲੀ, ਟੋਲਾ, ਕਾਰ, ਵਾਗਨ, ਬੰਦ ਗੱਡੀ; ਤਮਾਸ਼ੇ ਆਦਿ ਵਾਲਿਆਂ ਦਾ ਡੱਬਾ, ਚਲਦਾ-ਫਿਰਦਾ.

caravanserai, -sera, -sary [ਫ਼ਾਰਸੀ 'ਕਾਰਵਾਂ-ਸਰਾਇ'], n. : ਵੱਡੀ ਸਰਾਂ (ਜਿੱਥੇ ਕਾਫ਼ਲੇ ਠਹਿਰਦੇ ਸਨ).

caravel, carvel, n. : ਕਰਾਵਲ, (ਸਪੇਨ ਤੇ ਪੁਰਤਗਾਲ ਦਾ) ਛੋਟਾ ਤੇਜ਼ ਜਹਾਜ਼.

caraway, n. : [ਅਰਬੀ 'ਕਰਾਵੀਆ'] ਕਾਲਾ ਜ਼ੀਰਾ, ਕੁਸੀ ਜ਼ੀਰਾ.

carbine, cara-, n. : ਕਰਾਬੀਨ, ਰਸਾਲੇ ਦੀ ਛੋਟੀ ਬੰਦੂਕ (ਪੁਰਾਣੀ ਕਿਸਮ ਦੀ).

carbide, n. : ਕੈਲਸ਼ੀਅਮ ਕਾਰਬਾਈਡ, ਗੈਸ ਦਾ ਮਸਾਲਾ.

carbohydrate, n. : (ਰਸਾਇਣ) ਕਾਰਬੋ-ਹਾਈਡਰੇਟ, ਕਾਰਬਨ, ਆਕਸੀਜਨ ਤੇ ਹਾਈਡ੍ਰੋਜਨ ਦਾ ਸਮਾਸ, ਨਿਸ਼ਾਸਤਾ ਪਦਾਰਥ.

carbolic, a. : (ਰਸਾਇਣ) c. acid : ਕਾਰਬਾਲਿਕ ਦਾ ਤੇਜ਼ਾਬ ਜੋ ਕੀੜੇ ਆਦਿ ਮਾਰਨ ਦੇ ਕੰਮ ਆਉਂਦਾ ਹੈ.

carbolise, v. t. : ਕਾਰਬਾਲਿਕ ਛਿੜਕਣਾ ਜਾਂ ਕਾਰਬਾਲਿਕ ਨਾਲ ਧੋਣਾ.

carbon, n. : [ਰਸਾਇਣ] ਅੰਗਾਰਕ, ਕੋਲੇ ਦਾ ਮਸਾਲਾ, ਕਾਰਬਨ, ਮੂਲ-ਧਾਤੂ ਤੱਤ ਜੋ ਕੋਲੇ, ਹੀਰੇ ਆਦਿ ਦੇ ਰੂਪ ਵਿੱਚ ਮਿਲਦਾ ਹੈ, ਤੇ ਕਾਰਬਾਨਿਕ ਯੋਗਿਕ ਰੂਪ ਤੇ ਹੋਰ ਸਭਨਾਂ ਜੀਵਾਂ ਵਿੱਚ ਹੁੰਦਾ ਹੈ; (ਬਿਜਲੀ) ਕੋਲੇ ਦੀ ਸੀਖ ਜੋ ਬਿਜਲੀ ਦੇ ਲੈਂਪਾਂ ਵਿੱਚ ਲਗਦੀ ਹੈ.

c.-paper : ਕਾਰਬਨ ਪੇਪਰ, ਕਾਲਾ ਕਾਗ਼ਜ਼, ਨਕਲ ਛਾਪਣ ਲਈ ਮਸਾਲੇਦਾਰ ਕਾਗ਼ਜ਼.

c. printing, process : ਕਾਰਬਨੀ ਛਾਪਾ, ਪਾਇਦਾਰ ਛਾਪਾ.

carbonATE, n. : ਕਾਰਬੋਨੇਟ, ਕਾਰਬਨ ਤੇ ਆਕਸੀਜਨ ਦਾ ਸਮਾਸ.

carbonaceous, a. : ਕਾਰਬਨੀ, ਕਾਰਬਨਦਾਰ, ਕੋਲਈ, ਕੋਲੇ ਵਰਗਾ, ਕੋਲੇ ਦਾ, ਕਾਰਬਨ ਤੋਂ ਬਣਿਆ.

carbonaro [It.], n. : ਇਟਲੀ ਦੀ ਇੱਕ ਗੁਪਤ ਇਨਕਲਾਬੀ ਸਭਾ.

carbonate, v. t. : ਕਾਰਬਨ ਦਾ ਸਮਾਸ ਬਣਾਉਣਾ; ਕਾਰਬਾਨਿਕ ਐਸਿਡ ਗੈਸ

ਪਿਘਲਦੀ (ਜਿਵੇਂ ਪੀਲ ਵਾਲੇ ਲੈਂਪ ਵਿੱਚ).

calcium c. : ਕਾਰ.

lead c. : ਸਫ਼ੈਦਾ.

carbonic, a. : ਕਾਰਬਨੀ, ਕਾਰਬਨ ਦਾ.

c. acid gas : ਕਾਰਬਨੀ ਗੈਸ, ਇਹ ਗੈਸ ਜੋ ਕਾਰਬਨ ਦੇ ਬਲਣ, ਜੀਆਂ ਦੇ ਸਾਹ ਲੈਣ ਆਦਿ ਤੋਂ ਬਣਦੀ ਹੈ.

carboniferous, a. : ਕਾਰਬਨ-ਉਪਜਾਊ, ਕੋਲਾ ਪੈਦਾ ਕਰਨ ਵਾਲੀ.

c. strata, system, formation : ਪੁਰਾਣੇ ਲਾਲ ਪੱਥਰ ਤੋਂ ਉੱਪਰਲੀ ਤਹਿ (ਭੂ-ਰਚਨਾ).

c. age, era, period : ਕਾਰਬਨੀ ਕਾਲ; ਉਹ ਕਾਲ, ਜੁਗ, ਸਮਾਂ ਜਦੋਂ ਧਰਤੀ ਦੇ ਥੱਲੇ ਇਹ ਕਾਰਬਨੀ ਤਹੀਆਂ ਬਣੀਆਂ ਸਨ.

carbonize, v. t. : ਕਾਰਬਨ ਵਿੱਚ ਬਦਲਣਾ, ਕੋਲਾ ਬਣਾ ਦੇਣਾ; ਕਾਗਜ਼ ਨੂੰ ਕਾਰਬਨ ਨਾਲ ਰੰਗਣਾ (ਨਕਲਾਂ ਕੱਢਣ ਲਈ).

carbonizATION, n. : ਕਾਰਬਨਕਾਰੀ.

carborundum, n. : ਕਾਰਬਨ ਤੇ ਸਿਲੀਕੋਨ ਦਾ ਮਸਾਲਾ, ਜਿਸ ਨਾਲ ਰਗੜ ਕੇ ਪਾਲਿਸ਼ ਕਰਦੇ ਹਨ.

carboy, n. : ਵੱਡੀ, ਟੋਕਰੀਦਾਰ, ਸ਼ੀਸ਼ੇ ਦੀ ਬੋਤਲ ਜਿਸ ਦੇ ਦੁਆਲੇ ਟੋਕਰੀ ਬੁਣੀ ਹੋਵੇ, ਕਰਾਬਾ. (see carafe)

carbuncle, n. : ਕੀਮਤੀ ਲਾਲ ਪੱਥਰ (ਲਾਲ, ਯਾਕੂਤ ਆਦਿ). (ਡਾਕਟਰੀ) ਗੰਢੀਲਾ (ਫੋੜਾ), ਨਾਸੂਰ, ਰਾਜ-ਫੋੜਾ.

carbuncled, a. : ਲਾਲ-ਜੜਤ; ਫੋੜੇ ਵਾਲਾ.

carbuncULAR, a. : ਫੋੜੇ ਸਬੰਧੀ; ਫੋੜੇਦਾਰ.

carburet, v. t. : (ਕਿਸੇ ਅੰਸ਼ ਨੂੰ ਰਸਾਇਣਕ ਤੌਰ ਤੇ) ਕਾਰਬਨ ਨਾਲ ਰਲਾਉਣਾ.

carburettor or carburetter : (ਮੋਟਰ ਦੇ ਇੰਜਨ ਵਿੱਚ) ਕਾਰਬਨਕਾਰ.

carcass, -ase, n. : ਲੋਥ, ਲਾਸ਼, ਮਨੁੱਖੀ ਦੇਹ (ਨਫ਼ਰਤ ਨਾਲ); ਜਾਨਵਰ ਦੀ ਬੇਸਿਰੀ ਲੋਥ; ਮੁਰਦਾਰ, ਪਿੰਜਰ; ਧੜ; ਅਧਿਆ ਖੁੱਲ੍ਹਿਆ ਨਿਕੰਮਾ ਹਿੱਸਾ, ਪਿੰਜਰ, ਢਾਂਚਾ (ਘਰ, ਜਹਾਜ਼ ਦਾ); (ਫ਼ੌਜੀ) ਅੱਗ ਲਾਉਣ ਵਾਲਾ ਬਾਰੂਦੀ ਗੋਲਾ.

card¹, v. t. & n. : ਤੂੰਮਣਾ, ਪਿੰਜਣਾ, ਧੁਣਨਾ, ਪੁਣਨਾ, ਰੂੰ ਜਾਂ ਉੱਨ ਸਾਫ਼ ਕਰਨੀ; ਉੱਨ ਜਾਂ ਰੂੰ ਸਾਫ਼ ਕਰਨ ਵਾਲਾ ਤੰਬਾ, ਪੇਂਜਾ.

carded cotton : ਤੂੰਬਿਆ, ਪਿੰਜਿਆ ਰੂੰ, ਰੂੰ.

carder : ਪੇਂਜਾ, ਧੁਣੀਆ.

carding bow : ਪੇਂਜਣੀ, ਧੁਣਖੀ.

card², n. : (also *playing* c.) ਤਾਸ਼, ਪੱਤਾ, ਮੋਟੇ ਕਾਗਜ਼ ਦਾ ਟੁਕੜਾ, ਕਾਰਡ; ਗੱਤਾ; ਕਾਰਡ ਜੋ ਪ੍ਰੋਗਰਾਮ, ਖੇਡ ਦੇ ਨਤੀਜੇ, ਦਾਖ਼ਲੇ ਦੇ ਟਿਕਟ, ਸੱਦੇ ਪੱਤਰ ਆਦਿ ਲਈ ਵਰਤਿਆ ਜਾਏ.

c.board : ਗੱਤਾ.

c.-case : ਕਾਰਡ-ਦਾਨ, ਮੁਲਾਕਾਤੀ ਕਾਰਡਾਂ ਦਾ ਡੱਬਾ.

cards : ਤਾਸ਼ ਦੀ ਖੇਡ.

c. index : ਕਾਰਡ-ਸੂਚੀ, ਉਹ ਸੂਚੀ ਜਿਸ ਵਿੱਚ ਹਰ ਚੀਜ਼ ਵੱਖਰੇ ਕਾਰਡ ਉੱਤੇ ਦਰਜ ਹੁੰਦੀ ਹੈ.

card-INDEX, v. t. : ਕਾਰਡ-ਸੂਚੀ ਬਣਾਉਣੀ.

c.-sharper : ਧੋਖੇਬਾਜ਼, ਨੌਸਰਬਾਜ਼, ਤਾਸ਼ ਦੀ ਖੇਡ ਵਿੱਚ ਠੱਗੀ ਕਰਨ ਵਾਲਾ.

c. up one's sleeve : ਰਾਖਵਾਂ ਦਾਅ, ਆਖ਼ਰੀ ਦਾਅ ਰਖਣਾ.

house of cc. : ਕਾਗਜ਼ਾਂ ਦੀ ਬੇੜੀ, ਰੇਤ ਦੀ ਨੀਂਹ, ਪਾਣੀ ਤੇ ਲੀਕ.

knowing c. : ਚਾਂਟਾ, ਛੇੜੂ.

leave a c. on : ਮੁਲਾਕਾਤ ਲਈ ਕਾਰਡ ਛੱਡ ਆਉਣਾ.

on the cc. : ਆਉਣ ਵਾਲੀ, ਹੋਣ ਵਾਲੀ ਗੱਲ.

queer c. : ਅਨੋਖਾ ਬੰਦਾ.

speak by the c. : ਠੀਕ ਹਿਸਾਬ ਨਾਲ ਕਹਿਣਾ, ਗਿਣ-ਮਿਥ ਕੇ ਗੱਲ ਕਰਨੀ.

the c. : ਠੀਕ-ਠੀਕ ਗੱਲ.

throw up, show one's cc. : ਖ਼ਿਆਲ ਦੱਸ ਦੇਣਾ, ਸਕੀਮ ਹਟਾ ਦੇਣੀ.

admission c. : ਦਾਖ਼ਲਾ-ਪੱਤਰ, ਦਾਖ਼ਲੇ ਦਾ ਟਿਕਟ.

visiting-c. : ਮੁਲਾਕਾਤੀ ਕਾਰਡ.

post-c. : (ਚਿੱਠੀ ਦਾ) ਖ਼ਤ, ਕਾਰਡ.

wedding, Christmas, New Year, Id, Diwali, Gurpurb c. : ਖ਼ਾਸ ਮੌਕਿਆਂ ਉੱਤੇ ਭੇਜੇ ਜਾਣ ਵਾਲੇ ਵਧਾਈ ਦੇ ਛਪੇ ਹੋਏ ਕਾਰਡ.

cardamom, n. : ਇਲਾਚੀ, ਲਾਚੀ.

c.-seed : ਲਾਚੀਦਾਣਾ.

cardiac, a. & n. : ਦਿਲੀ, ਦਿਲ ਦਾ, ਸਬੰਧੀ, ਮਿਹਦੇ ਦੇ ਉਤਲੇ ਮੂੰਹ ਸੰਬੰਧੀ; ਦਿਲ ਨੂੰ ਤਾਕਤ ਦੇਣ ਵਾਲਾ; ਦਿਲ-ਉਪਾਊ ਦਵਾਈ, ਹੀਅ-ਪੱਥਰ.

c. impulse : ਦਿਲ ਦੀ ਧੜਕ.

c. symptoms : ਦਿਲੀ ਬੀਮਾਰੀ ਦੀਆਂ ਨਿਸ਼ਾਨੀਆਂ.

cardigan, n. : [ਲਾਰਡ ਕਾਰਡੀਗਨ ਦੇ ਨਾਂ ਉੱਤੇ] ਬਾਹਾਂ ਵਾਲੀ ਜਾਂ ਬਿਨ-ਬਾਹਾਂ ਦੇ ਉਣੀ ਹੋਈ ਉੱਨੀ ਵਾਸਕਟ, ਫ਼ਤੂਹੀ.

cardinal, C-, a. & n. : ਮੁਢਲੀ, ਬੁਨਿਆਦੀ, ਅਸਲੀ; ਮੁੱਖੀ, ਵੱਡੀ, ਗੂੜ੍ਹੀ, ਗੂੜ੍ਹਾ ਲਾਲ; ਤੀਵੀਆਂ ਦਾ ਲਾਲ ਰੰਗ ਦਾ ਚੋਗਾ; ਲਾਲ ਰੰਗ ਦਾ ਪੰਛੀ, ਸੁਰਖਾ; ਪੋਪ ਦੀ ਵੱਡੀ ਕੌਂਸਲ ਦਾ ਮੈਂਬਰ, ਕਾਰਡੀਨਲ.

c. flower : ਲਾਲ ਰੰਗ ਦਾ ਇੱਕ ਫੁੱਲ.

c. numbers : ਸਾਦੇ ਅੰਕੜੇ, ਜਿਵੇਂ ੧, ੨, ੩ ਆਦਿ.

c. numerals : ਗਿਣਤੀ-ਵਾਚਕ ਵਿਸ਼ੇਸ਼ਣ, ਇੱਕ, ਦੋ, ਤਿੰਨ ਆਦਿ.

c. points : ਮੁਖੀ ਦਿਸ਼ਾ, ਚਾਰ ਤਰਫ਼ਾਂ : ਉੱਤਰ, ਦੱਖਣ, ਪੂਰਬ, ਪੱਛਮ.

c. winds : ਇਨ੍ਹਾਂ ਪਾਸਿਆਂ ਦੀਆਂ ਹਵਾਵਾਂ.

c. virtues : ਮੁਢਲੇ ਗੁਣ (ਜਤਿ, ਸੰਤੋਖ, ਦਇਆ, ਧਰਮ, ਸਚ ਆਦਿ); ਈਸਾਈ ਮੱਤ ਵਿੱਚ ਭਰੋਸਾ, ਆਸ, ਦਇਆ, ਤਿੰਨ ਮੁਖੀ ਗੁਣ ਗਿਣੇ ਜਾਂਦੇ ਹਨ.

c. church : ਰੋਮ ਦਾ ਵੱਡਾ ਗਿਰਜਾ ਜਿਸ ਨਾਲ ਬਾਕੀ ਸੰਬੰਧਤ ਸਨ.

cardinalLY, adv. : ਬੁਨਿਆਦੀ ਤੌਰ ਤੇ.

cardinalate, cardinalship : ਪੋਪ ਦੀ ਕੌਂਸਲ ਦੇ ਮੈਂਬਰਾਂ ਵਿੱਚੋਂ ਇੱਕ ਦੀ ਪਦਵੀ; ਕਾਰਡੀਨਲੀ.

cardoon, n. : ਹਾਥੀ-ਚੱਕ ਦੀ ਕਿਸਮ ਦਾ ਬੂਟਾ.

care¹, n. : ਚਿੰਤਾ, ਫ਼ਿਕਰ, ਅੰਦੇਸ਼ਾ, ਭੈਅ, ਖ਼ੁਦਸ਼ਾ, ਤਰੱਦਦ, ਗਹੁ, ਪਰਵਾਹ, ਧਿਆਨ, ਸਾਰ, ਖ਼ਬਰਦਾਰੀ, ਚੌਕਸੀ, ਹੁਸ਼ਿਆਰੀ, ਰਾਖੀ; ਸਪੁਰਦਗੀ, ਹਵਾਲਗੀ, ਜ਼ਿੰਮੇਵਾਰੀ; ਮਾਰਫ਼ਤ.

c/o : ਮਾਰਫ਼ਤ (ਪਤਾ ਲਿਖਦਿਆਂ), ਰਾਹੀਂ.

in, under one's care : ਉਸ ਦੇ ਧਿਆਨ ਜਾਂ ਰਾਖੀ ਵਿੱਚ.

c.-free : ਬੇਪਰਵਾਹ, ਅਲਗਰਜ਼.

c.-laden, -worn : ਫ਼ਿਕਰਮੰਦ, ਪਰੇਸ਼ਾਨ.

c.-taker : ਚੌਕੀਦਾਰ, ਨਿਗਰਾਨ, ਫ਼ਿਕਰਮੰਦ, ਰਖਵਾਲਾ.

c.-taker government : ਆਰਜ਼ੀ ਸਰਕਾਰ.

have a c., take c. : ਸਾਵਧਾਨ ਹੋ ਜਾਓ, ਸੰਭਲ ਜਾਓ.

cc. of state : ਹਕੂਮਤ ਦੀਆਂ ਜ਼ਿੰਮੇਵਾਰੀਆਂ.

care², v. i. : ਚਿੰਤਾ ਕਰਨੀ, ਫ਼ਿਕਰ ਕਰਨਾ, ਧਿਆਨ ਰੱਖਣਾ, ਖ਼ਬਰਦਾਰੀ ਕਰਨੀ, ਪਰਵਾਹ ਕਰਨੀ, ਰਾਹ ਰਖਣੀ, ਗਹੁ ਕਰਨੀ, ਸਾਰ ਲੈਣੀ, ਸੁਰਤ ਲੈਣੀ, ਚੇਤਨ ਰਹਿਣਾ, ਉੱਦਮ ਕਰਨਾ, ਸੇਵਾ ਕਰਨੀ, ਸੰਭਾਲ ਕਰਨੀ (ਬੱਚੇ ਜਾਂ ਬੀਮਾਰ ਦੀ).

care a pin, a damn, a farthing : ਰਤੀ ਭਿੰਨੀ ਪਰਵਾਹ ਨਾ ਕਰਨੀ, ਤੁੱਤੀ ਬਰਾਬਰ ਮਿਥਣਾ.

careen, *v.t.* & *i.* : (ਜਹਾਜ਼ ਨੂੰ ਸਫ਼ਾਈ ਤੇ ਮੁਰੰਮਤ ਲਈ) ਵੱਖੀ ਪਰਨੇ ਕਰਨਾ; ਇੱਕ ਪਾਸੇ ਹੋਣਾ ਜਾਂ ਕਰਨਾ.

careenage, *n.* : (ਜਹਾਜ਼ ਦੀ) ਮੁਰੰਮਤ ਕਰਾਉਣ ਦਾ ਖ਼ਰਚ; ਮੁਰੰਮਤ ਦੀ ਥਾਂ.

career, *n.* & *v.i.* : ਤੇਜ਼, ਤੇਜ਼-ਦੌੜ, ਚਾਲ, ਤੋਰ, ਜੀਵਨ-ਚਰਿੱਤਰ; ਜੀਵਨ; ਰੁਜ਼ਗਾਰ, ਕੰਮ-ਕਾਰ; ਤੇਜ਼ੀ ਨਾਲ ਦੌੜਨਾ, ਤੇਜ਼-ਦੌੜ ਕਰਨੀ.

careerist, *n.* : ਆਪ-ਸੁਆਰਥੀ.

careful, *a.* : ਸਾਵਧਾਨ, ਸੁਚੇਤ, ਹੁਸ਼ਿਆਰ, ਸੁਚੱਜਾ, [illegible], [illegible] ਦੇ ਧਿਆਨ ਵਾਲਾ.

carefulLY, *adv.* : ਧਿਆਨ ਨਾਲ, ਹੋਸ਼ ਨਾਲ, ਸੋਚ ਨਾਲ.

carefulNESS, *n.* : ਸੂਝ, ਚੌਕਸੀ, ਧਿਆਨ, ਹੁਸ਼ਿਆਰੀ, ਚੇਤਨਤਾ.

careless, *a.* : ਅਚੇਤਨ, ਲਾਪਰਵਾਹ, ਬੇਪਰਵਾਹ, ਬੇਧਿਆਨ, ਬੇਖ਼ਿਆਲ, [illegible], ਅਲਗਰਜ਼ੀ, ਅਣਗਹਿਲਾ, ਗਾਫ਼ਲ.

carelessLY, *adv.* : ਬੇਪਰਵਾਹੀ ਨਾਲ, ਐਵੇਂ ਹੀ, ਅਣਗਹਿਲੀ.

carelessNESS, *n.* : ਬੇਪਰਵਾਹੀ, ਢਿੱਲ, ਗ਼ਫ਼ਲਤ, ਬੇਧਿਆਨੀ, [illegible], ਅਣਗਹਿਲਾਪਣ.

caress, *n.* & *v.t.* : [illegible], ਲਾਡ, ਲਾਡ-ਪਿਆਰ, [illegible], [illegible]; ਗਲ ਲਾਉਣਾ, [illegible], [illegible], ਚੁੰਮਣਾ-ਚੱਟਣਾ, ਲਾਡ ਕਰਨਾ, ਪਿਆਰ-ਸਤਕਾਰ, ਪਿਆਰ ਦੇਣਾ.

caressINGLY, *adv.* : ਗਲੇ ਲਾ ਕੇ, ਪਿਆਰ ਨਾਲ, ਲਾਡ ਨਾਲ.

caret, *n.* : (∧) ਲਿਖਤ ਜੇ ਹੇਠਲੇ ਰਹੇ ਸ਼ਬਦ ਦੀ ਨਿਸ਼ਾਨੀ ਵਜੋਂ ਹੋਣਾਂ ਲਾਇਆ ਜਾਂਦਾ ਹੈ.

cargo, *n.* : (ਜਹਾਜ਼ ਵਿਚ ਲੱਦੀ) ਭਾਰ, ਲੱਦ, ਭਾੜ, ਮਾਲ, ਬੋਝ.

Carib, *n.* & *a.* : ਕੈਰਿਬ, ਅਮਰੀਕਾ ਦੇ ਕੇਂਦਰੀ ਟਾਪੂਆਂ ਦਾ ਕਬੀਲਾ.

CaribBEAN, *a.* : ਅਮਰੀਕਾ ਦੇ ਕੇਂਦਰੀ ਟਾਪੂਆਂ ਦਾ.

caribou, -boo, *n.* : ਕਰੀਬੂ, ਉੱਤਰੀ ਅਮਰੀਕਾ ਦਾ ਰੇਂਡੀਅਰ (ਬਾਰਾਂਸਿੰਗਾ ਹਿਰਨ).

caricature, *n.* & *v.t.* : ਹਾਸ-ਚਿੱਤਰ, ਹਾਸੋਹੀਣੀ ਤਸਵੀਰ, ਹਾਸ-ਚਿੱਤਰਾਵਲਾ, ਭੇਤ-ਭਰਪੀ; ਸਾਂਗ, ਨਕਲ; ਮਖੌਲੀ ਤਸਵੀਰ ਬਣਾਉਣੀ, ਸਾਂਗ ਲਾਉਣੀ, ਨਕਲ ਲਾਹੁਣੀ, ਮੌਜੂ ਬਣਾ, ਮਖੌਲ ਕਰਨੀ.

caricaturIST, *n.* : ਮਖੌਲੀ ਤਸਵੀਰ ਚਿੱਤਰ ਵਾਲਾ, ਨਕਲੀਆ, ਹਾਸ-ਚਿੱਤਰੀ, ਮਸਖ਼ਰਾ.

caricaturABLE, *a.* : ਨਕਲੀਏ ਜੋਗ, ਮਖ਼ੌਲ ਉਡਾਉਣ ਜੋਗ.

caries [L], *n.* : ਖੋਰਾ, ਹੱਡੀ ਜਾਂ ਦੰਦ ਦਾ ਗਲਣਾ ਜਾਂ ਸੜਨਾ.

carillon [F], *n.* : ਘੰਟਾ, ਘੰਟ-ਮਾਲ, ਘੰਟੀਆਂ ਦਾ ਸਾਜ਼ ਜੋ ਹੱਥ ਜਾਂ ਮਸ਼ੀਨ ਨਾਲ ਵਜਾਇਆ ਜਾਵੇ; ਘੰਟਿਆਲ, [illegible] ਵਜਾਈ ਜਾਂਦੀ ਧੁਨ.

carina [L], *n.* : (ਜੀਵ-ਵਿਗਿਆਨ) [illegible], [illegible].

carious, *a.* : ਖੁਰਦਿਆ, ਗਲੀ ਸੜੀ (ਹੱਡੀ ਜਾਂ ਦੰਦ).

carking, *a.* : ਬੋਝਲ, ਭਾਰੂ; ਕਲਪਾਊ, ਤੋੜ-ਭੇੜੂ.

carking care : ਜਾਨ ਦਾ ਰੋਗ, ਚਿੰਤਾ ਦਾ ਭਾਰ.

carl(e), *n.* : (ਸਕਾਚ ਬੋਲੀ) ਆਦਮੀ, ਬੰਦਾ; ਕਿਰਸ, ਪੇਂਡੂ.

carline[1], *n.* : (ਸਕਾਚ) ਬੁੱਢੀ, ਬੁੜ੍ਹੀ.

carline[2], *n.* : ਕੰਡਿਆਲੇ ਪੱਤਿਆਂ ਵਾਲੇ ਬੂਟਿਆਂ ਦੀ ਇੱਕ ਕਿਸਮ.

Carlovingian, Carolingian, *a.* & *n.* : ਕਾਰਲੋਵਿਜੀ, ਸ਼ਾਰਲਮੇਨ ਤੋਂ ਤੁਰੇ ਫ਼ਰਾਂਸ ਦੇ ਦੂਜੇ ਘਰਾਣੇ ਵਿਚੋਂ ਇੱਕ.

Carlowitz, *n.* : ਆਸਟਰੀਆ ਦੀ ਸ਼ਰਾਬ ਜੋ ਕਿਸੇ ਥਾਂ ਦੇ ਨਾਂ ਉੱਤੇ ਬਣਦੀ ਹੈ.

Carlton Club, *n.* : ਕਾਰਲਟਨ ਕਲੱਬ, ਇੰਗਲੈਂਡ ਦੇ ਰਤਨ-ਪਿਆਰੀ ਧੜੇ ਦੀ ਵੱਡੀ ਸਭਾ.

Carlylism, *n.* : ਕਾਰਲਾਈਲ-ਵਾਦ, ਕਾਰਲਾਈਲਵਾਦ, ਅੰਗਰੇਜ਼ੀ ਲਿਖਾਰੀ ਟੋਮਸ ਕਾਰਲਾਈਲ (1795-1881) ਦੇ ਅਸੂਲ, ਇਸ ਦੀ ਅਨੋਖੀ ਸ਼ੈਲੀ ਆਦਿ.

CarlyLEAN, CarlyLIAN, *a.* & *n.* : ਕਾਰਲਾਈਲੀ; ਕਾਰਲਾਈਲੀਆ.

CarlyLESE, *a.* & *n.* : ਕਾਰਲਾਈਲੀ ਸ਼ੈਲੀ.

Carmagnole [F], *n.* : ਫ਼ਰਾਂਸ ਦੇ ਇਨਕਲਾਬੀਆਂ ਦਾ ਇੱਕ ਗੀਤ ਤੇ ਨਾਚ.

Carmelite, *n.* & *a.* : ਕਾਰਮਲੀ ਸਾਧੂ, ਈਸਾਈਆਂ ਦੇ ਇੱਕ ਧਾਰਮਿਕ ਮੱਠ ਵਿਚੋਂ ਇੱਕ ਫ਼ਕੀਰ, ਫ਼ਕੀਰ ਜਿਹੇ ਕਪੜਾ.

carminative, *a.* & *n.* : ਵਾਈ-ਤੋੜ, ਵਾਈ-ਹਰਨ (ਦਵਾਈ).

carmine, *n.* & *a.* : ਗੂੜ੍ਹਾ ਲਾਲ ਰੰਗ, ਕਿਰਮਚੀ ਰੰਗ; ਗੂੜ੍ਹੇ ਲਾਲ ਰੰਗ ਦਾ, ਕਿਰਮਚੀ.

carnage, *n.* : ਕਤਲ-ਏ-ਆਮ, (ਬੰਦਿਆਂ ਦੀ) ਕਤਲਾਮ.

carnal, *a.* : ਸਰੀਰਕ, ਦੇਹ ਜਾਂ ਮਾਸ ਦਾ; ਇੰਦਰਿਆਵੀ, ਵਿਸ਼ਿਆਵੀ, ਭੋਗ ਸੰਬੰਧੀ, ਸੰਸਾਰਕ, ਦੁਨਿਆਵੀ, ਅਪਵਿੱਤਰ.

c.-desire : ਕਾਮ-ਵਾਸ਼ਨਾ.

carnalISM, carnalITY, *n.* : ਸਰੀਰਕ ਰੁਚੀ, ਪਸ਼ੂ ਬਿਰਤੀ, ਕਾਮ ਵਾਸਨਾ, ਵਾਸਨਾ-ਪੂਰਤੀ, ਭੋਗ.

carnalIZE, *v.t.* : ਦੇਹ ਕਾਮ ਦੀ ਪੱਧਰ ਤੇ ਲੈ ਆਉਣਾ, ਦੁਨਿਆਵੀ ਬਣਾ ਦੇਣਾ, ਅਪਵਿੱਤਰ ਕਰ ਦੇਣਾ.

carnalLY, *adv.* : ਸਰੀਰਕ ਤੌਰ ਤੇ, ਦੁਨਿਆਵੀ ਤੌਰ ਤੇ, ਸੰਸਾਰਕ ਰੁਚੀ ਨਾਲ.

carnation[1], *n.* & *a.* : ਪਿਆਜ਼ੀ ਗੁਲਾਬੀ ਰੰਗ, ਲਾਲ ਗੁਲਾਬੀ (ਰੰਗ ਦਾ).

carnation[2], *n.* & *a.* : ਇੱਕ ਲਾਲ ਰੰਗ ਦਾ ਫੁੱਲ.

carnelian, *n.* : ਵੇਖੋ cornelian.

carnify, *v.t.* & *i.* : (ਡਾਕਟਰੀ) ਮਾਸ ਬਣਾਉਣਾ, ਹੱਡੀ ਜਾਂ ਰਿਸ਼ਤੇ ਨੂੰ ਮਾਸ ਜਾਂ ਪੱਠੇ ਦੀ ਸ਼ਕਲ ਵਿਚ ਬਦਲਣਾ.

carniFICATION, *n.* : ਮਾਸ-ਬਣਾਉਣ.

carnival, *n.* : ਇੱਕ ਈਸਾਈ ਤਿਉਹਾਰ; ਮੌਜ ਮੇਲਾ, ਰੰਗ-ਰਲੀਆਂ.

carnivora [L], *n.* : ਮਾਸਾਹਾਰੀ ਜਨੌਰ (ਸ਼ੇਰ, ਬਘ ਆਦਿ).

carnivore, *n.* : ਮਾਸਾਹਾਰੀ ਜਨੌਰ ਜਾਂ ਬੂਟਾ.

carnivorous, *a.* : ਮਾਸਾਹਾਰੀ, ਮਾਸ ਖਾਣ ਵਾਲਾ.

carob, *n.* : ['ਖਰੂਬ'] ਇੱਕ ਕਿਸਮ ਦੀ ਫਲੀ ਦਾ ਰੁੱਖ.

carol, *n.*, *v.t.* & *i.* : ਖ਼ੁਸ਼ੀ ਦਾ ਗੀਤ (ਮਨੁੱਖ ਜਾਂ ਪੰਛੀ ਦਾ), ਵੱਡੇ ਦਿਨ ਦਾ ਗੀਤ; ਖ਼ੁਸ਼ੀ ਦੇ ਗੀਤ ਗਾਉਣੇ, ਗਾ ਕੇ ਜਸ ਮਨਾਉਣਾ.

caroller, *n.* : ਗਵੱਈਆ, ਗਾਉਣ ਵਾਲਾ, ਗਾਇਕ.

Caroline, *a.* : ਇੰਗਲੈਂਡ ਦੇ ਪਹਿਲੇ ਤੇ ਦੂਜੇ ਚਾਰਲਸ ਦੇ ਵੇਲੇ ਦਾ.

Carolingian : ਵੇਖੋ Carlovingian.

carom, *n.* : ਬਿਲੀਅਰਡ ਵਿਚ ਦੋ ਗੇਂਦੀ ਸ਼ਾਟ, ਵੇਖੋ cannon[2].

carotid, *a.* & *n.* : ਲਹੂ ਦੀਆਂ ਉਨ੍ਹਾਂ ਦੋ ਨਾੜੀਆਂ ਸੰਬੰਧੀ, ਜਾਂ ਉਨ੍ਹਾਂ ਦੋਹਾਂ ਨਾੜੀਆਂ ਵਿਚੋਂ ਇੱਕ, ਜਿਨ੍ਹਾਂ ਰਾਹੀਂ ਲਹੂ ਦਿਮਾਗ਼ ਤਕ ਪੁੱਜਦਾ ਹੈ.

carouse, *v.i.* & *n.* : ਸ਼ਰਾਬ ਦਾ ਦੌਰ ਚਲਾਉਣਾ, ਬਹੁਤ ਪੀਣੀ, ਮੌਜ ਉਡਾਉਣੀ; ਸ਼ਰਾਬ ਦਾ ਦੌਰ.

carousAL, *n.* : ਪੀਣ-ਪਿਲਾਉਣ, ਸ਼ਰਾਬ ਦਾ ਦੌਰ.

carp[1], *n.* : ਤਾਜ਼ੇ ਪਾਣੀ ਦੀ ਮੱਛੀ ਜੋ ਤਲਾਬਾਂ ਵਿਚ ਹੁੰਦੀ ਹੈ, ਗ਼ਮਨਾ.

carp[2], *v.i.* : ਨਿੰਦਣਾ, ਨੁਕਸ ਕੱਢਣੇ, ਚੁੱਭਵੀਆਂ ਕਹਣੀਆਂ, ਸ਼ਿਕਾਇਤਾਂ ਲਾਉਣੀਆਂ.

carping tongue : ਨਿੰਦਕ-ਬਿਰਤੀ, ਦੋਸ਼-ਦ੍ਰਿਸ਼ਟੀ, ਨਿੰਦਕ.

carping criticism : ਵਿਤੰਡਾਵਾਦ, ਵਿਅੰਗ ਕਸਾਈ, ਕੌੜੀ ਨੁਕਤਾਚੀਨੀ.

carpal, *a.* : ਵੀਣੀ ਦਾ.

carpel, *n.* : (ਬਨਸਪਤੀ) ਬੀਜ-ਦਾਨੀ, ਗਰਭ-ਕੋਸ਼ੀ, ਫੁੱਲ ਦੀ ਬੀਜਦਾਨੀ ਦੀ

ਜੋੜੀ, ਸ਼ਤਾਬ.

carpenter, *n.* & *v. i.* & *t.* : ਤਰਖਾਣ, ਨਾਰੀ, ਲੋਹਾ : ਤਰਖਾਣਾ ਕੰਮ ਕਰਨਾ, ਤਰਖਾਣੇ ਕੰਮ ਨਾਲ ਬਣਾਉਣਾ.

carpentry, *n.* : ਤਰਖਾਣਾ ਕੰਮ.

the c.'s son : ਈਸਾ ਜੀ.

c.-ant, -bee : ਕੀੜੀ ਜੇ ਮੱਖੀ ਦੀ ਕਿਸਮ ਜੋ ਲੱਕੜ ਵਿਚ ਮੋਰੀ ਕਰਦੀ ਹੈ.

carpet, *n.* & *v. t.* : ਦਰੀ, ਗਲੀਚਾ, ਕਾਲੀਨ, ਫ਼ਰਸ਼, ਫੁੱਲਾਂ ਜਾਂ ਹਰਿਆਵਲ ਦਾ ਫ਼ਰਸ਼; ਦਰੀ ਜਾਂ ਫ਼ਰਸ਼ ਵਿਛਾਉਣਾ, ਦਰੀ ਜਾਂ ਗਲੀਚੇ ਨਾਲ ਢੱਕਣਾ (ਪਰਿਤੀਆਂ ਜਾਂ ਫ਼ਰਸ਼ ਹੀ); (ਨੌਕਰ ਨੂੰ) ਝਿੜਕਣਾ (ਝਾੜ-ਝੰਬ ਕਰਨੀ).

on the carpet : ਵਿਚਾਰ ਅਧੀਨ, ਵਿਚਾਰ ਹੇਠ, ਝਾੜ ਖਾਂਦੇ.

c.-bag : ਸਫ਼ਰੀ ਥੈਲਾ.

c.-beds : ਬਾਗ਼ ਵਿਚ ਬਣੀਆਂ ਕਿਆਰੀਆਂ, ਫੁਲਵਾੜੀ ਦੇ ਤਖ਼ਤੇ.

c.-dance : ਉਚੇਚ-ਰਹਿਤ ਨਾਚ, ਘਰੇਲੂ ਨਾਚ.

c.-knight : ਅਣੋਖਾ ਸੂਰਮਾ, ਕਾਗ਼ਜ਼ੀ ਪਹਿਲਵਾਨ.

c.-rods : ਦਰੀ ਦੀਆਂ ਪੱਤਰਾਂ, ਜਿਹੜੀਆਂ ਦਰੀ ਨੂੰ ਪਉੜੀਆਂ ਤੇ ਟਿਕਾਈ ਰੱਖਣ ਲਈ ਹੁੰਦੀਆਂ ਹਨ.

carpetless, *a.* : ਬਿਨਾਂ ਕਾਲੀਨ, ਬੇ-ਫ਼ਰਸ਼, ਅਣਵਿਛਿਆ.

carpeting, *n.* : ਫ਼ਰਸ਼ ਦਾ ਕਪੜਾ, ਸਾਮਾਨ.

carphology, *n.* : ਬੇਹੋਸ਼ੀ ਵਿਚ ਬਿਸਤਰੇ ਨਾਲ ਖੇਡਣਾ, ਜਾਂ ਕਿਸੇ ਨੂੰ ਟੋਹਣਾ-ਪੋਹਣਾ.

carpus, *n.* : ਪਿੰਜਰ ਦਾ ਉਹ ਹਿੱਸਾ ਜੋ ਹੱਥ ਤੇ ਬਾਂਹ ਨੂੰ ਮਿਲਾਉਂਦਾ ਹੈ; (ਮਨੁੱਖ ਵਿਚ) ਵੀਣੀ ਦੀ ਹੱਡੀ; (ਘੋੜੇ ਵਿਚ) ਗੋਡਾ.

carriage, *n.* : ਢੁਆਈ, ਢੁਲਾਈ, ਭਾੜ-ਭਰਦਾਰੀ; ਚਾਲ-ਢਾਲ, ਢੰਗ, ਇੰਤਜ਼ਾਮ, ਪ੍ਰਬੰਧ, ਬੱਘੀ, ਸਵਾਰੀ, ਮਸ਼ੀਨ ਦਾ ਉਹ ਹਿੱਸਾ ਜੋ ਦੂਜੇ ਪੁਰਜ਼ਿਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਂਦਾ ਹੈ; ਪਾਸ-ਕਰਾਈ (ਪਾਰਲੀਮੈਂਟ ਦੇ ਬਿਲ ਆਦਿ ਦੀ).

carriageful, *n.* : ਇਕ ਗੱਡੀ ਦਾ ਭਾਰ, ਗੱਡੀ-ਭਰ.

carriageless, *a.* : ਜਿਸ ਕੋਲ ਸਵਾਰੀ ਦਾ ਪ੍ਰਬੰਧ ਨਾ ਹੋਵੇ.

c. & four : ਚਾਰ-ਘੋੜਾ ਬੱਘੀ.

c. & pair : ਦੋ-ਘੋੜਾ ਬੱਘੀ.

c.-free : ਬਿਨ-ਮਹਿਸੂਲ, ਭਾੜ-ਭਰਦਾਰੀ ਦਾ ਖ਼ਰਚ ਮਾਫ਼.

c.-forward : ਖ਼ਰਚ-ਰੋਕ ਲੈਣ, ਢੁਆਈ ਦਾ ਖ਼ਰਚ ਪਿੱਛੋਂ ਦਿੱਤਾ ਜਾਣਾ.

c.-company, -folk : ਘੋੜੇ ਤੇ ਬੱਘੀਆਂ ਰੱਖਣ ਵਾਲੀ ਕੰਪਨੀ ਜਾਂ ਲੋਕ.

c.-dog : ਧਿਆਨਦਾਰ ਕੁੱਤਾ.

c.-drive : ਗਾਡੀ-ਸੜਕ, ਬਾਗ਼ਾਂ ਵਿਚ ਬੱਘੀਆਂ ਆਦਿ ਲਈ ਸੜਕ.

horsebox *n.* : ਭਾੜੇ (ਕਰਾਏ) ਦੀ ਗੱਡੀ.

c.-lines : ਬੱਘੀਖ਼ਾਨਾ.

gun-c. : ਤੋਪ-ਗੱਡੀ.

c.-stand : ਗੱਡੀਆਂ ਦਾ ਅੱਡਾ, ਥੜਾ.

carriageable, *a.* : ਗੱਡੀਆਂ ਵਾਲੀ (ਸੜਕ), ਜਿਸ ਤੇ ਗੱਡੀਆਂ ਚਲ ਸਕਣ.

c.-road : ਗਾਡੀ-ਰਾਹ.

carrick bend, *n.* : ਇਕ ਕਿਸਮ ਦੀ ਗੰਢ ਜਾਂ ਜੋੜ.

carrier, *n.* : ਭਾੜੀ, ਭਾਰਵਾਹੀ, ਭਾਰ ਢੋਣ ਵਾਲਾ, ਕੈਰੀ, ਭਾਰ ਰੱਖਣ ਵਾਲਾ, ਰੋਗੀਅਰ (ਰੋਗਾਣੂ ਸਮੇਤ ਦੇ ਮਿਲਣੇ ਵਾਲਿਆਂ ਦੇ ਸਮਾਨ ਇਕ ਨਵੀਂ ਚੋਪੜ ਮਿਲਦੀ); ਵਾਹਕ (ਜਿਹੜਾ ਜਾਂ ਜਾਨਵਰ ਜੋ ਆਪ ਬੀਮਾਰ ਹੋਣ ਤੋਂ ਬਿਨਾਂ ਹੀ ਕਿਸੇ ਬੀਮਾਰੀ ਦੇ ਕੀੜੇ ਕਿਸੇ ਹੋਰ ਤਕ ਪੁਚਾ ਦੇਵੇ).

c.-pigeon : ਖ਼ਤ-ਪੱਤਰ ਲੈ ਜਾਣ ਵਾਲਾ ਕਬੂਤਰ, ਚਿੱਠੀਆਂ ਲਿਜਾਣ ਵਾਲਾ ਕਬੂਤਰ.

c.-nation : ਜੰਗ-ਜਹਾਜ਼ੀ ਬੇੜਾ ਰੱਖਣ ਵਾਲੀ ਕੌਮ, ਬੇੜੀ ਕੌਮ, ਬੇੜਾ ਰੱਖਣ ਵਾਲੀ ਕੌਮ.

cariole, *n.* : ਇਕ ਆਦਮੀ ਲਈ ਛੋਟੀ ਖੁਲ੍ਹੀ ਗੱਡੀ, ਟਮਟਮ.

carrion, *n.* & *a.* : ਮਰੋੜਾ, ਮੁਰਦਾਰ, ਗੰਦਾ ਸੜਿਆ ਮਾਸ, ਕੱਚਰ ਮੰਦਾ ਗੰਦਾ, ਘਿਣਾਉਣਾ.

c.-crow : ਮੁਰਦਾਰ ਖਾਣ ਵਾਲਾ ਕਾਂ.

carronade, *n.* : ਛੋਟੀ, ਪਰ ਚੌੜੇ ਮੂੰਹ ਵਾਲੀ, ਜਹਾਜ਼ੀ ਤੋਪ.

carrot, *n.* : ਗਾਜਰ; (*pl.*) ਲਾਲ ਵਾਲ; ਲਾਲ ਵਾਲਾਂ ਵਾਲਾ ਮਨੁੱਖ.

carroty, *a.* : ਲਾਲ ਵਾਲਾਂ ਵਾਲਾ, ਲਾਲ.

carry, *v. t.* & *i.* : ਢੋਵਣਾ, ਲਿਜਾਣਾ, ਲੈ ਚਲਣਾ; ਚੁੱਕ ਕੇ ਖੜਨਾ, ਲੈਣਾ (ਗੱਡੀ ਜਹਾਜ਼ ਆਦਿ ਨਾਲ); ਪਹੁੰਚਾਉਣਾ (ਖ਼ਬਰ ਆਦਿ ਦੀ); (ਹਿਸਾਬ ਵਿਚ) ਹਾਸਲ ਪਾਣੀ ਰਕਮ ਜਾਂ ਹਾਸਲ ਰਕਮ ਨੂੰ ਹੇਠ ਤੋਂ ਉਤਲੇ ਦਰਜੇ ਦੇ ਹਿੰਦਸਿਆਂ ਵਿਚ ਲਿਖਣਾ, ਆਪਣਾ ਖ਼ਿਆਲ ਦੂਜੇ ਦੇ ਦਿਲ ਤਕ ਪੁਚਾਉਣਾ; ਜਿੱਤ ਲੈਣਾ; ਮਨਵਾਉਣਾ, ਪਾਸ ਕਰਾ ਲੈਣਾ; ਕੋਲ ਰੱਖਣਾ (ਹਥਿਆਰ, ਘੜੀ, ਆਦਿ); ਸੰਭਾਲਣਾ; ਥੰਮ੍ਹਣਾ.

c. about : ਚੁੱਕੀ ਫਿਰਨਾ.

c. a figure : ਜੋੜ ਜਾਰਿਜਣਾ.

c. all before one : ਸਭ ਨੂੰ ਜਿੱਤਣਾ.

c. away : ਆਪੇ ਤੋਂ ਬਾਹਰ ਕਰ ਦੇਣਾ, ਖ਼ਿਆਲਾਂ ਵਿਚ ਰੁੜ੍ਹ ਜਾਣਾ, ਕਿਸੇ ਖ਼ਿਆਲ ਵਿਚ ਵਹਾ ਕੇ ਲੈ ਜਾਣਾ; ਰੋੜ੍ਹ ਲਿਜਾਣਾ.

c. conviction : ਆਪਣਾ ਖ਼ਿਆਲ ਦੂਜੇ ਨੂੰ ਮਨਾਉਣਾ.

c. fortress : ਕਿਲ੍ਹਾ ਜਿੱਤਣਾ, ਕਿਲ੍ਹੇ ਤੇ ਕਬਜ਼ਾ ਕਰ ਲੈਣਾ.

c. interest : ਸੂਦ ਪੈਣਾ.

c. into effect : ਕਰ ਵਿਖਾਉਣਾ, ਸਿਰੇ ਚਾੜ੍ਹਨਾ.

c. it, the day : ਜਿੱਤਣਾ, ਸਫਲ ਹੋਣਾ.

c. off : ਲਗਾ ਕੇ ਲੈ ਜਾਣਾ; ਜਿੱਤਣਾ.

c. on : ਜਾਰੀ ਰਖਣਾ, ਜਾਰੀ ਰੱਖਣਾ, ਚਲਾਈ ਜਾਣਾ.

c. one's point, motion, bill : ਆਪਣੀ ਗੱਲ ਮੰਨਵਾ ਲੈਣੀ, ਆਪਣੀ ਤਜਵੀਜ਼ ਪਾਸ ਕਰਾ ਲੈਣੀ.

c. on with : (ਮੁਹਾਵਰਾ) ਛੇੜ ਛਾੜ ਕਰਨੀ, ਪ੍ਰੀਤ ਵਿਚ ਫਸਾਉਣਾ.

c. out : ਸਿਰੇ ਚਾੜ੍ਹਨਾ, ਕਰ ਵਿਖਾਉਣਾ.

c. over, c. forward : ਇੱਕ ਸਫ਼ੇ ਦਾ ਜੋੜ ਅਗਲੇ ਸਫ਼ੇ ਤੇ ਲੈ ਜਾਣਾ; ਲਾਗੂ ਕਰਨਾ, ਅਗਾਂਹ ਪਾਉਣਾ.

c. through : ਸਿਰੇ ਤਕ ਲਿਜਾਣਾ, ਸਿਰੇ ਚਾੜ੍ਹਨਾ.

c. weight : ਘੁੜ-ਦੌੜ ਵਿਚ ਸੰਤੁਲ ਲਈ ਵਾਧੂ ਭਾਰ ਚੁੱਕਣਾ, ਵਜ਼ਨ ਰੱਖਣਾ.

c. one back : ਪਿਛਲੀ ਯਾਦ ਕਰਾਉਣੀ.

c. it off well : ਚੰਗੀ ਤਰ੍ਹਾਂ ਨਿਭਾਉਣਾ.

carry, *n.* : (ਫ਼ੌਜੀ) ਤਲਵਾਰ ਸਲਾਮੀ ਦੀ ਹਾਲਤ; (ਗੌਲਫ਼) ਗੇਂਦ ਦੇ ਪਹਿਲੀ ਚੋਟ ਦੀ ਸੇਧ, ਤੋਪ ਦੀ ਮਾਰ; ਦੋ ਦਰਿਆਵਾਂ ਦੇ ਵਿਚਕਾਰ ਢੁਆਈ.

c.-over : ਬਕ ਕੇ ਲਿਜਾਣ ਦਾ ਕੰਮ ਜਾਂ ਜੋ ਰਕਮ ਅੱਗੇ ਲਿਜਾਈ ਜਾਵੇ.

cart, *n.* & *v. t.* & *i.* : ਗੱਡਾ, ਰੇੜ੍ਹਾ, ਗੱਡੀ; ਛਕੜਾ; ਗੱਡੇ ਉੱਤੇ ਲੱਦ ਕੇ ਲੈ ਜਾਣਾ.

bullock-c. : ਬੈਲ-ਗੱਡੀ, ਬਹਿਲ, ਬਹਿਲੀ.

dog-c. : ਕੁੱਤਾ-ਗੱਡੀ.

go-c. : ਰੜ੍ਹੀਲ, ਗਡੀਰਨਾ.

hand-c. : ਹੱਥ-ਰੇੜ੍ਹੀ, ਰੇੜ੍ਹੀ, ਠੇਲ੍ਹਾ.

c.-horse : ਭਾਰ ਢੋਣ ਵਾਲਾ ਘੋੜਾ.

c.ful, c.-load : ਇਕ ਗੱਡੇ ਵਿਚ ਆ ਸਕਣ ਵਾਲਾ ਭਾਰ, ਗੱਡੇ ਦਾ ਲੱਦ, ਬਹੁਤ ਸਾਰਾ.

c.-ladder : ਢਾਂਗੀਆਂ, ਜੋ ਵਧਾਉਣ ਲਈ ਗੱਡੇ ਵਿਚ ਲੱਗੇ ਡੰਡੇ ਜਾਂ ਫੱਟੇ.

mail-c. : ਡਾਕ ਵਾਲਾ ਗੱਡਾ, ਡਾਕ ਲਿਜਾਉਣ ਤੇ ਲੈ ਜਾਣ ਵਾਲੀ ਗੱਡੀ.

c.-road, -way : ਪਹੀਆ.

c.-wheel : ਗੱਡੇ ਦਾ ਪਹੀਆ.

c.-wright : ਗੱਡੇ ਬਣਾਉਣ ਵਾਲਾ.

put c. before horse : ਉਲਟੀ ਗੰਗਾ ਵਹਾਉਣੀ, ਪੁੱਠੀ ਗੱਲ ਕਰਨੀ.

turn c.-wheel : ਬਗ਼ਲ ਦੇ ਭਾਰ ਬਾਹਾਂ ਤੇ ਲੱਤਾਂ ਉੱਤੇ ਕਲਾਬਾਜ਼ੀਆਂ

ਲਾਉਂਦੀਆਂ.

cartAGE, ਸ. : ਢੁਆਈ, ਮਜ਼ਦੂਰੀ, ਗੱਡੇ ਦਾ ਕਿਰਾਇਆ.

cartER, ਸ. : ਗੱਡੇ ਵਾਲਾ, ਛੱਕੜੇ ਵਾਲਾ.

carte, quarte, ਸ. : ਬਰਛੇ ਵਾਲਾ ਦਾਅ, ਵਾਰ ਰੋਕਣ ਦਾ ਪੈਂਤੜਾ.

c. & tierce : ਤਲਵਾਰਬਾਜ਼ੀ.

carte blanche [F], ਸ. : ਦਸਖ਼ਤ ਕਰ ਕੇ ਦਿੱਤਾ ਕੋਰਾ ਕਾਗ਼ਜ਼ ਕਿ ਲੈਣ ਵਾਲਾ ਜੋ ਜੀਅ ਚਾਹੇ ਉਸ ਉੱਤੇ ਲਿਖ ਸਕੇ, ਕੋਰਾ ਚੈੱਕ, ਪੂਰੀ ਖੁੱਲ੍ਹ, ਖੁੱਲ੍ਹੀ ਚਾਰ-ਜੋਟ, ਪੂਰਾ ਅਖ਼ਤਿਆਰ, ਮਿਲਾਹੀ ਮਰਜ਼ੀ ਕਰਨ ਦੀ ਖੁੱਲ੍ਹ.

carte-de-visite [F], ਸ. : ਛੋਟਾ ਫ਼ੋਟੋ-ਕਾਗ਼ਜ਼, $= \frac{9''}{2} \times \frac{9''}{8}$.

cartel, ਸ. : (ਯੁੱਧ ਲਈ) ਲਿਖਤੀ ਵੰਗਾਰ; ਕੈਦੀਆਂ ਦੇ ਤਬਾਦਲੇ ਦੀ ਸੰਧੀ, ਇਕਰਾਰਨਾਮਾ, ਜਾ-ਸੰਘ (ਕਾਰਖ਼ਾਨੇਦਾਰਾਂ ਦੀ ਸਭਾ ਜੋ ਚੀਜ਼ਾਂ ਦੀਆਂ ਕੀਮਤਾਂ ਮੁਕੱਰਰ ਕਰਦੀ ਹੈ; ਇਸ ਨੂੰ kartell ਵੀ ਲਿਖਦੇ ਹਨ); ਵਪਾਰੀਆਂ ਦਾ ਸਮਝੌਤਾ.

Cartesian, ਵਿ. ਤੇ ਸ. : ਰੇਨੇ ਡੀ-ਕਾਰਤੀਜ਼ (੧੫੯੬–੧੬੫੦) ਦਾ, ਉਸ ਦੀ ਫ਼ਿਲਾਸਫ਼ੀ ਜਾਂ ਉਸ ਦੇ ਹਿਸਾਬੀ ਤਰੀਕਿਆਂ ਨੂੰ ਮੰਨਣ ਵਾਲਾ, ਕਾਰਤੀਸੀ.

CartesianISM, ਸ. : ਕਾਰਤੀਸੀ ਸਿਧਾਂਤ.

Carthusian, ਵਿ. ਤੇ ਸ. : ਸੰਤ ਬਰੂਨੋ ਦੇ ੧੦੮੪ ਵਿੱਚ ਕਾਇਮ ਕੀਤੇ ਫ਼ਕੀਰੀ ਟੋਲੇ ਦਾ, ਇਸ ਮੱਤ ਸੰਬੰਧੀ; ਚਾਰਟਰ-ਹਾਊਸ ਸਕੂਲ ਸੰਬੰਧੀ; ਉਸ ਸਕੂਲ ਦਾ ਇਕ ਮੈਂਬਰ.

cartilage, ਸ. : ਕੱਚੀ, ਮੁਰਕਣੀ ਹੱਡੀ.

cartilaginous, ਵਿ. : ਮੁਰਕਣੀ ਹੱਡੀ ਦਾ; ਮੁਰਕਣਾ.

c. fish : ਮੁਰਕਣੀ ਮੱਛੀ.

cartography, ਸ. : ਨਕਸ਼ਾਕਸ਼ੀ, ਨਕਸ਼ੇ ਬਣਾਉਣ ਦਾ ਕੰਮ.

cartoGRAPHER, ਸ. : ਨਕਸ਼ੇ ਬਣਾਉਣ ਵਾਲਾ.

cartoGRAPHIC(AL), ਵਿ. : ਨਕਸ਼ਿਆਂ ਸੰਬੰਧੀ, ਨਕਸ਼ੇ ਦਾ.

cartomancy, ਸ. : ਤਾਸ਼-ਜੋਤਸ਼, ਤਾਸ਼ ਦੇ ਪੱਤਿਆਂ ਨਾਲ ਕਿਸਮਤ ਦੱਸਣ ਦਾ ਇਲਮ.

carton, ਸ. : ਗਲਕਰੀ, ਚਾਂਦਮਾਰੀ ਦੇ ਫੱਟੇ ਵਿੱਚ ਚਿੱਟਾ ਨਿਸ਼ਾਨ, ਗੱਤੇ ਦਾ ਡੱਬਾ, ਕੱਤਰ.

cartoon, ਸ. ਤੇ ਕ. ਸ. ਤੇ ਅ. : ਕਾਰਟੂਨ, ਵਿਅੰਗ-ਚਿੱਤਰ, ਮਖ਼ੌਲੀ ਤਸਵੀਰ (ਜੋ ਆਮ ਤੌਰ ਤੇ ਰਾਜਨੀਤਿਕਾਂ ਬਾਬਤ ਮਾਸਿਕ-ਅਖ਼ਬਾਰਾਂ ਵਿਚ ਛਪਦੀ ਹੈ); ਮਖ਼ੌਲ ਉਡਾਉਣਾ, ਕਾਰਟੂਨ ਬਣਾਉਣਾ.

cartoonIST, ਸ. : ਕਾਰਟੂਨ ਬਣਾਉਣ ਵਾਲਾ, ਮਖ਼ੌਲੀਆ.

cartouche, ਸ. : ਵੇਲ-ਤਖ਼ਤੀ (ਜਿਸ ਉੱਤੇ ਪੁਰਾਣੀਆਂ ਇਮਾਰਤਾਂ ਵਿੱਚ ਵੇਲ-ਬੂਟੇ ਬਣਾਏ ਹੁੰਦੇ ਸਨ).

cartridge, ਸ. : ਕਾਰਤੂਸ, ਬੰਦੂਕ ਆਦਿ ਦੀਆਂ ਗੋਲੀਆਂ.

c.-belt : ਕਾਰਤੂਸਾਂ ਵਾਲੀ ਪੇਟੀ.

c.-paper : ਕਾਰਤੂਸੀ ਕਾਗ਼ਜ਼, ਮੋਟਾ ਤੇ ਪੱਕਾ ਕਾਗ਼ਜ਼.

ball-c. : ਗੋਲੀ ਦਾ ਕਾਰਤੂਸ.

blank c. : ਫੋਕ ਫੂਕਾ, ਖ਼ਾਲੀ ਕਾਰਤੂਸ.

cartulary, ਸ. : ਮਿਸਲਾਂ ਦਾ ਦਫ਼ਤਰ.

caruncle, ਸ. : ਮਾਸ ਦਾ ਮਸ.

carve, ਕ. ਸ. ਤੇ ਅ. : (ਲਿਖ ਕੇ) ਘੜਨਾ; ਉੱਕਰਨਾ; ਕਟਣਾ (ਮਾਸ, ਖਾਣ ਲਈ).

carving-knife : ਛੁਰੀ, ਕਰਦ.

carving one's way : ਆਪਣੇ ਲਈ ਰਾਹ ਬਣਾ ਲੈਣਾ.

carving, ਸ. : ਉੱਕਰਾਈ, ਉੱਕਰਿਆ ਹੋਇਆ ਚਿੱਤਰ.

carvel, ਸ. : ਦੇਖੋ caravel.

carver, ਸ. : ਉੱਕੇਰਾ, ਉੱਕਰਨ ਵਾਲਾ.

caryatid, ਸ. : ਪੱਥਰ-ਮੂਰਤੀ, ਜ਼ਨਾਨਾ ਬੁੱਤ ਜੋ ਥੰਮ੍ਹ ਦੀ ਥਾਂ ਵਰਤਿਆ ਜਾਵੇ.

cascade, ਸ. ਤੇ ਕ. ਅ. : ਝਰਨਾ, ਝਰੀ, ਆਬਸ਼ਾਰ; (ਝਾਲਰ, ਗੋਟਾ ਕਿਨਾਰੀ ਆਦਿ ਦਾ) ਲੜੀਆਂ; ਝਰਨਾ, ਝਰਨੇ ਵਾਂਗੂ ਡਿੱਗਣਾ.

cascara sagrada, ਸ. : ਕਾਸਕਾਰਾ, ਜੁਲਾਬ ਦੀ ਮਿੱਠੀ ਗੋਲੀ.

case[1], ਸ. : ਹਾਲਤ, ਦਸ਼ਾ, ਸੂਰਤ; ਮਾਮਲਾ, ਘਟਨਾ; ਅਸਲ ਹਾਲਤ; ਬੀਮਾਰ ਦੀ, ਬੀਮਾਰੀ ਦੀ ਹਾਲਤ; ਬੀਮਾਰ; ਮੁਕੱਦਮਾ, ਦਾਅਵਾ, ਨਾਲਸ਼; ਅਦਾਲਤ ਜਾਂ ਸਰਕਾਰ ਦਾ ਫ਼ੈਸਲਾ, ਪ੍ਰਕਰਣ, (ਵਿਆਕਰਣ) ਕਾਰਕ.

dative c. : ਸੰਪ੍ਰਦਾਨ ਕਾਰਕ.

nominative or subjective c. : ਕਰਤਾ ਕਾਰਕ.

objective c. : ਕਰਮ ਕਾਰਕ.

c.-law : ਨਜ਼ੀਰੀ ਕਾਨੂੰਨ, ਉਹ ਕਾਨੂੰਨ ਜੋ ਪਿਛਲੀਆਂ ਮਿਸਾਲਾਂ ਤੋਂ ਬਣਾਇਆ ਜਾਵੇ.

c. of conscience : ਜ਼ਮੀਰ ਦਾ ਮਾਮਲਾ, ਉਹ ਮਾਮਲਾ ਜਿਸ ਵਿਚ ਅੰਤਹਕਰਣ ਨੂੰ ਦੋ ਪਰਸਪਰ-ਵਿਰੋਧੀ ਅਸੂਲਾਂ ਵਿਚੋਂ ਇਕ ਚੁਣਨਾ ਪਵੇ.

in any c. : ਹਰ ਹੀਲੇ, ਭਾਵੇਂ ਕੁਝ ਹੋਵੇ, ਜੋ ਹੋਵੇ ਸੋ ਹੋਵੇ.

in c. : ਜੇ, ਸ਼ਾਇਦ, ਅਜਿਹੀ ਹਾਲਤ ਵਿਚ.

in c. of : ਇਸ ਹਾਲਤ ਵਿਚ.

in the c. of : ਬਾਬਤ, ਸੰਬੰਧੀ.

in that c. : ਉਸ ਹਾਲਤ ਵਿਚ, ਜੇ ਇਉਂ ਹੋਇਆ ਤਾਂ, ਜੇ ਇਹ ਠੀਕ ਹੈ ਤਾਂ.

is the c. : ਸੱਚ ਹੈ, ਇਉਂ ਹੀ ਹੈ.

is not the c. : ਝੂਠ ਹੈ, ਇਉਂ ਠੀਕ ਨਹੀਂ.

in good c. : ਸੌਖ ਵਿਚ, ਸੌਖਾ.

in evil c. : ਭੈੜੇ ਹਾਲ.

that is our c. : ਸਾਡਾ ਦਾਅਵਾ ਇਹ ਹੈ, ਸਾਡੇ ਹੱਕ ਦੀਆਂ ਦਲੀਲਾਂ ਇਹ ਹਨ.

make out one's c. : ਆਪਣਾ ਪੱਖ ਸਿੱਧ ਕਰਨਾ; ਆਪਣਾ ਦਾਅਵਾ ਪੇਸ਼ ਕਰਨਾ.

as the c. may be : ਜਿਹੀ ਕਿ ਸੂਰਤ ਹੋਵੇ.

case[2], ਸ. ਤੇ ਕ. ਸ. : ਖ਼ਾਨਾ, ਗ਼ਿਲਾਫ਼, ਉਛਾੜ, ਥੈਲਾ, ਗ਼ਿਲਾਫ਼, ਚੌਖਟਾ, ਖੋਲ, ਘਰ, ਮਿਆਨ; ਸੰਦੂਕ, ਪੇਟੀ, ਡੱਬੀ, ਡੱਬਾ, ਬਕਸ; ਸ਼ੀਸ਼ੇ ਦੀ ਅਲਮਾਰੀ, ਖਾਨੇ ਬੀਜਣ ਲਈ ਚੌਖਟਾ, (ਛਾਪਾਖ਼ਾਨਾ) ਅੱਖਰਦਾਨ, ਤਖ਼ਤੀ; ਗ਼ਿਲਾਫ਼ ਚੜ੍ਹਾਉਣਾ, ਮਿਆਨ ਵਿੱਚ ਰੱਖਣਾ, ਸੰਦੂਕ ਵਿਚ ਬੰਦ ਕਰਨਾ.

upper c. : ਉੱਚਾ ਅੱਖਰ, ਵੱਡੀ ਤਖ਼ਤੀ ਦਾ ਅੱਖਰ.

lower c. : ਛੋਟਾ ਅੱਖਰ, ਛੋਟੀ ਤਖ਼ਤੀ ਦਾ.

c.-bottle : ਚੌਰਸ ਬੋਤਲ (ਜੋ ਪੇਟੀ ਵਿੱਚ ਹੋਰ ਬੋਤਲਾਂ ਨਾਲ ਰੱਖ ਦੇ ਆ ਸਕੇ).

c.-harden : ਬਾਹਰ ਨੂੰ ਪੱਕਾ ਕਰਨਾ, ਕੱਠਠਾਉਣਾ.

c.-knife : ਮਿਆਨੀ ਛੁਰਾ.

c.-shot : ਡੱਬੇ ਬੰਦ ਗੋਲਾ (ਜੋ ਖਿਲਾਂ ਪਲੀਤੇ ਹੋਵੇ); ਇਸ ਨੂੰ sharpnel ਵੀ ਕਹਿੰਦੇ ਹਨ.

c.-worms : caddis (*q. v.*)

dressing-c. : ਕਪੜੇ ਰੱਖਣ ਵਾਲਾ ਸੰਦੂਕ.

suit-c. : ਕਪੜੇ ਰੱਖਣ ਵਾਲਾ ਛੋਟਾ ਬਕਸਾ.

casING, ਸ. : ਮਿਆਨ.

casein, ਸ. : ਪਨੀਰ ਦਾ ਅਸਲਾ, ਫਿੱਸੀ.

casemate, ਸ. : ਮੋਰਚੇਬੰਦ ਖਿੜਕੀ, ਕਿਲੇ ਦੀ ਮੋਟੀ ਕੰਧ ਵਿੱਚ ਗੋਲ ਕੋਠੜੀ ਜਿਸ ਵਿਚ ਬੰਦੂਕਾਂ ਚਲਾਉਣ ਲਈ ਮੋਰੀਆਂ ਰੱਖੀਆਂ ਹੁੰਦੀਆਂ ਹਨ; (ਜੰਗੀ ਜਹਾਜ਼ ਵਿਚ) ਮੋਰਚੇਬੰਦ ਪਨਾਹਗਾਹ.

casemateD, ਵਿ. : ਅਜਿਹੀ ਕੋਠੜੀ ਦਾ, ਵਾਲਾ.

casement, ਸ. : ਝਰੋਖਾ, ਸ਼ੀਸ਼ਿਆਂ ਵਾਲੀ ਬਾਰੀ, ਖਿੜਕੀ.

c.-cloth : ਪਰਦਿਆਂ ਦਾ ਕੱਪੜਾ.

cash, ਸ. (no *pl.*) ਤੇ ਕ. ਸ. : ਰੋਕੜ, ਨਕਦੀ, ਰੁਪਇਆ; (ਨੋਟ) ਭੁਨਾਉਣਾ,

ਤੁੜਾਉਣਾ.

c.-account : ਰੋਕੜ ਖਾਤਾ.

c.-balance : ਰੋਕੜ ਬਾਕੀ.

c. bonus : ਰੋਕ ਬੋਨਸ.

c.-book : ਰੋਕੜ ਵਹੀ, ਵਹੀ ਖਾਤਾ.

c.-deposit : ਨਕਦ ਅਮਾਨਤ.

c. down : ਨਕਦ (ਨਿਯਮ ਉਸੇ ਵੇਲੇ ਭਾਰਨੀ).

c. on delivery (C. O. D.) : ਮਾਲ ਮਿਲਣ ਤੇ ਅਦਾਇਗੀ.

c. memo : ਰੋਕ ਰਸੀਦ.

c. order : ਦਰਸ਼ਨੀ ਹੁੰਡੀ.

c. a bill : ਹੁੰਡੀ ਭੁਨਾਉਣੀ.

c. payment : ਨਕਦ ਅਦਾਇਗੀ, ਨਕਦ ਭੁਗਤਾਨ, ਨਕਦ-ਤਰਾਂਸਫ਼ਰ.

c. price : ਨਕਦ ਮੁੱਲ.

c. register : ਰੋਕੜ-ਮਸ਼ੀਨ (ਜਿਸ ਤੇ ਰੱਖਾਂ ਕੀਮਤਾਂ ਸਮੇਤ ਆਪ ਦਰਜ ਕਰੀ ਜਾਂਦੀ ਹੈ).

c. reserve : ਰਾਖਵੀਂ ਰਕਮ.

c. transaction : ਰੋਕ ਸੌਦਾ.

cashless, a. : ਖਾਲੀ-ਹੱਥ, ਤੰਗ.

cash², n. (pl. cash) : ਪੂਰਬੀ ਦੇਸ਼ਾਂ ਤੇ ਚੀਨ ਦੇ ਛੋਟੇ ਛੇਦ ਸਿੱਕੇ.

cashew, n. : ਇਕ ਰੁੱਖ (ਖਿਤਮੀ ਇੰਡੀਜ਼ ਦਾ).

cashier¹, n. : ਖ਼ਜ਼ਾਨਚੀ; ਰੋਕੜੀਆ.

cashier², v. t. : ਨੌਕਰੀ ਤੋਂ ਕਢਣਾ, ਜਵਾਬ ਦੇ ਦੇਣਾ, ਮੌਕੂਫ਼ ਕਰਨਾ, ਰੱਦ ਕਰਨਾ.

cashmere, n. (also c. shawl) : ਕਸ਼ਮੀਰੀ ਸ਼ਾਲ, ਦੁਸ਼ਾਲਾ; ਕਸ਼ਮੀਰੀ ਉੱਨ, ਪਸ਼ਮੀਨਾ, ਉਸ ਉੱਨ ਦੀ ਨਕਲ, ਕਪੜਾ.

cashmerette, n. : ਬਨਾਉਟੀ ਉੱਨ ਦੀ ਬਣੀ ਚੀਜ਼, ਕਸ਼ਮੀਰਾ.

casino, n. : ਆਮ ਨਾਚ-ਘਰ.

cask, n. : (ਲਕੜ ਦਾ) ਪੀਪਾ, ਕੁੱਪਾ.

casket, n. : ਡੱਬਾ, ਡੱਬੀ; ਸਿੰਗਾਰ-ਡੱਬਾ.

casque, n. : ਖੋਦ, ਟੋਪ, ਲੋਹ-ਟੋਪ.

Cassandra, n. : (ਯੂਨਾਨੀ ਦੇਵ ਕਥਾ ਵਿਚ ਇਕ ਸ਼ਹਿਜ਼ਾਦੀ ਜਿਸ ਦੇ ਭਵਿੱਖ ਬਾਰੇ ਸੱਚੇ ਹੋਣ ਤੇ ਵੀ ਬੇਇਤਬਾਰੇ ਸਮਝੇ ਜਾਂਦੇ ਸਨ) ਕਾਲਜੀਭਾ, ਬੇਇਤਬਾਰਾ ਨਜੂਮੀ.

cassation, n. : ਮਨਸੂਖੀ, ਖੰਡਨ, ਰੱਦਣ.

court of c. : (ਬਾਹਰਲੇ ਮੁਲਕਾਂ ਵਿਚ) ਅਪੀਲੀ ਅਦਾਲਤ, ਅਪੀਲ ਵਾਲੀ ਕਚਹਿਰੀ.

cassava, n. : ਅਮਰੀਕਾ, ਪਛਮੀ ਇੰਡੀਜ਼ (ਵੈਸਟ ਇੰਡੀਜ਼) ਦਾ ਇਕ ਬੂਟਾ ਜਿਸ ਦੀਆਂ ਗੰਢੀਦਾਰ ਜੜ੍ਹਾਂ ਤੋਂ ਆਟਾ ਜਿਹਾ ਹੁੰਦਾ ਹੈ; ਇਸ ਦਾ ਆਟਾ; ਇਸ ਆਟੇ ਤੋਂ ਬਣੀ ਰੋਟੀ.

casserole [F.], n. : ਤੌੜੀ, ਜਿਸ ਵਿਚ ਮਾਸ ਭੁਨਾਇਆ ਤੇ ਖਾਣ ਵਾਲਿਆਂ ਅਗਾਂਹ ਰੱਖਿਆ ਜਾਂਦਾ ਹੈ; en c., ਤੌੜੀ ਵਿਚ ਹੀ ਪਰੋਸਿਆ ਹੋਇਆ.

cassia, n. : ਅਮਲਤਾਸ, ਤੱਜ, ਦੇਸੀ ਦਾਲਚੀਨੀ, ਤੇਜ਼-ਪਾਤ; ਸਨਾ; ਘਟੀਆ ਦਾਲਚੀਨੀ.

cassock, n. : ਪਾਦਰੀਆਂ ਦਾ ਲੰਮਾ ਚੋਗ਼ਾ.

cassocked, a. : ਚੋਗੇ ਵਾਲਾ, ਚੋਗ਼ੇ ਵਾਲਾ.

cassolette, n. : ਧੂਪਦਾਨੀ, ਗੁਲਾਬਦਾਨੀ.

cassowary, n. : (ਮਲਾਇਆ) ਕਸੂਵਾਰੀ, ਸ਼ੁਤਰ-ਮੁਰਗ ਵਰਗਾ ਇਕ ਵੱਡਾ ਪੰਛੀ.

cast¹, v. t. & i. : ਸੁੱਟਣਾ, ਫੈਂਕਣਾ, ਲਾਹ ਸੁਟਣਾ, ਵਗਾਹ ਮਾਰਨਾ, ਪਾਉਣਾ; (ਮੁਕੱਦਮੇ ਵਿਚ) ਹਰਾ ਦੇਣਾ, ਲੇਖਾ ਕਰਨਾ, ਜੋੜਨਾ; ਵਿਉਂਤਣਾ, ਤਜਵੀਜ਼ ਦੇਣੀ; (ਪੰਘਰੀ ਹੋਈ ਧਾਤ ਨੂੰ ਕਿਸੇ ਸੱਚੇ ਵਿਚ) ਢਾਲਣਾ.

c. about : ਹੱਥ ਪੈਰ ਮਾਰਨੇ.

c. accounts : ਸਵਾਲ ਕਢਣੇ, ਲੇਖਾ-ਪੱਤਾ ਕਰਨਾ.

c. actors for parts : ਪਾਤਰਾਂ ਨੂੰ ਆਪੋ ਆਪਣਾ ਕੰਮ ਦੇਣਾ.

c. a horoscope or nativity : ਜਨਮ-ਪਤਰੀ (ਜਾਂ ਜਨਮ-ਕੁੰਡਲੀ) ਬਣਾਉਣੀ.

c. anchor : ਲੰਗਰ ਸੁੱਟਣਾ, ਜਹਾਜ਼ ਦਾ ਖੜੋਣਾ.

c. an eye : ਨਜ਼ਰ ਮਾਰਨੀ.

c. ashore : ਕੰਢੇ ਜਾ ਲਗਣਾ.

c. aside : ਛੱਡ ਦੇਣਾ, ਤਿਆਗ ਦੇਣਾ.

c. a vote : ਵੋਟ ਜਾਂ ਰਾਏ ਦੇਣੀ, ਪਰਚੀ ਪਾਉਣੀ.

c. away : ਸੁੱਟ ਦੇਣਾ, ਬੇੜੀ ਡੁਬਣਾ, ਰੱਦ ਦੇਣਾ.

c. blame upon : ਦੋਸ਼ ਥੋਪਣਾ, ਊਜ ਲਾਉਣੀ.

c. dice : ਪਾਸਾ ਸੁੱਟਣਾ.

to be c. down : ਉਦਾਸ ਜਾਂ ਨਿਰਾਸ਼ ਹੋਣਾ, ਜੀ ਹਾਰਨਾ.

c. in one's lot with : ਕਿਸੇ ਦੇ ਭਾਗ ਨਾਲ, ਦੁਖ ਸੁਖ ਜਾਂ ਲਾਭ ਘਾਟੇ ਦਾ ਭਾਈਵਾਲ ਹੋਣਾ.

c. in one's teeth : ਮੂੰਹ ਤੇ ਮਿਹਣੇ ਦੇਣੇ, ਤਾਅਨੇ ਮਾਰਨੇ.

c. light on : ਚਾਨਣ ਪਾਉਣਾ, ਗੱਲ ਖੋਲ੍ਹ ਕੇ ਦੱਸਣੀ.

c. lots : ਗੁਣੇ ਪਾਉਣੇ, ਪਰਚੀਆਂ ਕਢਣੀਆਂ (ਲਾਟਰੀ ਢੰਗ).

c. net or hook : ਜਾਲ ਲਾਉਣਾ, ਕੁੰਡੀ ਪਾਉਣੀ.

c. off : ਛੱਡ ਦੇਣਾ, ਦੂਰ ਕਰਨਾ (ਬੇੜੀ ਆਦਿ ਦੇ); (ਸਿਲਾਈ ਵਿਚ) ਸਿਲਾਈਆਂ ਬਣਾਈਆਂ, ਛਾਪਣੀ ਬਸ ਕਿਸੇ ਦੇ ਸਿਰ ਪਾਉਣੀ, ਹਿਸਾਬ ਲਾਉਣਾ ਕਿ ਖਰੜਾ ਛਪ ਕੇ ਕਿੰਨੀ ਥਾਂ ਲਏਗਾ.

c.-off : ਸੁੱਟੇ ਹੋਏ, ਲਾਹੇ (ਕਪੜੇ).

c. type : ਅੱਖਰ ਢਾਲਣੇ (ਛਾਪੇਖਾਨੇ ਲਈ).

c. up : ਹਿਸਾਬ ਲਾਉਣਾ.

cow casts calf : ਗਊ ਨੂੰ ਸੂਈ ਹੈ, ਵਕਤ ਤੋਂ ਪਹਿਲਾਂ ਵੱਛਾ ਦੇਂਦੀ ਹੈ.

deer casts horns : ਹਰਨ ਸਿੰਗ ਝਾੜਦਾ ਹੈ.

horse casts shoe : ਘੋੜਾ ਖੁਰੀ ਡੇਗ ਦਿੰਦਾ ਹੈ.

snake casts slough : ਸੱਪ ਕੁੰਜ ਲਾਹ ਸੁਟਦਾ ਹੈ.

c. a spell on : ਜਾਦੂ ਕਰਨਾ, ਮੰਤਰ-ਪ੍ਰਭਾਵ ਕਰਨਾ, ਕਾਬੂ ਪਾ ਲੈਣਾ, ਕੀਲ ਲੈਣਾ.

c. a column of figures : ਅੰਕੜੇ ਜੋੜਨੇ.

c. soldier, policeman, horse : ਕੱਢ ਦੇਣਾ, ਰੱਦ ਕਰਨਾ, ਰੱਦ ਕਰਨਾ.

c. loose : (ਆਪਣੇ ਆਪ ਨੂੰ) ਵਖਰਾ ਕਰ ਲੈਣਾ, ਅੱਡ ਹੋ ਜਾਣਾ.

casting, n. : ਢਲੀ ਹੋਈ ਚੀਜ਼; ਜੋੜ, ਢਾਂਚਾ.

cast², n. : (ਬੰਦੂਕ, ਤੀਰ ਆਦਿ ਦੀ) ਮਾਰ, ਸੁੱਟ; ਪਾਸੇ ਦੀ ਚਾਲ, ਦਾਅ; ਮੋਕਾ; (ਜਾਲ, ਲਾਦੂ, ਪਲੰਗ ਆਦਿ ਦੀ) ਸੱਟ; (ਪੰਛੀ ਦੀ ਸੁੱਟੀ ਹੋਈ) ਰਗੜ; (ਨਾਟ-ਕਰਮੀਆਂ ਆਦਿ) ਵਿਤਰਣੀ ਸੂਚੀ, ਪਾਤਰ-ਵੰਡ; ਪਾਤਰ-ਸਮੂਹ, ਢਾਂਚਾ; ਗੁਣਾਂ (ਮੁਖੜਾ, ਰੰਗ, ਢੰਗ, ਬਣਤਰ); ਕਿਸਮ; ਸੋਚ, ਭਾਵ; ਝਲਕ (ਰੰਗ ਦੀ).

c. in eye : ਭੈਂਗ.

c. of features : ਚਿਹਰਾ-ਮੁਹਰਾ, ਨਕਸ਼.

c. of mind : ਸੁਭਾ, ਰੁਚੀ, ਮਨ ਦਾ ਝੁਕਾ.

Castaly, n. : (ਯੂਨਾਨੀ ਵਿਚ ਕਾਵਿ ਕਲਾਵਾਂ ਦੀਆਂ ਦੇਵੀਆਂ ਦੇ ਪਰਬਤ ਦਾ) ਕਾਵਿ-ਕਲਾ ਦੀ ਨਿਰਮਲ ਅੰਮ੍ਰਿਤ-ਕੁੰਡ.

castalian, a. : ਕਾਵਿਕਾਈ.

castanet, n. : (ਆਮ ਤੌਰ ਤੇ ਬਹੁ-ਵਚਨ) ਖੜਤਾਲ.

castaway, n. & a. : ਤਿਆਗ-ਗੁਆਚਿਆ, ਜਹਾਜ਼ ਡੁੱਬਣ ਤੇ ਤਬਾਹ ਹੋਇਆ ਮਨੁੱਖ.

caste, n. : ਜਾਤ-ਪਾਤ, ਜਾਤ, ਵਰਣ, ਕੁਲ, ਬਰਾਦਰੀ; ਜਾਤ-ਪਾਤ ਦਾ ਤਰੀਕਾ, ਵਰਣ-ਆਸ਼੍ਰਮ.

c. system : ਜਾਤ-ਪਾਤ, ਵਰਣ-ਆਸ਼੍ਰਮ.

lose, renounce c. : ਬਰਾਦਰੀ ਵਿੱਚੋਂ ਛੇਕੇ ਜਾਣਾ.

high-c. : ਉੱਚ-ਜਾਤੀਆ, ਕੁਲੀਨ.

low-c. : ਨੀਚ-ਜਾਤ, ਨੀਵੀਂ ਜਾਤ ਵਾਲਾ.

mixed-c. : ਵਰਣ ਸੰਕਰ, ਦੋਗਲਾ.

scheduled-cc. : ਸੂਚਿਤ ਜਾਤੀਆਂ.

castelESS, a. ਅਜਾਤ; ਜਾਤ-ਪਾਤ ਤੋਂ ਰਹਿਤ, ਵਰਣਹੀਨ.

castellan, n. : ਕਿਲ੍ਹੇ ਦਾ ਸਰਦਾਰ, ਕਿਲ੍ਹੇਦਾਰ.

castellated, a. : ਕਿਲ੍ਹੇ ਵਰਗਾ, ਕਲੀਰਦਾਰ, ਪੱਕਾ.

castigate, v. t. : ਤਾੜ ਪਾਉਣੀ, ਝਾੜਨਾ, ਚੰਗੀ ਠੁੱਕਣੀ, ਸੋਧਣਾ (ਪੁਸਤਕ ਆਦਿ ਨੂੰ).

castigatION, n. : ਤਾੜ-ਝੰਬ; ਸੋਧ.

castigatOR, n. : ਤਾੜ ਪਾਉਣ ਵਾਲਾ, ਸੋਧਕ.

castigatORY, a. : ਝਾੜਵੀਂ; ਸੋਧਵੀਂ.

casting vote, n. : ਨਿਰਣਾਇਕ ਵੋਟ, ਉਹ ਪਰਚੀ ਜੋ ਦੋ ਬਰਾਬਰ ਧਿਰਾਂ ਦਾ ਫ਼ੈਸਲਾ ਕਰ ਦੇਵੇ.

cast iron, n. : **cast-iron**, a. : ਢਲਿਆ ਹੋਇਆ ਲੋਹਾ; ਢਲੇ ਹੋਏ ਲੋਹੇ ਦਾ; ਸਖ਼ਤ, ਕਰੜਾ, ਅਟੱਲ, ਕੱਟੜ, ਅਣਲਿਫਵਾਂ.

castle, n. : ਕਿਲ੍ਹਾ, ਕੋਟ, ਗੜ੍ਹ, ਗੜ੍ਹੀ; ਕਿਲ੍ਹੇਨੁਮਾ ਮਹਿਲ, ਮਾੜੀ; (ਸ਼ਤਰੰਜ) ਰੁਖ਼, ਰੁਕ.

Englishman's house his c. : ਅੰਗਰੇਜ਼ ਦਾ ਮਕਾਨ ਕੋਟ ਸਮਾਨ, ਅੰਗ੍ਰੇਜ਼ ਆਪਣੇ ਘਰ ਵਿਚ ਬਾਦਸ਼ਾਹ ਹੁੰਦਾ ਹੈ, ਕਿਸੇ ਦੀ ਮਜਾਲ ਨਹੀਂ ਉਸ ਦੇ ਘਰ ਬਿਨਾਂ ਆਗਿਆ ਵੜ ਜਾਵੇ.

build cc. in the air : ਹਵਾਈ ਕਿਲ੍ਹੇ ਉਸਾਰਨੇ, ਖ਼ਿਆਲੀ ਪੁਲਾਅ ਪਕਾਉਣੇ, ਮਨ ਦੇ ਲੱਡੂ ਭੋਰਨੇ.

c.-builder : ਹਵਾਈ ਕਿਲ੍ਹੇ ਉਸਾਰਨ ਵਾਲਾ, ਸ਼ੇਖ਼ ਚਿਲੀ.

castlED, a. : ਕਿਲ੍ਹੇ-ਬੰਦ; ਅਜਿਹੀ ਥਾਂ ਜਿੱਥੇ ਕਿਲ੍ਹਾ ਹੋਵੇ.

castleWISE, adv. : ਕਿਲ੍ਹੇ ਵਾਂਗ, ਕਿਲ੍ਹੇਦਾਰ, ਕਿਲ੍ਹਿਆਂ ਦੇ ਹਿਸਾਬ.

castle, v. i. & t. : (ਸ਼ਤਰੰਜ) ਰੁਖ਼ ਨਾਲ ਬਾਦਸ਼ਾਹ ਨੂੰ ਬਚਾ ਲੈਣਾ, ਰੁਖ਼-ਬੰਦੀ ਕਰਨੀ.

castor[1], n. : (ਯੂਨਾਨੀ 'ਕਾਸਟੋਰ', ਹਿੰਦੀ ਕਸਤੂਰੀ) ਉਦ-ਬਿਲਾਅ ਦੇ ਅੰਦਰੋਂ ਹੋਣ ਵਾਲੀ ਇੱਕ ਚੀਜ਼ ਜੋ ਦਵਾਈਆਂ ਅਤੇ ਖ਼ੁਸ਼ਬੋਆਂ ਬਣਾਉਣ ਵਿੱਚ ਵਰਤੀ ਜਾਂਦੀ ਹੈ; (ਬੋਲਚਾਲ) ਟੋਪੀ.

castor[2], -er, n. : (ਖਾਣੇ ਦੇ ਮੇਜ਼ ਲਈ) ਮਸਾਲੇਦਾਨੀ, (ਮਿਰਚਾਂ, ਮਸਾਲਾ, ਲੂਣ, ਆਦਿ ਦੀਆਂ ਸ਼ੀਸ਼ੀਆਂ ਰੱਖਣ ਵਾਲਾ) ਠੇਕਾ; (ਕੁਰਸੀ, ਮੇਜ਼ ਆਦਿ ਹੇਠ ਲਗਾ) ਮੇਜ਼ਦਾ ਪਹੀਆ.

c.-sugar : ਬੂਰਾ (ਖੰਡ).

castor[3], n. : (=chestnut) : (ਘੋੜੇ ਦੀ ਲੱਤ ਉੱਤੇ ਸਖ਼ਤ ਮੋਟੀ ਜਿਹੀ) ਗੰਢ, ਗਠੋਲੀ, ਰਸੌਲ, ਚਰਮੇਖੀ.

castor melon, n. : ਰੇਂਡੀ, ਇੱਕ ਖ਼ਰਬੂਜ਼ਾ.

castor oil, n. : ਰਹਿੰਡ ਦਾ ਤੇਲ (ਜੋ ਜੁਲਾਬ ਲਈ ਜਾਂ ਪੁਰਜ਼ੇ ਨਰਮ ਕਰਨ ਲਈ ਵਰਤੀਦਾ ਹੈ).

cold-drawn c. o. : ਕੱਚੀ ਘਾਣੀ ਦਾ ਰਹਿੰਡ ਦਾ ਤੇਲ.

castrate, v. t. : ਖੱਸੀ ਕਰਨਾ, ਲਿੰਗ ਕੱਟ ਦੇਣਾ, ਹੀਜੜਾ ਬਣਾ ਦੇਣਾ, ਨਿਪੁੰਸਕ ਕਰਨਾ; ਸਮਰੱਥ ਕਰਨਾ; ਕੱਟ-ਛਾਂਟ ਕਰਨੀ (ਪੁਸਤਕ ਦੀ).

castratION, n. : ਖੱਸੀ ਕਰਨ ਦਾ ਕੰਮ; ਕੱਟ-ਛਾਂਟ.

castratOR, n. : ਖੱਸੀ ਕਰਨ ਵਾਲਾ.

casual, a. & n. : ਕੁਦਰਤੀ, ਅਚਨਚੇਤੀ, ਇਤਫ਼ਾਕੀ, ਅੰਜਾਣੀ, ਕਦੇ-ਕਦਾਈਂ, ਬੇਪਰਵਾਹ, ਚੋਬ-ਤਰਦੀਦੀ, ਕਦੇ ਕਦੇ ਹੋਣ ਵਾਲਾ.

c. labourer : ਕੁਦਰਤ ਮਜ਼ਦੂਰ ਜੋ ਓਦੋਂ ਕੰਮ ਕਰੇ ਜਦੋਂ ਮੌਕਾ ਮਿਲੇ.

c. poor : ਆਰਜ਼ੀ ਲੋੜਵੰਦ, ਜਿਸ ਨੂੰ ਕਦੇ ਕਦੇ ਮਦਦ ਦੀ ਲੋੜ ਪਵੇ.

c. student : ਵਕਤ ਵਿਦਿਆਰਥੀ.

c.-ward : (ਹਸਪਤਾਲ ਦਾ) ਐਸ ਵਾਰਡ, ਜਿੱਥੇ ਅਚਨਚੇਤੀ ਮਰੀਜ਼ ਰੱਖੇ ਜਾਣ.

casualLY, adv. : ਸੁਭਾਵਕ ਹੀ, ਕਦੇ ਕਦਾਈਂ, ਸੰਜੋਗ ਨਾਲ, ਵੇਦਸੰਤ ਨਾਲ.

casualNESS, n. : ਅਚਨਚੇਤਤਾ, ਸੰਜੋਗ, ਵੇਦਸੰਤ.

casualty, n. : ਦੁਰ-ਘਟਨਾ, ਹਾਦਸਾ, ਫੱਟੜ ਜਾਂ ਮਕਤੂਲ, (pl.) ਮੋਇਆਂ ਫੱਟੜਾਂ ਦੀ ਗਿਣਤੀ.

c. list : ਦੁਰਘਟਨਾਵਾਂ ਦੀ ਸੂਚੀ, ਮੋਇਆਂ ਫੱਟੜਾਂ ਦੀ ਰਜਿਸਟਰ.

casuist, n. : ਕੁਤਰਕੀ, ਖੁੰਢੀ, ਤੋਲਮੂਲ, ਧਰਮ-ਅਧਰਮ ਵਿਚ ਫ਼ਰਕ.

casuistIC(AL), a. : ਹੁੱਜਤਵਾਦੀ, ਖੁੰਤਰੀਆ.

casuistICALLY, adv. : ਹੁੱਜਤਬਾਜ਼ੀ ਨਾਲ, ਖੁੰਤਰੀ ਢੰਗ ਨਾਲ.

casuistRY, n. : ਹੁੱਜਤਬਾਜ਼ੀ, ਨਿਕੰਮੀ-ਹੁੱਜਤ, ਕਥਨੀ-ਕਰਨੀ.

casus belli [L.], n. : ਜੰਗ ਦਾ ਕਾਰਨ, ਜੰਗ ਨੂੰ ਜੰਗ ਵਿਚ ਸ਼ਰਨ ਵਾਲੀ ਘਟਨਾ.

cat, n. : ਬਿੱਲੀ; ਬੰਤੀ ਰੰਨ, ਖ਼ਿਝਾਊ ਸੁਭਾ ਦੀ ਤੀਵੀਂ; ਪੰਜਾਂ-ਪੰਜਾਂ ਵਾਲਾ ਚੱਬਾ; ਬਿੱਲਾਂਈ ਜਨੌਰ, ਜਿਨ੍ਹਾਂ ਨੂੰ the great cc., ਵੱਡੇ ਬਿੱਲੇ ਕਹਿੰਦੇ ਹਨ (ਜਿਵੇਂ ਸ਼ੇਰ, ਚੀਤਾ, ਬਾਘ ਆਦਿ), ਬਿੱਲੀ ਵਰਗੇ ਹੋਰ ਜਨੌਰ (ਜਿਵੇਂ civet-c. ਕਸਤੂਰ ਬਿੱਲੀ, musk-c. : ਮੁਸ਼ਕ ਬਿਲਾਉ); (ਜਹਾਜ਼) ਲੰਗਰ ਚੁਕਣ ਵਾਲੀ ਜ਼ੰਜੀਰ; (ਇਤਿਹਾਸ) ਮੋਟੇ ਦੋਵੇਂ ਕੰਮ ਆਉਣ ਵਾਲਾ ਟੱਪਰ.

c.calls : (ਥੀਏਟਰ ਜਾਂ ਜਲਸੇ ਵਿੱਚ) ਸੀਟੀਆਂ ਜਾਂ ਚੀਕਾਂ (ਨਾਰਾਜ਼ਗੀ ਦੱਸਣ ਲਈ).

c.-&-dog life : (ਆਮ ਤੌਰ ਤੇ ਪਤੀ ਪਤਨੀ ਦਾ) ਹਰ ਵੇਲੇ ਲੜਦੇ ਰਹਿਣਾ, ਕੁੱਤਿਆਂ ਬਿੱਲੀਆਂ ਵਾਲਾ ਜੀਵਨ.

c.-eyed : ਹਨੇਰੇ ਵਿਚ ਵੇਖ ਸਕਣ ਵਾਲਾ.

c.-ice : ਕੱਚੀ ਬਰਫ਼.

c.-nap, -sleep : ਬਿੱਲੀ ਵਾਲੀ ਨੀਂਦ, ਉੱਘ, ਝੌਂਕਾ.

c.-o'-nine-tails : ਨੌਂ ਲੜਾਂ ਵਾਲਾ ਕੋਰੜਾ.

c.'s-cradle : ਚਿੜੀ-ਪੰਜਾ, ਬੱਚਿਆਂ ਦੀ ਇੱਕ ਖੇਡ.

c.'s-eye : ਇੱਕ ਕੀਮਤੀ ਪੱਥਰ.

c.'s-paw : ਹਥਠੋਕਾ, ਜਿਸ ਨੂੰ ਵਰਤ ਕੇ ਕੋਈ ਆਪਣਾ ਉੱਲੂ ਸਿੱਧਾ ਕਰ ਲੈਂਦਾ; ਮੱਠੀ ਹਵਾ ਜਿਸ ਨਾਲ ਪਾਣੀ ਵਿੱਚ ਲਹਿਰਾਂ ਉੱਠਣ.

bell the c. : ਬਿੱਲੀ ਦੇ ਗਲ ਟੱਲੀ ਬੰਨ੍ਹਣੀ; ਖ਼ਤਰੇ ਦੇ ਮੂੰਹ ਆਉਣਾ, ਜੋਖਮ ਸਿਰ ਲੈਣਾ.

fight like Kilkenny cats : ਲੜਾਈ ਕਰਨੀ, ਸਿਰ-ਧੜ ਦੀ ਬਾਜ਼ੀ ਲਾਉਣੀ, ਲੜਦੇ ਲੜਦੇ ਮਰ ਮਿਟਣਾ.

rain cats and dogs : ਬੜੀ ਜ਼ੋਰਦਾਰ ਮੀਂਹ ਵਰ੍ਹਨਾ, ਮੋਹਲੇਧਾਰ ਮੀਂਹ ਪੈਣਾ.

tip-c. : ਗੁੱਲੀ-ਡੰਡਾ.

Tom-c. : ਬਿੱਲਾ.

wild c. : ਜੰਗਲੀ-ਬਿੱਲਾ.

which way the c. jumps : ਊਠ ਵੇਖੋ, ਤੇਲ ਦੀ ਧਾਰ ਵੇਖੋ.

turn c. in pan : ਪੱਖ ਬਦਲਣੇ, ਗੰਗਾ ਗਏ ਤੇ ਗੰਗਾ ਰਾਮ, ਜਮਨਾ ਗਏ ਤੇ ਜਮਨਾ ਦਾਸ; ਥਾਲੀ ਦਾ ਬੈਂਗਣ ਹੋਣਾ.

care killed the c. : ਚਿੰਤਾ ਚਿਖਾ ਬਰੋਬਰੀ.

cult of the jumping c. : ਉਸ ਵਾਂਗਣੀ ਲੋਕਾਂ ਸੰਬੰਧੀ ਵਰਤੀਦਾ ਹੈ ਜੋ ਜਿੱਧਰ ਜੋਰ ਹੋਵੇ ਉਸ ਪਾਸੇ ਹੋ ਜਾਣ.

not room to swing c. : ਥੋੜ੍ਹੀ ਭੀੜੀ ਥਾਂ ਨਹੀਂ, ਤੰਗ ਥਾਂ.

c. burglar : ਚੋਰ ਜੋ ਕੋਠਾ ਟੱਪ ਕੇ ਅੰਦਰ ਵੜੇ, ਕੋਠਿਆਂ-ਟੱਪੂ ਚੋਰ.

c.-lap : ਦਲੀਆ, ਚਾਹ ਆਦਿ; ਚਾਹ.

c.-mint : ਬੂਟੀ ਵਾਲੇ ਫੁੱਲਾਂ ਦਾ ਇੱਕ ਬੂਟਾ.

c.'s food : ਪਿਸ਼ੂ-ਪੰਛੇ ਦੀ ਚੋਗ.

c.'s meat : ਘੋੜਿਆਂ ਦਾ ਮਾਸ ਜੋ ਆਮ ਤੌਰ ਤੇ ਬਿੱਲੀਆਂ ਦੀ ਖ਼ੁਰਾਕ ਲਈ ਤਿਆਰ ਕੀਤਾ ਜਾਂਦਾ ਹੈ.

c.'s tail : ਲਾਂਗਰ ਮੇਘ.

c.-walk : ਉਪਰਵਾਜ਼ਿਉਂ ਰਾਹ; ਪਹਿਆ.

c.-whisker : ਰੇਡੀਓ ਵਿਚ ਇਕ ਪਤਲੀ ਤਾਰ.

catHOOD, n. : ਬਿੱਲੀ-ਪੁਣਾ.

catLIKE, a. : ਬਿੱਲੀ ਵਰਗਾ, ਬਿੱਲੀ ਵਾਂਗ.

catfish, catty, aa. : ਬਿੱਲੀ ਵਰਗਾ ਜਾਂ ਵਾਂਗ, ਚਲਾਕ, ਚੰਦਰੀ.

cat, v. t. & i. : (ਜਿਹਾਜ਼ਲ) ਉਲਟੀ ਕਰਨੀ; ਲੰਗਰ ਚੁਕਣਾ.

cata-, cat-, cath- : ਅਗੇਤਰ ਜੋ ਯੂਨਾਨੀ ਤੋਂ ਸ਼ੁਰੂ ਵਾਲੇ ਸ਼ਬਦਾਂ ਨਾਲ ਲੱਗਦਾ ਹੈ; ਅਰਥ: ਉਪਰ, ਹੇਠਾਂ, ਪਰੀ, ਅਧੀਨ, ਵੱਲ, ਮਗਰ, ਮਗਰੋਂ.

catachresis, n. : ਅਸ਼ੁੱਧ, ਲਫ਼ਜ਼ਾਂ ਦੀ ਉਲਟੀ ਵਰਤੋਂ; ਅਯੋਗ ਵਰਤੋਂ.

catachrestic(AL), aa. : ਪੁਠਾ, ਕੁਚੱਜਾ, ਅਸ਼ੁੱਧ.

catachrestically, adv. : ਉਲਟੀ ਤਰ੍ਹਾਂ, ਪੁਠੇ ਰਾਹ.

cataclasm, n. : ਪੁਟ-ਸੁਟ, ਵੱਡਾ ਅਪੁੱਠ, ਮਹਾਂ ਉਪੱਦਰ.

cataclysm, n. : ਮਹਾਂ-ਪਰਲੋ, ਜਲ-ਥਲ, (ਸਿਆਸੀ ਜਾਂ ਸਮਾਜਕ) ਉਥਲ-ਪੁਥਲ, ਹੋਲਨਾਕ-ਉਥਲ, ਇਨਕਲਾਬ.

cataclysmAL, cataclysmIC, aa. : ਤੂਫ਼ਾਨੀ, ਇਨਕਲਾਬੀ, ਤਬਾਹਕੁਨ, ਤੂਫ਼ਾਨ ਦਾ.

cataclysmIST, n. : ਕਾਇਨਾਤ-ਵਾਦੀ, ਜੋ ਇਹ ਮੰਨੇ ਕਿ ਸਭੀ ਵਸਤ ਤਬਦੀਲੀਆਂ ਸਦੀ ਹੈ ਤੇ ਹਰ ਵਾਰ ਪਹਿਲੀ ਅਣੋ ਤਬਾਹ ਹੋ ਜਾਂਦੀ ਹੈ.

catacomb, n. : ਮੁਰਦਾਖ਼ਾਨਾ, ਮੁਰਦੇ ਦੱਬਣ ਲਈ ਸੁਰੰਗਾਂ, ਜ਼ਮੀਨਦੋਜ਼ ਕਬਰਸਤਾਨ.

catadromous, a. : [illegible] ਦਰਿਆ ਦਾ ਸਮੁੰਦਰ ਦੇ ਹੇਠਾਂ ਜਾ ਕੇ ਅੰਡੇ ਦੇਣ ਵਾਲੀਆਂ (ਮੱਛੀਆਂ).

catafalque, n. : ਚਬੂਤਰਾ ਜਿਥੇ ਵੱਡੇ ਪ੍ਰਾਣੀ ਦਾ ਸਿਰਹਾਣਾ ਰਖ ਕੇ ਉੱਚੀ ਸਜਾਈ ਸਜਾਵਟ.

Catalan, a. & n. : ਕੈਟਲੋਨੀਆ ਦਾ ਵਸਨੀਕ ਜਾਂ ਬੋਲੀ.

catalepsy, n. : ਮਿਰਗੀ, ਗ਼ਸ਼ੀ.

cataleptic, a. & n. : ਮਿਰਗੀ ਦਾ ਰੋਗੀ, ਗ਼ਸ਼ੀ ਵਾਲਾ, ਮਿਰਗੀ ਸੰਬੰਧੀ.

catalogue, n. & v. t. : ਸੂਚੀ-ਪੱਤਰ, ਸੂਚੀ, ਫ਼ਹਿਰਿਸਤ, ਸੂਚੀ ਬਣਾਉਣੀ, ਫ਼ਹਿਰਿਸਤ ਵਿਚ ਚੜ੍ਹਾਨਾ.

c. raisonne, descriptive c. : ਮਜ਼ਮੂਨਵਾਰ ਫ਼ਹਿਰਿਸਤ, ਵੇਰਵੇ ਅਨੁਸਾਰ ਸੂਚੀ.

cataloguer, n. : ਸੂਚੀਕਾਰ, ਸੂਚੀ ਬਣਾਉਣ ਵਾਲਾ.

catalpa, n. : ਕਟਲਪਾ, ਰੁੱਖਾਂ ਦੀ ਇਕ ਕਿਸਮ ਜਿਸ ਦੇ ਪੱਤੇ ਦਿਲ ਦੀ ਸ਼ਕਲ ਦੇ ਅਤੇ ਫੁੱਲ ਤੁਰਮ ਵਰਗੇ ਹੁੰਦੇ ਹਨ.

catalysis, n. : (ਰਸਾਇਣ) ਕਿਸੇ ਚੀਜ਼ ਨਾਲ ਪੈਦਾ ਹੋਇਆ ਅਸਰ; ਜੋ ਚੀਜ਼ ਆਪ ਬਦਲਣ ਤੋਂ ਬਿਨਾਂ ਹੋਰ ਚੀਜ਼ਾਂ ਨੂੰ ਬਦਲਣ ਵਿਚ ਸਹਾਈ ਹੋਵੇ.

catalytic, a. : ਅਜਿਹਾ ਅਸਰ ਕਰਨ ਵਾਲਾ, ਦਾ.

catamaran [ਤਾਮਿਲ], n. : ਤੁਲ੍ਹਾ, ਲੱਕੜੀ ਦੀ ਬੇੜੀ.

catamite, n. : ਲੌਂਡਾ.

catamountain, cat-o'-m., n. : ਚਿਤਰਾ, ਚੀਤਾ; ਝਗੜਾਲੂ ਮਨੁੱਖ, ਲੜਾਕਾ.

cataplasm, n. : (ਡਾਕਟਰੀ) ਪਲਸਤਰ, ਲੇਪ.

catapult, n. & v. t. & i. : ਮੰਜਨੀਕ, ਗਿਲ੍ਹਾ ਤੇਜ਼ ਜੰਤਰ; ਹਵਾਈ ਜਹਾਜ਼ ਉਡਾਣ ਦੀ ਕਲ; ਗੁਲੇਲ, ਗੁਲੇਲ ਮਾਰਨੀ, ਨਿਸ਼ਾਨਾ ਫੁੰਡਣਾ (ਗੁਲੇਲ ਨਾਲ).

cataract, n. : ਝਰਨਾ, ਆਬਸ਼ਾਰ, ਜਲਧਾਰਾ, ਲਾਟੂ, ਤਾਕਤ ਵਾਲੇ ਇੰਜਨ ਦਾ ਇਕ ਪੁਰਜ਼ਾ ਜੋ ਪਾਣੀ ਦੇ ਵੇਗ ਨਾਲ ਚਲਦਾ ਹੈ; ਮੋਤੀਆ-ਬਿੰਦ.

catarrh, n. : ਰੇਸ਼ਾ, ਜ਼ੁਕਾਮ, ਨਜ਼ਲਾ, ਜ਼ੁਕਾਮ.

catarrhAL, a. : ਜ਼ੁਕਾਮੀ; ਜ਼ੁਕਾਮ ਦਾ, ਨਜ਼ਲਾ, ਸੰਬੰਧੀ.

catar(r)hine, a. & n. : ਤੰਗ-ਨਾਸੀਆ, ਇਕ ਬਾਂਦਰ ਜਿਸ ਦੀਆਂ ਨਾਸਾਂ ਬਹੁਤ ਭਿੜੀਆਂ, ਨਾਲੇ ਨਾਲ ਦੇ ਹੇਠਾਂ ਨੂੰ ਮੁੜੀਆਂ ਹੁੰਦੀਆਂ ਹਨ.

catastrophe, n. : (ਨਾਟਕ ਦਾ) ਦੁਖਾਂਤ ਅੰਤ, ਦੁਖਾਂਤ; ਆਫ਼ਤ, ਬਿਪਤਾ, ਦੁਰਘਟਨਾ, ਤਬਾਹੀ, ਘਲੂਘਾਰਾ, ਵੱਡਾ ਇਨਕਲਾਬ, ਉਥੱਲ-ਪੁਥੱਲ.

catastrophic(AL), a. : ਉਥੱਲ-ਪੁਥੱਲ ਵਾਲਾ, ਤਬਾਹੀ ਵਾਲਾ.

catastrophism, n. : ਉਥੱਲ-ਪੁਥੱਲ ਦਾ ਸਿਧਾਂਤ.

catastrophIST, n. : ਇਸ ਸਿਧਾਂਤ ਨੂੰ ਮੰਨਣ ਵਾਲਾ.

Catawba, n. : [ਜਿਸ ਨਾ ਦੀ ਨਦੀ ਦੇ ਨਾਂ ਉਤੇ] ਅਮਰੀਕਾ ਦੇ ਅੰਗੂਰ ਤੇ ਸ਼ਰਾਬ.

catboat, n. : ਇਕ-ਮਸਤੂ ਬੇੜੀ.

catch, v. t. & i. : ਪਕੜਨਾ, ਫੜਨਾ, ਕਾਬੂ ਕਰਨਾ, ਫਸਾਉਣਾ; ਵਕਤ ਸਿਰ ਪੁਜਣਾ (ਰੇਲ ਆਦਿ ਤੇ); ਅਚਨਚੇਤ ਆ ਪੈਣਾ, ਮਾਰਨਾ; ਲੱਗਣਾ ਜਾਂ ਲੱਗ ਜਾਣਾ (ਅੱਗ ਆਦਿ ਦਾ), ਫਲ ਫੁੰਡਣਾ, ਥਮਣਾ; ਮੋੜਨਾ, ਮੱਲ ਲੈਣਾ, ਪਰੇਜਣਾ; ਤੱਕਣਾ, ਵੇਖਣਾ, ਸੁਣਨਾ, ਸਮਝ ਲੈਣਾ; ਅਕਾਵਿਣਾ (ਕਿਸੇ ਜੀਵ ਦੇ ਸ਼ਬਦ ਨੂੰ ਫੜ ਲੈਣਾ); ਲਗਣਾ (ਰੋਗ); ਸਮਝ ਲੈਣਾ (ਭਾਵ), ਆਪਣੇ ਵਲ ਖਿਚਣਾ (ਧਿਆਨ ਆਦਿ).

c. a cold, a fever : ਜ਼ੁਕਾਮ ਜਾਂ ਬੁਖ਼ਾਰ ਹੋਣਾ.

c. at : ਝੁੱਟ ਮਾਰਨੀ.

c. a Tartar : ਆਪਣੇ ਤੋਂ ਤਕੜੇ ਨਾਲ ਮੱਥਾ ਲਾਉਣਾ.

c. a ball : (ਕ੍ਰਿਕਟ ਵਿਚ) ਗੇਂਦ ਬੋਚ ਲੈਣਾ.

c. fire : ਅੱਗ ਲੱਗ ਜਾਣੀ.

c. glimpse of : ਇਕ ਝਲਕ ਵੇਖਣੀ.

c. hold of : ਫੜ ਲੈਣਾ, ਪਕੜ ਲੈਣਾ.

c. napping : ਅਚਨਚੇਤ ਜਾ ਫੜਨਾ, ਗ਼ਫ਼ਲਤ ਵਿਚ ਫੜ ਲੈਣਾ.

c. one's breath : ਸਾਹ ਰੋਕਣਾ; ਅੰਦਰਲਾ ਸਾਹ ਲੈਣ ਤੇ ਹੈਰਾਨਗੀ ਬਾਹਰ ਰਹਿ ਜਾਣਾ.

c. speaker's eye : ਸਪੀਕਰ ਦਾ ਧਿਆਨ ਬੋਲਣ ਲਈ ਖਿਚ ਲੈਣਾ.

c. red-handed : ਮੌਕੇ ਤੇ ਫੜ ਲੈਣਾ.

c.word : ਸ਼ਬਦ-ਫੰਦੂ ਸ਼ੈਲੀ; ਡਿਕਸ਼ਨਰੀ ਵਿਚ ਪੰਨੇ ਦਾ ਪਹਿਲਾ ਸ਼ਬਦ ਜੋ ਪੰਨੇ ਸਿਰ ਤੇ ਛੁਪਿਆ ਜਾਵੇ.

caught in a storm : ਤੂਫ਼ਾਨ ਵਿਚ ਫਸ ਗਿਆ.

caught him on the nose : ਨੱਕ ਤੇ ਵੱਜਿਆ.

c. on : ਮਸ਼ਹੂਰ ਹੋਣਾ.

c. out : (ਕ੍ਰਿਕਟ ਵਿਚ) ਬੋਚਿਆ ਗਿਆ, ਬੋਚਿਆ ਜਾ ਕੇ ਆਊਟ ਹੋ ਗਿਆ (ਖਿਡਾਰੀ).

c. up speaker : ਬੋਲਣ ਵਾਲੇ ਨੂੰ ਟੋਕਣਾ.

c. a likeness : ਵੇਖ ਕੇ ਠੀਕ ਸ਼ਕਲ ਖਿੱਚ ਲੈਣੀ.

c.-drain : ਪਾਣੀ-ਰੋਕ ਨਾਲੀ, ਪਹਾੜ ਦੇ ਨਾਲ ਨਾਲ ਪਾਣੀ ਨੂੰ ਇਕੱਠਾ ਕਰਨ ਵਾਲੀ ਨਾਲੀ.

c.-fly : ਇਕ ਫੁੱਲਦਾਰ ਬੂਟਾ.

c.-penny : ਦਿਖਾਵਟੀ (ਕਿਸਮ ਦਾ ਮਾਲ).

catchABLE, a. : ਫੜਨ-ਜੋਗ, ਫੜਨੀ ਵਾਲਾ ਜੋ ਫੜਿਆ ਜਾ ਸਕੇ.

catchER, n. : ਫੜਨ ਵਾਲਾ.

catch, n. : ਪਕੜ, ਕਾਬੂ; ਇਕ ਵਾਰ ਵਿਚ ਫੜੀਆਂ ਮੱਛੀਆਂ-ਫੜੀਆਂ ਗਈਆਂ, ਸ਼ਿਕਾਰ, ਫੜ ਮਾਲ; (ਕ੍ਰਿਕਟ ਵਿਚ) ਗੇਂਦ ਦੀ ਬੋਚ; ਲਾਭ, ਅਣਚਿਤਵਿਆ ਅੜਾਉਣੀ; ਚਿਟਕਨੀ; ਕੁੰਡਾ (ਬੂਹੇ ਦਾ); (ਸੰਗੀਤ) ਟੱਪਾ, ਬੋਲੀ.

a good, safe, c. : (ਕ੍ਰਿਕਟ) ਚੰਗਾ ਬੋਚਣ ਵਾਲਾ.

no catch : ਮੰਦਾ ਸੌਦਾ, ਨਿਕੰਮੀ ਸ਼ੈ.

c. in the breath : ਹਟਕੋਰਾ, ਹਿਚਕੋਲਾ.

catching, *a.* : ਦਿਲ, ਲਭਣ, ਖਿੱਚਣ ਵਾਲਾ; ਅਸਰ ਕਰਨ ਵਾਲਾ, ਛੂਤ ਵਾਲਾ, ਛੂਤ ਵਾਲੀ (ਬੀਮਾਰੀ).
catchment(-basin, -area), *n.* : ਪਾਣੀ-ਜੋੜ ਰਕਬਾ, ਉਹ ਇਲਾਕਾ ਜਿੱਥੋਂ ਦਾ ਪਾਣੀ ਵਹਿ ਕੇ ਦਰਿਆ, ਝੀਲ ਆਦਿ ਵਿੱਚ ਜਾਵੇ.
catchpole, -poll, *n.* : ਪਿਆਦਾ (ਕਚਹਿਰੀ ਦਾ), ਕੁਰਕੀ ਵਾਲਾ.
catchup : ketchup ਦੇ ਗਲਤ ਹਿੱਜੇ.
catchy, *a.* : ਮਨੋਹਰ, ਦਿਲ-ਖਿਚਵੀਂ, ਮੂੰਹ-ਚੜ੍ਹਦੀ (ਧੁਨ).
cate, *n.* (ਆਮ ਬਹੁ.) : ਤਰ ਮਾਲ, ਮੌਜ-ਭੋਗ, ਨਿਆਮਤ, ਸਵਾਦੀ ਖਾਣੇ.
catechetic(al), *a.* : ਪ੍ਰਸ਼ਨੋਤਰੀ, ਸਵਾਲ-ਜਵਾਬੀ, ਸਵਾਲ-ਜਵਾਬ ਦੇ ਢੰਗ ਦਾ; ਈਸਾਈਆਂ ਦੇ ਮਜ਼੍ਹਬੀ ਸਵਾਲ-ਜਵਾਬ ਜਾਂ ਅਸੂਲ ਦੇ ਅਨੁਸਾਰ.
catechetically, *adv.* : ਸਵਾਲ-ਜਵਾਬ ਦੇ ਢੰਗ ਨਾਲ.
catechism, *n.* : ਸਵਾਲ-ਜਵਾਬ; ਧਾਰਮਕ ਪ੍ਰਸ਼ਨੋਤਰੀ.
  catechismal, *a.* : ਸਵਾਲ-ਜਵਾਬੀ, ਪ੍ਰਸ਼ਨੋਤਰੀ ਢੰਗ ਦੀ.
catechize, *v. t.* : ਸਵਾਲ-ਜਵਾਬ ਦੇ ਢੰਗ ਨਾਲ ਪੜ੍ਹਾਉਣਾ; ਸਵਾਲ ਕਰਨੇ; ਧਾਰਮਕ ਪ੍ਰਸ਼ਨੋਤਰੀ ਪੜ੍ਹਾਉਣੀ.
  catechist, catechizer : ਸਵਾਲ-ਜਵਾਬ ਕਰਨ ਜਾਂ ਇਵੇਂ ਪੜ੍ਹਾਉਣ ਵਾਲਾ; ਪ੍ਰਸ਼ਨੋਤਰੀਆ.
catechu [ਮਲਾਇਆ], *n.* : ਕੱਥਾ.
catechumen, *n.* : ਨਵ-ਈਸਾਈ (ਬਪਤਿਸਮੇ ਤੋਂ ਪਹਿਲਾਂ), ਬਪਤਿਸਮਾ-ਅਭਿਲਾਸ਼ੀ.
categorical, *a.* : ਉੱਕੀ, ਪੱਕੀ, ਸਪੱਸ਼ਟ ਸ਼ਬਦਾਂ, ਨਿਸ਼ਚਿਤ, ਸਾਫ਼-ਸਾਫ਼.
  c. imperative : ਆਤਮਾ ਦੀ ਕਰੜੀ ਆਵਾਜ਼, ਆਤਮ-ਨਿਰਣਾ.
  categorically, *adv.* : ਉੱਕਾ ਹੀ, ਸਾਫ਼ ਤੌਰ ਤੇ, ਸਪੱਸ਼ਟ ਤੌਰ ਤੇ.
category, *n.* : ਵਰਗ, ਕਿਸਮ, ਸ਼੍ਰੇਣੀ; ਵਸਤੂ ਭੇਦ, ਵਰਗ; ਅਰਸਤੂ ਦੇ ਮਿੱਥੇ ਵਰਗਾਂ ਵਿੱਚੋਂ ਕੋਈ ਇਕ, ਜਿਨ੍ਹਾਂ ਵਿੱਚ ਸਭ ਚੀਜ਼ਾਂ ਆ ਸਕਦੀਆਂ ਹਨ, ਜਿਵੇਂ— ਪਦਾਰਥ, ਗਿਣਤੀ, ਗੁਣ, ਸੰਬੰਧ, ਥਾਂ, ਵਕਤ, ਸਥਿਤੀ, ਕਬਜ਼ਾ, ਕਰਮ, ਜਜ਼ਬਾ.
catena [L.], *n.* : ਲੜੀ, ਸੰਗਲੀ, ਜ਼ੰਜੀਰੀ.
catenary, catenarian, *n.* & *a.* : ਜ਼ੰਜੀਰੀ; ਸੰਗਲੀਦਾਰ.
  c. bridge : ਝੂਲਦਾ ਪੁਲ.
catenate, *v. t.* : ਕੜੀ ਵਿੱਚ ਜੋੜਨਾ, ਸੰਗਲੀਦਾਰ ਬਣਾਉਣਾ.
  catenation, *n.* : ਸੰਗਲੀਦਾਰ ਜੋੜ, ਸੰਗਲੀਣ.
cater¹, *n.* : (ਤਾਸ਼ ਜਾਂ ਸ਼ਤਰੰਜ) ਚੌਕਾ, ਚੌਕੀ.
cater², *v. i.* : (ਖਾਣ-ਪੀਣ ਜਾਂ ਪਰਚਾਵੇ ਦਾ) ਸਾਮਾਨ ਜਾਂ ਸਹੂਲਤਾਂ ਪੁਚਾਉਣੀਆਂ, ਪ੍ਰਬੰਧ ਕਰਨਾ.
  caterer, *n.* : ਸਾਮਾਨ ਜਮ੍ਹਾ ਕਰਨ ਵਾਲਾ, (ਖਾਣ ਪੀਣ ਦਾ) ਪ੍ਰਬੰਧਕ ਜਾਂ ਠੇਕੇਦਾਰ.
cateran, *n.* : (ਸਕਾਟਲੈਂਡ) ਪਹਾੜੀ ਧਾੜਵੀਆ, ਡਾਕੂ, ਪਸ਼ੂ ਚੋਰ ਕੇ ਲੈ ਜਾਣ ਵਾਲਾ, ਪਸ਼ੂ-ਚੋਰ.
cater-cousin, *n.* : ਸੰਗੀ-ਬੇਲੀ, ਗੂੜ੍ਹਾ ਮਿੱਤਰ.
  be cc. : ਗਾੜ੍ਹੀ ਮਿਤ੍ਰਤਾ ਹੋਣੀ, ਇੱਕ-ਮਿੱਕ ਹੋਣਾ.
caterpillar, *n.* : ਸੁੰਡੀ (ਤਿਤਲੀ ਜਾਂ ਪਤੰਗੇ ਦਾ ਪਹਿਲਾ ਰੂਪ); ਖਾਊ, ਪੇਟੂ (ਮਸ਼ੀਨ) ਟੈਂਕ ਜਾਂ ਟਰੈਕਟਰ ਦਾ ਜ਼ੰਜੀਰੀਦਾਰ ਪਹੀਆ.
caterwaul, *v. i.* & *n.* : ਮਿਆਂਕਣਾ, ਚੀਕ-ਚਿਹਾੜਾ ਪਾਉਣਾ; ਚੀਕ-ਚਿਹਾੜਾ, ਰੌਲਾ.
catgut, *n.* : ਤੰਦੀ (ਜੋ ਭੇਡ, ਘੋੜੇ ਜਾਂ ਕੇਤੇ ਦੀਆਂ ਆਂਦਰਾਂ ਵੱਟ ਕੇ ਬਣਦੀ ਹੈ); ਤੰਦੀ ਸਾਜ਼.
cath- : ਵੇਖੋ cata-.
catharsis, *n.* : (ਡਾਕਟਰੀ) ਜੁਲਾਬ, ਦਸਤ; ਵੇਦਨ, ਨਾਟਕ ਵਿੱਚ ਦਿਲ ਦੀ ਭੜਾਸ ਕਢਣ ਦਾ ਮੌਕਾ.
cathartic, *a.* & *n.* : (ਡਾਕਟਰੀ) ਜੁਲਾਬ, ਦਸਤ-ਲਿਆਊ ਦਵਾਈ, ਜੁਲਾਬੀ.

cathay, *n.* : ਚੀਨ (ਦੇਸ਼ ਦਾ ਪੁਰਾਣਾ ਕਾਵਿਆਈ ਨਾਂ).
cathedral, *a.* & *n.* (C. church) : ਵੱਡਾ ਗਿਰਜਾ (ਜਿਸ ਵਿੱਚ ਲਾਟ-ਪਾਦਰੀ ਦਾ ਸਿੰਘਾਸਨ ਹੁੰਦਾ ਹੈ).
Catherine-wheel, *n.* : (ਉਸ ਚਰਖੜੀ ਤੋਂ ਜਿਸ ਉੱਤੇ ਮਾਤਾ ਕੈਥਰੀਨ ਨੂੰ ਚਾੜ੍ਹ ਕੇ ਸ਼ਹੀਦ ਕੀਤਾ ਗਿਆ ਸੀ) ਚਰਖੀਦਾਰ ਬਾਰੀ; (ਆਤਸ਼ਬਾਜ਼ੀ) ਚੱਕ-ਚੋਂਦਾ; ਫਿਰ-ਕਣੀ ਚਰਖੜੀ.
  turn cc. : ਕਲਾਬਾਜ਼ੀਆਂ ਲਾਉਣੀਆਂ.
catheter, *n.* : (ਡਾਕਟਰੀ) ਕੈਥੀਟਰ, ਪਿਸ਼ਾਬ ਕੱਢਣ ਵਾਲੀ ਨਲਕੀ ਜਾਂ ਸਲਾਈ.
cathode, *n.* : (ਬਿਜਲੀ) ਠੰਢੀ ਬਿਜਲੀ ਦਾ ਸਿਰਾ.
catholic, *a.* & *n.* : ਸਰਬ-ਸਾਂਝਾ, ਸਰਬ-ਵਿਆਪਕ; ਸਨਾਤਨ; ਨਿਰਪੱਖ, ਉਦਾਰ-ਚਿਤ; ਰੋਮਨ ਕੈਥੋਲਿਕ ਈਸਾਈ, ਸਨਾਤਨੀ ਈਸਾਈ.
  C. church : ਈਸਾਈ ਸੰਸਾਰ.
  catholically, catholicly, *adv.* : ਉਦਾਰਤਾ ਨਾਲ, ਸਰਬ-ਸਾਂਝੇ ਤੌਰ ਤੇ.
  catholicism, *n.* : ਖੁਲ੍ਹ-ਦਿਲੀ, ਉਦਾਰਤਾ, ਸਰਬ-ਸਾਂਝੀਵਾਲਤਾ, ਰੋਮਨ ਕੈਥੋਲਿਕ ਮਤ.
  catholicise, *v.* : ਸਰਬ-ਸਾਂਝਾ ਬਣਾਉਣਾ; ਰੋਮਨ ਕੈਥੋਲਿਕ ਬਣਾਉਣਾ.
  C. emancipation : ਕੈਥੋਲਿਕ ਛੁਟਕਾਰਾ, ਰੋਮਨ ਕੈਥੋਲਿਕ ਮਤ ਵਾਲਿਆਂ ਦੀ ਅਜ਼ਾਦੀ, ਛੁਟਕਾਰਾ.
catholicity, *n.* : ਸਰਬ-ਸਾਂਝੀਵਾਲਤਾ, ਉਦਾਰਤਾ, ਖੁਲ੍ਹਦਿਲੀ, ਰੋਮਨ ਕੈਥੋਲਿਕ ਮਤ ਉੱਤੇ ਨਿਸ਼ਚਾ, ਸ਼ਰਧਾ.
catholicon, *n.* : ਅਕਸੀਰ, ਸਰਬ-ਔਸ਼ਧੀ, ਹਰ ਬੀਮਾਰੀ ਲਈ ਇੱਕੋ ਦਾਰੂ.
Catiline, *n.* : (ਰੋਮ ਦੇ ਇਕ ਸਾਜ਼ਸ਼ੀ ਦੇ ਨਾਂ ਤੇ, ਜੋ ਈਸਾ ਤੋਂ ਪਹਿਲਾਂ ਹੋਇਆ) ਸਾਜ਼ਸ਼ੀਆ, ਫ਼ਸਾਦੀ, ਸਾਜ਼ੂ-ਬਾਜ਼.
catkin, *n.* : (ਵਣ, ਬੇਦ, ਵਿੱਲੋ ਆਦਿ ਦਾ) ਫੁੱਲ-ਗੁੱਛਾ, ਡੰਡੀ.
catling, *n.* : ਬਲੂੰਗੜਾ; ਬਰੀਕ ਤੰਦੀ; (ਚੀਰ-ਫਾੜ) ਦੋਧਾਰੀ ਛੁਰੀ.
catoptric, *a.* : ਦਰਪਣ, ਅਕਸੀ ਸ਼ੀਸ਼ੇ ਜਾਂ ਅਕਸ ਸੰਬੰਧੀ.
  catoptrics, *n.* : ਅਕਸ ਗਿਆਨ, ਚਾਨਣ ਸੰਬੰਧੀ ਉਹ ਗਿਆਨ ਜਿਸ ਰਾਹੀਂ ਅਕਸੀ ਮੁਹਾਂਦਰੇ ਦਾ ਪਤਾ ਲੱਗਦਾ ਹੈ.
catsup : ketchup ਦਾ ਰੂਪਾਂਤਰ.
cattle, *n.* : ਪਸ਼ੂ, ਢੋਰ, ਡੰਗਰ, ਡੰਗਰ ਵੱਛਾ, ਢੋਰ (ਗਊ, ਮੱਝ, ਬਲਦ ਆਦਿ), ਵੱਛਾ-ਵੱਛੀ, ਚੌਣਾ, ਮਾਲ, ਮਾਲ-ਡੰਗਰ, ਚੌਖੁਰ.
  c.-breeding : ਪਸ਼ੂ-ਪਾਲਣ.
  c.-feeder : ਇਕ ਮਸ਼ੀਨ ਜਿਸ ਨਾਲ ਪਸ਼ੂਆਂ ਨੂੰ ਗਿਣੀ-ਮਿਥੀ ਖੁਰਾਕ ਮਿਲਦੀ ਹੈ.
  c.-leader : ਨੱਥ.
  c.-pen : ਕੁੜ੍ਹ, ਵਾਗਲਾ.
  c.-lifter, -rustler, -stealer : ਪਸ਼ੂ-ਚੋਰ.
  c.-piece : ਪਸ਼ੂਆਂ ਦੀ ਤਸਵੀਰ.
  c.-plague : ਮਰੀ, ਮੁਕ.
  c.-pound : ਕਾਂਜੀ-ਹਾਊਸ, ਫਾਟਕ.
  c.-shed : ਡੰਗਰ-ਢਾਰਾ, ਬਾੜਾ, ਵਾੜਾ.
Caucasian, *a.* & *n.* : ਗੋਰਾ, ਗੋਰੀ ਨਸਲ ਦਾ, ਕੋਹ-ਕਾਫ਼ ਦਾ ਵਾਸੀ.
caucus, *n.* & *v. t.* & *i.* : (ਰਾਜਨੀ) ਜੁੰਡੀ, ਧਾੜੀ, ਚੌਕੜੀ; ਜੁੰਡੀ ਬਣਾਉਣੀ.
  caucusdom, *n.* : ਧਾੜੀ-ਰਾਜ.
  caucuser, *n.* : ਧਾੜੀਬਾਜ਼, ਜੁੰਡੀਬਾਜ਼.
caudal, *a.* : ਪੂਛਲਦਾਰ; ਪੂਛ ਦਾ, ਵਰਗਾ, ਉੱਤੇ.

caudalLY : ਪੂਛ ਦੇ ਤੌਰ ਤੇ.

caudATE, a. : ਪੂਛ ਵਾਲਾ, ਪੂਛਦਾਰ.

caudle, n. : ਕੁਹਾੜੀ, ਸ਼ੀਰਾ, ਲੱਪੀ, ਦੇਘੀ, ਪੰਜੀਰੀ; ਪੰਦੀ.

caught : catch ਦਾ ਭੂਤਕਾਲ ਤੇ ਕਾਰਦੰਤਕ.

caul, n. : ਆਂਵਲ, ਝਿੱਲੀ (ਜਿਸ ਵਿਚ ਲਪੇਟਿਆ ਹੋਇਆ ਬੱਚਾ ਪੈਦਾ ਹੁੰਦਾ ਹੈ); ਜਨਾਨੀ ਟੋਪੀ ਦੀ ਪਿਛਲੀ ਜਾਲੀ.

cauldron, cal-, n. : ਦੇਗ, ਕੜਾਹਾ.

caulescent, a. : (ਬਨਸਪਤ) ਤਣੇਦਾਰ, ਤਣੇਵਾਲਾ.

cauliflower, n. : ਫੁੱਲ ਗੋਭੀ, ਗੋਭੀ.

cauline, a. : ਤਣੇ ਦਾ.

caulk, v. t. : (ਸਣ ਆਦਿ ਨਾਲ) ਜਹਾਜ਼ਾਂ ਦੀਆਂ ਦਰਜਾਂ ਬੰਦ ਕਰਨੀਆਂ, ਮੋਰੀਆਂ ਮਾਰਨੀਆਂ.

caulkER, n. : ਦਰਜਾਂ ਬੰਦ ਕਰਨ ਵਾਲਾ.

causal, a. : ਕਾਰਣਿਕ, ਹੇਤੁਕ, ਕਾਰਣ ਜਾਂ ਹੇਤੂ ਦੱਸਣ ਵਾਲਾ.

causality, n. : ਕਾਰਣਿਕਤਾ, ਕਾਰਣ ਹੋਣਾ; ਕਾਰਣ ਤੇ ਕਾਰਜ ਦਾ ਪਰਸਪਰ ਸੰਬੰਧ; ਸਿਧਾਂਤ ਕਿ ਹਰ ਕਾਰਜ ਦਾ ਕੋਈ ਕਾਰਣ ਹੁੰਦਾ ਹੈ.

causation, n. : ਕਾਰਣ ਕਾਰਜ, ਉਤਪਾਦਨ, ਕਾਰਨ ਦੀ ਉਤਪਤੀ; ਹੇਤੂ ਵਾਦ, ਸਿਧਾਂਤ ਕਿ ਹਰ ਚੀਜ਼ ਦਾ ਕੋਈ ਕਾਰਣ ਹੁੰਦਾ ਹੈ.

causationISM, n. : ਇਹ ਸਿਧਾਂਤ.

causationIST, n. : ਇਸ ਸਿਧਾਂਤ ਨੂੰ ਮੰਨਣ ਵਾਲਾ.

causative, a. : ਕਾਰਣਿਕ, ਮੰਤਵੀ, ਉਤਪਾਦਕ, ਕਾਰਣ ਪੈਦਾ ਕਰਨ ਵਾਲਾ; (ਵਿਆਕਰਣ) ਪ੍ਰੇਰਣਾਰਥਕ.

causativeLY : ਉਤਪਾਦਕ ਦੇ ਤੌਰ ਤੇ, ਪ੍ਰੇਰਣਾਰਥਕ ਦੇ ਤੌਰ ਤੇ.

cause[1], n. : ਕਾਰਣ, ਸਬੱਬ, ਮੂਲ; ਸਾਧਨ; ਪ੍ਰਯੋਜਨ; ਮੰਤਵ; ਕਿਸੇ ਕੰਮ ਦਾ ਮਦੀ; ਮੁਕੱਦਮਾ, [illegible].

c. list : (ਫ਼ੈਸਲੇ ਹੋਣ ਵਾਲੇ) ਮੁਕੱਦਮਿਆਂ ਦੀ ਸੂਚੀ.

efficient c. : ਪੈਦਾ ਕਰਨ ਦੀ ਸ਼ਕਤੀ; ਸਮਰੱਥ ਕਾਰਣ.

final c. : ਮੂਲ-ਮੰਤਵ, ਮੰਤਵ.

first c. : ਆਦਿ-ਮੂਲ, ਕਾਰਣ-ਕਾਰਣ, ਸਿਰਜਣਹਾਰ.

formal c. : [illegible].

make common c. with : [illegible].

material c. : [illegible].

plead a c. : ਮੁਕੱਦਮੇ ਦੀ ਪੈਰਵੀ ਕਰਨੀ, [illegible].

show c. : ਕਾਰਣ ਦੱਸਣਾ, ਸਫ਼ਾਈ ਪੇਸ਼ ਕਰਨੀ.

cause[2], v. t. : ਕਰਾਉਣਾ; ਕਰਵਾਉਣਾ, [illegible], ਪੈਦਾ ਕਰਨਾ, [illegible].

causER, n. : ਕਰਾਉਣ ਵਾਲਾ, ਪੈਦਾ ਕਰਨ ਵਾਲਾ, ਕਰਵਾਉਣ ਵਾਲਾ.

cause célèbre [F], n. : [illegible] ਮੁਕੱਦਮਾ, [illegible] ਮੁਕੱਦਮਾ, [illegible] ਮੁਕੱਦਮਾ.

causeless, a. : [illegible], ਬੇਸਬੱਬ; ਅਕਾਰਣ, [illegible].

causelessLY, adv. : [illegible], ਅਕਾਰਣ, ਬਿਨਾਂ ਕਾਰਣ, ਐਵੇਂ.

causerie [F], n. : ਸਾਹਿੱਤਕ ਗਲ-ਬਾਤ, (ਰਸਾਲੇ ਜਾਂ ਅਖ਼ਬਾਰ ਦਾ) ਗਲ-ਬਾਤੀ ਲੇਖ, [illegible] ਲੇਖ (ਖ਼ਾਸ ਕਰਕੇ ਸਾਹਿੱਤਕ ਵਿਸ਼ੇ ਉੱਤੇ).

causeuse [F], n. : [illegible].

causeway, causey, n. & v. t. : [illegible], ਪਟੜੀ, [illegible]; [illegible], ਪਟੜੀ [illegible].

caustic, a. & n. : ਸਾੜਵਾਂ, ਕਾਟਵਾਂ, [illegible]; ਖਾਰ.

causticALLY, adv. : [illegible] ਨਾਲ, [illegible] ਨਾਲ.

common or lunar c. : ਸਿਲਵਰ ਨਾਈਟ੍ਰੇਟ, (ਇਹ ਦਵਾਈ) [illegible].

causticITY, n. : [illegible].

cauterize, v. t. : ਦਾਗਣਾ, [illegible] (ਗਰਮ ਸੀਖ ਜਾਂ ਕਾਸਟਿਕ ਨਾਲ), [illegible] (ਅੰਗ-ਭਾਵ) ਬੇਅਸਰ ਕਰ ਦੇਣਾ, [illegible].

cauterIZATION, n. : ਦਾਗਣ, ਦਾਗਿਆ ਹੋਣ, [illegible].

cautery, n. : ਦਾਗ਼-ਜੰਤਰ, [illegible] ਦਾਗਣ ਵਾਲੀ ਸੀਖ; ਦਾਗਣ, ਦਾਗ, [illegible].

caution, n. & v. t. : ਸੋਚ, ਸਾਵਧਾਨੀ, ਖ਼ਬਰਦਾਰੀ, ਹੁਸ਼ਿਆਰੀ, [illegible], [illegible]; ਚਿਤਾਵਨੀ, ਸਾਵਧਾਨ ਕਰਨਾ, ਖ਼ਬਰਦਾਰ ਕਰਨਾ, ਸੁਚੇਤ ਕਰਨਾ; ਸੂਚਿਤ ਕਰਨਾ, ਸੋਚਣ ਕਰਨਾ, ਤਕੀਦ ਕਰਨੀ.

c. money : (ਯੂਨੀਵਰਸਿਟੀ ਆਦਿ ਵਿਚ [illegible]) [illegible], ਜ਼ਮਾਨਤ, [illegible].

cautiOUS, a. : ਸੋਚਵਾਨ, ਸਾਵਧਾਨ, ਸੁਚੇਤ, ਚਿੰਤਕ, ਖ਼ਬਰਦਾਰ, ਫੂਕ ਫੂਕ ਕੇ ਪੈਰ ਧਰਨ ਵਾਲਾ.

cautiousLY, adv. : ਸਾਵਧਾਨੀ ਨਾਲ, ਸੰਭਲ ਕੇ, ਧਿਆਨ ਨਾਲ.

cautionARY, a. : ਚੇਤਾਵਨੀ, [illegible].

cavalcade, n. : ਸਵਾਰਾਂ ਦਾ ਦਸਤਾ, [illegible].

cavalier, n. & a. : ਘੋੜ-ਸਵਾਰ, [illegible]; [illegible] ਦਾ [illegible]; ਬਾਂਕਾ (ਜੋ ਤੀਵੀਆਂ ਨਾਲ [illegible] ਜਾਵੇ), 17ਵੀਂ ਸਦੀ ਵਿਚ [illegible] ਪੱਖ ਦਾ [illegible], [illegible].

cavalierLY, adv. : [illegible] ਨਾਲ, [illegible] ਨਾਲ.

cavalier, v. i. : ਤੀਵੀਂ ਦੀ [illegible] ਨਾਲ ਜਾਣਾ.

cavally, n. : [illegible] ਦੀਆਂ ਕਿਸਮਾਂ.

cavalry, n. : ਰਸਾਲਾ, ਘੋੜ-ਚੜ੍ਹੇ.

cavatina [It.] : [illegible] ਗੀਤ, [illegible].

cavation, n. : [illegible], [illegible].

cave[1], n. : ਗੁਫ਼ਾ, ਖੋੜ, ਖੋਹ, ਕੁਦਰਤੀ, [illegible], ਕੰਦਰਾ, [illegible]; (ਰਾਜਨੀਤੀ) [illegible], ਕਿਸੇ [illegible] ਵਿਚੋਂ [illegible] ਵਾਲਾ ਮਿੱਤਰ.

c.-dweller : ਗੁਫ਼ਾ-ਵਾਸੀ, ਕੰਦਰਾਵਾਸੀ; ਆਦਿ-ਵਾਸੀ; ਬਹੁਤ ਪੁਰਾਤਨ ਸਮੇਂ ਦਾ ਮਨੁੱਖ, ਜੋ ਗੁਫ਼ਾ ਵਿੱਚ ਰਹਿੰਦਾ ਸੀ (ਇਸੇ ਤਰ੍ਹਾਂ c.-fish, -swan, -rat, -spider ਆਦਿ).

c.-bear : [illegible], [illegible].

c.-man : [illegible]; [illegible].

caveLET : ਛੋਟੀ ਗੁਫ਼ਾ.

cave[2], v. t. & i. : [illegible], ਗੁਫ਼ਾ [illegible], [illegible]; [illegible] (ਜਿਵੇਂ ਖਾਣ ਵਿਚ [illegible]); [illegible]; [illegible], [illegible]; [illegible] (ਆਮ ਤੌਰ ਤੇ [illegible]).

c. in : ਗੁਫ਼ਾ ਦਾ ਢਹਿ ਜਾਣਾ, ਦੱਬ ਜਾਣਾ, [illegible].

cave[3], int. : (ਸਕੂਲ ਦੇ ਮੁੰਡਿਆਂ ਦਾ ਮੁਹਾਵਰਾ) ਖ਼ਬਰਦਾਰ ! ਸਾਵਧਾਨ !

caveat, n. : (ਕਨੂੰਨ) ਹੁਕਮ ਇਮਤਨਾਈ (ਮੁਕੱਦਮੇ ਜਾਂ ਕਾਰਵਾਈ ਨੂੰ ਰੋਕਣ ਦਾ ਅਦਾਲਤ ਵਲੋਂ ਹੁਕਮ); ਚੇਤਾਵਨੀ; ਸ਼ਰਤ.

enter a c., put in a c. : ਮੁਕੱਦਮੇ ਨੂੰ ਰੋਕਣ ਲਈ ਦਰਖ਼ਾਸਤ ਕਰਨਾ.

caveat emptor [L.] : ਮਾਲ ਖ਼ਰੀਦਣ ਵਾਲਾ ਖ਼ਬਰਦਾਰ ਰਹੇ (ਖ਼ਰੀਦਾਰ ਨੂੰ ਸੁਚੇਤ ਕਿ ਜੋ ਦੇਖਣਾ ਹੈ [illegible], ਪਿੱਛੋਂ [illegible] ਵੇਚਣ ਵਾਲੇ ਤੇ ਜ਼ਿੰਮੇਵਾਰੀ ਨਹੀਂ ਹੋਵੇਗੀ).

cavendish, n. : [illegible], ਤੇਜ਼ ਤਮਾਕੂ ਦੀ ਟਿੱਕੀ.

cavern, n. : (ਕਾਵਿਆਮਈ) ਕੰਦਰਾ, ਗੁਫ਼ਾ.

caverned, a. : (ਕਾਵਿਆਮਈ) ਕੰਦਰਾਵਾਸੀ; ਗੁਫ਼ਾ ਵਰਗਾ, ਡੂੰਘਾ.

cavernous, *a.* : ਗੁਫਾਵਾਰ, ਬਹੁ-ਗੁਫੀਆ; ਖੋਖਲਾ, ਡੋਰੇ-ਦੇਣ; ਡੂੰਘ (ਹਨੇਰਾ, ਮੁੰਹ).

caves(s)on, *n.* : ਛਜੀ.

caviar, caviare, *n.* : ਮੱਛੀ ਦਾ ਅਚਾਰ.

c. to the general : ਖੋਤੇ ਨੂੰ ਖੰਡ, ਬੰਦਰ ਨੂੰ ਖੀਰ, ਕੋਈ ਚੀਜ਼ ਜਿਸ ਨੂੰ ਅਣਜਾਣ ਪਸੰਦ ਨਾ ਕਰੇ.

cavil, *v. i.* & *n.* : ਫੂੰਹਤਾ ਕਾਢਣੀਆਂ, ਨੁਕਤਾ ਕਢਣੀਆਂ, ਨੁਕਤਾ ਕਢਣੀਆਂ, ਐਂਤਰਾਂ ਕਰਨੀਆਂ, ਬਾਤ-ਖਾਤਰ ਦੇ ਉਜਰ ਉਠਾਉਣੇ, ਨੁਕਸ ਕਢਣੇ.

caviLLER : ਫੋਕਰੀ, ਖੋਚਰੀ, ਹੁੱਜਤੀ, ਵਿਵਾਦੀ.

cavity, *n.* : ਖੋੜ, ਟੋਆ, ਖੂਹ, ਮੋਰੀ, ਖੋਲ, ਮੋਰੀ.

cavort, *v. i.* : ਕੁੱਦਣਾ, ਉਛਲਣਾ, ਘੋੜਾ ਵਾਂਗ ਕੁੱਦਣਾ.

cavy, *n.* : ਅਮਰੀਕੀ ਚਾਰਪੂਰ.

caw, *n.* & *int.*, & *v. i.* & *t.* : ਕਾਂ ਕਾਂ, ਕਾਂ ਦੀ ਬੋਲੀ, ਕਵੇਂਣਾ.

c. out : ਕਾਂ ਵਰਗੀ ਅਵਾਜ਼ ਵਿੱਚ ਬੋਲਣਾ.

Caxton, *n.* : ਕੈਕਸਟਨ ਦੀ ਛਾਪੀ ਹੋਈ ਕਿਤਾਬ [ਵਿਲੀਅਮ ਕੈਕਸਟਨ, ਜੋ ੧੪੭੭ ਵਿੱਚ ਮੋਇਆ, ਇੰਗਲੈਂਡ ਦਾ ਪਹਿਲਾ ਛਾਪਾਕਾਰ ਸੀ]; ਕੈਕਸਟਨੀ ਟਾਈਪ.

cay, *n.* : [=ਪਥਰਾਉ] ਰੇਤ ਦਾ ਟੋਲਾ; ਮੂੰਗੇ ਜਾਂ ਰੇਤ ਦਾ ਟਿੱਬਾ.

cayenne, *n.* : ਤਿੱਖੀ ਲਾਲ ਮਿਰਚ.

C. pepper : ਮਿਰਚ-ਮਿਰਚ, ਮਿਰਚਾਂ, ਮਿਰਚ, ਮਿਰਚ, ਲੰਕਾ-ਮਿਰਚੀ.

cayman, caiman, *n.* : ਅਮਰੀਕਾ ਦਾ ਮਗਰਮੱਛ.

cease, *v. i.* & *t.* : ਬੰਦ ਹੋਣਾ, ਹਟ ਜਾਣਾ, ਮੁਕ ਜਾਣਾ, ਮਿਟਣਾ, ਬੰਦ ਹੋਣਾ, ਮੁਕਣਾ, ਠੱਲ੍ਹਣਾ; ਮੁਕਾਉਣਾ, ਬੰਦ ਕਰਨਾ.

c. fire : (ਫੌਜੀ) ਗੋਲੀ ਚਲਾਉਣੀ ਬੰਦ ਕਰਨੀ, ਜੰਗ-ਬੰਦੀ.

cease, *n.* : ਰੋਕ, ਵਿਰਾਮ, ਮੁਕ-ਚੁਕ.

ceaseless : ਅਟੁੱਟ, ਅਮੁੱਕ, ਲਗਾਤਾਰ.

without cease : ਲਗਾਤਾਰ, ਅਟੁੱਟ.

ceaseLESSLY, *adv.* : ਲਗਾਤਾਰ.

ceaseLESSNESS, *n.* : ਅਟੁੱਟਤਾ, ਅਟੁੱਟ ਪਣ, ਲਗਾਤਾਰਤਾ.

cecils, *n.* : ਕੋਫਤੇ.

cecity, *n.* : ਅੰਨ੍ਹ; ਮੂਰਖਤਾ.

cedar, *n.* : ਉਚੀਆਂ ਥਾਂਵਾਂ ਵਿੱਚ ਜਿਸਮ, ਜਿਸ ਵਿੱਚ ਦਿਆਰ, ਦਿਆਰ, ਚੀੜ੍ਹ, ਦੇਵ ਆਦਿ ਸ਼ਾਮਲ ਹਨ.

cedarAN, *adj.* : ਦਿਆਰੀ, ਦਿਆਰ ਦਾ.

cede, *v. t.* : ਦੇ ਦੇਣਾ, ਸੌਂਪਣਾ, (ਮੁਲਕ) ਹਵਾਲੇ ਕਰਨਾ, ਮਨਣਾ.

ceded, *a.* : ਅਰਪਿਤ, ਸੌਂਪਿਆ, ਹਵਾਲਿਆ.

cedilla, *n.* : ਬਿਸਰਗੀਆ, ਸਵਰਹੀ ਚਿੰਨ੍ਹ (¸) ਜੋ ਅੰਗਰੇਜ਼ੀ ਅੱਖਰ C ਦੇ ਹੇਠਾਂ ਸਸੇ ਦੀ ਅਵਾਜ਼ ਪ੍ਰਗਟਾਉਣ ਲਈ ਵਰਤਿਆ ਜਾਂਦਾ ਹੈ.

cee, *n.* : ਅੱਖਰ C.

C.-spring : ਗੋਲ ਕਮਾਣੀ (ਗੱਡੀ ਦੀ).

ceil, *v. t.* : ਚਾਨਣੀ ਲੈਣ ਪਾਉਣੀ, ਛੱਤ ਹੇਠਾਂ ਚਾਦਰ ਲਾਉਣੀ, ਛੱਤਗੀਰੀ ਕਰਨੀ.

ceiling, *n.* : ਛੱਤ, (ਅੰਦਰਲੀ) ਚਾਦਰੀ ਛੱਤ.

c. altitude : ਹਵਾਈ ਜਹਾਜ਼ ਦੀ ਉੱਚੀ ਤੋਂ ਉੱਚੀ ਉਡਾਣ.

c. price : ਵਧੀਕ ਤੋਂ ਵਧੀਕ ਕੀਮਤ.

celadon, *n.* & *a.* : ਫ਼ਾਖਤੀ ਰੰਗ, ਹਰਾ ਰੰਗ; ਪਿਸਤਾਈ, ਹਰਾ, ਫਾਖਤੀ, ਕਾਹੀ.

celandine, *n.* : ਦੋ ਪੀਲੇ ਫੁੱਲਾਂ ਵਾਲੇ ਬੂਟੇ; ਇੱਕ greater c. (pile-wort) ਮਮੀਰਾ; ਦੂਜਾ lower c. (fig-wort) ਮਮੀਰਾ.

celanese, *n.* : ਮਲਮਲ, ਰੇਸ਼ਮ, ਇੱਕ ਕਿਸਮ ਦਾ ਬਣਾਉਟੀ ਰੇਸ਼ਮ.

celebrant, *n.* : ਸੰਸਕਾਰੀਆ, ਮਜ਼੍ਹਬੀ ਰਸਮਾਂ ਅਦਾ ਕਰਨ ਵਾਲਾ ਪਾਦਰੀ ਜਾਂ ਪੁਜਾਰੀ.

celebrate, *v. t.* & *i.* : (ਪਰਬ, ਉਤਸਵ ਜਾਂ ਦਿਨ-ਦਿਹਾਰ) ਮਨਾਉਣਾ; ਸਤਿਕਾਰ ਕਰਾਉਣਾ, ਖੁਸ਼ੀ ਮਨਾਉਣੀ, ਸ਼ਾਨ ਜਾਂ ਢੰਗ ਕਰਾਉਣਾ; ਜਸ਼ਨ ਜਾਂ ਸਮਾਰੋਹ ਕਰਨਾ; ਪ੍ਰਸ਼ੰਸਾ ਕਰਨਾ; ਸਲਾਹੁਣਾ; (*p. p.*) ਮਸ਼ਹੂਰ, ਉੱਘਾ, ਪ੍ਰਸਿੱਧ, ਨਾਮਿਨਾ ਪ੍ਰਮਿਨਾ.

celebraTION, *n.* : ਮਨਾਉਣ, ਰਸਮਾਂ; ਜਸ਼ਨ; ਸਾਲਗਿਰ੍ਹਾ, ਪਰਬੀ; ਉਤਸਵ, ਪ੍ਰਸਿੱਧਤਾ, ਜਸ.

celebrity, *n.* : ਮਸ਼ਹੂਰੀ, ਪ੍ਰਸਿੱਧਤਾ; ਉੱਘਾ ਮਨੁੱਖ, ਮਾਨਵਤਾ, ਜਸਵੰਤ.

celeriac, *n.* : ਸ਼ਿਣ-ਮੂਲੀ, ਗੰਢੀਦਾਰ ਜੜ੍ਹਾਂ ਵਾਲਾ ਬੂਟਾ ਜੋ ਸਲਾਦ ਤੇ ਸਬਜ਼ੀ ਲਈ ਵਰਤੀਦਾ ਹੈ.

celerity, *n.* : ਫੁਰਤੀ, ਕਾਹਲੀ, ਤੇਜ਼ੀ.

celery, *n.* : ਜਿਣ-ਜੀਰਾ, ਅਜਮੋਦ, ਇੱਕ ਬੂਟਾ ਜੋ ਸਬਜ਼ੀ ਤੇ ਸਲਾਦ ਲਈ ਵਰਤੀਦਾ ਹੈ.

celeste, *n.* & *a.* : ਅਸਮਾਨੀ ਰੰਗ; ਹਾਰਮੋਨੀਅਮ ਜਾਂ ਅਰਗਨ ਵਾਜੇ ਦਾ ਪਰਦਾ, ਸੁਰ.

celestial, *a.* : ਅਸਮਾਨੀ ਰੰਗ ਦਾ, ਨੀਲਾ; ਅਸਮਾਨੀ, ਅਕਾਸ਼ੀ, ਅਰਸ਼ੀ, ਸੁਰਗੀ, ਬਹੁਤ ਸੋਹਣਾ.

celestialLY, *adv.* : ਅਸਮਾਨੀ, ਸੁਰਗੀ ਤੌਰ ਤੇ.

c. equator : ਅਕਾਸ਼ੀ ਭੂ-ਮੱਧ.

c. globe : ਅਸਮਾਨੀ ਗਲੋਬ (ਚਿਤਰ-ਗੋਲਾ).

c. map : ਅਸਮਾਨੀ ਨਕਸ਼ਾ.

c. pole : ਅਸਮਾਨੀ ਧੁਰਾ.

celibate, *a.* & *n.* : ਕੁਆਰਾ, ਅਣਵਿਆਹਿਆ, ਛੜਾ; ਬ੍ਰਹਮਚਾਰੀ, ਜਤੀ-ਸਤੀ, ਜਤੀ.

celibacy, *n.* : ਕੁਆਰਪਣ, ਬ੍ਰਹਮਚਰਜ, ਜਤ, ਜਤ-ਸਤ.

celibaTARIAN, *n.* : ਵਿਆਹ ਨਾ ਕਰਾਉਣ ਦੇ ਅਸੂਲ ਦਾ ਹਾਮੀ, ਜਤ ਧਾਰੀ.

cell, *n.* : ਖਾਨਾ, ਕੋਠੜੀ, ਕੁੱਲੀ, ਬੰਦ-ਕੋਠੜੀ, ਬੰਦ-ਕੋਠੀ, ਵਾਸ-ਕੋਠੜੀ; ਸੰਤ ਦੀ ਕੋਠੜੀ, ਕਕੀਆ, ਕਬਰਾਂ ਦਾ ਦਰਵਾਜ਼ਾ, ਛੋਟਾ; ਸਰੀਰ ਤੇ ਬਨਸਪਤੀ ਦਾ ਅਣੂ, ਖਾਨਾ, ਸੈੱਲ-ਮਿਸ਼ੀ, ਅਣੂ; (ਬਿਜਲਈ) ਬਿਜਲਈ ਬੈਟਰੀਆਂ ਦੇ ਪ੍ਰਕਾਰ ਦਾ ਸੈੱਲ.

condemned c. : (ਫਾਂਸੀ ਹੋਣ ਵਾਲੇ ਕੈਦੀ ਦੀ) ਕਾਲ-ਕੋਠੜੀ.

cc. of brain : ਦਿਮਾਗ ਦੀਆਂ ਕੋਠੀਆਂ, ਦਿਮਾਗ ਦੇ ਖਾਨੇ ਜਿਥੇ ਕਿ ਦਰ ਦਸ ਤਾਕਤਾਂ ਦੇ ਸੋਮੇ ਮੰਨੇ ਜਾਂਦੇ ਹਨ.

cellED, *a.* : ਕੋਠੀ ਵਾਲ; ਕੋਠੀਦਾਰ.

cellFORM, *a.* : ਕੋਠੀਦਾਰ.

cellar, *n.* & *v. t.* : ਭੋਰਾ, ਤਹਿਖਾਨਾ, ਭੰਡਾਰ; ਸਰਦਖਾਨਾ, ਤਹਿਖਾਨੇ ਵਿੱਚ ਰਖਣਾ, ਭੋਰੇ ਵਿੱਚ ਪਾਉਣਾ, ਰਖਣਾ.

wine-c. : ਸ਼ਰਾਬ ਰਖਣ ਲਈ ਭੋਰੀ ਜਾਂ, ਸ਼ਰਾਬ-ਖਾਨਾ.

keeps a good c. : ਚੰਗੀ ਸ਼ਰਾਬ ਰਖਦਾ ਹੈ.

c.-flap : ਭੋਰੇ ਦਾ ਛੋਰ-ਦਰਵਾਜ਼ਾ, ਛੋਰ-ਛੱਤਾ.

c.-plate : ਕੋਲਾ-ਖਾਨੇ ਦੇ ਮੂੰਹ ਦਾ ਢੱਕਣ.

cellarAGE, *n.* : ਭੋਰੇ ਦੀ ਸਮਾਈ.

cellarer, *n.* : ਭੰਡਾਰਖਾਨੇ ਦਾ ਰਾਖਾ, ਖ਼ਜ਼ਾਨਚੀ.

cellaret, *n.* : ਸ਼ਰਾਬਖਾਨੇ ਦਾ ਸੰਦੂਕ, ਡੱਬਾ.

cellophane, *n.* : ਲਕੜੀ ਦੇ ਗੁੱਦੇ ਤੋਂ ਬਣਿਆ ਕਾਗਜ਼.

cellular, *a.* : ਖਾਨਿਆਂ ਵਾਲਾ, ਖਾਨੇਦਾਰ; (ਕਪੜਾ) ਜਾਲੀਦਾਰ (ਕਮੀਜ਼), ਜਾਲੀਦਾਰ.

cellularITY, *n.* : ਖਾਨੇਦਾਰੀ, ਖਾਨਾ-ਖਾਨਾ ਹੋਣ ਦੀ ਹਾਲਤ.

cellule, *n.* : [cell=ਖਾਨਾ; ule=ਛੋਟਾ] ਖਨੜੀ.

cellulATE(D), *a.* : ਖਾਨੇਦਾਰ, ਜਾਲੀਦਾਰ.

cellulation, n. : ਖ਼ਾਨੇ-ਖ਼ਾਨੇ ਹੋਣਾ.

celluloid, a. & n. : ਸੈਲੂਲਾਇਡ, ਕਾਗਜ਼ਿਆ; ਸੈਲੂਲਾਇਡ, ਕਚਕੜਾ, ਹਾਥੀ-ਦੰਦ ਵਰਗਾ ਇਕ ਮਸਾਲਾ ਜੋ ਸੈਲੂਲੋਜ਼ ਤੋਂ ਬਣਦਾ ਹੈ, ਤੇ ਜਿਸ ਤੋਂ ਫ਼ੋਟੋ ਫ਼ਿਲਮਾਂ, ਕੰਘੇ ਆਦਿ ਬਹੁਤ ਸਾਰੀਆਂ ਚੀਜ਼ਾਂ ਬਣਦੀਆਂ ਹਨ.

cellulose[1], a. : ਛਿੱਦੇ ਛਿੱਦੇ ਖ਼ਾਨਿਆਂ ਵਾਲਾ, ਛੱਤੇਦਾਰ.

cellulosity, n. : cells ਤੋਂ ਬਣਨ ਦੀ ਹਾਲਤ.

cellulose[2], n. : ਸੈਲੂਲੋਜ਼, ਉਹ ਪਦਾਰਥ ਜਿਸ ਤੋਂ ਬੂਟਿਆਂ ਦਾ ਪਿੰਜਰ ਤਿਆਰ ਹੁੰਦਾ ਹੈ.

Celsius : ਵੇਖੋ centigrade.

Celt, Kelt, n. : ਪੁਰਾਤਨ 'ਗਾਲ' ਕੌਮ (ਜਿਸ ਵਿਚ (ਫ਼ਰਾਂਸ ਦੇ) ਬ੍ਰਿਟਨੀ, (ਇੰਗਲੈਂਡ ਦੇ) ਕਾਰਨਵਾਲੀ, ਵੈਲਸ਼ੀ, ਆਇਰਲੈਂਡ ਅਤੇ ਸਕਾਟਲੈਂਡ ਦੇ ਪਹਾੜੀ ਆਦਿ ਸ਼ਾਮਲ ਹਨ).

celt, n. : ਇਤਿਹਾਸਿਕ ਕਾਲ ਤੋਂ ਪਹਿਲਾਂ ਸਮੇਂ ਦਾ ਕਾਂਸੀ ਜਾਂ ਪੱਥਰ ਦਾ ਬਣਿਆ ਇਕ ਹਥਿਆਰ, ਪੁਰਾਤਨ ਤੇਸਾ.

Celtic, K-, a. & n. : ਕੈਲਟਕ; ਗਾਲ ਕੌਮ ਦਾ.

the C. fringe : ਗਾਲੀ ਝਾਲਰ, ਅੰਗਰੇਜ਼ੀ ਦੇਸ਼ ਦੇ ਕੰਢੇ ਵੱਸਦੇ ਹਾਈਲੈਂਡਰ, ਵੈਲਸ਼ ਤੇ ਕਾਰਨਵਾਲੀ ਲੋਕ; ਗਾਲੀ ਬੋਲੀ.

celtically, adv. : ਗਾਲਾਂ ਜਾਂ ਕੈਲਟਕਾਂ ਵਾਂਗ.

celticism, n. : ਕੈਲਟਕਪੁਣਾ.

celticize, v. t. & i. : ਗਾਲੀ ਬਣਾਉਣਾ ਜਾਂ ਬਣਨਾ.

celtomaniac, n. : ਉਹ ਮਨੁੱਖ ਜਿਸ ਨੂੰ ਗਾਲੀ ਕੌਮ ਜਾਂ ਬੋਲੀ ਦਾ ਸ਼ੁਦਾ ਹੋਵੇ.

celtophil, n. : ਗਾਲ-ਪ੍ਰੇਮ ਦਾ ਪੁਜਾਰੀ.

cement, n. & v. t. : ਸੀਮਿੰਟ, ਗੱਚ (ਪੱਥਰ ਸਾੜ ਕੇ ਬਣਾਇਆ ਮਸਾਲਾ ਜਿਸ ਨਾਲ ਪੱਥਰ, ਇੱਟਾਂ ਜਾਂ ਫਰਸ਼ ਜੋੜਦੇ ਹਨ ਤੇ ਜੋ ਸੁੱਕ ਕੇ ਸਖ਼ਤ ਹੋ ਜਾਂਦਾ ਹੈ ਤੇ ਜੋੜ ਨੂੰ ਪੱਕਾ ਕਰ ਦੇਂਦਾ ਹੈ); ਜੋੜਨ ਦਾ ਮਸਾਲਾ, ਇੱਕ-ਚਿੱਤਤਾ; ਹੱਡੀ ਨੂੰ ਢਕਣ ਵਾਲੀ ਚੀਜ਼, ਦੰਦਾਂ ਦਾ ਉਪਰਲਾ ਹਿੱਸਾ; ਜੋੜਨ ਵਾਲਾ ਜ਼ਰੂਰ; ਜੋੜਨਾ, ਜੁੜਨਾ, ਸੀਮਿੰਟ ਨਾਲ ਜੋੜਨਾ, ਸੀਮਿੰਟ ਦਾ ਪਲੱਸਤਰ ਕਰਨਾ.

hydraulic c. : ਪਾਣੀ ਸੀਮਿੰਟ.

cemetery, n. : ਕਬਰਿਸਤਾਨ, ਸ਼ਮਸ਼ਾਨ-ਭੂਮੀ, ਮਸਾਣ, ਮੜ੍ਹੀਆਂ, ਮਜ਼ਾਰ.

cenobite : ਵੇਖੋ coenobite.

cenotaph, n. : ਯਾਦਗਾਰੀ ਛੱਤਰੀ, ਸਮਾਧ ਜਾਂ ਕਬਰ, ਖ਼ਾਲੀ ਕਬਰ (ਜੋ ਕਿਸੇ ਹੋਰ ਥਾਂ ਦੱਬੇ ਮੁਰਦੇ ਦੀ ਯਾਦ ਵਿਚ ਬਣਾਈ ਜਾਂਦੀ ਹੈ).

The C. : ਵ੍ਹਾਈਟਹਾਲ ਵਿਚ ਯਾਦਗਾਰੀ ਕਬਰ, ਜੋ ਵੱਡੇ ਜੰਗ ਵਿਚ ਮੋਇਆਂ ਦੀ ਯਾਦ ਵਿਚ ਬਣਾਈ ਗਈ ਹੈ.

cense, v. t. : ਪਵਿੱਤਰ ਕਰਨਾ, ਮਹਿਕਾਉਣਾ, ਧੂਪ ਦੇਣਾ, ਧੂਪਣਾ, ਧੂਪ ਆਦਿ ਧੁਖਾ ਕੇ ਪੂਜਾ ਕਰਨੀ.

censer, n. : ਧੂਪਦਾਨੀ.

censor, n. & v. t. : (ਪੁਰਾਤਨ ਰੋਮ ਦੇ ਦੋ ਹਾਕਮ) ਸਦਾਚਾਰ ਰੱਖਿਅਕ; ਸੈਂਸਰ, ਟੋਕਾਕਾਰ (ਸਰਕਾਰੀ ਤੌਰ ਤੇ ਖ਼ਬਰਾਂ, ਚਿੱਠੀਆਂ, ਨੁਮਾਇਸ਼ਾਂ, ਤਮਾਸ਼ਿਆਂ, ਫ਼ਿਲਮਾਂ ਆਦਿ ਤੇ ਰੋਕ ਲਾਉਣ ਵਾਲਾ ਜਾਂ ਇਤਰਾਜ਼ਯੋਗ ਹਿੱਸਾ ਕੱਢਣ ਦਾ ਫ਼ੈਸਲਾ ਦੇਣ ਵਾਲਾ); ਟੋਕਣਾ, ਨਿਰਖਣਾ.

censorship : ਟੋਕਾਕਾਰੀ, ਨਿਰਖਕਾਰੀ, ਨਿਰੀਖਣ, ਪੜਤਾਲ.

C.-Board : ਸੈਂਸਰ ਬੋਰਡ.

censorial, a. : ਟੋਕਵਾਂ, ਨੁਕਸ ਲੱਭਣ ਵਾਲਾ, ਨੁਕਸ ਕੱਢਣ ਵਾਲਾ.

censorious, a. : ਖੋਜੀ, ਟੋਕਵਾਂ.

censoriously, adv. : ਟੋਕਵੇਂ ਤੌਰ ਤੇ, ਖੋਜੀ ਢੰਗ ਨਾਲ, ਟੋਕਾ-ਟਾਕੀ ਦੇ ਖ਼ਿਆਲ ਨਾਲ.

censoriousness, n. : ਟੋਕਾ-ਟਾਕੀ, ਖੋਜਪੁਣਾ.

censure, n. & v. t. : ਨਿੰਦਾ, ਤਿਰਸਕਾਰ, ਬਦ-ਨਾਮੀ, ਮਲਾਮਤ; ਝਾੜਨਾ, ਨਿੰਦਣਾ, ਬੁਰਾ ਕਹਿਣਾ, ਮਲਾਮਤ ਕਰਨੀ.

c. motion : ਮਲਾਮਤ ਦਾ ਮਤਾ.

censurable : ਨਿੰਦਣ-ਯੋਗ.

census, n. : ਮਰਦਮ-ਸ਼ੁਮਾਰੀ, ਮਰਦਮ-ਸ਼ੁਮਾਰੀ, ਗਿਣਤੀ.

c. paper : ਗਿਣਤੀ ਪੱਤਰ, ਮਰਦਮ-ਸ਼ੁਮਾਰੀ ਫ਼ਾਰਮ (ਜਿਸ ਵਿਚ ਘਰ ਦੇ ਹਰ ਜੀਅ ਦਾ ਨਾਂ, ਉਮਰ ਆਦਿ ਦਰਜ ਕਰਨੀ ਹੁੰਦੀ ਹੈ).

cent, n. : ਸੈਂ, ਸੈਂਕੜਾ, ਸੈਂ; ਅਮਰੀਕਾ ਦਾ ਇਕ ਛੋਟਾ ਸਿੱਕਾ.

per c. : ਸੌ ਪਿੱਛੇ, ਫ਼ੀ ਸਦੀ.

c. per c. : ਸੌ ਪਿੱਛੇ ਸੌ (ਸੂਦ, ਮੁਨਾਫ਼ਾ ਆਦਿ), ਸੂਦ ਦੁਗਣਾ ਜਮਲਾ, ਜੋੜਾ ਆਦਿ.

don't care a c. : ਕੋਈ ਪਰਵਾਹ ਨਹੀਂ ਕਰਦਾ, ਕੋਈ ਨਹੀਂ ਸਮਝਦਾ.

cental, n. : ਸੌ ਪੌਂਡ ਦਾ ਵੱਟਾ ਜੋ ਅਨਾਜ ਤੋਲਣ ਲਈ ਵਰਤਦੇ ਹਨ.

centaur, n. : ਕੇਂਟਾਰ, ਸੈਂਟਾਰ (ਨਰ-ਅਸ਼ਵ), ਯੂਨਾਨੀ ਮਿਥਿਹਾਸ ਦਾ ਇਕ ਫ਼ਰਜ਼ੀ ਜੀਵ, ਜਿਸ ਦਾ ਧੜ ਘੋੜੇ ਦਾ ਤੇ ਉਪਰਲਾ ਹਿੱਸਾ ਮਨੁੱਖ ਦਾ ਹੁੰਦਾ ਹੈ; ਚੰਗਾ ਘੋੜ ਸਵਾਰ ਦਾ ਸਰੂਪ ਜਾਂ ਚੀਜ਼; ਸੈਂਟਰਸ, ਇਕ ਤਾਰਾ-ਮੰਡਲ ਦਾ ਨਾਂ, ਘੋੜ-ਸਵਾਰ, ਚੰਗਾ ਘੋੜਚੜ੍ਹਾ.

centauress, n. : ਕੇਂਟਾਰਨ.

centaury, n. : ਕੇਂਟਾਰੀ (ਜਿਸ ਨੂੰ ਇਕ ਕੇਂਟਾਰ ਨੇ ਦਵਾਈ ਲਈ ਵਰਤਿਆ ਸੀ), ਜੜੀ ਬੂਟੀ ਦਾ ਇਕ ਨਾਂ ਹੈ.

centenarian, a. & n. : ਸੌ-ਵਰ੍ਹੀਆ, ਸੌ ਸਾਲ ਦੀ ਉਮਰ ਦਾ (ਮਨੁੱਖ).

centenary, n. & a. : ਸੌ ਵਰ੍ਹਿਆਂ, ਸੌ ਸਾਲ ਦਾ, 100 ਸਾਲ ਦਾ ਸਮਾਂ (ਸਦੀ ਦੇ ਬੀਤ ਜਾਣ ਤੇ ਮਿਲਿਆ); ਸੌ-ਵਰ੍ਹੀ, ਸੌਵੀਂ ਵਰ੍ਹੇ ਗੰਢ.

centennial, a. & n. : ਸੌ ਸਾਲ ਦਾ, ਸੌ ਵਰ੍ਹੇ ਰਹਿਣ ਵਾਲਾ, ਸੌ-ਸਾਲੀ ਦਾ, ਸੌਵੀਂ ਵਰ੍ਹੇ-ਗੰਢ ਦਾ.

centesimal, a. : ਸੌ-ਅੰਸ਼ਕ, ਸੌਵੇਂ ਹਿੱਸੇ ਨੂੰ ਲੈ ਕੇ ਕੀਤਾ ਮਾਪ ਵਾਲਾ ਹਿਸਾਬ.

centigrade, a. : ਸੌ ਦਰਜੀਆ, ਸੈਲਸੀਅਸ (Celsius) ਦਾ ਬਣਾਇਆ 100 ਦਰਜਿਆਂ ਵਾਲਾ ਤਾਪ-ਮੀਟਰ, ਜਿਸ ਦਾ ਪਾਣੀ ਜੰਮਣ ਦਾ ਦਰਜਾ 0 ਤੇ ਉਬਲਣ ਦਾ 100 ਹੁੰਦਾ ਹੈ.

centigramme, n. : ਸੈਂਟੀਗ੍ਰਾਮ, ਗ੍ਰਾਮ ਦਾ ਸੌਵਾਂ ਹਿੱਸਾ.

centilitre, n. : ਸੈਂਟੀਲਿਟਰ, ਲੀਟਰ ਦਾ ਸੌਵਾਂ ਹਿੱਸਾ.

centillion, n. : ਦਸ ਲੱਖ ਦਾ ਸੌਵਾਂ ਘਾਤ (1 ਨਾਲ 600 ਸਿਫ਼ਰ).

centime [F.] n. : ਫ਼ਰਾਂਸ ਦਾ ਸਿੱਕਾ, ਫ਼ਰੈਂਕ ਦਾ ਸੌਵਾਂ ਹਿੱਸਾ.

centimetre, n. : ਸੈਂਟੀਮੀਟਰ, ਮੀਟਰ ਦਾ ਸੌਵਾਂ ਹਿੱਸਾ.

centipede, n. : ਕੰਨਖਜੂਰਾ, ਸੌ-ਪੈਰਾ.

centner, n. : ਜਰਮਨੀ ਦਾ ਤੋਲ ਜੋ ਲਗ-ਪਗ ਇਕ ਹੰਡਰਡਵੇਟ ਹੁੰਦਾ ਹੈ.

cento, n. : ਜੋੜੀ ਰਚਨਾ, ਉਹ ਲੇਖ ਜੋ ਕਈ ਵੱਖ ਲੇਖਕਾਂ ਦੇ ਟੋਟੇ ਜੋੜ ਕੇ ਬਣਿਆ ਹੋਵੇ.

central, a. : ਕੇਂਦਰੀ, ਮੱਧਲਾ, ਵਿਚਲਾ, ਵਿਚਕਾਰਲਾ, ਮੁੱਖ, ਮੋਹਰੀ, ਮੱਧ ਦਾ; ਧੁਰੇ ਦਾ, ਖ਼ਾਸ, ਵੱਡਾ, ਮੁੱਖੀ, ਕੇਂਦਰ ਦਾ, ਤੇ, ਵਿਚ, ਉੱਤੇ.

C. Bureau of Intelligence and Investigation : ਕੇਂਦਰੀ ਗੁਪਤ ਖੋਜ ਵਿਭਾਗ.

c. control : ਕੇਂਦਰੀ ਕੰਟਰੋਲ.

C. Government : ਕੇਂਦਰੀ ਸਰਕਾਰ.

C. India : ਮੱਧ ਭਾਰਤ.

C. Labour Union : ਕੇਂਦਰੀ ਮਜ਼ਦੂਰ ਸੰਘ.

C. Provinces : ਮੱਧ ਪ੍ਰਾਂਤ.

C. Legislature : ਕੇਂਦਰੀ ਧਾਰਾ-ਸਭਾ.

c. heating : ਕੇਂਦਰੀ ਸੇਕ.

centrality, n. : ਕੇਂਦਰੀਅਤਾ.

centrally, *adv.* : ਕੇਂਦਰ ਵਿਚ, ਕੇਂਦਰੋਂ.

centralNESS, *n.* : ਕੇਂਦਰਪਣਾ, ਕੇਂਦਰਤਾ.

centralise, *v. t. & i.* : ਕੇਂਦਰਿਤ ਕਰਨਾ, ਕੇਂਦਰੀਕਰਨ ਕਰਨਾ, ਕੇਂਦਰ ਤੇ ਆਉਣਾ ਜਾਂ ਲਿਆਉਣਾ; ਇਕ ਕੇਂਦਰ ਦੇ ਅਧੀਨ ਕਰਨਾ, (ਪ੍ਰਬੰਧ) ਇਸ ਤਰੀਕੇ ਵਿਚ ਲਿਆਉਣਾ.

centralism : ਕੇਂਦਰਵਾਦ.

centralist : ਕੇਂਦਰਵਾਦੀ.

centralisATION, *n.* : ਕੇਂਦਰੀਕਰਨ, ਕੇਂਦਰੀਕਰਣ.

centre, *n.* : ਕੇਂਦਰ, ਮੱਧ, ਨਾਭ (ਕਿਸੇ ਬਿੰਦੂ ਜਾਂ ਰੇਖਾ ਤੋਂ ਬਰਾਬਰ ਦੂਰੀ ਤੇ ਹੋਣ ਵਾਲਾ ਬਿੰਦੂ); ਧੁਰਾ (ਜਿਸ ਦੁਆਲੇ ਕੋਈ ਚੀਜ਼ ਘੁੰਮੇ); [illegible]

c. of attraction : ਖਿੱਚ ਦਾ ਕੇਂਦਰ, ਖਿਚ-ਕੇਂਦਰ [illegible]

c.-bit : ਵਰਮੇ ਦਾ ਸਿਰਾ.

c.-board : [illegible]

c. of curvature : ਵਿੰਗ-ਨਾਭ.

c. of gravity : ਗੁਰੁਤਾ-ਕੇਂਦਰ.

The C. : ਕੇਂਦਰੀ ਸਰਕਾਰ.

c. forward, *n.* : ਕੇਂਦਰੀ ਖਿਡਾਰੀ (ਹਾਕੀ ਆਦਿ ਖੇਡਾਂ ਵਿਚ).

c. of mass : [illegible]

c. piece : [illegible]

c.-rail : [illegible]

c.-second(s) : [illegible]

c.-symmetry : ਕੇਂਦਰੀ ਸਮ-ਮਾਪਤਾ.

centreLESS, *a.* : ਕੇਂਦਰ-ਰਹਿਤ, ਨਾਭ-ਹੀਣ.

centric(AL), *a.* : ਕੇਂਦਰੀ, ਕੇਂਦਰਕ.

centricALLY, *adv.* : ਕੇਂਦਰ ਦੇ ਲਿਹਾਜ਼ ਨਾਲ, ਕੇਂਦਰਵਾਰ.

centricITY, *n.* : ਕੇਂਦਰਿਕਤਾ, ਵਿਚ ਵਿਚ ਹੋਣਾ.

centrALIST, *a.* : ਮੁੱਢ ਵਿਚਕਾਰ.

radical c. : ਮੂਲ ਨਾਭ (ਗਣਿਤ ਵਿਚ).

centre, center, *v. t. & i.* : ਵਿਚਕਾਰ ਰੱਖਣਾ, ਕੇਂਦਰਿਤ ਹੋਣਾ, ਇਕ ਥਾਂ ਕਰਨਾ; ਇਕ-ਥਾਂ ਹੋਣਾ; ਕੇਂਦਰੀਕਰਨ ਕਰਨਾ, ਕੇਂਦਰ ਵਿਚ ਰੱਖਣਾ; ਕੇਂਦਰ ਲੱਭਣਾ; [illegible]

centr(e)ing, *n.* : [illegible]

centrifugal, *a.* : ਨਾਭ-ਵਿਮੁਖ, ਕੇਂਦਰ-ਤਿਆਗੀ, ਕੇਂਦਰ ਤੋਂ ਬਾਹਰ ਨੂੰ ਪਸਰਣ ਵਾਲੀ.

c. force : ਨਾਭ-ਵਿਮੁਖ ਬਲ, ਕੇਂਦਰ-ਤਿਆਗੀ ਸ਼ਕਤੀ, ਜਿਸ ਕਾਰਨ ਘੁੰਮਦੀ ਚੀਜ਼ ਆਪਣੇ ਕੇਂਦਰ ਤੋਂ ਬਾਹਰ ਜਾਂਦੀ ਹੈ.

c. machine : ਨਾਭ-ਵਿਮੁਖ ਬਲ ਵਾਲੀ ਮਸ਼ੀਨ.

c. inflorescence : ਨਾਭ-ਵਿਮੁਖ ਫੁਲਾਉ, ਜਿਥੇ ਕੇਂਦਰ ਦਾ ਫੁੱਲ ਪਹਿਲਾਂ ਖਿੜਦਾ ਹੈ ਤੇ ਪਾਸਿਆਂ ਵਾਲਿਆਂ ਦਾ ਵਾਰੀ ਵਾਰੀ ਪਿੱਛੋਂ ਖਿੜਨਾ.

centrifugalLY, *adv.* : ਨਾਭੋਂ ਹਟਦਿਆਂ, ਕੇਂਦਰ ਤੋਂ ਬਾਹਰ ਵੱਲ ਦੇ ਲਿਹਾਜ਼ ਨਾਲ.

centripetal, *a.* : ਨਾਭ-ਗਾਮੀ, ਕੇਂਦਰ ਵੱਲ ਝੁਕਦੀ.

c. force, machine, inflorescence : (ਉਪਰਲੇ ਅਰਥ centrifugal ਦੇ ਉਲਟ) ਨਾਭ-ਗਾਮੀ ਸ਼ਕਤੀ, ਮਸ਼ੀਨ, ਫੁਲਾਉ.

centripetalLY, *adv.* : ਨਾਭ-ਗਾਮਤਾ ਨਾਲ, ਕੇਂਦਰ ਵੱਲ ਝੁਕਦਿਆਂ.

centroid, *n.* : ਭਾਰ ਨਾਭ.

centuple, *a., n., & v. t.* : ਸੌ-ਗੁਣਾ; ਸੌ-ਗੁਣਾ ਕਰਨਾ, ਸੌ ਨਾਲ ਗੁਣਨਾ, ਸੌ ਨਾਲ ਗੁਣਾ ਹੋਈ.

centuplicate, *a., n., & v. t.* : ਸੌ-ਗੁਣੀ; ਸੌਵੀਂ ਨਕਲ, ਜਿਸ ਚੀਜ਼ ਦੀਆਂ ਸੌ ਨਕਲਾਂ ਕੀਤੀਆਂ ਜਾਣ; ਸੌ ਨਕਲਾਂ ਲੈਣੀਆਂ ਜਾਂ ਕਰਨੀਆਂ.

centurion, *n.* : ਸੌਵੀ-ਸੈਨਕ, ਪੁਰਾਣੀ ਰੋਮ ਵਿਚ 100 ਸਿਪਾਹੀਆਂ ਦਾ ਕਪਤਾਨ.

century, *n.* : (ਪੁਰਾਣੀ ਇਤਿਹਾਸ) ਸੌਵੀਂ ਪਲਟਣ, ਸੈਂਕੜਾ, ਸੌ ਚੀਜ਼ਾਂ ਦਾ ਸਮੂਹ; ਸੈਂਕੜਾ, ਸੌ ਰਨ (ਜਿਵੇਂ ਕ੍ਰਿਕਟ ਵਿਚ ਬਣਾਏ ਜਾਣ); ਸਦੀ, ਸੌ ਵਰ੍ਹੇ ਦਾ ਸਮਾਂ.

cephalic, *a.* : ਸਿਰ ਦਾ, ਸਿਰ ਸੰਬੰਧੀ.

-cephalic = -cephalous.

cephalopod, *n.* : ਸਿਰ-ਪੈਰਾ, ਸਿੱਪੀ, ਘੋਗੇ ਆਦਿ ਵਰਗਾ ਜੀਵ ਜਿਸ ਦਾ ਸਿਰ ਸਾਫ਼ ਨਜ਼ਰ ਆਉਂਦਾ ਹੈ.

cephalothorax, *n.* : ਸਿਰ-ਸੀਨਾ, ਸਿਰ ਨਾਲ ਮਿਲੀ ਹੋਈ ਛਾਤੀ (ਜਿਵੇਂ ਕਰਿਲੇ ਆਦਿ ਵਿਚ ਹੁੰਦੀ ਹੈ).

-cephalous = headed,-ਸਿਰਾ; ਜਿਵੇਂ brachycephalous, ਛੋਟ-ਸਿਰਾ, ਛੋਟੇ ਸਿਰ ਵਾਲਾ.

ceramic, *n., a.* : ਘੁਮਿਆਰੀ ਦਾ, ਕੌਲ-ਕਲਾ ਸੰਬੰਧੀ, ਮਿੱਟੀ ਦੇ ਭਾਂਡੇ ਬਣਾਉਣ ਸੰਬੰਧੀ.

ceramICS, *n.* : ਘੁਮਿਆਰੀ, ਕੌਲ ਕਲਾ.

ceramIST, *n.* : ਘੁਮਿਆਰੀ ਦਾ ਮਾਹਿਰ.

cerated, *a.* : ਮੋਮੀ.

cerastium, *n.* : ਇਕ ਕਿਸਮ ਦੀ ਬੂਟੀ.

Cerberus, *n.* : (ਮਿਥਿਹਾਸ) ਤਿੰਨ-ਸਿਰਾ ਕੁੱਤਾ, ਜੋ ਨਰਕਾਂ ਦਾ ਦਰਵਾਨ ਗਿਣਿਆ ਜਾਂਦਾ ਹੈ, ਨਰਕਾਂ ਦਾ ਕੁੱਤਾ.

sop to C. : ਕਿਸੇ ਅਫ਼ਸਰ ਜਾਂ ਦਰਬਾਨ ਤੋਂ ਕੰਮ ਕਰਾਉਣ ਲਈ ਦਿੱਤੀ ਕੋਈ ਚੀਜ਼, ਵੱਢੀ.

cere, *n.* : ਮੋਮ-ਝਿੱਲੀ, ਕਈਆਂ ਪੰਛੀਆਂ ਦੀ ਚੁੰਝ ਦੇ ਮੁੱਢ ਉਤੇ ਨਰਮ ਚਮੜੀ ਝਿੱਲੀ.

cereal, *a. & n.* : ਅੰਨ ਦਾ, ਖੇਤ ਦੇ ਦਾਣਿਆਂ ਵਿਚੋਂ ਅੰਨ, ਅਨਾਜ, ਦਾਣਾ-ਦੁੱਕਾ; ਦਲੀਏ ਦਾ ਖਾਣਾ.

cerebellum [L.], *n.* : ਮਗਜ਼ੜੀ, ਦਿਮਾਗ਼ ਦਾ ਪਿਛਲਾ ਹਿੱਸਾ.

cerebral, *a.* : ਦਿਮਾਗ਼ੀ, ਦਿਮਾਗ਼ ਦਾ; ਮੂਰਧਨੀ.

c. letter : ਮੂਰਧਨੀ ਅੱਖਰ, ਉਹ ਅੱਖਰ ਜੋ ਜੀਭ ਦੀ ਨੋਕ ਤਾਲੂ ਨਾਲ ਲਾ ਕੇ ਬੋਲਿਆ ਜਾਏ.

cerebration, *n.* : ਚਿੰਤਨ, ਦਿਮਾਗ਼ ਦਾ ਕੰਮ, ਖ਼ਾਸ ਤੌਰ ਤੇ unconscious c. ਉਹ ਸੋਚ ਜੋ ਬਿਨਾਂ ਸੋਚੇ ਹੋਵੇ.

cerebrum [L.], *n.* : ਦਿਮਾਗ਼, ਮਗਜ਼.

cerebro-, ਅਗੇਤਰ ਜੋ ਇਹੋ ਅਰਥ ਸਮਾਸਾਂ ਵਿਚ ਦਿੰਦਾ ਹੈ ਜਿਵੇਂ cerebro-spinal system, ਮਗਜ਼ੀ-ਰੀੜ੍ਹੀ ਪ੍ਰਬੰਧ.

cerecloth, *n.* : ਮੋਮਜਾਮਾ, ਖ਼ਾਸ ਕਰਕੇ ਮੁਰਦਿਆਂ ਲਈ.

cerement, *n.* : (ਆਮ ਤੌਰ ਤੇ *pl.*) : ਮੋਮਜਾਮਾ, ਮੋਮੀ ਕਪੜਾ; ਮੋਮੀ ਕਫ਼ਨ, ਕਫ਼ਨ.

ceremonial, *a. & n.* : ਰਸਮੀ, ਰੀਤ ਅਨੁਸਾਰ, ਸ਼ਿਸ਼ਟਾਚਾਰ-ਪੂਰਬਕ, ਵਿਧੀ-

ਪ੍ਰਦਰਸ਼ਨ; ਰਸਮ ਜਾਂ ਰੀਤ ਦਾ, ਰਸਮ ਸੰਬੰਧੀ; ਰੀਤ, ਰਸਮ, ਵਿਧੀ, ਦਸਤੂਰ, ਬਾਣਾ, ਵੇਸ.

ceremonialism, *n.* : ਵਿਖਾਵਾ, ਤਕੱਲਫ਼ਦਾਰੀ, ਰਸਮਦਾਰੀ.

ceremonialist, *n.* : ਰਸਮ-ਪ੍ਰਸਤ.

ceremonially, *adv.* : ਰਸਮੀ ਤੌਰ ਤੇ, ਰੀਤੀ ਅਨੁਸਾਰ, ਵਿਖਾਵੇ ਨਾਲ.

ceremonious, *a.* : ਰਸਮਾਂ ਦਾ ਪਾਬੰਦ, ਰਸਮ-ਪ੍ਰਸਤ, ਰੀਤ-ਪਿਆਰਾ, ਰਸਮੀ.

ceremoniously, *adv.* : ਰਸ-ਰੀਤ ਨਾਲ, ਰੀਤ ਅਨੁਸਾਰ, ਰਸਮੀ ਤੌਰ ਤੇ.

ceremoniousness, *n.* : ਮੂੰਹ-ਰਖਣੀ, ਤਕੱਲਫ਼ਬਾਜ਼ੀ, ਉਚੇਚ.

ceremony, *n.* : ਸੰਸਕਾਰ, ਰਸਮ-ਰੀਤ, ਧਾਰਮਕ ਰੀਤ, ਅਨੁਸ਼ਠਾਨ, ਰੀਤ, ਰਸਮ; ਦਸਤੂਰ-ਅਦਾਇਗੀ, ਕਾਜ, ਵਿਆਹ-ਵਿਹਾਰ; ਤਕੱਲਫ਼ਦਾਰੀ, ਵਿਖਾਵਾ, ਠਾਠ-ਬਾਠ, ਮੂੰਹ-ਰਖਣੀ, ਪੱਚਲ, ਉਚੇਚ; ਰਸਮ-ਪ੍ਰਸਤੀ, ਰੀਤ-ਪੂਜਾ.

stand upon c. : ਉਚੇਚ ਕਰਨਾ, ਖ਼ਸ਼ੂ ਦੇ ਸ ਵਰਤਣਾ, ਤਕੱਲਫ਼ ਵਿਖਾਵਾ ਕਰਨਾ.

without c. : ਬਿਨਾਂ-ਉਚੇਚ, ਸਧਾਰਨ ਹੀ, ਬਿਨਾਂ ਕਿਸੇ ਰਸਮ, ਵਿਖਾਵੇ ਆਦਿ ਦੇ.

ceriph, serif, *n.* : (ਛਪਾਈ ਵਿਚ) ਅੱਖਰ ਦੀ ਨੋਕ, ਟਰੋਲਾ.

cerise, *a.* & *n.* : ਮੱਧਮ ਲਾਲ ਰੰਗ ਦਾ, ਗੁਲਾਬੀ; ਮੱਧਮ ਲਾਲ ਰੰਗ.

cerium, *n.* : ਸੀਰੀਅਮ, ਇਕ ਧਾਤ.

ceric, cerous, *a.* : ਸੀਰੀਅਮੀ.

cero- : ਅਗੇਤਰ, ਜਿਸ ਦਾ ਅਰਥ ਹੈ ਮੋਮ.

ceroplastic, *a.* : ਮੋਮ ਵਿਚ ਢਲਿਆ ਹੋਇਆ, ਮੋਮੀ.

certain, *a.* : ਪੱਕਾ, ਯਕੀਨੀ, ਨਿਸ਼ਚਿਤ, ਅਟੱਲ; ਨਿਰਭਰ ਯੋਗ, ਅਚੂਕ; ਭਰੋਸੇ ਜੋਗ; ਕੋਈ, ਕੁਝ.

for c. : ਯਕੀਨੀ ਤੌਰ ਤੇ, ਅਵੱਸ਼, ਜ਼ਰੂਰ ਹੀ.

felt a c. reluctance : ਕੁਝ ਝਿਜਕਿਆ.

a c. John Smith : ਕੋਈ ਜਿਸ ਨਾਂ ਦਾ.

certainly, *adv.* : ਯਕੀਨੀ ਤੌਰ ਤੇ, ਜ਼ਰੂਰ, ਬੇਸ਼ੱਕ, ਨਿਸ਼ਚੇ ਹੀ, (ਜਵਾਬ ਦਿੰਦਿਆਂ) ਜ਼ਰੂਰ, ਕਿਉਂ ਨਹੀਂ, ਹਾਂ ਜੀ.

certainty, *n.* : ਨਿਸ਼ਚਾ, ਯਕੀਨ, ਭਰੋਸਾ; ਯਕੀਨੀ ਗੱਲ, ਅਸਲੀਅਤ;

to, for, a c. : ਨਿਰਸੰਦੇਹ.

certificate, *n.* & *v. t.* : ਸਰਟੀਫ਼ਿਕੇਟ, ਸਨਦ, ਪ੍ਰਮਾਣ-ਪੱਤਰ, ਤਸਦੀਕ-ਨਾਮਾ, ਨੇਕਨਾਮੀ ਦੀ ਚਿੱਠੀ, ਪਰਵਾਨਾ-ਪੱਤਰ; ਇਜਾਜ਼ਤਨਾਮਾ; ਸਨਦ ਦੇਣੀ, ਤਸਦੀਕ ਕਰਨੀ.

bankrupt's c. : ਦਿਵਾਲੀਏ ਦਾ ਪ੍ਰਮਾਣ-ਪੱਤਰ.

certification, *n.* : ਤਸਦੀਕ.

certify, *v. t.* : ਗਵਾਹੀ ਭਰਨੀ, ਸਾਖ ਭਰਨੀ; ਤਸਦੀਕ ਕਰਨੀ, ਸਰਟੀਫ਼ਿਕੇਟ ਜਾਰੀ ਕਰਨਾ, ਡਾਕਟਰੀ ਸਰਟੀਫ਼ਿਕੇਟ ਦੇਣਾ (ਜਿਵੇਂ ਸਾਫ਼ ਲਿਖ ਦੇਣਾ ਕਿ ਬੀਮਾਰ ਜਾਂ ਪਾਗਲ ਹੈ); ਯਕੀਨ ਕਰਾਉਣਾ, ਯਕੀਨੀ ਤੌਰ ਤੇ ਪਤਾ ਦੇਣਾ.

certifiable : ਤਸਦੀਕ-ਯੋਗ.

certifier, *n.* : ਤਸਦੀਕ ਕਰਨ ਵਾਲਾ, ਤਸਦੀਕੀਆ.

certiorari [L.], *n.* : ਅਦਾਲਤੀ ਮਿਸਲ-ਮੰਗਾਈ, ਉੱਤਮੇਸ਼ਣ ਆਗਿਆ, ਕਿਸੇ ਕਚਹਿਰੀ ਵਿਚ ਚੱਲੇ ਮੁਕੱਦਮੇ ਦੇ ਕਾਗ਼ਜ਼ਾਤ ਲਈ ਵੱਡੀ ਕਚਹਿਰੀ ਦਾ ਹੁਕਮ.

certitude, *n.* : ਯਕੀਨ, ਪਰਤੀਤ, ਦ੍ਰਿੜ੍ਹ ਵਿਸ਼ਵਾਸ, ਪੱਕਾ ਭਰੋਸਾ, ਭਰੋਸਾ, ਅਕੀਦਾ.

cerulean, *a.* : ਗੂੜ੍ਹਾ ਅਸਮਾਨੀ (ਰੰਗ ਦਾ), ਗੂੜ੍ਹਾ ਨੀਲਾ, ਲਾਜਵਰਦੀ.

cerumen, *n.* : ਕੰਨਾਂ ਦੀ ਮੈਲ.

ceruminous : ਕੰਨ-ਮੈਲ ਦਾ, ਸੰਬੰਧੀ.

ceruse, *n.* : ਸਫ਼ੈਦਾ (ਮੂੰਹ ਤੇ ਮੱਲਣ ਵਾਲਾ).

cervical, servical, *a.* : ਧੌਣ ਦਾ, ਗਰਦਨ ਦਾ ਜਾਂ ਸੰਬੰਧੀ.

cervine, *a.* : ਹਿਰਨ ਦਾ, ਹਿਰਨ ਵਰਗਾ, ਹਿਰਨ ਸੰਬੰਧੀ.

cess, *n.* : ਸਥਾਨਕ ਟੈਕਸ, ਮਾਮਲਾ-ਕਰ, ਚੁੰਘੀ-ਕਰ, ਮਹਿਸੂਲ (ਹੁਣ ਇੰਗਲੈਂਡ ਵਿਚ ਇਸ ਦੀ ਥਾਂ rate ਵਰਤਦੇ ਹਨ, ਪਰ ਆਇਰਲੈਂਡ, ਸਕਾਟਲੈਂਡ ਤੇ ਹਿੰਦ ਵਿਚ ਅਜੇ ਤਕ ਇਹੋ ਵਰਤੀਂਦਾ ਹੈ).

road-c. : ਸੜਕਾਨਾ.

water-c. : ਆਬਿਆਨਾ.

cessation, *n.* : ਬੰਦੀ, ਸਮਾਂ-ਭੰਗ, ਅੰਤ, ਰੋਕ, ਰੁਕਾਉ; ਠੱਪ, ਅਟਕਾਉ.

c. of hostilities : ਲੜਾਈ ਦਾ ਮੁਕਾਉ, ਜੰਗ ਦਾ ਬੰਦ ਹੋਣਾ.

cesser, *n.* : (ਕਾਨੂੰਨ) ਮੁਕਾਉ, ਮੁਕ-ਮੁਕਾ, ਖ਼ਾਤਮਾ, ਅੰਤ.

cession, *n.* : ਸੌਂਪ, ਦੇ ਦੇਣਾ, ਸੌਂਪਣੀ (ਮਾਲਕੀ ਅਧਿਕਾਰਾਂ ਦੀ); ਦਾਨ-ਸਮਰਪਣ.

cessionary, *n.* : ਸਪੁਰਦਾਰ; ਵੇਖੋ assign².

cesspit, *n.* : ਕੂੜੇ ਦਾ ਟੋਆ.

cesspool, *n.* : ਚਲ੍ਹਾ, ਚੁਬੱਚਾ, ਗੰਦੀ ਦੀ ਮੋਰੀ.

cestoid, *a.* & *n.* : ਲਮਕਾਰ, ਕੇਂਚੂਆ (ਫ਼ੀਤੇ ਜਿਹਾ ਪੇਟ ਵਰਗਾ ਕੀੜਾ).

cetacean, *a.* & *n.* : ਸਮੁੰਦਰੀ ਮੱਛੀਆਂ ਦੀ ਇਕ ਕਿਸਮ, ਜਿਸ ਵਿਚ ਵੇਲ੍ਹ ਵੀ ਸ਼ਾਮਲ ਹੈ.

cetaceous, *a.* : ਸਮੁੰਦਰੀ ਮੱਛੀਆਂ ਦੀ ਕਿਸਮ ਦਾ.

ceterach, *n.* : ਸੈਤਰਕ, ਇਕ ਕਿਸਮ ਦੀ ਬੂਟੀ.

ceteris paribus [L.], *adv.* : ਜੇ ਹੋਰ ਗੱਲਾਂ ਇਕੋ ਜਿਹੀਆਂ ਹੋਣ.

Ceylon, *n.* : ਲੰਕਾ, ਸਿੰਹਲਦੀਪ.

Ceylonese, *n.* : ਲੰਕਾ ਵਾਸੀ.

Chablis, *n.* : ਸ਼ਾਬਲੀ, ਫ਼ਰਾਂਸ ਦੀ ਚਿੱਟੀ ਸ਼ਰਾਬ.

Chadband, *n.* : ਪਖੰਡੀ (ਡਿਕਨਸ ਦੇ ਇਕ ਨਾਵਲ ਦੇ ਪਾਤਰ ਦੇ ਨਾਂ ਤੇ).

chafe, *v. t.* & *i.* & *n.* : ਮਲਣਾ; (ਮਲਣ ਨਾਲ) ਨਿੱਘਾ ਕਰਨਾ, ਛਿੱਲ ਜਾਣਾ, ਰਗੜ ਲਗਾ ਦੇਣਾ; ਉੱਬਲਣਾ, ਕਲਪਣਾ, ਘਬਰਾਉਣਾ, ਤੜਫਾਉਣਾ, ਤੰਗ ਪਰੇਸ਼ਾਨ ਹੋਣਾ, ਗੁੱਸੇ ਕਰਨਾ, ਚਿੜ੍ਹਾਉਣਾ, ਚਿੜ੍ਹਨਾ; ਰਗੜ ਪੈਣ ਨਾਲ ਪਏ, ਵਿਸ਼ ਘਸਰੋਂ ਪਏ ਜ਼ਖ਼ਮ, ਝਰੀਟ; ਗੁੱਸਾ, ਖਿਝ.

chafer, *n.* : ਭੂੰਡ, ਭੌਰੇ ਆਦਿ ਦੀਆਂ ਕਿਸਮਾਂ.

chaff, *n.* : ਤੂੜੀ, ਫੋਗ, ਫੂਕ, ਫੋਕਟ, ਥੋਥ, ਛਿਲਕਾ, ਸੂਹੜੀ, ਤੂੰਬੀ; ਕਟਿਆ ਹੋਇਆ ਘਾਹ ਜਾਂ ਕੜ੍ਹਬ; ਮਖੌਲ; ਠੱਠਾ-ਮਜ਼ਾਕ; ਨਿਕੰਮੀ ਚੀਜ਼; ਠੱਠਾ ਕਰਨਾ, ਮਖੌਲ ਕਰਨਾ, ਛੇੜਨਾ, ਮੌਜੂ ਬਣਾਉਣਾ.

c.-cutter : ਟੋਕਾ, ਕੁਤਰ-ਮਸ਼ੀਨ.

caught with c. : ਛੇਤੀ ਫਸਣ ਵਾਲਾ, ਅੱਖਾਂ ਦੀ ਝੱਗੀ ਵਿੱਚ ਆ ਜਾਣ ਵਾਲਾ.

chaffy, *a.* : ਤੂੜੀ ਭਰਿਆ, ਫੋਕ ਵਾਲਾ.

chaffer, *n.* & *v. i.* & *t.* : ਝਗੜਨਾ, ਭਾਅ ਤੇ ਮੁੱਲ ਚੁਕਾਉਣਾ, ਸੌਦਾ ਕਰ ਕੇ ਮੁੱਲ ਲੈਣਾ.

chafferer, *n.* : ਸੂਮੜ, ਝਗੜਨ ਵਾਲਾ, ਸੌਦਾ ਕਰਦੇ ਮੁੱਲ ਨਿਬੇੜਨ ਵਾਲਾ.

chaffinch, *n.* : ਚਹਚਹ, ਇਕ ਕਿਸਮ ਦੀ ਚਿੜੀ.

chagrin, *n.* & *v. t.* : ਖਿਝ, ਝੁੰਜਲ, ਕਚੀਚ; ਖਿਝਾਉਣਾ, ਗੁੱਸੇ ਕਰਨਾ, ਨਮੋਸ਼ੀ ਚੜ੍ਹਾਉਣੀ.

chain, *n.* & *v. t.* : ਸੰਗਲ, ਜ਼ੰਜੀਰ, ਸੰਗਲੀ, ਤੌੜਾ, ਬੇੜੀ; ਘੜੀ ਦਾ ਜ਼ੰਜੀਰ, ਚੇਨ, ਸੋਨੇ ਚਾਂਦੀ ਦੀ ਜ਼ੰਜੀਰੀ, ਸੰਗਲੀ, ਲੜੀ, ਕਤਾਰ, ਸਿਲਸਿਲਾ, ਸਰੰਗ; ਜਰੀਬ, ੬੬ ਫ਼ੁਟ ਦਾ ਮਾਪ; ਬੇੜੀ, ਬੰਧਨ; ਬੇੜੀ ਜਾਂ ਜ਼ੰਜੀਰ ਨਾਲ ਬੰਨ੍ਹਣਾ, ਜਕੜਨਾ ਜਾਂ ਹਥਕੜੀ ਲਾਉਣੀ; ਬੰਧਨ ਪਾਉਣੇ, ਬੇੜੀ ਲਾਉਣੀ.

c. armour, -mail : ਜ਼ਿਰਹ.

c.-bridge : ਸੰਗਲਾ ਪੁਲ, ਸੰਗਲਾਂ ਦਾ ਪੁਲ.

c.-coupling : ਸੰਗਲ-ਜੋੜ ਕਰਨਾ.

c.-gang : ਸੰਗਲ-ਬੰਦ ਕੈਦੀ.

c.-letter : ਚੇਨ-ਚਿੱਠੀ.

c.-smoker : ਚੇਨ ਧੂੰ-ਪਾਨ.

c.-stitch : ਡੰਡਾ, ਜ਼ੰਜੀਰੀ ਤੋਪਾ, ਕੜੀ ਦੀ ਸਿਲਾਈ.

c.-wheel : ਸੰਗਲ-ਪਹੀਆ, ਉਹ ਪਹੀਆ ਜੋ ਜ਼ੰਜੀਰ ਨਾਲ ਚੱਲੇ.

c.-moulding : ਜ਼ੰਜੀਰ ਬਣਾਉਣਾ (ਉਸਾਰੀ ਵਿਚ).

c.-rule : ਪੈਮਾਇਸ਼ ਵਿਚ ਜ਼ੰਜੀਰੀ ਕਾਇਦਾ.

chainless, a. : ਨਿਰਬੰਧਨ, ਅਜ਼ਾਦ.

chair, n. & v. t. : ਕੁਰਸੀ; ਪ੍ਰੋਫ਼ੈਸਰ ਦੀ ਪਦਵੀ, ਪ੍ਰੋਫ਼ੈਸਰੀ; ਪ੍ਰਧਾਨਗੀ ਦੀ ਕੁਰਸੀ, ਪ੍ਰਧਾਨਗੀ; ਸਭਾ-ਪਤੀ, ਪ੍ਰਧਾਨ; (ਇਤਿਹਾਸ) ਪਾਲਕੀ, ਡੋਲੀ, ਪੀਨਸ; ਗੱਡੀ; ਲੋਹੇ ਦੀ ਗੱਦੀ ਜਾਂ ਸੰਨ੍ਹ (ਰੇਲ ਦੀ ਪਟੜੀ ਦੇ ਸਿਰ ਰੱਖਣ ਲਈ); ਪ੍ਰਧਾਨਗੀ ਦੀ ਕੁਰਸੀ ਉੱਤੇ ਬਿਠਾਉਣਾ; ਗੱਦੀ ਤੇ ਬਿਠਾਉਣਾ; ਜੇਤੂ ਨੂੰ ਜਲੂਸ ਵਿਚ ਜਿੱਤ ਮਗਰੋਂ ਕੁਰਸੀ ਤੇ ਬਿਠਾ ਕੇ ਮੋਢਿਆਂ ਤੇ ਚੁੱਕ ਲੈਣਾ.

take the c. : ਪ੍ਰਧਾਨ ਬਣਨਾ; ਪ੍ਰਧਾਨਗੀ ਸ਼ੁਰੂ ਕਰਨੀ.

leave the c. : ਪ੍ਰਧਾਨਗੀ ਦੀ ਕੁਰਸੀ ਛੱਡ ਦੇਣੀ, ਸਭਾ ਮੁਕਾਉਣੀ.

take a c. : ਬੈਠ ਜੀ; ਕਿਰਪਾ ਕਰਕੇ ਬੈਠੋ ਜੀ; ਪ੍ਰਧਾਨਗੀ ਕਰਨੀ.

chairman : ਸਭਾ-ਪਤੀ, ਪ੍ਰਧਾਨ.

address, appeal to the c. : ਪ੍ਰਧਾਨ ਨੂੰ ਸੰਬੋਧਨ ਕਰਨਾ, ਪ੍ਰਧਾਨ ਅੱਗੇ ਬੇਨਤੀ ਕਰਨੀ.

chair ! chair ! : ਨਿਯਮ ਤੋੜਨ ਵਿਰੁਧ ਵਿਰੋਧ ਦਾ ਨਾਅਰਾ.

arm-c. : ਬਾਹਾਂ ਵਾਲੀ ਕੁਰਸੀ.

deck-c. : ਜਹਾਜ਼ ਦੀ ਕੁਰਸੀ.

easy c. : ਆਰਾਮ ਕੁਰਸੀ.

electric c. : ਬਿਜਲੀ ਦੀ ਪੀੜ੍ਹੀ.

chairman, n. (pl. -men, fem. chairwoman, -women) : ਚੇਅਰ-ਮੈਨ, ਸਭਾ-ਪਤੀ, ਪ੍ਰਧਾਨ; ਸਰਪੰਚ, ਮੁਖੀ, ਡੋਲੀ ਵਾਲਾ.

chairmanship, n. : ਪ੍ਰਧਾਨਗੀ.

chaise, n. : ਦੋ-ਪਹੀਆ ਬੱਘੀ ਗੱਡੀ, ਬੱਘੀ.

post-c. : (ਇਤਿਹਾਸ) ਡਾਕ-ਗੱਡੀ, ਸਫ਼ਰੀ ਗੱਡੀ.

chalcedony, cal-, n. : ਬਲੌਰ ਵਰਗਾ ਇਕ ਕੀਮਤੀ ਪੱਥਰ ਜਿਸ ਤੋਂ ਕਈ ਕਿਸਮਾਂ ਹੁੰਦੀਆਂ ਹਨ.

chalcography, n. : ਤਾਂਬਾ-ਉਕਰਾਈ, ਤਾਂਬੇ ਉੱਤੇ ਉੱਕਰਨ ਦਾ ਹੁਨਰ.

chalcopyrite, n. : ਤਾਂਬੇ ਦੀ ਕੱਚੀ ਧਾਤ, ਕੱਚੇ ਤਾਂਬੇ ਦੀ ਡਲੀ, ਤਾਂਬਾ, ਤਾਮ੍ਰਮਾਖੀ.

Chaldean, Chaldee, a. & n. : ਕਲਦੀ; ਕਲਦੀ ਦਾ, ਕਲਦੀ ਦਾ ਵਸਨੀਕ; ਜੋਤਸ਼ੀ, ਜਾਦੂਗਰ.

chaldron, n. : ਕੋਲੇ ਦੀ ਇਕ ਮਿਣਤੀ, 36 ਬੁਸ਼ਲ.

chalet, n. : (ਫ਼੍ਰੈਂ.) : ਕੁਟੀ, ਝੌਂਪੜੀ; ਲੱਕੜ ਦਾ ਘਰ, ਸਵਿਟਜ਼ਰਲੈਂਡ ਵਰਗਾ ਘਰ.

chalice, n. : ਪਿਆਲਾ, ਪ੍ਰਸ਼ਾਦ ਦਾ ਪਿਆਲਾ, ਕਟੋਰਾ; ਫੁੱਲ-ਕਟੋਰੀ.

chaliced, a. : ਕਟੋਰੇਦਾਰ.

chalk[1], n. : ਚਾਕ, ਖੜੀਆ ਮਿੱਟੀ, ਚੂਨੇ-ਪੱਥਰ ਦੀ ਚਿੱਟੀ ਮਿੱਟੀ, ਖੜੀਆ ਮਿੱਟੀ; ਲਿਖਣ ਲਈ ਇਸ ਤੋਂ ਬਣਾਈਆਂ ਹੋਈਆਂ ਚਾਕੀਆਂ ਜਿਨ੍ਹਾਂ ਨਾਲ ਕੰਮ ਆਉਂਦੀਆਂ ਹਨ.

as like as c. & cheese : ਉੱਤੇ ਤੋਂ ਇਕੋ ਜਿਹਾ ਅੰਦਰੋਂ ਵੱਖ; ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ.

by (a) long chalk(s) : ਜ਼ਿਆਦਾ ਹੀ ਵੱਧ, ਬਹੁਤ ਦੂਰ ਤਕ (ਚਾਕ ਦੇ ਨਿਸ਼ਾਨ ਵਿਚ).

c.-bed : ਚਾਕ ਦੀ ਤਹਿ ਜਾਂ ਪਰਤ, ਚਾਕ ਦਾ ਤਲਾਅ.

c.-pit : ਚਾਕ ਦੀ ਖਾਣ ਜਾਂ ਖਦਾਨੀ.

c.-stone : ਜੋੜਾਂ ਵਿਚ ਚਾਕ ਵਰਗਾ ਮਾਦਾ ਜੋ ਗਠੀਏ ਤੇ ਜੋੜਾਂ ਤੇ ਪੈਰਾਂ ਵਿੱਚ ਇਕੱਠਾ ਹੋ ਜਾਂਦਾ ਹੈ.

chalk[2], v. t. : ਖੜੀਆ ਮਲਣੀ, ਚਾਕ ਨਾਲ ਲਿਖਣਾ, ਨਿਸ਼ਾਨ ਲਾਉਣਾ ਜਾਂ ਲਿਖਣਾ.

c. out (for oneself) : ਖ਼ਾਕਾ ਖਿੱਚਣਾ, ਤਜਵੀਜ਼ ਕਰਨੀ, ਉਲੀਕਣਾ, ਰੀਲ-ਬਣਾਉਣੀ, ਨਕਸ਼ਾ ਬਣਾਉਣਾ, ਸਲਾਹ ਕਰਨੀ.

chalky, a. : ਚਾਕ-ਭਰਿਆ, ਖੜੀਆਦਾਰ, ਚਾਕ ਵਰਗਾ ਚਿੱਟਾ, ਚੂਨਾ-ਪਥਰੀਲਾ.

chalkiness, n. : ਖੜੀਆਦਾਰੀਪੁਣਾ, ਚਿੱਟਿਆਈ.

challenge, n. : ਚੈਲੰਜ, ਲਲਕਾਰ, ਲਲਕਾਰਾ, ਵੰਗਾਰ, (ਕਾਨੂੰਨ) ਇਤਰਾਜ਼, ਉਜ਼ਰ; ਬੁਲਾਵਾ, ਸੱਦਾ (ਮੁਕਾਬਲੇ, ਖੇਲ, ਜੰਗ, ਝਗੜੇ ਆਦਿ ਲਈ).

sentry's c. : ਸੰਤਰੀ ਦੀ ਲਲਕਾਰ, 'ਕੌਣ ਹੈ ?'

challenge, v. t. : (ਸੰਤਰੀ ਵਲੋਂ) ਲਲਕਾਰਨਾ, ਵੰਗਾਰਨਾ, ਉਜ਼ਰ ਉਠਾਉਣਾ, ਇਤਰਾਜ਼ ਕਰਨਾ, (ਮੁਕਾਬਲੇ, ਕੁਸ਼ਤੀ, ਜੰਗ ਤੇ ਖੇਡ ਆਦਿ ਲਈ) ਵੰਗਾਰਨਾ, ਟਕਰ ਲੈਣਾ, ਮਤਾ, ਸਿੱਧਾਂਤ ਆਦਿ ਦਾ ਸਬੂਤ ਮੰਗਣਾ, ਵੰਗਾਰ ਪਾਉਣੀ.

challengeable, a. : ਇਤਰਾਜ਼-ਯੋਗ, ਵੰਗਾਰ-ਯੋਗ.

challenger, n. : ਵੰਗਾਰ ਪਾਉਣ ਵਾਲਾ, ਲਲਕਾਰਨ ਵਾਲਾ ਜਾਂ ਮੁਕਾਬਲੇ ਦਾ ਸੱਦਾ ਦੇਣ ਵਾਲਾ, ਵੰਗਾਰੂ.

challis, n. : ਹਲਕਾ ਕਪੜਾ.

chalybeate, a. : ਲੋਹਾ-ਮਿਲ, ਲੋਹੇ-ਮਿਲਿਆ, ਲੋਹੇ ਵਾਲਾ (ਚਸ਼ਮੇ ਜਾਂ ਝਰਨੇ ਦਾ ਪਾਣੀ).

cham, n. : [ਖ਼ਾਨ ਸ਼ਬਦ ਤੋਂ ਵਿਗੜਿਆ] ਆਪਹੁਦਰਾ ਹਾਕਮ, ਨਿਰੰਕੁਸ਼ ਰਾਜ-ਧਾਰੀ, ਸ਼ਹਿਨਸ਼ਾਹ.

Great C. : ਸਾਹਿਤਿਕ ਨੇਤਾ, ਇਤਰਾਜ਼ ਪਸੰਦ ਆਲੋਚਕ, ਖ਼ਾਸ ਕਰਕੇ ਡਾਕਟਰ ਜਾਨਸਨ.

chamade [F.], n. : ਹਥਿਆਰ-ਸੁਟਾਈ, ਹਥਿਆਰ ਸੁੱਟਣ ਲਈ ਢੋਲ, ਨਗਾਰੇ ਜਾਂ ਬਿਗਲ ਦੀ ਆਵਾਜ਼ ਨਾਲ ਇਸ਼ਾਰਾ.

chamber, n. : ਕਮਰਾ, ਕਮਰਾ; (ਪਾਰਲੀਮਾਨੀ) ਸਭਾ (ਖ਼ਾਸ ਤੌਰ ਤੇ ਦੋਹਾਂ ਵਿਚੋਂ ਇਕ); (pl.) ਕਮਰਾ ਅਦਾਲਤ, ਜੱਜਾਂ ਦਾ ਕਮਰਾ, (ਵਕੀਲਾਂ ਦਾ) ਦਫ਼ਤਰ, ਦੀਵਾਨ; ਖ਼ਾਨਾ, ਖੋਲ.

c. (of a gun) : ਕੋਠੀ, ਬਰੂਦਦਾਨ.

seven-chambered revolver : ਸੱਤ-ਖ਼ਾਨਾ ਪਿਸਤੌਲ.

c.-concert : ਘਰੋਗੀ ਸੰਗੀਤ.

c.-council : ਗੁਪਤ ਸਲਾਹ-ਮਸ਼ਵਰਾ.

lower c. : ਹੇਠਲਾ ਸਦਨ.

upper c. : ਉਤਲਾ ਸਦਨ.

c.-maid : (ਹੋਟਲ ਦੀ) ਟਹਿਲਣ.

c. music : ਉਹ ਸੰਗੀਤ ਜੋ ਥੀਏਟਰ ਜਾਂ ਗਿਰਜੇ ਵਿਚ ਨਾ ਗਾਇਆ ਜਾਵੇ.

chamberless, a. : ਕਮਰਿਆਂ ਦਾ ਬਿਨਾ, ਕਮਰਾ-ਰਹਿਤ.

-chambered : -ਕੋਠੜੀਦਾਰ, -ਖ਼ਾਨਾ, ਜਿਵੇਂ seven-chambered revolver, ਸੱਤ-ਖ਼ਾਨਾ ਪਿਸਤੌਲ.

C. of Commerce : ਵਪਾਰ ਮੰਡਲ.

c.-pot : ਪਿਸ਼ਾਬ-ਦਾਨ, ਪਿਸ਼ਾਬ ਲਈ ਭਾਂਡਾ.

chamberlain, n. : ਸ਼ਾਹੀ ਮਹੱਲ ਦਾ ਪ੍ਰਬੰਧਕ, ਕਿਸੇ ਅਮੀਰ ਜਾਂ ਰਾਜੇ ਦੇ ਘਰੇਲੂ ਕੰਮਾਂ ਦਾ ਪ੍ਰਬੰਧ ਕਰਨ ਵਾਲਾ.

chamberlainship, n. : ਮਹੱਲਦਾਰ ਡਿਉਢੀ ਦਾ ਅਹੁਦਾ.

chameleon, n. : ਗਿਰਗਟ (ਜੋ ਰੰਗ ਬਦਲਣ ਲਈ ਮਸ਼ਹੂਰ ਹੈ); ਅਸਥਿਰ ਸੁਭਾ ਦਾ ਆਦਮੀ, ਬੇ-ਅਸੂਲਾ, ਉਚਾਕਾ-ਤਬੀਅਤ.

chameleonic, a., chameleon-like, a. & adv. : ਗਿਰਗਟ ਵਾਂਗ, ਨਿਤ-ਬਦਲਊ.

chamfer, v. t. & n. : ਚੋਲ ਬਣਾਉਣੀ (ਕਿਸੇ ਨੁੱਕਰ ਜਾਂ ਕੰਢੇ ਦੀ); ਖਾਂਚ ਪਾਉਣੀ, ਨਾਲੀ ਬਣਾਉਣੀ; ਗੁਲਾਈ, ਨਾਲ.

hollow or concave c. : (ਸ਼ਕਲੀ ਜਾਂ ਛੋਟੀ ਦੀ ਥਾਂ ਲੈਂਹੋਂ ਨਾਲ ਬਣਾਈ ਹੋਈ) ਡੂੰਘੀ ਜਾਂ ਉਭਰਵੀਂ ਕਲਾਕਾਰੀ.

chamois, *n.* : ਸਕਰੇ ਸਿੰਙਾਂ ਵਾਲਾ ਜੰਗਲੀ ਬੱਕਰਾ.

c. leather, shammy, shammy leather : ਸਾਬਰ ਦਾ ਚਮੜਾ (ਜੋ ਭੇਡ, ਬਕਰੇ ਜਾਂ ਹਰਨ ਦੀ ਖਲ ਤੋਂ ਬਣਦਾ ਹੈ), ਸਾਬਰੀ.

chamomile : ਵੇਖੋ camomile.

champ, *v. t. & i. & n.* : (ਚਪੜ ਚਪੜ ਕਰਕੇ) ਚੱਬਣਾ, ਚਾਬ.

champagne, *n.* : ਸ਼ੈਂਪੇਨ, ਫ਼ਰਾਂਸ ਦੀ ਇੱਕ ਚਿੱਟੀ ਸ਼ਰਾਬ.

champaign, *n.* : ਮਦਾਨ, ਖੁਲ੍ਹੀ ਪੱਧਰ, ਮਦਾਨੀ ਇਲਾਕਾ.

champerty, *n.* : ਸ਼ਾਮ-ਪਾਰਟੀ, ਹਿੱਸਾ ਤਕਾਵੀ ਰਕਮ, ਕਿਸੇ ਮੁਕੱਦਮੇਂ ਵਿੱਚ ਮੁਦਈ ਨੂੰ ਮਿਲਣ ਵਾਲੀ ਜਾਇਦਾਦ ਵਿੱਚੋਂ ਹਿੱਸਾ ਲੈਣਾ ਮਨ੍ਹਾ ਹੈ, ਉਸ ਦੀ ਮਦਦ ਕਰਨ ਦਾ ਦੋਸ਼.

champertous, *a.* : ਸ਼ਾਮ-ਪਾਰਟੀਆ.

champion, *n.* & *v. t.* : ਪੱਖੀ, ਹਾਮੀ, ਹਮਾਇਤੀ (ਉਹ ਮਨੁੱਖ ਜੋ ਕਿਸੇ ਹੋਰ ਬਦਲੇ ਜਾਂ ਕਿਸੇ ਵੱਡੇ ਮੰਤਵ ਬਦਲੇ ਲੜੇ ਜਾਂ ਝਗੜੇ); ਜੋਧਾ, ਪਹਿਲਵਾਨ, ਬਲੀ, ਸੂਰਮਾ, ਮੀਰੀ; (ਕਿ.) ਪੱਖ ਕਰਨਾ, ਪੱਖ ਪੂਰਨਾ, ਹਮਾਇਤ ਕਰਨੀ, ਹਾਮੀ ਭਰਨਾ, ਹਾਮੀ ਭਰਨੀ.

championLESS, *a.* : ਬੇਹਾਮੀ, ਨਿਧਰਿਆ, ਹਮਾਇਤੀ ਜਾਂ ਮੀਰੀ ਤੋਂ ਖ਼ਾਲੀ.

championSHIP, *n.* : ਪੱਖ-ਪੂਰਤੀ, ਪੱਖਦਾਰੀ, ਹਮਾਇਤ; ਮੀਰੀ.

champion, *a.* : ਵਧੀਆ, ਵੱਡੀ ਦਾ.

c. blunder : ਵੱਡੀ ਭੁੱਲ, ਭਾਰੀ ਗ਼ਲਤੀ.

c. boxer : ਵੱਡਾ ਮੁੱਕੇਬਾਜ਼.

c. turnip : ਵੱਡਾ ਸ਼ਲਗਮ.

c. idiot : ਮਹਾਂ ਮੂਰਖ.

champleve, *n.* & *a.* : ਮੀਨਾਕਾਰੀ ਜਾਂ ਮੀਨਾਕਾਰੀ, ਜਿਸ ਵਿੱਚ ਉੱਕਰੀ ਹੋਈ ਥਾਂ ਵਿੱਚ ਰੰਗ ਭਰੇ ਹਨ; ਮੀਨਾਕਾਰੀ ਦਾ.

chance, *n.* : ਮੌਕਾ, ਅਚਿੰਤਤ, ਅਵਸਰ, ਸਮਾਂ, ਸੰਭਾਵਨਾ; *a.* ਦੈਵੀ; ਸਬੱਬ, ਸੰਜੋਗ, ਦੈਵਯੋਗ, ਭਾਗ.

c. majority : ਥੋੜ੍ਹੀ ਬਹੁ-ਸੰਮਤੀ.

a c. meeting : ਸੰਜੋਗੀ ਮੇਲ, ਸੁਭਾਵਕ ਮੇਲ.

by c. : ਐਵੇਂ, ਸਹਿਜ-ਸੁਭਾ, ਅਚੇਤ ਹੀ, ਦੈਵ-ਸਬੱਬੀ, ਸਬੱਬ ਨਾਲ, ਕੁਦਰਤ ਨਾਲ, ਦੈਵਯੋਗ ਨਾਲ, ਸੰਜੋਗ ਨਾਲ.

c.-sown tree : ਆਪੇ ਉੱਗਿਆ ਬਿੱਛ.

stand a (good, fair) c. : ਚੰਗੀ ਆਸ ਹੋਣੀ, ਦਾਅ ਲਗਣੇ.

take one's chance : ਕਿਸਮਤ ਪਰਖਣੀ, ਭਾਗਾਂ ਤੇ ਛੱਡੀ ਸੁਰਤੀ, ਫਿਰ ਪਛੀ ਨੂੰ ਸਹਿਣਾ.

the main c. : ਅਮੀਰ ਬਣਨ ਦਾ ਮੌਕਾ.

the cc. are against it : ਆਸ ਕੋਈ ਨਹੀਂ.

chance, *v. t. & i.* : ਹੋਣਾ, ਹੋ ਜਾਣਾ, ਵਾਪਰਨਾ, ਹੋ ਢੁਕਣਾ.

c. one's arm : ਕੁਝ ਕਰ ਦੇਖਣ ਲਈ ਮੌਕਾ ਵੇਖਣਾ.

c. upon : ਮਿਲ ਪੈਣਾ, ਹੱਥ ਲਗਣਾ, ਦਾਅ ਲਗਣਾ.

chancel, *n.* : ਗਿਰਜੇ ਦਾ ਚੜ੍ਹਦਾ ਹਿੱਸਾ ਜੋ ਪਾਦਰੀ ਲਈ ਉੱਚਾ ਹੈ ਤੇ ਜਿਸ ਕੋ ਦੁਆਲੇ ਜੰਗਲਾ ਲੱਗਾ ਹੁੰਦਾ ਹੈ, ਪੁਜਾਰ-ਅਸਥਾਨ.

chancellery, -ory, *n.* : ਚਾਂਸਲਰ ਦਾ ਅਹੁਦਾ, ਅਮਲਾ, ਮਹਿਕਮਾ ਤੇ ਸਰਕਾਰੀ ਨਿਵਾਸ-ਅਸਥਾਨ; ਏਲਚੀ ਦਾ ਦਫ਼ਤਰ, ਸਫ਼ਾਰਤਖ਼ਾਨਾ.

chancellor, *n.* : ਚਾਂਸਲਰ, ਕੁਲਪਤੀ; ਯੂਨੀਵਰਸਿਟੀ ਜਾਂ ਵਿਸ਼ਵ-ਵਿਦਿਆਲੇ ਦਾ ਚਾਂਸਲਰ, ਮਹਾਂ-ਮੰਤਰੀ (ਕਈ ਦੇਸਾਂ ਵਿੱਚ).

Lord C. (C. of England, Lord High C.) : ਲਾਰਡ ਚਾਂਸਲਰ, ਸਭ ਤੋਂ ਵੱਡਾ ਜੱਜ ਜੋ ਹਾਊਸ ਔਫ ਲਾਰਡਜ਼ ਦੀ ਪਰਧਾਨਗੀ ਕਰਦਾ ਹੈ.

C. of Exchequer : ਵਜ਼ੀਰ-ਖ਼ਜ਼ਾਨਾ.

Vice-C. : ਵਾਈਸ ਚਾਂਸਲਰ, ਉਪ-ਕੁਲਪਤੀ.

C. of Bishop : ਲਾਟ ਪਾਦਰੀ ਦਾ ਕਨੂੰਨੀ ਸਲਾਹਕਾਰ.

ChancellorSHIP, *n.* : ਚਾਂਸਲਰੀ, ਚਾਂਸਲਰ ਦਾ ਅਹੁਦਾ.

chance-medley, *n.* : ਅਚੇਤ-ਅਪਰਾਧ, ਉਹ ਜੁਰਮ ਜੋ ਜਾਣ-ਬੁਝ ਕੇ ਨਾ ਕੀਤਾ ਜਾਵੇ; ਅਣਗਹਿਲੀ, ਘਚੋਲ.

chancery, *n.* : ਚਾਂਸਰੀ, ਲਾਰਡ ਚਾਂਸਲਰ ਦੀ ਅਦਾਲਤ; ਸਰਕਾਰੀ ਕਾਗ਼ਜ਼ਾਂ ਪੱਤਰਾਂ ਦਾ ਦਫ਼ਤਰ, ਮੁਹਾਫ਼ਜ਼ਖ਼ਾਨਾ.

in c. : (ਮੁੱਕੇਬਾਜ਼ੀ ਵਿੱਚ) ਸਿਰ ਦੂਜੇ ਖਿਡਾਰੀ ਦੀ ਕੱਛ ਵਿੱਚ ਫਸਿਆ ਹੋਣਾ.

chancre, *n.* : ਪਿਸ਼ਾਬ ਦੀ ਬੀਮਾਰੀ, ਜਿਸ ਤੋਂ ਉੱਤੇ ਫੋੜਾ, ਗਰਮੀ ਦਾ ਫੋੜਾ.

chancy, *a.* : ਅਨਿਸ਼ਚਿਤ, ਸ਼ੱਕੀ, ਜੋਖੋ ਭਰਿਆ, ਖ਼ਤਰੇ ਵਾਲਾ.

chandelier, *n.* : ਸ਼ੀਸ਼ੇ ਦਾ ਝਾੜ.

chandler, *n.* : ਮੋਮਬੱਤੀਆਂ (ਮੋਮ-ਬੱਤੀਆਂ, ਤੇਲ, ਸਾਬਣ, ਰੰਗ ਤੇ ਹੋਰ ਨਿੱਕੀਆਂ ਦਾ ਸੁਦਾਗਰ), ਪਰਚੂਨੀਆ.

corn-c. : ਅਨਾਜ ਦਾ ਵਪਾਰੀ.

ship-c. : ਜਹਾਜ਼ੀ ਚੀਜ਼ਾਂ (ਰੱਸੇ, ਬੰਬੂ ਆਦਿ) ਵੇਚਣ ਵਾਲਾ, ਜਹਾਜ਼ੀ ਹਟਵਾਣੀਆ.

chandlerY, *n.* : ਪਰਚੂਨੀ.

change, *n.* : ਵਟਾਉ, ਬਦਲੀ, ਤਬਦੀਲੀ; ਫ਼ਰਕ; ਉਲਟ-ਪੁਲਟ, ਵਟਾ-ਸਟਾ, ਵਟਾਂਦਰਾ, ਅਦਲਾ-ਬਦਲੀ; ਰੂਪਾਂਤਰ; (ਚੰਨ ਦਾ) ਵਧਾ-ਘਟਾ, ਵੱਡਾ ਸਿੱਕਾ ਤੋੜ ਕੇ ਮਿਲਣ ਵਾਲੇ ਛੋਟੇ ਪੈਸੇ, ਭਾਨ, ਭੰਨ-ਘੜ, ਖਿੱਲਰਾਂ.

Change : ਉਹ ਥਾਂ ਜਿੱਥੇ ਵਪਾਰੀ ਮਿਲਣ, ਸਰਾਫ਼ਾ.

c. of climate : ਹਵਾ-ਬਦਲੀ.

c. of clothes : ਚਾਨਣਾ ਜੋੜਾ, ਦੂਜੇ ਕਪੜੇ, ਵਾਧੂ ਜੋੜਾ.

c. of season : ਰੁੱਤ-ਬਦਲੀ.

take one's c., the c., out of : ਕਿਸੇ ਤੋਂ ਬਦਲਾ ਲੈਣਾ.

ring the cc. : ਟੱਲਾਂ ਉੱਤੇ ਤਰ੍ਹਾਂ ਤਰ੍ਹਾਂ ਦੀਆਂ ਸੁਰਾਂ ਵਜਾਉਣੀਆਂ, ਮੁੜ ਹੀਲੇ ਵਰਤਣੇ, ਆਪੋ ਆਪਣੇ ਵੇਖਣੇ.

for a c. : ਹਵਾ-ਬਦਲੀ ਲਈ.

changeFUL, *a.* : ਥਰ ਥਰ ਬਦਲਣ ਵਾਲਾ, ਥਿਰ ਤੇ ਇੱਕ ਭਾਅ ਹੋਣ ਵਾਲਾ.

changeLESS, *a.* : ਅਚੰਚਲ, ਨਾ ਬਦਲਣ ਵਾਲਾ, ਪੱਕਾ, ਇੱਕੋ, ਸਾਂਵੀ ਚਾਲ.

change, *v. t. & i.* : ਵਟਾਉਣਾ, ਬਦਲਾਉਣਾ, ਉਲਟਣਾ; ਅਦਲਾ-ਬਦਲੀ ਕਰਨੀ, ਵਟਾਂਦਰਾ ਕਰਨਾ, ਵੱਟਾ ਸੱਟਾ ਕਰਨਾ, ਉਲਟ-ਪੁਲਟ ਕਰਨੀ, ਉਥੱਲ-ਪੁਥੱਲ ਕਰਨਾ; ਵਟਣਾ, ਬਦਲਣਾ, ਬਦਲ ਜਾਣਾ; ਰੂਪ ਵਟਾਉਣਾ; ਇੱਕ ਰੇਲ ਤੋਂ ਦੂਜੀ ਰੇਲ ਜਾਣਾ, (ਕੁੜੀਆਂ ਸਮੇਤ ਜਾਂ ਹਾਥ ਉੱਤੇ) ਪਾਸਾ ਬਦਲਣਾ; ਲੈਣ ਦੇਣ ਕਰਨਾ, ਚੰਨ ਦਾ ਨਵੇਂ ਪੱਖ ਵਿੱਚ ਜਾਣਾ; ਕਪੜੇ ਬਦਲਣੇ, ਨਵਾਂ ਜੋੜਾ ਪਾਉਣਾ.

c. colour : ਰੰਗ ਫੱਕ ਹੋਣਾ, ਰੰਗ ਉਡਣਾ, ਸ਼ਰਮਾਉਣਾ.

c. one's condition : ਵਿਆਹ ਕਰ ਲੈਣਾ.

c. front : (ਫ਼ੌਜ ਵਿੱਚ) ਪਾਸਾ ਬਦਲਣਾ.

c. one's feet : (ਸਿ਼ਕ) ਜੁੱਤੀ ਬਦਲਣੀ.

c. one's note or tune : ਸੁਰ ਬਦਲਣੀ, ਮੀਜੇ ਨਾਲੋਂ ਨਰਮ ਹੋਣਾ.

c.-over : ਕਾਇਆਂ-ਪਲਟ, ਉਲਟ-ਪੁਲਟ, ਹੇਠਲੀ-ਉੱਤੇ.

c. step, foot, feet : (ਮਾਰਚ ਕਰਦਿਆਂ) ਕਦਮ ਬਦਲਣਾ.

changeable, *a.* : ਵਟਣਹਾਰ, ਬਦਲਣ ਵਾਲਾ, ਚੰਚਲ, ਅਸਥਿਰ.

changeabilITY, **changeable**NESS, *n.* : ਚੰਚਲਤਾਈ, ਅਸਥਿਰਤਾ, ਚੰਚਲਤਾਈ.

changeling, *n.* : ਵਟਾਂਦਰਾ, ਉਹ ਬੱਚਾ ਜੋ ਪਰੀਆਂ ਕਿਸੇ ਹੋਰ ਬੱਚੇ ਦੀ ਥਾਂ ਚੋਰੀ ਰਖ ਜਾਣ; ਚੋਰੀ ਬਦਲੀ ਚੀਜ਼.

channel[1], *n.* & *v. t.* : ਵਾਹ, ਦਰਿਆ, ਨਾਲਾ (ਜੁਗ਼ਰਾਫ਼) ਪਣ-ਜੋੜ (ਪਾਣੀ ਦੀ ਉਹ ਖਾੜੀ ਜੋ ਦੋ ਸਮੁੰਦਰਾਂ ਨੂੰ ਜੋੜੇ), ਖਾੜੀ, ਵੱਡੀ ਨਦੀ, ਵਹਿਣੀ, ਖਾਲ, ਖਾਲੀ, ਮੋਰੀ; ਪਾਣੀ ਦਾ ਰਸਤਾ, ਵਹਿਣ; ਪੈਂਡਾ, ਪਾਂਧ, ਸਾਧਨ, ਵਸੀਲਾ, ਰਾਹ, ਖਰਨਾਲੀ; ਨਾਲੀਆਂ, ਨਾਲੀ ਬਣਾਉਣੀ, ਨਾਲੀਆਂ ਬਣਾਉਣਾ, ਰਾਹੇ ਪਾਉਣਾ.

The C., English C. : ਖਾੜੀ ਇੰਗਲਿਸਤਾਨ.

channel[2], *n.* : ਜਹਾਜ਼ ਤੋਂ ਬਾਹਰ ਨਿਕਲਿਆ ਹੋਇਆ ਜੋ ਮਸਤੂਲਾਂ ਦੇ ਰੱਸਿਆਂ ਲਈ ਚਪੋਟ ਜੋੜੀ ਦਾ ਲੋਹ ਲਈ ਹੁੰਦਾ ਹੈ.

chant, *n.* & *v. t.* & *i.* : ਗੀਤ; ਭਜਨ; ਧੁਨ, ਗਾਉਣਾ, ਹੇਕ, ਗਾਉਣਾ, ਅਲਾਪਣਾ, ਉੱਚੀ ਸੁਰ ਵਿਚ ਬੋਲਣਾ, ਸੋਮ ਨਾਲ ਪੜ੍ਹਨਾ.

c. the praises of : ਸੋਹਿਲੇ ਗਾਉਣੇ.

c. horses : ਘੋੜੇ ਨਾਲ ਵੇਚਣਾ.

chantage [F], *n.* : ਅਟੇਰ, ਬਦੋਬ-ਵਿਟਾ, ਡਰ ਖੋਲ੍ਹਣ ਦੀ ਧਮਕੀ ਦੇ ਕੇ ਰੁਪਏ ਬਟੋਰਨ ਦਾ ਕੰਮ.

chanter, *n.* : ਗਾਉਣ ਵਾਲਾ, ਗਵੱਈਆ, ਗਾਇਕ; ਇਕ ਖਾਸ ਕਿਸਮ ਦੀ ਬੀਨ.

horse-chanter : ਘੋੜਿਆਂ ਦਾ ਧੋਖਾਬਾਜ਼ ਵਪਾਰੀ.

chanterelle, *n.* : ਖਿੰਭਨੀ, ਪੀਲੇ ਰੰਗ ਦੀ ਖੁੰਬ.

chanticleer, *n.* : ਪਾਲਤੂ ਕੁੱਕੜ, ਵਾਂਗੀ ਕੁੱਕੜ.

chantress, *n.* : ਗਾਉਣ ਵਾਲੀ ਤੀਵੀਂ, ਗਾਇਕਾ.

chantry, *n.* : ਭਜਨਾਲਯ ਦਾ ਇਕ ਹਿੱਸਾ, ਜਾਇਦਾਦ ਦੇ ਮਾਲਕ ਦੇ ਮੁੱਕ ਜਿਹ ਪ੍ਰਾਰਥਨਾ ਕਰਨ ਬਦਲੇ ਪਾਦਰੀਆਂ ਦੇ ਨਾਂ ਲਾਈ ਗਈ (ਵਿਰਤੀ) ਜਾਇਦਾਦ; ਅਜਿਹੀ ਪ੍ਰਾਰਥਨਾ ਕਰਨ ਵਾਲਾ ਪਾਦਰੀ, ਭਜਨੀਕ, ਭਜਨ ਥਾਂ, ਭਜਨਸ਼ਾਲਾ.

chanty, *n.* : ਮਲਾਹੀ ਗੀਤ, ਮਲਾਹਾਂ ਦਾ ਗੀਤ ਜੋ ਕੰਮ ਕਰਦਿਆਂ ਗਾਉਂਦੇ ਹਨ.

chaos, *n.* : ਮੁੱਢਲੀ ਅਵਸਥਾ (ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ), ਧੁੰਧੂਕਾਰਾ, ਖਲਬਲ; ਗੜਬੜ, ਉਥਲ ਪੁਥਲ, ਹਫੜਾ-ਦਫੜੀ, ਘੜਮੱਸ, ਹੋਣਾ ਹੋਣਾ, ਅਰਾਜਕਤਾ, ਘਮਸਾਣ-ਮਚੇ, ਕੁਪਥ.

chaotic, *a.* : ਉਥਲ ਪੁਥਲ ਦਾ, ਗੜਬੜ ਵਾਲਾ.

chap[1], *v. t.* & *i.* & *n.* : ਤਰੇੜਾਂ ਪਾਉਣੀਆਂ, ਤਿੜਕਣਾ, ਫਟਣਾ, ਤ੍ਰੇੜਨਾ (ਖਾਸ ਤੌਰ ਤੇ ਧਰਤੀ ਦਾ), ਫਟਣਾ (ਖੱਲੀ ਤਰ੍ਹਾਂ ਨਾਲ ਚਮੜੀ ਦਾ, ਜਾਂ ਧਰਤੀ ਦਾ); ਬਿਆਈ, ਤੇੜ (ਖਾਸ ਕਰਕੇ ਚਮੜੀ ਵਿਚ).

chappy, *a.* : ਤਿੜਕਿਆ ਹੋਇਆ, ਫੱਟੀ ਹੋਈ (ਚਮੜੀ).

chap[2], **chop**, *n.* (*pl.*) : ਜਬਾੜੇ, ਜਬਾੜ੍ਹੇ, ਜਬਾੜੇ (ਖਾਸ ਤੌਰ ਤੇ ਪਸ਼ੂਆਂ ਦੇ); (*sing.*) ਹੇਠਲੀ ਜਬਾੜ ਦੀ ਚਪਾਕੜਾ (ਖਾਸ ਕਰਕੇ ਸੂਰ ਦਾ).

lick one's c. : ਮੂੰਹ ਪਾਣੀ ਭਰਨਾ, ਮੂੰਹ ਵਿਚ ਪਾਣੀ ਆਉਣਾ, ਕਿਸੇ ਚੀਜ਼ ਲਈ ਜੀਭ ਲਲਚਾਉਣਾ.

fat-chops : ਚੌੜੇ ਮੂੰਹ ਵਾਲਾ ਮਨੁੱਖ, ਮੋਟਾ.

c.-fallen : ਉਦਾਸ, ਨਿਰਾਸ.

chap[3], *n.* : (ਬੋਲਚਾਲ) ਮੁੰਡਾ, ਮਨੁੱਖ, ਛੋਕਰਾ.

chap-book, *n.* : ਫਿਰਤਾਬਤੀ, ਫੇਰੀਆਂ ਵਿਚ ਕਹਾਣੀਆਂ ਦੀ ਕਿਤਾਬ.

chape, *n.* : (ਮਿਆਨ ਦੇ ਸਿਰੇ ਤੇ ਧਾਤ ਦੀ) ਟੋਪੀ, ਸੰਮ (ਬਕਸੂਏ ਦਾ) ਕਾਂਟਾ, (ਪੇਟੀ ਆਦਿ ਦੀ) ਚੌੜੀ ਪੱਤੀ.

chapeau-bras [F], *n.* : ਨੁਕੀਲੀ ਟੋਪੀ [ਅਠਾਰਵੀਂ ਸਦੀ ਦੀ ਤਿਕੋਣੀ ਚੌੜੀ ਰੇਸ਼ਮੀ ਟੋਪੀ ਜੋ ਖਾਸ ਤੌਰ ਤੇ ਬਾਂਹ ਹੇਠ ਲਈ ਫਿਰਦੇ ਸਨ].

chapel, *n.* : ਪੂਜਾ-ਘਰ, ਪ੍ਰਾਰਥਨਾ-ਅਸਥਾਨ [ਗਿਰਜੇ ਆਦਿ ਤੋਂ ਵਖ ਈਸਾਈਆਂ ਦਾ ਪੂਜਾ-ਅਸਥਾਨ, ਖਾਸ ਤੌਰ ਤੇ ਘਰ ਵਿਚ ਜਾਂ ਕਿਸੇ ਆਸ਼ਰਮ ਵਿੱਚ]; ਛੋਟਾ ਸਬੰਧਿਤ ਗਿਰਜਾ.

c. royal : ਸ਼ਾਹੀ ਮਹਿਲਾਂ ਦਾ ਗਿਰਜਾ.

Lady-c. : ਮਾਤਾ ਮਰੀਅਮ ਦੇ ਨਾਂ ਤੇ ਗਿਰਜਾ.

c. of ease : ਦੂਰ ਦੇ ਨਿਵਾਸੀਆਂ ਦੇ ਸੁਖ ਲਈ ਉਨ੍ਹਾਂ ਦੇ ਨੇੜੇ ਬਣਾਇਆ ਗਿਰਜਾ.

chapelry, *n.* : ਛੋਟੇ ਗਿਰਜੇ ਦਾ ਇਲਾਕਾ.

chaperon, *n.* & *v. t.* : ਰਖਵਾਲਾ (ਵਿਆਹੀ ਜਾਂ ਬੁੱਢੀ ਔਰਤ ਜੋ ਖਾਸ ਸਮਿਆਂ ਉੱਤੇ ਕਿਸੇ ਕੁੜੀ ਦੀ ਸੰਭਾਲ ਆਦਿ ਲਈ ਹੁੰਦੀ ਹੈ); ਰਖਵਾਲੀ ਕਰਨੀ, ਸੰਭਾਲ ਕਰਨੀ.

chaperonage, *n.* : ਰਖਵਾਲੀ, ਨਿਗਰਾਨੀ.

chapiter, *n.* : ਕਿਸੇ ਥੰਮ੍ਹ ਦਾ ਸਿਰਾ ਜਾਂ ਚੋਟੀ.

chaplain, *n.* : ਪਾਦਰੀ (ਜੋ ਕਿਸੇ ਵੱਡੇ ਮਨੁੱਖ ਦੇ ਖਾਸ ਗਿਰਜੇ ਜਾਂ ਕਿਸੇ ਅਸਥਾਨ, ਜਹਾਜ਼ ਜਾਂ ਪਲਟਣਾਂ ਦੇ ਗਿਰਜੇ ਵਿਚ ਹੋਵੇ); ਜਾਂ ਪਾਦਰੀ ਜੋ ਮਾਪਣੀਆਂ ਦੇ ਛੋਟੇ ਦੇਹੀਆਂ ਨਿਮਾਜ਼ਾਂ ਪੜ੍ਹਾਵੇ.

chaplaincy, *n.* : ਅਜੇਹੇ ਪਾਦਰੀ ਦਾ ਅਹੁਦਾ.

chaplet, *n.* : (ਫੁੱਲਾਂ, ਪੱਤਰਾਂ, ਮੋਤੀ, ਹੀਰਿਆਂ ਆਦਿ ਦਾ) ਸੇਹਰਾ, ਮਾਲਾ, ਸਿਮਰਨੀ, ਤਸਬੀ; (ਜਪ ਪਾਠ ਵਾਲੀ) ਮਾਲਾ ਜਾਂ ਹਾਰ, ਤੰਦੂ ਆਦਿ ਵਿਚ ਆਂਡਿਆਂ ਦੀ ਲੜੀ, ਮੋਤੀ; ਲੜੀ, ਗੋਲਾ.

chapleted, *a.* : ਸਿਰ-ਮਾਲਾ, ਸਿਹਰਿਆਂ ਨਾਲ ਸਜਿਆ; ਸੇਹਰੇਦਾਰ.

chapman *n.* : ਫੇਰੀ ਵਾਲਾ, ਵਣਜਾਰਾ, ਪੰਸਾਰੀ, ਗੱਠੜੀ ਵਾਲਾ, ਵਪਾਰੀ.

chappie,-**y**, *n.* : ਬੱਚਾ, ਅਲਬੇਲਾ, ਛੈਲ.

chapter, *n.* : (ਕਿਤਾਬ ਦਾ) ਕਾਂਡ, ਅਧਿਆਇ, ਬਾਬ, ਸਰਗ, ਖੰਡ; (ਅਲੰਕਾਰਕ) ਖਾਸ ਮਜ਼ਮੂਨ, ਕਿੱਸਾ, ਕਹਾਣੀ, ਪਾਦਰੀਆਂ ਦੀ ਇਕੱਤਰਤਾ ਜਾਂ ਸਭਾ.

c. & verse : ਠੀਕ ਠੀਕ ਲਫ਼ਜ਼ ਪੂਰਾ ਪੂਰਾ ਹਵਾਲਾ ਜਾਂ ਸਬੂਤ.

c.-house : ਸਭਾ-ਭਵਨ, ਸੰਘ-ਭਵਨ.

to end of c. : ਸਦਾ ਲਈ, ਅੰਤ ਤਕ.

c. of accidents : ਘਟਨਾਵਾਂ ਦੀ ਪਰੰਪਰਾ.

char : ਵੇਖੋ chore.

char, *v. t.* & *i.* : ਸੜ ਕੇ ਕੋਲਾ ਹੋਣਾ, ਭੁਲਸਣਾ, ਝੁਲਸ ਹੋਣਾ, ਝੁਲਸਣਾ.

charred bones : ਅਸਥੀਆਂ, ਫੁੱਲ.

char-a-banc(**s**), *n.* : ਸੈਰ-ਗੱਡੀ, ਕਈ ਸਾਹਮਣੀਆਂ ਸੀਟਾਂ ਵਾਲੀ ਲੰਮੀ ਗੱਡੀ ਜਿਸ ਵਿਚ ਸਵਾਰੀਆਂ ਨੂੰ ਪਿਕਨਿਕ ਵਿਚ ਬਾਹਰ ਥਾਂਵਾਂ ਵੇਖਣ ਲਈ ਲਿਜਾਂਦਾ ਹੈ.

character, *n.* & *v. t.* : ਨਿਸ਼ਾਨੀ, ਚਿੰਨ੍ਹ, (*pl.*) ਅੱਖਰ, ਲਿਪੀ; ਖਤ; ਕਿਸੇ ਮਨੁੱਖ ਦੀ ਲਿਖਾਈ; ਗੁਣ, ਲੱਛਣ, ਆਚਾਰ, ਆਚਰਣ, ਚਾਲ, ਚਾਲ-ਚਲਣ, ਖਸਲਤ, ਸੁਭਾਉ, ਖਾਸਾ; ਇੱਜ਼ਤ, ਵਿਸ਼ਵਾਸ, ਪੱਕਾ ਇਰਾਦਾ; ਨਾਂ, ਸ਼ੁਹਰਤ, ਨੇਕਨਾਮੀ; ਨਿਆਂਕਾਰ ਦੀ ਸਨਦ, ਪ੍ਰਸੰਸਾ-ਪੱਤਰ, ਸਰਟੀਫ਼ਿਕੇਟ; ਹੈਸੀਅਤ, ਪਦਵੀ; (ਨਾਵਲ ਜਾਂ ਨਾਟਕ ਦਾ ਕਲਪਿਤ ਜਾਂ ਪਾਤਰ); ਪਾਤਰ; ਐਕਟਰ ਜਾਂ ਸਵਾਂਗੀ ਦਾ ਪਾਰਟ; ਕਿਸੇ ਜਾਂ ਅਨੋਖਾ ਮਨੁੱਖ, ਅਜੀਬ ਆਦਮੀ, ਉੱਕਰਨਾ, ਬਿਆਨ ਕਰਨਾ.

c. development : ਚਰਿਤ੍ਰ-ਚਿਤਰਣ

in c. : ਸੁਭਾ ਅਨੁਸਾਰ (ਚੰਗਾ ਫ਼ਬਣਾ).

out of c. : ਸੁਭਾਉ ਦੇ ਉਲਟ.

public c. : ਮੰਨਿਆ-ਪ੍ਰਮੰਨਿਆ ਆਦਮੀ.

characteristic, *a.* & *n.* : (ਹਿਸਾਬ) ਲਾਗਰਿਥਮ ਦਾ ਪੂਰਨ ਅੰਕ; ਖਾਸ, ਵਖਰਾ; ਖਾਸਾ, ਵਿਸ਼ੇਸ਼ਤਾਈ, ਲੱਛਣ, ਨਿਸ਼ਾਨ ਜਾਂ ਗੁਣ.

characteristicALLY, *adv.* : ਆਪਣੇ ਖਾਸੇ ਅਨੁਸਾਰ.

characterize, *v. t.* : ਸੁਭਾ ਜਾਂ ਲੱਛਣ ਦੱਸਣਾ, ਗੁਣ ਔਗੁਣ ਦੱਸਣੇ, ਬਿਆਨ ਕਰਨਾ; ਕੋਈ ਗੁਣ ਭਰ ਦੇਣਾ.

characterizATION, *n.* : ਸੁਭਾ ਬਣਾਉਣ ਜਾਂ ਦੱਸਣ ਦਾ ਕੰਮ, ਆਚਰਣ ਚਿਤ੍ਰਣੀ.

characterless, *a.* : ਬਦਚਲਣ; ਆਮ, ਬਿਨਾਂ ਕਿਸੇ ਖਾਸ ਲੱਛਣ ਦੇ, ਬਿਨਾਂ ਸਰਟੀਫ਼ਿਕੇਟ ਦੇ.

charade, *n.* : ਬਿੰਦੂ-ਬੁਝਾਉਣੀ, ਇਸ਼ਾਰਿਆਂ ਜਾਂ ਨਿਸ਼ਾਨੀਆਂ ਤੋਂ ਸ਼ਬਦ ਬੁੱਝਣ ਦੀ ਖੇਡ.

charcoal, *n.* : ਲੱਕੜ ਦਾ ਕੋਲਾ, ਕੋਲਾ, ਕਾਰਬਨ ਦਾ ਇੱਕ ਰੂਪਾਂਤਰ.

chare, char, *n.* (usu. *pl.*) & *v. i.* : ਘਰ ਦੀ ਸਫ਼ਾਈ ਦਾ ਕੰਮ; ਨਿੱਕੇ ਮੋਟੇ ਕੰਮ, ਫੁਟਕਲ ਕੰਮ, ਘਰ ਦੀ ਸਫ਼ਾਈ ਕਰਨੀ, ਫੁਟਕਲ ਨਿੱਕੇ ਮੋਟੇ ਕੰਮ ਕਰਨੇ.

charge, *n.* : ਭਾਰ, ਬੋਝ, ਮਿਣਤ ਦੀ ਮਿਕਦਾਰ, ਭਰਤ (ਜਿੰਨੀ ਚੀਜ਼ ਕਿਸੇ ਚੀਜ਼ ਵਿਚ ਆ ਸਕੇ); ਬਾਰੂਦ; ਭਾਰ, ਖ਼ਰਚ, ਮੁੱਲ, ਕੀਮਤ; ਮਹਿਸੂਲ, ਉਜਰਤ, ਫ਼ੀਸ, ਜ਼ਿੰਮੇਵਾਰੀ, ਜ਼ਿੰਮਾ, (ਅਹੁਦੇ ਦੀ) ਜ਼ਿੰਮੇਵਾਰੀ, ਸੌਂਪਣਾ, ਸੌਂਪਣੀ, ਅਧਿਕਾਰ, ਨਿਗਰਾਨੀ; (ਜੱਜ ਵਲੋਂ ਜਿਊਰੀ ਨੂੰ) ਹਦਾਇਤ, ਸੂਚਨਾ; ਦੋਸ਼, ਇਲਜ਼ਾਮ, ਦੋਸ਼, ਦਾਅਵਾ, ਧਾਵਾ ਕੀ, ਹੱਲਾ, ਧਾਵਾ; ਮਾਰ, ਹਮਲਾ.

at his own c. : ਆਪਣੇ ਖ਼ਰਚ ਉੱਤੇ, ਆਪਣੇ ਖ਼ਰਚ ਪਿੱਛੇ.

nurse in c. of child : ਬੱਚੇ ਦੀ ਸੰਭਾਲ ਕਰਨ ਲਈ ਆਇਆ.

child in c. of nurse : ਆਇਆ ਦੀ ਸੰਭਾਲ ਵਿਚ ਬੱਚਾ.

c.-sheet : ਦੋਸ਼-ਪੱਤਰ, ਅਪਰਾਧ-ਪੱਤਰ.

frame cc. : ਦੋਸ਼-ਪੱਤਰ ਬਣਾਉਣਾ.

give person in c. : ਪੁਲਸ ਦੇ ਹਵਾਲੇ ਕਰਨਾ.

lay to one's c. : ਦੋਸ਼ ਲਾਉਣਾ, ਜ਼ਿੰਮੇਵਾਰ ਠਹਿਰਾਉਣਾ.

parting c. : ਵਿਛੜਨ ਵੇਲੇ ਦੀ ਸਿੱਖਿਆ; ਵਿਦਾਈ ਦਾ ਉਪਦੇਸ਼.

return to the c. : ਫਿਰ ਪਹਿਲੀ ਗੱਲ ਕਹਿਣਾ (ਖ਼ਾਸ ਕਰਕੇ ਦਲੀਲਾਂ ਦਾ).

charge[2], *v. t.* & *i.* : ਭਰਨਾ, ਲੱਦਣਾ, ਭਾਰ ਪਾਉਣਾ (ਤੋਪ ਆਦਿ); ਗੋਲੀ ਭਰਨੀ (ਬੰਦੂਕ ਵਿਚ), ਭਰ ਦੇਣਾ (ਮਨ ਦਾ ਭਰੀ ਜਾਣਾ; ਪਾਣੀ ਦਾ ਕਿਸੇ ਹੋਰ ਚੀਜ਼ ਨਾਲ, ਬਿਜਲੀ ਸਿਰਜਣੀ ਕਰਨ ਵਾਲੇ ਦਾ ਬਿਜਲੀ ਨਾਲ, ਵਾਯੂਮੰਡਲ ਦਾ ਭਾਫ਼ ਦੀ ਨਾਲ ਆਦਿ); ਜ਼ਿੰਮਾ ਲਾਉਣਾ, ਜ਼ਿੰਮੇ ਲਾਉਣਾ, ਸੌਂਪਣਾ; ਹੁਕਮ ਦੇਣਾ, ਹਦਾਇਤ ਕਰਨੀ (ਖ਼ਾਸ ਕਰਕੇ ਜੱਜ ਦਾ ਜਿਊਰੀ ਨੂੰ ਜਾਂ ਬਿਸ਼ਪ ਦਾ ਪਾਦਰੀਆਂ ਨੂੰ); ਦੋਸ਼ ਲਾਉਣਾ, ਦੋਸ਼ ਥੋਪਣਾ, ਇਲਜ਼ਾਮ ਲਾਉਣਾ; ਕੀਮਤ ਮੰਗਣੀ, ਮੁੱਲ ਠਹਿਰਾਉਣਾ, ਫ਼ੀਸ ਲੈਣੀ; ਨਾਂਵੇਂ ਪਾਉਣਾ, ਉਧਾਰ ਲਿਖਣਾ; ਹਮਲਾ ਕਰਨਾ, ਧਾਵਾ ਬੋਲਣਾ (ਖ਼ਾਸ ਕਰਕੇ ਸਿਪਾਹੀਆਂ ਦਾ); ਹਥਿਆਰ ਹਮਲਾ ਕਰਨ ਲਈ ਤਿਆਰ ਰੱਖਣਾ.

c. oneself with : ਜ਼ਿੰਮੇਵਾਰੀ ਲੈਣੀ, ਸਿਰ ਤੇ ਲੈਣਾ.

c. bayonets : ਹਮਲੇ ਦੇ ਰੂਪ ਵਿਚ ਟਾਕਰਾ ਕਰਨ ਲਈ ਸੰਗੀਨਾਂ ਸੰਭਾਲਣੀਆਂ.

c. on : ਅੱਗੇ ਪਹੁੰਚਣਾ.

chargeable, *a.* : ਆਰੋਪਣ-ਯੋਗ, ਦੋਸ਼ ਯੋਗ (ਦੋਸ਼ੀ ਕਿਸੇ ਲਾਏ ਜਾਣ ਦੇ ਯੋਗ); ਦੰਡ-ਭਾਗੀ; ਵਸੂਲ ਕਰਨ ਯੋਗ (ਰਕਮ), ਭਰਨ-ਜੋਗੀ, ਹਿਸਾਬ ਵਿਚ ਲਿਖੇ ਜਾਣ ਯੋਗ.

chargeABILITY, *n.* : ਆਰੋਪਣ-ਯੋਗਤਾ, ਭਰਨ-ਜੋਗਤਾ.

chargé (d'affaires) [F.], *n.* (*pl.* -és d'-) : ਛੋਟਾ ਸਫ਼ੀਰ, ਨਾਇਬ ਏਲਚੀ, ਉਪ ਰਾਜਦੂਤ.

charger, *n.* : ਜੰਗੀ ਘੋੜਾ, ਅਫ਼ਸਰੀ ਘੋੜਾ.

chariot, *n.* & *v. t.* : ਰਥ; ਸ਼ਾਹੀ ਗੱਡੀ, (ਇਤਿਹਾਸ) ਜੰਗੀ ਰਥ; (ਅਲੰਕਾਰਕ) ਸੂਰਜ ਦਾ ਰਥ.

charioteer, *n.* : ਰਥਵਾਨ, (*pl.*) ਰੱਥ ਚੋਖ ਤਾਂ ਦਿਚ ਸਿਤਾਰਾ.

charitable, *a.* : (ਗ਼ਰੀਬਾਂ ਨੂੰ ਦਾਨ ਦੇਣ ਵਿਚ) ਖੁੱਲ੍ਹ-ਦਿਲਾ, ਦਰਿਆ-ਦਿਲ, ਦਾਨੀ, ਸਖ਼ੀ, ਨੇਕ, ਰਹਿਮਦਿਲ, ਫ਼ਿਆਜ਼ਦਿਲ, ਦਰਦਵੰਦ; ਸਹਿਣਸ਼ੀਲ, ਪਰਮ-ਅਰਥ, ਪੁੰਨ-ਅਰਥ.

c. institution : ਪੁੰਨ-ਅਰਥ ਸੰਸਥਾ, ਪਰਮ-ਅਰਥ ਆਸ਼੍ਰਮ.

c. and religious endowment : ਪੁੰਨਦਾਨ ਤੇ ਧਰਮਦਾਨ.

charitableNESS, *n.* : ਦਰਿਆਦਿਲੀ, ਤਰਸ.

charitably, *adv.* : ਪੁੰਨ-ਅਰਥੀ ਖ਼ਿਆਲ ਨਾਲ, ਦਾਨ ਦੇ ਵਿਚਾਰ ਨਾਲ, ਨਰਮੀ ਵਾਲੀ ਅਨੁਸਾਰ, ਦਰਦਵੰਦੀ ਨਾਲ.

charity, *n.* : ਦਰਦਵੰਦੀ, ਹਮਦਰਦੀ, ਮਿਹਰਬਾਨੀ, ਰਹਿਮ-ਦਿਲੀ, ਖ਼ੈਰਾਤ; ਪੁੰਨ, ਦਾਨ, ਧਰਮ-ਅਰਥ, ਖ਼ੈਰਾਤ, ਸਦਾਵਰਤ.

c. begins at home : ਪਹਿਲਾਂ ਆਪਣੇ ਢੇਰ ਪਕਾਏ, ਹਮਦਰਦੀ ਦਾ ਹੱਕ ਪਹਿਲਾਂ ਰਿਸ਼ਤੇਦਾਰਾਂ ਦਾ ਹੈ.

cc. : ਦਾਨ ਦੇਣ ਵਾਲੇ ਕੰਮ, ਸਿਖਾਵਾਂ.

cold as c. : ਮੁਰਦਾ-ਮਸ਼ੂਮੀ (ਮਹਿਜ਼ ਵਾਂਗ ਚਲਣ ਵਾਲੇ ਪਦਾਰਥ ਸਥੀ ਲਾਗਤਾ ਹਨ).

c.-boy, -girl : ਯਤੀਮ ਮੁੰਡਾ ਜਾਂ ਕੁੜੀ, ਜੋ ਕਿਸੇ ਦਾ ਦਿੱਤਾ ਖਾਂਦਾ ਹੋਵੇ, ਕਿਸੇ ਦੇ ਪੁੰਨ ਤੇ ਪਲਦਾ ਹੋਵੇ.

brother, sister of c. : ਪੈਂਤਾਂ ਸਮੂਹ (ਧਰਮ-ਅਰਥ ਸੇਵਕ) ਦਾ ਮੈਂਬਰ.

c. commission : ਧਰਮ-ਅਰਥ ਕੰਮਜ਼.

charivari, *n.* : ਧੌਂਪਸ਼ਾਲਾ, ਰੌਲਾ ਗੌਲਾ; ਚੂੰ-ਚੂੰ ਦਾ ਮੁਰੱਬਾ.

charlatan, *n.* : ਨੀਮ ਹਕੀਮ; ਪਖੰਡੀ, ਢੌਂਗ ਰਚਣ ਵਾਲਾ, ਢੌਂਗੀ.

charlatanISM, *n.* : ਠੱਗੀ, ਪਖੰਡੀ, ਢੌਂਗੀ.

charlatanISM, charlatanRY, *n.* : ਢੌਂਗ, ਪਾਪ, ਪਖੰਡ, ਛਲ.

Charles's Wain, *n.* : ਸੱਤ ਤਾਰਿਆਂ ਦਾ ਝਿਮਟ, 'ਸਪਤ-ਰਿਸ਼ੀ' ਤਾਰੇ.

charlock, *n.* : ਸਰ੍ਹੋਂ, ਤੇਲੀਆ, ਤਾਰਾ, ਅਹੂਰ.

charlotte, *n.* : ਮਿਠਾਈ, ਜਿਹੜੀ ਪੱਕੇ ਫਲਾਂ ਦੀ ਮਾਊਂਟਆਣੀ, ਜਿਸ ਉੱਤੇ ਰੋਟੀ, ਕੇਕ ਆਦਿ ਦਾ ਛਿਲਕਾ ਚੜ੍ਹਿਆ ਹੋਵੇ.

charm, *n.* : ਜਾਦੂ, ਮੰਤਰ, ਟੂਣਾ, ਟੇਵਰਾ, ਤਵੀਤ, ਗੰਡਾ, ਟੋਕ, ਕੀਲਣਾ, ਜੰਤਰ-ਮੰਤਰ; ਘੜੀ ਦੀ ਚੇਨ ਦਾ ਲਟਕਣ; ਮਨ ਮੋਹਣੀ ਚੀਜ਼, ਗੁਣ, ਸੁਹਜ, ਖ਼ੂਬੀ, ਮਨ ਲੁਭਾਉਣ; ਮਨ ਦੀ ਮੋਹਣ, ਸੁੰਦਰਤਾ.

cc. : ਸੁੰਦਰਤਾ, ਸੁਹੱਪਣ, ਹੁਸਨ, ਜਮਾਲ.

charm, *v. t.* : ਜਾਦੂ ਜਾਂ ਟੂਣਾ ਕਰਨਾ, ਮੋਹਣਾ, ਮੰਤਰ ਫੂਕਣਾ, ਮੰਤਰ ਮਾਰਨਾ; ਮੋਹ ਲੈਣਾ, ਮਨ ਲੈਣਾ, ਮੁਗਧ ਕਰਨਾ, ਰਿਝਾਉਣਾ, ਖ਼ੁਸ਼ ਕਰਨਾ.

c. away : ਜਾਦੂ ਦੇ ਜ਼ਰੀਏ ਨਾਲ ਦੂਰ ਕਰਨਾ.

c. asleep : ਜਾਦੂ ਕਰ ਕੇ ਸੁਆ ਦੇਣਾ.

bear a charmed life : ਜਾਦੂ ਵਾਲਾ ਜੀਵਨ ਹੋਣਾ, ਜਿਸ ਉੱਤੇ ਕੋਈ ਹਾਨ ਨਾ ਹੋ ਸਕੇ.

charmINGLY, *adv.* : ਦਿਲ-ਖਿਚਵੇਂ ਢੰਗ ਨਾਲ.

charmING, *a.* : ਮਨ-ਮੋਹਣਾ, ਸੋਹਣਾ, ਦਿਲ-ਖਿੱਚਵਾਂ, ਮਨੋਹਰ.

charmer, *n.* : ਮੋਹਣੀ, ਜਾਦੂ ਟੂਣਾ ਕਰਨ ਵਾਲਾ; ਮਨ-ਮੋਹਣ, ਮਨ-ਮੋਹਣੀ, ਸੋਹਣੀ, ਨਾਰੀ, ਦਿਲਬਰ, ਮਸ਼ੂਕ.

charnel house, *n.* : ਮੁਰਦੇਖ਼ਾਨਾ, ਉਹ ਮਕਾਨ ਜਿੱਥੇ ਹੱਡੀਆਂ ਜਾਂ ਲਾਸ਼ਾਂ ਰੱਖੀਆਂ ਜਾਣ, ਮਸਾਣ.

Charon, *n.* : ਯੂਨਾਨੀ ਦੇਵਤਾ ਜੋ ਰੂਹਾਂ ਨੂੰ ਬੇੜੀ ਵਿਚ ਪਰਲੋਕ ਲੈ ਜਾਂਦਾ ਹੈ.

C.'s boat, ferry : ਅੰਤ ਸਮਾਂ, ਮੌਤ ਦਾ ਘਾਟ.

charpoy [Hindi], *n.* : ਚਾਰਪਾਈ, ਮੰਜਾ.

chart, *n.* & *v. t.* : ਸਮੁੰਦਰੀ ਨਕਸ਼ਾ ਜਾਂ ਖ਼ਾਕਾ (ਜਿਸ ਵਿਚ ਸਮੁੰਦਰੀ ਕੰਢੇ, ਚਟਾਨਾਂ, ਚਾਨਣ-ਮੁਨਾਰੇ ਆਦਿ ਦਿਖਾਏ ਹੁੰਦੇ ਹਨ), ਨਕਸ਼ਾ (ਜਿਵੇਂ ਟੈਂਪਰੇਚਰ, ਮੌਸਮ, ਮੀਂਹ, ਆਦਿ ਦਾ); ਨਕਸ਼ਾ ਬਣਾਉਣਾ.

chartLESS, *a.* : ਨਕਸ਼ੇ ਤੋਂ ਬਗ਼ੈਰ, ਅਣਡਿੱਠਾ.

magnetic c. : ਚੁੰਬਕੀ ਨਕਸ਼ਾ.

charter[1], *n.* : ਪਰਵਾਨਾ, ਬਾਦਸ਼ਾਹੀ, ਪੱਟਾ, ਸਨਦ, ਅਧਿਕਾਰ-ਪੱਤਰ, ਸ਼ਾਹੀ ਫ਼ੁਰਮਾਨ (ਜਿਸ ਨਾਲ ਕੋਈ ਹੱਕ ਬਖ਼ਸ਼ੇ ਜਾਣ ਜਾਂ ਕੋਈ ਨਵਾਂ ਇਲਾਕਾ, ਕੰਪਨੀ, ਆਦਿ ਬਣਾਈ ਜਾਵੇ).

Great C. = Magna Charta : ਵੱਡਾ ਅਧਿਕਾਰ-ਪੱਤਰ, ਖ਼ਾਸ ਕਰਕੇ ਉਹ ਜਿਸ ਦੁਆਰਾ ਜਿਸ ਰਾਜ ਨੇ ਇੰਗਲਿਸਤਾਨ ਵਾਸੀਆਂ ਨੂੰ ਪ੍ਰਤਿਨਿਧਤਾ ਦੇ ਹੱਕ ਦਿੱਤੇ.

charter[2], *v. t.* : ਸਨਦ ਦੇਣੀ, ਅਧਿਕਾਰ ਦੇਣਾ, ਅਧਿਕਾਰ ਦੇਣਾ; ਭਾੜਾ ਲੈ ਕੇ ਜਹਾਜ਼ ਜਾਂ ਗੱਡੀ ਕਿਰਾਏ ਤੇ ਦੇਣੀ, ਕਿਰਾਏ ਤੇ ਲੈਣੀ.

chartered accountant : ਮਨਜ਼ੂਰੀ ਲੇਖਾਕਾਰ, ਅਧਿਕ੍ਰਿਤ ਲੇਖਾਕਾਰ.

chartered libertine : ਅਜ਼ਾਦ ਕਲੰਦਰ, ਜਿਸ ਨੂੰ ਖੁਲ੍ਹ ਲਈ ਹੀ ਆਗਿਆ ਹੋਵੇ.

Charter-house, *n.* : ਲੰਡਨ ਦਾ ਕਾਰਥੂਸੀਅਨ ਮੱਠ ਦਾ ਹਸਪਤਾਲ (ਜੋ ਬੁੱਢੇ ਪੈਨਸ਼ਨੀਆਂ ਲਈ ਜਾਇਦਾਦ ਅਤੇ ਦੇ ਪ੍ਰਬੰਧ ਹੇਠ ਚਲਦਾ ਹੈ).

C. School : ਉਸੇ ਆਸ਼੍ਰਮ ਨਾਲ ਸੰਬੰਧਤ ਇੱਕ ਸਕੂਲ.

charter-party, *n.* : ਜਹਾਜ਼ ਦੇ ਮਾਲਕ ਤੇ ਜਹਾਜ਼ ਕਿਰਾਏ ਤੇ ਲੈਣ ਵਾਲੀ ਧਿਰ ਵਿੱਚ ਲਿਖਤੀਆਂ ਗਈਆਂ ਸ਼ਰਤਾਂ ਦਾ ਕਾਗਜ਼, ਜਹਾਜ਼ੀ ਸੰਧੀ-ਪੱਤਰ ਜਾਂ ਪਟਾ.

Chartism,-ist, *n.* : ਅਧਿਕਾਰਵਾਦ; ਅਧਿਕਾਰਵਾਦੀ (ਸੰਨ 1837-48 ਵਾਲੀ ਸੁਧਾਰਕ ਲਹਿਰ ਦੇ ਅਸੂਲ ਤੇ ਇਨ੍ਹਾਂ ਦਾ ਹਾਮੀ).

chartography : ਵੇਖੋ cartography.

chartreuse, *n.* : ਕਾਰਥੂਸੀ ਸਭਾ ਦੀ ਧਰਮਸ਼ਾਲਾ; ਸ਼ਰਾਬ ਦੀ ਕਿਸਮ; ਇੱਕ ਰੰਗ.

chartulary : ਵੇਖੋ cartulary.

charwoman, *n.* : ਦਿਹਾੜੀ ਤੇ ਕੰਮ ਕਰਨ ਵਾਲੀ ਨੌਕਰਾਣੀ, ਫੁਟਕਲ ਕੰਮ ਕਰਨ ਵਾਲੀ.

chary, *a.* : ਚੌਕਸ, ਸਿਆਣਾ, ਸੁਚੇਤ, ਸੰਕੋਚੀ, ਸਾਵਧਾਨ, ਮੌਕਾ ਤੇ ਸਮਝ ਵਾਲਾ, ਕਦਮ ਕਦਮ ਤੇ ਸੋਚਣ ਵਾਲਾ, ਹਰ ਗੱਲ ਨੂੰ ਪੈਰ ਧਰਨ ਵਾਲਾ; ਕੰਜੂਸ; ਸੰਜਮ.

c. of praise : ਪ੍ਰਸੰਸਾ ਕਰਨ ਵਿੱਚ ਕੰਜੂਸ, ਸਿਫ਼ਤਾਂ ਪ੍ਰਸੰਸਾ, ਕਿਸੇ ਦੀ ਸਿਫ਼ਤ ਕਰਨ ਤੋਂ ਬਚਣ ਵਾਲਾ.

charily, *adv.* : ਚੌਕਸੀ ਨਾਲ, ਸਿਆਣਪ ਨਾਲ, ਸੰਕੋਚ ਨਾਲ.

chariness : ਚੌਕਸੀ, ਸਿਆਣਪ, ਸੰਜਮ.

Charybdis, *n.* : ਵੇਖੋ Scylla.

chase[1], *n.* : ਪਿੱਛਾ, ਸ਼ਿਕਾਰ; ਖੁਲ੍ਹੀ ਰੱਖ, ਸ਼ਿਕਾਰਗਾਹ; ਟੈਨਿਸ ਵਿੱਚ ਗੇਂਦ ਦੂਜੀ ਵਾਰ ਟੱਪਣ ਦੀ ਹੱਦ.

give c. : ਪਿੱਛਾ ਕਰਨਾ.

the c. : ਸ਼ਿਕਾਰ.

c., c.-port, c.-gun, chaser, bow-c., stern-c., bow, stern,-chaser. : ਤੋਪ ਹਥਿਆਰ ਆਦਿ ਜੋ ਕਿਸੇ ਦੁਸ਼ਮਣ ਦਾ ਪਿੱਛਾ ਕਰਦਿਆਂ, ਜਾਂ ਪਿੱਛਾ ਕਰਦੇ ਦੁਸ਼ਮਣ ਤੇ ਵਾਰ ਕਰਦਿਆਂ ਵਰਤੀਏ ਹਨ.

chase[2], *v. t.* : ਪਿੱਛਾ ਕਰਨਾ, ਮਗਰ ਪੈਣਾ; ਭਜਾਉਣਾ, ਖਦੇੜਨਾ.

chase[3], *v. t.* : (ਧਾਤ ਉੱਤੇ) ਉਕਰਨਾ; (ਜੜ੍ਹਤ ਵਿੱਚ) ਜੜਨਾ (ਹੀਰੇ ਮੋਤੀਆਂ ਆਦਿ).

chase[4], *n.* : ਛਾਪਣ ਦੀ ਚਾਸੀ, ਗਲੀ ਆਦਿ ਤੇ ਕਸਣ ਲਈ ਪੁਲੀ ਆਦਿ.

chase[5], *n.* : ਝਰੀਟਾ (ਤੋਪ ਦਾ ਮੂੰਹ ਜਿਸ ਵਿੱਚ ਗੋਲਾ ਪਾਇਆ ਜਾਂਦਾ) ਪਾਉਣ ਲਈ ਕੱਸੇ ਹਨ).

chasm, *n.* : ਖੱਡ, ਦਰਾੜ, ਗੁਫਾ, ਪਾੜ, ਖੱਡ, ਮਘੋਰਾ, ਖਾਲੀ ਥਾਂ.

chasmy, *a.* : ਖਾਲੀ, ਦਰਾੜਦਾਰ, ਪਾੜ ਵਾਲਾ.

chassé [F], *n.* : ਸਾਹਮਣੇ ਤੇ ਪਿੱਛੇ ਪੈਰ ਵਾਲੀ ਚਾਲ.

chassé [F], *n.* & *v. i.* : ਚਾਲ, ਨਾਚ ਵਿੱਚ ਖਿਸਕਵਾਂ ਕਦਮ (ਲੈਣਾ); (ਅਸ਼ਲੀਲ) ਤਿਲਕਣੀ, ਤਿਲਕਵਾਂ, ਟਾਲ ਮਟੋਲਾ.

chasseur [F], *n.* : ਸ਼ਿਕਾਰੀ, ਫ਼ਰਾਂਸੀ ਫ਼ੌਜ ਦੀ ਹਲਕੀ ਸਵਾਰ ਸੈਨਾ.

chassis, *n.* : ਗੱਡੀ ਜਾਂ ਮੋਟਰ ਦਾ ਉਪਰਲਾ ਢਾਂਚਾ, ਬਾਡੀ; ਮੋਟਰ ਦਾ ਪਟਾ, ਕਰੀਨਾ.

chaste, *a.* : ਸਤੀ, ਜਤੀ, ਸਤਵੰਤੀ, ਬ੍ਰਹਮਚਾਰੀ, ਪਤੀ-ਬਰਤਾ, ਪਾਕ, ਸੁੱਚਾ, ਬੇਦਾਗ, ਸੁਥਰਾ, ਸ਼ੁੱਧ, ਖਾਲਸ, ਸ਼ੁੱਧ (ਬੋਲੀ); ਮਿਲਾਵਟ ਰਹਿਤ, ਸੁੱਚੀ (ਲਿਖਤ); ਪਵਿੱਤਰ.

chastely, *adv.* : ਪਵਿੱਤ੍ਰਤਾ ਨਾਲ, ਸਾਦਗੀ ਨਾਲ, ਨਿਖਾਰ ਕੇ.

chasten, *v. t.* : ਤਾੜਨਾ, ਸੋਧਣਾ, ਸਜ਼ਾ ਦੇਣਾ, ਸੁਧਾਰਨਾ, ਨਿਖਾਰਨਾ; ਸੋਧਮ ਕਰਨਾ (ਸ਼ੈਲੀ ਨੂੰ); ਮਨ ਮਾਰਨਾ, ਦਬਾਉਣਾ.

chastener, *n.* : ਸੁਧਾਰਕ, ਸੋਧਕ.

chastise, *v. t.* : ਕੁੱਟਣਾ, ਤਾੜਨਾ ਕਰਨੀ, ਦੰਡ ਦੇਣਾ, ਸਜ਼ਾ ਦੇਣੀ, ਮਾਰਨਾ, ਝਿੜਕਣਾ.

chastisement : ਕੁਟਾਈ, ਤਾੜਨਾ, ਸਜ਼ਾ, ਦੰਡ.

chastiser, *n.* : ਸਜ਼ਾ ਦੇਣ ਵਾਲਾ, ਤਾੜਨਹਾਰ.

chastity, *n.* : ਸਤ, ਬ੍ਰਹਮਚਾਰ, ਜਤ ਸਤ; ਪਤੀ-ਬਰਤਾ; ਪਵਿੱਤਰਤਾ, ਸੁੱਚਤਾ, ਪਾਕੀ, ਸ਼ੁੱਧਤਾ, ਬੇਦਾਗੀ.

chat[1], *n.* & *v. i.* & *i.* : ਗੱਲ-ਬਾਤ, ਗੱਪ-ਸ਼ੱਪ; ਸੁਭਾਵਕ ਗੱਲਾਂ ਬਾਤਾਂ ਲਗਾਣਾ.

chatty, *a.* : ਗਾਲੜੀ, ਗਪੌੜੀ, ਗਪਸ਼ਪੀ.

chattiness, *n.* : ਗਾਲੜੀਪਣ.

chat[2], *n.* : ਪੰਛੀਆਂ ਦੀਆਂ ਕਿਸਮਾਂ, ਜਿਵੇਂ stone-c. : ਪਿੱਦਾ.

chateau [F], *n.* : ਜਗੀਰਦਾਰ ਦੀ ਕੋਠੀ ਜਾਂ ਗੜ੍ਹੀ.

chatelaine, *n.* : ਠਕਰਾਣੀ, ਚੌਧਰਾਣੀ; ਕੁੰਜੀਆਂ ਜਾਂ ਕੁੰਜੀਆਂ, ਘੜੀ, ਪੈਨਸਲ ਆਦਿ ਟੰਗਣ ਲਈ ਤੜਾਗੀ ਨਾਲ ਬੰਨ੍ਹ ਲਈਆਂ ਜਾਂਦੀਆਂ ਹਨ.

chattel, *n.* : (ਆਮ ਤੌਰ ਤੇ ਬਹੁ-ਵਚਨ) ਚਲੇਵਾ, ਚਲਤ-ਵਲੇਵਾਂ, ਚੀਜ਼-ਵਸਤ, ਮਾਲ-ਅਸਬਾਬ, ਮਾਲ-ਮੱਤਾ, ਮਾਲ-ਧਨ, ਸਮਿਆਨ, ਮਾਲ-ਅਸਬਾਬ, ਅਸਬਾਬ.

c. : ਨਿਜਾਈ ਮਿਲਖ, ਚਲ-ਸੰਪਤੀ.

chatter, *v. i.* & *n.* : (ਪੰਛੀਆਂ ਦਾ) ਚੀਂ ਚੀਂ ਕਰਨਾ, ਚੀਂ ਚੀਂ ਕਰਨਾ; (ਮਨੁੱਖਾਂ ਦਾ) ਬਿੜ ਬਿੜ ਕਰਨਾ, ਬਕ ਬਕ ਕਰਨਾ, ਟੀਂ ਟੀਂ ਕਰਨਾ, ਗਪ ਸ਼ਪ ਕਰਨਾ; ਦੰਦ ਵੱਜਣੇ, ਦੰਦ ਕਰੀਚਣੇ, ਮਸ਼ੀਨ ਦੇ ਪੁਰਜ਼ੇ ਖੜਕਣਾ, ਬਿੜ ਬਿੜ ਕਰਨਾ, ਕਿੜ-ਕਿੜ, ਟੀਂ-ਟੀਂ, ਚਰ-ਚਰ.

chatter-box : (ਬੱਚਾ ਆਦਿ) ਗਾਲੜੀ, ਗਪੌੜੀ, ਗਲੋਂਧੜ, ਬਕਵਾਦੀ, ਬਕੜਵਾਦੀ.

chatter, *n.* : ਧਾਤ ਦੀ ਰਕਾਬੀ (ਖ਼ਤ ਪਾਉਣ ਲਈ), ਅੰਗੀਠੀ.

chauffeur [F], *n.* : ਚਾਲਕ, ਮੋਟਰ-ਡਰਾਈਵਰ.

chaumontel, *n.* : ਇੱਕ ਵੱਡਾ ਕਮ-ਰਸਾ ਨਾਸ਼ਪਾਤੀ ਜੋ ਸਰਦੀਆਂ ਵਿੱਚ ਪੱਕਦੀ ਹੈ.

chaussure [F], *n.* : ਬੂਟ ਜਾਂ ਜੁੱਤੀ.

chauvinism, *n.* : ਨੈਪੋਲੀਅਨ ਬੋਨਾਪਾਰਟ ਦੇ ਇੱਕ ਸ਼ਰਧਾਲੂ ਸਾਥੀ ਦੇ ਨਾਂ ਉੱਤੇ ਅੰਨ੍ਹੀ ਦੇਸ਼-ਭਗਤੀ, ਵਧੀ ਹੋਈ ਦੇਸ਼-ਭਗਤੀ, ਜੰਗੀ ਜਜ਼ਬਾ ਵਾਲਾ ਦੇਸ਼-ਪਿਆਰ, ਕਟੜ ਵਤਨ ਪ੍ਰਸਤੀ.

chauvinist : ਜਾਤਵਾਦੀ, ਅੰਨ੍ਹੀ ਦੇਸ਼-ਭਗਤ.

chauvinistic : ਜਾਤੀ, ਜਾਤੀਅਤ, ਅੰਨ੍ਹੀ ਦੇਸ਼-ਭਗਤੀ ਵਾਲਾ.

chaw, *v. t.* & *n.* : ਚੱਬਣਾ, ਜਬਾੜਾ; ਤੰਬਾਕੂ ਦੀ ਗੋਲੀ.

c. up : ਖ਼ਤਮ ਕਰਨਾ, ਬੁਰੀ ਤਰ੍ਹਾਂ ਹਾਰ ਦੇਣੀ, ਗੰਢੀ ਦੇ ਦੰਦ ਖੱਟੇ ਕਰਨੇ.

c.-bacon : ਪੇਂਡੂ, ਗੰਵਾਰ.

chawl, *n.* : ਚਾਲ, ਗਰੀਬਾਂ ਅਤੇ ਮਿਹਨਤੀਆਂ ਦੇ ਰਹਿਣ ਲਈ ਮਕਾਨ, ਕੋਠੜੀ.

cheap, *a.* : ਸਸਤਾ, ਸੁਖੈਨਾ, ਘਟ ਮੁੱਲਾ, ਥੋੜੇ ਮੁੱਲ ਵਾਲਾ, ਨਿਕੰਮਾ ਘਟੀਆ.

c. & nasty : ਸਸਤਾ ਤੇ ਨਿਕੰਮਾ.

c. Jack : ਫੇਰੀ ਵਾਲਾ, ਛਾਬੜੀ ਵਾਲਾ.

dirt c. : ਕੌਡੀਆਂ ਦੇ ਭਾ, ਮਿੱਟੀ ਦੇ ਮੁੱਲ.

feel c. : ਸ਼ਰਮਸਾਰ, ਫਿੱਕਾ (ਬੀਮਾਰ).

hold c. : ਨਿਰਾਦਰੀ ਕਰਨੀ, ਤੁੱਛ ਸਮਝਣਾ.

on the c. : ਸਸਤੇ ਢੰਗ ਨਾਲ.

c. trip : ਸਸਤਾ ਕਿਰਾਇਆ ਰੂਟ ਸੈਰ.

cheaply, *adv.* : ਸਸਤੇ ਮੁੱਲ, ਘਟੀਆ ਢੰਗ ਨਾਲ.

cheapish, *a.* : ਘਟੀਆ, ਘਟੀਆ ਮੁੱਲ ਦਾ.

cheapness, *n.* : ਸਸਤ, ਸਸਤਾਈ, ਮੰਦਵਾੜਾ, ਸਸਤਾਪਨ.

cheapen, *v. t.* & *i.* : ਸਸਤਾ ਕਰਨਾ ਜਾਂ ਹੋਣਾ, ਮੁੱਲ ਘਟਾਉਣਾ ਜਾਂ ਘਟਣਾ, ਕਦਰ ਘਟਾਉਣੀ ਜਾਂ ਘਟਣੀ.

cheat, *n.* & *v. t.* & *i.* : ਧੋਖਾ, ਛਲ, ਫ਼ਰੇਬ, ਦਗ਼ਾ, ਠੱਗੀ, ਚਾਲ, ਝਾਂਸਾ; ਧੋਖੇਬਾਜ਼, ਚਲਾਕਬਾਜ਼, ਠੱਗ, ਫ਼ਰੇਬੀਆ, ਫ਼ਰੇਬੀ, ਦਗ਼ੇਬਾਜ਼; ਤਾਸ਼ ਦੀ ਇੱਕ ਖੇਡ; ਠੱਗਣਾ, ਧੋਖਾ ਦੇਣਾ, ਛਲਣਾ, ਛਲ ਕਰਨਾ, ਹੱਥ ਕਰਨਾ, ਮੁੱਠਣਾ, ਕਪਟ ਚੰਗਣੀ, ਝਾਂਸਾ ਦੇਣਾ, ਭੁਲਾਵਾ ਦੇਣਾ; (ਵਕਤ) ਲੰਘਾਉਣਾ, ਬਿਤਾਉਣਾ, ਮਨ ਪਰਚਾਉਣਾ.

check¹, *int.* & *n.* : (ਸ਼ਤਰੰਜ ਵਿੱਚ) ਬਾਦਸ਼ਾਹ ਨੂੰ ਸ਼ਹਿ ਜਾਂ ਮਾਤ ਪਾਉਣ ਦਾ ਐਲਾਨ, ਰੋਕ, ਡੱਕ, ਠੱਲ੍ਹ, ਅੜਿੱਕਾ; ਰੋਕ, ਰੋਕ-ਟੋਕ; ਝਾੜ, ਝਿੜਕ, (ਸ਼ਿਕਾਰ) ਕੁੱਤੇ ਦਾ ਰੁਕਣਾ, ਜੋ ਪਹਿਲਾਂ ਰੁਕ ਜਾਂਦੀ, ਅਟਕਾਅ; (ਘੋੜੇ ਉੱਤੇ) ਰੋਕ; (ਹਿਸਾਬ ਦੀ) ਪੜਤਾਲ, (ਖਜ਼ਾਨਚੀ ਲਈ) ਮੋਹਰ ਵਾਲੇ ਨੂੰ ਭੁਗਤਾਨ ਕਰਨ ਦੀ ਚਿੱਠੀ ਜਾਂ ਟਿਕਟ; ਚਾਰਖ਼ਾਨਾ ਕੱਪੜਾ.

c.-nut : ਚੱਕ-ਨਟ, ਰੋਕ-ਢਿਬਰੀ.

c.-string : ਗੱਡੀਆਂ ਵਿੱਚ ਲੱਗੀ ਰੱਸੀ ਜੋ ਖਿੱਚਣ ਨਾਲ ਗੱਡੀ ਵਾਲਾ ਰੋਕੀ ਜਾ ਸਕਦੀ ਹੈ.

keep in check : ਕਾਬੂ ਰੱਖਣਾ.

c.-rein : ਬਾਗ, ਇੱਕ ਘੋੜੇ ਦੀ ਵਾਗ ਨੂੰ ਦੂਜੇ ਨਾਲ ਜੋੜਨ ਵਾਲੀ ਲਗਾਮ; ਘੋੜੇ ਦੀ ਵਾਗ ਜੋ ਉਸ ਨੂੰ ਸਿਰ ਨੀਵਾਂ ਕਰਨ ਤੋਂ ਰੋਕੇ.

c.-taker : ਥੀਏਟਰ ਆਦਿ ਵਿੱਚ ਪਾਸਾਂ ਟਿਕਟਾਂ ਚੈੱਕ ਕਰਨ ਵਾਲਾ.

c.-till : ਦੁਕਾਨਾਂ ਵਿੱਚ ਇੱਕ ਮਸ਼ੀਨ, ਜੋ ਆਈਆਂ ਰਕਮਾਂ ਦਾ ਹਿਸਾਬ ਰੱਖਣ ਲਈ ਹੁੰਦੀ ਹੈ, ਰਸੀਦ-ਖ਼ਾਨਾ.

hand in one's cc. : ਮਰ ਜਾਣਾ, ਮਰਨਾ.

check², *v. t.* & *i.* : (ਸ਼ਤਰੰਜ ਵਿੱਚ ਦੂਜੀ ਧਿਰ ਦੇ ਬਾਦਸ਼ਾਹ ਨੂੰ) ਸ਼ਹਿ ਦੇਣੀ, ਮਾਤ ਪਾਉਣਾ; ਅਚੇਤ ਰੋਕ ਪਾਉਣੀ ਜਾਂ ਪੈਣੀ; ਰੋਕਣਾ; (ਸ਼ਿਕਾਰੀ ਕੁੱਤੇ ਦਾ) ਜੋ ਕੋਈ ਰੁਕ ਜਾਣਾ ਜਾਂ ਪੈਰ ਦਾ ਪਤਾ ਲਾ ਲੈਣਾ; ਡੱਕਣਾ, ਰੋਕਣਾ, ਥੰਮ੍ਹਣਾ, ਠਹਿਰਾਉਣਾ, ਅਟਕਾਉਣਾ, ਕਾਬੂ ਕਰਨਾ, ਕਾਬੂ ਵਿੱਚ ਰੱਖਣਾ; (ਹਿਸਾਬ, ਕਿਤਾਬ ਆਦਿ) ਪੜਤਾਲਣਾ, ਮਿਲ ਵੇਖਣੀ; ਜਾਂਚਣਾ, ਪਰਖਣਾ, ਪਰਤਣਾ; ਰੋਕ ਸਕਣਾ, ਝਿੜਕਣਾ.

check³, *n.* : ਚਾਰਖ਼ਾਨਾ (ਕੱਪੜਾ).

check⁴ : ਵੇਖੋ cheque.

checker : ਵੇਖੋ chequer.

checkmate, *int.*, *n.* & *v. t.* : (ਸ਼ਤਰੰਜ ਵਿੱਚ) ਸ਼ਹਿ-ਮਾਤ; ਸ਼ਹਿ ਮਾਤ ਦੇਣੀ, ਮਾਤ ਪਾਉਣਾ, ਹਰਾ ਦੇਣਾ; ਮਾਤ.

Cheddar, *n.* : ਇੱਕ ਕਿਸਮ ਦਾ ਪਨੀਰ (ਇਸ ਥਾਂ ਦੇ ਨਾਂ ਤੇ), ਚਿੱਟਾ.

cheek, *n.* & *v. t.* : ਗੱਲ੍ਹ (ਖ਼ਿਤਾਬ ਨਾਲ) ਮੂੰਹ, ਮੁੱਖ; ਗੁਸਤਾਖ਼ੀ, ਢੀਠਪੁਣਾ, ਗੁਸਤਾਖ਼ੀ; ਗੁਸਤਾਖ਼ੀ ਦੀ ਗੱਲ ਕਰਨੀ; (*pl.*) ਮਸ਼ੀਨਾਂ ਵਿੱਚ ਜ਼ੰਜੀਰ ਦੇ ਸੀਏ, ਜੋ ਇੱਕ ਦੂਜੇ ਵਿੱਚ ਫ਼ਸ ਜਾਣ.

cheeky, *a.* : ਗੁਸਤਾਖ਼, ਢੀਠ, ਮੂੰਹ-ਜ਼ੋਰ.

cheekily, *adv.* : ਗੁਸਤਾਖ਼ੀ ਨਾਲ.

cheekiness, *n.* : ਗੁਸਤਾਖ਼ੀ.

c.-tooth : ਜਾੜ੍ਹ.

c.-bone : ਗੱਲ੍ਹ ਦੀ ਹੱਡੀ.

c. by jowl : ਗੂੜ੍ਹਾ ਵਾਕਫ਼, ਘਿਓ-ਖਿਚੜੀ.

to one's own cheek : ਇਕੱਲਿਆਂ ਹੀ.

fat-cheeked : ਗੱਭਰੂ, ਗਦਰਾਇਆ.

have the c. to : ਹੌਸਲਾ ਕਰਨਾ (ਗੁਸਤਾਖ਼ੀ ਕਰਨ ਦਾ).

having swelled cc. : ਫਿਫਰ-ਗਾਲ੍ਹਾ, ਘਮੰਡੀ.

cheep, *n.* & *v. i.* : ਚੂੰ-ਚੂੰ, ਚੂਚੇ ਦੀ ਚੀਂ ਚੂੰ ਦੀ ਬਰੀਕ ਆਵਾਜ਼, ਚੂੰ-ਚੂੰ ਕਰਨਾ.

cheeper, *n.* : ਚੂਚਾ.

cheer, *n.* : ਮਨ ਦੀ ਹਾਲਤ; ਹੌਸਲਾ, ਖਾਣਾ, ਚੰਗਾ ਭੋਜਨ; ਜ਼ਿਆਫ਼ਤ, ਵਾਹ ਵਾਹ, ਵਾਹ ਵਾਹ ਦਾ ਨਾਹਰਾ, ਵਾਹ ਵਾਹ !

what cheer ? : ਕੀ ਹਾਲ ਹੈ ?

be of good c. : ਹੌਸਲਾ ਨਾ ਹਾਰਨਾ, ਦਿਲ ਤਕੜਾ ਰੱਖਣਾ, ਚੜ੍ਹਦੀਆਂ ਕਲਾਂ ਵਿੱਚ ਰਹਿਣਾ.

three cc. : (ਕਿਸੇ ਦਾ ਸਨਮਾਨ ਲਈ) ਤਿੰਨ ਵਾਰੀਆਂ ਮਾਰਨੀਆਂ, ਤਿੰਨ ਜੈਕਾਰੇ ਲਗਾਉਣੇ.

make good c. : ਖ਼ੂਬ ਖਾਣਾ, ਅਨੰਦ ਮਾਣਨਾ.

the fewer the better c. : ਥੋੜ੍ਹੇ ਹੋਵਾਂਗੇ ਤਾਂ ਬਹੁਤਾ ਬਹੁਤਾ ਖਾਣ ਨੂੰ ਮਿਲੇਗਾ.

cheer, *v. t.* & *i.* : ਦਿਲਾਸਾ ਦੇਣਾ, ਢਾਰਸ ਬੰਨ੍ਹਾਉਣੀ, ਦਿਲ ਜਾਂ ਹੌਸਲਾ ਵਧਾਉਣਾ (ਖ਼ਾਸ ਕਰਕੇ ਅਵਾਜ਼ ਦੇ ਕੇ); ਜੀ ਖ਼ੁਸ਼ ਕਰਨਾ, ਖ਼ੁਸ਼ ਹੋਣਾ; ਸ਼ਾਬਾਸ਼ ਆਖਣਾ, ਸ਼ਾਬਾ ਦੇਣੀ.

c. up : ਖ਼ੁਸ਼ ਕਰਨਾ ਜਾਂ ਹੋਣਾ, ਚੜ੍ਹਦੀਆਂ ਕਲਾਂ ਵਿੱਚ ਆਉਣਾ, ਹੌਸਲਾ ਪੈਣਾ.

cheerful, *a.* : ਖ਼ੁਸ਼, ਖ਼ੁਸ਼-ਖ਼ੁਸ਼, ਹਸਦਾ-ਖੇਡਦਾ, ਅਨੰਦ-ਪ੍ਰਸੰਨ, ਖਿੜ-ਰਹਿਣਾ, ਹਸ-ਮੁੱਖ, ਹਸੂੰ-ਹਸੂੰ ਕਰਦਾ; ਜ਼ਿੰਦਾ-ਦਿਲ, ਮਗਨ; ਚਾਈਂ-ਚਾਈਂ, ਚਾਅ-ਵਾਲਾ, ਰਸਿਕ.

cheerfully, *adv.* : ਚਾਈਂ-ਚਾਈਂ, ਦਿਲ ਨਾਲ, ਖ਼ੁਸ਼ੀ-ਖ਼ੁਸ਼ੀ, ਜੀ ਹੋ ਕੇ.

cheerfulness, *n.* : ਚਾਅ, ਖ਼ੁਸ਼ੀ, ਖੇੜਾ, ਰੌਣਕ.

cheerless, *a.* : ਉਦਾਸ, ਢਹਿਆ ਹੋਇਆ, ਬੇਰੌਣਕ, ਦਿਲਗੀਰ, ਚਾਅ-ਹੀਣ.

cheerlessly, *adv.* : ਬੇਦਿਲੀ ਨਾਲ, ਉਦਾਸੀ ਨਾਲ.

cheerlessness, *n.* : ਮੁਰਦਨੀ, ਉਦਾਸੀ, ਬੇਦਿਲੀ, ਬੇਰੌਣਕੀ.

cheerly, *adv.* : ਖ਼ੁਸ਼ੀ ਖ਼ੁਸ਼ੀ, ਰਜ਼ਾ ਮਨੋਂ, ਚਾਅ ਨਾਲ.

cheery, *a.* : ਖ਼ੁਸ਼, ਹਸਮੁੱਖ.

cheerily, *adv.* : ਖ਼ੁਸ਼ੀ ਖ਼ੁਸ਼ੀ.

cheeriness, *n.* : ਖ਼ੁਸ਼ੀ, ਖੇੜਾ; ਜ਼ਿੰਦਾ-ਦਿਲੀ.

cheerio : (ਬੋਲਚਾਲ) ਖ਼ੁਸ਼ ਰਹੋ ! ਹੱਸਦੇ !

cheese¹, *n.* : ਪਨੀਰ; ਖ਼ਤਮੀ ਦਾ ਫਲ.

a c. : ਪਨੀਰ ਦਾ ਪੇੜਾ, ਟਿੱਕੀ ਜਾਂ ਡੇਲਾ.

c.-cake : ਪਨੀਰ ਵਾਲਾ ਕੇਕ, ਪਨੀਰੀ ਰੋਟੀ.

c.-monger : ਪਨੀਰ, ਮੱਖਣ ਆਦਿ ਵਪਾਰੀ ਜਾਂ ਵੇਚਣ ਵਾਲਾ, ਪਨਸਾਰੀਆ.

c.-paring : ਕੰਜੂਸ, ਮੱਖੀ; ਚਾਰੂ ਘਟਾ-ਘਟਾ, ਘਟਕੇ-ਘਟਕ.

c.-scoop ਜਾਂ c.-taster : ਨਮੂਨੇ ਲਈ ਥੋੜ੍ਹਾ ਥੋੜ੍ਹਾ ਪਨੀਰ ਕੱਢਣ ਵਾਲਾ ਚਿਮਚਾ.

c.-straws : ਪਨੀਰ ਦੀਆਂ ਸੇਵੀਆਂ, ਤਮਾਮੀ ਪਨੀਰ.

green c. : ਕੱਚਾ ਪਨੀਰ, ਜੋ ਅਜੇ ਠੀਕ ਤਰ੍ਹਾਂ ਸੁੱਕਿਆ ਨਾ ਹੋਵੇ.

make cc. : ਘਸੜਾ-ਮਾਰ ਨੱਚਣਾ (ਸਕੂਲ ਦੀਆਂ ਕੁੜੀਆਂ ਦਾ); ਚੱਕਰ ਕਟਦਿਆਂ ਘਟਦਿਆਂ ਇਕ-ਦਮ ਬੈਠ ਜਾਣਾ (ਜਿਸ ਨਾਲ ਪਜਾਮਾ ਜਾਂ ਘਘਰਾ ਫੁੱਲ ਜਾਂਦਾ ਹੈ).

cheese², *n.* : (ਹਿੰਦੁਸਤਾਨੀ 'ਚੀਜ਼' ਤੋਂ = the thing).

the cheese : ਠੀਕ ਚੀਜ਼, ਅਸਲ ਬਾਤ.

cheesy, *a.* : ਪਨੀਰ ਵਰਗਾ, ਪਨੀਰ ਦਾ, ਪਨੀਰ ਦੇ ਸੁਆਦ ਵਰਗਾ, ਰੰਗੀਲਾ, ਸ਼ੌਕੀਨ-ਛੈਲਾ, ਸਜਿਆ-ਫਬਿਆ.

cheesiness : ਪਨੀਰ ਵਰਗਾ ਸੁਆਦ.

cheetah [Hindi], *n.* : ਚਿੱਤਰਾ, ਚੀਤਾ.

chef [F], *n.* : ਵੱਡਾ ਲਾਂਗਰੀ, ਵੱਡਾ ਰਸੋਈਆ; ਰਸੋਈਆ ਲਾਂਗਰੀਖਾਨਾ.

chef-d'oeuvre [F], *n.* : ਕਮਾਲ ਦੀ ਚੀਜ਼, ਸ਼ਾਹਕਾਰ, ਖ਼ਾਸ ਕਾਰ, ਉਸਤਾਦੀ ਕੰਮ.

cheiropteran, *n.* : ਥਣਧਾਰ ਸ਼੍ਰੇਣੀ ਵਿੱਚੋਂ ਉਹ ਜਨੌਰ ਜਿਨ੍ਹਾਂ ਦੇ ਝਿੱਲੀਦਾਰ ਹੱਥ ਖੰਭਾਂ ਦਾ ਕੰਮ ਦਿੰਦੇ ਹਨ, ਜਿਵੇਂ ਚਮਗਿੱਦੜ ਜਾਂ ਚੈਮਗਿੱਦੜ.

cheiropterous, *a.* : ਚਮਗਿੱਦੜੀਆ.

chela [Hindi], *n.* : ਚੇਲਾ, ਮੁਰੀਦ.

chemical, *a.* & *n.* : ਰਸਾਇਣੀ, ਰਸਾਇਣਕ, ਕੀਮੀਆਈ; ਰਸਾਇਣੀ ਚੀਜ਼.

c. action : ਰਸਾਇਣੀ ਅਮਲ.

c. affinity : ਰਸਾਇਣੀ ਖਿੱਚ.

c. fertilizers : ਰਸਾਇਣੀ ਖਾਦ.
c. formula : ਰਸਾਇਣੀ ਸੂਤਰ.
c. properties : ਰਸਾਇਣੀ ਗੁਣ.
chemical combination : ਰਸਾਇਣਕ ਮੇਲ, ਕੀਮਿਆਈ ਜੋੜ.
c. warfare : ਰਸਾਇਣੀ ਜੰਗ.
chemically, *adv.* : ਰਸਾਇਣੀ ਢੰਗ ਤੇ ਜਾਂ ਢੰਗ ਨਾਲ.

chemise, *n.* : ਕਮੀਜ਼, ਤੀਵੀਆਂ ਦੀ ਹੇਠਲੀ ਕੁੜਤੀ.

chemisette, *n.* : ਤੀਵੀਆਂ ਦਾ ਗਲੇ ਦਾ ਕਪੜਾ ਜਿਸ ਦਾ ਉੱਤਲਾ ਹਿੱਸਾ ਕਮੀਜ਼ ਵਰਗਾ ਹੁੰਦਾ ਹੈ; ਫ਼ਰਾਕ ਜਾਂ ਗਲੇ ਵਾਲੀ [illegible] ਜਾਂ ਕਪੜਾ.

chemist, *n.* : ਕੀਮਗਰ, ਰਸਾਇਣਵੇਤਾ, ਰਸਾਇਣਵੇਤਾ, ਰਸਾਇਣ-ਵਿਦਿਆ ਦਾ ਜਾਣੂ, ਦਵਾਸਾਜ਼, ਦਵਾਈਆਂ ਵੇਚਣ ਵਾਲਾ.

chemistry, *n.* : ਰਸਾਇਣ ਵਿਦਿਆ, ਰਸਾਇਣ, ਇਲਮ ਕੀਮੀਆ.
applied or practical c. : ਅਮਲੀ ਰਸਾਇਣ.

chemitype, *n.* : ਰਸਾਇਣੀ ਛਾਪ.

chenille, *n.* : ਸ਼ਨੀਲ (ਇੱਕ ਰੇਸ਼ਮੀ ਕਪੜਾ), ਮਖ਼ਮਲ ਦੀ ਝਾਲਰ ਜਾਂ ਡੋਰੀ.

cheque, check, *n.* : ਚੈੱਕ, ਹੁੰਡੀ (ਬੈਂਕ ਦਾ).
blank c. : ਕੋਰਾ ਚੈੱਕ, ਜਿਸ ਵਿਚ ਰਕਮ ਨਾ ਭਰੀ ਹੋਵੇ.
c. book : ਚੈੱਕਾਂ ਦੀ ਕਿਤਾਬ.
crossed c. : ਕਾਟ-ਕਪਾਟੀ ਚੈੱਕ (ਜਿਹੜਾ ਚੈੱਕ ਜਿਸ ਉੱਤੇ ਦੋ ਲੀਕਾਂ ਪਾ ਕੇ ਵਿਚ & Co. ਲਿਖ ਦੇਂਦੇ ਹਨ, ਮਤਲਬ ਇਹ ਲਿਆ ਜਾਂਦਾ ਹੈ ਕਿ ਉਸ ਦੀ ਰਕਮ ਬੈਂਕ ਵਿਚ ਜਮ੍ਹਾਂ ਹੋਵੇ, ਨਕਦ ਨਾ ਮਿਲੇ).

chequer[1], **checker**, *n.* : ਸ਼ਤਰੰਜ (ਚੌਪੜ) ਵਾਲਾ ਤਖ਼ਤਾ; ਰੰਗ-ਬਰੰਗਾ ਨਮੂਨਾ; ਚਾਰਖ਼ਾਨਾ ਕਪੜਾ.
chequerwise, *adv.* : ਸ਼ਤਰੰਜ ਵਰਗਾ, ਰੰਗ-ਬਰੰਗ ਤਰੀਕੇ ਨਾਲ.

chequer[2], **checker**, *v. t.* : ਚਾਰਖ਼ਾਨਾ ਬਣਾਉਣਾ, ਚੌਪੜ ਵਰਗਾ ਬਣਾਉਣਾ, ਰੰਗ-ਬਰੰਗਾ ਬਣਾਉਣਾ, [illegible], [illegible] ਦੇਣਾ.
chequered, *a.* : ਰੰਗ-ਬਰੰਗਾ, ਚਿਤਰ-ਮਿਤਰਾ.
chequered lot, fortune, life : ਰੰਗ-ਬਰੰਗਾ ਜੀਵਨ.

cherish, *v. t.* : ਪਾਲਣਾ ਪੋਸਣਾ, ਪਾਲਣਾ ਕਰਨੀ; ਪਿਆਰ ਨਾਲ [illegible], ਦਿਲ ਵਿੱਚ ਧਾਰ ਲੈਣੀ; ਨਿਭਾਉਣਾ, ਕਦਰ ਕਰਨੀ, [illegible].

cheroot [ਤਾਮਿਲ ਤੋਂ], *n.* : ਚੁਰਟ, ਸਿਗਾਰ.

cherry, *n.* : ਚੈਰੀ (ਇੱਕ ਗੋਲ ਨਿੱਕਾ ਜਿਹਾ, ਬੀ ਵਾਲਾ ਫਲ) ਗਿਲਾਸ, ਸ਼ਾਹ ਦਾਣਾ; (*adj.*) ਲਾਲ ਰੰਗ ਦਾ.
c.-tree : ਚੈਰੀ ਦਾ ਰੁੱਖ.
make two bites at a c. : ਝਕਣਾ, ਹਿਚਕਣਾ; ਸੁਸਤੀ ਜਾਂ ਢਿੱਲ [illegible] ਕਰਨੀ.
c.-bob : ਜੂਹਰਾ ਸ਼ਾਹ-ਦਾਣਾ, ਦੋ ਚੈਰੀਆਂ ਜੋ [illegible] ਦੋਵੇਂ ਜੁੜੀਆਂ ਹੋਣ.
c. brandy : ਚੈਰੀ ਤੋਂ ਬਣੀ ਸ਼ਰਾਬ.
c.-ripe : [illegible], 'ਸ਼ਾਹ-ਦਾਣਾ ਪੱਕਾ'.
c. lips, ribbon : ਲਾਲ ਬੁੱਲ੍ਹ, ਫ਼ੀਤਾ.
c.-pie : [illegible].
c.-wood : ਚੈਰੀ ਦੀ ਲੱਕੜ.

chert, *n.* : ਇੱਕ ਸਖ਼ਤ ਪੱਥਰ ਜਿਸ ਵਿੱਚੋਂ ਸੋਨਾ ਨਿਕਲਦਾ ਹੈ.

cherub, *n.* : ਫ਼ਰਿਸ਼ਤਾ, ਦੇਵਤਾ, (ਚਿਤਰਕਾਰੀ ਰੂਪਕ) ਖੰਭਾਂ ਵਾਲਾ ਬੱਚਾ, ਸੋਹਣਾ ਮਾਸੂਮ ਬੱਚਾ.

cherubic, *adj.* : ਫ਼ਰਿਸ਼ਤੇ ਦਾ, ਫ਼ਰਿਸ਼ਤਿਆਂ ਜਿਹਾ.

chervil, *n.* : ਬਾਗ਼ ਦੀ ਬੂਟੀ ਜੋ ਤਰੀ ਤੇ ਸਲਾਦ ਲਈ ਵਰਤੀ ਜਾਂਦੀ ਹੈ.

Cheshire, *n.* : C. cheese : ਚੈਸ਼ਾਇਰ ਦਾ ਬੜਿਆ ਪਨੀਰ.
C. cat : [illegible].

chess, *n.* : ਸ਼ਤਰੰਜ, ਚੌਪੜ, ਚੌਸਰ.
c.-board : ਸ਼ਤਰੰਜ ਦਾ ਤਖ਼ਤਾ.
c.-men : ਸ਼ਤਰੰਜ ਦੇ ਮੋਹਰੇ, ਨਰਦਾਂ, ਗੋਟਾਂ.
c.-bishop : ਫ਼ੀਲਾ.
c.-castle : ਰੁਖ਼, ਰਥ.
c.-king : ਸ਼ਾਹ.
c.-knight : ਘੋੜਾ.
c.-queen : ਵਜ਼ੀਰ.
c.-pawn : ਪਿਆਦਾ.

chessel, *n.* : ਪਨੀਰ ਬਣਾਉਣ ਦਾ ਸਾਂਚਾ.

chest, *n.* : ਪੇਟੀ, ਸੰਦੂਕ, ਮੰਜੂਸ਼ਾ, ਢੱਕਣ ਵਾਲੀ ਪੇਟੀ; ਹਿੱਕ, ਛਾਤੀ, ਸੀਨਾ.
c. of drawers : ਕਪੜੇ ਰੱਖਣ ਲਈ ਦਰਾਜ਼ਾਂ ਵਾਲਾ [illegible].
c.-note, voice : [illegible], ਭਾਰੀ ਆਵਾਜ਼.
c.-protector : ਸੀਨਾ-ਬੰਦ, ਸਦਰੀ.
c.-trouble : ਫੇਫੜਿਆਂ ਦੀ ਬੀਮਾਰੀ, ਖ਼ਾਸ ਕਰ ਕੇ [illegible] ਲੰਮੀ ਬੀਮਾਰੀ.
chested, *adj.* : ਛਾਤੀ ਦਾ, ਛਾਤੀਦਾਰ.

chesterfield, *n.* : [ਚੈਸਟਰਫ਼ੀਲਡ ਦੇ ਅਰਲ ਤੋਂ] ਇਕ ਕਿਸਮ ਦਾ [illegible], ਸੋਫ਼ਾ, ਇੱਕ ਕਿਸਮ ਦਾ [illegible].

chestnut, *n. & a.* : ਸ਼ਾਹ-ਬਲੂਤ ਦਾ ਰੁੱਖ ਤੇ ਫਲ; [illegible]; ਪੁਰਾਣੀ ਤੇ ਬੇਹੀ [illegible]; ਘੋੜੇ ਦੀ [illegible]; ਕਥਈ (ਰੰਗ), [illegible].

cheval-glass, *n.* : ਵੱਡਾ [illegible] ਸ਼ੀਸ਼ਾ.

chevalier, *n.* : ਇੱਕ ਕਿਸਮ ਦਾ ਨਾਈਟ; [illegible]; (ਪੁਰਾਣੇ ਫ਼ਰਾਂਸੀ ਅਮੀਰ [illegible]), ਸੂਰਮਾ ਸਿਪਾਹੀ.
c. of industry : [illegible].

chevaux de frise [F], : [illegible].

chevelure [F], *n.* : ਵਾਲਾਂ ਦੀ ਬਣਾਵਟ, [illegible] ਦਾ ਢੰਗ.

cheviot, *n.* : ਸ਼ੈਵੀਅਟ, ਸ਼ੈਵੀਅਟ ਪਹਾੜ ਦੀਆਂ ਭੇਡਾਂ ਦੀ ਉੱਨ ਜਾਂ ਉਸ ਤੋਂ ਬਣਿਆ ਕਪੜਾ.

chevron, *n.* : ਉਲਟੀ [V] ਸ਼ਕਲ ਦੀ, [illegible] ਦੀ ਵਰਦੀ, [illegible] ਵਾਲਾ ਅਤੇ [illegible] ਉੱਤੇ ਲਗੀ ਹੁੰਦੀ ਹੈ).

chevrotain, -tin, *n.* : ਕਸਤੂਰੀਆ ਹਰਨ, ਕਸਤੂਰੀ ਵਾਲਾ ਛੋਟਾ ਹਰਨ, [illegible].

chevy, chivy, *n. & v. & i.* : [illegible] ਇੱਕ ਖੇਡ; ਪਿੱਛਾ ਕਰਨਾ; ਤੰਗ ਕਰਨਾ.

chew, *v. t. & i. & n.* : ਚੱਬਣਾ, ਚਬਾਉਣਾ, ਚਿੱਥਣਾ; ਪੋਲਣਾ; (ਤੰਬਾਕੂ ਆਦਿ) ਮੂੰਹ ਵਿਚ ਘੋਲਣੀ; ਸੋਚਣਾ, ਵਿਚਾਰ ਕਰਨੀ, ਮਨ ਵਿੱਚ [illegible]; ਖ਼ੁਰਾਕ, ਚਬਾਈ, ਜੁਗਾਲੀ.
chew the cud : ਉਗਾਲੀ ਕਰਨੀ, ਸੋਚੀਂ ਪੈਣਾ.
chewable, *a.* : ਚਾਬੂ.
chewer, *n.* : ਚੱਬਣ ਵਾਲਾ, ਚਬਾਊ, [illegible].
chewing-gum : ਚੂਸਣਿਆ ਗੂੰਦ.

Chianti, *n.* : ਕਿਆਂਤੀ, ਇਟਲੀ ਦੀ ਲਾਲ ਰੰਗ ਦੀ ਇੱਕ ਸ਼ਰਾਬ.

chiaroscuro, *n.* : (ਚਿਤਰਕਾਰੀ ਵਿਚ) ਧੁੱਪ-ਛਾਂ; (ਸਾਹਿਤ ਵਿਚ) ਧੁੱਪ-ਛਾਂ,

ਪਿਕੈਟ, ਟਾਕਰਾ ਤੇ ਹੋਰ ਅਜੇਹੀਆਂ ਖੇਡਾਂ; ਕੁਦਰਤ ਵਿੱਚ ਧੁੰਦ-ਛਾਂ ਦੇ ਅਸਰ, ਰੰਗ-ਭਰੈਂਗੀ, ਚਾਨਣ-ਹਨੇਰ, ਅਕਸ-ਪਰਛਾਈ, ਦਾਗੋ-ਡੱਬਾ; (ਗਣੰ.) ਰੰਗ-ਬਰੰਗਾ, ਰਲਾ-ਮਿਲਿਆ.

chiasmus, *n.* : (ਵਿਆਕਰਨ) ਉਲਟਾਉ, ਇੱਕ ਉਪਵਾਕ ਦੇ ਸ਼ਬਦਾਂ ਦੀ ਤਰਤੀਬ ਦੂਜੇ ਉਪਵਾਕ ਵਿਚ ਬਦਲ ਦੇਣੀ, ਜਿਵੇਂ I am ashamed to beg ਨੂੰ ਇਉਂ ਕਹਿ ਦੇਣਾ to beg I am ashamed.

chibouk, *n.* : ਚਿਬੂਕ, ਲੰਮੀ ਤਮਾਕੂ ਨਲੀ.

chic [F], *n.* & *a.* : ਠਾਠ, ਫਬਣ, ਢੰਗ, ਸੁਚੱਜ, ਸੁਹੱਪਣ; ਸੁਹਣੀ, ਸਜ ਵਾਲੀ, ਛੈਲ.

chicane, *v. t.* & *i.* & *n.* : (ਕਾਨੂੰਨੀ ਜਾਂ ਝਗੜੇ) ਚਲਾਕੀ, ਹੇਰਾ-ਫੇਰੀ, ਛਲ; ਛਲ ਕਰਨਾ, ਧੋਖਾ ਦੇਣਾ, ਗੱਲ ਵਲਣੀ, ਹੇਰ ਫੇਰ.

chicanery, *n.* : (ਕਾਨੂੰਨੀ ਜਾਂ ਝਗੜੇ) ਚਲਾਕੀ, ਠਗਬਾਜ਼ੀ, ਹੇਰਾ ਫੇਰੀ, ਚਤਰਬਾਜ਼ੀ, ਝੂਠੀ ਦਲੀਲਬਾਜ਼ੀ.

chick, *n.* : ਚੂਚਾ, ਬੱਚਾ, ਬੋਟ, ਪੰਛੀ.

the cc. : ਚੀਜ਼ਾਂ, (ਜਿਵੇਂ ਟੱਬਰ ਦੇ) ਨਿੱਕੇ ਨਿੱਕੇ ਬੱਚੇ.

chickabiddy : ਲਾਡਲਾ, ਲਾਡ ਦੇ ਨਾਂ ... ਬੱਚੂ, ... ਮਿਨਾ, ਪੱਤਾ).

c.-weed : ਇੱਕ ਬੂਟਾ.

chick [H], *n.* : ਚਿਕ, ਕਾਨਿਆਂ ਜਾਂ ਬਾਂਸ ਦੀਆਂ ਤੀਲੀਆਂ ਦਾ ਪਰਦਾ.

chicken, *n.* (*pl.*-ens, -en) : ਚੂਚਾ, ਚੂਚੂੰਗਾ; ਚੂਚੇ; ਚੂਚੇ ਦਾ ਮਾਸ; ਬਾਲ-ਬੱਚਾ (ਖ਼ਾਸ ਕਰ ਕੇ no c. ਵਿਚ).

c.-breasted : ਜਿਸ ਦੀ ਛਾਤੀ ਚੂਚੇ ਦੀ ਤਰ੍ਹਾਂ ਨੂੰ ਵਧੀ ਹੋਈ ਹੋਵੇ.

c.-hazard : ਜੂਏ ਦੀ ਇੱਕ ਖੇਡ.

c.-heart(ed) : ਕਾਇਰ, ਡਰੂ.

c.-pox : ਕਾਕੜਾ-ਲਾਕੜਾ, ਹਲਕਾ-ਚੇਚਕ.

count one's cc. before they are hatched : ਮਨ ਦੇ ਲੱਡੂ ਖਾਣੇ, ... ਹਵਾਈ ਕਿਲੇ ਬਣਾ.

chickling, *n.* : ਮੋਠ.

chick-pea, *n.* : ਛੋਲਾ ਪੌਦਾ.

chicory, *n.* : ਕਾਸਨੀ, ਨੀਲੇ ਫੁੱਲਾਂ ਵਾਲਾ ਬੂਟਾ ਜੋ ਚਾਰੇ ਦੇ ਤੌਰ ਤੇ ਬੀਜਿਆ ਜਾਂਦਾ ਹੈ, ਜਿਸ ਦੀ ਜੜ੍ਹ ਕਾਫ਼ੀ ਦੀ ਥਾਂ ਵਰਤੀ ਜਾਂਦੀ ਹੈ.

chide, *v. t.* & *i.* : ਝਾੜਨਾ, ਝਿੜਕਣਾ, ਤਾੜਨਾ, ਗੁੱਸਾ ਕਰਨਾ, ਉਲਾਂਭਾ ਦੇਣਾ, ਘੁਰਕੀ ਦੇਣੀ, ਬੁਰਾ-ਭਲਾ ਕਹਿਣਾ, ਤਾੜਨਾ.

chief[1], *n.* : (ਕਿਸੇ) ਵਰਗ ਦਾ ਉੱਪਰਲਾ ਤੀਜਾ ਹਿੱਸਾ; ਆਗੂ, ਮੁਖੀ, ਚੌਧਰੀ, ਮੁਖੀਆ, ਸਰਦਾਰ, ਮੁੱਖ-ਅਧਿਕਾਰੀ, ਵੱਡਾ ਅਫ਼ਸਰ; ਮੀਰ, ਮਲਕ, ਰਾਜਾ.

commander-in-c. : ਜੰਗੀ ਲਾਟ, ਪ੍ਰਧਾਨ ਸੈਨਾਪਤੀ.

colonel-in-c. : ਵੱਡਾ ਫ਼ੌਜੀ ਸਰਦਾਰ, ਵੱਡਾ ਕਰਨੈਲ.

chiefDOM, : ਚੌਧਰ.

chiefSHIP, : ਸਰਦਾਰੀ, ਚੌਧਰ.

chiefESS, : ਚੌਧਰਾਣੀ, ਸਰਦਾਰਨੀ.

chief[2], *a.* & *adv.* : ਚੀਫ਼, ਮੁਖੀ, ਮੁੱਖ, ਪ੍ਰਧਾਨ, ਖ਼ਾਸ, ਵੱਡਾ; ਖ਼ਾਸ ਤੌਰ ਤੇ, ਖ਼ਾਸ ਕਰਕੇ.

c. commissioner : ਚੀਫ਼ ਕਮਿਸ਼ਨਰ, ਵੱਡਾ ਕਮਿਸ਼ਨਰ.

c. justice : ਚੀਫ਼ ਜਸਟਿਸ, ਵੱਡਾ ਜੱਜ.

c. minister : ਮੁੱਖ ਮੰਤਰੀ, ਚੀਫ਼ ਮਿਨਿਸਟਰ.

chiefly[1], *a.* : ਸਰਦਾਰੀ ਢੰਗ ਦਾ, ਅਮੀਰੀ ਢੰਗ ਦਾ, ਸਰਦਾਰੀ.

chiefly[2], *adv.* : ਸਭ ਤੋਂ ਵਧਕੇ, ਖ਼ਾਸ ਤੌਰ ਤੇ, ਚੀਫ਼ ਵਿਸ਼ੇ.

chieftain, *n.* : ਫ਼ੌਜੀ ਸਰਦਾਰ, ਸਿਪਾਹ ਸਲਾਰ; ਸਰਦਾਰ; (ਕਬੀਲੇ ਜਾਂ ਕਬੀਲਿਆਂ ਦਾ) ਆਗੂ; (ਪਹਾੜੀ ਲੋਕਾਂ ਦਾ) ਮੁਖੀਆ, ਚੌਧਰੀ.

chieftaincy, *n.* : ਚੌਧਰੀ ਜਾਂ ਸਰਦਾਰ ਦਾ ਇਲਾਕਾ, ਚੌਧਰ.

chieftainESS, *n.* : ਚੌਧਰਾਣੀ, ਸਰਦਾਰਨੀ, ਆਗੂ ਦੀ ਵਹੁਟੀ.

chieftainRY, chieftainSHIP, *n.* : ਸਰਦਾਰੀ, ਚੌਧਰ, ਮੁਖੀਪੁਣਾ, ਲੀਡਰੀ.

chiff-chaff, *n.* : ਇੱਕ ਗਾਉਣ ਵਾਲੀ ਚਿੜੀ.

chiffon [F], *n.* (ਬਹੁ. *pl.*) : ਜਨਾਨੇ ਕਪੜੇ ਦੀਆਂ ਸਜਾਵਟਾਂ ਦੀਆਂ ਚੀਜ਼ਾਂ, ਜਿਵੇਂ ਫ਼ੀਤੇ, ਝਾਲਰਾਂ ਆਦਿ.

(*sing.*) : ਪਤਲੀ ਜਾਲੀ.

chiffonier, *n.* : ਖ਼ਾਨਿਆਂ ਵਾਲੀ ਅਲਮਾਰੀ; ਮੀਜ਼ਦਾਨ.

chignon [F], *n.* : ਪਿਛਲੇ ਵਾਲਾਂ ਦੀ ਲਿਟ; ਜੂੜਾ.

chigoe, *n.* : ਪੱਛਮੀ ਹਿੰਦੁਸਤਾਨ ਦੇ ਟਾਪੂਆਂ ਦੀ ਇੱਕ ਮੱਖੀ ਜੋ ਚਮੜੀ ਦੇ ਅੰਦਰ ਧਸ ਜਾਂਦੀ ਹੈ, ਚਿੱਚੜ.

chikan [H], *n.* : ਚਿਕਨ, ਇੱਕ ਕਿਸਮ ਦਾ ਕੱਢਿਆ ਹੋਇਆ ਪਤਲਾ ਕਪੜਾ.

chilblain, *n.* : ਬਿਆਈ, ਚੰਡ (ਠੰਢ ਨਾਲ ਹੱਥਾਂ ਪੈਰਾਂ ਦਾ ਸੁੱਜਣਾ).

chilblainED, chilblainY, *a.* : ਬਿਆਈਆਂ ਵਾਲੇ, ਸੁੱਜੇ ਹੋਏ.

child, *n.* (*pl.* children) : (ਅਣ-ਜੰਮਿਆ ਜਾਂ ਨਵ-ਜੰਮਿਆ) ਮਨੁੱਖ ਦਾ ਬੱਚਾ ਜਾਂ ਬੱਚੀ; ਬੱਚਾ, ਬੱਚੜਾ, ਬਾਲਕ, ਕੱਚੀ, ਬਾਲ, ਇਆਣਾ, ਨਿਆਣਾ, ... ਔਲਾਦ, ... ਸੰਤਾਨ, ... ; ਬਾਲ-ਸੁਭਾਈ ਮਨੁੱਖ (ਬੱਚਿਆਂ ਵਾਲੀਆਂ ਆਦਤਾਂ ਵਾਲਾ ਮਨੁੱਖ); ਬੇਸਮਝ; ਪੁੱਤਰ ਜਾਂ ਧੀ (ਕਿਸੇ ਉੱਮਰ ਵਿੱਚ); ਸੰਤਾਨ, ਔਲਾਦ; ਜਾਤਕ, ਮੰਨਣ ਵਾਲਾ, ਚੇਲਾ; ਨਤੀਜਾ.

childbed : ਪਰਸੂਤ, ਜਣੇਪੇ ਦੀ ਹਾਲਤ, ਜਣੇਪਾ, ਚਿਲਾ.

childbirth : ਪੈਦਾਵਾਰੀ, ਜਣੇਪਾ.

c. of God : ਭਗਤ; ਰੱਬ ਦਾ ਬੰਦਾ, ਧਰਮਾਤਮਾ.

c. of nature : ਕੁਦਰਤੀ ਰੁਚੀ ਵਾਲਾ; ਆਦਤ, ਸੁਭਾ ਆਦਿ ਦਾ ਗ਼ੁਲਾਮ.

c. of the devil : ਸ਼ੈਤਾਨ ਦਾ ਪੁੱਤਰ; ਸ਼ੈਤਾਨ ਦੀ ਉਲਾਦ; ਦੁਸ਼ਟ.

cc. of Isaac Walton : (ਆ. ਵਾਲਟਨ ਨੇ ਮੱਛੀਆਂ ਫੜਨ ਸੰਬੰਧੀ ਕਿਤਾਬ ਲਿਖੀ ਸੀ) ਵਾਲਟਨ ਵਾਂਗ ਸ਼ੌਕ ਰੱਖਣ ਵਾਲੇ, ਮੱਛੀਆਂ ਫੜਨ ਵਾਲੇ, ਮੱਛੀਆਂ ਦੇ ਸ਼ਿਕਾਰੀ.

c.'s play : ਬਾਲ-ਖੇਡ, ਬੱਚਿਆਂ ਦੀ ਖੇਡ, ਬਹੁਤ ਸੌਖਾ ਕੰਮ.

c.'s psychology : ਬਾਲ-ਮਨੋਵਿਗਿਆਨ.

c.-widow : ਬਾਲ-ਵਿਧਵਾ.

c. wife : ਬਾਲ-ਵਹੁਟੀ, ਬਹੁਤ ਨਿੱਕੀ ਉੱਮਰ ਦੀ ਵਹੁਟੀ.

burnt child dreads fire : ਦੁੱਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰ ਮਾਰ ਪੀਂਦਾ ਹੈ, ਅੱਗ ਦਾ ਸੜਿਆ ਟਟਹਿਣੇ ਤੋਂ ਡਰਦਾ ਹੈ, ਸੱਪ ਦਾ ਡੱਸਿਆ ਰੱਸੀ ਤੋਂ ਡਰਦਾ ਹੈ.

fancy's c. : ਕਲਪਨਾ ਦਾ ਸਿੱਟਾ, ਖ਼ਿਆਲੀ ਸੰਤਾਨ.

this c. : ਦਾਸ, ਮੈਂ (ਵਿਅੰਗ ਨਾਲ).

with c. : ਗਰਭਵਤੀ, ਆਸਵੰਤੀ, ਉਮੈਦਵਾਰ, ਪੇਟ ਭਾਰੇ ਵਾਲੀ.

childLESS : ਔਂਤਰਾ, ਔਂਤਰਾ, ਔਂਤਰ-ਨਿਖੱਤਰ, ਔਂਤਰਾਂ-ਨਿਖੱਤਰਾ, ਨਿਪੁੱਤਾ, ਲਾਵਾਰਸ.

childLESSNESS : ਔਂਤ, ਔਲਾਦਹੀਣਤਾ.

children, *n. pl.* : ਬੱਚੇ, ਬਾਲ-ਬੱਚਾ, ਔਲਾਦ, ਉਲਾਦ, ਸੰਤਾਨ, ਜਾਏ, ਜਣੇ-ਜਾਏ, ਨੀਂਗਰ, ਨਿਆਣੇ, ਧੀਆਂ-ਪੁੱਤਰ, ਬਾਲ-ਪਰਿਵਾਰ, ਜਾਨ, ਪੀੜ੍ਹੀ, ਨਸਲ.

* **Childermass**, *n.* : (ਈਸਾਈਆਂ ਵਿੱਚ) ਪਵਿੱਤਰ ਮਾਸੂਮਾਂ ਦਾ ਤਿਉਹਾਰ, 28 ਦਸੰਬਰ ਦਾ ਦਿਨ.

childhood, *n.* : ਬਾਲ-ਉਮਰ, ਬਾਲ-ਅਵਸਥਾ, ਬਾਲਪਣ, ਬਚਪਣ, ਨਿਆਣੀ ਉਮਰ, ਜਨਮ ਤੋਂ ਵੱਡੇ ਹੋਣ ਤਕ ਦਾ ਸਮਾਂ.

second c. : ਬੁਢੇਪਾ, ਸਠਿਆਪਾ, ਸਠੇਪਾ, ਸਠਰੋ-ਬਹੱਤਰੇ ਹੋਣ ਦਾ ਸਮਾਂ.

childish, *a.* : ਬੱਚਿਆਂ ਦਾ, ਨਿੱਕੀ, ਹੋਛਾ, ਅਯਾਣਾ; ਬੱਚਿਆਂ ਵਰਗੀਆਂ ਆਦਤਾਂ ਵਾਲਾ (ਮਨੁੱਖ), ਨਾਦਾਨ, ਬੱਚਿਆਂ ਵਾਲਾ (ਸੁਭਾ), ਬਾਲ-ਸੁਭਾਈ.

childishLY, *adv.* : ਬੱਚਿਆਂ ਵਾਂਗ.

childishNESS, *n.* : ਮੂੰਡਪੁਣਾ, ਬਚਪਨਾ, ਇਆਣਪੁਣਾ, ਬਚੋਲਾਪਣ.

childlike, *a.* : ਬੱਚਿਆਂ ਦੇ ਗੁਣਾਂ ਵਾਲਾ, ਜਿਵੇਂ ਨਿਸ਼ਕਪਟ ਆਦਿ.

childly, *a.* & *adv.* : (ਕਵਿਤਾ) ਬੱਚਿਆਂ ਵਾਲੀ (ਗੱਲ, ਖੇਡ); ਬੱਚੇ ਦੀ ਸਹੀ, ਬੱਚਿਆਂ ਵਾਂਗ.

chiliad, *n.* : ਹਜ਼ਾਰ, ਸਹੰਸ, ਹਜ਼ਾਰ ਸਾਲ, ਦਸ-ਸਦੀ; ਹਜ਼ਾਰ-ਸਾਲਾ ਦੌਰ.

chiliasm, *n.* : ਸਹੰਸਰਵਾਦ, ਇਹ ਮਤ ਕਿ ਹਜ਼ਰਤ ਈਸਾ ਦੁਬਾਰਾ ਦੁਨੀਆਂ ਵਿਚ ਆਉਣਗੇ ਤੇ ਹਜ਼ਾਰ ਸਾਲ ਰਾਜ ਕਰਨਗੇ.

chiliast, *n.* : ਸਹੰਸਰਵਾਦੀ.

chiliastic, *adj.* : ਸਹੰਸਰਵਾਦਕ.

chill[1], *n.* : ਠੰਢ, ਠੰਡੀ, ਸੀਤ, ਸਰਦੀ, ਪਾਲਾ, ਸੀਤ, ਕਾਂਬਾ; ਉਦਾਸੀ, ਮਨ ਖਰਾਬ; ਬੇਰਸਪਣ, ਉਦਾਸੀ, ਫਿਕਾਪਣ.

cast a c. over : ਦਿਲ ਢਾਹ ਦੇਣਾ, ਠੰਢ ਪਾ ਦੇਣਾ.

catch a c. : ਸਰਦੀ, ਜ਼ੁਕਾਮ ਹੋ ਜਾਣਾ, ਠੰਢ ਲਗ ਜਾਣੀ.

liver-c. : ਜਿਗਰੀ ਠੰਢ ਦਾ ਮਰਜ਼.

take c. off water : ਪਾਣੀ ਕੋਸਾ ਕਰਨਾ.

chill[2], *a.* : ਠੰਢਾ-ਯਖ਼, ਠੰਢਾ-ਸੀਤਲ; ਠਰਿਆ ਹੋਇਆ, ਸਰਦੀ-ਮਾਰਿਆ, ਠੰਢ ਦਾ ਮਾਰਿਆ; ਰੁੱਖਾ; ਮਨ ਦਾ ਠੰਢਾ, ਬੇਰਸ, ਫਿੱਕਾ, ਉਦਾਸ, ਰੁੱਖਾ ਜਿਹਾ, ਉਤਸ਼ਾਹ-ਹੀਣ, ਜੋਸ਼-ਰਹਿਤ.

chilliness, *n.* : ਠੰਢ, ਠਰ, ਠਾਰੀ, ਸਰਦੀ, ਪਾਲਾ.

chill[3], *v. t.* & *i.* : ਠਾਰਨਾ, ਠਰਨਾ, ਠਰਵਾਉਣਾ, ਠੰਢਾ ਹੋ ਜਾਣਾ, ਠਰ ਜਾਣਾ, ਸੀਤ ਹੋ ਜਾਣਾ, ਪਾਲਾ ਲਗਣਾ, ਠੰਢ ਲਗ ਜਾਣੀ, ਸਰਦੀ ਹੋ ਜਾਣੀ, ਕਾਂਬਾ ਲਗ ਜਾਣੀ; ਮਸਤ, ਦਲਗੀਰੀ ਜਾਂ ਆਲਸੀ ਹੋਣਾ, ਦਿਲ ਢਾਹੁਣਾ, ਜੋਸ਼ ਮਾਰਨਾ, ਨਿਰਾਸ ਕਰਨਾ, ਲਾਹੇਵੰਦ ਕਰਨਾ ਜਾਂ ਹੋਣਾ, ਲੋਹਾ ਆਦਿ, ਪੰਘਰੇ ਹੋਏ ਲੋਹੇ ਨੂੰ ਠੰਢਾ ਸਾਂਚਾ ਪਾ ਕੇ ਸਖ਼ਤ ਕਰਨਾ.

chilli,-y, *n.* : ਲਾਲ ਮਿਰਚ, ਲਾਲ ਮਿਰਚ (ਸੁੱਕੀ ਹੋਈ).

green cc. : ਹਰੀਆਂ ਮਿਰਚਾਂ.

chilly[1], *a.* : ਠੰਢਾ, ਸਰਦ, ਠਰਿਆ ਹੋਇਆ; ਕੁਝ ਕੁਝ ਠੰਢਾ ਹੋਣਾ, ਫਿੱਕਾ (ਸੁਭਾ ਦਾ); ਸਰਦ-ਮਿਜ਼ਾਜ, ਪੱਥਰ-ਦਿਲ, ਅਰਸਿਕ.

chilliness, *n.* : ਠਰ, ਸਰਦੀ, ਠੰਢਕ, ਅਰਸਿਕਪੁਣਾ; (ਸੁਭਾ ਦੀ) ਖੁਸ਼ਕੀ, ਰੁੱਖਾਪਣ, ਬੇਰਸਪਣ.

chilly[2], *adv.* : ਠੰਢੀ ਤਰ੍ਹਾਂ, ਰੁੱਖੇਪਣ, ਬੇਰਸਪਣ ਨਾਲ, ਰੁੱਖਿਆਂ ਵਾਂਗ.

Chiltern Hundreds, *n. pl.* :

Apply for, accept C. H. : ਪਾਰਲੀਮੈਂਟ ਦੀ ਮੈਂਬਰੀ ਤੋਂ ਅਸਤੀਫ਼ਾ ਦੇਣਾ.

chime[1], *n.* : ਟੁਣਟੁਣ, ਇੱਕ-ਸੁਰ ਹੋਈਆਂ ਟੱਲੀਆਂ ਦਾ ਸਾਜ਼; ਟੁਣਟੁਣ, ਝਣਕਾਰ, ਤਾਲ, ਇੱਕ-ਸੁਰਤਾ, ਮੇਲ ਜੋਲ.

chime[2], *v. t.* & *i.* : (ਘੰਟੀਆਂ ਦਾ ਸੁਰ ਵਿਚ) ਵਜਣਾ ਜਾਂ ਵਜਾਉਣਾ; ਘੜੀਆਂ ਆਦਿ ਵਜਾਉਣੀਆਂ; ਟੱਲੀਆਂ ਵਜਾਉਣੀਆਂ; ਘੜਿਆਲ ਖੜਕਾਉਣਾ, ਘੰਟੀ ਵਜਾ ਕੇ ਸੱਦਣਾ; ਘੜਿਆਲ ਵਜਾ ਕੇ ਵਕਤ ਦੱਸਣਾ; ਰਟ ਲਾਉਣੀ, ਮੁੜ ਮੁੜ ਕਹੀ ਜਾਣਾ; ਇੱਕ-ਸੁਰ ਹੋਣਾ; ਸੁਰ ਮਿਲਣੀ, ਤਾਲ ਮੇਲਣਾ ਜਾਂ ਮਿਲਣਾ, ਰਾਂ ਵਿਚ ਹਾਂ ਮਿਲਣੀ, ਮਿਲਣੀ, ਆ ਮਿਲਣਾ.

chime[3], **chimb**, *n.* : ਕਿਨਾਰਾ, ਪੀਪੇ ਦੇ ਬਾਹਰ ਵਧੇ ਕੰਢੇ.

chimera,-aera, *n.* : ਇੱਕ ਦੈਂਤ ਜਿਸ ਦਾ ਸਿਰ ਸ਼ੇਰ ਵਰਗਾ, ਪਿੰਡਾ ਬੱਕਰੀ ਜਿਹਾ ਤੇ ਪੂਛ ਸੱਪ ਜਿਹੀ ਹੁੰਦੀ ਹੈ; ਹਊਆ, ਡਰਾਉਣਾ, ਹੁਲੀਆ, ਹਊਆ, ਮਨ ਦਾ ਵਹਿਮ; ਵਹਿਮ, ਅਸੰਭਵ ਕਲਪਨਾ, ਹਵਾਈ ਕਿਲ੍ਹੇ.

chimerical, *a.* : ਖ਼ਿਆਲੀ, ਵਹਿਮੀ, ਕਲਪਿਤ, ਬੇਬੁਨਿਆਦ.

chimerically, *adv.* : ਹਵਾਈ ਤੌਰ ਤੇ, ਖ਼ਿਆਲੀ ਤੌਰ ਤੇ.

chimere, *n.* : ਲਾਟ-ਪਾਦਰੀ ਦਾ ਚੋਗਾ.

chimney, *n.* : ਚਿਮਨੀ, ਚਿਮਨੀ, ਚਿਮਨੀ ਜਾਂ ਸ਼ੀਸ਼ੀ (ਲੈਂਪ ਦੀ); ਲੰਬੀ ਚਿਮਨੀ, ਭੱਠੇ ਜਾਂ ਇੰਜਨ ਵਿਚੋਂ ਧੂਆਂ ਨਿਕਲਣ ਦਾ ਰਾਹ; ਧੂੰਏਂ ਦੀ ਬੁਰਜੀ (ਜੋ ਮਕਾਨ ਦੀ ਛੱਤ ਤੋਂ ਉੱਚੀ ਕੀਤੀ ਹੋਵੇ); (ਜਵਾਲਾਮੁਖੀ ਦਾ) ਮੂੰਹ, ਮੁਹਾਰ, ਮੋਘਾ.

c.-corner : ਚੁਲ੍ਹੇ-ਮੂੰਹ ਲਾਗੇ ਦਾ.

c.-jack : ਚਿਮਨੀ ਦਾ ਫਿਰਨ ਵਾਲਾ ਗੋਲ ਟੋਪ ਜਾਂ ਢੱਕਣ.

c.-piece : ਸੰਗਤਰਾਸ਼ੀ ਦਾ ਪੱਥਰ ਜੋ ਚਿਮਨੀ ਦੇ ਉੱਪਰ ਹੁੰਦਾ ਹੈ, ਅੰਗੀਠੀ ਦਾ ਛੱਜਾ.

c.-pot : ਚਿਮਨੀ ਦੇ ਉੱਪਰ ਵਾਲੀ ਨਲੀ.

c.-stack : ਚਿਮਨੀਆਂ ਦੀ ਪਾਲ.

c.-stalk,-top : ਚਿਮਨੀ ਦਾ ਉੱਪਰਲਾ ਹਿੱਸਾ.

c.-swallow : (ਪੰਛੀ) ਅਬਾਬੀਲ.

c.-sweep,-sweeper : ਚਿਮਨੀਆਂ ਸਾਫ਼ ਕਰਨ ਵਾਲਾ (ਮਨੁੱਖ ਜਾਂ ਬੁਰਸ਼).

chimpanzee, *n.* : ਚਿੰਪਾਜ਼ੀ, ਬਨਮਾਨਸ (ਅਫ਼ਰੀਕਾ ਦਾ ਬਾਂਦਰ ਜੋ ਮਨੁੱਖ ਨਾਲ ਬਹੁਤ ਮਿਲਦਾ ਹੈ).

chin, *n.* : ਠੋਡੀ.

up to the c., c.-deep : ਠੋਡੀ-ਤਕ (ਡੁੱਬਾ ਹੋਇਆ).

chinned, *a.* : ਠੋਡੀ ਦਾ, ਵਾਲਾ.

China, *n.* : **china**, *n.* & *a.* : ਚੀਨ (ਦੇਸ), ਚੀਨੀ ਦੇ ਭਾਂਡੇ, ਚਿਤਰ ਚਿਤਰੇ ਚੀਨੀ (ਜਿਸ ਦੇ ਕਿਸਮ ਕਿਸਮ ਆਦਿ ਬਣਦੇ ਹਨ); ਚੀਨ ਦਾ; ਚੀਨੀ ਦਾ.

c.-clay : ਚੀਨੀ ਮਿੱਟੀ.

c. closet : ਚੀਨੀ ਦੇ ਭਾਂਡੇ ਰੱਖਣ ਵਾਲੀ ਅਲਮਾਰੀ.

c. crape : ਚੀਨੀ ਕਰੇਪ (ਕੱਪੜਾ).

c.-man : ਚੀਨਾ, ਚੀਨ ਦਾ ਵਸਨੀਕ.

chinamania, *n.* : ਚੀਨ-ਪ੍ਰਸਤੀ, ਚੀਨੀ ਚੀਜ਼ਾਂ ਦਾ ਸ਼ੌਕ, ਚੀਨੀ-ਪ੍ਰੇਮ.

chinamaniac, *a.* : ਚੀਨ-ਪ੍ਰੇਮੀ.

c. orange : ਖਾਸ ਸੰਗਤਰਾ.

c. root : ਚੋਬ-ਚੀਨੀ.

chinchilla, *n.* : ਚੰਚਲਾ, ਦੱਖਣੀ ਅਮਰੀਕਾ ਦਾ ਇੱਕ ਜਾਨਵਰ, ਇਸ ਜਾਨਵਰ ਦੀ ਨਰਮ ਖੱਲ.

chine[1], *n.* : ਪਿੱਠ, ਰੀੜ੍ਹ, ਰੀੜ੍ਹ ਦੀ ਹੱਡੀ ਸਮੇਤ ਮਾਸ ਦਾ ਟੁਕੜਾ; ਵਿਚਕਾਰ ਦੀ ਧਾਰ (ਪਹਾੜ ਦੀ) ਟਿੱਬਾ ਹੈ).

chine[2], *n.* : ਖੰਗਰ, ਰੀੜ੍ਹ ਦੀ ਹੱਡੀ; ਨਾਲੀ; ਦੱਰੀ.

Chinee, *n.* : (ਗਵਾਰੂ) ਚੀਨਾ.

Chinese, *a.* & *n.* (*pl.* or *sing.*) : ਚੀਨ ਦਾ ਵਸਨੀਕ ਜਾਂ ਬੋਲੀ, ਚੀਨਾ; ਚੀਨੀ.

C. lantern : ਕਾਗਜ਼ੀ ਫ਼ਾਨੂਸ.

C. white : ਚਿੱਟੀ ਚੀਨੀ; ਜਿਸਤ ਦਾ ਚਿੱਟਾ ਰੰਗ.

chink[1], *n.* : ਵਿਰਲ, ਦਰਜ਼, ਮੋਰੀ, ਝੀਤ, ਛੇਕ.

chink[2], *n.* & *v. t.* & *i.* : ਛਣਕਾਰ, ਟੁਣਕਾਰ (ਜਿਵੇਂ ਕੇ ਸ਼ੀਸ਼ਿਆਂ ਜਾਂ ਰੁਪਏ ਪੈਸੇ ਦੀ); ਛਣਕਣਾ, ਛਣਕਾਰ ਦੇਣੀ, ਟੁਣਕਣਾ, ਛਣਕਣਾ, ਟੁਣਕਾਉਣਾ; ਖੜਕਾਉਣਾ; (ਗਵਾਰੂ) ਨਕਦੀ, ਰੁਪਿਆ.

chintz, *n.* & *a.* : ਛੀਂਟ; ਛੀਂਟ ਦਾ.

chip[1], *n.* : (ਪੱਥਰ ਦਾ) ਟੋਟਾ, ਛਿਪਰਾ, ਟੁਕੜੀ, (ਲੱਕੜ ਦਾ) ਸੱਕ, ਛੋਡਾ, ਛਿਲਤਰ, ਫਿਸ, (ਆਲੂ ਦੀ) ਚਿਪ; ਕਤਰਾ, ਕਤਰੀ; (ਚੀਨੀ ਦੇ ਭਾਂਡੇ ਦੀ ਝੜੀ) ਨਿਸ਼ਾਨ, ਚਿਟਕ, ਰੁਪਇਆ, ਪੈਸਾ, ਦਮੜਾ.

c. bonnet, basket : ਚੋਗੀ ਟੋਪੀ, ਟੋਕਰੀ.

c. of, c. of old block : ਜਿਹਾ ਪਿਓ ਪੁੱਤ, ਪਿਉ ਜਿਹਾ, ਜਿਹੋ ਜਿਹੇ ਵੱਡੇ ਤਿਹੋ ਜਿਹੇ.

dry as a c. : ਸੱਕ ਵਾਂਗੂ ਸੁੱਕਾ, ਰੁੱਖਾ, ਬੇਸੁਆਦ, ਅਸਲੋਂ ਫਿੱਕਾ, ਫਿੱਕਾ.

cc. : ਜਹਾਜ਼ ਦਾ ਤਰਖਾਣ, ਠੱਪਾ.

chip[2], *v. t.* & *i.* : (ਲੱਕੜੀ) ਤੱਛਣੀ, ਛਿਲਣੀ, ਫਿਸ ਲਾਹੁਣੀ; ਸੱਕ ਲਾਹੁਣ, ਛੋਡੇ ਲਾਹੁਣੇ; ਟੋਟੇ ਕਰਨੇ; ਪੱਥਰ ਜਾਂ ਚੀਨੀ ਨੂੰ ਕੰਢੇ ਤੋਂ ਤੋੜਨਾ, ਮਰਵਾਉਣਾ, ਭੁਰਨਾ, ਖੁਰਚਣਾ; ਤੋੜਣਾ (ਜਿਵੇਂ ਆਂਡੇ ਦਾ); (ਗਵਾਰੂ) ਮਜ਼ਾਕ ਉਡਾਉਣਾ,

ਸੰਗ ਜਾਣੀਆਂ.

c. in : ਗੱਲ ਟੋਕਣੀ; ਦਖ਼ਲ ਦੇਣਾ, ਵਿਘਨ ਪਾਉਣਾ.

chip², v. t. & v. i. : ਘੋਲ ਦਾ ਦਾਅ; ਠੱਗਣਾ, ਖੋਤਾ ਮਾਰਨਾ.

chipmuck, -munk, n. : ਉੱਤਰੀ ਅਮਰੀਕਾ ਦੀ ਗਾਲ੍ਹੜ.

Chippendale, a. : ਫ਼ਰਨੀਚਰ ਦਾ ਇਕ ਵਿਸ਼ੇਸ਼ ਡਿਜ਼ਾਈਨ.

chippy, a. : ਦਰਸ਼ੀਨਾਕ, (ਸਿਲਵਾਲੀ) ਤੰਗਾ, ਫਿੱਕਾ, ਖੁਸ਼ਕ, ਬੇਸੁਆਦਾ ਚਿੜਚਿੜਾ, ਸੜੂ; ਰਾਤ ਦੀ ਟੱਟ ਵਾਲਾ, (ਨਸ਼ੇ ਪਿੱਛੋਂ) ਉਦਾਸ, ਟੁੱਟਾ-ਭੱਜਾ.

chippiness, n. : ਖੁਸ਼ਕੀ, ਨੀਰਸਪਣ, ਫਿੱਕਾਪਣ; ਚਿੜਚਿੜਾਪਣ, ਸੜੂਪਣਾ.

chir(o)-, cheir(o)- : ਅਗੇਤਰ, ਜਿਸ ਦਾ ਅਰਥ ਹੈ 'ਹੱਥ'.

chirograph, n. : ਹੱਥ-ਲਿਖਤ.

chirography, n. : ਹੱਥਾਂ ਦੀ ਲਿਖਾਈ, ਹੱਥ-ਲਿਖਾਈ.

chirology, n. : ਹੱਥ-ਬੋਲੀ, ਉਂਗਲਾਂ ਨਾਲ ਇਸ਼ਾਰੇ ਕਰ ਕੇ ਗੱਲਾਂ ਕਰਨ ਦਾ ਢੰਗ.

chiromancy, n. : ਹੱਥ-ਰੇਖਾ ਦਾ ਗਿਆਨ, ਹੱਥ ਵੇਖਣ ਦਾ ਵਿਗਿਆਨ, ਸਾਮੁਦ੍ਰਿਕ.

chiropodist, n. : ਹੱਥ-ਪੈਰੀ ਡਾਕਟਰ, ਹੱਥਾਂ ਪੈਰਾਂ ਦੀਆਂ ਬੀਮਾਰੀਆਂ ਦਾ ਡਾਕਟਰ.

chiropody, n. : ਹੱਥਾਂ ਪੈਰਾਂ ਦਾ ਇਲਾਜ.

chirp, v. i. & v. t., & n. : ਚਹਿਕਣਾ (ਚਿੜੀ ਆਦਿ ਦਾ), ਚੂੰ ਚੂੰ ਜਾਂ ਚੀਂ-ਚੀਂ ਕਰਨਾ, (ਚਿੜੀਆਂ ਦਾ) ਚਿਰ-ਚਿਰ ਕਰਨਾ; ਗਾਉਣਾ, ਗੁਣਗੁਣਾਉਣਾ.

chirpy, a. : ਹੱਸਮੁਖ, ਚੁਲਬੁਲਾ, ਖ਼ੁਸ਼ਮਿਜ਼ਾਜ, ਜ਼ਿੰਦਾਦਿਲ, ਖਿੜਿਆ, ਚਹਿਕਦਾ, ਖ਼ੁਸ਼.

chirpiness, n. : ਖ਼ੁਸ਼ਮਿਜ਼ਾਜੀ, ਖ਼ੁਸ਼ੀ; ਜ਼ਿੰਦਾਦਿਲੀ; ਚਹਿਕਣ.

chirr, v. i. & n. : ਚਿਰ-ਚਿਰ ਕਰਨਾ (ਟਿੱਡੇ ਵਾਂਗ); ਚਿਰ-ਚਿਰ, ਚਿਰੂ-ਚਿਰੂ.

chirrup, v. i. & n. : ਚੂੰਚਣਾ, ਚੂੰ-ਚੂੰ ਕਰਨਾ, ਚੂੰ-ਚੂੰ; (ਘੋੜੇ ਨੂੰ) ਪੁਚਕਾਰਨਾ, (ਬੋਲਚਾਲ) ਥੀਏਟਰ ਆਦਿ ਵਿਚ ਪੈਸੇ ਲੈ ਕੇ ਵਾਹ-ਵਾਹ ਕਰਨੀ.

chirruper, n. : ਗਾਣੇ ਦਾ ਭੇਤ, ਉਤਸ਼ਾਹ ਲਈ ਵਾਹ-ਵਾਹ ਕਰਨ ਵਾਲਾ.

chisel, n. & v. t. : ਛੈਣੀ, ਰੰਬੀ, ਰੰਦਣੀ, ਚਕ ਜਾਣਾ, ਛੈਣੀ ਆਦਿ ਨਾਲ ਲੱਕੜ, ਪੱਥਰ ਆਦਿ ਨੂੰ ਘੜਨਾ; ਘਾੜਤ ਕਰਨੀ, ਘੜਨਾ, ਘੱਟੀ ਨੂੰ ਕੱਟਣਾ, (ਬੋਲਚਾਲ) ਧੋਖਾ ਦੇਣਾ, ਠੱਗਣਾ.

chiselled features : ਤਿੱਖੇ ਨਕਸ਼, ਸੁੰਦਰ ਮੂੰਹ-ਮੱਥਾ, ਘੜੇ ਹੋਏ ਨੈਣ-ਨਕਸ਼.

cold c. : ਠੰਢੇ ਲੋਹੇ ਨੂੰ ਕੱਟਣ ਵਾਲੀ ਛੈਣੀ.

the c. : ਬੁਤਘਾੜੇ ਜਾਂ ਸੰਗਤਰਾਸ਼ ਦੀ ਛੈਣੀ; ਬੁਤਘਾੜੇ ਦਾ ਕੰਮ, ਮੂਰਤ-ਕਲਾ, ਬੁਤ ਘਾੜੀ.

chit¹, n. : ਨਿਆਣਾ (ਨਿੱਕਾ ਬੱਚਾ), ਨਿਕਚੂ, ਸ਼ਾਖ਼ ਵਿੱਚੋਂ (ਅੰਕੁਰ), ਅਯਾਣੀ ਜਾਂ ਛੋਟੀ ਉਮਰ ਦੀ ਕੁੜੀ).

c. of a girl : ਛੋਕਰੀ, ਕਿਸ਼ੋਰੀ.

chit², **chitty**, n. : [ਹਿੰਦੀ 'ਚਿੱਠੀ'] ਚਿੱਟ, ਪਰਚੀ, ਰੁੱਕਾ.

chit-chat, n. : ਗੱਲ ਬਾਤ, ਗੱਪ-ਸ਼ੱਪ, ਗੱਪਾਂ-ਸ਼ੱਪਾਂ, ਗੱਪਾਂ, ਗੱਲ-ਬਾਤ.

chitin (ki-), n. : ਕੀੜੇ, ਕੀੜੀਆਂ, ਟਿੱਡਿਆਂ ਆਦਿ ਦੇ ਖੰਭਾਂ ਦਾ ਸਿੰਗਦਾਰ ਮੈਟਰ.

chitinous, a. : ਸਖ਼ਤ ਖੋਲ ਵਾਲਾ, ਕਠੋਰ ਵਾਲਾ.

chitterling, n. (usu. pl.) : ਓਝਰੀ (ਸੂਰਾਂ ਆਦਿ ਦੀਆਂ ਆਂਦਰਾਂ, ਖਾਣ ਤੋਂ ਪਹਿਲਾਂ ਧੋਈਆਂ).

chitty : ਵੇਖੋ chit²

chivalrous, -ric, a. : ਬੀਰ ਰਸ ਸੰਬੰਧੀ, ਦਲੇਰੀ ਵਾਲਾ, ਸੂਰਮਗਤੀ ਵਾਲਾ, ਬਹਾਦਰਾਂ ਵਾਲਾ; ਬਹਾਦਰ, ਸੂਰਮਾ, ਸੂਰਾ; ਨਿਰਭਉ, ਦਿਆਲੂ, ਸਖ਼ੀ, ਜਵਾਂਮਰਦ, ਸ਼ਹੀਦੀ.

chivalrously, adv. : ਬਹਾਦਰੀ ਨਾਲ, ਸੂਰਿਆਂ ਵਾਂਗ; ਨਾਲ ਤੁਰਨ ਤੇ ਖੜੇ ਹੋ, ਦੋਸਤਾਨਾ ਹੋ ਕੇ, ਨਿਰਭਉ ਹੋ ਕੇ.

chivalry, n. : (ਪੁਰਾਤਨ) ਘੋੜ-ਸਵਾਰ; ਸਵਾਰਾਂ ਦਾ ਰਸਾਲਾ; ਬਹਾਦਰ ਸਵਾਰ; ਬਹਾਦਰ, ਸੂਰਮੇ, ਸੂਰਬੀਰ, ਨੇਕ ਮਨੁੱਖ; (ਪੁਰਾਤਨ) ਪੁਰਾਣੇ ਨਾਈਟਾਂ ਦਾ ਦੌਰ; ਪਿਛਲੇ ਸਮੇਂ ਵਿਚ ਨਾਈਟਪੁਣੇ ਦਾ ਪਰਬੰਧ, ਇਸ ਦੇ ਧਾਰਮਕ, ਸਮਾਜਕ ਤੇ ਇਖ਼ਲਾਕੀ ਨੇਮ ਕੀਮਤ ਸਨ, ਬਹਾਦਰੀ, ਸੂਰਮਿਆਂ ਦੇ ਗੁਣ (ਇਸਤਰੀ ਜਾਤੀ ਦੀ ਸੇਵਾ ਲਈ ਜੋਸ਼, ਕਮਜ਼ੋਰਾਂ ਦੀ ਹਮਾਇਤ) ਖੁਲ੍ਹ-ਦਿਲੀ.

flower of c. : ਚੋਣਵੇਂ ਬਹਾਦਰ, ਆਦਰਸ਼ਕ ਸੂਰਮਾ.

chive, **cive**, n. : ਗੰਢਿਆਂ ਦੀ ਕਿਸਮ ਦੀ ਇਕ ਬੂਟੀ.

chivy : ਵੇਖੋ chevy.

chloral, n. : c. hydrate ਦਾ ਸੰ., ਸੁੰਨ, ਸਮਾਧੀ ਤੇ ਬੇਹੋਸ਼ ਕਰਨ ਵਾਲੀ ਇੱਕ ਦਵਾਈ, ਕਲੋਰਲ.

chloralism, n. : ਸੁੰਨਤਾ, ਉਹ ਰੋਗ ਜੋ ਕਲੋਰਲ ਦੀ ਵਰਤੋਂ ਨਾਲ ਹੋਵੇ.

chloralize, v. t. : ਸੁੰਨ ਕਰਨੀ, ਉਹ ਦਵਾਈ ਦੇ ਕੇ ਬੇਹੋਸ਼ ਕਰਨਾ.

chloride, n. : (ਕੀਮਿਆਈ) ਕਲੋਰਾਈਡ, ਕਲੋਰੀਨ ਦਾ ਸੰਯੋਗ; ਰੰਗ ਉਡਾਉਣ ਵਾਲੀਆਂ ਦਵਾਈਆਂ ਜੋ ਆਮ ਵਿਚ ਕਲੋਰਾਈਡ ਹੁੰਦੀਆਂ ਹਨ.

c. of lime : ਚੂਨੇ ਦਾ ਕਲੋਰਾਈਡ.

c. of potash : ਪੋਟਾਸ਼ ਦਾ ਕਲੋਰਾਈਡ.

c. of soda : ਸੋਡੇ ਦਾ ਕਲੋਰਾਈਡ.

chlorine, n. : ਕਲੋਰੀਨ, ਅਧਾਤੀ ਤੱਤ, ਇਕ ਪੀਲੀ ਜੇਹੀ ਹਰੀ ਭਾਰੀ ਗੈਸ, ਤੇਜ਼ ਗੰਧ ਵਾਲੀ ਜ਼ਹਿਰੀਲੀ ਗੈਸ.

chlorinate, v. t. : ਕਲੋਰੀਨ ਮਿਲਾਉਣੀ.

chloro-, **chlor-** : ਰਸਾਇਣੀ ਅਤੇ ਧਾਤਾਂ ਦੇ ਸਮਾਸੀ ਸ਼ਬਦਾਂ ਦਾ ਅਗੇਤਰ, ਜਿਸ ਦਾ ਅਰਥ ਹੈ 'ਹਰਾ'.

chlorodyne, n. : ਪੀੜ-ਨਾਸ਼ਕ, ਇਕ ਦਵਾਈ ਜੋ ਪੀੜ ਹਟਾਉਂਦੀ ਹੈ, ਕਲੋਰੋਡਾਈਨ.

chloroform, n. & v. t. : ਕਲੋਰੋਫ਼ਾਰਮ, ਇਕ ਤਰਲ ਜਿਸ ਦੇ ਸੁੰਘਣ ਨਾਲ ਬੇਹੋਸ਼ੀ ਹੁੰਦੀ ਹੈ; ਕਲੋਰੋਫ਼ਾਰਮ ਸੁੰਘਾਉਣਾ, ਬੇਹੋਸ਼ ਕਰਨਾ.

chloroformist : ਕਲੋਰੋਫ਼ਾਰਮ ਸੁੰਘਾਉਣ ਵਾਲਾ.

chlorophyll, n. : ਹਰਿਆਲੀ, ਬੂਟਿਆਂ ਦੇ ਪੱਤਿਆਂ ਵਿਚ ਹਰਾ ਰੰਗ ਦੇਣ ਵਾਲਾ ਮਾਦਾ.

chlorosis, n. : ਹਰਾ ਰੋਗ, ਜਵਾਨੀਆਂ ਦੀ ਇਕ ਬੀਮਾਰੀ ਜਿਸ ਵਿਚ ਕਮਜ਼ੋਰੀ ਨਾਲ ਰੰਗ ਸਾਵਾ ਪੀਲਾ ਹੋ ਜਾਂਦਾ ਹੈ; (ਬੂਟਿਆਂ ਵਿਚ) ਧੁੱਪ ਦੀ ਘਾਟ ਕਰਕੇ ਰੰਗ ਦਾ ਪੀਲਾ ਪੈ ਜਾਣਾ, ਜਾਂ ਰੰਗ ਦਾ ਸਾਵਾ ਹੋਣਾ.

chlorotic, a. : ਹਰੇ ਰੋਗ ਦਾ ਰੋਗੀ, ਇਸ ਰੋਗ ਸੰਬੰਧੀ.

chock¹, n. : ਲੱਕੜ ਦਾ ਟੁਕੜਾ, ਅੜਣਾ ਜਾਂ ਗੁੱਟਾ (ਜੋ ਪਹੀਏ ਨੂੰ ਘੁੰਮਣ ਤੋਂ ਰੋਕਣ ਲਈ ਹੁੰਦਾ ਹੈ); (ਜਹਾਜ਼ ਉਤੇ ਕਿਸ਼ਤੀ ਨੂੰ ਟਿਕਾਉਣ ਲਈ) ਠੀਕ ਰੱਖਣ ਵਾਲਾ ਗੁੱਟਾ.

chock², v. t. & adv. : ਅੜਣੇ ਅੜਿਆਂ ਜਾਂ ਗੁੱਟਿਆਂ ਨਾਲ ਟਿਕਾ ਦੇਣਾ, ਕੱਸ ਦੇਣਾ; ਕਮਰੇ ਆਦਿ ਨੂੰ ਸਾਮਾਨ ਨਾਲ ਭਰ ਦੇਣਾ; (adv.) ਤੰਗ ਕੇ, ਘੁੱਟ ਕੇ.

chock-full, ਤੁੰਨਿਆ ਹੋਇਆ, ਠਸਾ-ਠਸ, ਨੱਕੋ-ਨੱਕ, ਭਰਿਆ ਹੋਇਆ.

c. up : ਭਰੀ ਤਰ੍ਹਾਂ ਉਪਰ ਜਾਂ ਅੰਤ ਤਕ ਭਰੇ.

chocolate, n. & a. : (ਖਾਣ ਵਾਲਾ) ਚਾਕਲੇਟ (ਪੀਣ ਵਾਲਾ) ਚਾਕਲੇਟ ਜੋ ਦੁੱਧ ਜਾਂ ਗਰਮ ਪਾਣੀ ਵਿਚ ਬਣਾਈਦਾ ਹੈ; ਗੂੜ੍ਹਾ ਭੂਰਾ ਰੰਗ; ਕਾਕੋ ਦੀ.

c. cream : ਚਾਕਲੇਟ ਦੀ ਮਠਿਆਈ (ਜਿਸ ਵਿਚ ਮਿੱਠੇ ਦੀ ਲੇਟੀ ਭਰੀ ਹੁੰਦੀ ਹੈ).

choctaw, n. : (ਸਕੇਟਿੰਗ) ਪੈਰ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਇਕ ਪੈਰ ਦੇ ਸਹਾਰੇ ਅਤੇ ਦੂਜੇ ਸਿਰੇ ਤੋਂ ਪਹਿਲੇ ਤਕ ਦੂਜੇ ਪੈਰ ਤੇ ਸਕੇਟਿੰਗ.

choice, n. : ਚੋਣ, ਪਸੰਦ, ਮਰਜ਼ੀ; ਚੁਣਨਾ, ਚੁਣਨ, ਚੋਣ ਕਰਨ ਦਾ ਹੱਕ, ਪਸੰਦ ਕਰਨ ਦਾ ਹੱਕ, ਅਖ਼ਤਿਆਰ, ਚੀਜ਼ ਜਾਂ ਮਨੁੱਖ ਜੋ ਚੁਣਿਆ ਜਾਏ; ਚੋਣਵੀਂ ਚੀਜ਼ ਜਾਂ ਮਨੁੱਖ; ਚੋਣ.

at c. : ਮਰਜ਼ੀ ਤੇ ਪਸੰਦ ਅਨੁਸਾਰ.

for c. : ਜੇ ਪਸੰਦ ਕਰਨਾ ਹੋਵੇ ਤਾਂ, ਜੇ ਦੋਵੇਂ ਮਰਜ਼ੀ ਹੋਵੇ ਤਾਂ.

have no c. : ਬਾਰੇ ਕੋਈ ਨਹੀਂ.

have no c. but : ਹੋਰ ਕੋਈ ਚਾਰਾ ਨਹੀਂ.

have one's c. : ਆਪਣੀ ਮਰਜ਼ੀ ਨਾਲ ਪਸੰਦ ਕਰਨਾ.

Hobson's c. : ਇੱਕੋ ਜਾਂ ਬੱਝੇ ਵਾਲੀ ਚੋਣ, ਜੋ ਲਵੋ ਜਾਂ ਰਾਹ ਫੜੋ.

make c. of : ਚੁਣਨਾ, ਪਸੰਦ ਕਰਨਾ.

take one's c. : ਫ਼ੈਸਲਾ ਕਰਨਾ, [illegible].

choice[2], a. : ਚੋਣਵਾਂ, ਚੁਣਵਾਂ, ਛਾਂਟਿਆ ਹੋਇਆ, ਉੱਤਮ, ਚੰਗਾ ਚੰਗਾ, ਚੰਗਾ-ਚੋਖਾ; ਨਖੇੜਾਂ, ਚੁਣਵਾਂ.

choicely, adv. : ਚੰਗੀ ਤਰ੍ਹਾਂ, ਚੁਣਵੇਂ ਢੰਗ ਨਾਲ, ਚੁਣ ਕੇ.

choiceness, n. : ਖ਼ੂਬੀ, ਗੁਣ, ਉੱਤਮਤਾਈ, ਚੁਣਵਾਈ.

choir, quire, n. & v. t. & i. : ਭਜਨ ਮੰਡਲੀ, ਚੌਂਕੀ, ਰਾਗੀਆਂ-ਸਭਾ, ਕਵਾਲ-ਮੰਡਲੀ, ਗਾਇਨ-ਮੰਡਲੀ; [illegible] (v.) ਮਿਲ ਕੇ ਗਾਉਣਾ.

choke[1], v. t. & i. & n. : ਗਲਾ ਘੁੱਟਣਾ, ਘੁੱਟਣਾ; ਸਾਹ ਘੁੱਟਣਾ, ਗਲ ਘੁੱਟਣਾ, ਗਲ ਵਿਚ ਫਸ ਜਾਣਾ; (ਪਾਣੀ, ਧੂੰਏਂ ਆਦਿ ਕਰਕੇ) ਸਾਹ ਘੁਟੀਣਾ; [illegible] ਰੁਕ ਜਾਣਾ, ਗਲ ਰੁਕਣਾ, ਬੰਦ ਜਾਣਾ; [illegible] ਦਬਾ ਕਰਕੇ [illegible]; ਵਲਵਲਿਆਂ ਨੂੰ ਰੋਕਣਾ; [illegible] ਤਰ੍ਹਾਂ ਬੰਦ ਕਰ ਦੇਣਾ, ਅਟਕਾ ਦੇਣਾ (ਨਾਲੀ ਆਦਿ ਨੂੰ ਇੱਕ ਹਿੱਸਾ ਤੰਗ ਕਰਨਾ); [illegible] ਆਦਿ ਦਾ ਪੰਧ [illegible] ਜਾਣਾ, ਖੜ-ਖੜ [illegible], ਮੂੰਹੋਂ-ਮੂੰਹ ਭਰਨਾ, ਤੁੰਨਣਾ, ਤੁੰਨਣਾ.

n. : ਦਬਵੇਂ [illegible] ਉੱਚੀ ਆਵਾਜ਼ (ਸਾਹ ਦਾ) [illegible].

c. bore : ਬੰਦੂਕ ਦੀ ਨਾਲੀ ਦਾ ਤੰਗ ਸਿਰਾ.

c.-damp : ਕਾਰਬਾਨਿਕ [illegible] ਜੋ ਖਾਣਾਂ ਜਾਂ ਖੂਹਾਂ ਵਿੱਚ ਪੈਦਾ ਹੁੰਦੀ ਹੈ.

c. off : ਰੋਕ ਦੇਣਾ, ਬੰਦ ਕਰਨਾ.

c.-pear : ਅਸਹਿ ਸ਼ਬਦ ਬੰਬ.

choke[2], n. : ਹਾਥੀ-ਚੱਕ ਦਾ [illegible].

choker, n. : ਦਮ ਘੁੱਟਣ ਵਾਲਾ, ਗਲ-ਪਟੂ, [illegible] (ਕਿ [illegible]).

choler, n. : (ਪ੍ਰਵਿਰਤਾ) ਪਿੱਤ, ਗ਼ੁੱਸਾ, [illegible], ਚਿੜਚਿੜਾਪਣ.

cholera, n. : ਹੈਜ਼ਾ, [illegible] ਇਕ ਬੀਮਾਰੀ ਜਿਸ ਵਿੱਚ [illegible] ਲਗ ਜਾਂਦੇ ਹਨ.

chicken c. : [illegible] ਕੁਕੜੀਆਂ ਦੀ ਇੱਕ ਛੂਤ ਦੀ ਬੀਮਾਰੀ.

c.-belt : [illegible] ਪੇਟੀ, ਫ਼ਲਾਲੈਣ ਜਾਂ ਰੇਸ਼ਮ ਦੀ ਪੇਟੀ ਜੋ ਹੈਜ਼ੇ ਤੋਂ ਬਚਣ ਲਈ [illegible] ਜਾਂਦੀ ਹੈ.

choleraic, a. : ਹੈਜ਼ੇ ਦਾ, ਹੈਜ਼ੇ ਵਾਲਾ.

choleric, a. : ਕ੍ਰੋਧੀ, ਚਿੜਚਿੜਾ, ਸੜੂ, ਚਿੜ੍ਹੂ, ਖਿਝਿਆ ਹੋਇਆ, ਗ਼ੁੱਸੇ.

cholerine, n. : (also -ina) : ਮਿਸੂਦਕਾ, ਹੁਲਾਸ-ਹੈਜ਼ਾ (ਗਰਮੀਆਂ ਵਿੱਚ ਹੋਣ ਵਾਲੀ [illegible] ਪਰ ਉਸੇ ਤਰ੍ਹਾਂ ਦੀ ਬੀਮਾਰੀ); [illegible] ਜੋ ਹੈਜ਼ੇ ਦੇ [illegible] ਵਿਚ ਲਗਦੇ ਹਨ.

choliamb, n. : ਵੇਖੋ scazon.

chondri-, -o- : ਅਗੇਤਰ, ਜੋ ਉਪਾਸਥੀ ਪ੍ਰਗਟਾਉਣ ਦੇ ਅਰਥਾਂ ਲਈ ਵਰਤਿਆ ਜਾਂਦਾ ਹੈ;=ਉਪਾਸਥੀ.

choose, v. t. & i. : ਚੁਣਨਾ, ਛਾਂਟਣਾ, ਚੋਣ ਕਰਨੀ, ਠੀਕ ਸਮਝਣਾ; ਫ਼ੈਸਲਾ ਕਰਨਾ (ਕੋਈ ਕੰਮ ਕਰਨ ਦਾ); ਕਰਨ ਲਈ ਚੰਗਾ ਸਮਝਣਾ, ਕਰਨ ਲਈ ਤਿਆਰ ਹੋਣਾ; ਉਚਿਤ ਜਾਪਣੀ.

cannot c. but (ਪੁਰਾਤਨ) : ਕਰਨਾ ਹੀ ਪਵੇ.

pick & c. : ਠੋਕ ਵਜਾ ਕੇ ਲੈਣਾ, ਧਿਆਨ ਨਾਲ ਚੁਣਨਾ.

nothing to choose between them : ਦੋਹਾਂ ਵਿਚ ਖ਼ਾਸ ਫ਼ਰਕ ਨਹੀਂ, ਇੱਕੋ ਜਿਹੀਆਂ ਹਨ.

chooser, n. : ਚੁਣਾਵਾ, ਚੋਣ ਵਾਲਾ, ਪਸੰਦ ਕਰਨ ਵਾਲਾ.

chop[1], v. t. & i. : ਕੱਟਣਾ, ਵੱਢਣਾ (ਨਾਲ ਕਰਕੇ ਕੁਹਾੜੇ ਨਾਲ); ਟੁਕਣਾ, ਛੋਟੇ ਟੋਟੇ ਕਰਨਾ, ਕਿੱਲ੍ਹੀ-ਕਿੱਲ੍ਹੀ ਕਰਨਾ; ਕੀਮਾ ਕਰਨਾ; (ਲਫ਼ਜ਼ਾਂ ਨੂੰ) ਕੱਟ ਕੱਟ ਕੇ ਬੋਲਣਾ.

c. at : ਟਕੋਰਾਂ ਲਾਉਣੀਆਂ, [illegible].

c. back : ਪਲਟਾ ਖਾਣਾ, ਇੱਕ-ਦਮ ਬਦਲ ਜਾਣਾ, ਮੁੜਨਾ.

c. down : ਢਾਹ ਦੇਣਾ, ਟੋਟੇ-ਟੋਟੇ ਕਰਨਾ.

c. in : ਗੱਲ ਟੋਕਣੀ, ਵਿੱਚੋਂ ਹੀ ਬੋਲ ਪੈਣਾ.

c. off, away : ਵੱਢਣਾ ਦੇਣਾ, ਇੱਕੋ ਵਾਰੀ ਵੱਢ ਦੇਣਾ.

chopping sea : ਤੂਫ਼ਾਨੀ ਸਮੁੰਦਰ.

c. through : ਚੀਰ ਕੇ ਲੰਘ ਜਾਣਾ.

c. up : ਟੋਟੇ ਟੋਟੇ ਕਰਨਾ, ਕੀਮਾ ਕਰਨਾ.

c. up, out : (ਤਹਿਆਂ, ਪਰਤਾਂ ਦਾ) ਉੱਭਰ ਆਉਣਾ.

chop[2], n. : [illegible] ਜਾਂ ਕੁਹਾੜੇ ਦੀ ਸੱਟ, ਚੋਟ, ਵਾਰ, ਮਾਸ ਦਾ ਟੋਟਾ, ਬੋਟੀ; ਸਮੁੰਦਰ ਦੀ ਤੂਫ਼ਾਨੀ ਹਿਲਜੁਲ, ਛੱਲ.

c.-house : ਸਸਤਾ ਹੋਟਲ, ਘਟੀਆ ਭੋਜਨਾਲਾ, ਢਾਬਾ.

chop[3] : ਵੇਖ chap[3].

chop[4], v. t. & i. & n. : chop & change : ਫਿਰ ਜਾਣਾ, ਬਦਲ ਜਾਣਾ, ਡੋਲਣਾ, ਡਾਵਾਂ-ਡੋਲ ਹੋਣਾ, ਬਦਲਾਉਣਾ.

c. logic : [illegible], ਘੁੰਡਦੀ ਸੰਗਿਆ ਕਰਨੀ, ਐਵੇਂ ਹੁੱਜਤਬਾਜ਼ੀ ਕਰਨੀ, ਖ਼ਾਲੀ ਵਾਦ-ਵਿਵਾਦ ਕਰਨਾ.

c. round, about : (ਹਵਾ ਦਾ) ਇੱਕ ਦਮ ਰੁਖ ਬਦਲਣਾ, [illegible].

cs. & changes : ਅਦਲਾ-ਬਦਲੀਆਂ, ਫੇਰ-ਬਦਲ, [illegible].

choppy, a. : ਛੱਲਾਂ ਵਾਲਾ (ਸਮੁੰਦਰ); ਕੰਢਿਆਂ ਵਾਲਾ (ਰੁੱਖ ਆਦਿ).

chop[5], n. : (ਹਿੰਦੁਸਤਾਨ ਤੇ ਚੀਨ ਵਿੱਚ) ਛਾਪ, ਮੋਹਰ, ਪਰਵਾਨਾ, ਰਾਹਦਾਰੀ, ਆਗਿਆ-ਪੱਤਰ; (ਚੀਨ ਵਿੱਚ) ਮਾਰਕਾ, ਵਪਾਰਕ ਚਿੰਨ੍ਹ.

first, or second-c. : (ਹਿੰਦੁਸਤਾਨ ਦੀ ਅੰਗਰੇਜ਼ੀ) ਪਹਿਲੇ ਜਾਂ ਦੂਜੇ ਦਰਜੇ ਦਾ.

chopper, n. : ਕੱਟਣ ਵਾਲਾ, ਵੱਢਣ ਵਾਲਾ, ਟੋਕਾ, ਛਵ੍ਹਾ, ਗੰਡਾਸਾ; ਕਸਾਈ ਦਾ ਛੁਰਾ.

chopstick, n. : ਚੋਪ-ਕਾਂਟਾ, ਡੁੰਗਾਰ-ਤੀਲੀ, ਹਾਥੀ-ਦੰਦ ਆਦਿ ਦੀਆਂ ਦੋ ਪਤਲੀਆਂ ਤੀਲੀਆਂ ਜਿਨ੍ਹਾਂ ਨਾਲ ਚੀਨੀ ਲੋਕ ਚਾਉਲ ਖਾਂਦੇ ਹਨ.

choral, a. : [choir ਅਤੇ chorus ਤੋਂ ਸੰਬੰਧਿਤ ਵਿਸ਼ੇਸ਼ਣ] ਕਵਾਲੀ, ਜੋਟੀਆਂ ਦਾ; ਰਲ ਕੇ ਗਾਉਣ ਦਾ; ਭਜਨ-ਮੰਡਲੀ ਦਾ, ਭਜਨ-ਮੰਡਲੀ ਦੇ ਗਾਉਣ ਵਾਲਾ.

c. service : ਚੌਂਕੀ.

full c. service : ਪੂਰੀ ਚੌਂਕੀ.

chorally, adv. : ਮਿਲ ਕੇ, ਜੋਟੀ-ਬੱਧ ਵਾਂਗ, ਸਮੇਤ ਜੋਟੀਆਂ ਨਾਲ, ਸੁਰ ਮਿਲਾ ਕੇ.

choralist, n. : ਚੌਂਕੀ ਭਰਨ ਵਾਲਾ, ਭਜਨ-ਮੰਡਲੀਆ.

chord[1], n. : ਤਾਰ, ਤੰਦੀ (ਵਾਜੇ ਦੀ), ਤੰਤੀ.

spinal c. : ਕੰਗਰੋੜ ਦੀ ਮਿਝ-ਤੰਦੀ (ਕੇਂਦਰੀ ਦਿਮਾਗ਼ੀ ਪ੍ਰਣਾਲੀ ਦਾ ਭਾਗ, ਜਿਸ ਰਾਹੀਂ ਸਰੀਰ ਦੀਆਂ ਖ਼ਬਰਾਂ ਦਿਮਾਗ਼ ਤਕ ਪਹੁੰਚਦੀਆਂ ਹਨ).

touch the right c. : ਠੀਕ ਵਲਵਲੇ ਨੂੰ ਉਭਾਰਨਾ, ਛੋਹਣਾ.

vocal c. : ਗਲੇ ਦੀਆਂ ਤਾਰਾਂ.

chord[2], n. : ਤਿੰਨ ਜਾਂ ਵਧੀਕ ਸੁਰਾਂ ਦਾ ਮੇਲ, ਸੁਰਾਂ ਦਾ ਸੁਖਦਾ ਮੇਲ.

chordal, a. : ਤਾਰ ਜਾਂ ਤੰਦੀ ਦਾ, ਤਾਰ ਜਾਂ ਤੰਦੀ ਵਰਗਾ.

chore : = chare.

chorea [L], n. : ਬੱਚਿਆਂ ਦੀ ਇੱਕ ਬੀਮਾਰੀ, ਹੌਲਦਿਲ.

choree, *n.* : = trochee, ਗੁਰ-ਮਾਤ੍ਰਾ, ਕਵਿਤਾ ਦਾ ਇੱਕ ਤੋਲ.

choreic, *a.* : [choree ਅਤੇ chorea ਦਾ ਵਿਸ਼ੇਸ਼ਣ] ਚੌਰਸੀ, ਚੌਰਸ ਦਾ ਗੁਰ-ਆਵ੍ਰਿਤ.

choreograph, *n.* : ਸੰਗੀਤ-ਨਾਚ ਦਾ ਪਰਬੰਧਕ, ਸੂਤ੍ਰਧਾਰ.

choreographer, *n.* : ਨਾਚ ਦਾ ਸੂਤ੍ਰਧਾਰ, ਪਰਬੰਧਕ.

choreographic, *a.* : ਉਸ ਪਰਬੰਧਨ ਸੰਬੰਧੀ.

choreography, *n.* : ਨਾਚ ਦਾ ਪਰਬੰਧ.

choriamb, choriambus, *n.* : ਛੰਦ ਦੀ ਇੱਕ ਚਾਲ (ਗੁਰੁ-ਲਘੁ-ਲਘੁ-ਗੁਰੁ).

choriambic, *a.* : ਉਸ ਚਾਲ ਸੰਬੰਧੀ.

choric, *a.* : [chorus ਦਾ ਵਿਸ਼ੇਸ਼ਣ] ਕੋਰਸ ਸੰਬੰਧੀ, ਕੋਰਸਾਂ ਦੀ.

chorion, *n.* : ਬੱਚੇਦਾਨੀ ਦੀ ਬਾਹਰਲੀ ਝਿੱਲੀ.

chorister, *n.* : ਕੋਰਸ ਵਾਲਾ, ਗਿਰਜੇ ਮੰਡਲੀ, ਗਾਇਕ ਵਾਲਾ.

chorography, *n.* : ਖੇਤਰ-ਭੂਗੋਲ, ਖ਼ਾਸ ਖ਼ਾਸ ਛੋਟੇ ਇਲਾਕੇ ਦਾ ਜੁਗਰਾਫ਼ੀਆ.

chorographer, *n.* : ਖੇਤਰ-ਭੂਗੋਲੀਆ, ਖੇਤਰ-ਭੂਗੋਲਕਾਰ.

chorographic, *a.* : ਖੇਤਰ-ਭੂਗੋਲਕ.

chorographical, *a.* : ਖੇਤਰ-ਭੂਗੋਲੀ.

chorographically, *adv.* : ਖੇਤਰ-ਭੂਗੋਲ ਦੇ ਢੰਗ ਨਾਲ.

choroid, *a.* & *n.* : ਬੱਚੇਦਾਨੀ ਦੀ ਬਾਹਰਲੀ ਝਿੱਲੀ ਵਰਗਾ, ਝਿੱਲੀਦਾਰ.

c. coat (or c. as noun) ਅੱਖ ਦੇ ਡੇਲੇ ਦੇ ਦੁਆਲੇ ਦੀ ਝਿੱਲੀ.

chrology, *n.* : ਜਾਤਾਂ ਜ਼ਿਲਿਆਂ ਦੀ ਸਮਾਜਕ ਗੱਲ.

chrological, *a.* : ਜ਼ਿਲਿਆਂ ਵੰਡ ਸੰਬੰਧੀ.

chortle, *v. i.* : ਨਿੰਮ੍ਹੀ ਉੱਚੀ ਗੁੜਕਣਾ.

chorus, *n.*, & *v. t.* & *i.* : ਕਵਾਲੀ, ਟੋਲੀ, ਟੋਲੀ-ਗੀਤ; ਰਲਵਾਂ ਗੀਤ, ਟੇਕ, ਅੰਤਰਾ; (ਪੁਰਾਤਨ) ਯੂਨਾਨੀ ਨਾਟਕਾਂ ਵਿੱਚ ਗਾਇਕ, ਨੱਚਣ ਵਾਲਿਆਂ ਦੀ ਮੰਡਲੀ, ਇਸ ਮੰਡਲੀ ਦਾ ਗੀਤ; ਐਲਿਜ਼ਬੈਥ ਦੇ ਵੇਲੇ ਦੇ ਨਾਟਕਾਂ ਨੂੰ ਪੇਸ਼ ਕਰਨ ਤੇ ਭਾਵ ਪੇਸ਼ ਕਰਨਾ; (ਅਨੇ) ਲੋਕਾਂ ਵਲੋਂ ਰਲ ਕੇ ਗਾਇਆ; ਮਿਲ ਕੇ ਗਾਉਣਾ, ਬੋਲਣਾ, ਕਹਿਣਾ; ਸੁਰ ਮਿਲਾ ਕੇ ਗਾਉਣਾ.

in c. : ਮਿਲ ਕੇ, ਰਲਿਆਂ ਹੋਇਆਂ (ਬੋਲਣਾ).

chose jugee [F], *n.* : (ਕਿਸੇ) ਫ਼ੈਸਲੇ ਸ਼ੁਦਾ ਗੱਲ, ਉਹ ਗੱਲ ਜਿਸ ਸੰਬੰਧੀ ਬਹਿਸ ਅਜਿਹਾ ਵਾਧੂ ਹੋਵੇ.

chose, *v. t.* & *i.* : choose ਦਾ ਭੂਤ ਕਾਲ.

chou, *n.* : ਫੁੰਮ, ਫੁੰਦਣ (ਤੀਵੀਆਂ ਦੀ ਟੋਪੀ ਆਦਿ ਪੋਸ਼ਾਕਾਂ ਦਾ) ਤਿੱਕੜ, ਗੋਭੇ ਆਦਿ ਦੀ ਸ਼ਕਲ ਦੀ ਚੀਜ਼.

chough, *n.* : ਲਾਲ ਪੈਰਾਂ ਵਾਲਾ ਕਾਂ.

chouse, *v. t.* & *n.* : ਠੱਗਣਾ, ਧੋਖਾ, ਛੱਲਣਾ, ਧੋਖਾ ਕਰਨਾ, ਮੂਰਖ ਬਣਾਉਣਾ, ਵੱਢੂ ਕਰ ਦੇਣਾ, ਠੱਗੀ, ਦਗ਼ਾ, ਧੋਖਾ, ਫ਼ਰੇਬ, ਝਾਂਸਾ.

Chow, *n.* & *a.* : [ਆਸਟ੍ਰੇਲੀਆ ਦੀ ਬੋਲਚਾਲ] ਚੀਨ ਦਾ; ਚੀਨੀ ਨਸਲ ਦਾ ਇੱਕ ਕੁੱਤਾ.

chow-chow, *n.* : [ਚੀਨੀ] ਸੰਤਰੇ ਆਦਿ ਚੀਜ਼ਾਂ ਇਕੱਠਾ ਦਾ ਚੀਨੀ ਮੁਰੱਬਾ.

chowder, *n.* : ਹੋ-ਪਿਆਜ਼, ਤਾਜ਼ੀ ਮੱਛੀ, ਸੂਰ, ਬਿਸਕੁਟ ਆਦਿ ਨਾਲ ਪਤੀਲੇ ਵਿੱਚ ਰਿੱਧਾ.

chrematistic, *a.* : ਪੈਸੇ ਕਮਾਉਣ ਦਾ, ਧਨ ਵਾਲਾ.

chrematistics, *n.* : ਪੈਸੇ ਕਮਾਉਣ ਦਾ ਗੁਣ, ਧਨ ਦਾ ਧੰਦਾ.

chrestomathy, *n.* : ਚੋਣਵੇਂ ਟੋਟਿਆਂ ਦਾ ਸੰਗ੍ਰਹਿ, ਸਾਹਿਤਕ ਗੁਲਦਸਤਾ.

chrism, *n.* : ਤੇਲ ਜੋ ਮਜ਼੍ਹਬੀ ਰਸਮਾਂ ਵੇਲੇ ਮਲਿਆ ਜਾਂਦਾ ਹੈ, ਪਵਿੱਤਰ, ਮਸੀਹੀ ਤੇਲ.

chrisom, *n.* : ਬਪਤਿਸਮੀ ਚੋਲਾ, ਮਸੀਹੀ ਕੱਪੜਾ, ਉਹ ਚਿੱਟੀ ਚਾਦਰ ਜਿਸ ਵਿੱਚ ਬਪਤਿਸਮੇ ਵੇਲੇ ਬੱਚੇ ਨੂੰ ਵਲ੍ਹੇਟਦੇ ਹਨ, ਤੇ ਜੇ ਬੱਚਾ ਇੱਕ ਮਹੀਨੇ ਦੇ ਅੰਦਰ ਮਰ ਜਾਵੇ ਤਾਂ ਉਹੀ ਚਾਦਰ ਕਫ਼ਨ ਲਈ ਵਰਤਦੇ ਹਨ.

c.-child : ਪਹਿਲੇ ਮਹੀਨੇ ਵਿੱਚ ਬੱਚਾ.

Christ, *n.* : ਹਜ਼ਰਤ ਈਸਾ, ਈਸਾ-ਮਸੀਹ.

the or a C. : ਮੁਕਤੀ-ਦਾਤਾ.

the C. child : ਮਸੀਹ ਬਾਲਕ, ਬਾਲ ਮਸੀਹ.

ChristHOOD, *n.* : ਮਸੀਹਪੁਣਾ.

ChristLESS, *a.* : ਬੇਦੀਨ, ਨਿਗੁਰਾ.

ChristLESSNESS, *n.* : ਬੇਦੀਨੀ, ਨਿਗੁਰਾਪਣ.

ChristLIKE, *a.* : ਮਸੀਹ ਰੂਪ, ਮਸੀਹ ਦੀ ਤਰ੍ਹਾਂ, ਈਸਾ ਵਾਂਙੂ.

ChristLIKENESS, *n.* : ਮਸੀਹਪੁਣਾ, ਮਸੀਹ ਵਾਲੇ ਗੁਣ.

ChristLY : ਮਸੀਹ ਦੀ ਤਰ੍ਹਾਂ.

ChristWARD, *adv.* : ਮਸੀਹ ਵੱਲ.

Christ-cross-row, *n.* (criss-) : ਵਰਣਮਾਲਾ, ਅੱਖਰ (ਪੁਰਾਣੇ ਈਸਾਈ ਕਾਇਦਿਆਂ ਵਿੱਚ).

christen, *v. t.* & *i.* : ਈਸਾਈ ਬਣਾਉਣਾ, ਬਪਤਿਸਮਾ ਦੇਣਾ, ਨਾਂ ਰੱਖਣਾ (ਬਪਤਿਸਮੇ ਵੇਲੇ ਨਾਂ ਅੱਲ ਦੇ ਤੌਰ ਤੇ); ਜਹਾਜ਼ ਆਦਿ ਦਾ ਨਾਂ ਰੱਖਣਾ.

christenING, *n.* : ਬਪਤਿਸਮਾ, ਈਸਾਈ ਦੀਖਿਆ ਦੀ ਰਸਮ.

Christendom, *n.* : ਈਸਾਈ ਲੋਕ; ਈਸਾਈ ਸੰਸਾਰ.

Christian, *a.* & *n.* : ਈਸਾਈ ਮੱਤ ਦੇ ਸੰਬੰਧ ਵਿੱਚ, ਈਸਵੀ, ਮਸੀਹੀ; ਈਸਾ ਦੇ ਮਤ ਵਾਲਾ (ਬੋਲਚਾਲ), ਸੱਭਿਅਤਾ ਵਾਲਾ ਮਨੁੱਖ, ਭਲਾਮਾਣਸ; ਮਨੁੱਖ (ਪਸ਼ੂ ਦੇ ਉਲਟ).

C. convert : ਕਿਰਾਨੀ.

C. era : ਈਸਵੀ ਸੰਨ (ਜੋ ਈਸਾ ਜੀ ਦੇ ਜਨਮ ਤੋਂ ਗਿਣਿਆ ਜਾਂਦਾ ਹੈ).

C. name : ਈਸਾਈ ਨਾਂ ਦਾ ਪਹਿਲਾ ਹਿੱਸਾ, ਬਪਤਿਸਮੇਂ ਵੇਲੇ ਰੱਖਿਆ ਨਾਂ.

C. science : ਦਵਾਈ ਤੋਂ ਬਿਨਾਂ, ਈਸਾਈ ਨਿਸਚੇ ਦੇ ਅਸਰ ਨਾਲ ਇਲਾਜ.

C. scientist : ਈਸਾਈਆਂ ਦਾ ਰੂਹਾਨੀ ਡਾਕਟਰ.

C. socialism : ਈਸਾਈ ਸਮਾਜਵਾਦ.

ChristianIZATION, *n.* : ਈਸਾਈ ਬਣਾਉਣ ਦਾ ਕੰਮ.

ChristianIZE, *v. t.* : ਈਸਾਈ ਬਣਾਉਣਾ.

ChristianLIKE, *a.* : ਚੰਗੇ ਈਸਾਈ ਵਾਂਗ, ਨੇਕ.

ChristianLY, *adv.* : ਈਸਾਈਆਂ ਵਾਂਗ.

Christianity, *n.* : ਈਸਾਈਅਤ, ਈਸਾਈ ਮੱਤ, ਈਸਾ ਜੀ ਦੇ ਮਜ਼੍ਹਬ, ਈਸਾਈਪੁਣਾ.

Christie's *n.* : ਲੰਡਨ ਦੀ ਕੋਮਲ ਕਲਾਵਾਂ ਦੀ ਦੁਕਾਨ.

Christmas, Christmasday, Xmas, *n.* : ਕ੍ਰਿਸਮਸ, (ਈਸਾਈਆਂ ਦਾ) ਵੱਡਾ ਦਿਨ, ੨੫ ਦਸੰਬਰ; ਵੱਡੇ ਦਿਨ ਦਾ, ਵੱਡੇ ਦਿਨ ਸੰਬੰਧੀ.

C.-card : ਵੱਡੇ ਦਿਨ ਦਾ ਵਧਾਈ-ਪੱਤਰ.

C.-box : ਨੌਕਰਾਂ ਨੂੰ ਵੱਡੇ ਦਿਨ ਦਾ ਇਨਾਮ.

C. eve : ਵੱਡੇ ਦਿਨ ਤੋਂ ਪਹਿਲੀ ਸ਼ਾਮ, ੨੪ ਦਸੰਬਰ.

C. number : ਰਸਾਲੇ, ਅਖ਼ਬਾਰ ਆਦਿ ਦਾ ਵੱਡੇ ਦਿਨ ਉੱਤੇ ਕੱਢਿਆ ਖ਼ਾਸ ਪਰਚਾ, ਕ੍ਰਿਸਮਸ ਨੰਬਰ.

C. present : ਵੱਡੇ ਦਿਨ ਦੀ ਸੌਗ਼ਾਤ ਜਾਂ ਤੋਹਫ਼ਾ.

C. pudding : ਵੱਡੇ ਦਿਨ ਤੇ ਬਣਾਈ ਪੁਡਿੰਗ, ਕੜਾਹ.

C. rose : ਦਸੰਬਰ ਤੋਂ ਫ਼ਰਵਰੀ ਤਕ ਖਿੜਨ ਵਾਲਾ ਚਿੱਟਾ ਗੁਲਾਬ.

C.-tide : ਵੱਡੇ ਦਿਨਾਂ ਦਾ ਸਮਾਂ, ਜੋ ੨੪ ਦਸੰਬਰ ਤੋਂ ਸ਼ੁਰੂ ਹੁੰਦਾ ਹੈ.

C.-tree : ਇੱਕ ਛੋਟਾ ਜਿਹਾ ਬੂਟਾ ਜੋ ਵੱਡੇ ਦਿਨਾਂ ਵਿੱਚ ਕਮਰੇ ਦੇ ਅੰਦਰ ਰੱਖਿਆ ਜਾਂਦਾ ਹੈ ਤੇ ਉਸ ਉੱਤੇ ਮੋਮ-ਬੱਤੀਆਂ ਤੇ ਮਠਿਆਈ ਆਦਿ ਟੰਗੇ ਹੁੰਦੇ ਹਨ.

ChristmasSY, *a.* : ਚੋਖੀ, ਵੱਡੇ ਦਿਨ ਦਾ, ਵੱਡੇ ਦਿਨ ਦੇ ਸੰਬੰਧ ਵਿੱਚ.

Christo- : ਸਮਾਸਾਂ ਦਾ ਅਗੇਤਰ ਜਿਸ ਦਾ ਅਰਥ ਹੈ 'ਈਸਾ ਦਾ'.

ChristoPHANY : ਈਸਾ ਦਾ ਅਵਤਾਰ ਧਾਰਨਾ, ਪਰਗਟ ਹੋਣਾ.

ChristoLATRY : ਈਸਾ ਦੀ ਪੂਜਾ, ਮਸੀਹ-ਪੂਜਾ.

ChristoLOGICAL : ਈਸਾਈ-ਮੱਤ ਸੰਬੰਧੀ.

ChristoloGIST : ਈਸਾਈ-ਮਤ ਦਾ ਜਾਣਕਾਰ.

christoLOGY : ਮਸੀਹੀ ਗਿਆਨ, ਈਸਾਈ ਵਿਦਿਆ.

ChristoMANIAC : ਈਸਾ ਦਾ ਪ੍ਰੇਮੀ, ਸ਼ੈਦਾਈ.

Christy minstrels, *n. pl.* : ਗੋਰੇ ਜਿਨ੍ਹਾਂ ਨੇ ਹਬਸ਼ੀਆਂ ਦਾ ਭੇਸ ਧਾਰ ਕੇ ਗਾਉਣ ਵਾਲੇ, ਗੋਰੇ ਜਿਨ੍ਹਾਂ ਦੇ ਬਹੁਰੂਪੀਏ.

chromatic, *a.* : ਰੰਗ ਨਾਲ ਭਰਿਆ ਹੋਇਆ, ਰੰਗਦਾਰ, ਗੂੜ੍ਹੇ ਰੰਗ ਦਾ.

c. printing : ਕਈ ਰੰਗਾਂ ਦੀ ਛਪਾਈ ਕਰਨ ਦਾ ਕੰਮ.

chromatics : ਰੰਗ-ਵਿਦਿਆ, ਰੰਗਾਂ ਦਾ ਗਿਆਨ, [illegible] ਸਰਗਮ ਤੋਂ ਬਾਹਰਲੀਆਂ ਸੁਰਾਂ ਵਾਲਾ.

c. scale : ਸੁਰਾਂ ਦੀ ਸਰਗਮ ਜਿਸ ਵਿੱਚ ਸ਼ਰੁਤੀਆਂ ਹੋਣ.

c. semitone : ਸਰਗਮ ਦੀ ਸ਼ਰੁਤੀ.

chromaticALLY, *adv.* : ਰੰਗ ਨਾਲ, ਰੰਗਾਂ ਦੇ ਗਿਆਨ ਨਾਲ, ਰੰਗਾਂ ਦਾ ਗਿਆਨ ਰੱਖਦਿਆਂ, ਸਰਗਮ ਦੇ ਢੰਗ ਨਾਲ.

chromato-, **chromo-** : ਸਮਾਸੀ ਅਗੇਤਰ ਰੰਗ ਦੇ ਅਰਥਾਂ ਵਿੱਚ.

chromatoLOGY : ਰੰਗਾਂ ਦਾ ਵਰਨਣ ਅਤੇ ਮੇਲ ਵਾਲੀ ਵਿਦਿਆ.

chromoPHOTOGRAPH : ਕੁਦਰਤੀ ਰੰਗਾਂ ਵਿੱਚ ਫੋਟੋ.

chromoPHOTOGRAPHY : ਕੁਦਰਤੀ ਰੰਗਾਂ ਵਿੱਚ ਫੋਟੋ ਦਾ ਹੁਨਰ.

chromoSPHERE : ਸੂਰਜ ਦੇ ਦੁਆਲੇ ਗੈਸ ਦਾ ਲਾਲ ਘੇਰਾ.

chromatrope, *n.* : ਲਾਲਟੈਣ ਵਿੱਚ ਦੋ ਰੰਗ ਸ਼ੀਸ਼ਿਆਂ ਦਾ [illegible] ਨਾਲ ਕਈ ਤਰ੍ਹਾਂ ਦੇ ਰੰਗ ਬਣਦੇ ਹਨ.

chrome, *n.* : (also c. yellow) : ਕਰੋਮ, ਪੀਲਾ ਰੰਗ, ਜੋ ਕਿ [illegible] ਬਣਦਾ ਹੈ.

c. green, orange, red : [illegible] ਬਣਨ ਵਾਲੇ ਰੰਗ, ਹਰਾ, ਸੰਤਰਾ, ਲਾਲ.

c.-lemon : ਫਿੱਕਾ ਕਰੋਮ.

deep c. : ਗੂੜ੍ਹਾ ਕਰੋਮ.

chromic, *a.* : ਕਰੋਮੀਅਮ ਦਾ.

chromium, *n.* : (ਰਸਾਇਣ) ਇੱਕ ਧਾਤ, ਕਰੋਮੀਅਮ.

chromate, *n.* : ਕਰੋਮੀਅਮ ਦਾ ਲੂਣ, ਕਰੋਮੇਟ.

chromograph, *n. & v. t.* : [illegible] ਆਦਿ ਦਾ [illegible] ਕਾਪੀਆਂ ਕਰਨ ਵਾਲਾ [illegible].

chromolithograph, **chromo** (*pl.* -os), *n.* : ਪੱਥਰ ਦੇ ਛਾਪੇ ਨਾਲ ਛਪੀ ਰੰਗਦਾਰ ਤਸਵੀਰ.

chromolithographER : ਰੰਗਾਂ ਨਾਲ ਛਾਪਣ ਵਾਲਾ.

chromolithographIC : ਪੱਥਰ ਦੇ ਛਾਪੇ ਦੀ ਰੰਗੀਨ ਛਪਾਈ ਸੰਬੰਧੀ.

chromolithography : ਰੰਗੀਨ ਛਪਾਈ ਕਰਨ ਦਾ ਹੁਨਰ.

chronic, *a.* : ਪੁਰਾਣਾ, ਦੀਰਘ, ਚਿਰਕਾਲੀ, ਲਗਾਤਾਰ (ਬਿਮਾਰੀ); (ਬਜ਼ਾਰੀ) ਡਾਢਾ, ਬਹੁਤ.

c. disease : ਦੀਰਘ ਰੋਗ.

c. doubt : ਕਦੀਮੀ ਸ਼ੱਕ.

c. rebellion : ਪੁਰਾਣੀ ਚਲੀ ਆਉਂਦੀ ਬਗ਼ਾਵਤ.

c. invalid : ਪੁਰਾਣਾ ਰੋਗੀ.

chronicALLY, *adv.* : ਆਦਤ ਹੋ ਕੇ, ਦੀਰਘ ਹੋ ਕੇ.

chronicITY, *n.* : ਦੇਰੀ, ਦੀਰਘਤਾ, ਅਸਾਧਤਾ.

chronicle, *n. & v. t.* : ਰੋਜ਼ਨਾਮਚਾ, ਰੋਜ਼ਨਾਮਾ, ਤਰੀਕਵਾਰ ਘਟਨਾਵਾਂ ਦਾ ਬਿਰਤਾਂਤ, ਸਾਖੀ, ਇਤਿਹਾਸ; (*v. t.*) ਦਰਜ ਕਰਨਾ, ਇਤਿਹਾਸ ਲਿਖਣਾ, ਰੋਜ਼ਨਾਮਚਾ ਲਿਖਣਾ.

Chronicles : ਅੰਜੀਲ ਦੀ ਪੁਰਾਤਨ ਸਾਖ ਦੇ ਦੋ ਭਾਗ.

chronicleR : ਸਾਖੀਕਾਰ, ਹਾਲ ਲਿਖਣ ਵਾਲਾ, ਇਤਿਹਾਸਕਾਰ, ਰੋਜ਼ਨਾਮਚਾ ਲਿਖਣ ਵਾਲਾ.

chronique scandaleuse [F], *n.* : ਨਿੰਦਾ ਭਰਪੂਰ, ਬਦਨਾਮ ਕਰਨ ਵਾਲੀ ਕਹਾਣੀ.

chronogram, *n.* : ਤਰੀਕ-ਪ੍ਰਗਟਾਊ ਵਾਕ, ਅਜਿਹਾ ਵਾਕ ਜਿਸ ਦੇ ਅੱਖਰਾਂ ਤੋਂ ਤਰੀਕ ਕੱਢੀ ਜਾ ਸਕੇ, ਤਰੀਖ਼.

chronogramMATIC, *a.* : ਤਰੀਕ-ਪ੍ਰਗਟਾਊ ਵਾਕ ਸੰਬੰਧੀ, ਤਰੀਖ਼ੀ ਦੇ ਢੰਗ ਦਾ.

chronograph, *n.* : ਵਕਤ ਲਿਖਣ ਵਾਲਾ ਯੰਤਰ, ਦਮ ਰੁਕਣੀ ਘੜੀ.

chronographIC, *a.* : ਵਕਤ ਦਰਜ ਵਾਲੇ ਯੰਤਰ ਦਾ, ਸੰਬੰਧੀ, [illegible].

chronology, *n.* : ਕਾਲ-ਵਿਦਿਆ, ਇਤਿਹਾਸ-ਵਿਦਿਆ, ਤਰੀਕਵਾਰ ਘਟਨਾਵਾਂ, ਤਰੀਕਵਾਰ ਲਿਖਿਆ ਹਾਲ, ਤਰੀਕ-ਵਿੱਦਿਆ, [illegible] ਜਿਸ ਵਿੱਚ ਤਰੀਕਵਾਰ ਘਟਨਾਵਾਂ ਵਿਧਪੂਰਬਕ ਲਿਖੀਆਂ; ਕਾਲ-ਕ੍ਰਮ, ਤਰੀਕ-ਕ੍ਰਮ.

chronologER, *n.* : ਇਤਿਹਾਸਕਾਰ, ਤਵਾਰੀਖ਼ ਲਿਖਣ ਵਾਲਾ, ਘਟਨਾਵਾਂ ਲਿਖਣ ਵਾਲਾ, ਜਨਮ ਲਿਖਣ ਵਾਲਾ.

chronologICAL, *a.* : ਤਰੀਕਵਾਰ; ਇਤਿਹਾਸ ਦਾ, ਇਤਿਹਾਸ ਸੰਬੰਧੀ.

chronological order : ਕਾਲ-ਕ੍ਰਮ.

chronologICALLY, *adv.* : ਤਰੀਕਾਂ ਦੇ ਹਿਸਾਬ, ਤਰੀਕਾਂ ਦੇ ਅਨੁਸਾਰ.

chronologIST, *n.* : ਇਤਿਹਾਸਕਾਰ.

chronologIZE, *v. t.* : ਘਟਨਾਵਾਂ ਨੂੰ ਤਰੀਕਵਾਰ ਲਿਖਣਾ, ਇਤਿਹਾਸ ਲਿਖਣਾ, ਰੋਜ਼ਨਾਮਚਾ ਲਿਖਣਾ.

chronometer, *n.* : ਠੀਕ ਵਕਤ ਦੇਣ ਵਾਲੀ ਘੜੀ, ਜਹਾਜ਼ੀ ਘੜੀ.

chronometry, *n.* : [illegible] ਵਕਤ ਦਾ ਠੀਕ ਮਿਣਤੀ, ਠੀਕ ਵਕਤ ਦੀ ਮਿਣਤੀ; ਠੀਕ ਵਕਤ ਦੀ ਮਿਣਤੀ ਕਰਨ ਦਾ ਗਿਆਨ.

chronometrIC(AL), *a.* : ਵਕਤ ਦੀ ਮਿਣਤੀ ਸੰਬੰਧੀ.

chronometrICALLY, *adv.* : ਵਕਤ ਦੀ ਮਿਣਤੀ ਦੇ ਹਿਸਾਬ ਨਾਲ.

chronopher, *n.* : ਬਿਜਲੀ ਨਾਲ ਠੀਕ ਵਕਤ ਦੱਸਣ ਵਾਲਾ ਜੰਤਰ.

chronoscope, *n.* : ਤੇਜ਼ ਗੋਲੀਆਂ ਦੀ ਰਫ਼ਤਾਰ ਮਿਣਨ ਵਾਲਾ ਜੰਤਰ.

chrysalis, **-id**, *n.* : ਸੰਡੀ, ਤਿਤਲੀ ਤੇ ਪਤੰਗੇ ਆਦਿ ਦੀ ਖੋਲ ਵਿਚਲੀ ਤੋਂ ਪਹਿਲਾਂ ਦੀ ਹਾਲਤ ਜਿਸ ਹਾਲਤ ਵਿੱਚ ਕੀੜੇ ਦਾ [illegible]; (ਅਲੰਕਾਰਕ) ਪੂਰਨੀ ਜਾਂ ਬਾਲਪਨ ਵਾਲੀ ਹਾਲਤ.

chrysanthemum, *n.* : ਗੁਲ-ਦਾਉਦੀ, ਸਦਾਬਹਾਰ, ਗੁਲ-ਦਾਉਦੀ ਜੋ ਨਵੰਬਰ ਦਸੰਬਰ ਵਿੱਚ ਖਿੜਦੀ ਹੈ.

land of the c. : ਜਪਾਨ.

chryselephantine, *a.* : ਸੋਨੇ ਤੇ ਹਾਥੀ-ਦੰਦ ਦੀ ਮੂਰਤ, ਜਿਸ ਵਿੱਚ ਸੋਨਾ ਤੇ ਦੰਦ ਦਿਸ ਹੁੰਦਾ ਸੀ.

chrysoberyl, *n.* : ਕੀਮਤੀ ਪੀਲਾ ਪੱਥਰ, ਜ਼ਮੱਰਦ ਆਦਿ, ਇੱਕ ਕੀਮਤੀ ਧਾਤ ਜੋ ਕੀਮਤੀ ਪੱਥਰ ਦੀ ਥਾਂ ਵਰਤੀ ਜਾਂਦੀ ਹੈ.

chrysolite, *n.* : (ਪੁਰਾਤਨ) ਕਈ ਕਿਸਮ ਦਾ ਬਹੁਤ ਹੀਰਾ, (ਹੁਣ) ਜ਼ਬਰਜਦ.

chrysoprase, *n.* : (ਪੁਰਾਤਨ) ਸੋਨੇ ਰੰਗਾ ਹਰਾ ਪੱਥਰ, (ਹੁਣ) ਪੁਖਰਾਜ.

chub, *n.* : [illegible] ਦੀ ਮੱਛੀ ਜਿਸ ਦਾ ਰੰਗ ਉਪਰੋਂ ਗੂੜ੍ਹਾ ਹੁੰਦਾ ਹੈ.

chubb, *n.* : ਇੱਕ ਕਿਸਮ ਦਾ ਤਾਲਾ (ਬਣਾਉਣ ਵਾਲੇ ਦੇ ਨਾਂ ਉੱਤੇ).

chubby, *a.* : ਭਰਿਆ ਹੋਇਆ, ਗੋਲ-ਮਟੋਲ, ਗੋਲ-ਮੂੰਹਾਂ, ਗੋਲ-ਮੂੰਹਾ, ਭਰਵੇਂ ਗੱਲ੍ਹਾਂ ਵਾਲਾ.

chubbiNESS : ਗੋਲ-ਮਟੋਲ-ਪਣ, ਮੋਟਾਪਣ.

chuck[1], *int.*, *n. & v. t.* : ਕੁੜ-ਕੁੜ ! ਚਿਕ-ਚਿਕ ! ਆਦਿ ਆਵਾਜ਼ਾਂ ਜੋ ਮੁਰਗੀਆਂ ਜਾਂ ਘੋੜਿਆਂ ਨੂੰ ਸੱਦਣ ਲਈ ਵਰਤੀਆਂ ਜਾਂਦੀਆਂ ਹਨ; ਅਜਿਹੀ ਆਵਾਜ਼ ਕੱਢਣੀ.

chuck[2], *n.* : ਲਾਡਲਾ ਬੱਚਾ; ਪਿਆਰੇ, ਬੋਲ, ਜਿੰਦ, ਭੋਲਾ ਆਦਿ.

chuckY, *n.* : ਪਿਆਰਾ, ਮਿੱਠੂ.

chuck, *v. t. & n.* : ਠੋਡੀ ਥੱਲੇ ਹੱਥ ਲਾਉਣਾ, ਸੁੱਟਣਾ, ਪਰ੍ਹੇ ਮਾਰਨਾ, ਛੱਡ ਦੇ ਮਾਰਨਾ.

c. away : ਨਾਸ ਕਰਨਾ, ਅਜਾਈਂ ਗੁਆਉਣਾ, ਐਵੇਂ ਦੇਣਾ, ਖੁਹਾਉਣਾ.

c.-farthing : ਇਕ ਖੇਡ; ਟੋਏ ਵਿਚ ਪਾਉਣ ਲਈ ਸੁੱਟਿਆ ਜਾਣ ਵਾਲਾ ਪੈਸਾ.

c. it : (ਬੋਲਚਾਲ) ਛੱਡੋ ਪਰ੍ਹੇ, ਇਸ ਗੱਲ ਨੂੰ ਜਾਣ ਦਿਓ.

c. out : ਕੱਢ ਦੇਣਾ, ਬਾਹਰ ਕਰਨਾ, ਧੱਕਾ ਦੇਣਾ, ਧੌਣੋਂ ਫੜ ਕੇ ਬਾਹਰ ਕੱਢਣਾ, ਕਿਰਨਾ.

c. up : ਛੱਡ ਦੇਣਾ, ਹਥੋਂ ਗੁਆਉਣਾ.

c. up the sponge : ਹਿੰਮਤ ਹਾਰਨੀ, ਹੱਥ ਖੜੇ ਕਰਨਾ.

chuckER-OUT, n. : ਕੱਢਣ ਵਾਲਾ, ਧੱਕੇ ਦੇਣ ਵਾਲਾ.

chuck[2], n. & v. i. : ਕੁੱਕੜ ਦੀ ਟੁੱਕ, ਸੋਹਣਾ; ਛੋਟਾ ਜਿਸ ਉੱਤੇ ਰੱਖ ਕੇ ਔਜ਼ਾਰ ਘੁਮਾਉਂਦੇ ਹਨ; (vb.) ਠੋਡੀ ਉੱਤੇ ਠੋਕਰ ਦਿਵਾਉਣੀ.

chuckle, v. i. & n. : ਅੰਦਰੇ-ਅੰਦਰੀ ਹੱਸਣਾ, ਢਿੱਡ ਵਿਚ ਹੱਸਣਾ; ਕਿਸੇ ਦੀ ਹਾਰ ਜਾਂ ਬਦਕਿਸਮਤੀ ਉੱਤੇ ਖ਼ੁਸ਼ ਹੋਣਾ; ਦੱਬੀਆਂ ਦਬਾਈਆਂ ਹਾਸੀਆਂ; ਕੁੱਕੜੀਆਂ ਦੀ ਕੁੜ-ਕੁੜ; ਕੁੱਕੜਾਂ ਵਾਂਗੂੰ ਕੁੜ-ਕੁੜ ਕਰਨਾ.

chucklehead, n., **chuckle-headed**, a. : ਮੂਰਖ, ਬੁੱਧੂ, ਕਿਲੋਲਾ, ਬੁੱਧ-ਹੀਣਾ, ਝੱਲਾ.

chukker [H], n. : (ਪੋਲੋ ਦੀ ਖੇਡ ਵਿਚ) ਚੱਕਰ, ਦੌਰ, ਖੇਡ ਦੇ ਹਿੱਸੇ.

chum, v. i. & n. : ਇਕੱਠੇ ਰਹਿਣਾ, ਪੱਕਿਆਂ ਦੋਸਤਾਂ ਨਾਲ ਰਹਿਣਾ; ਇੱਕੋ ਘਰ ਵਿਚ ਵੱਸਣਾ, ਇੱਕੋ ਕਮਰੇ ਵਿਚ ਰਹਿਣਾ, ਇਕੱਠੇ ਖਾਣਾ ਪੀਣਾ, ਆਪੋ ਵਿਚ ਮਿੱਠੇ-ਮਿੱਠੜੇ ਹੋਣਾ, ਗੂੜ੍ਹਾ ਯਾਰ, ਕੱਠਿਆਂ ਖਾਣ ਪੀਣ ਵਾਲਾ, ਕੱਠਿਆਂ ਰਹਿਣ ਵਾਲਾ, ਸਾਥੀ.

c. up : (ਬੋਲਚਾਲ) ਗੂੜ੍ਹਾ ਪਿਆਰ ਕਰਨਾ, ਮੇਲ ਜੋਲ ਵਧਾਉਣਾ, ਪ੍ਰੇਮ ਵਧਾਉਣਾ.

new c. : (ਆਸਟ੍ਰੇਲੀਆ ਵਿਚ) ਨਵਾਂ ਨਵਾਂ ਆਇਆ, ਨਵਾਂ ਯਾਰ੍ਹ.

chumMERY, n. : ਇਕੱਠਾ ਕਮਰਾ-ਮਹਿਲ, ਕੱਠਿਆਂ ਰਹਿਣ ਦੀ ਥਾਂ.

chump, n. : ਲੱਕੜ ਦਾ ਮੋਛਾ, ਮਾਸ ਦਾ ਮੋਟਾ ਟੁਕੜਾ (ਖ਼ਾਸ ਕਰਕੇ ਬਕਰੇ ਦੀ ਪੁਠ); (ਬੋਲਚਾਲ) ਸਿਰ; ਮੂਰਖ, ਬੁੱਧੂ.

off one's chump : ਸਿਰ-ਫਿਰਿਆ, ਪਾਗਲ, ਆਪੇ ਤੋਂ ਬਾਹਰ.

chunk, n. : ਮੋਟਾ ਟੋਟਾ (ਲੱਕੜ, ਰੋਟੀ, ਪਨੀਰ ਆਦਿ ਦਾ), ਲਾਂਘਾ.

church[1], n. : ਗਿਰਜਾ; ਕਲੀਸੀਆ; ਪਾਦਰੀ ਪੇਸ਼ਾ; ਕਲੀਸਿਆਈ ਸੰਸਥਾ; ਈਸਾਈ ਲੋਕ; ਨਸ਼ੇਬੰਦ ਈਸਾਈ ਧਰਮ; ਈਸਾਈ ਜਥੇਬੰਦੀ.

churchMAN, : ਗਿਰਜੇ ਦੀ ਸੰਗਤ ਦਾ ਮੈਂਬਰ.

churchMANSHIP, : ਗਿਰਜੇ ਦੀ ਸੰਗਤ ਦੀ ਮੈਂਬਰੀ.

C. militant : ਜੰਗੀ ਕਲੀਸੀਆ, ਸਮੀਰੀ ਸੰਸਥਾ, ਬੁਰਾਈ ਦੇ ਉੱਤੇ ਜੰਗ ਕਰਨ ਵਾਲੇ ਈਸਾਈ.

C. of England : ਇੰਗਲੈਂਡ ਦਾ ਕਲੀਸੀਆ, ਜੋ ਪੋਪ ਤੋਂ ਆਜ਼ਾਦ ਹੈ.

C. of Scotland : ਸਕਾਟਲੈਂਡ ਦੇ ਜਥੇਬੰਦ ਈਸਾਈ.

c. rate : ਗਿਰਜੇ ਦਾ ਚੰਦਾ, ਗਿਰਜਾ-ਕਰ.

c. service : ਈਸਾਈਆਂ ਦੀ ਪ੍ਰਾਰਥਨਾ ਦੀ ਵਿਧੀ; ਸਾਂਝੀ ਪ੍ਰਾਰਥਨਾ.

c.-text : ਕਬਰਾਂ ਉੱਤੇ ਉਕਰਨ ਵਾਲੇ ਸ਼ਾਸਤਰਾਂ ਦੇ ਵਾਕ.

c.-warden : ਗਿਰਜੇ ਦਾ ਪ੍ਰਬੰਧਕ; ਤਮਾਕੂ ਪੀਣ ਵਾਲੀ ਇਕ ਲੰਮੀ ਚਿਲਮ.

c.yard : ਗਿਰਜੇ ਦੇ ਨਾਲ ਲਗਦਾ ਅਹਾਤਾ, ਗਿਰਜੇ ਦਾ ਕਬਰਸਤਾਨ.

c.yard cough : ਮਾਰੂ ਖੰਘ, ਮਾਰ ਦੇਣ ਵਾਲੀ ਖੰਘ.

Established C. : ਉਹ ਧਾਰਮਕ ਜਥੇਬੰਦੀ ਜਿਸ ਨੂੰ ਸਰਕਾਰ ਮੰਨੇ; ਸਰਕਾਰੀ ਧਰਮ.

fat churchyard : ਮਰਦਿਆਂ ਨਾਲ ਭਰਿਆ ਹੋਇਆ ਕਬਰਸਤਾਨ; ਬਹੁਤੀਆਂ ਮੌਤਾਂ.

go into the c. : ਪਾਦਰੀ ਬਣਨਾ; ਮਜ਼੍ਹਬੀ ਕੰਮ ਕਰ ਲੈਣਾ.

go to c. : ਗਿਰਜੇ ਜਾਣਾ, ਪ੍ਰਾਰਥਨਾ ਵਿਚ ਸ਼ਾਮਲ ਹੋਣਾ.

high, low, broad c. : ਈਸਾਈਆਂ ਦੇ ਵੱਖ ਵੱਖ ਫ਼ਿਰਕੇ.

poor as a c. mouse : ਬਹੁਤ ਹੀ ਗ਼ਰੀਬ, ਕੰਗਾਲ, ਕੋੜੀਓਂ ਆਤੁਰ.

primitive c. : ਮੁੱਢਲਾ ਮਜ਼੍ਹਬ, ਮੁਢਲੀ ਮਜ਼੍ਹਬੀ ਸੰਸਥਾ.

reformed c. : ਸੁਧਾਰਿਆ ਹੋਇਆ ਕਲੀਸਾ.

-churchISM, n. : -ਮੱਤ, -ਮਜ਼੍ਹਬ.

churchLESS, a. : ਧਰਮਹੀਨ, ਬੇਮਜ਼੍ਹਬ.

churchWARD, adv. : ਗਿਰਜੇ ਵਲ, ਗਿਰਜੇ ਵਾਲੇ ਪਾਸੇ.

church[2], v. t. : ਜਣੇਪਾ ਹੋਣ ਤੋਂ ਬਾਅਦ ਜ਼ਨਾਨੀ ਨੂੰ ਗਿਰਜੇ ਲੈ ਜਾ ਕੇ ਸ਼ੁਕਰਾਨਾ ਕਰਨ ਲਈ ਲਿਜਾ ਦੇਣਾ, "ਚੰਗਾ ਹੋਣ ਤੇ" ਜਿਵੇਂ ਪੱਕਾ ਦੇਖਣ ਜਾਣਾ.

churchy, a. : ਕੱਟੜ-ਗਿਰਜੀਆ, ਗਿਰਜਈ, ਮਜ਼੍ਹਬੀ, ਪੱਕਾ ਧਰਮੀ.

churchIFY, v. t. : ਕੱਟੜ ਗਿਰਜੀਆ ਬਣਾਉਣਾ.

churchINESS : ਕੱਟੜਪੁਣਾ, ਕਲੀਸਿਆਈਅਤ.

churl, n. : ਗੰਵਾਰ, ਦਿਹਾਤੀ, ਅੱਖੜ, ਜਾਹਲ, ਖਚਰੂ, ਨੀਚ, ਕਮੀਨ, ਕੰਜੂਸ, ਬਾਂਗੜੂ, ਕੰਜੂਸ.

gentleman or c. : ਸਾਧੂ ਜਾਂ ਅਸਾਧੂ.

churlISH, a. : ਅੱਖੜ, ਗੰਵਾਰ, ਕੰਜੂਸ, ਬੇਤਮੀਜ਼.

churlISHLY, adv. : ਅੱਖੜਪੁਣੇ ਨਾਲ, ਗੰਵਾਰਾਂ ਵਾਂਗ, ਕੰਜੂਸਪੁਣੇ ਨਾਲ, ਬਦਤਮੀਜ਼ੀ ਨਾਲ.

churlISHNESS, n. : ਅੱਖੜਪੁਣਾ, ਗਵਾਰਪੁਣਾ, ਬੇਤਮੀਜ਼ੀ.

churn, n. & v. t. & i. : ਮਧਾਣੀ, ਮਧਾਣਾ; ਮੱਖਣ ਕੱਢਣਾ, ਰਿੜਕਣਾ, ਮੰਥਣ, ਝੱਗ ਉਠਾਉਣੀ; ਜੋਸ਼ ਆਉਣਾ, ਤੂਫ਼ਾਨ ਆਉਣਾ; ਇਧਰ ਉਧਰ ਹਿਲਾਉਣਾ; ਦਾਣੀ ਜਾਂ ਦੁੱਧ ਰਿੜਕਣ ਵਾਲਾ ਭਾਂਡਾ, ਚਾਟੀ; ਰਿੜਕਣਾ.

c.-dash(er), -staff : ਮਧਾਣੀ, ਮਧਾਣਾ, ਸੋਟੀ.

a churning : ਇਕ ਵਾਰ, ਰਿੜਕਾ, ਇਕ ਵਾਰ ਜਿੰਨਾ ਮੱਖਣ ਨਿਕਲੇ.

churr, v. i. & n. : ਚੁਰ ਚੁਰ ਕਰਨਾ; ਇਕ ਕਿਸਮ ਦੀ ਅਬਾਬੀਲ ਵਰਗੀ ਆਵਾਜ਼ ਕੱਢਣੀ; ਇਕ ਕਿਸਮ ਦੀ ਅਬਾਬੀਲ ਵਰਗੀ ਆਵਾਜ਼.

chut, int. : ਝਟ-ਪਟ ! ਛੇਤੀ-ਛੇਤੀ !

chute, n. : ਪਾਣੀ ਦਾ ਢਲਾਣ ਵਲ ਵਹਾਅ, ਢਲਵਾਨ-ਨਾਲੀ; ਝਰਨਾ; ਚੀਜ਼ਾਂ ਖਿਸਕਾਣ ਦੀ ਫਿਸਲਵੀਂ ਪੌੜੀ.

chutney, -nee, n. : ਚਟਣੀ.

chyle, n. : ਚੀਲ, ਚਿੱਟਾ ਦੁੱਧ ਵਰਗਾ ਰਸ ਜੋ ਪੇਟ ਦੇ ਤਿਜ਼ਾਬੀ ਰਸਾਂ ਦੇ, ਖਾਧੀ ਖ਼ੁਰਾਕ ਉੱਤੇ ਹੋਣ ਅਸਰ ਨਾਲ ਬਣਦਾ ਹੈ.

chyme, n. : ਕੈਮੂਸ ਰਸ, ਮੇਹਦੇ ਵਿਚੋਂ ਕੱਢਿਆ ਤੇਜ਼ਾਬੀ ਰਸ; ਅੱਧ-ਪੱਚੀ ਖ਼ੁਰਾਕ.

ciborium, n. : (ਪੁਰਾਤਨ) ਛੱਤਰ, ਚੰਦੋਆ; ਚੰਦੋਏ ਵਾਲੀ ਸਮਾਧ ਜਾਂ ਮੰਦਰ; ਈਸਾਈਆਂ ਦੀ ਰੋਟੀ-ਕੁਰਬਾਨੀ ਵਾਲਾ ਪਿਆਲਾ, ਢੱਕਣ ਵਾਲਾ ਪਿਆਲਾ.

cicada, **cicala**, **cigala**, n. : ਟਿੱਡਾ, ਟਿੱਡੀ.

cicatrice, **cicatrix**, n. (-ix, pl. -ices.) : ਫੱਟ ਦਾ ਨਿਸ਼ਾਨ, ਜ਼ਖ਼ਮ ਦਾ ਦਾਗ਼, ਖਰੂੰਡ, ਚੋਟ, ਰੁੱਖ ਉੱਤੇ ਪੱਤ ਝੜਨ ਦਾ ਨਿਸ਼ਾਨ; ਪੌਦਾ ਵਗਨ ਮਗਰੋਂ ਰਿਹਾ ਨਿਸ਼ਾਨ, ਖੀਂ-ਚਿੱਟੂ.

cicatricial, a. : ਖਰੂੰਡ ਸੰਬੰਧੀ, ਨਿਸ਼ਾਨ ਵਾਲਾ.

cicatricose, a. : ਦਾਗ਼ਾਂ ਨਾਲ ਭਰਿਆ ਹੋਇਆ, ਖਰੂੰਡਦਾਰ.

cicatric(u)le, n. : (ਜੀਵ-ਵਿਗਿਆਨ) ਆਂਡੇ ਦੀ ਜ਼ਰਦੀ ਉੱਤੇ ਪਿਆ ਚਿੱਟਾ ਨਿਸ਼ਾਨ ਜਿਸ ਤੋਂ ਚੂਚਾ ਪੈਦਾ ਹੁੰਦਾ ਹੈ.

cicatrize, v. t. & i. : ਜ਼ਖ਼ਮ ਭਰਨਾ, ਜ਼ਖ਼ਮ ਉੱਤੇ ਅੰਗੂਰ ਆਉਣਾ; ਅੰਗੂਰ ਪੈਣਾ, ਜ਼ਖ਼ਮ ਰਾਜ਼ੀ ਹੋਣਾ; ਦਾਗ਼ ਲਾਉਣਾ.

cicatrizATION, n. : ਜ਼ਖ਼ਮ ਭਰਨ ਦਾ ਕੰਮ; ਮੇਲਣਾ; ਦਾਗ਼ ਮਿਟਣਾ.

cicely, n. : ਇਕ ਖ਼ੁਸ਼ਬੂਦਾਰ ਬੂਟਾ.

cicerone, n. (pl. -oni, pr. -one) & v. t. : ਪੁਰਾਣੀਆਂ ਚੀਜ਼ਾਂ ਵਿਖਾਉਣ ਵਾਲਾ, ਗਾਈਡ; ਪੁਰਾਣੀਆਂ ਚੀਜ਼ਾਂ ਵਿਖਾਉਣੀਆਂ.

Ciceronian, a. & n. : [ਸਿਸਰੋ ਦੇ ਨਾਂ ਤੋਂ ਜੋ ਰੂਮ ਦਾ ਉੱਘਾ ਵਕਤਾ ਤੇ ਵਿਆਖਿਆਨਕਾਰ ਹੋਇਆ ਹੈ] ਸਿਸਰੋ ਵਾਂਗ, ਸੁਭਾਸ਼ੀਆ, ਚੰਗਾ ਵਕਤਾ, ਸਿਸਰੋ ਦੇ ਅਸੂਲਾਂ ਨੂੰ ਮੰਨਣ ਵਾਲਾ ਜਾਂ ਉਸ ਦਾ ਪ੍ਰਸ਼ੰਸਕ.

ciceronianISM, *n.* : ਸਿਸਰੋ-ਵਾਦ, ਸਿਸਰੋ ਵਰਗੀ ਸਿੱਖਤਾ ਦੀ ਪਕੜ.
cicisbeo [It.], *n.* (*pl.* -**bei**) : ਵਿਆਹੀਆਂ ਤੀਵੀਆਂ ਨੂੰ ਪਿਆਰ ਕਰਨ ਵਾਲਾ ਬਾਂਕਾ.
cicisbeISM, *n.* : ਵਿਆਹੀਆਂ ਤੀਵੀਆਂ ਨੂੰ ਪਿਆਰ ਕਰਨ ਦੀ ਵਾਦੀ.
Cid, *n.* : [ਅਰਬੀ ਸੱਯਦ].
The Cid : ਸਪੇਨ ਦੇ ਇੱਕ ਸਰਦਾਰ ਦਾ ਖ਼ਿਤਾਬ ਜੋ ੧੧ਵੀਂ ਸਦੀ ਵਿੱਚ ਹੋਇਆ ਹੈ.
-cide : ਪਿਛੇਤਰ, ਜਿਸ ਦਾ ਅਰਥ ਹੈ 'ਮਾਰਨ', 'ਘਾਤੀ', 'ਘਾਤ' ਜਾਂ 'ਘਾਤਕ'; ਜਿਵੇਂ fratricide, ਭਰਾ-ਮਾਰ, ਭਰਾਤਰੀ-ਘਾਤ.
cider, *n.* : ਸਿਓਆਂ ਦੀ ਸ਼ਰਾਬ.
c.-cup : ਇਸ ਸ਼ਰਾਬ ਦਾ ਪਿਆਲਾ, ਜਾਮ.
c.-press : ਸੇਬ-ਨਿਚੋੜ; ਸੇਬਾਂ ਦਾ ਪਾਣੀ ਕੱਢਣ ਵਾਲਾ ਜੰਤਰ.
ci-devant [F.], *a.* & *adv.* : ਪਿਛਲਾ, ਅਗਲਾ, ਪਹਿਲੇ ਸਮੇਂ ਦਾ, ਪਹਿਲਿਆਂ ਵਿੱਚ.
cigar, *n.* : ਸਿਗਾਰ, ਚੁਰਟ, ਬੀੜੀ.
c.-shaped : ਸਿਗਾਰ ਦੀ ਸ਼ਕਲ ਦਾ, ਬੀੜੀ-ਰੂਪ.
c.-holder : ਸਿਗਾਰ ਵਾਲੀ ਨਲਕੀ.
cigarette, *n.* : ਸਿਗਰੇਟ.
cilia [L.], *n. pl.* : ਪਲਕ ਦੀਆਂ ਪਲਕਾਂ, ਝਿਮਣੀਆਂ; (ਪਲਕਾਂ ਵਾਂਗ) ਪੱਤਿਆਂ ਦੀ ਝਾਲਰ; ਖ਼ੁਰਦ ਜੀਵਾਂ ਦੇ ਪਿੰਡੇ ਦੀ ਲੂੰਈਂ.
ciliARY, *a.* : ਪਲਕੀ, ਪਲਕਾਂ ਦਾ, ਪਲਕਦਾਰ; ਲੂੰਈਂਦਾਰ.
ciliATE(D) : ਪਲਕਾਂ ਵਾਲਾ, ਪਲਕਦਾਰ; ਲੂੰਆਂ ਵਾਲਾ.
ciliATION, *n.* : ਪਲਕੀਪਣ, ਲੂੰਆਂ ਦਾ ਵਧਾਅ.
cilice, *n.* : ਜਤ ਦਾ ਬਣਿਆ ਕਪੜਾ ਜਾਂ ਕੁੜਤਾ.
Cimmerian, *a.* : ਕਾਲੀ ਬੋਲੀ, ਹਨੇਰੀ (ਰਾਤ).
cinch, *n.* : [ਅਮਰੀਕਾ] ਘੋੜੇ ਦਾ ਤੰਗ; (ਗਿਰਫ਼ਤ) ਪਕੀ ਚੀਜ਼ ਪੱਕੀ ਗੱਲ.
cinchona, *n.* : ਸਿਨਕੋਨਾ ਨਾਂ ਦਾ ਇਕ ਰੁੱਖ ਜਿਸ ਦੇ ਸੱਕ ਤੋਂ ਕੁਨੀਨ ਬਣਦੀ ਹੈ; ਇਸ ਰੁੱਖ ਦਾ ਸੱਕ; ਕੁਨੀਨ, ਇਸ ਤੋਂ ਬਣੀ ਦਵਾਈ, ਜੋ ਤਾਪ-ਤੋੜ ਮੰਨੀ ਜਾਂਦੀ ਹੈ.
cinchonACEOUS, *a.* : ਸਿਨਕੋਨੀਆਂ, ਸਿਨਕੋਨੇ ਵਰਗੀ, ਸਿਨਕੋਨੇਦਾਰ.
cinchonINE, *n.* : ਸਿਨਕੋਨੇ ਤੋਂ ਬਣਿਆ ਇਕ ਦਵਾ; ਕੁਨੀਨ.
cinchonISM, *n.* : ਸਿਨਕੋਨੇ ਦਾ ਅਸਰ, ਸਿਰ ਨੂੰ ਚੱਕਰ, ਬਹਿਰੀ.
cinchonISE, *v. t.* : ਸਿਨਕੋਨੇ ਦਾ ਅਸਰ ਕਰਨਾ, ਸਿਨਕੋਨੇ ਨਾਲ ਇਲਾਜ ਕਰਨਾ, ਸਿਨਕੋਨਾ ਦੇਣਾ.
Cincinnatus, *n.* : ਇਸ ਨਾਂ ਦਾ ਇਕ ਰੋਮਨ ਸੂਰਮਾ ਜੋ ਹਲ ਵਾਹੁੰਦਾ ਡਿਕਟੇਟਰ ਬਣਾਇਆ ਗਿਆ ਸੀ; ਕੋਈ ਵੱਡਾ ਪੁਰਸ਼ ਜੋ ਕੰਮ ਸੌਂਪ ਦੇਵੇ, ਜੋ ਲੋੜ ਪਏ ਤੇ ਦੇਸ ਸੇਵਾ ਲਈ ਨਿਤਰ ਆਵੇ.
cincture, *n.* & *v. t.* : ਪੇਟੀ, ਪਟਕਾ, ਕਮਰ, ਪੇਟੀ, ਕਮਰਕੋਸਾ; ਘੇਰਾ, ਘੇਰ; ਕਾਲਾ ਜਾਂ ਪੱਟੀ ਬੰਨ੍ਹਣੀ, ਪੇਟੀ ਬੰਨ੍ਹਣੀ, ਕਮਰਕੱਸਾ ਕਸਣਾ, ਘੇਰਨਾ.
cinder, *n.* : ਧਾਤ ਦੀ ਮੈਲ; ਅਧ-ਸੜਿਆ ਕੋਲਾ; ਕੋਲੀ, ਸੁਆਹ, ਰਾਖ, ਕਿੱਟ.
c.-path : ਉਹ ਰਾਹ ਜਿਸ ਉੱਤੇ ਕੋਲੀ ਵਿਛੀ ਹੋਵੇ.
c.-sifter : ਛਾਣਨਾ ਜਿਸ ਨਾਲ ਸੁਆਹ ਵਿੱਚੋਂ ਅਧ-ਸੜੇ ਕੋਲੇ ਕਿਢੇ ਜਾਂਦੇ ਹਨ.
cindERY, *a.* : ਕੋਲਾ ਵਰਗਾ, ਕੋਲੇ ਦਾ, ਕੋਲੀ ਭਰਿਆ.
Cinderella, *n.* : ਕਹਾਣੀ ਜਿਸ ਦੀ ਇਸਤਰੀ ਹੀਰੋ, ਅਣ-ਗੌਲਿਆ ਪੁਰਸ਼.
C. dance, or C. : ਉਹ ਨਾਚ ਜੋ ਰਾਤ ਦੇ ਬਾਰਾਂ ਵਜੇ ਮੁੱਕੇ; ਛੇਤੀ-ਸਮਾਪਤੀ ਨਾਚ.
cine : ਸਮਾਸੀ ਅਗੇਤਰ ਜਿਸ ਦਾ ਅਰਥ 'ਸਿਨੇਮਾ' ਹੈ; ਜਿਵੇਂ c.-camera : ਫ਼ਿਲਮੀ ਕੈਮਰਾ.
cinema, *n.* : ਸਿਨੇਮਾ, ਚਲਦੀਆਂ ਮੂਰਤਾਂ ਵਾਲਾ ਨਾਟਕ.
cinematograph, *n.*, & *v. t.* & *i.* : ਸਿਨਮਾ ਫ਼ਿਲਮ, ਚਲਦੀਆਂ ਫਿਰਦੀਆਂ ਮੂਰਤਾਂ ਦਿਖਾਉਣ ਵਾਲੀ ਮਸ਼ੀਨ, ਅਜਿਹੀਆਂ ਫ਼ਿਲਮਾਂ ਬਣਾਉਣੀਆਂ; ਇਸ ਮਸ਼ੀਨ ਨੂੰ ਵਰਤਣਾ.
cinematographic, *a.* : ਸਿਨਮੇ ਸੰਬੰਧੀ, ਦਾ.
cinematographICALLY, *adv.* : ਸਿਨਮੇ ਦੇ ਤਰੀਕੇ ਨਾਲ, ਸਿਨਮੇ ਦੀ ਤਰ੍ਹਾਂ.
cinematography, *n.* : ਸਿਨਮੇ ਦਾ ਕੰਮ.
cineraria, *n.* : ਕਾਸ਼ਨੀ ਦੇ ਫੁੱਲਾਂ ਵਰਗਾ ਇੱਕ ਬੂਟਾ ਜਿਸ ਨੂੰ ਆਮ ਤੌਰ ਤੇ ਸ਼ੀਸ਼ੇ ਦੇ ਕਮਰੇ ਪਾਲਦੇ ਹਨ.
cinerary, *a.* : ਰਾਖ ਦਾ, ਸੁਆਹ ਦਾ, ਸੁਆਹ ਵਰਗਾ, ਰਾਖ ਜਿਹਾ.
c. urn : ਸੰਸਕਾਰ ਪਿੱਛੋਂ ਮੁਰਦਿਆਂ ਦੀ ਰਾਖ ਰੱਖਣ ਵਾਲਾ ਭਾਂਡਾ, ਫੁਲਦਾਨ.
cinereous, *a.* : ਸੁਆਹ ਦੇ ਰੰਗ ਦਾ, ਸਲੇਟੀ (ਖ਼ਾਸ ਤੌਰ ਤੇ ਪੰਛੀਆਂ ਦੇ ਖੰਭ ਬਾਬਤ).
Cingalese, *a.* & *n.* : ਲੰਕਾ ਦਾ (ਵਸਨੀਕ), ਲੰਕਾ ਦੀ (ਬੋਲੀ).
cingulum [L.], *n.* : ਪੇਟੀ, ਪਟਕਾ (ਖ਼ਾਸ ਕਰਕੇ ਰੰਗ-ਦਾਰ ਦਾ ਖ਼ਾਸ ਹਿੱਸਾ).
cinnabar, *n.* & *a.* : ਸ਼ਿੰਗਰਫ਼; ਸ਼ਿੰਗਰਫ਼ ਦਾ, ਸ਼ਿੰਗਰਫ਼ ਜਿਹਾ.
cinnamon, *n.* & *a.* : ਦਾਲਚੀਨੀ, ਮਿੱਠਾ ਸੱਕ; ਦਾਲਚੀਨੀ ਦੇ ਰੰਗ ਦਾ, ਕਸ਼ਕਾਵੀ.
c.-stone : ਦਾਲਚੀਨੀ ਦੇ ਰੰਗ ਦਾ ਗੋਮੇਦ ਪੱਥਰ.
cinnamENE, *n.* : ਸਿਨਾਮੀਨ.
cinnamoNIC, **cinnamoniC**, *a.* : ਦਾਲਚੀਨੀ ਦਾ, ਦਾਲਚੀਨੀ ਵਰਗਾ.
cinque, **cinq**, *n.* : ਚੌਪੜ ਜਾਂ ਤਾਸ਼ ਦੀ ਪੰਜੀ, ਪੰਜਾ, ਪਾਂਜਾ.
cinquecento [It.], **cinquecentist** : ਸੋਲ੍ਹਵੀਂ ਸਦੀ ਦਾ ਇਤਾਲਵੀ ਕਲਾ ਜਾਂ ਸਾਹਿਤ.
cinq(ue)foil, *n.* : ਪੰਜਪੱਤੀਆ ਬੂਟਾ, ਅਜਿਹਾ ਬੂਟਾ ਜਿਸ ਦੇ ਪੱਤਰ ਪੰਜ ਕੱਠੇ ਹੀ ਹੁੰਦੇ ਹਨ; ਇਮਾਰਤ ਵਿੱਚ ਪੰਜ-ਪੱਤੀ ਫੁੱਲ.
Cinque Ports, *n.* : ਇੰਗਲੈਂਡ ਦੇ ਦੱਖਣ-ਪੂਰਬ ਦੀਆਂ ਪੰਜ ਬੰਦਰਗਾਹਾਂ ਜਿਨ੍ਹਾਂ ਦੇ ਕੁਝ ਖ਼ਾਸ ਹੱਕ ਹਨ.
cipher[1], **cy-**, *n.* : ਬਿੰਦੀ, ਸਿਫ਼ਰ, ਸੁੰਨ; ਨਿਕੰਮਾ, ਤੁੱਛ, ਕੋਈ ਅਣਹੋਂਦ ਜਿਹਾ; ਗੁਪਤ ਲਿਪੀ, ਗੁਪਤ ਲਿਖਤ; ਜਿਵੇਂ ਅੱਖਰ ਜਾਂ ਕੁੰਜੀ ਦਾ ਇੱਕ-ਅੱਖਰੀ ਸੰਕੇਤ, ਹਰਮੋਨੀਅਮ ਆਦਿ ਵਿੱਚ ਪਰਦੇ ਦੀ ਖ਼ਰਾਬੀ ਕਰਕੇ ਇੱਕ ਸੁਰ ਦਾ ਲਗਾਤਾਰ ਆਪੇ ਵਜਦੇ ਜਾਣਾ.
cipher[2], **cy-**, *v. t.* & *i.* : ਹਿਸਾਬ ਕਰਨਾ, ਹਿਸਾਬ ਲਾਉਣਾ, ਗਿਣਨਾ; ਗੁਪਤ ਲਿਪੀ ਵਿੱਚ ਲਿਖਣਾ; ਸੁਰ ਦਾ ਆਪੇ ਵੱਜਦੇ ਜਾਣਾ.
cipolin, *n.* : ਇਟਲੀ ਦਾ ਚਿੱਟਾ ਤੇ ਹਰਾ ਸੰਗ-ਮਰਮਰ.
circa, *circiter* [L.], *prepp.* (*abbr.* c. or *circ.*) : ਲਗ-ਭਗ (ਤਰੀਕਾਂ ਨਾਲ).
Circe, *n.* : ਜਾਦੂਗਰਨੀ, ਫ਼ਰੇਬਣੀ, ਮੋਹਣੀ ਤਾਕਤ.
CirceAN, *a.* : ਜਾਦੂਗਰਨੀ ਦਾ, ਫ਼ਰੇਬ.
circinate, *a.* : ਮੁੜੀਆਂ ਹੋਈਆਂ ਪੱਤੀਆਂ ਵਾਲਾ (ਬੂਟਾ).
circle[1], *n.* : ਘੇਰਾ, ਘੇਰ, ਗੋਲਾ, ਚੱਕਰ, ਦੌਰ; ਦਾਇਰਾ, ਮੰਡਲ, ਪਿੜ, ਪਿੜੀ, ਇਹਾਤਾ, ਚੱਕਰ; ਤਰਾਗ, ਤਬਕਾ, ਲਿਸ਼ਕਾਰ, ਪੂਰਾ ਸਿਲਸਿਲਾ, ਲੜੀ; ਚੌਕੜੀ, ਜੁੰਡੀ, ਇੱਕੋ ਜਿਹੇ ਖ਼ਿਆਲਾਂ ਦੇ ਬੰਦਿਆਂ ਦਾ ਇਕੱਠ, ਜਮਾਤ, ਮੰਡਲੀ; ਇਲਾਕਾ, ਖੇਤਰ, ਅਸਰ, ਅਧਿਕਾਰ, ਹੱਦ ਦੀ ਹੱਦ.
Antaractic C. : ਦੱਖਣੀ ਹਿਮ-ਚੱਕਰ, ਦੱਖਣੀ ਧਰੁਵ ਦਾ ਘੇਰਾ.
alternative segments of c. : ਬਦਲਵੇਂ ਗੋਲਾਈ ਟੋਟੇ.
arc of a c. : ਚੱਕਰ ਦੀ ਕਮਾਨ.
Arctic C. : ਉੱਤਰੀ ਹਿਮ-ਚੱਕਰ.
come full c. : ਪੂਰਾ ਚੱਕਰ ਕੱਟਣਾ, ਉਥਾਂਈਂ ਮੁੜਨਾ.
chord of c. : ਚੱਕਰ ਦੀ ਤਾਰ, ਵਤਰ.

circumscribed c. : ਘੇਰਵਾਂ ਚੱਕਰ.

concentric cc. : ਇਕ-ਨਾਭੀ ਚੱਕਰ.

dress c. : ਥੀਏਟਰ ਵਿੱਚ ਕੁਰਸੀਆਂ ਦੀ ਪਹਿਲੀ ਪਾਲ.

escribed cc. : ਬਾਹਰ-ਨਾਭੀ ਚੱਕਰ.

great c. : ਮਹਾਂ ਚੱਕਰ.

height of the arc of c. : ਤੀਰ.

inscribed c. : ਅੰਦਰਲਾ ਚੱਕਰ.

orthogonal c. : ਸਮ-ਛੇਦ ਚੱਕਰ.

quadrant of c. : ਚੱਕਰ ਦੀ ਚੌਥ.

sector of c. : ਚੱਕਰ ਦੀ ਕਾਤਰ.

semi-c. : ਅੱਧ ਚੱਕਰ.

small c. : ਛੋਟਾ ਚੱਕਰ.

square the c. : ਅਸ-ਮਰੱਥਾ ਅਜ਼ਮਾਉਣਾ, ਦਿੱਤੇ ਚੱਕਰ ਦੇ ਬਰਾਬਰ ਦਾ ਵਰਗ ਕੱਢਣਾ; ਅਣਹੋਣੀਆਂ ਗੱਲਾਂ ਕਰਨ ਦਾ ਜਤਨ ਕਰਨਾ.

upper c. : ਥੀਏਟਰ ਵਿੱਚ ਕੁਰਸੀਆਂ ਦੀ ਦੂਜੀ ਪਾਲ; ਮਹਿੰਗੀ ਥਾਂ, ਉੱਚੇ ਦਰਜੇ ਦੇ ਲੋਕ.

vicious c. : ਕਿਸੇ ਗੱਲ ਨੂੰ ਅਜਿਹੀ ਦਲੀਲ ਨਾਲ ਸਾਬਤ ਕਰਨ ਦਾ ਜਤਨ, ਜੋ ਆਪ ਹੀ ਸਾਬਤ ਨਹੀਂ ਉਸ ਗੱਲ ਦੀ ਮੁਥਾਜ ਹੋਵੇ, ਇਕ ਮੰਦੀ ਗੱਲ ਵਿਚੋਂ ਦੂਜੀ ਮੰਦੀ ਗੱਲ ਦਾ ਨਿਕਲਣਾ, ਗੇੜ-ਚੱਕਰ.

circle², *v. t. & i.* : ਗੁਲਾਈ ਦੇਣਾ; ਘੇਰਨਾ, ਘੇਰੇ ਲੈਣਾ, ਘੇਰਾ ਘੱਤਣਾ; ਦੁਆਲੇ ਫਿਰਨਾ, ਘੇਰੇ ਜਾਣਾ; (ਸ਼ਰਾਬ ਆਦਿ ਦਾ) ਗੇੜ ਚਲਣਾ; ਚੱਕਰ ਖਾਣਾ, ਘੁੰਮਣਾ, (ਫ਼ੌਜ) ਇਕ ਪੈ ਜਾਂ ਦੂਜੇ ਪਾਸੇ ਤੋਂ ਹਮਲਾ ਕਰਨਾ, ਗਿਰਦੇ ਹੋ ਜਾ ਪੈਣਾ.

circled, *p. p.* : ਚੱਕਰਦਾਰ, ਗੋਲ, ਘੇਰੇ ਵਿੱਚ.

circlet, *n.* : ਛੋਟਾ ਚੱਕਰ, ਛੱਲਾ, ਪੱਟੀ, ਕਾਂਟੇਦਾਰ; ਪਟਕਾ (ਆਮ ਤੌਰ ਤੇ ਸੁਨਹਿਰੀ ਤੇ ਜੜਤ ਜੋ ਸਿਰ ਤੇ ਬੰਧਾ ਜਾਂਦਾ ਸੀ).

circuit, *n.* : ਘੇਰਾ, ਚੱਕਰ, ਆਲਾ-ਦੁਆਲਾ; ਦੌਰ; ਚਾਰ ਘੇਰ; ਚੱਕਰ ਦੇ ਅੰਦਰ ਦਾ ਰਕਬਾ, ਦੌਰਾ, ਚੱਕਰ, ਫੇਰ, ਹਲਕਾ; ਜ਼ੋਨ; ਅਦਾਲਤੀ ਦੌਰੇ ਦਾ ਇਲਾਕਾ; ਬਿਜਲੀ ਦਾ ਲਾਂਘਾ ਜਾਂ ਚੱਕਰ.

short c. : ਬਿਜਲੀ ਦਾ ਲਾਂਘਾ ਛੋਟਾ ਹੋਣਾ, ਨੇੜਲਾ ਵਾਲਾ ਚੱਕਰ.

to make a c. : ਚੱਕਰ ਮਾਰਨਾ, ਦਸਾ ਮਾਰਨਾ, ਫੇਰ ਖਾਣਾ.

circuitous, *a.* : ਵਿੰਗ-ਵਲੇ; ਚਕਦਾਰ, ਫੇਰਵਾਂ, ਵਲਾਵੇਂਦਾਰ, ਵਲਾਵਾਂ.

circuitousLY, *adv.* : ਵਲ ਨਾਲ, ਫੇਰਾ ਮਾਰ ਕੇ, ਚੱਕਰ ਖਾ ਕੇ.

circuitousNESS, *n.* : ਫੇਰ, ਫੇਰ-ਘੇਰ, ਚੱਕਰ, ਵਲ, ਗੇੜ.

circular, *a. & n.* : ਗੋਲ, ਗੁਲਾਈਦਾਰ; ਘੇਰਵੀਂ, ਘੇਰੇਦਾਰ ਚੱਕਰੀ, ਗਸ਼ਤੀ, ਚੱਕਰ ਵਿੱਚ ਫਿਰਨ ਵਾਲੀ, ਫਿਰਤੂ ਚਿੱਠੀ, ਗਸ਼ਤੀ ਚਿੱਠੀ.

c. cone : ਚੱਕਰੀ ਗਾਜਰ.

c. cylinder : ਚੱਕਰੀ ਬੇਲਨ.

c. ring : ਚੱਕਰੀ ਛੱਲਾ, ਗੋਲ ਘੇਰਾ.

c. letter or c. : ਫਿਰਤੂ ਚਿੱਠੀ, ਗਸ਼ਤੀ ਚਿੱਠੀ, ਗਸ਼ਤੀ.

c. note : ਫਿਰਤੂ ਹੁੰਡੀ.

c. saw : ਗੋਲ ਆਰਾ.

c. ticket : ਗਸ਼ਤੀ ਟਿਕਟ, ਗੋਲ ਦਾਇਰੇ ਦਾ ਟਿਕਟ.

c. tour : ਗੋਲ ਦੌਰਾ, ਜੋ ਉਥੇ ਹੀ ਖ਼ਤਮ ਹੋਵੇ ਜਿਥੋਂ ਸ਼ੁਰੂ ਹੋਵੇ.

circularITY, *n.* : ਗੁਲਾਈ, ਗੇੜ, ਚੱਕਰ.

circularLY, *adv.* : ਚੱਕਰ ਨਾਲ, ਫੇਰਵੇਂ ਢੰਗ ਨਾਲ.

circularize, *v. t.* : ਗਸ਼ਤੀ ਕਰਨਾ, ਗੇੜ ਦੇਣਾ (c. this notice, ਇਹ ਨੋਟਿਸ ਫੇਰ ਦਿਓ); ਫਿਰਤੂ ਚਿੱਠੀਆਂ ਭੇਜਣੀਆਂ.

circulate, *v. i. & t.* : ਘੁੰਮਣਾ, ਚੱਕਰ ਲਾਉਣਾ, ਗੇੜਾ ਲਾਉਣਾ (ਲਹੂ ਦਾ ਨਾੜਾਂ ਵਿੱਚ, ਪਾਣੀ ਦਾ ਨਾਲੀ ਵਿੱਚ, ਸ਼ਰਾਬ ਦਾ ਮੇਜ਼ ਉੱਤੇ ਤੇ ਅਖ਼ਬਾਰ ਦਾ ਪਾਠਕਾਂ ਵਿੱਚ), ਚਲਣਾ; ਧੁਮ ਜਾਣਾ (news began to c. : ਖ਼ਬਰਾਂ ਧੁਮ ਗਈਆਂ, ਚੱਕਰ ਲਾਉਣ ਲੱਗੀਆਂ); ਮਸ਼ਹੂਰ ਕਰਨਾ, ਇਸ਼ਤਿਹਾਰ ਦੇਣਾ; ਚਲਾਉਣਾ, ਜਾਰੀ ਕਰਨਾ, ਜਾਰੀ ਕਰਨਾ.

circulating library : ਫਿਰਤੂ (ਗਸ਼ਤੀ) ਲਾਇਬ੍ਰੇਰੀ (ਪੁਸਤਕਾਲਾ).

circulating medium : ਰੁਪਇਆ, ਧਨ, ਸਿੱਕਾ.

circulation, *n.* : ਲਹੂ ਦਾ ਗੇੜਾ, ਗੇੜ, ਦੌਰਾ, ਚੱਕਰ, ਗਸ਼ਤ; ਇਸ਼ਾਇਤ, ਵਿਕਰੀ (ਪਤ੍ਰ, ਕਿਤਾਬ, ਅਖ਼ਬਾਰ ਦੀ), ਚਲਨਾ (ਸਿੱਕੇ ਦਾ).

circulative, *a.* : ਘੁਮਾਊ, ਚੱਕਰ ਵਿੱਚ ਫੇਰਨ ਵਾਲਾ.

circulator, *n.* : ਘੁਮਾਊ, ਫੇਰੂ, ਜੋ ਖ਼ਬਰ ਜਾਂ ਸਿੱਕਾ ਚਲਾਵੇ.

circulatory, *a.* : ਲਹੂ-ਗੇੜ ਸੰਬੰਧੀ, ਗੇੜ ਸੰਬੰਧੀ.

circum- : ਅਗੇਤਰ 'ਗੋਲ' ਜਾਂ 'ਘੇਰਾ' ਦੇ ਅਰਥਾਂ ਵਿਚ; ਜਿਵੇਂ circum-centre, ਘੇਰ-ਨਾਭ; circum-ocular, ਅੱਖ-ਦੁਆਲੇ ਦਾ; circum-vagant : ਫਿਰਤੂ-ਘਿਰਤੂ.

circumambient, *a.* : ਆਲੇ-ਦੁਆਲੇ ਦੀ, ਘੇਰਨ ਵਾਲੀ (ਹਵਾ, ਆਦਿ).

circumambulate, *v. t. & i.* : ਦੁਆਲੇ ਘੁੰਮਣਾ, ਪਰਕਰਮਾ ਕਰਨੀ, ਐਧਰ ਉਧਰ ਫਿਰਨਾ, ਫੋਕੀਆਂ ਮਾਰਨੀਆਂ, ਉਦਾਲੀਆਂ-ਪਦਾਲੀਆਂ ਗੱਲਾਂ ਕਰਨੀਆਂ.

circumambulATION, *n.* : ਫੇਰਾ, ਘੇਰਾ, ਪਰਿਕਰਮਾ, ਪਰਦੱਖਣਾ; ਵਲਦਾਰ ਗੱਲਾਂ.

circumambulaTORY, *a.* : ਫੇਰਾ ਦਾ, ਘੇਰੇ ਦਾ; ਪਰਦੱਖਣਾ ਸੰਬੰਧੀ.

circumbendibus, *n.* : ਵਲਦਾਰ ਢੰਗ, ਚਕਦਾਰ ਗੱਲ, ਗੋਲ ਮੋਲ, ਗੇੜ.

circumcise, *v. t.* : ਸੁੰਨਤ ਕਰਨੀ, ਮੁਸਲਮਾਨ ਬਣਾਉਣਾ; ਸ਼ੁਧ ਕਰਨਾ, ਸ਼ੁਧੀ ਕਰਨੀ.

c. the heart, passions : ਮਨ ਜਾਂ ਭਾਵਾਂ ਨੂੰ ਸ਼ੁਧ ਕਰਨਾ.

circumcision, *n.* : ਸੁੰਨਤ, ਸ਼ੁਧੀ.

the c. : ਯਹੂਦੀ ਕੌਮ; ਈਸਾ ਦੀ ਸੁੰਨਤ ਦਾ ਤਿਉਹਾਰ, ਪਹਿਲੀ ਜਨਵਰੀ.

circumference, *n.* : ਘੇਰਾ, ਘੇਰ, ਗਿਰਦਾ.

circumferenTIAL, *a.* : ਘੇਰ ਦਾ, ਗਿਰਦੇ ਸੰਬੰਧੀ.

circumflex, *a., n. & v. t.* : ਮਾਤ੍ਰਕ ਚਿੰਨ੍ਹ (^ ~).

c. accent, or c. : ਜੋ ਸੁਰਾਂ ਉੱਤੇ ਦਿੱਤੇ ਹੋਏ ਸੁਰ ਦੀ ਆਵਾਜ਼ ਦਾ ਵੱਧਣਾ ਘਟਣਾ ਦੱਸਣ ਲਈ ਲਾਈਦਾ ਹੈ; ਚੱਕਰ ਜੋ ਕਿਸੇ ਅੰਗ ਦੇ ਦੁਆਲੇ ਹੋਵੇ.

c. artery, muscle : ਕੁਬਦਾਰ ਨਾੜੀਆਂ ਜਾਂ ਪੱਠੇ.

circumfluent, *a.* : ਚਾਰੇ ਪਾਸੇ ਵਹਿਣ ਵਾਲਾ, ਦੁਆਲੇ ਵਗਦਾ, ਚਾਰੇ ਪਾਸੇ ਜਾਰੀ.

circumfluENCE, *n.* : ਚੁਪਾਸੜ ਵਹਾ.

circumfluous, *a.* : ਦੁਆਲੇ ਵਹਿੰਦਾ; ਪਾਣੀ ਨਾਲ ਘਿਰਿਆ ਹੋਇਆ.

circumfuse, *v. t.* : ਚਾਰੇ ਪਾਸੇ (ਪਾਣੀ) ਪਾਉਣਾ, ਸਭ ਪਾਸੇ ਫੈਲਾਉਣਾ, ਛਿੜਕਣਾ, ਭਰਾਉਣਾ.

circumfusION, *n.* : ਫ਼ਿਲਾਅ, ਚੁਪਾਸੜ ਵਹਾ.

circumgyrate, *v. i.* : ਘੁੰਮਣਾ, ਚੱਕਰ ਖਾਣਾ, ਗੋਲਾਈ ਵਿੱਚ ਫਿਰਨਾ, ਦੁਆਲੇ ਫਿਰਨਾ.

circumgyrATION, *n.* : ਪਰਕਰਮਾ, ਪਰਦੱਖਣਾ, ਭਵਾਟਣੀ, ਗੇੜ.

circumgyraTORY, *a.* : ਚੱਕਰੀ, ਗੇੜ ਵਾਲਾ.

circumjacent, *a.* : ਚੁਪਾਸੜ ਲਗਦਾ, ਹਰ ਪਾਸੇ ਫੈਲਦਾ.

circumlittoral, *a.* : ਸਮੁੰਦਰੀ ਕੰਢੇ ਦੇ ਦੁਆਲੇ, ਸਮੁੰਦਰੀ ਕੰਢੇ ਦਾ.

circumlocution, *n.* : ਅੜੀਂਗਾਣੀ-ਪੜੀਂਗਣੀ, ਫੇਰ-ਘੇਰ, ਵਲਾਵੇਂ; ਗੇੜ, ਲੰਮੀ ਗੱਲ; ਹੇਰ-ਫੇਰ ਵਾਲੀ ਬੋਲ, ਵਲਦਾਰ ਗੱਲ-ਬਾਤ.

c. office : ਦਫ਼ਤਰ ਹੇਰ-ਫੇਰ, ਸਰਕਾਰੀ ਦਫ਼ਤਰ ਜਿੱਥੇ ਕੰਮ ਦੇਰ ਤੇ ਮੁਸ਼ਕਲ ਨਾਲ ਹੋਵੇ.

circumlocutionAL, circumlocutionARY : ਗੇੜ ਵਾਲੀ.

circumlocutory, a. : ਵਲਾਵੇਂ.

circumlocutionist, n. : ਗੱਲਾਧਰ, ਵਲ ਫੇਰ ਵਾਲੀਆਂ ਗੱਲਾਂ ਵਾਲਾ.

circum-meridian a. : (ਤਾਰਿਆਂ ਬਾਬਤ) ਸਿਖਰ-ਰੇਖਾ ਦੇ ਕੋਲ, ਮੱਧਿਆਨ ਦੇ ਨੇੜੇ.

circumnavigate, v. t. : ਧਰਤੀ ਦੁਆਲੇ ਜਹਾਜ਼ੀ ਸਫ਼ਰ ਕਰਨਾ.

circumnavigation, n. : ਧਰਤੀ ਦੁਆਲੇ ਜਹਾਜ਼ੀ ਸਫ਼ਰ, ਭੂ-ਪਰਦਖਣਾ.

circumnavigator, n. : ਧਰਤੀ ਦੁਆਲੇ ਜਹਾਜ਼ੀ ਸਫ਼ਰ ਕਰਨ ਵਾਲਾ.

circumnutate, v. i. : (ਬੂਟਿਆਂ ਦਾ) ਚਾਰੀ ਤਾਰੀ ਕਰ ਪਾਸੇ ਮੁੜ ਜਾਣਾ.

circumnutation, n. : ਚਹੁੰ-ਪਾਸੀ ਗਤੀ.

circumoral, a. : ਮੂੰਹ-ਘੇਰਵਾਂ, ਮੂੰਹ ਦੇ ਆਲੇ ਦੁਆਲੇ ਦਾ, ਮੂੰਹ ਦੇ ਨੇੜੇ ਦਾ.

circumpolar, a. : ਧਰਤੀ ਦੇ ਧਰੁਵਾਂ ਦੇ ਨੇੜੇ ਦਾ, (ਤਾਰਿਆਂ ਬਾਬਤ) ਧਰੂ ਤਾਰੇ ਦੇ ਨੇੜੇ ਤੇੜੇ ਦਾ.

c. motion : ਧਰੂ ਤਾਰੇ ਦੇ ਨੇੜੇ ਦੀ ਚਾਲ.

c. star : ਧਰੂ ਦੇ ਨੇੜੇ ਦਾ ਤਾਰਾ, ਧਰੂ ਤਾਰਾ.

circumscribe, v. t. : ਵਲਣਾ, ਘੇਰਨਾ, ਹਦਬੰਦੀ ਕਰਨੀ, ਹੱਦ ਵਿੱਚ ਬੰਨ੍ਹਣਾ; (ਰੇਖਾ-ਗਣਿਤ) ਦੁਆਲੇ ਲੀਕ ਖਿੱਚਣੀ; ਕਿਸੇ ਸ਼ਕਲ ਦੇ ਦੁਆਲੇ ਹੋਰ ਸ਼ਕਲ ਖਿੱਚਣੀ, ਜੋ ਇਸ ਨੂੰ ਸਾਰੇ ਨੁਕਤਿਆਂ ਤੇ ਛੋਹੇ ਪਰ ਕੱਟੇ ਨਾ; ਸੀਮਤ ਅਰਥਾਂ ਵਿੱਚ ਵਰਤਣਾ; ਹੱਦਬੰਦ ਕਰਨਾ; ਹੱਦ ਮਿਥਣੀ; ਸੀਮਤ ਕਰਨਾ.

circumscribed circle : ਘੇਰਵਾਂ ਦਾਇਰਾ.

circumscriber, : ਘੇਰਨਾ, ਹੱਦ ਬੰਦੀ ਕਰਨ ਵਾਲਾ, ਕਿਸੇ ਸ਼ਕਲ ਦੇ ਦੁਆਲੇ ਦੂਜੀ ਖਿੱਚਣ ਵਾਲਾ, ਸੀਮਤ ਕਰਨ ਵਾਲਾ.

circumscription, n. : ਹਦਬੰਦੀ, ਘੇਰਾ, ਹੱਦ, ਸੀਮਾ; ਗੋਲ ਸਿੱਕੇ ਉਪਰ ਲਕੀਰ, ਸੀਮਤ ਲਿਖਤ; ਸੰਕੋਚ; ਇਕ ਸ਼ਕਲ ਦੇ ਦੁਆਲੇ ਖਿੱਚੀ ਹੋਈ ਦੂਜੀ ਸ਼ਕਲ; ਕਿਸੇ ਦੇ ਦੁਆਲੇ ਖਿੱਚੀ ਹੋਈ ਲੀਕ, ਇਲਾਕੇ ਦਾ ਨਿਖੇੜਾ.

circumsolar, a. : ਸੂਰਜ ਦੇ ਦੁਆਲੇ ਫੇਰ ਵਾਲਾ, ਸੂਰਜ ਦੇ ਨੇੜੇ ਦਾ.

circumspect, a. : ਸਾਵਧਾਨ, ਸਿਆਣਾ, ਚੁਕੰਨਾ, ਦੂਰਦਰਸ਼ੀ, ਹੁਸ਼ਿਆਰ, ਖ਼ਬਰਦਾਰ.

circumspection, circumspectness, n. : ਸਾਵਧਾਨੀ, ਸੋਚ, ਖ਼ਬਰਦਾਰੀ, ਹੁਸ਼ਿਆਰੀ, ਸੂਝ.

circumspective, a. : ਹੁਸ਼ਿਆਰ, ਸਾਵਧਾਨ.

circumspectly, adv. : ਸੋਚ ਨਾਲ, ਧਿਆਨ ਨਾਲ, ਹੁਸ਼ਿਆਰੀ ਨਾਲ, ਸੂਝ ਨਾਲ.

circumstance, n. : (ਆਲੇ-ਦੁਆਲੇ) ਹਾਲਤ, ਦਸ਼ਾ, ਸੂਰਤ, ਅਵਸਥਾ; (ਇੱਕ ਵਚਨ) ਘਟਨਾ, ਵੇਰਵਾ; ਵਿਸਥਾਰ, ਧੂਮਧਾਮ.

in bad, reduced, straitened cc. : ਮਾੜੀ ਹਾਲਤ ਵਿੱਚ, ਬੁਰੇ ਦਿਨ; ਤਰਸਯੋਗ ਦਸ਼ਾ, ਤੰਗੀ ਵਿੱਚ, ਔਖੇ ਸਮੇਂ, ਭੀੜ ਵੇਲੇ.

in good, easy cc. : ਸੌਖੇ ਵੇਲੇ, ਚੰਗੇ ਦਿਨਾਂ ਵਿੱਚ, ਖ਼ੁਸ਼ਹਾਲੀ ਵਿੱਚ.

in, under the cc. : ਇਸ ਹਾਲਤ ਵਿੱਚ, ਇਸ ਸੂਰਤ ਵਿੱਚ, ਇਨ੍ਹਾਂ ਗੱਲਾਂ ਦੇ ਹੁੰਦਿਆਂ.

pomp & c. : ਧੂਮ ਧਾਮ, ਸ਼ਾਨ ਸ਼ੌਕਤ.

without c. : ਦਿਖਾਵੇ ਬਿਨਾਂ, ਸਿੱਧਾ-ਸਾਦਾ, ਸਾਦ-ਮੁਰਾਦਾ.

under no cc. : ਕਦੇ ਵੀ ਨਾ, ਕਿਸੇ ਸੂਰਤ ਵਿੱਚ ਵੀ ਨਹੀਂ, ਕੁਝ ਵੀ ਹੋਵੇ.

circumstanced, a. : ਸਥਿਤ ਵਿਚ.

circumstantial, a. : ਵੇਰਵੇ-ਸਹਿਤ, ਪਰਿਸਥਿਤੀਜਨਕ, ਪਰੋਖ, ਵਿਸਥਾਰ ਪੂਰਬਕ.

c. evidence : ਘਟਨਾ ਦੀ ਗਵਾਹੀ, ਅਸਿੱਧੀ ਗਵਾਹੀ (ਉਲਟ direct evidence ਸਿੱਧੀ ਗਵਾਹੀ ਹੈ).

c. story : ਛੋਟੇ ਛੋਟੇ ਵੇਰਵੇ ਵਾਲੀ ਕਹਾਣੀ.

circumstantiality, ਵੇਰਵਾ, ਵਿਸਥਾਰ; ਸੰਜੋਗ, ਸਬੱਬ.

circumstantially, ਵੇਰਵੇ ਨਾਲ, ਵਿਸਥਾਰ ਨਾਲ; ਸੰਜੋਗ ਨਾਲ, ਸਬੱਬ ਨਾਲ, ਹੋਰ ਸਬੱਬੀਂ.

circumvallate, v. t. : ਵੇਹੜਨਾ, ਦੁਆਲੇ ਕੰਧ ਉਸਾਰਨੀ, ਕਿਲ੍ਹਾਬੰਦੀ ਕਰਨੀ, ਆਲੇ-ਦੁਆਲੇ ਫ਼ਸੀਲ ਬਣਾਉਣੀ.

circumvallation, n. : ਫ਼ਸੀਲ, ਵਾੜ, ਮੋਰਚਾਬੰਦੀ; ਕਿਲ੍ਹਾਬੰਦੀ, ਫ਼ਸੀਲ, ਬੁਰਜ.

circumvent, v. t. : ਘੇਰਨਾ, ਫੈਲਣਾ, ਫਸਾਉਣਾ, ਰਾਹ ਰੋਕਣਾ, ਜੱਤ ਮਾਰਨੀ; ਫਾਂਸਾ ਦੇਣਾ, ਧੋਖਾ ਦੇਣਾ, ਜਾਲ ਵਿਛਾਉਣਾ, ਹੋਰ ਰਾਹ ਨਾਲ ਦਖ਼ਲ ਕਰਨਾ, ਬਚ ਨਿਕਲਣਾ.

circumvention, n. : ਫੇਰ-ਫਾਰ, ਹੇਰ-ਫੇਰ, ਜਾਲ, ਫੰਧਾ, ਧੋਖਾ, ਚਾਲ, ਛਲ, ਕਪਟ, ਦਗਾ.

circumvolution, n. : ਗੇੜਾ, ਘੇਰਾ, ਵਲਵਲ; ਸੱਪ ਦਾ ਗੇੜ; ਵਲਵੇਂ, ਸੱਪ ਵਰਗੀ ਚਾਲ, ਵਿੰਗ-ਤੜਿੰਗੀ, ਘੁਮਾਵਦਾਰ ਚਾਲ.

circus n. : ਗੋਲ ਜਾਂ ਅੰਡਾਕਾਰ ਅਖਾੜਾ, ਮੈਦਾਨ, ਖੇਡ ਦਰਸ਼ਨ; ਤਮਾਸ਼ੇ ਦੀ ਥਾਂ, ਤਮਾਸ਼ੇ ਦੀ ਥਾਂ; ਚੁਰਾਹਾ; ਸਰਕਸ, ਘੋੜਿਆਂ ਤੇ ਹੋਰ ਜਾਨਵਰਾਂ ਦਾ ਤਮਾਸ਼ਾ ਦਿਖਾਉਣ.

cirque n. : (ਕਵਿਤਾ ਵਿੱਚ) ਪਿੜ, ਖੇਲ-ਅਖਾੜਾ; ਅਖਾੜਾ, ਦਾਇਰਾ, ਤਮਾਸ਼ੇ ਦੀ ਥਾਂ.

cirrhosis, n. : ਜਿਗਰ ਦੀ ਇਕ ਬੀਮਾਰੀ.

cirri-, cirro- : ਅਗੇਤਰ ਜਿਸ ਦੇ ਅਰਥ ਹਨ ਛੱਲ, ਵਾਲ, ਲਟ; ਜਿਵੇਂ cirriform ਵਾਲਾਂ ਵਰਗਾ.

cirriped(e), n. : ਇਕ ਸਮੁੰਦਰੀ ਜਨੌਰ, ਇਕ ਤਰ੍ਹਾਂ ਦਾ ਘੋਗਾ.

cirrus, n. : (ਬੂਟਿਆਂ ਵਿੱਚ) ਸੂਤ, ਤਾਰੀ, ਵੇਲੀ; (ਪਸ਼ੂਆਂ ਵਿੱਚ) ਛੱਲਾ, (ਬੱਦਲਾਂ ਦੀ) ਜਾਲੀ, ਉੱਚ ਤੇ ਸਿੱਕੜ ਦੇ ਰੂਪ ਵਾਲੇ ਬੱਦਲ, ਕਿੰਗਰ-ਬੱਦਲੀ.

cirrose, a. : ਕੁੰਡਲਦਾਰ, ਘੁੰਗਰਾਲਾ, ਘੁੰਗਰਿਆਲਾ, ਵਾਲਾਂ ਜਿਹਾ.

cirrous, a. : ਘੁੰਗਰਾਲੇ, ਘੁੰਗਰਿਆਲਾ.

cis- : ਅਗੇਤਰ ਜਿਸ ਦਾ ਅਰਥ ਹੈ 'ਉਰਾਰ'; ਜਿਵੇਂ c.-Sutlej, ਸਤਲੁਜ-ਉਰਾਰ.

cist, n. : (ਪੁਰਾਣੇ ਸਮੇਂ ਦਾ) ਪੱਥਰ ਦਾ ਸੰਦੂਕ ਜਾਂ ਤਾਬੂਤ (ਮੁਰਦੇ ਰੱਖਣ ਲਈ); ਯੂਨਾਨ ਵਿਚ ਪਵਿੱਤਰ ਵਸਤਾਂ ਸਾਂਭਣ ਲਈ ਸੰਦੂਕ.

Cistercian, a. & n. : ਸਿਸਟਰਸ਼ੀਅਨ ਦਾ, ਸਿਸਟਰਸੀ; ੧੦੯੮ ਵਿੱਚ ਸਿਸਟਰਸੀਅਨ ਮਠਿਹ ਵਿੱਚ ਬਣੇ ਇਕ ਫ਼ਿਰਕੇ ਦਾ ਸਾਧ.

cistern, n. : ਟੈਂਕੀ, ਹੌਜ਼, ਜਲਕੁੰਡ.

cistus, n. : ਲਾਲ ਜਾਂ ਚਿੱਟੇ ਫੁੱਲਾਂ ਵਾਲੀ ਇੱਕ ਝਾੜੀ.

citadel, n. : ਗੜ੍ਹੀ, ਕਿਲ੍ਹਾ, ਕੋਟ; ਅੰਤਲੀ ਓਟ (ਜਿਵੇਂ ਹਾਰੀ ਪਿਤ ਜਾਂ ਜ਼ਮੀਨ ਦੀ).

cite, v. t. : (ਕਚਹਿਰੀ ਵਿੱਚ ਹਾਜ਼ਰ ਹੋਣ ਲਈ) ਸੰਮਨ ਭੇਜਣਾ, ਤਲਬ ਕਰਨਾ, ਤਲਬ ਜਾਰੀ ਕਰਨੇ; (ਕਿਸੇ ਕਿਤਾਬ, ਲੇਖਕ ਜਾਂ ਲਿਖਤ ਦਾ) ਹਵਾਲਾ ਦੇਣਾ, ਨਜ਼ੀਰ ਦੇਣੀ.

citable, a. : ਜਿਹੜੇ ਨਾਲ ਜੋਗਾ; ਹਵਾਲਾ ਦੇਣ ਜੋਗਾ.

citation, n. : ਸੰਮਨ, ਬੁਲਾਵਾ, ਤਲਬੀ; ਹਵਾਲਾ, ਨਜ਼ੀਰ.

cither(n), cittern, n. : (ਪੁਰਾਤਨ ਤੇ ਕਵਿਤਾ ਵਿਚ) ਸਤਾਰ, ਸਰੋਦੀ.

citizen, n. : ਸ਼ਹਿਰੀ, ਸ਼ਹਿਰੀਆ; (ਕਿਸੇ ਰਾਜ ਦਾ) ਵਸਨੀਕ, ਨਾਗਰਿਕ, ਪਰਜਾ, ਰਈਅਤ.

c. of the world : ਸਰਬ-ਦੇਸੀ, ਜਗਤਵਾਸੀ.

citizenhood, n. : ਸ਼ਹਿਰੀਪੁਣਾ, ਸ਼ਹਿਰੀਅਤ, ਵਸੇਬਾ, ਵਾਸ.

citizenship, : ਸ਼ਹਿਰੀਅਤ, ਨਾਗਰਿਕਤਾ, ਸ਼ਹਿਰੀ ਹੱਕ, ਵਸਨੀਕ ਹੋਣ ਦਾ ਹੱਕ.

citr- : ਅਗੇਤਰ, ਜਿਸ ਦਾ ਅਰਥ ਹੈ 'ਨਿੰਬੂ'; ਜਿਵੇਂ citrate, ਨਿੰਬੂ-ਲੂਣ.

citric, a. : ਨਿੰਬੂਆਂ ਦਾ; ਨਿੰਬੂ ਦਾ, ਖੱਟੇ ਦਾ.

c. acid : ਨਿੰਬੂ ਦਾ ਤੇਜ਼ਾਬ.

citrine, a. : ਨਿੰਬੂ-ਰੰਗਾ, ਪੀਲਾ.

citron, *n.* : ਖੱਟਾ, ਗਿਲਟੋਗ, ਗਿੰਥ, ਚਕੋਤਰਾ; ਖੱਟਾ-ਰੁੱਖ.

citrus, *n.* : ਫਲਾਂ ਦੀ ਜਾਤ, ਜਿਸ ਵਿਚ ਨਿੰਬੂ, ਖੱਟੇ, ਸੰਗਤਰੇ, ਗਿੰਥ, ਕਿਲਕਿਲ ਆਦਿ ਸ਼ਾਮਲ ਹਨ.

city, *n.* : ਸ਼ਹਿਰ, ਨਗਰ, ਨਗਰੀ.

c. article : ਅਖ਼ਬਾਰ ਦਾ ਵਿਹਾਰਕ ਜਾਂ ਵਪਾਰਕ ਲੇਖ.

C. Company : ਲੰਡਨ ਸ਼ਹਿਰ ਦੀ ਇੱਕ ਸਭਾ ਜੋ ਪੁਰਾਣੀ ਵਪਾਰਕ ਸੰਸਥਾ ਦੀ ਪ੍ਰਤੀਨਿਧ ਹੈ.

C. of God, Celestial C., Heavenly C. : ਸੁਰਗ, ਪਵਿੱਤਰ, ਜੰਨਤ, ਬੈਕੁੰਠ-ਧਾਮ, ਦੇਵਪੁਰੀ.

c. civil court : ਨਗਰ ਦੀਵਾਨੀ ਅਦਾਲਤ.

c. of refuge : ਵੇਖੋ refugee.

c. state : ਨਗਰ-ਰਾਜ, ਉਹ ਸ਼ਹਿਰ ਜਿਸ ਨੂੰ ਸੁਤੰਤਰ ਰਾਜ ਦੇ ਅਧਿਕਾਰ ਹੋਣ.

Eternal C., C. of Seven Hills : ਅਮਰ-ਪੁਰੀ, ਸਪਤ-ਗਿਰ ਪੁਰੀ, ਰੋਮ ਸ਼ਹਿਰ.

Holy C. : ਪੁੰਨ-ਧਾਮ, ਯੇਰੂਸ਼ਲਮ.

the C. : ਲੰਡਨ ਦਾ ਵਪਾਰੀ ਹਿੱਸਾ, ਲੰਡਨ.

citieD, *a.* : -ਸ਼ਹਿਰ ਵਾਲਾ, -ਸ਼ਹਿਰ-ਵਰਗਾ.

cityLESS, *a.* : ਸ਼ਹਿਰੋਂ ਬਿਨਾਂ, ਬੇ-ਸ਼ਹਿਰ, ਨਗਰ-ਰਹਿਤ.

cityWARD(S), *adv.* : ਸ਼ਹਿਰ ਵੱਲ.

civet, [ਅਰਬੀ ਜ਼ਬਾਦ], (also c.-cat), *n.* : ਮੁਸ਼ਕ-ਬਿੱਲਾ, ਮੁਸ਼ਕ ਬਿੱਲੇ ਤੋਂ ਨਿਕਲੀ ਖ਼ੁਸ਼ਬੋਦਾਰ ਚੀਜ਼, ਜ਼ਬਾਦ.

civic, *a.* : ਸ਼ਹਿਰੀ, ਨਾਗਰਿਕ, ਮਿਊਂਸਪਲ ਕਮੇਟੀ ਦਾ.

c. activities : ਸ਼ਹਿਰੀ ਕੰਮ-ਕਾਜ, ਰੁਝੇਵੇਂ, ਸ਼ਹਿਰੀ ਉੱਦਮ.

c. crown : ਓਕ-ਪੱਤਰ ਦਾ ਹਾਰ ਜੋ ਕਿਸੇ ਸ਼ਹਿਰੀ ਦੀ ਜਾਨ ਜੰਗ ਵਿੱਚ ਬਚਾਉਣ ਵਾਲੇ ਨੂੰ ਦਿੱਤਾ ਜਾਂਦਾ ਸੀ.

c. defence squad : ਸ਼ਹਿਰੀ ਰੱਖਿਆ-ਦਲ.

c. guards : ਸ਼ਹਿਰੀ ਗਾਰਡ.

c. virtues : ਸ਼ਹਿਰੀ ਖ਼ੂਬੀਆਂ, ਨਾਗਰਿਕ ਗੁਣ.

civicALLY, *adv.* : ਸ਼ਹਿਰੀ ਲਿਹਾਜ਼ ਨਾਲ; ਪਰਜਾ ਦੇ ਹੱਕਾਂ ਦੇ ਵਿਚਾਰ ਨਾਲ, ਸ਼ਹਿਰੀਆਂ ਵਾਂਗ.

civics, *n.* : ਸ਼ਹਿਰੀਅਤ-ਵਿਗਿਆਨ.

civil, *a.* : ਸ਼ਹਿਰੀ, ਮੁਲਕੀ, ਸਮਾਜਕ, ਸ਼ਹਿਰੀਆਂ ਦੀ ਸ਼ਾਨ ਅਨੁਸਾਰ; ਸੱਭਿਅ, ਸੱਭਿਅਤਾ ਵਾਲਾ, ਸਾਊ, ਸਰੀਫ਼, ਮੁਲਕੀ, ਸਿਵਲ, ਅਸੈਨਿਕ, ਗ਼ੈਰ-ਫ਼ੌਜੀ; ਸੰਸਾਰਕ, ਦੀਵਾਨੀ (ਮੁਕੱਦਮਾ).

c. aviation : ਸ਼ਹਿਰੀ ਹਵਾਬਾਜ਼ੀ, ਜਨਤਕ ਹਵਾਬਾਜ਼ੀ.

c. day, year : ਸਰਕਾਰੀ ਦਿਨ, ਸਾਲ.

c. engineer : ਸਿਵਲ ਇੰਜੀਨੀਅਰ.

c. code : ਜ਼ਾਬਤਾ ਦੀਵਾਨੀ.

c. disobedience movement : ਸਿਵਲ ਨਾਫ਼ਰਮਾਨੀ ਦੀ ਲਹਿਰ, ਸ਼ਾਂਤਮਈ ਅੱਵੱਗਿਆ ਅੰਦੋਲਨ, ਸਤਿਆਗ੍ਰਹਿ.

c. estimates : ਮੁਲਕੀ ਤਖ਼ਮੀਨਾ.

c. jurisdiction : ਦੀਵਾਨੀ ਦਸਤਅੰਦਾਜ਼ੀ, ਦੀਵਾਨੀ ਇਖ਼ਤਿਆਰ.

c. law : ਦੀਵਾਨੀ ਕਾਨੂੰਨ.

C. Law : ਰੋਮ ਦਾ ਕਾਨੂੰਨ.

c. liberty : ਸ਼ਹਿਰੀ ਅਜ਼ਾਦੀ.

c. list : ਦੀਵਾਨੀ ਖ਼ਰਚਾਂ ਦੀ ਫ਼ਹਿਰਿਸਤ, ਪਾਰਲੀਮੈਂਟ ਵਲੋਂ ਬਾਦਸ਼ਾਹ ਦੇ ਘਰੋਗੀ ਖ਼ਰਚਾਂ ਤੇ ਪੈਨਸ਼ਨਾਂ ਲਈ ਨੀਅਤ ਰਕਮ, ਰਾਜ-ਕੁਲ ਦੇ ਖ਼ਰਚੇ, ਜੇਬ-ਖ਼ਾਸ.

c. magistrate : ਦੀਵਾਨੀ ਮੈਜਿਸਟ੍ਰੇਟ, ਹਾਕਮ ਦੀਵਾਨੀ.

c. marriage : ਅਦਾਲਤੀ ਵਿਆਹ.

c. power : ਅਸੈਨਿਕ ਸ਼ਕਤੀ.

c. procedure : ਦੀਵਾਨੀ ਦਸਤੂਰ.

c. proceedings : ਦੀਵਾਨੀ ਕਾਰਵਾਈ.

c. rights : ਸ਼ਹਿਰੀ ਹੱਕ, ਨਾਗਰਿਕ ਅਧਿਕਾਰ.

civils : ਸਿਵਲਬਾਨੀਆਂ.

C. Servant : ਅਸੈਨਿਕ ਅਧਿਕਾਰੀ; ਗ਼ੈਰ-ਫ਼ੌਜੀ ਅਹੁਦੇਦਾਰ.

C. Service : ਸਿਵਲ ਸਰਵਿਸ, ਦੀਵਾਨੀ ਹਾਕਮ ਸ਼੍ਰੇਣੀ, ਅਸੈਨਿਕ ਸ਼੍ਰੇਣੀ.

C. Service Commission : ਸਿਵਲ ਸਰਵਿਸ ਕਮਿਸ਼ਨ.

c. society, life : ਲੋਕ, ਜੋ ਰਲ ਮਨੁੱਖਾਂ ਦੀ ਸੰਗਤ ਤੇ ਜੀਵਨ.

c. suit : ਦੀਵਾਨੀ ਦਾਅਵਾ.

c. war : ਘਰੇਲੂ ਜੰਗ, ਖ਼ਾਨਾਜੰਗੀ.

c. wrong : ਦੀਵਾਨੀ ਦੋਸ਼.

civility, *n.* : ਸੱਭਿਅਤਾ, ਸਾਊਪੁਣਾ, ਸ਼ਿਸ਼ਟਾਚਾਰ.

civilly, *adv.* : ਦੀਵਾਨੀ ਕਾਨੂੰਨ ਅਨੁਸਾਰ; ਸਲੀਕੇ ਨਾਲ, ਨਿਮਰਤਾ ਸਹਿਤ.

civilian, *n.* & *a.* : ਅਸੈਨਿਕ ਅਧਿਕਾਰੀ, ਅਸੈਨਿਕ.

civilization, *n.* : ਸੱਭਿਅਤਾ, ਤਹਜ਼ੀਬ, ਸ਼ਾਇਸਤਗੀ, ਸਭਿਅ, ਸੁਧਰਤਾ, ਸੰਸਕ੍ਰਿਤੀ.

civilize, *v. t.* : ਸੱਭਿਅਤਾ ਸਿਖਾਉਣੀ, ਸੁਧਰ ਬਣਾਉਣਾ, ਸੱਭਿਅਕ ਬਣਾਉਣਾ, ਸ਼ਹਿਰੀ ਬਣਾਉਣਾ; ਸੁਧਾਰਨਾ.

civilize away : ਜੰਗਲੀ ਆਦਤਾਂ, ਉਜੱਡਪੁਣਾ ਆਦਿ ਦੂਰ ਜਾਂ ਖ਼ਤਮ ਕਰਨਾ.

civilizABLE, *a.* : ਸੁਧਰਨ ਯੋਗ, ਸੱਭਿਅ ਬਣਨ ਦੇ ਯੋਗ.

civilizED, *a.* : ਸੁਧਰਿਆ, ਸੱਭਿਅਤਾ ਵਾਲਾ, ਸੱਭਿਅਤਾ.

civilizER, *n.* : ਸੱਭਿਅਤਾ ਸਿਖਾਉਣ ਵਾਲਾ, ਸੁਧਾਰਕ.

clack, *n.* & *v. i.* : ਖਟ-ਖਟ ਦੀ ਅਵਾਜ਼, ਟਿੱਕ-ਟਿੱਕ ਦੀ ਅਵਾਜ਼, ਟੱਕ-ਟੱਕ, ਟਕਰਾਰ, ਬਕਵਾਸ, (*pl.*) ਬਕ-ਬਕ ਕਰਨਾ, ਖੜਕਣਾ.

clad : ਵੇਖੋ clothe.

claim, *v. t.* : ਹੱਕ ਦੀ ਮੰਗ ਕਰਨੀ, ਹੱਕ ਜਤਾਉਣਾ, ਦਾਅਵਾ ਕਰਨਾ; (ਅਜਾਰਕ) ਧਿਆਨ ਖਿੱਚਣਾ, ਹੱਕਦਾਰ ਹੋਣਾ.

claimABLE, *a.* : ਮੰਗ ਕਰਨ ਯੋਗ, ਦਾਅਵਾ ਕਰਨ ਯੋਗ.

claimANT, *n.* : ਦਾਅਵੇਦਾਰ, ਮੰਗ ਕਰਨ ਵਾਲਾ.

claim, *n.* : (ਹੱਕ ਦੀ) ਮੰਗ; ਦਾਅਵਾ; ਦਾਈਆ, ਮੁਕੱਦਮਾ, (ਖਾਣਾਂ ਵਿਚ) ਧਰਤੀ ਦਾ ਹਿੱਸਾ ਜਿਸ ਨੂੰ ਪੁੱਟਣ ਦਾ ਹੱਕ ਕਿਸੇ ਇਕ ਮਨੁੱਖ ਜਾਂ ਕੰਪਨੀ ਨੂੰ ਹੁੰਦਾ ਹੈ.

lay claim to : ਹੱਕ ਜਤਾਉਣਾ.

clairaudience, *n.* : ਦਰਿਸ਼ ਸ਼ਾਮਲ ਹੋਣੀ, -ENT, *n.* & *a.* : ਅਗੰਮੀ ਕੰਨ, ਗ਼ੈਬੀ ਅਵਾਜ਼ ਸੁਣਨ ਦੀ ਸ਼ਕਤੀ, ਗ਼ੈਬੀ ਅਵਾਜ਼ ਸੁਣਨ ਵਾਲਾ.

clairvoyance, *n.* : ਅਗੰਮੀ ਚੀਜ਼ਾਂ ਵੇਖਣ ਦੀ ਤਾਕਤ, ਗ਼ੈਬੀ ਨਜ਼ਰ, ਪਾਰ-ਦ੍ਰਿਸ਼ਟੀ, ਦੂਰ ਦੀ ਸੋਝੀ ਰੱਖਣ ਵਾਲਾ, ਅਦ੍ਰਿਸ਼ ਨੂੰ ਵੇਖਣ ਵਾਲਾ.

clam[1], : ਵੇਖੋ clamp.

clam[2], *n.* : ਘੋਗਾ ਸਿੱਪੀ ਦੀ ਕਿਸਮ.

clamant, *a.* : ਰੌਲਾ ਪਾਉਣ ਵਾਲਾ, ਰੁੱਸਣੀ, ਚਾਹਵਾਨ.

clamber, *v. i.* : ਹੱਥਾਂ ਪੈਰਾਂ ਨਾਲ ਚੜ੍ਹਨਾ, ਔਖਿਆਈ ਨਾਲ ਚੜ੍ਹਨਾ.

clammy, *a.* : ਚਿਪਚਿਪਾ, ਲੇਸਲਾ, ਲੇਸਦਾਰ.

clammILY, *adv.* : ਚਿਪਚਿਪੇ ਤੌਰ ਤੇ, ਚਿਪ-ਚਿਪ ਕਰਦਿਆਂ.

clamminESS, : ਲੇਸ, ਚਿਪਚਿਪਾਹਟ, ਲੇਸਲਾਪਣ.

clamour, *n.*, & *v. t.* & *i.* : ਰੌਲਾ, ਸ਼ੋਰ, ਚੀਕ-ਚਿਹਾੜਾ, ਦੁਹਾਈ, ਕਲ੍ਹਾ; ਰੌਲਾ ਪਾਉਣਾ, ਸ਼ੋਰ ਮਚਾਉਣਾ, ਉੱਚੀ ਉੱਚੀ ਕੂਕਣਾ, ਚੀਕਣਾ, ਦੁਹਾਈ ਮਚਾਉਣੀ ਜਾਂ ਪਾਉਣੀ, ਗਾੜ ਮਚਾਉਣੀ.

c. down : ਚੁੱਪ ਕਰਾਉਣਾ, ਮੂੰਹ ਬੰਦ ਕਰਨਾ, ਚੁੱਪ ਕਰਨਾ.

c. out of, into : ਰੌਲਾ ਪਾ ਕੇ ਬਾਹਰ ਕੱਢ ਦੇਣਾ, ਚੀਕ ਚੀਕ ਕੇ ਤੰਗ ਕਰ ਦੇਣਾ.

clamorous, *a.* : ਰੌਲਾਲੂ, ਰੌਲਾ ਪਾਉਣ ਵਾਲਾ, ਗਾੜ ਮਚਾਉਣ ਵਾਲਾ.

clamorously, *adv.* : ਸ਼ੋਰ ਸ਼ੋਰ ਕੇ, ਰੌਲਾ ਪਾ ਕੇ.

clamp¹, *n.* & *v. t.* (also clam) : ਜੋੜੇ ਜਾਂ ਪੱਚਰੀ, ਪੱਟੀ, ਜੋੜ; ਸ਼ਿਕੰਜਾ, ਕਲੰਪ, ਪੇਚਕ, ਪੇਚਕੀ ਆਦਿ ਨਾਲ ਕਸਣਾ, ਜੋੜੇ ਦੀ ਪੱਟੀ ਲਗਾਉਣੀ, ਭਾਰੇ ਪੈਰ [illegible] ਦਾ ਤੁਰਨਾ, [illegible].

clamp², *n.* & *v. t.* : ਢੇਰ, ਥੇਹੀ (ਇੱਟਾਂ ਆਦਿ ਇਕ ਥਾਂ ਇਕੱਠੀਆਂ ਕਰਨੀ); ਢੇਰ ਲਗਾਉਣਾ, ਥੇਹੀ ਜੋੜਨੀ.

clan, *n.* : ਕਬੀਲਾ, ਗਿਰੋਹ, ਕੌਮ; ਕੁਲ, ਬਰਾਦਰੀ; ਟੋਲਾ.

clansman, *n.* : ਕਬਾਇਲੀ, ਕਬੀਲੇ ਦਾ, ਕਬੀਲੇ ਦਾ ਬੰਦਾ, ਇਕ-ਕਬੀਲੀਆ.

clannish, *a.* : ਕਬਾਇਲੀ, ਫਿਰਕੂ.

clannishly, *adv.* : ਕਬਾਇਲੀ ਤੌਰ ਤੇ, ਫਿਰਕੂ ਢੰਗ ਨਾਲ, ਬਰਾਦਰੀ ਭਾਵ ਨਾਲ.

clannishness, : ਫਿਰਕਾਪ੍ਰਸਤੀ, ਫਿਰਕਾ ਪ੍ਰਸਤੀ, ਧੜੇਬਾਜ਼ੀ, ਬਰਾਦਰੀ-ਭਾਵ.

clandestine, *a.* : ਗੁਪਤ ਵਾਲਾ, ਲੁਕਵਾਂ ਵਾਲਾ, ਚੋਰੀ.

clandestinely, *adv.* : ਚੋਰੀ-ਚੋਰੀ, ਅੰਦਰੋ ਅੰਦਰੀ, ਲੁਕ ਕੇ, ਓਹਲਾ ਰੱਖ ਕੇ.

clang, *n.* & *v. t.* & *i.* : ਛਣਕਾਰ, ਟਣਕਾਰ, ਟਣ-ਟਣ, [illegible], ਛਣਕਾਰ ਪੈਦਾ ਕਰਨੀ, ਟੱਲੀ ਟਣ-ਟਣ ਕਰਨੀ ਜਾਂ ਹੋਣੀ.

clangour, *n.* : ਲਗਾਤਾਰ ਟਣਕਣ ਦੀ ਆਵਾਜ਼, ਟਣਕਾਰ.

clangorous, *a.* : ਟਣਕਣ ਵਾਲਾ, ਛਣਕਾਰ ਦੇਣ ਵਾਲਾ.

clangorously, *adv.* : ਟਣਕਾਰ ਨਾਲ, ਟਣ-ਟਣ ਕਰ ਕੇ.

clank, *n.* & *v. t.* & *i.* : ਛਣਕਾਰ, ਛਣ-ਛਣ, ਛਣਕਣਾ, ਛਣ-ਛਣ ਕਰਨਾ.

clanship, *n.* : ਕਬੀਲਾਵਾਦੀਆਂ ਦਾ ਸੰਗਠਨ; ਕਬਾਇਲੀਪੁਣਾ.

clap¹, *n.* : ਤਾੜ-ਤਾੜ, ਤਾੜ (ਬਿਜਲੀ ਦੀ ਗੜਕ), ਤਾਲੀ ਵਜਾਉਣ ਦੀ ਆਵਾਜ਼, ਫੜ-ਫੜ (ਖੰਭਾਂ ਦੇ ਫੜਫੜਾਉਣ ਦੀ ਆਵਾਜ਼); ਚੋਟ, ਧੱਕਾ, ਥਾਪੀ, ਥਾਪੜ, ਟਕੋਰ.

clap², *v. t.* & *i.* : ਤਾੜੀ ਵਜਾਉਣੀ, ਹਿੱਕ ਥਾਪੜਨਾ; ਫੜਫੜਾਉਣਾ, ਝਟ-ਪਟ ਕਰਨਾ, ਛੇਤ ਕਰਨਾ.

c. eyes on : ਨਜ਼ਰ ਪੈਣਾ, ਵੇਖਣਾ, ਦਿਸ ਪੈਣਾ.

c. net : ਸ਼ਿਕਾਰੀ ਦਾ ਜਾਲ ਜਾਂ ਫੰਧਾ.

c. on all sail : ਜਹਾਜ਼ ਦੇ ਸਾਰੇ ਪੱਲ੍ਹ ਚੜ੍ਹਾਉਣੇ.

c. on the back : ਪਿੱਠ ਠੋਕਣੀ, ਸ਼ਾਬਾਸ਼ ਦੇਣੀ, ਥਾਪੀ ਦੇਣੀ.

c. up peace, bargain : ਛੇਤੀ ਨਾਲ ਸੁਲਾਹ ਕਰਨੀ, ਅਚਾਨਕ ਵਿਚ ਸਮਝੌਤਾ ਕਰ ਲੈਣੀ, ਛੇਤੀ ਸੌਦਾ ਤੈਅ ਕਰ ਲੈਣਾ.

clap³, *n.* : ਸੁਜਾਕ, ਸੁਜਾਕ.

clapper, *n.* : ਘੰਟੇ ਜਾਂ ਟੱਲੀ ਦਾ ਵਿਚਲਾ ਲਟਕਣ, ਲੋਲਾ, ਟੋਲਾ, ਚਿੜੀਆਂ ਨੂੰ ਉਡਾਉਣ ਲਈ ਘੜਕਾ.

clapperclaw, *v. t.* : ਮਾਰਨਾ, ਨੋਚ-ਪੋਚ ਕਰਨੀ, ਨਹੁੰਦਰਾਂ, ਨਹੁੰਦਰਾਂ ਮਾਰਨੀਆਂ, ਨਹੁੰਆਂ ਨਾਲ ਖਿਲਾਰਨਾ, ਨੁਕਤਾਚੀਨੀ ਕਰਨੀ, ਭੰਡਣਾ, ਬੁਰਾ ਭਲਾ ਕਹਿਣਾ, ਝਾੜ-ਝੰਬ ਕਰਨੀ.

claptrap, *n.* : ਛਲ-ਕਪਟ, ਦਿਖਾਵਾ, ਲਫ਼ਾਜ਼ੀ, ਢੌਂਗ-ਢੋਂਗ, ਅਨੁਚਿਤ-ਅਨੁਚਿਤ, ਮਿਥਕ-ਪ੍ਰਚਾਰ.

claque, claquer [ਫ਼੍ਰੈ.], *n.* : ਤਾੜੀ ਦਾ ਦੌਰ, ਪੈਸੇ ਲੈ ਕੇ ਝੂਠ ਮੂਠ ਵਾਲਾ.

clarabella, *n.* : ਅਰਗਨ ਦੀ ਇਕ ਵਿਚ ਪਰਦਾ.

clarence, *n.* : ਚਾਰ-ਪਹੀਆ ਬੰਦ ਗੱਡੀ.

clarendon, *a.* & *n.* : ਕਲੈਰੇਂਡਨ ਟਾਈਪ, ਮੋਟੇ ਅੱਖਰਾਂ ਵਿਚ ਛਾਪਣ ਵਾਲਾ ਛਾਪ ਦਾ ਟਾਈਪ.

claret, *n.* & *a.* : ਲਾਲ ਸ਼ਰਾਬ (ਫ਼ਰਾਂਸੀ), ਲਹੂ.

c.-coloured : ਗੂੜ੍ਹਾ ਲਾਲ; ਮੱਛੀ ਨੂੰ ਫੜਨ ਲਈ ਲਾਲ ਰੰਗ ਦੀ ਬਣਾਉਟੀ ਮੱਖੀ.

c. cup : ਬਰਫ਼ ਵਿਚ ਪਈ ਹੋਈ ਫ਼ਰਾਂਸੀ ਲਾਲ ਸ਼ਰਾਬ ਜਿਸ ਵਿਚ ਬਰਾਂਡੀ ਆਦਿ ਮਿਲਾ ਦਿੱਤਾ ਹੋਵੇ.

tap one's c. : ਨੱਕ ਤੇ ਸੱਟ ਮਾਰ ਕੇ ਲਹੂ ਕੱਢ ਦੇਣਾ.

clarify, *v. t.* & *i.* : ਸਾਫ਼ ਕਰਨਾ, ਮੈਲ ਤੋਂ ਰਹਿਤ ਕਰਨਾ, ਨਿਖਾਰਨਾ, ਸਪਸ਼ਟ ਕਰਨਾ, ਵਿਆਖਿਆ ਕਰਨੀ, ਸਾਫ਼ ਕਰਨਾ, ਛਾਣਨਾ; ਨਿਖਰਨਾ, ਨਿਤਰਨਾ, ਮੈਲ ਕੱਟਣੀ; ਸਾਫ਼ ਹੋਣਾ, ਸਪਸ਼ਟ ਹੋਣਾ, ਨਿਖਰਿਆ ਹੋਣਾ.

clarified butter : ਸਾਫ਼ ਕੀਤਾ ਹੋਇਆ ਮੱਖਣ, ਘੀ, ਘਿਉ.

clarinet, *n.* : ਅਲਗੋਜ਼ਾ, ਬੰਸਰੀ, ਵੰਝਲੀ, ਤੂਤੀ.

clarinettist, *n.* : ਅਲਗੋਜ਼ਾ ਵਜਾਉਣ ਵਾਲਾ.

clarion, *n.* & *a.* : ਤੁਰ੍ਹੀ, ਨਰਸਿੰਘਾ, ਤੇਜ਼, ਜੋਸ਼ ਦੇਣ ਤੇ ਉਕਸਾਉਣ ਵਾਲੀ ਆਵਾਜ਼.

clarion, *a.* : ਤਾਲ ਦੇ ਤੁਰ੍ਹੀ (ਅਰਗਨ).

clarionet, *n.* : ਵੇਖੋ clarinet.

clarity, *n.* : ਸਫ਼ਾਈ, ਸਪਸ਼ਟਤਾ.

clarkia, *n.* : ਇਕ ਕਿਸਮ ਦਾ ਉਤਰਾਖੰਡ ਬੂਟਾ ਜਿਸ ਦੇ ਫੁੱਲ ਭੜਕੀਲੇ ਹੁੰਦੇ ਹਨ.

clary, *n.* : ਇਕ ਬੂਟੀ.

clash, *v. i.* & *t.* & *n.* : ਟਕਰਾਉਣ ਦੀ ਆਵਾਜ਼ ਹੋਣੀ, ਟਕਰਾਉਣਾ, ਲੜਨਾ, ਟਕਰਾ ਜਾਣਾ, ਟੱਕਰ ਖਾਣੀ; ਅਟਕਣਾ, ਭਿੜਨਾ, ਖਹਿਬੜ ਹੋਣੀ; ਵਿਰੋਧੀ ਰੰਗਾਂ ਦਾ ਬੇਮੇਲ ਹੋਣਾ, ਜਾਂ ਮੇਲ ਨਾ ਖਾਣਾ; (*n.*) ਝਗੜਾ, ਟੱਕਰ, ਭਿੜਤ, ਝੜਪ, ਮੁਠ ਭੇੜ, ਖਹਿ-ਖਹਿ, ਖੜ-ਖੜ, ਘੜ-ਘੜੀ.

clasp¹, *n.* : ਕਲਾਬਾ, ਕੁੰਡੀ, ਚਿਮਟੀ, ਜੱਫੀ, ਗਲਵਕੜੀ; [illegible], ਜੋਕਣ; ਤਮਗ਼ੇ ਦਾ ਕਾਂਟਾ, ਜਿਸ ਉੱਤੇ ਤਮਗ਼ੇ ਦਾ ਨਾਂ ਦੇ ਕਮੀ, ਜੰਗ ਆਦਿ ਦਾ ਵੇਰਵਾ ਲਿਖਿਆ ਹੋਵੇ.

c.-knife : ਸਿਕਾਰੀ ਚਾਕੂ, ਜੋ ਬੰਦ ਹੋ ਸਕਦਾ ਹੈ.

clasp², *v. t.* & *i.* : ਬੰਦ ਕਰਨਾ, ਜੋੜਨਾ, ਕਸ ਕੇ ਫੜਨਾ, ਜੱਫੀ ਪਾਉਣੀ, ਗਲਵਕੜੀ ਪਾਉਣੀ; ਜੋੜ ਲੈਣਾ, ਫੜਨਾ, ਪਕੜਨਾ.

c. hands : ਹੱਥ ਮਿਲਾਉਣੇ, ਸਬ ਕਲਾ ਵਿਚ ਸੌਂਹ ਲਈ, ਹੱਥ ਜੋੜਨੇ, ਮਿਲ ਬਹਿਣਾ.

c. one's hands : ਹੱਥਾਂ ਦੀ ਆਪ ਵਿਚ ਕੰਘੀ ਪਾਉਣੀ.

clasper, *n.* : ਚੰਬੜਨ ਵਾਲਾ, ਕੁੰਡੀ ਵਾਲਾ, ਜੱਫੀ ਪਾਉਣ ਵਾਲਾ, ਫੜਕ, ਜਕੜਨ ਵਾਲਾ; ਕਈ ਜੰਤੂਆਂ ਦੇ ਅੰਗ ਜਿਨ੍ਹਾਂ ਨਾਲ ਉਹ ਮਦੀਨ ਜੰਤੂਆਂ ਨੂੰ ਫੜਦੇ ਹਨ.

class, *n.* & *v. t.* : ਸ਼੍ਰੇਣੀ, ਸਮਾਜ, ਤਬਕਾ, ਦਰਜਾ; ਜਮਾਤ; ਕਿਸਮ; ਉੱਚਾ ਦਰਜਾ (ਜਿਸ ਵਿਚ ਕੋਈ) ਉੱਚੀ ਪਦਵੀ; ਜਾਤ-ਪਾਤ, ਗੋਤ, ਕਿਸਮ; (*v.t.*) ਸ਼੍ਰੇਣੀਬੱਧ ਕਰਨਾ, ਦਰਜੇਵਾਰ ਕਰਨਾ, ਕਿਸਮਾਂ ਵਿਚ ਵੰਡਣਾ, ਜਮਾਤਬੰਦੀ ਕਰਨੀ.

c.-book : ਪੜ੍ਹਾਈ ਦੀ ਕਿਤਾਬ.

c.-division : ਵਰਗ-ਵੰਡ.

c.-fellow, *c.*-mate : ਜਮਾਤੀ, ਉਸੇ ਜਮਾਤ ਦਾ.

c.-list : ਪਾਸ ਹੋਇਆਂ ਦੀ ਫ਼ਹਿਰਿਸਤ.

c.-man : ਵੱਡੇ ਦਾ ਪਾਸ, ਜੋ ਸਭ ਤੋਂ ਵਧ ਨੰਬਰ ਲੈ ਕੇ ਪਾਸ ਹੋਇਆ ਹੋਵੇ.

no c. : ਘਟੀਆ, ਅਧਿਮ.

take a c. : ਚੰਗੇ ਨੰਬਰਾਂ ਤੇ ਪਾਸ ਹੋਣਾ.

the cc. : ਪਾਸ ਲੋਕ, ਜਿਵੇਂ ਅਮੀਰ ਜਾਂ ਪੜ੍ਹੇ-ਲਿਖੇ.

classable, *a.* : ਜੋ ਜਮਾਤਾਂ ਅਨੁਸਾਰ ਵੰਡਿਆ ਜਾ ਸਕੇ.

decrescendo [It], ਦੇਖੋ diminuendo.

decrescent, *a.* : ਘਟ ਰਿਹਾ, ਘਾਟੇ ਤੇ (ਆਮ ਤੌਰ ਤੇ ਚੰਦ ਬਾਬਤ ਆਉਂਦਾ ਹੈ).

decretal, *n.* : ਪੋਪ ਦਾ ਹੁਕਮ, (ਬਹੁਵਚਨ ਦੀ ਸੂਰਤ ਵਿਚ) ਪੋਪ ਦੇ ਫ਼ਰਮਾਨਾਂ ਜਾਂ ਫ਼ੈਸਲਿਆਂ ਦਾ ਸੰਗ੍ਰਹਿ (ਜੋ ਈਸਾਈਆਂ ਦੇ ਕਾਨੂੰਨਾਂ ਦਾ ਹਿੱਸਾ ਬਣ ਗਿਆ ਹੈ).

decry, *v. t.* : ਨਿੰਦਣਾ, ਬੁਰਾਈ ਕਰਨੀ; ਤੁਹਮਤ ਲਾਉਣੀ.

decuman, *a.* : ਬਹੁਤ ਵੱਡੀ ਜਾਂ ਜ਼ੋਰ ਦੀ (ਲਹਿਰ ਦੀ ਰੌ).

decumbent, *a.* : (ਬਨਸਪਤੀ-ਵਿਗਿਆਨ ਸੰਬੰਧੀ) ਲੇਟੀ ਹੋਈ, ਪਈ ਹੋਈ, (ਟਾਹਣੀ, ਵਾਲ, ਸਰਕਣ ਆਦਿ)

decuple, *a.*, *n.*, *v. t.* & *i.* : ਦਸਗੁਣੀ, ਦਸ ਗੁਣਾ (ਰਕਮ); ਦਸ ਨਾਲ ਗੁਣਨਾ, ਦਸਗੁਣੀ ਕਰਨੀ; ਦਸ ਗੁਣਾ ਕਰਨਾ; ਦਸ ਗੁਣਾ ਹੋਣਾ.

decussate, *a.* & *v. t.* & *i.* : X ਦੀ ਸ਼ਕਲ ਦਾ ਚੁਰਾਹਦੀ, ਕਾਟ ਦੀ ਸ਼ਕਲ ਦਾ; (ਬਨਸਪਤੀ-ਵਿਗਿਆਨ ਸੰਬੰਧੀ) ਸਮਕੋਣੀ (ਪੱਤੇ), ਕਾਟੇ ਦੀ ਸ਼ਕਲ ਬਣਾਉਣੀ.

decussATION, *n.* : ਚੁਰਾਹਾ

dedicate, *v. t.* : ਭੇਟਾ ਕਰਨਾ, ਅਰਪਣਾ (ਆਪਣੀ ਕਿਤਾਬ ਕਿਸੇ ਨੂੰ) ਸਮਰਪਣ ਕਰਨੀ, ਧੰਨਵਾਦ ਕਰ ਦੇਣੀ

dedicatEE, *n.* : ਅਰਪਣ-ਪਾਤਰ, ਜਿਸ ਨੂੰ ਭੇਟਾ ਵਸਤੂ ਅਰਪਣ ਕੀਤੀ ਜਾਵੇ.

dedicatIVE, *a.* : ਭੇਟਾ ਸੰਬੰਧੀ, ਅਰਪਣੀ.

dedicatOR, *n.* : ਭੇਟਾਕਾਰ, ਭੇਟਾ ਕਰਨ ਵਾਲਾ, ਦਾਨ ਦੇਣ ਵਾਲਾ; ਸਮਰਪਣ ਕਰਨ ਵਾਲਾ.

dedicatORY, *a.* : ਸਮਰਪਿਤ.

dedication, *n.* : ਭੇਟਾ, ਅਰਪਣ, (ਕਿਸੇ ਪੁਸਤਕ ਦਾ ਆਰੰਭ ਵਾਂਗ) ਸਮਰਪਣ.

deduce, *v. t.* : (ਅਨੁਮਾਨ ਰਾਹੀਂ) ਕੱਢਣੀ ਨਤੀਜਾ; ਸਿੱਟਾ ਕੱਢਣਾ.

deducIBLE, *a.* : ਸਿੱਟਾ ਕੱਢਣ ਯੋਗ.

deduct, *v. t.* : ਘਟਾਉਣਾ, ਮਿਨ੍ਹਾ ਕਰਨਾ, ਕੱਟਣਾ; ਕੱਢਣਾ, ਵੱਖ ਕਰਨਾ.

deduction, *n.* : ਘਟਾਓ, ਕਟੌਤੀ; ਕਾਟ; ਸਿੱਟਾ; ਫਲ, ਨਤੀਜਾ, ਪ੍ਰਾਪਤੀ; (ਤਰਕ-ਸ਼ਾਸਤਰ) ਅਨੁਮਾਨ, ਨਿਗਮਨ.

deductive, *a.* : ਅਨੁਮਾਨੀ; ਅਨੁਮਾਨਿਕ, ਨਿਗਮਨੀ.

deductiveLY, *adv.* : ਅਨੁਮਾਨਿਕ ਢੰਗ ਨਾਲ.

d. logic : ਨਿਗਮਨੀ ਨਿਆਂ-ਸ਼ਾਸਤਰ.

d. reasoning : ਤਰਕ.

dee, *n.* : ਅੱਖਰ D; ਅੰਗਰੇਜ਼ੀ ਦੇ ਰੂਪ ਵਿਚ D ਦੀ ਸ਼ਕਲ ਦਾ ਛੱਲਾ.

deed, *n.* : ਕੰਮ, ਕਰਮ, ਕਰਨੀ, ਕਾਰਜ; (ਕਾਨੂੰਨੀ) ਲਿਖਤ, ਦਸਤਾਵੇਜ਼, ਤਮੱਸਕ, ਵਸੀਕਾ, ਪੱਟਾ, ਇਕਰਾਰ.

d.-poll : ਇਕ-ਤਰਫ਼ੀ ਲਿਖਤ (ਇਕ ਧਿਰ ਵੱਲੋਂ ਦਿੱਤੀ ਹੋਈ).

deedLESS, *a.* : ਬੇਅਮਲ, ਕਰਨੀ ਤੋਂ ਸੱਖਣੀ.

deem, *v. t.* : ਸਮਝਣਾ, ਜਾਣਨਾ, ਖ਼ਿਆਲ ਕਰਨਾ; ਵਿਚਾਰਨਾ.

d. highly of : ਬਹੁਤ ਚੰਗੀ ਰਾਏ ਰੱਖਣੀ.

deemster, *n.* : ਆਈਲ ਆਫ਼ ਮੈਨ (Isle of Man) ਦੇ ਦੋ ਜੱਜਾਂ ਵਿਚੋਂ ਇਕ.

deep[1], *a.* : ਡੂੰਘਾ; ਗਹਿਰਾ; ਚੌੜਾ (ਹਾਸ਼ੀਆ); ਦੂਰ ਦੀ ਸੋਚਣ ਵਾਲਾ; ਗੰਭੀਰ (ਪੁਰਸ਼); ਅਗਾਧ, ਗੂੜ੍ਹ, ਗੁਪਤ (ਵਿਸ਼ਾ); ਤਿੱਖੀ (ਪਿਆਰ ਆਦਿ); ਗਹਿਰੀ, ਬਹੁਤ ਗੂੜ੍ਹੇ (ਰੰਗ, ਦਿਲਚਸਪੀ ਆਦਿ); ਡੁੱਬਾ ਹੋਇਆ, ਡੂੰਘਾ ਖਿਆ ਹੋਇਆ (ਵਿਚਾਰ, ਸੋਚ ਆਦਿ ਵਿਚ); ਮੋਟੀ (ਰੰਗ); ਗਹਿਰੀ (ਆਵਾਜ਼).

d. draught : ਵੱਡਾ ਘਾਟਾ, ਮੋਟਾ ਘੁੱਟ.

a d. one : ਘੁੰਨਾ, ਚੁੱਪ.

in d. mourning : ਪੂਰੇ ਮਾਤਮੀ ਵੇਸ ਵਿਚ.

in d. waters : ਭਾਰੀ ਔਕੜ ਵਿਚ

deepEN, *v. t.* & *i.* : ਡੂੰਘਾ ਕਰਨਾ ਜਾਂ ਹੋਣਾ.

deepLY, *adv.* : ਬਹੁਤ ਹੀ, ਡੂੰਘੇ ਰੂਪ ਵਿਚ; ਦਿਲੋਂ

deepMOST, *a.* : ਅਤਿ ਡੂੰਘਾ, ਬਹੁਤ ਹੀ ਡੂੰਘਾ.

deepNESS, *n.* : ਡੂੰਘ, ਡੂੰਘਾਈ.

deep[2], *n.* : ਸਾਗਰ, ਸਮੁੰਦਰ, (ਬਹੁਵਚਨ ਵਿਚ) ਸਾਗਰ ਦੇ ਡੂੰਘੇ ਹਿੱਸੇ; ਸਮੁੰਦਰ ਦੀਆਂ ਡੂੰਘਾਈਆਂ; ਡੂੰਘ, ਖੱਡਾ, ਟੋਇਆ, ਦਿਲ, ਸੋਚ ਦੀ ਡੂੰਘਾਈ. (ਕ੍ਰਿਕਟ) ਦੂਰ ਦੀ ਫ਼ੀਲਡਿੰਗ, ਖਿਡਾਰੀ ਦੀ ਦੂਰ ਦੀ ਫ਼ੀਲਡਿੰਗ.

deep[3], *adv.* : ਡੂੰਘੀ ਤਰ੍ਹਾਂ ਨਾਲ, ਪਿਛਲੇ ਪਹਿਰ; ਬੜੇ ਤਕ, ਦੂਰ ਤਕ; ਅੰਦਰ ਤੱਕ, ਸ਼ਬਦਾਂ ਦੇ ਸਮਾਸ ਵਿਚ, ਜਿਵੇਂ d.-drawn, d.-laid, d.-rooted, d.-seated. : ਅੰਦਰ ਤਕ, ਜੰਮਵੇਂ, ਡੂੰਘਾ, ਪੱਕੀ.

still waters run d. : ਡੂੰਘਾ ਪਾਣੀ ਚੁੱਪ ਚਾਪ ਵਗਦਾ ਹੈ (ਗੰਭੀਰ ਵਿਚਾਰ ਵਾਲੇ ਜਿਸ ਵਿਚ ਵਿਖਾਵਾ ਨਾ ਹੋਵੇ).

deeping, *n.* : ਮੱਛੀ ਫੜਨ ਦੇ ਜਾਲ ਦਾ ਜਾਲਾਂ ਹਿੱਸਾ.

deer, *n.* (collect. sing., usu. for *pl.*) : ਹਿਰਨ, ਮਿਰਗ.

d.-forest : ਮ੍ਰਿਗ-ਵਣ, ਮ੍ਰਿਗ-ਬਨ, ਜੰਗਲ ਜਿਸ ਵਿਚ ਸ਼ਿਕਾਰ ਲਈ ਹਿਰਨ ਪਾਲੇ ਜਾਂਦੇ ਹੋਣ.

d.-hound : ਵੱਡਾ ਸ਼ਿਕਾਰੀ ਕੁੱਤਾ.

d.-lick : ਮ੍ਰਿਗ-ਚਾਟ, ਚਸ਼ਮਾ, ਖਾਰਾ ਸੋਮਾ, ਜਿੱਥੇ ਹਿਰਨ ਲੂਣ ਚੱਟਣ ਆਉਂਦੇ ਹਨ.

d.-neck : ਪਤਲੀ ਗਰਦਨ, ਘੋੜੇ ਦੀ ਪਤਲੀ ਧੌਣ.

d.'s-foot : ਇੱਕ ਤਰ੍ਹਾਂ ਦਾ ਘਾਹ.

deerskin : ਹਿਰਨ ਦੀ ਖੱਲ, ਮ੍ਰਿਗ-ਛਾਲਾ.

d.-stalker : ਹਿਰਨ-ਫੜਨ ਵਾਲਾ; ਹਿਰਨ ਦਾ ਸ਼ਿਕਾਰੀ; ਟੋਪੀ ਜੋ ਅੱਗੇ ਤੇ ਪਿੱਛੇ ਨੁਕੀਲੀ ਹੁੰਦੀ ਹੈ.

small d. : ਛੋਟੇ ਛੋਟੇ ਪਸ਼ੂ ਜਾਂ ਪੰਛੀ; ਛੋਟੀਆਂ ਛੋਟੀਆਂ ਚੀਜ਼ਾਂ.

deface, *v. t.* : ਕੋਝਾ ਕਰਨਾ, ਸ਼ਕਲ ਵਿਗਾੜਨੀ; ਬਦਨਾਮ ਕਰਨਾ, ਲੱਦੂ ਕਰਨਾ, ਮਿਟਾਉਣਾ; (ਲਿਖਤ ਨੂੰ) ਇਸ ਤਰ੍ਹਾਂ ਵਿਗਾੜਨਾ ਕਿ ਪੜ੍ਹੀ ਨਾ ਜਾਵੇ, ਮੇਸਣਾ.

defaceABLE, *a.* : ਜੋ ਵਿਗਾੜਿਆ ਜਾਂ ਮਿਟਾਇਆ ਜਾਂ ਮੇਸਿਆ ਜਾ ਸਕੇ.

defaceMENT, *n.* : ਸ਼ਕਲ ਵਿਗਾੜਨ; ਮਿਟਾਵ, ਮੇਸ.

de facto [L.], *a.* & *adv.* : ਵਾਸਤਵਿਕ, ਵਾਸਤਵ ਵਿਚ (ਭਾਵੇਂ ਕਾਨੂੰਨੀ ਤੌਰ ਤੇ ਠੀਕ ਨਾ ਹੋ).

defalcate, *v. i.* : ਗ਼ਬਨ ਕਰਨਾ, ਖ਼ਿਆਨਤ ਕਰਨੀ, ਖਾ ਜਾਣਾ, ਚੁਰਾ ਲੈਣਾ.

defalcatOR, *n.* : ਗ਼ਬਨ ਜਾਂ ਖ਼ਿਆਨਤ ਕਰਨ ਵਾਲਾ.

defalcation, *n.* : ਗ਼ਬਨ, ਖ਼ਿਆਨਤ, ਖ਼ੁਰਦ-ਬੁਰਦ; ਗ਼ਬਨ ਕੀਤੀ ਹੋਈ ਰਕਮ.

defame, *v. t.* : ਭੰਡਣਾ, ਬਦਨਾਮ ਕਰਨਾ, ਤੁਹਮਤ ਲਾਉਣਾ, ਤੋਹਮਤ ਲਾਉਣੀ, ਬਦਨਾਮੀ ਕਰਨੀ, ਨਿੰਦਾ ਕਰਨੀ.

defamATION, *n.* : ਭੰਡੀ, ਬਦਨਾਮੀ, ਅਪਕੀਰਤੀ, ਅਪਮਾਨ, ਮਾਨ-ਹਾਨੀ, ਕਲੰਕ, ਤੋਹਮਤ.

defamATORY, *a.* : ਭੰਡੀ ਵਾਲੀ, ਮਾਨ-ਹਾਨੀਕਾਰਕ, ਅਪਕੀਰਤੀ ਭਰਿਆ; ਤੋਹਮਤ ਵਾਲੀ.

default, *n.* : ਗ਼ੈਰ-ਹਾਜ਼ਰੀ; ਭੁੱਲ; ਅਣਗਹਿਲੀ, ਬੇਧਿਆਨੀ; ਕਸਰ, ਤ੍ਰੁਟੀ, ਥੁੜ੍ਹ, ਘਾਟ.

in d. of : ਨਾ ਹੋਣ ਦੀ ਸੂਰਤ ਵਿਚ; ਹਿਸਾਬ ਜਾਂ ਚੁਕਾਈਂ ਦੇ ਕਾਰਨ.

default, *v. t.* & *i.* : ਅਣਗਹਿਲੀ ਕਰਨੀ, ਬਾਕੀਦਾਰੀ ਕਰਨੀ; ਪੈਰਵੀ ਨਾ ਕਰਨੀ, ਅਦਾਲਤ ਵਿਚ ਹਾਜ਼ਰ ਨਾ ਹੋਣਾ; ਹਿਸਾਬ ਨਾ ਚੁਕਾਉਣਾ; ਪੈਰਵੀ ਨਾ ਕਰਨੀ.

defaultER, *n.* : ਗ਼ੈਰ-ਹਾਜ਼ਰ; ਕਸੂਰਵਾਰ, ਦੁਰ-ਚੋਰ; ਬਾਕੀਦਾਰ; ਗ਼ਬਨ ਕਰਨ ਵਾਲਾ.

defeasance, *n.* : ਮਨਸੂਖ਼ੀ.

defeasible, *a.* : ਮਨਸੂਖ਼ਯੋਗ, ਰੱਦਯੋਗ.

defeasibILITY, *n.* : ਮਨਸੂਖ਼ੀ ਯੋਗਤਾ.

defeat, *v. t.* & *n.* : ਹਰਾਉਣਾ, ਪਛਾੜਨਾ, ਪਿੱਠ ਲਾਉਣੀ, ਨਿਸਫਲ ਕਰ ਦੇਣਾ, (ਮਨਸੂਬਾ) ਰੱਦ ਕਰਨਾ, ਹਰਾਉਣਾ; ਹਾਰ, ਭਾਂਜ, ਨਿਸਫਲਤਾ.

defeatism, *n.* : ਹਾਰਭਾਵ, ਢੇਰੂ ਸੁਭਾਅ, ਢਹਿੰਦੀ-ਕਲਾ, ਦੇਸ਼ ਦੀ ਹਾਰ ਦਾ ਸੁਝਾਅ, ਹਾਰ ਮੰਨਣ ਦਾ ਸੁਭਾਅ.

defeatIST, *n.* : ਹਾਰੂ, ਢਾਹੂ.

defeatist mentality : ਹਾਰੂ ਰੁਚੀ (ਜਾਂ ਬਿਰਤੀ).

defeature, *v. t.* : ਸ਼ਕਲ ਵਿਗਾੜ ਦੇਣੀ; ਚੇਹਰਾ ਬਦ ਦੇਣਾ.

defecate, *v. t.* : ਮੈਲ ਕਢਣੀ, ਸਾਫ਼ ਕਰਨਾ, ਨਿਤਾਰਨਾ, ਸ਼ੁੱਧ ਕਰਨਾ, ਮਲ ਕਰਨਾ, ਨਿਰਮਲ ਕਰਨਾ, ਪਵਿੱਤਰ ਕਰਨਾ.

defecation, *n.* : ਸਫ਼ਾਈ; ਨਿਤਾਰ; ਸ਼ੁੱਧੀ.

defecator, *n.* : ਸਾਫ਼ ਕਰਨ ਵਾਲਾ, ਮਲ-ਤਿਆਗ, ਨਿਰਮਲ ਕਰਨ ਵਾਲਾ, ਸ਼ੋਧਕ.

defect, *n.* : ਕਮੀ, ਥੋੜ, ਕਸਰ, ਕੁਦਸ, ਨੁਕਸ, ਖਾਮੀ, ਖੋਟ, ਕਾਣ, ਦਾਗ਼, ਐਬ, ਦੋਸ, ਔਗੁਣ, ਐਬ, ਇੱਲਤ, ਵਿਕਾਰ, ਅਭਾਵ.

has the d. of its qualities : ਇਸ ਵਿਚ ਗੁਣ ਤਾਂ ਹਨ ਪਰ ਉਨ੍ਹਾਂ ਦੇ ਨਾਲ ਜੋ ਔਗੁਣ ਹੋਇਆ ਕਰਦੇ ਹਨ ਉਹ ਵੀ ਹਨ.

defection, *n.* : ਬੇਮੁਖਤਾ, ਨਾਫ਼ਰਮਾਨੀ, ਤਰਕ, ਵਿਗੜ ਜਾਣਾ, ਫਿਰ ਜਾਣਾ, ਧਰਮ-ਤਿਆਗ.

defective, *a.* : ਕਸਰ ਵਾਲਾ, ਘਟੀਆ, ਕਮਜ਼ੋਰ, ਨਾਕਸ, ਅਧੂਰਾ, ਦੋਸ਼ ਵਾਲਾ, ਘਟਾ, ਊਣਾ, (ਵਿਆਕਰਣ ਸੰਬੰਧੀ) ਅਪੂਰਨ (ਕਿਰਿਆ ਆਦਿ).

defectively, *adv.* : ਨਾਕਸ ਤੌਰ ਤੇ, ਘਾਟੇ ਨਾਲ, ਅਪੂਰਨ ਤੌਰ ਤੇ.

defectiveness, *n.* : ਕਸਰਵੰਦੀ, ਘਾਟੇਵੰਦੀ, ਅਪੂਰਣਤਾ.

defence, *n.* : ਬਚਾਉ, ਰੱਖਿਆ, ਰਾਖੀ, ਓਟ, ਆੜ, ਆਸਰਾ, ਪਨਾਹ, (ਕਾਨੂੰਨ ਵਿਚ) ਸਿਰਵਾਰਥੀ, ਮਿਸਲਬੰਦੀ, ਉੱਤਰ; ਪੱਖ-ਪੂਰਤੀ, ਹਮਾਇਤ; ਪੁਸ਼ਤਾ; (ਬਹੁ.) ਕਲਾਬ-ਬੰਦੀ; ਸਫ਼ਾਈ; ਮੋਰਚਾਬੰਦੀ, (ਕ੍ਰਿਕਟ) ਖੇਡਣ ਵਾਲੀ ਧਿਰ (ਖ਼ਿਲਾਫ਼ ਵਾਲੀ ਧਿਰ ਦੇ ਟਾਕਰੇ ਵਿਚ).

best d. is offence : ਅੱਗੋਂ ਵਾਰ ਕਰਨਾ ਬਚਾਉ ਦਾ ਸਭ ਤੋਂ ਉੱਤਮ ਢੰਗ ਹੈ.

science or art of d. : ਰੱਖਿਆ ਸ਼ਾਸਤਰ ਜਾਂ ਮੋਰਚਾਬੰਦੀ; ਪਨਾਹਬੰਦੀ.

D. Department : ਰੱਖਿਆ-ਵਿਭਾਗ.

d. witness : ਸਫ਼ਾਈ ਦਾ ਗਵਾਹ.

defenceless, *a.* : ਨਿਹੱਥਾ, ਨਿਆਸਰਾ, ਅਰੱਖਿਅਤ, ਬੇਵਸ.

defencelessly, *adv.* : ਨਿਹੱਥਿਆਂ, ਨਿਆਸਰਾ ਹੋ ਕੇ.

defend, *v. t. & i.* : ਬਚਾਉ ਕਰਨਾ, ਰੱਖਿਆ ਕਰਨੀ; ਹਮਲਾ ਰੋਕਣਾ, ਬਚਾਉਣਾ; ਹਮਾਇਤ ਕਰਨੀ, ਸਹਾਇਤਾ ਕਰਨੀ, ਸ਼ਰਨ ਦੇਣੀ, ਪੱਖ ਕਰਨਾ, ਪੱਖ ਪਾਲਣਾ, ਪੱਖ ਪੂਰਨਾ; (ਕਾਨੂੰਨ) ਸਫ਼ਾਈ ਪੇਸ਼ ਕਰਨੀ, ਜਵਾਬ-ਦਾਵਾ ਦਾਖ਼ਲ ਕਰਨਾ, ਦੋਸ਼ੀ ਦੇ ਪੱਖ ਤੇ ਲੜਨਾ, ਵਰਜਣਾ (ਪੁਰਾਣਾ ਰੂਪ).

God d. : ਪਰਮਾਤਮਾ ਨਾ ਕਰੇ ! ਪਰਮਾਤਮਾ ਬਚਾਵੇ ! ਰੱਬ ਰਾਖਾ !

defendant, *n.* : ਉੱਤਰਵਾਦੀ; ਦੋਸ਼ੀ; ਮੁਦਾਲਾ.

defender, *n.* : ਰੱਖਿਅਕ, ਰਖਵਾਲਾ, ਰਾਖੀਦਾਰ; ਮੁਹਾਫ਼ਿਜ਼, ਹਾਮੀ, ਤਰਫ਼ਦਾਰ, ਹਮਾਇਤੀ, ਪੱਖੀ, ਪੱਖ ਪੂਰਨ ਵਾਲਾ.

D. of the Faith : ਧਰਮ-ਰੱਖਿਅਕ; ਅੰਗਰੇਜ਼ ਬਾਦਸ਼ਾਹਾਂ ਦਾ ਖ਼ਿਤਾਬ (ਜੋ ਅਠਵੇਂ ਹੈਨਰੀ ਤੋਂ ਸ਼ੁਰੂ ਹੋਇਆ ਆਉਂਦਾ ਹੈ).

defensible, *a.* : ਸੁਰੱਖਿਅਤ, ਰੱਖਿਆ-ਯੋਗ (ਕਿਲ੍ਹਾ ਆਦਿ); ਸਫ਼ਾਈ-ਯੋਗ (ਮੁਕੱਦਮਾ); ਜਵਾਬ ਦੇਣ ਦੇ ਕਾਬਿਲ.

defensibility, *n.* : ਸੁਰੱਖਿਅਤਾ, ਬਚਾਉ-ਯੋਗਤਾ, ਜਵਾਬ ਦੇਣ ਜਾਂ ਸਫ਼ਾਈ ਦੇਣ ਦਾ ਜੋਗਪਨ.

defensibly, *adv.* : ਸੁਰੱਖਿਅਤ ਤੌਰ ਤੇ, ਵਾਜਬੀ ਤੌਰ ਤੇ.

defensive, *a. & n.* : ਬਚਾਉ, ਹਮਾਇਤੀ, ਓਟ, ਮੋਰਚਾ, ਰਖਵਾਲੀ.

defensively, *adv.* : ਬਚਾਉ ਦੇ ਤੌਰ ਤੇ; ਰੱਖਿਆ ਲਈ.

defer[1], *v. t. & i.* : ਮੁਲਤਵੀ ਕਰਨਾ, ਪਿੱਛੇ ਪਾਉਣਾ, ਅਗਾਂਹ ਪਾ ਦੇਣਾ, ਟਾਲਣਾ; ਟਾਲ-ਮਟੋਲ ਕਰਨੇ, ਅਟਕਾਅ ਕਰਨਾ.

deferred pay : ਪਛੜਵੀਂ ਤਨਖ਼ਾਹ, ਉਹ ਰਕਮ ਜੋ ਸਿਪਾਹੀ ਨੂੰ ਨੌਕਰੀ ਤੋਂ ਫ਼ਾਰਗ਼ ਹੋਣ ਜਾਂ ਮਰਨ ਪਿੱਛੋਂ ਉਸ ਦੇ ਵਾਰਸਾਂ ਨੂੰ ਦਿੱਤੀ ਜਾਂਦੀ ਹੈ.

deferment, *n.* : ਦੇਰ, ਢਿੱਲ, ਟਾਲ-ਮਟੋਲ; ਅਟਕਾਅ.

defer[2], *v. i.* : ਮੰਨ ਲੈਣਾ; ਸਿਰ ਝੁਕਾਉਣਾ (ਕਿਸੇ ਦੀ ਸਲਾਹ ਆਦਿ ਤੇ).

deference, *n.* : ਮਾਣ, ਲਿਹਾਜ਼, ਖ਼ਾਤਰ, ਕਦਰ, ਆਦਰ, ਸਨਮਾਨ.

deferential, *a.* : ਨਿਮਾਣੀ, ਆਦਰ-ਭਾਵ ਵਾਲਾ.

deferentially, *adv.* : ਆਦਰ ਨਾਲ, ਲਿਹਾਜ਼ ਕਰਕੇ, ਸਨਮਾਨ ਪੂਰਵਕ.

deferent, *a.* : (ਸਰੀਰਕ ਕ੍ਰਿਆ) ਕੇਂਦਰ ਤੋਂ ਬਾਹਰ ਰਸ ਨੂੰ ਲੈ ਜਾਣ ਵਾਲੀ (ਨਸ ਆਦਿ); (ਕਦੇ ਕਦਾਈਂ) deferential ਦੇ ਅਰਥਾਂ ਵਿਚ

defiance, *n.* : ਵਿਰੋਧਤਾ, ਵਿਰੋਧ, ਤ੍ਰਿਸਕਾਰ; ਖੁਲ੍ਹਮ ਖੁਲ੍ਹੀ ਹੁਕਮ-ਅਦੂਲੀ, ਲਲਕਾਰਨ ਢੰਗ.

defiant, *a.* : ਵਿਰੋਧੀ, ਵਿਰੋਧੀ, ਆਕੀ, ਨਿੱਡਰ, ਨਿਧੜਕ, ਆਕੜਿਆ ਹੋਇਆ ਜਾਂ ਆਕੜ ਵਾਲਾ.

defiantly, *adv.* : ਨਿਡਰਤਾ ਨਾਲ, ਆਕੜ ਨਾਲ.

deficiency, *n.* : ਘਾਟਾ, ਘਾਟ, ਤੋੜਾ, ਤੋਟਾ, ਤੋਟ, ਥਾਪਾ, ਕਸਰ, ਊਣਤਾ, ਊਣਤਾਈ, ਊਣ, ਕਮੀ, ਥੁੜ, ਤ੍ਰੁਟੀ.

deficient, *a.* : ਘਟ, ਥੁੜ, ਥੋੜਾ, ਘਟਵਾਧਾ, ਕਸਰਵੰਦ, ਊਣਾ, ਅਧੂਰਾ, ਅਪੂਰਨ, ਤਾਂਡੀ.

deficiently, *adv.* : ਕਮੀ, ਥੋੜਾ ਹੋ ਕੇ, ਊਣਤਾਈ ਨਾਲ.

deficit, *n.* : ਘਾਟਾ, ਤੋਟਾ, ਟੋਟਾ, ਕਮੀ; ਖ਼ਸਾਰਾ, ਕਸਰ, ਘਾਟਾ.

de fide [L], *pred. a.* : ਮੂਲ-ਸਿਧਾਂਤੀ.

defier, *n.* : ਵਿਰੋਧੀ, ਵੰਗਾਰ, ਲਲਕਾਰਨ ਵਾਲਾ.

defilade, *v. t. & n.* , = defilement : (ਕਿਲ੍ਹੇ ਆਦਿ ਨੂੰ) ਗੋਲਾਬਾਰੀ ਤੋਂ ਬਚਾਉਣਾ; ਗੋਲਾਬਾਰੀ ਤੋਂ ਬਚਾਉਣ ਦਾ ਪ੍ਰਬੰਧ.

defile[1], *v. i. & n.* : ਕਤਾਰ ਵਿਚ ਚਲਣਾ, ਕਤਾਰ-ਵਿਚ ਚਲਣਾ; ਭੀੜੀ ਘਾਟੀ, ਪਹਾੜਾਂ ਵਿਚਲਾ ਰਸਤਾ, ਨਾਲੀ.

defile[2], *v. t.* : ਮੈਲਾ ਕਰਨਾ, ਗੰਦਾ ਕਰਨਾ, ਵਿਗਾੜਨਾ, ਭਿੱਟ ਦੇਣਾ, ਅਪਵਿੱਤਰ ਕਰਨਾ, ਭ੍ਰਿਸ਼ਟ ਕਰਨਾ, ਪਲੀਤ ਕਰਨਾ.

defilement, *n.* : ਭਿੱਟ, ਛੂਤ, ਅਪਵਿੱਤਰਤਾ, ਭ੍ਰਿਸ਼ਟ, ਨਾਪਾਕੀ, ਵਿਗਾੜ.

define, *v. t.* : ਹੱਦ ਜਾਂ ਸੀਮਾ ਬੰਨ੍ਹਣੀ, ਹੱਦਬੰਦੀ ਕਰਨੀ, ਨਿਯਤ ਕਰਨਾ; ਵਿਆਖਿਆ ਕਰਨੀ, ਵਰਣਨ ਕਰਨਾ, ਅਰਥ ਦੱਸਣਾ.

definable, *a.* : ਨਿਯਤਯੋਗ, ਵਰਣਨਯੋਗ

definite, *a.* : ਹੱਦ ਵਿਚ, ਨਿਯਤ, ਨਿਸ਼ਚਿਤ, ਸਾਫ਼, ਠੀਕ ਠੀਕ, ਖ਼ਾਸ; ਸਹੀ, ਪੱਕਾ, ਸਪੱਸ਼ਟ.

d. article : ਨਿਸ਼ਚਿਤ ਆਰਟੀਕਲ, the.

d. inflexions : (ਵਿਆਕਰਣ ਅਨੁਸਾਰ) ਨਿਸ਼ਚਿਤ ਵਿਭਕਤੀਆਂ (ਜਰਮਨ ਭਾਸ਼ਾ ਅਤੇ ਪੁਰਾਣੀ ਅੰਗਰੇਜ਼ੀ ਦੇ ਉਨ੍ਹਾਂ ਵਿਸ਼ੇਸ਼ਣਾਂ ਦੀਆਂ ਜੋ the ਤੋਂ ਪਿੱਛੋਂ ਵਰਤੇ ਜਾਣ).

past or preterite d. : (ਫ਼ਰਾਂਸੀਸੀ ਵਿਆਕਰਣ ਅਨੁਸਾਰ) ਨਿਸ਼ਚਿਤ ਭੂਤਕਾਲ.

definitely, *adv.* : ਨਿਸ਼ਚਿਤ ਤੌਰ ਤੇ, ਨਿਸ਼ਚੇਪੂਰਵਕ, ਪੱਕੀ ਤਰ੍ਹਾਂ, ਸਾਫ਼ ਤੌਰ ਤੇ.

definiteness, *n.* : ਨਿਸ਼ਚਤਾ, ਪੱਕਾਪਨ.

definition, *n.* : ਅਰਥ, ਤਾਰੀਫ਼, ਹੱਦ-ਨਿਸ਼ਚਾ.

definitive, *a.* : ਨਿਸ਼ਚਿਤ, ਫ਼ੈਸਲਾਕੁਨ, ਕੱਤਈ, ਅੰਤਿਮ, ਨਿਰਣਾਇਕ.

definitively, *adv.* : ਨਿਸ਼ਚਤੇ ਤੌਰ ਤੇ, ਅਟੱਲ ਤੌਰ ਤੇ.

deflagrate, *v. t. & i.* : ਸਾੜ ਦੇਣਾ, ਫੂਕਣਾ, ਤੇਜ਼ ਸਾੜਨੀ, ਭਕ ਉਡਣਾ; ਸੜ ਜਾਣਾ.

deflagration, *n.* : ਜਲਨ, ਭੜਾਕਾ, ਫੂਕਣ.

deflagrator, *n.* : ਸਾੜੂ, ਤੇਜ਼ ਸਾੜਨ ਵਾਲਾ, ਭੜਕਾਊ.

deflate, *v. t.* : (ਫੁੱਲੀ ਹੋਈ ਚੀਜ਼ ਨੂੰ) ਖ਼ਾਲੀ ਕਰਨਾ; ਹਵਾ ਕੱਢਣੀ; ਸਿੱਕੇ ਦੇ ਫੈਲਾਉ ਨੂੰ ਘਟਾਉਣਾ ਜਾਂ ਦੂਰ ਕਰਨਾ, ਪਿਚਕਾਉਣਾ.

deflation, *n.* : ਹਵਾ-ਕਢਾਈ, ਪਿਚਕਾਉ, (ਸਿੱਕੇ ਸੰਬੰਧੀ) ਨੋਟ-ਘਟਾਈ.

deflect, *v. t. & i.* : ਮੋੜਨਾ; ਮੁੜਨਾ, ਮੂੰਹ ਫੇਰਨਾ, ਫਿਰ ਜਾਣਾ; ਝੁਕਾਉਣਾ,

ਮੁੜ ਜਾਣਾ; ਸਿੱਧੇ ਤੋਂ ਫਿਰੇ ਹੋਏ ਪਲੈਣਾ ਜਾਂ ਪੈਣਾ.

deflector, n. : ਮੋੜਨ ਵਾਲਾ; ਫੇਰਨ ਵਾਲਾ; ਫਿਰੇ ਰਾਹ ਪਾਉਣ ਵਾਲਾ; ਟੇਢਾ ਕਰਨ ਵਾਲਾ.

deflexion,-ction, n. : ਮੋੜ, ਝੁਕਾਉ, ਫੇਰ, ਵਿੰਗ, (ਅਕਾਰਥ-ਵਿਗਿਆਨ) ਝੁਕ (ਕਿਰਨ ਦਾ); (ਬਿਜਲੀ ਅਤੇ ਚੁੰਬਕ) ਸੂਈ ਦਾ ਸੁੰਨ ਬਿੰਦੀ ਤੋਂ ਹਟਣਾ.

defloration, n. : (ਕੁਆਰੀ ਦਾ) ਕੁਆਰ-ਭੰਗ, ਸਤ-ਭੰਗ; ਫੁੱਲ ਝੜਨੇ, ਫੁੱਲ ਨਿਕਲਣੇ ਬੰਦ ਹੋ ਜਾਣੇ.

deflower, v. t. : ਕੁਆਰ ਭੰਨਣਾ, ਸਤ ਭੰਗ ਕਰਨਾ; ਜਬਰ-ਜਨਾਹ ਕਰਨਾ; ਖੂਬਸੂਰਤੀ ਭੰਗ ਕਰਨਾ, ਬੇਪਤੀ ਕਰਨੀ, ਲੁੱਟਣਾ, ਤਬਾਹੀ ਕਰਨੀ; ਤਰੁੰਡਣਾ, ਫੁੱਲ ਤੋੜਨੇ (ਬੂਟੇ ਦੇ).

defluent, a. & n. : ਹੇਠਾਂ ਵੱਲ ਨੂੰ ਵਹਿਣ ਵਾਲਾ.

deforest, v. t. : ਵੇਖੋ disforest.

deform, v. t. : ਰੂਪ ਵਿਗਾੜਨਾ, ਕੋਝਾ ਬਣਾਉਣਾ, ਬਦਸ਼ਕਲ ਬਣਾਉਣਾ, ਕਰੂਪ ਕਰਨਾ, ਸ਼ਕਲ ਵਿਗਾੜਨੀ.

deformED, a. : ਕੋਝਾ, ਕਰੂਪ, ਬਦਸ਼ਕਲ, ਵਿਗੜ-ਰੂਪ; ਵਿਕ੍ਰਤ, ਵਿਕ-ਪਰੋਖ.

deformation, n. : ਕੋਝ, ਕਰੂਪਤਾ, ਵਿਗਾੜ, ਖਰਾਬੀ, ਵਿਕਾਰ.

deformity, n. : ਬੇਢਬਾਪਣ, ਕੋਝ, ਕਰੂਪਤਾ, ਬਦਸੂਰਤੀ; ਐਬ, ਔਜ, ਦੋਸ਼, ਬੇਡੌਲਤਾ.

defraud, v. t. : ਹੱਕ ਮਾਰਨਾ, ਠੱਗਣਾ; ਫਰੇਬ ਕਰਨਾ, ਧੋਖਾ ਦੇਣਾ, ਖਾਧਾ ਮਾਰਨਾ, ਛਲ ਕੇ ਲੁੱਟਣਾ.

defray, v. t. : ਖਰਚ, ਖਰਚ ਚੁੱਕਣਾ; ਦੇਣਾ, ਭੁਗਤਾਉਣਾ, ਨਿਪਟਾਉਣਾ, ਚੁਕਾਉਣਾ, ਤਾਰਨਾ.

defrayABLE, a. : ਭੁਗਤਾਉਣਯੋਗ, ਭੁਗਤਣਯੋਗ.

defrayAL, n. : ਅਦਾਈ, ਅਦਾਇਗੀ.

defrock, v. t. : ਵੇਖੋ unfrock.

deft, a. : ਚਲਾਕ, ਹੁਸ਼ਿਆਰ, ਜ਼ਹੀਨ, ਤਾਕ, ਹੱਥ ਦੀ ਸਫ਼ਾਈ ਵਾਲਾ.

deftLY, adv. : ਹੱਥ-ਚਲਾਕੀ ਨਾਲ, ਹੁਸ਼ਿਆਰੀ ਨਾਲ, ਫੁਰਤੀ ਨਾਲ, ਸਫ਼ਾਈ ਨਾਲ.

deftNESS, n. : ਚਲਾਕੀ, ਹੁਸ਼ਿਆਰੀ; (ਹੱਥ ਦੀ) ਸਫ਼ਾਈ, ਹੱਥ-ਚਲਾਕੀ.

defunct, a. : ਮੁਰਦਾ; ਮੋਇਆ-ਮੁਕਿਆ, ਅਪ੍ਰਚਲਤ, ਮੁੱਕਿਆ-ਚੁੱਕਿਆ.

defy, v. t. : ਵੰਗਾਰਨਾ, ਆਕੀ ਹੋਣਾ, ਟੱਕਰ ਲੈਣੀ, ਖੁਲ੍ਹਮਖੁਲ੍ਹਾ ਟਾਕਰਾ ਕਰਨਾ, ਮੁਕਾਬਲੇ ਨੂੰ ਪੈਣਾ, ਲਲਕਾਰਨਾ.

degenerate, a. & n. : ਨਿਘਰਿਆ ਹੋਇਆ, ਨਿਘਰ-ਗਿਆ, ਕਮਜ਼ਾਤ, ਪਤਿਤ, ਕੁਜਾਤ, ਕੁਸੰਗ; ਵਿਗੜਿਆ ਹੋਇਆ; ਵਿਕ੍ਰਤ; (n) ਵਿਗੜਿਆ ਹੋਇਆ ਮਨੁੱਖ, ਕਮੀਨਾ ਜਨੌਰ.

degeneracy, n. : ਨਿਘਾਰ, ਵਿਗਾੜ.

degenerate, v. i. : ਅਸਲਾ ਖੋਹ ਜਾਣਾ, ਵਿਗੜ ਜਾਣਾ, ਅਸਲੀ ਰੂਪ ਜਾਂ ਗੁਣ ਗੁਆ ਲੈਣੇ, ਭ੍ਰਿਸ਼ਟ ਹੋਣਾ; ਤੱਤਾ ਨਾਸ ਹੋਣਾ.

degeneration, n. : ਵਿਗਾੜ, ਗਿਰਾਵਟ, ਕਮੀਨਾਪਣ, ਅਧੋਗਤੀ, ਖ਼ਰਾਬੀ.

deglutition, n. : ਘੁਟ ਭਰਨਾ, ਨਿਗਲਣਾ, ਸੰਘੋਂ ਲਾਹੁਣਾ, ਘੁੱਪ ਕਰਨਾ.

degrade, v. t. & i. : ਪਦਵੀ ਘਟਾਉਣੀ, ਹੇਠਾਂ ਲਾਹੁਣਾ, ਨਿਘਾਰਨਾ, ਡੇਗਣਾ, ਅਪਮਾਨ ਕਰਨਾ, ਖ਼ੁਆਰ ਕਰਨਾ, ਵਿਗਾੜਨਾ; ਵਿਗੜਨਾ; ਘਟਣਾ, (ਵਿਸ਼ਵ-ਵਿਦਿਆਲਾ) ਹੇਠਲੀ ਸ਼੍ਰੇਣੀ ਤੇ ਉਤਾਰ ਦੇਣਾ, (ਯੂਨੀਵਰਸਿਟੀ) ਜਮਾਤੋਂ ਲਾਹ ਦੇਣਾ.

degradATION, n. : ਗਿਰਾਵਟ, ਗਿਰਾਨੀ, ਅਧੋਗਤੀ, ਖ਼ੁਆਰੀ.

degradED, a. : ਨੀਚ, ਨਿਘਰਿਆ ਹੋਇਆ, ਭ੍ਰਿਸ਼ਟ, ਜ਼ਲੀਲ.

degradING, a. : ਖ਼ੁਆਰੀ ਵਾਲਾ, ਨੀਚਤਾ ਵਾਲਾ.

degree, n. : ਪੌੜੀ ਦਾ ਡੰਡਾ (ਅਪ੍ਰਚਲਤ); ਦਰਜਾ, ਪਦਵੀ, ਸਥਿਤੀ; ਹੈਸੀਅਤ; ਅਵਸਥਾ; (ਵਿਆਹ ਸੰਬੰਧੀ) ਪੀੜ੍ਹੀ, ਕੋਟੀ; ਦਰਜਾ; ਸਨਦ; (ਵਿਆਕਰਣ) ਟਾਕਰੇ ਜਾਂ ਤੁਲਨਾ ਦੀ ਅਵਸਥਾ.

positive d. : ਸਾਧਾਰਨ ਅਵਸਥਾ.

comparative d. : ਅਧਿਕ-ਤਰ ਅਵਸਥਾ; (ਤੁਲਨਾ) ਦਰਜਾ.

superlative d. : ਅਧਿਕ-ਤਮ ਅਵਸਥਾ.

d. of latitude : ਵਿਥਕਾਰ ਦਰਜਾ.

d. of longitude : ਲਮਕਾਰ ਦਰਜਾ.

third d. : ਮਾਰ-ਕੁੱਟ (ਮਾਰ ਕੁਟਕੇ ਮੁਲਜ਼ਮ ਤੋਂ, ਕੈਦੀ ਤੋਂ ਇਕਬਾਲ ਕਰਾਉਣ ਲਈ).

by dd. : ਥੋੜ੍ਹਾ ਥੋੜ੍ਹਾ, ਹੌਲੀ ਹੌਲੀ.

prohibited dd. : ਵਿਵਰਜਤ ਰਿਸ਼ਤੇ, ਉਹ ਸਾਕ ਜਿਨ੍ਹਾਂ ਨਾਲ ਵਿਆਹ ਨਾ ਹੋ ਸਕੇ.

degreeLESS, a. : ਬੇਦਰਜਾ, ਜਿਸ ਵਿੱਚ ਦਰਜੇ ਦਾ ਫ਼ਰਕ ਨਾ ਹੋਵੇ.

degression, n. : ਗਿਰਾਵਟ, ਘਟਾਉ.

de haut en bas [F], adv. : ਘਮੰਡੀ ਢਾਸੇ ਨਾਲ, ਅਫ਼ਸਰੀ ਦੇ ਅੰਦਾਜ਼ ਵਿੱਚ.

dehisce, v. i. : (ਬਨਸਪਤੀ) ਤਿੜਕਣਾ, ਫਟਣਾ, ਖੁਲ੍ਹਣਾ (ਫਲੀਆਂ ਦੇ ਬੀਜਾਂ ਆਦਿ ਦਾ).

dehiscENCE, n. : ਤਿੜਕ, ਖੁਲ੍ਹਣ.

dehiscENT, a. : ਖੁਲ੍ਹਦਾ, ਫਟਦਾ.

dehortative, a. & n. : ਵਰਜਕ, ਮਨ੍ਹਾ ਕਰਨ ਵਾਲਾ, ਮਨਾਹੀ.

dehumanize, v. t. : ਮਨੁੱਖਤਾ-ਹੀਣ ਕਰਨਾ.

dehumidifying plant : ਨਮੀ-ਨਾਸ਼ਕ ਕਲ (ਮਸ਼ੀਨ).

dehydrate, v. t. : (ਰਸਾਇਣ ਵਿਗਿਆਨ) ਜਲ-ਰਹਿਤ ਕਰਨਾ, ਜਲ-ਅੰਸ਼ੀ ਕਢਣੀ, ਸੁਕਾਣਾ.

dehydratING-agent : ਜਲ-ਸ਼ੋਖੂ, ਸੁਕਾਊ ਸਾਧਨ.

dehydratION, n. : ਸੋਖਣ, ਸੁਕਾਈ.

dehypnotize, v. t. : ਬਣਾਵਟੀ ਨਿਸ਼ਾਂਦਰੀ ਹੋਈ ਨੀਂਦ ਤੋਂ ਹੋਸ਼ ਵਿੱਚ ਲਿਆਉਣਾ, ਜਗਾਉਣਾ ਜਾਂ ਅਸਰ ਲਾਹੁਣਾ, ਜਾਦੂ ਲਾਹੁਣੇ.

de-icer, n. : ਹਵਾਈ-ਜਹਾਜ਼ ਉੱਤੇ ਬਰਫ਼ ਜੰਮਣ ਤੋਂ ਰੋਕਣ ਵਾਲਾ ਮਸਾਲਾ ਜਾਂ ਜੰਤਰ, ਬਰਫ਼-ਰੋਕ.

deicide, n. : ਦੇਵ-ਘਾਤ, ਦੇਵ-ਘਾਤੀਆ.

deictic, a. : (ਤਰਕ-ਵਿਗਿਆਨ ਤੇ ਵਿਆਕਰਣ) ਨਿਸ਼ਚੇ-ਵਾਚਕ, ਸੂਚਕ.

deiform, a. : ਦੇਵ-ਮੂਰਤ, ਰੱਬ ਦੀ ਵਰਗੀ ਸ਼ਕਲ ਦਾ.

deify, v. t. : ਦੇਵਤਾ ਬਣਾਉਣਾ, ਦੇਵ-ਰੂਪ ਦੇਣਾ; ਖ਼ੁਦਾਈ ਦਰਜਾ ਦੇਣਾ; ਦੇਵਤਾ ਸਮਝਣਾ, ਪੂਜਣਾ.

deifiCATION, n. : ਪੂਜ-ਰੂਪ ਬਣਾਉਣਾ, ਦੇਵੀਕਰਨ.

deign, v. t. : ਤਰੁੱਠਣਾ, ਮਿਹਰ ਕਰਨੀ, ਨਿਵਾਜਣਾ.

dei gratia [L.], adv. : ਈਸ਼ਵਰ ਦੀ ਕਿਰਪਾ ਨਾਲ, ਰੱਬ ਦੀ ਮਿਹਰ ਨਾਲ.

de integro [L.], adv. : ਮੁੜ-ਮੁਢੋਂ, ਸਿਰੇ.

deism, n. : ਈਸ਼ਵਰਵਾਦ, ਉਹ ਵਿਸ਼ਵਾਸ ਜਿਸ ਵਿੱਚ ਪਰਮਾਤਮਾ ਦੀ ਹੋਂਦ ਨੂੰ ਮੰਨਿਆ ਜਾਂਦਾ ਪਰ ਇਲਹਾਮੀ (ਅਧਿਆਤਮਿਕ) ਪਰਮਾਣਾਂ ਅਨੁਸਾਰ ਨਹੀਂ, ਕੁਦਰਤੀ ਧਰਮ.

deist, n. : ਈਸ਼ੁਰਵਾਦੀ, ਆਸਤਕ; ਕੁਦਰਤੀ ਧਰਮ ਦਾ ਅਨੁਯਾਈ.

deistIC, a. : ਈਸ਼ੁਰਵਾਦਿਕ, ਆਸਤਿਕ.

deity, n. : ਦੇਵੀ ਪਦਵੀ, ਰੱਬ ਦਾ ਸੁਭਾਵ; ਦੇਵਤਾ.

the D. : ਪਰਮਾਤਮਾ, ਈਸ਼ਵਰ, ਰੱਬ.

deject, v. t. : ਉਦਾਸ ਕਰਨਾ; ਉਚਾਟ ਕਰਨਾ, ਢੁਚਾਟਣਾ; ਦਿਲ ਢੱਠਾ ਕਰਨਾ, ਦਿਲਗੀਰ ਕਰਨਾ.

dejectedLY, adv. : ਢਹੇ ਹੋਏ, ਟੁੱਟੇ ਦਿਲ ਨਾਲ, ਬੇਦਿਲੀ ਨਾਲ, ਉਪਰਾਮ ਹੋ ਕੇ.

dejecta, n. & pl. : ਮੈਲਾ, ਗੰਦ, ਲੀਦਕਾਂ, ਮਲ-ਮੂਤ, ਗੋਹਾ, ਲਿੱਦ.

dejection, n. : ਉਦਾਸੀ, ਉਚਾਟ, ਉਪਰਾਮਤਾ, ਦਿਲਗੀਰੀ, ਬੇਦਿਲੀ; ਮਲ-ਤਿਆਗ.

ਡੀ.

dejeuner [F], *n.* : ਨਿਹਾਰ, ਭੋਜਨ.

de jure [L], *a.* & *adv.* : ਕਨੂੰਨ ਅਨੁਸਾਰ, ਨਿਯਮਬੱਧ, ਕਨੂੰਨੀ; ਕਨੂੰਨੀ ਤੌਰ ਤੇ, ਹੱਕ ਦੇ ਤੌਰ ਤੇ.

delaine, *n.* : ਇੱਕ ਤਰ੍ਹਾਂ ਦਾ ਹੌਲਾ ਕਪੜਾ.

delate, *v. t.* : ਮੁਖਬਰੀ ਕਰਨੀ, ਦੂਸ਼ਣ ਲਾਉਣਾ, ਦੋਸ਼ੀ ਠਹਿਰਾ ਕੇ ਪੇਸ਼ ਕਰਨਾ (ਅਦਾਲਤ ਦੇ ਸਾਹਮਣੇ); ਜੁਰਮ ਦੀ ਖ਼ਬਰ ਦੇਣੀ; ਰਪੋਟ ਦੇਣੀ.

delation, *n.* : ਮੁਖਬਰੀ, ਇਲਜ਼ਾਮ, ਖ਼ਬਰ; ਰਪਟ.

delator, *n.* : ਮੁਖਬਰ; ਇਲਜ਼ਾਮ ਲਾਣ ਵਾਲਾ; ਰਪੋਟੀਆ.

delay, *v. t.* & *i.* & *n.* : ਦੇਰ ਕਰਨੀ ਜਾਂ ਲਾਣੀ, ਢਿੱਲ ਪਾਉਣੀ, ਟਲਣੀ, ਟਾਲਣੀ; ਚਿਰ ਬਾਦ ਦੇਣਾ ਜਾਂ ਹੋਣਾ ਜਾਂ ਲਾਉਣਾ, ਲਮਕਾਉਣਾ, ਲਮਕ ਜਾਣਾ, ਪਿੱਛੇ ਪਾਈ ਰੱਖਣਾ, ਅਟਕਾਉਣਾ, ਚਿਰ ਲਾਉਣਾ; ਦੇਰ, ਢਿੱਲ; ਅਟਕੇਵਾਂ, ਰੁਕਾਵਟ, ਰੋਕ, ਟਾਲ-ਮਟੋਲਾ.

del credere [It.] *a.*, *adv.* & *n.* : (ਵਪਾਰ) ਜ਼ਾਮਨ-ਜ਼ਰੀਏ, ਉਹ ਕਮਿਸ਼ਨ ਜੋ ਵਪਾਰੀਆਂ ਦਾ ਏਜੰਟ ਇਸ ਗੱਲ ਦਾ ਜ਼ਿੰਮਾ ਲੈਣ ਬਦਲੇ ਲੈਂਦਾ ਹੈ ਕਿ ਖਰੀਦਾਰ ਰਕਮ ਭੁਗਤ ਸਕਦਾ ਹੈ, ਜ਼ਰ-ਜ਼ਮਾਨਤ, ਇਸ ਤਰ੍ਹਾਂ ਦੀ ਜ਼ਮਾਨਤ ਤੇ ਪਹੁੰਚਿਆ ਹੋਇਆ (ਮਾਲ).

dele (*abbr. d.*) : (ਪਰੂਫ਼-ਸੁਧਾਈ ਵਿੱਚ) ਕਿਸੇ ਅੱਖਰ ਜਾਂ ਸ਼ਬਦ ਨੂੰ ਕੱਟ ਦੇਣ ਦੀ ਨਿਸ਼ਾਨੀ, ਕਟਾਈ ਸੂਚਨਾ.

delectable, *a.* : (ਅਪ੍ਰਚਲਤ) ਸੁਆਦੀ, ਸੁਹਾਣਾ, ਮਨਭਾਉਂਦਾ, ਮਨੋਹਰ.

delectation, *n.* : ਖ਼ੁਸ਼ੀ, ਸੁਆਦ, ਮਜ਼ਾ.

delectus, *n.* : ਚੋਣਵੀਆਂ ਲਿਖਤਾਂ (ਪੜ੍ਹਾਈ ਲਈ); ਚੋਣਵੇਂ ਪਾਠਾਂ ਦੀ ਪੁਸਤਕ, ਸੰਗ੍ਰਹਿ.

delegacy, *n.* : ਪ੍ਰਤੀਨਿਧਤਾ ਦਾ ਅਸੂਲ ਜਾਂ ਰੀਤੀ, ਪ੍ਰਤੀਨਿਧਤਾ.

delegate[1], *n.* : ਪ੍ਰਤੀਨਿਧ, ਮੁਖ਼ਤਾਰ, ਡੈਲੀਗੇਟ.

delegate[2], *v. t.* : ਵਕੀਲ, ਮੁਖ਼ਤਾਰ ਜਾਂ ਪ੍ਰਤੀਨਿਧ ਬਣਾ ਕੇ ਭੇਜਣਾ, ਅਧਿਕਾਰਤ ਕਰਨਾ, ਅਧਿਕਾਰ ਸੌਂਪਣਾ.

delegation, *n.* : ਅਧਿਕਾਰ-ਸੌਂਪਣੀ; ਪ੍ਰਤੀਨਿਧ-ਮੰਡਲ, ਡੈਲੀਗੇਸ਼ਨ, ਵਫ਼ਦ.

delete, *v. t.* : ਛੀਲਣਾ, ਛੀਲ ਛੱਡਣੀ, ਕਲਮ ਫੇਰਨੀ, ਮੇਟਣਾ, ਮਿਟਾਣਾ, ਮਿਟਾ ਦੇਣਾ, ਕਟਣਾ.

deletion, *n.* : ਛੀਲਣ, ਮਿਟ-ਮਿਟਾ.

deleterious, *a.* : ਜ਼ਹਿਰੀ, ਜ਼ਹਿਰੀਲਾ, ਹਾਨੀਕਾਰਕ, ਖ਼ਤਰਨ.

deleteriously, *adv.* : ਹਾਨੀਕਾਰਕ ਹੋ ਕੇ.

delf(t), *n.* : ਚੀਨੀ ਦੇ ਭਾਂਡਾ (ਜੋ ਹਾਲੈਂਡ ਦੇ ਸ਼ਹਿਰ Delft ਵਿਚ ਬਣਦਾ ਹੈ).

deliberate[1], *a.* : ਵਿਚਾਰ-ਪੂਰਬਕ, ਸੋਚਿਆ-ਸਮਝਿਆ, ਵਿਚਾਰਵਾਨ, ਸੋਚਵਾਨ, ਗੰਭੀਰ, ਧੀਰਾ, ਧੀਰਜਵਾਨ.

deliberately, *adv.* : ਧਿਆਨ ਨਾਲ, ਵਿਚਾਰ-ਪੂਰਬਕ; ਸੋਚ-ਵਿਚਾਰ ਕੇ, ਸੋਚ ਸਮਝ ਕੇ, ਜਾਣ ਬੁਝ ਕੇ, ਧੀਰਜ ਨਾਲ.

deliberateness, *n.* : ਸੋਚ-ਵਿਚਾਰ, ਧੀਰਜ, ਸੰਜਮ.

deliberate[2], *v. t.* & *i.* : ਵਿਚਾਰ ਕਰਨੀ, ਸੋਚਣਾ, ਵਿਚਾਰਨਾ; ਨਜਿੱਠਣਾ (ਗੱਲ ਨੂੰ), ਸਲਾਹ ਕਰਨਾ, ਸਲਾਹ ਕਰਨੀ.

deliberation, *n.* : ਵਿਚਾਰ, ਧਿਆਨ, ਸੋਚ-ਵਿਚਾਰ, ਗੌਰ, ਸਲਾਹ-ਮਸ਼ਵਰਾ.

deliberative, *a.* : ਵਿਚਾਰ ਵਾਲੀ, ਵਿਚਾਰ-ਸ਼ੀਲ.

deliberatively, *adv.* : ਵਿਚਾਰ ਨਾਲ, ਵਿਚਾਰ ਨਾਲ.

delicacy, *n.* : ਕੋਮਲਤਾ, ਨਜ਼ਾਕਤ, ਕੋਮਲਤਾ, ਸੁਕੁਮਾਰਤਾ, [illegible]; [illegible]; [illegible] ਬਰੀਕੀ.

delicate, *a.* : ਕੋਮਲ, ਨਾਜ਼ਕ, ਸੂਖਮ, [illegible], ਬਰੀਕ, [illegible], ਨਿਰਬਲ, ਵਿਚਾਰ-ਸ਼ੀਲ [illegible], ਸੁਸ਼ੀਲ.

delicately, *adv.* : ਕੋਮਲਤਾ ਨਾਲ, ਨਰਮੀ ਨਾਲ; ਸੁਸ਼ੀਲਤਾ ਨਾਲ;

ਸੁਆਦ ਨਾਲ, ਸ਼ਿਸ਼ਟਤਾ ਨਾਲ, ਕਦਰ ਕਰ ਕੇ.

delicatessen, *n. pl.* : ਮਿਠਿਆਈਆਂ, ਚੰਗੀਆਂ-ਚੰਗੀਆਂ ਚੀਜ਼ਾਂ, ਚੀਜ਼ੀਆਂ, ਸੌਗਾਤਾਂ.

delicious, *a.* : ਸੁਆਦੀ, ਮਜ਼ੇਦਾਰ, ਸਵਾਦਲਾ; ਮਿੱਠਾ; ਅਨੰਦਮਈ.

deliciously, *adv.* : ਸੁਆਦਲੇ ਢੰਗ ਨਾਲ, ਮਿੱਠੇ ਢੰਗ ਤੇ, ਮਜ਼ੇ ਨਾਲ.

deliciousness, *n.* : ਸੁਆਦੀ ਹੋਣਾ, ਮਿਠਾਸ, ਮਜ਼ੇਦਾਰੀ.

delict, *n.* : ਕਨੂੰਨ-ਉਲੰਘਣਾ, ਨੇਮ-ਭੰਗਤਾ, ਅਪਰਾਧ.

delight, *v. t.* & *i.* & *n.* : ਨਿਹਾਲ ਕਰਨਾ, ਖ਼ੁਸ਼ ਕਰਨਾ, ਅਨੰਦ ਦੇਣਾ; ਖ਼ੁਸ਼ ਹੋਣਾ, ਅਨੰਦ ਮਾਣਨਾ; ਖ਼ੁਸ਼ੀ; ਅਨੰਦ.

delightful, **delightsome**, *aa.* : ਅਨੰਦ-ਦਾਇਕ, ਸੁਖਦਾਇਕ, ਮੰਗਲਮਈ, ਪਿਆਰਾ, ਦਿਲ-ਖਿਚਵਾਂ.

delightfully, *adv.* : ਅਨੰਦ ਨਾਲ, ਸੁਆਦੀ ਢੰਗ ਤੇ, ਮਜ਼ੇ ਨਾਲ.

Delilah, **Da-**, *n.* : [ਯਹੂਦੀਆਂ ਦੇ ਇਤਿਹਾਸ ਵਿੱਚ ਇੱਕ ਕਪਟੀ ਇਸਤਰੀ ਦਾ ਨਾਂ] ਕੁਮਾਰਗ (ਫ਼ਤਅਗਿਰ) ਵਾਲੀ ਤੀਵੀਂ, ਠੱਗ-ਕੁਟਣੀ, ਕੁਟਣੀ.

delimit(ate), *v. t.* : ਹੱਦ ਬੰਨ੍ਹਣੀ, ਹੱਦ-ਬੰਦੀ ਕਰਨੀ.

delimitation, *n.* : ਹੱਦਬੰਦੀ.

delineate, *v. t.* : ਰੂਪ ਜਾਂ ਨਕਸ਼ਾ ਖਿੱਚਣਾ, ਖ਼ਾਕਾ ਉਤਾਰਨਾ; ਵਰਣਨ ਕਰਨਾ; ਚਿੱਤਰ ਉਤਾਰਨਾ; ਰੇਖ ਜਾਂ ਢਾਂਚਾ ਬਣਾਉਣਾ.

delineation, *n.* : ਖ਼ਾਕਾ, ਨਕਸ਼ਾ, ਮੂਰਤ, ਚਿੱਤਰ; ਵਰਣਨ.

delineator, *n.* : ਨਕਸ਼ਾ ਖਿੱਚਣ ਵਾਲਾ; ਖ਼ਾਕਾ ਉਤਾਰਨ ਵਾਲਾ; ਚਿੱਤਰਕਾਰ; ਵਰਣਨ ਕਰਨ ਵਾਲਾ.

delinquency, *n.* : ਕਸੂਰਵਾਰੀ, ਦੋਸ਼ੀਪਨ, ਦੋਸ਼, ਕਸੂਰ, ਖ਼ਤਾ, ਤਕਸੀਰ, ਭੁੱਲ.

delinquent, *a.* & *n.* : ਦੋਸ਼ੀ, ਕਸੂਰਵਾਰ, ਖ਼ਤਾਵਾਰ, ਤਕਸੀਰੀ, ਅਪਰਾਧੀ.

deliquesce, *v. i.* : ਪੰਘਰਨਾ, ਪਿਘਲਣਾ, ਪੰਘਰਨਾ, ਘੁਲ ਜਾਣਾ, ਘੁਲ ਜਾਣਾ.

deliquescence, *n.* : ਪੰਘਰਨ, ਪੰਘਰ, ਦ੍ਰਵਣ.

deliquescent, *a.* : ਪੰਘਰਦਾ, ਪੰਘਰਨ ਵਾਲਾ, ਦ੍ਰਵੀ.

delirious, *a.* : ਬੇਹੋਸ਼, ਬੇਸੁਧ, ਸਰਸਾਮੀ, ਉਨਮੱਤ, ਬੇਹੋਸ਼ੀ ਵਿੱਚ ਬਰੜਾਂਦਾ.

deliriously, *adv.* : ਬੇਹੋਸ਼ੀ ਵਿੱਚ, ਬੇਸੁਧ ਹੋ ਕੇ.

delirium, *n.* : ਬੇਹੋਸ਼ੀ, ਸਰਸਾਮ, ਸੰਨੀ, ਮੁਰਛਾ.

d. tremens : ਨਸ਼ੇ ਕਾਰਨ ਸਰਸਾਮ ਅਤੇ ਸਰੀਰ ਵਿੱਚ ਕਾਂਬਾ.

delitescent, *a.* : ਗੁਪਤ, ਲੁਪਤ, ਲੁਕਿਆ ਹੋਇਆ.

delitescence, *n.* : ਲੁਕਿਆ ਹੋਇਆ ਹੋਣਾ.

deliver, *v. t.* : ਛੁਡਾਉਣਾ, ਬਚਾਉਣਾ, ਮੁਕਤ ਕਰਨਾ; ਕਢਣਾ, ਫੜ ਦੇਣਾ; ਸੌਂਪਣਾ, ਹਵਾਲੇ ਕਰਨਾ, ਦੇ ਦੇਣਾ; ਕਹਿਣਾ, ਬੋਲਣਾ, ਭਾਸ਼ਣ ਦੇਣਾ; (ਕਾਰ) ਚਲਾਉਣੀ, (ਵਾਰ) ਚਲਾਉਣਾ, ਸੁਟਣਾ (ਗੇਂਦ); ਜਣਨ ਦੇ ਸਮਰਥ, ਨਿਸ਼ਾਨਾ ਬਣਾ ਕੇ ਸੁਟਣਾ (ਗੇਂਦ).

d.-battle : ਯੁੱਧ ਸ਼ੁਰੂ ਕਰਨਾ.

d. the goods : (ਅਲੰਕਾਰ) ਆਪਣੇ ਜ਼ਿੰਮੇ ਲਿਆ ਕੰਮ ਪੂਰਾ ਕਰਨਾ.

deliverable, *a.* : ਪੂਰਾ ਕਰਨ ਯੋਗ, ਮੁਕਤੀਯੋਗ, ਹਵਾਲੇ ਕਰਨ ਯੋਗ, ਦੇਣਯੋਗ.

deliverance, *n.* : ਆਜ਼ਾਦੀ, ਛੁਟਕਾਰਾ, ਬਚਾਅ; ਮੁਕਤੀ, ਰਿਹਾਈ, ਨਿਸਤਾਰਾ, ਖ਼ਲਾਸੀ, ਮੁਕਤੀ, ਰਿਹਾਈ; (ਜਿਊਰੀ ਦਾ) ਫ਼ੈਸਲਾ.

deliverer, *n.* : ਬਚਾਣਾ, ਆਜ਼ਾਦ ਕਰਨ ਵਾਲਾ, ਛੁਡਾਉਣ ਵਾਲਾ; ਬੰਦੀ-ਛੋੜ, ਮੁਕਤੀ ਦਾਤਾ, ਨਿਸਤਾਰਕ.

delivery, *n.* : ਸਪੁਰਦਗੀ, ਸੌਂਪਣੀ, ਜਣੇਪਾ; ਛੁਟਕਾਰਾ, ਭਾਸ਼ਣ-ਸ਼ੈਲੀ; (ਗੇਂਦ ਆਦਿ ਦੀ) ਸੁੱਟ, ਸੁਟਣ ਦਾ ਢੰਗ, ਉਚਾਰਣ, ਬੋਲਣ ਦਾ ਢੰਗ.

dell, *n.* : ਵਾਦੀ, ਘਾਟੀ, ਦਰ.

Della Cruscan, *a.* & *n.* : ਫਲੋਰੈਂਸ ਦੀ ਭਾਸ਼ਾ-ਸੁਧਾਰਕ ਪੀਠ ਦਾ (ਮੈਂਬਰ), ਇੰਗਲਿਸਤਾਨ ਵਿਚ ਅਠਾਰਵੀਂ ਸਦੀ ਦੀ ਬਣਾਉਟੀ ਕਾਵਿ-ਸ਼ੈਲੀ

ਦਾ ਸੁਲੇਨ.

Delphian, Delphic, *aa.* : ਡੇਲਫ਼ੀ ਦੇ ਮੰਦਰ ਸੰਬੰਧੀ, ਡੇਲਫ਼ੀ ਦੇ ਪੁਜਾਰੀ ਭਾਵਿਸ਼-ਬਾਣੀ ਸੰਬੰਧੀ; ਗੁੱਝੀ, ਗੂੜ੍ਹ.

Delphin, *a.*, the D. classics or text : ਯੂਨਾਨੀ ਅਤੇ ਲਾਤੀਨੀ ਸਾਹਿੱਤ ਦੀਆਂ ਪੁਸਤਕਾਂ ਜੋ ਲੂਈ ਚੌਧਵੇਂ ਦੇ ਪੁੱਤਰ ਵਾਸਤੇ ਤਿਆਰ ਕੀਤੀਆਂ ਗਈਆਂ ਸਨ.

delphinine, *n.* : ਇੱਕ ਤਰ੍ਹਾਂ ਦੀ ਜ਼ਹਿਰੀਲੀ ਦਵਾ.

delta, *n.* : ਯੂਨਾਨੀ ਵਰਣਮਾਲਾ ਦਾ ਚੌਥਾ ਅੱਖਰ (Δ ਜਾਂ δ ਦੀ ਸ਼ਕਲ), ਤਿਕੋਣੀ, ਡੈਲਟਾ, ਤਿਕੋਣੀ ਜ਼ਮੀਨ ਜੋ ਦਰਿਆ ਦੇ ਮੁਹਾਣੇ ਉੱਤੇ ਬਣ ਜਾਂਦੀ ਹੈ.

d. metal : ਇੱਕ ਤਰ੍ਹਾਂ ਦੀ ਧਾਤ, ਤਾਂਬੇ, ਜਿਸਤ ਆਦਿ ਦੀ ਮਿਲਾਵਟ.

deltaic : ਤਿਕੋਣੀ ਸੰਬੰਧੀ.

deltoid, *a.* & *n.* : ਤਿਕੋਣੀਦਾਰ, ਤਿਕੋਣਾ.

d. muscle : ਮੋਢੇ ਦਾ ਪੱਠਾ.

delude, *v. t.* : ਧੋਖਾ ਦੇਣਾ, ਭਰਮਾਉਣਾ.

deludER, *n.* : ਭਰਮਿੰਤਾ, ਛਲੀ.

deluge, *n.* & *v. t.* : ਹੜ੍ਹ; ਤੂਫ਼ਾਨ; ਜਲ-ਪਰਲੋ, ਪਰਲੋ, ਝੜੀ; ਬਹੁਤ ਜ਼ਿਆਦਾ; ਬਹੁਤ ਬਾਰਸ਼; (ਸਵਾਲਾਂ ਆਦਿ ਦੀ) ਬੁਛਾੜ, ਤੂਫ਼ਾਨ ਲਿਆਉਣਾ, ਬੁਛਾੜ ਕਰਨੀ.

the D. : ਨੂਹ ਦਾ ਤੂਫ਼ਾਨ, ਨੂਹੀ ਪਰਲੋ.

delusion, *n.* : ਧੋਖਾ, ਛਲ, ਭਰਮ, ਝਾਂਸਾ, ਭੁਲੇਖਾ, ਭੁਲਾਵਾ, ਵਹਿਮ, ਮਾਇਆ.

delusionAL, *a.* : ਭੁਲੇਖਾ-ਪਾਊ, ਭਰਮਮਈ, ਖ਼ਿਆਲੀ, ਮਾਇਆਵੀ.

delusive, *a.* : ਭਰਮਾਊ, ਛਲਣਾ, ਮਿੱਥਿਆ, ਝੂਠੀ, ਛਲ ਭਰਿਆ, ਮਾਇਆਵੀ.

delusiveLY, *adv.* : ਛਲਣੇ ਢੰਗ ਨਾਲ.

delusiveNESS, *n.* : ਭਰਮ-ਜਾਲ.

delve, *v. t., i.* & *n.* : (ਅਪ੍ਰਚਲਤ) ਪੁਟਣਾ, ਖੁਣਨਾ, ਖੁਣਨਾ; (ਇਤਿਹਾਸਿਕ ਲਿਖਤਾਂ ਆਦਿ ਦੀ) ਖੋਜ ਕਰਨੀ, ਛਾਣ-ਬੀਣ ਕਰਨੀ; (ਸੜਕ ਆਦਿ ਵਿੱਚ) ਨਿਵਾਣ, ਖੱਡ.

demagnetize, *v. t.* : ਚੁੰਬਕੀ ਘਟਾਉਣਾ, ਮਿਕਨਾਤੀਸੀ (ਚੁੰਬਕੀ) ਤਾਕਤ ਦੂਰ ਕਰਨੀ.

demagnetizATION, *n.* : ਅਚੁੰਬਕਣ, ਮਿਕਨਾਤੀਸੀ (ਚੁੰਬਕੀ) ਤਾਕਤ ਦੂਰ ਕਰਨ ਦਾ ਕੰਮ.

demagogue, *n.* : ਲਫ਼ਾਜ਼ੀ ਆਗੂ, ਪੇਸ਼ਾਵਰ ਆਗੂ, ਭੜਕਾਊ ਵਕਤਾ.

demagogIC, *a.* : ਲਫ਼ਾਜ਼ੀ ਆਗੂ ਦਾ ਜਾਂ ਸੰਬੰਧੀ.

demagogISM, demagogY, *nn.* : ਲਫ਼ਾਜ਼ੀ ਲੀਡਰੀ.

demand[1], *n.* : ਮੰਗ, ਦਾਅਵਾ, ਤਲਬ, ਲੋੜ.

in d. : ਚਾਹੀਦਾ, ਬਹੁਤ ਮੰਗ ਵਾਲਾ.

payable on d. : ਜੋ ਮੰਗ ਕਰਨ ਤੇ ਦਿੱਤੀ ਜਾਵੇ, ਦਰਸ਼ਨੀ (ਹੁੰਡੀ).

There are many dd. on my time : ਮੇਰੇ ਬਹੁਤ ਕੰਮ ਕਰਦੇ ਹਨ, ਮੈਂ ਬੜਾ ਰੁਝਿਆ ਰਹਿੰਦਾ ਹਾਂ.

demand[2], *v. t.* : ਮੰਗਣਾ, ਮੰਗ ਕਰਨੀ; ਪੁੱਛਣਾ, ਪੁੱਛ ਕਰਨੀ.

demandABLE, *a.* : ਮੰਗਣਯੋਗ, ਤਲਬਯੋਗ.

demandANT, *n.* : ਮੰਗਣ ਵਾਲਾ, ਤਾਲਬ.

demarcation, *n.* : ਹੱਦਬੰਦੀ, ਹੱਦ, ਕੰਢਾ, ਸੀਮਾਂਕਣ.

demarcATE, *v. t.* : ਹੱਦਬੰਦੀ ਕਰਨੀ, ਹੱਦ ਥੰਮ੍ਹਣੀ, ਸੀਮਾਂਕਣ.

demarche [F], *n.* : ਰਾਜਨੀਤਕ ਕਾਰਵਾਈ.

dematerialize, *v. t.* & *i.* : ਅਪਦਾਰਥ ਕਰਨਾ ਜਾਂ ਹੋਣਾ, ਸੂਖਮਾਉਣਾ.

deme, *n.* : (ਪੁਰਾਣੀ ਇਤਿਹਾਸ) ਪੁਰਾਤਨ Attica ਦੀ ਨਗਰੀ; (ਜੀਵ-ਵਿਗਿਆਨ) ਸੈੱਲਾਂ (cells) ਦਾ ਅਵਿੱਭ ਸਮੂਹ.

demean, *v. t.* : (ਆਪਣੇ ਆਪ ਨੂੰ) ਡੇਗਣਾ, ਹੇਠੀ ਕਰਨੀ.

demeanour, *n.* : ਵਰਤਾਰਾ, ਸਲੂਕ, ਢੰਗ, ਢੱਬ.

dement, *v. t.* : (usu. in p. p.) ਪਾਗਲ ਬਣਾਉਣਾ, ਸੁਦਾਈ ਬਣਾ ਦੇਣਾ, ਕਮਲਾ ਕਰ ਦੇਣਾ, ਮੱਤ ਮਾਰ ਦੇਣੀ.

dementedLY, *adv.* : ਪਾਗਲਾਂ ਦੀ ਤਰ੍ਹਾਂ, ਕਮਲਿਆਂ ਜਾਂ ਸੁਦਾਈਆਂ ਵਾਂਗ.

dementi [F], *n.* : (ਅਫ਼ਵਾਹ ਦੀ) ਸਰਕਾਰੀ ਤਰਦੀਦ, ਖੰਡਨ.

dementia, *n.* : ਝੱਲ, ਉਨਮਾਦ, ਮਤਭ੍ਰਮ, ਕਮਲ.

demerara, *n.* : ਡੇਮੇਰਾਰਾ ਦੀ ਲਾਲ ਰੰਗ ਦੀ ਸ਼ੱਕਰ.

demerit, *n.* : ਔਗੁਣ, ਦੋਸ਼, ਨੁਕਸ, ਬੁਰਾਈ.

demeritORIOUS, *a.* : ਔਗੁਣਕਾਰ, ਨੁਕਸ ਵਾਲਾ.

demesne, *n.* : (ਕਾਨੂੰਨ) ਕਬਜ਼ਾ ਤੇ ਦਖ਼ਲ, ਮਾਲਕਾਨਾ ਕਬਜ਼ਾ, ਜਾਇਦਾਦ ਜਿਸ ਉੱਤੇ ਕਬਜ਼ਾ ਹੋਵੇ, ਮਿਲਖ, ਜਗੀਰ, ਇਲਾਕਾ; ਹਲਕਾ.

Royal d. : ਸ਼ਾਹੀ ਮਿਲਖ.

State d. : ਸਰਕਾਰੀ ਜਾਇਦਾਦ, ਖ਼ਾਲਸਾ.

demi-, *pref.* : (=semi-) ਅੱਧਾ, ਨੀਮ, ਅਧੂਰਾ.

d.-official (D.O.) : ਅੱਧ-ਸਰਕਾਰੀ, ਨੀਮ-ਸਰਕਾਰੀ.

demigod, *n.* : ਅਰਧ-ਦੇਵਤਾ (ਜੋ ਦੇਵਤੇ ਅਤੇ ਮਨੁੱਖ ਦੀ ਸੰਤਾਨ ਹੋਵੇ), ਯਖਸ਼, ਦੇਵ, ਦੇਵ ਸਮਾਨ ਮਨੁੱਖ, ਪੂਜਯ ਨੇਤਾ.

demijohn, *n.* : ਤੰਗ ਮੂੰਹ ਦੀ ਵੱਡੀ ਬੋਤਲ ਜਿਸ ਵਿੱਚ ਤਿੰਨ ਤੋਂ ਦਸ ਗੈਲਨ ਪਾਣੀ ਪੈ ਸਕੇ.

demilune, *n.* : ਅਰਧ-ਚੰਦਰ, ਬੁਰਜ ਜਾਂ ਮੋਰਚੇ ਦੀ ਹਿਫ਼ਾਜ਼ਤ ਲਈ ਬਣਾਈ ਗਈ ਕੰਧ, ਬਾਹਰਲਾ ਮੋਰਚਾ.

demi-monde [F], *n.* : ਅਰਧ-ਸੰਸਾਰ, ਅਰਧ-ਵੇਸਵਾ ਸੰਸਾਰ, ਉਹ ਇਸਤਰੀਆਂ ਜੋ ਸਮਾਜ ਵਿੱਚ ਪੂਰੀ ਤਰ੍ਹਾਂ ਨਾ ਸਤਿਕਾਰੀਆਂ ਜਾਣ, ਖੋਟੇ ਚਲਨ ਵਾਲੇ.

demi-rep, *n.* : ਸ਼ੱਕੀ ਚਾਲ-ਚਲਨ ਵਾਲੀ ਇਸਤਰੀ ਜਾਂ ਉਹ ਔਰਤਾਂ ਜਿਸ ਦੇ ਸਤਵੰਤੀ ਹੋਣ ਵਿੱਚ ਸ਼ੱਕ ਹੋਵੇ.

demise, *v. t.* & *n.* : (ਜਾਇਦਾਦ ਨੂੰ) ਪਟੇ ਜਾਂ ਵਸੀਅਤ ਨਾਲ ਦੇ ਦੇਣਾ, ਠੇਕਾ ਕਰਨਾ; ਠੇਕਾ; ਚਲਾਣਾ, ਦੇਹਾਂਤ, ਮੌਤ.

demisABLE, *a.* : ਠੇਕਾ ਕਰਨ ਯੋਗ.

demisemiquaver, *n.* : (ਸੰਗੀਤ) ਤਿੰਨ-ਅਰਧੀ ਚਿੰਨ੍ਹ, ਅਰਧ-ਧੁੰਨ ਦੇ ਬਰਾਬਰ.

demission, *n.* : ਪਦ-ਤਿਆਗ, ਅਸਤੀਫ਼ਾ.

demit, *v. t.* & *i.* : ਅਸਤੀਫ਼ਾ ਦੇਣਾ; ਤਿਆਗਣਾ, ਛੱਡ ਦੇਣਾ.

demiurge, *n.* : ਸਿਰਜਣਹਾਰ, ਖ਼ਾਲਕ, ਪੈਦਾ ਕਰਨ ਵਾਲਾ.

demiurgIC, *a.* : ਖ਼ਾਲਕੀ, ਖ਼ਾਲਕ ਦਾ, ਜਾਂ ਉਸ ਦੇ ਸੰਬੰਧ ਵਿੱਚ, ਸਿਰਜਣਹਾਰ ਦਾ, ਪੈਦਾ ਕਰਨ ਵਾਲੇ ਦਾ.

demob, demobilise, *v. t.* : ਫ਼ੌਜ-ਤੋੜੀ ਕਰਨੀ, ਫ਼ੌਜਬੰਦੀ ਹਟਾਉਣੀ.

demobilizATION, *n.* : ਫ਼ੌਜ-ਤੋੜੀ.

democracy, *n.* : ਲੋਕ-ਰਾਜ, ਜਮਹੂਰੀ.

democrat, *n.* : ਲੋਕ-ਰਾਜੀਆ, ਜਮਹੂਰੀਆ, ਲੋਕ-ਰਾਜ ਦਾ ਹਾਮੀ.

democratISM, *n.* : ਲੋਕ-ਰਾਜ-ਵਾਦ, ਜਮਹੂਰੀਅਤ.

democratic, *a.* : ਲੋਕਰਾਜੀ, ਲੋਕਰਾਜਕ, ਲੋਕਤੰਤਰੀ, ਲੋਕਰਾਜ ਅਨੁਸਾਰ.

d. party : ਅਮਰੀਕਾ ਦੀ ਇੱਕ ਸਿਆਸੀ ਪਾਰਟੀ ਜੋ ਕੇਂਦਰ ਦੇ ਟਾਕਰੇ ਵਿੱਚ ਰਿਆਸਤਾਂ ਦਾ ਪੱਖ ਕਰਦੀ ਹੈ.

democraticALLY, *adv.* : ਲੋਕਰਾਜੀ ਸਿਧਾਂਤ ਅਨੁਸਾਰ.

democratIZE, *v. t.* & *i.* : ਜਮਹੂਰੀ ਬਣਾਉਣਾ.

democratIZATION, *n.* : ਲੋਕਰਾਜੀ ਬਣਾਈ.

Democritean, *a.* : ਡਿਮੋਕ੍ਰੀਟਸ ਦਾ, ਉਸ ਦੇ ਪਰਮਾਣੂ ਦੇ ਪ੍ਰਸਾਰ ਸਿਧਾਂਤ ਅਨੁਸਾਰ (ਡਿਮੋਕ੍ਰੀਟਸ ਈਸਾ ਤੋਂ ਪਹਿਲਾਂ ਪੰਜਵੀਂ ਸਦੀ ਦਾ ਯੂਨਾਨੀ ਫ਼ਿਲਾਸਫ਼ਰ).

demode [F], *a.* : ਅਪ੍ਰਚਲਤ, ਜਿਸ ਦਾ ਫ਼ੈਸ਼ਨ ਜਾ ਚੁੱਕਾ ਹੋਵੇ.

Demogorgon, *n.* : (ਯੂਨਾਨੀ ਦੇਵਮਾਲਾ ਵਿਚ) ਨਰਕ ਦਾ ਇਕ ਡਰਾਉਣਾ ਦੇਵ.

demography, *n.* : ਜਨਤਾ ਦੀ ਸਮਾਜਕ ਅਵਸਥਾ ਦਾ ਵਰਣਨ.

demoiselle, *n.* : ਛੋਟੀ ਉਮਰ ਦੀ ਕੁੜੀ.

demolish, *v. t.* : ਢਾਹੁਣਾ, ਮਲੀਆਮੇਟ ਕਰਨਾ, ਤੋੜ ਦੇਣਾ, ਨਸ਼ਟ ਕਰਨਾ, ਨਾਸ ਕਰਨਾ, ਖੰਡਨ ਕਰਨਾ, ਰੱਦ ਕਰਨਾ.

  demolition, *n.* : ਤਬਾਹੀ, ਬਰਬਾਦੀ, ਨਾਸ, ਵਿਨਾਸ.

demon, **dae-**, *n.* : ਦੈਂਤ, ਰਾਖਸ਼, ਦਾਨਵ, ਅਸੁਰ, ਭੂਤ, ਚੁੜੇਲ, ਪਰੇਤ, ਜਿੰਨ, ਪਿਸ਼ਾਚ, ਜ਼ਾਲਮ, ਦੁਸ਼ਟ ਆਤਮਾ, ਬਾਹਰ ਵਾਲਾ.

  he is a d. for work : ਉਹ ਬੁਰੀ ਤਰ੍ਹਾਂ ਕੰਮ ਦੇ ਪਿੱਛੇ ਪੈ ਜਾਂਦਾ ਹੈ.

  demono- : ਸੰਯੁਕਤ ਰੂਪਾਂ ਵਿਚ.

  demonolatry, *n.* : ਭੂਤ-ਪੂਜਾ.

  demonology, *n.* : ਭੂਤ-ਵਿਦਿਆ.

demonetise, *v. t.* : [illegible], ਧਾਤੂ ਸਿੱਕਿਆਂ ਦਾ ਮੁੱਲ ਘਟਾਉਣਾ.

demoniac, *a.* & *n.*, **demoniacal**, **demonic**, **dae-**, *a.* : ਅਸੁਰੀ, ਰਾਖਸ਼ੀ; ਸਾਏ ਵਾਲਾ ਆਦਮੀ, ਜਿਸ ਨੂੰ ਜਿੰਨ ਚਿੰਬੜਿਆ ਹੋਵੇ ਜਾਂ ਖਿਆਲ ਹੋਵੇ, ਭਟਕਦੀਆਂ ਰੂਹਾਂ [illegible], ਝੱਲਾ.

demonism, *n.* : ਭੂਤਾਂ ਪ੍ਰੇਤਾਂ ਵਿਚ ਵਿਸ਼ਵਾਸ; ਅਸੁਰ-ਪੂਜਾ.

demonise, *v. t.* : ਭੂਤ ਬਣਾ ਦੇਣਾ, [illegible].

demonstrable, *a.* : ਪਰਮਾਣ-ਯੋਗ, ਜੋ ਸਾਬਤ ਕੀਤਾ ਜਾ ਸਕੇ, ਵਿਖਾਉਣ-ਯੋਗ.

  demonstrability, *n.* : ਪਰਮਾਣ-ਯੋਗਤਾ, ਵਿਖਾਉਣ-ਯੋਗਤਾ.

  demonstrably, *adv.* : ਪਰਮਾਣ ਰੂਪ ਵਿਚ, ਵਿਖਾਵੇ ਦੇ ਤੌਰ ਤੇ, ਪਰਮਾਣ ਵਜੋਂ.

demonstrate, *v. t.* & *i.* : ਦ੍ਰਿਸ਼ਟਾਂਤ ਦੇਣਾ, ਵਿਖਾ ਦੇਣਾ, ਸਿੱਧ ਕਰਨਾ, ਸਾਬਤ ਕਰਨਾ, ਪਰਮਾਣ ਦੇ ਕੇ ਦੱਸਣਾ; ਮਨ ਦੀ ਖਿੱਚ ਪ੍ਰਗਟ ਕਰਨਾ; ਮੁਜ਼ਾਹਰਾ ਕਰਨਾ (ਜਿਵੇਂ ਫ਼ੌਜ); ਸਬੂਤ ਦੇਣਾ, ਜਲੂਸ ਵਿਖਾਵਾ ਜਾਂ ਨੁਮਾਇਸ਼ ਕਰਨੀ.

  demonstrant, *n.* : ਮੁਜ਼ਾਹਰੇ ਵਿਚ ਭਾਗ ਲੈਣ ਵਾਲਾ.

demonstration, *n.* : ਵਿਖਾਵਾ, ਵਿਖਾਲਾ, ਮੁਜ਼ਾਹਰਾ, ਨੁਮਾਇਸ਼, ਜਲੂਸ; ਸਿੱਧੀ, ਸਬੂਤ; ਫ਼ੌਜੀ ਨੁਮਾਇਸ਼.

  demonstrational, *a.* : ਵਿਖਾਵੇ ਦਾ.

  demonstrationist, *n.* : ਨੁਮਾਇਸ਼ੀ ਜਾਂ ਵਿਖਾਵਾ ਕਰਨ ਵਾਲਾ.

demonstrative, *a.* & *n.* : (ਵਿਆਕਰਣ) ਨਿਸ਼ਚੇ-ਵਾਚਕ (ਪੜਨਾਂਵ ਜਾਂ ਵਿਸ਼ੇਸ਼ਣ), ਨਿਸ਼ਚੇ-ਵਾਚਕ ਸ਼ਬਦ; ਪਰਮਾਣਕ, ਜਜ਼ਬਾਤੀ, ਜਜ਼ਬਾਤ ਵਿਖਾਉਣ ਵਾਲਾ; ਵਿਖਾਵਟੀ, ਨੁਮਾਇਸ਼ੀ.

  demonstratively, *adv.* : ਦ੍ਰਿਸ਼ਟਾਂਤ ਦੇ ਤੌਰ ਤੇ; ਵਿਖਾਵੇ ਦੇ ਤੌਰ ਤੇ.

  demonstrativeness, *n.* : ਵਿਖਾਵਾ ਕਰਨ ਦਾ ਸੁਭਾਅ.

  demonstrator, *n.* : ਵਿਖਾਲਾ ਕਰਨ ਵਾਲਾ, ਪਰਯੋਗਸ਼ਾਲਾ ਵਿਚ ਕੰਮ ਕਰਾਉਣ ਵਾਲਾ ਆਦਿ; ਸਾਇੰਸ-ਪ੍ਰੋਫ਼ੈਸਰ ਦਾ ਸਹਾਇਕ, ਡੈਮਾਂਸਟਰੇਟਰ ਜੋ ਪਰਯੋਗ ਕਰ ਕੇ ਵਿਖਾਉਂਦਾ ਹੈ; ਮੁਜ਼ਾਹਰਾ ਕਰਨ ਵਾਲਾ.

demoralize, *v. t.* : ਵਿਗਾੜਨਾ, ਸਦਾਚਾਰ ਭ੍ਰਿਸ਼ਟ ਕਰਨਾ, ਆਚਰਣ ਭ੍ਰਿਸ਼ਟ ਕਰਨਾ, ਬੇਦਿਲ ਕਰਨਾ; ਹੌਸਲਾ ਢਾਹ ਦੇਣਾ.

  demoralization, *n.* : ਆਚਰਣ ਦਾ ਵਿਗਾੜ; ਬੇਦਿਲੀ, ਢਹਿੰਦੀ ਕਲਾ.

Demos, *n.* : ਜਨਤਾ.

Demosthenic, *a.* : ਯੂਨਾਨੀ ਵਕਤਾ ਡਿਮਾਸਥਨੀਜ਼ ਵਾਂਗ; ਜੋਸ਼ੀਲਾ.

demotic, *a.* : ਜਨਤਕ, ਲੌਕਿਕ, ਆਮ-ਲੋਕ.

demulcent, *a.* & *n.* : ਆਰਾਮ ਦੇਣ ਵਾਲੀ, ਦੁੱਖ-ਨਿਵਾਰਕ (ਦਵਾਈ).

demur, *v. i.* & *n.* : ਉਜ਼ਰ ਕਰਨਾ, ਇਤਰਾਜ਼ ਕਰਨਾ, ਅੱਗਿਓਂ ਝਿਜਕਣਾ, ਨਾਬਰ ਹੋਣਾ; ਉਜ਼ਰ, ਇਤਰਾਜ਼.

  demurrant, *n.* : ਉਜ਼ਰ ਕਰਨ ਵਾਲਾ, ਇਤਰਾਜ਼ੀਆ.

demure, *a.* : ਗੰਭੀਰ; ਸੰਜਮੀ, ਬਣਾਵਟੀ ਸ਼ਰਮਾਕਲ, ਦਿਖਾਵੇ ਦਾ ਸੰਗਾਊ.

  demurely, *adv.* : ਗੰਭੀਰਤਾ ਨਾਲ; ਬਣਾਵਟੀ ਦਿਖਾਵੇ ਨਾਲ, ਬਣਾਵਟੀ ਸ਼ਰਮ ਨਾਲ.

  demureness, *n.* : ਗੰਭੀਰਤਾ, ਬਣਾਵਟੀ ਸੰਗ, ਬਣਾਵਟੀ ਸ਼ਰਮ.

demurrable, *a.* : ਇਤਰਾਜ਼-ਯੋਗ (ਕਾਨੂੰਨ ਅਨੁਸਾਰ).

demurrage, *n.* : (ਜਹਾਜ਼) ਦੇਰ ਨਾਲ ਮਾਲ ਲੱਦਣ ਜਾਂ ਉਤਾਰਨ ਦਾ ਹਰਜਾਨਾ; (ਰੇਲਵੇ) ਰੁਕੇ ਹੋਏ ਮਾਲ ਉੱਤੇ ਡੈਮਰੇਜ, ਹਰਜਾ, ਦੇਰੀ, ਢਿੱਲ (ਮਾਲ ਛੁਡਾਉਣ ਵਿਚ).

demurrer, *n.* : (ਕਾਨੂੰਨ) ਵਿਰੋਧੀ ਦੀ ਗੱਲ ਸੰਬੰਧੀ ਅਸੰਬੰਧਤ ਹੋਣ ਦਾ ਉਜ਼ਰ, ਇਤਰਾਜ਼.

demy, *n.* (ਡੀ - ਜਹਾਂ, ਡੀ - ਮਾਂ) : (ਲਿਖਣ ਵਾਲੇ ਕਾਗਜ਼ ਦਾ ਇਕ ਆਕਾਰ) ਜਿਵੇਂ $\frac{1}{2}$ × ੧੭ $\frac{1}{2}$ ਇੰਚ.

den, *n.* : ਘੁਰਨਾ, ਘੁਰਾ; ਜਾਨਵਰਾਂ ਦਾ ਅੱਡਾ, ਖੋਹ; ਮਾੜੀ ਜਹੀ ਕੋਠੜੀ.

denarius, *n.* (*pl.* -ii) : ਪੁਰਾਣਾ ਰੂਮੀ ਦੀਨਾਰ (ਅਸਲੀ ਚਿੰਨ੍ਹ = d ਪੈਸ).

denary, *a.* : ਦਸ ਜਾਂ ਦਹਾਈ ਦਾ; ਦਸ਼ਮਲਵੀਆ, ਦਸਮ, ਦਹਾਕ.

denationalise, *v. t.* : ਕੌਮ ਤੋਂ ਵੱਖ ਕਰਨਾ, ਕੌਮੀਅਤ ਖੁਹਾ ਦੇਣੀ, ਕੌਮੀ ਗੁਣਾਂ ਤੋਂ ਵਾਂਝਿਆਂ ਕਰਨਾ; (ਕਿਸੇ ਕਾਰਖ਼ਾਨੇ ਜਾਂ ਚੀਜ਼ ਨੂੰ) ਕੌਮ ਦੀ ਮਲਕੀਅਤ ਤੋਂ ਰਹਿਤ ਕਰਨਾ.

  denationalization, *n.* : ਬੇਕੌਮੀਕਰਣ.

denaturalise, *v. t.* : ਸੁਭਾਅ ਬਦਲਾਉਣਾ; ਗ਼ੈਰ-ਕੁਦਰਤੀ ਬਣਾ ਦੇਣਾ, ਕਿਸੇ ਦੇਸ਼ ਦੀ ਨਾਗਰਿਕਤਾ ਦੇ ਹੱਕਾਂ ਤੋਂ ਵਾਂਝਿਆਂ ਕਰ ਦੇਣਾ.

  denaturalization, *n.* : ਰੂਪ ਬਦਲੀ, ਨਾਗਰਿਕਤਾ-ਮਨਸੂਖ਼ੀ.

denature, *v. t.* : ਸੁਭਾਅ ਬਦਲਾਉਣਾ; ਵਿਸ਼ੇਸ਼ ਗੁਣ ਤਬਦੀਲ ਕਰਨੇ, ਵਿਸ਼ੇਸ਼ਤਾ ਗਵਾਉਣੀ.

  denaturant, *n.* : ਕੋਈ ਵਸਤੂ ਜਿਸ ਦੇ ਪਾਇਆਂ ਕਿਸੇ ਵਸਤੂ ਦੇ ਵਿਸ਼ੇਸ਼ ਗੁਣ ਬਦਲ ਜਾਣ, ਬਦਲਾਊ.

dendrite, *n.* : ਪੱਥਰ ਜਾਂ ਧਾਤ ਜਿਸ ਉੱਤੇ ਰੁੱਖ ਦੀ ਤਰ੍ਹਾਂ ਕੁਦਰਤੀ ਨਿਸ਼ਾਨੀਆਂ ਬਣੀਆਂ ਹੋਣ, ਦ੍ਰੁਮਾਸ਼ਮ.

  dendritic, *a.* : ਦ੍ਰੁਮਾਕਾਰੀ.

dendro-, **dendri-** : ਸਮਾਸੀ ਸ਼ਬਦਾਂ ਦਾ ਅਗੇਤਰ ਜਿਸ ਦਾ ਅਰਥ ਹੈ ਬ੍ਰਿਛ ਜਾਂ ਦ੍ਰੁਮ.

  dendriform, *a.* : ਦ੍ਰੁਮ ਰੂਪ.

  dendroid, *a.* : ਬ੍ਰਿਛਾਕਾਰ, ਰੁੱਖ ਦੀ ਤਰ੍ਹਾਂ.

  dendrologist, *n.* : ਬ੍ਰਿਛ-ਵਿਗਿਆਨ ਦਾ ਮਾਹਿਰ.

  dendrology, *n.* : ਬ੍ਰਿਛ-ਵਿਗਿਆਨ.

dene[1], *n.* : ਰੇਤ-ਟਿੱਬਾ.

dene[2], ਵੇਖੋ dean[1].

denegation, *n.* : (ਪੁਰਾਤਨ) ਇਨਕਾਰ, ਨਾਂਹ, ਮੁਕਰੇਵਾਂ.

dene-hole, **dane-**, *n.* : (ਪੁਰਾਣੇ ਖੰਡਰ ਆਦਿ) ਖੜੀਆ-ਮਿੱਟੀ ਵਾਲੀ ਧਰਤੀ ਵਿਚ ਡੂੰਘਾ ਮਘੋਰਾ.

dengue, *n.* : ਇਕ ਤਰ੍ਹਾਂ ਦਾ ਬੁਖ਼ਾਰ ਜਿਸ ਨਾਲ ਸਰੀਰ ਦੇ ਜੋੜਾਂ ਵਿਚ ਭਾਰੀ ਪੀੜ ਹੁੰਦੀ ਹੈ.

deniable, *a.* : ਨਾਂਹ ਕਰਨ ਯੋਗ, ਰੱਦ ਕਰਨ ਯੋਗ, ਅਸਵੀਕਾਰ ਕਰਨ ਯੋਗ.

denial, *n.* : ਇਨਕਾਰ, ਨਾਂਹ, ਤਰਦੀਦ.

denier, *n.* : ਮਨਕਰ, ਨਾਂਹ ਕਰਨ ਵਾਲਾ.

denigrate, *v. t.* : ਕਾਲਾ ਕਰਨਾ, ਬਦਨਾਮ ਕਰਨਾ, ਤੁਹਮਤ ਲਾਉਣੀ.

  denigration, *n.* : ਤੁਹਮਤ, ਬਦਨਾਮੀ.

  denigrator, *n.* : ਬਦਨਾਮ ਕਰਨ ਵਾਲਾ.

denim, *n.* : ਇਕ ਤਰ੍ਹਾਂ ਦਾ ਮੋਟਾ ਸੂਤੀ ਕਪੜਾ.

denitrate, denitrify, *v. t.* : ਕਿਸੇ ਵਸਤੂ ਵਿੱਚੋਂ ਸ਼ੋਰੇ ਨੂੰ ਕੱਢਣਾ, ਸ਼ੋਰਾ-ਰਹਿਤ ਕਰਨਾ.

denizen, *n.* & *v. t.* : ਵਾਸੀ, ਵਸਨੀਕ, ਨਹਿਰ ਵਾਲਾ; ਮੁਲਕੀ; ਮੁਲਕੀ ਬਣਾਉਣਾ.

denizenSHIP, *n.* : ਵਾਸਾ, ਨਿਵਾਸਤਾ.

denominate, *v. t.* : ਨਾਉਂ ਰਖਣਾ, ਆਖਣਾ, ਵਰਣਨ ਕਰਨਾ.

denomination, *n.* : ਨਾਉਂ, ਸੰਗਿਆ, ਅੰਸ਼, ਜਾਤ, ਵਰਣ, ਫ਼ਿਰਕਾ, ਸੰਪ੍ਰਦਾਇ; ਕਿਸਮ, ਤਰਜ਼, ਵਰਗ, ਸ਼੍ਰੇਣੀ.

denominationAL, *a.* : ਫ਼ਿਰਕੂ, ਸੰਪ੍ਰਦਾਇਕ.

denominationALIZE, *v. t.* : (ਸਿੱਖਿਆ ਆਦਿ ਨੂੰ) ਫ਼ਿਰਕੇਦਾਰ ਵੰਡਣਾ, ਸੰਪ੍ਰਦਾਈ ਬਣਾਉਣਾ, ਕਿਸੇ ਖ਼ਾਸ ਫ਼ਿਰਕੇ ਲਈ ਰਾਖਵਾਂ ਕਰ ਦੇਣਾ.

denominative, *a.* : ਨਾਉਂ ਸੰਬੰਧੀ, ਸੰਗਿਆਕ, ਨਾਮਿਕ.

denominator, *n.* : (ਗਣਿਤ ਵਿੱਦਿਆ) ਨਾਮਿਕ, ਭਾਜਕ ਸੰਖਿਆ, ਲੀਕ ਤੋਂ ਹੇਠਲਾ ਅੰਕ.

denotation, *n.* : ਸੂਚਨਾ, ਨਿਸ਼ਾਨੀ ਰਾਹੀਂ ਪ੍ਰਗਟ ਕਰਨਾ; ਚਿੰਨ੍ਹ, ਨਿਸ਼ਾਨੀ, ਨਿਸ਼ਾਨ, ਇਸ਼ਾਰਾ, ਲੱਛਣ, ਲਫ਼ਜ਼, ਨਾਂ, ਅਰਥ, (ਤਰਕ ਵਿੱਦਿਆ) ਵਿਆਖਿਆ.

denotative, *a.* : ਸੂਚਕ, ਵਾਚਕ, ਚਿੰਨ੍ਹ-ਮਾਤਰ, ਲਾਖਣਿਕ.

denotativeLY, *adv.* : ਸੂਚਨਾ ਦੇ ਤੌਰ ਤੇ, ਵਿਆਖਿਆ ਦੇ ਢੰਗ ਨਾਲ.

denote, *v. t.* : ਦੱਸਣਾ, ਪ੍ਰਗਟ ਕਰਨਾ, ਸੂਚਕ ਹੋਣਾ, ਵਾਚਕ ਹੋਣਾ, (ਤਰਕ ਵਿੱਦਿਆ) ਵਾਚਕ ਹੋਣਾ, ਸੂਚਿਤ ਕਰਨਾ.

denoteMENT, *n.* : ਸੰਕੇਤ, ਨਿਸ਼ਾਨੀ; ਵਿਆਖਿਆ.

dénouement [F], *n.* : ਗੁੰਝਲ ਦਾ ਖੁਲ੍ਹਣਾ, (ਨਾਟਕ ਜਾਂ ਨਾਵਲ ਦੀ ਗੰਢ ਦਾ) ਸੁਲਝਾਉ, ਸਿੱਟਾ.

denounce, *v. t.* : ਖੁਲ੍ਹਮ-ਖੁਲ੍ਹਾ ਦੋਸ਼ ਲਾਉਣਾ, ਨਿੰਦਣਾ, ਠਹਿਰਾਉਣਾ, ਮੁਲਾਮਤ ਕਰਨੀ, ਭਾਂਡਾ ਭੰਨਣਾ; ਸੰਧੀ ਤੋੜਨ ਦੀ ਸੂਚਨਾ ਦੇਣੀ.

denounceMENT, *n.* : ਦੋਸ਼-ਆਰੋਪਣ, ਮੁਲਾਮਤ; ਸੰਧੀ ਦੇ ਖ਼ਤਮ ਹੋਣ ਦਾ ਐਲਾਨ.

de nouveau [F], *adv.* : ਮੁੜ-ਮੁੜ, ਨਵੇਂ ਸਿਰਿਓਂ.

dense, *a.* : ਸੰਘਣਾ, ਗਾੜ੍ਹਾ, ਘਣਾ, ਸੰਘਣਾ, ਮੋਟ-ਬੁੱਧ, ਮੂੜ੍ਹ.

denseLY, *adv.* : ਸੰਘਣੇ ਤੌਰ ਤੇ, ਸੰਘਣਾਈ ਨਾਲ.

denseNESS, *n.* : ਗਾੜ੍ਹਾਪਣ, ਸੰਘਣਾਈ, ਸੰਘਣਾਪਨ; ਮੋਟੀ ਬੁੱਧ, ਬੇਸਮਝੀ.

density, *n.* : ਘਣਤਾ; ਗਾੜ੍ਹ, ਗਾੜ੍ਹਾਪਣ, ਸੰਘਣਾਈ; ਮੋਟਾਈ; ਬੇਸਮਝੀ, ਮੋਟੀ ਬੁੱਧੀ.

dent, *n.* & *v. t.* : ਦੰਦਾ; ਟੁੰਬੀ, ਚਿੱਬ, ਟੋਆ; ਦੰਦੇ ਪਾਉਣੇ, ਦੰਦਾ ਪਾਉਣਾ, ਚਿੱਬ ਪਾਉਣਾ.

dental, *a.* & *n.* : ਦੰਦ ਸੰਬੰਧੀ, ਦੰਦਾਂ ਦਾ, ਦੰਦਸਾਜ਼ੀ ਦੇ ਸੰਬੰਧ ਵਿਚ; ਦੰਤੀ (ਅੱਖਰ).

d. letter or d. : ਦੰਤੀ ਅੱਖਰ, ਜੋ ਦੰਦਾਂ ਦੀ ਸਹਾਇਤਾ ਨਾਲ ਬੋਲਿਆ ਜਾਵੇ (ਤ, ਥ, ਦ, ਧ).

dentalIZE, *v. t.* : ਦੰਦਾਂ ਅਤੇ ਜੀਭ ਦੀ ਮਦਦ ਨਾਲ ਉਚਾਰਨਾ.

dentate, *a.* : ਦੰਦੀਲਾ, ਦੰਦਿਆਂ ਵਾਲਾ, ਕਿੰਗਰੇਦਾਰ.

dentatION, *n.* : ਦੰਦੀਲਾ ਹੋਣਾ, ਦੰਦੀਲ.

denti- : (ਸਮਾਸੀ ਅਗੇਤਰ) ਦੰਦ-, ਦੰਤ-.

dentilingual : ਦੰਦ-ਜੀਭੀ, ਦੰਦਾਂ ਤੇ ਜੀਭ ਦੇ ਮੇਲ ਨਾਲ ਬੋਲਿਆ ਜਾਣ ਵਾਲਾ.

dentiFORM, *a.* : ਦੰਦ ਰੂਪੀ, ਦੰਦਾਕਾਰ, ਦੰਦਾਂ ਜਿਹਾ.

dentiGEROUS, *a.* : ਦੰਦੀਲਾ, ਦੰਦੇਦਾਰ.

denticle, *n.* : ਦੰਦੀ, ਛੋਟਾ ਜਿਹਾ ਦੰਦ.

denticuLAR, *a.* : ਦੰਦੀਲਾ, ਦੰਦਿਆਂ ਵਾਲਾ.

denticuLATE (or -ated), *a.* : ਦੰਦੀਲਾ, ਦੰਦੇਦਾਰ.

denticuLATION, *n.* : ਦੰਦੇਦਾਰੀ.

dentifrice, *n.* : ਮੰਜਨ; ਮਿੱਸੀ.

dentil, *n.* : (ਸ਼ਿਲਪ) ਦੰਦੀ, ਕਾਰਨਸ ਦੇ ਕਿੰਗਰਿਆਂ ਵਿਚੋਂ ਕੋਈ ਇਕ ਕਿੰਗਰਾ.

dentine, *n.* : ਦੰਦ-ਮਸਾਲਾ, ਉਹ ਮਾਦਾ ਜਿਸ ਤੋਂ ਦੰਦ ਬਣਿਆ ਹੁੰਦਾ ਹੈ.

dentist, *n.* : ਦੰਦਸਾਜ਼, ਦੰਦਾਂ ਦਾ ਡਾਕਟਰ.

dentistRY, *n.* : ਦੰਦਸਾਜ਼ੀ, ਦੰਦ ਵਿੱਦਿਆ.

dentition, *n.* : ਦੰਦ ਕੱਢਣੇ, ਦੰਦੀਆਂ.

denture, *n.* : ਦੰਦਾਂ ਦਾ ਜੋੜਾ ਜਾਂ ਸੈੱਟ (ਖ਼ਾਸ ਤੌਰ ਤੇ ਬਣਾਉਟੀ).

denude, *v. t.* : ਨੰਗਾ ਕਰਨਾ, ਕਪੜੇ ਲਾਹ ਲੈਣੇ, ਕੰਗਾਲ ਕਰ ਦੇਣਾ, (ਕਿਸੇ ਗੱਲ ਤੋਂ) ਵਾਂਝਿਆ ਕਰ ਦੇਣਾ, (ਭੂ-ਵਿੱਦਿਆ) ਮਿੱਟੀ ਆਦਿ ਲਾਹ ਦੇਣੀ (ਚਿਟਾਨ ਉੱਤੋਂ).

denudATION, *n.* : ਨੰਗਿਆਈ.

denudATIVE, *a.* : ਨੰਗਿਆਉ.

denunciation, *n.* : ਮੁਲਾਮਤ, ਦੋਸ਼-ਆਰੋਪਣ, ਨਿੰਦਾ, ਗਾਲ੍ਹ-ਗਲੋਚ.

denunciative, denunciatORY, *a.* : ਨਿੰਦਕੀ, ਮੁਲਾਮਤੀ.

denunciatOR, *n.* : ਨਿੰਦਕ, ਭੰਡਣ ਵਾਲਾ.

deny, *v. t.* : ਨਾਂਹ ਕਰਨੀ, ਮੁਕਰਨਾ, ਤਰਦੀਦ ਕਰਨੀ, ਖੰਡਨ ਕਰਨਾ.

d. oneself : ਪਰਹੇਜ਼ ਕਰਨਾ, ਵਾਂਝਿਆ ਰਹਿਣਾ, ਮਨ ਮਾਰਨਾ.

deodand, *n.* : (ਇਤਿਹਾਸਕ) ਦੇਵ-ਦਾਨ, ਉਹ ਚੀਜ਼ ਜਿਸ ਨਾਲ ਕਿਸੇ ਮਨੁੱਖ ਦੀ ਮੌਤ ਹੋ ਜਾਵੇ ਅਤੇ ਜੋ ਸਰਕਾਰੀ ਹੁਕਮ ਨਾਲ ਜ਼ਬਤ ਕਰ ਕੇ ਖ਼ੈਰਾਤ ਦੇਣ ਲਈ ਵਰਤੀ ਜਾਵੇ.

deodar [H], *n.* : ਦਿਉਦਾਰ, ਦਿਆਰ.

deodorize, *v. t.* : ਮੁਸ਼ਕ ਮਾਰਨੀ, ਦੁਰਗੰਧ ਦੂਰ ਕਰਨੀ.

deodorizATION, *n.* : ਮੁਸ਼ਕ-ਮਾਰਨ.

deodorizER, *n.* : ਮੁਸ਼ਕ-ਮਾਰ.

deontology, *n.* : ਨੀਤੀ ਵਿੱਦਿਆ, ਨੀਤੀ ਸ਼ਾਸਤਰ.

deontologICAL, *a.* : ਨੀਤੀ ਸ਼ਾਸਤਰ ਦਾ, ਸੰਬੰਧੀ.

deontologIST, *n.* : ਨੀਤੀ ਵਿੱਦਿਆ ਦਾ ਮਾਹਿਰ.

Deo volente [L], *adv.* : ਜੇ ਰੱਬ ਚਾਹਿਆ ਤਾਂ, ਇਨਸ਼ਾ ਅੱਲਾ.

depart, *v. i.* & *t.* : ਚਲਾ ਜਾਣਾ, ਵਿਦਾ ਹੋਣਾ; ਦੂਰ ਜਾਣਾ; ਛੁੱਟਣਾ (ਰੇਲ ਆਦਿ ਦਾ); ਮਰਨਾ, ਸਿਧਾਰ ਜਾਣਾ, ਸਿਧਾਰਨਾ.

departed, *a.* & *n.* : ਬੀਤ ਚੁੱਕਾ, ਗੁਜ਼ਰਿਆ ਹੋਇਆ; ਮਰਿਆ ਹੋਇਆ; ਸੁਰਗਵਾਸੀ.

department, *n.* : ਮਹਿਕਮਾ, ਵਿਭਾਗ.

departmentAL, *a.* : ਮਹਿਕਮਾਨੀ, ਵਿਭਾਗ ਸੰਬੰਧੀ, ਵਿਭਾਗਿਕ.

departmentALLY, *adv.* : ਮਹਿਕਮੇ ਵਲੋਂ.

departure, *n.* : ਕੂਚ, ਵਿਦਾਇਗੀ, ਰਵਾਨਗੀ.

depasture, *v. t.* & *i.* : (ਪਸ਼ੂਆਂ ਨੂੰ) ਚਰਾਉਣਾ (ਘਾਹ ਉੱਤੇ); ਚਰਨਾ, ਚਰਨਾ-ਚੁਗਣਾ.

depasturAGE, *n.* : ਚਰਾਈ; ਚਰਾਈ ਦਾ ਹੱਕ.

depauperate, *v. t.* : ਨਿਰਧਨ ਕਰਨਾ, ਮੁਥਾਜ ਕਰਨਾ; ਨਿਰਬਲ ਕਰਨਾ, ਕਮਜ਼ੋਰ ਕਰਨਾ; ਵਿਗਾੜਨਾ.

depauperatION, *n.* : ਕੰਗਾਲ ਹੋ ਜਾਣਾ ਜਾਂ ਕਰ ਦੇਣਾ.

depauperize, *v. t.* : ਗ਼ਰੀਬੀ ਤੋਂ ਛੁਟਕਾਰਾ ਦਿਵਾਉਣਾ, ਗ਼ਰੀਬੀ ਦੇ ਪੰਜੇ ਤੋਂ ਛੁਡਾਉਣਾ, ਕੰਗਾਲੀ ਦੂਰ ਕਰਨੀ, ਗ਼ਰੀਬੀ ਦੇ ਸਵਾਲ ਨੂੰ ਹਲ ਕਰਨਾ.

depend, *v. i.* : ਨਿਰਭਰ ਹੋਣਾ, ਆਸ਼੍ਰਿਤ ਹੋਣਾ, ਆਸਰੇ ਹੋਣਾ; ਪਰਾਧੀਨ ਹੋਣਾ; ਸੰਦਿਗਧ ਹੋਣਾ; ਭਰੋਸਾ ਕਰਨਾ, ਵਿਸ਼ਵਾਸ ਕਰਨਾ, ਵਿਚਾਰ-ਅਧੀਨ ਹੋਣਾ.

d. upon it : ਯਕੀਨ ਰੱਖ.

that depends : ਜਿਸ ਤਰ੍ਹਾਂ ਦੀ ਸੂਰਤ ਹੋਵੇ.

dependable, *a.* : ਵਿਸ਼ਵਾਸੀ, ਭਰੋਸੇਯੋਗ, ਵਿਸ਼ਵਾਸਯੋਗ.

dependableness, *n.* : ਭਰੋਸੇਯੋਗਤਾ.

dependably, *adv.* : ਵਿਸ਼ਵਾਸੀ ਤੌਰ ਤੇ.

dependant, **-ent**[1], *n.* : [illegible].

dependence, *n.* : [illegible], [illegible], [illegible], ਮਹੱਤਤਾ; ਸੰਬੰਧ; ਭਰੋਸਾ, ਆਸਰਾ, ਸਹਾਰਾ; ਨਿਸ਼ਚਾ, ਵਿਸ਼ਵਾਸ.

dependency, *n.* : ਅਧੀਨ ਦੇਸ਼, ਸੰਬੰਧਤ ਇਲਾਕਾ.

dependent[2], *a.* : ਆਸ਼ਿਤ, ਪਰਾਧੀਨ, ਅਧੀਨ; ਸੰਬੰਧਤ.

dephosphorize, *v. t.* : ਕਿਸੇ ਧਾਤ ਵਿੱਚੋਂ ਫਾਸਫੋਰਸ ਦੂਰ ਕਰਨਾ.

dephosphorization, *n.* : [illegible], [illegible] ਕਰਨ ਦਾ ਕੰਮ.

depict, *v. t.* : ਚਿਤਰਨਾ, ਚਿੱਤਰ ਖਿੱਚਣਾ, ਤਸਵੀਰ ਖਿੱਚਣੀ; [illegible]; ਸ਼ਬਦਾਂ ਵਿੱਚ ਤਸਵੀਰ ਖਿੱਚਣੀ; [illegible] ਕਰਨਾ, [illegible].

depicter, **depictor**, *n.* : [illegible]; ਵਰਣਨ ਕਰਨ ਵਾਲਾ.

depiction, *n.* : ਚਿੱਤਰਨ; ਵਰਣਨ.

depictive, *a.* : [illegible], ਵਰਣਨ ਕਰਨ ਵਾਲਾ.

depicture, *v. t.* : ਚਿੱਤਰ ਖਿੱਚਣਾ; [illegible]; ਵਰਣਨ ਕਰਨਾ.

depilate, *v. t.* : [illegible] ਵਾਲ [illegible].

depilation, *n.* : ਵਾਲ-[illegible].

depilator, *n.* : ਵਾਲ ਦੂਰ ਕਰਨ ਜਾਂ [illegible] ਵਾਲੀ.

depilatory, *a. & n.* : ਵਾਲ [illegible] (ਜਾਂ ਦੂਰ ਕਰਨ) ਵਾਲੀ ਦਵਾ, ਦਵਾ-ਲੇਪ.

deplane, *v. i.* : ਹਵਾਈ-ਜਹਾਜ਼ ਉਤਰਨਾ.

deplenish, *v. t.* : ਖਾਲੀ ਕਰਨਾ, [illegible] ਮਾਲ [illegible].

deplete, *v. t.* : ਖਾਲੀ ਕਰਨਾ; [illegible], ਬੰਦ ਕਰਨਾ.

depletion, *n.* : ਖਾਲੀ ਕਰਨ ਦਾ ਕੰਮ.

depletive, *a. & n.*, **depletory**, *a.* : ਖਾਲੀ ਕਰਨ ਵਾਲਾ.

deplore, *v. t.* : [illegible], ਦੁੱਖ ਕਰਨਾ.

deplorable, *a.* : [illegible], [illegible], [illegible].

deplorably, *adv.* : [illegible] ਤੌਰ ਤੇ.

deplorability, **deplorableness**, *n.* : [illegible].

deploy, *v. t. & i.* : (ਫ਼ੌਜ) ਖਿਲਾਰ ਦਾਲਣਾ ਜਾਂ [illegible]; [illegible] ਵਿਚ ਫ਼ਿਰਕੇ ਦੇ [illegible] ਹੋ ਜਾਣਾ.

deployment, *n.* : ਮੋਰਚਾਬੰਦੀ.

deplume, *v. t.* : ਖੰਭ ਪੁਟ ਸੁਟਣੇ, ਖੰਭ ਲਾਹੁਣੇ.

depolarize, *v. t.* : (ਬਿਜਲੀ-ਵਿਗਿਆਨ) [illegible] ਕਰਨਾ, [illegible]; (ਬਿਜਲੀ), [illegible] ਕਰਨਾ, (ਅਲੰਕਾਰਕ) [illegible] ਕਰਨਾ, [illegible]; [illegible] ਹੋਣਾ.

depolarization, *n.* : [illegible].

depolarizer, *n.* : [illegible].

deponent, *a. & n.* : [illegible] ਅਤੇ ਯੂਨਾਨੀ ਵਿਆਕਰਣ: ਅਜਿਹਾ [illegible] ਜੋ ਰੂਪ ਵਿਚ [illegible] ਕਰਤਰੀ [illegible]; [illegible] ਦੇਣ ਵਾਲਾ, ਲਿਖਤੀ ਗਵਾਹੀ ਦੇਣ ਵਾਲਾ, ਗਵਾਹ.

depopulate, *v. t. & i.* : ਉਜਾੜਨਾ, ਵੱਸੋਂ ਘਟਾਣੀ; ਉਜੜਨਾ, ਵੱਸੋਂ ਦਾ ਘਟ ਜਾਣਾ.

depopulation, *n.* : ਉਜਾੜਾ, ਵੱਸੋਂ ਵਿੱਚ ਕਮੀ.

deport, *v. t.* : [illegible]; ਦੇਸ਼-ਨਿਕਾਲਾ ਦੇਣਾ.

deportation, *n.* : ਦੇਸ਼-ਨਿਕਾਲਾ.

deportee, *n.* [illegible], ਜਿਸ ਨੂੰ ਦੇਸ਼-ਨਿਕਾਲਾ ਮਿਲੇ.

deportment, *n.* : ਤੌਰ-ਤਰੀਕਾ, ਚਾਲ-ਢਾਲ, ਵਤੀਰਾ, ਸੁਭਾ.

depose, *v. t. & i.* : ਔਹੁਦੇ ਤੋਂ ਲਾਹੁਣਾ, ਬੇਦਖ਼ਲ ਕਰਨਾ; ਗਵਾਹੀ ਦੇਣੀ; ਸੰਹੁ ਖਾ ਕੇ ਬਿਆਨ ਦੇਣਾ.

deposable, *a.* : [illegible].

deposit[1], *n.* : ਅਮਾਨਤ; ਧਰੋਹਰ, ਜੋ ਬੈਂਕ ਵਿਚ ਇੱਕ ਖ਼ਾਸ ਮੁੱਦਤ ਲਈ ਜਮ੍ਹਾ ਕੀਤੀ ਜਾਵੇ; [illegible]; ਸਾਈ; ਜ਼ਖ਼ੀਰਾ, ਮੈਲ.

deposit[2], *v. t.* : [illegible], [illegible]; (ਆਂਡੇ) ਦੇਣੇ, ([illegible]) ਮੈਲ ਛਡ ਜਾਣੀ; ਅਮਾਨਤ ਰਖਣੀ; ਜਮ੍ਹਾ ਕਰਨਾ ਜਾਂ ਕਰਾਉਣਾ; ਬਿਆਨੇ ਵਜੋਂ ਦੇਣਾ, ਸਾਈ [illegible].

depositary, *n.* : ਜਿਸ ਪਾਸ ਅਮਾਨਤ ਰਖੀ ਜਾਵੇ.

deposition, *n.* : ਅਹੁਦੇ ਤੋਂ [illegible] [illegible] ਦੀ ਤਸਵੀਰ, [illegible]; [illegible]; [illegible] ਗਵਾਹੀ, ਹਲਫ਼ੀ ਬਿਆਨ; [illegible]; [illegible], ਜਮਾ.

depositor, *n.* : ਜਮ੍ਹਾ ਕਰਨ ਵਾਲਾ, ਅਮਾਨਤ ਰਖਣ ਵਾਲਾ.

depository, *n.* : ਰਖਣ ਦੀ ਥਾਂ, [illegible], ਭੰਡਾਰ, [illegible], ਸੰਗ੍ਰਹਿ-ਸਥਾਨ; [illegible]=depositary.

depot, *n.* : [illegible], ਗੁਦਾਮ; (ਫ਼ੌਜ) ਪਲਟਨ ਦੇ [illegible] ਦੀ ਪੱਕੀ ਥਾਂ.

deprave, *v. t.* : ਵਿਗਾੜਨਾ; (ਆਚਰਣ) ਖ਼ਰਾਬ ਕਰਨਾ.

depravation, *n.* : ਵਿਗਾੜ, ਖ਼ਰਾਬੀ.

depravity, *n.* : ਬਦਚਲਨੀ, ਖ਼ਰਾਬੀ, ਖੋਟ, [illegible].

deprecate, *v. t.* : ਨਿੰਦਣਾ, ਬੁਰਾ ਕਹਿਣਾ; ਅਪ੍ਰਸੰਸਾ ਪ੍ਰਗਟ ਕਰਨੀ, ਨਾਪਸੰਦੀ ਜ਼ਾਹਰ ਕਰਨੀ.

deprecatingly, *adv.* : ਨਾਪਸੰਦੀ ਨਾਲ, ਨਾਪਸੰਦ ਕਰਦੇ ਹੋਏ.

deprecative, *a.* **deprecative**, **deprecatory**, *a.* : ਨਾਪਸੰਦੀ [illegible], [illegible].

depreciate, *v. t. & i.* : [illegible] ਘਟਾਣੀ ਜਾਂ ਘਟਣੀ; [illegible]; ਮੰਦਾ ਸਮਝਣਾ; (ਰੁਪਏ ਦੀ) ਕੀਮਤ ਘਟਾਉਣੀ ਜਾਂ ਘਟਣੀ; ਮੁੱਲ ਗਿਰਾਉਣਾ ਜਾਂ ਗਿਰ ਜਾਣਾ; [illegible], ਭੁਟਿਆਉਣਾ.

depreciatingly, *adv.* : [illegible] ਹੋਏ.

depreciatory, *a.* : [illegible] ਵਾਲਾ, ਕੀਮਤ ਘਟਾਣ ਵਾਲਾ.

depreciation, *n.* : ਬੇਕਦਰੀ, ਨਿਕੰਮੀ; ਮੁੱਲ-ਘਟਾਈ, ਕੀਮਤ ਦਾ ਘਟਾਉ; ਟੁੱਟ-ਫੁੱਟ ਦੀ ਰੋਕ.

depredation, *n.* : ਲੁੱਟ-ਖਸੁੱਟ, ਧਾੜਾ, ਉਜਾੜਾ.

depredator, *n.* : ਲੁਟੇਰਾ, ਧਾੜਵੀ; ਉਜਾੜੂ, ਵਿਗਾੜਨ ਵਾਲਾ.

depress, *v. t.* : ਦਬਾਣਾ; (ਦਿਲ) ਢਾਹੁਣਾ; ਮਾੜਾ ਹਾਲ ਕਰਨਾ; [illegible] ([illegible] ਨੂੰ) ਮੰਦਾ ਕਰਨਾ, [illegible] ਕਰਨਾ; (ਆਵਾਜ਼) ਨੀਵੀਂ ਕਰਨੀ, ਧੀਮੀ ਕਰਨੀ.

depressible, *a.* : ਜੋ ਦਬਾਇਆ ਜਾ ਸਕੇ.

depressive, *a.* : [illegible], [illegible], ਨਿਰਾਸ਼, ਪੀੜਤ.

depressed classes : ਪਛੜੀਆਂ ਸ਼੍ਰੇਣੀਆਂ.

depressant, *a. & n.* : ਤਾਕੀਦ ਵਿਚ [illegible] ਵਾਲੀ (ਦਵਾ), [illegible] ਦਸ਼ਾ ਦਾ [illegible].

depression, *n.* : ਨਿਰਾਸਤਾ, ਉਦਾਸੀ, [illegible], ਘਾਬਰੀ, ਘਾਟ, ਮੰਦਵੀ; [illegible] ([illegible]).

depressor, *n.* [illegible] : [illegible].

deprivation, *n.* : ਬੇਦਖ਼ਲੀ; ਮੰਗ੍ਹੀ; ਬਰਤਰਫ਼ੀ, ਹੀਣਤਾ, ਵਾਂਜਿਆ ਹੋਣਾ.

deprive, *v. t.* : ਵਾਂਜਾ ਕਰ ਦੇਣਾ, ਵਾਂਜਾ ਰਖਣਾ, ਖੋਹ ਲੈਣਾ.

deprivable, *a.* : [illegible].

deprival, *n.* : ਵਾਂਜਣੀ, [illegible].

de profundis, (L.) *n. & adv.* : [illegible] ਵਿੱਚੋਂ [illegible] (ਆਵਾਜ਼) [illegible], [illegible].

depth, *n.* : ਡੂੰਘਾਈ, ਡੂੰਘ, ਡੂੰਘਿਆਈ; ਥਾਹ, ਹਾਥ, ਮਹਜਾਤ.

d.-charge : ਜਲ-ਬੰਬ.

out of one's d. : ਵਿੱਤੋਂ ਬਾਹਰ.

depurate, *v. t. & i.* : ਸਾਫ਼ ਕਰਨਾ ਜਾਂ ਹੋਣਾ, ਮੈਲ ਕਢਣੀ ਜਾਂ ਕੱਢਣੀ.

depuratION, *n.* : ਸਫ਼ਾਈ, ਮੈਲ-ਕਢਾਈ.

depurative, *a. & n.*, **depurator,** *n.* : ਸਾਫ਼ ਕਰਨ ਵਾਲਾ, ਮੈਲ ਕਢਣ ਵਾਲਾ.

deputation, *n.* : ਡੈਪੂਟੇਸ਼ਨ, ਮਹਾਂਸਭ, ਵਫ਼ਦ, ਪ੍ਰਤਿਨਿਧ; ਪਦ; ਕਾਇਮ ਮੁਕਾਮੀ.

depute, *v. t.* : ਪ੍ਰਤਿਨਿਧ ਨਿਯੁਕਤ ਕਰਨਾ; ਅਧਿਕਾਰ ਸੌਂਪਣਾ, ਭੇਜਣਾ.

deputise, *v. i.* : ਕਾਇਮ-ਮੁਕਾਮੀ ਕਰਨੀ, ਪ੍ਰਤਿਨਿਧਤਾ ਕਰਨੀ.

deputy, *n.* : ਪ੍ਰਤਿਨਿਧ; ਮੁਖ਼ਤਾਰ, ਵਕੀਲ, ਕੁਮਾਸ਼ਤਾ; ਪਾਰਲੀਮੈਂਟ ਦਾ ਮੈਂਬਰ, ਪੰਚ.

deputy- : (ਸਮਾਸੀ ਸ਼ਬਦਾਂ ਵਿੱਚ) ਕਾਇਮ-, ਮੀਤ-

deputyship, *n.* : ਪ੍ਰਤਿਨਿਧਤਾ, ਅਹਿਦਾ.

deracinate, *v. t.* : ਜੜ੍ਹੋਂ ਪੁੱਟਣਾ.

derail, *v. t. & i.* : ਪਟੜੀ ਤੋਂ ਲਾਹੁਣਾ (ਰੇਲ ਨੂੰ).

derailMENT, *n.* : ਪਟੜੀਓਂ-ਲਹਾਈ.

derange, *v. t.* : ਖ਼ਰਾਬ ਕਰਨਾ, ਉਲਟ ਪਲਟ ਕਰਨਾ, ਗੜਬੜ ਕਰਨਾ, ਬੇਤਰਤੀਬ ਕਰਨਾ, ਪਾਗਲ ਕਰਨਾ, ਸ਼ੁਦਾਈ ਕਰਨਾ; ਵਿਗਾੜ ਪਾਉਣਾ.

derangeMENT, *n.* : ਉਲਟ-ਪੁਲਟ, ਬੇਤਰਤੀਬੀ, ਸ਼ੁਦਾ, ਗੜਬੜ.

Derby, *n.* : ਡਾਰਬੀ, Epsom ਦੀ ਸਾਲਾਨਾ ਘੁੜ-ਦੌੜ; ਉੱਚੀ ਟੋਪੀ, ਟੋਪ.

D. day : ਡਾਰਬੀ ਦਿਵਸ; ਡਾਰਬੀ ਦੀ ਘੁੜ-ਦੌੜ ਦਾ ਦਿਨ.

D. dog : ਘੁੜ-ਦੌੜ ਦੇ ਮਗਰੋਂ ਰੇਸ ਕੋਰਸ ਵਿਚਲ ਕਾਲਾ ਕੁੱਤਾ; (ਅਲੰਕਾਰ) ਕੁਥਾਵੇਂ ਦਖ਼ਲ ਦੇਣ ਸੰਬੰਧੀ (ਵਰਤਿਆ ਜਾਂਦਾ ਹੈ).

Derbyite, *n.* : ਡਾਰਬੀਆ, ਲਾਰਡ ਡਾਰਬੀ ਦੇ ਸਾਥੀ ਦੀ ਨੀਤੀ (ਸੰਨ 1852 ਈ. ਵਾਲੀ ਟੋਰੀ ਸਰਕਾਰ ਕਰਕੇ ਹੋਇਆ ਸੀ).

Derbyshire, *n.* : D. neck : ਗਿਲੜ੍ਹ, ਗਲੇ ਦੀ ਗਿਲਟੀ.

de regle [F], *pred. a.* : ਰਸਮੀ; ਠੀਕ.

derelict, *a. & n.* : ਛੱਡਿਆ, ਛੱਡਿਆ ਹੋਇਆ (ਵਿਸ਼ੇਸ਼ ਕਰਕੇ ਜਹਾਜ਼), ਲਾਵਾਰਸ, ਲਾਪਰਵਾਹ, ਤਿਆਗਤ.

dereliction, *n.* : ਤਿਆਗ, ਕਰਤੱਵ-ਤਿਆਗ, ਫ਼ਰਜ਼ ਨਿਭਾਉਣ ਵਿੱਚ ਕੁਤਾਹੀ; ਅਣਗਹਿਲੀ, ਉਕਾਈ, ਉਕਤਾਈ; ਸਮੁੰਦਰ ਦਾ ਪਿੱਛੇ ਹਟ ਜਾਣਾ.

deride, *v. t.* : ਠੱਠੇ ਵਿੱਚ ਉਡਾਣਾ, ਖਿੱਲੀ ਉਡਾਉਣਾ, ਮਖੌਲ ਕਰਨਾ.

de rigueur [F], *pred. a.* : ਸ਼ਿਸ਼ਟਾਚਾਰ-ਅਨੁਸਾਰ, ਫ਼ੈਸ਼ਨ ਵਾਲਾ, ਰੀਤ-ਅਨੁਸਾਰ.

derision, *n.* : ਠੱਠਾ, ਮਖੌਲ, ਤਿਰਸਕਾਰ, ਉਪਹਾਸ.

be in d. : ਖਿੱਲੀ ਉਡਾਇਆ ਜਾਣਾ, ਠੱਠੇ ਵਿੱਚ ਉਡਾਇਆ ਜਾਣਾ, ਮੌਜੂ ਬਣਨਾ.

have, hold, in d. : ਖਿੱਲੀ ਉਡਾਉਣਾ, ਮੌਜੂ ਬਣਾਉਣਾ.

derisive, **derisory**, *a.* : ਠੱਠੇ ਵਾਲੀ, ਉਪਹਾਸੀ.

derisiveLY, *adv.* : ਠੱਠੇ ਨਾਲ, ਤਿਰਸਕਾਰ ਕਰਦਿਆਂ.

derivation, *n.* : ਉਤਪਤੀ, ਨਿਕਾਸ, ਅਸਲਾ, ਮੂਲ; (ਸ਼ਬਦਾਂ ਦੀ) ਵਿਉਤਪਤੀ; ਵਿਕਾਸ ਦਾ ਸਿਧਾਂਤ.

derivationIST, *n.* : ਵਿਕਾਸਵਾਦੀ.

derivative, *a. & n.* : ਕਢਿਆ ਹੋਇਆ ਸ਼ਬਦ, ਵਿਉਤਪੰਨ, ਵਿਉਤਪੰਨ, ਵਿਉਤਪਤ; ਉਪਜ.

derivativeLY, *adv.* : ਵਿਉਤਪਤੀ ਅਨੁਸਾਰ, ਤੋੜ ਕਰਕੇ.

derive, *v. t. & i.* : ਕੱਢਣਾ, ਨਿਕਲਣਾ, ਪ੍ਰਾਪਤ ਕਰਨਾ ਜਾਂ ਹੋਣਾ, ਉਤਪਤੀ ਹੋਣੀ, ਉਤਪੰਨ ਹੋਣਾ; ਵਿਉਤਪਤੀ ਲਭਣੀ, ਅਸਲਾ ਲਭਣਾ.

deriVABLE, *a.* : ਕੱਢਣਯੋਗ, ਪ੍ਰਾਪਤੀਯੋਗ.

derm, *n.* : ਚੰਮ, ਚਮੜੀ, ਚਮੜੀ, ਜਿਲਦ.

dermAL, dermIC, *aa.* : ਚੰਮ ਦਾ, ਜਿਲਦ ਜਾਂ ਚੰਮ ਸੰਬੰਧੀ.

dermAT(O)-, dermO- : (ਸਮਾਸੀ ਸ਼ਬਦਾਂ ਵਿੱਚ) ਜਿਲਦੀ.

dermATOLOGIST, dermATOLOGY, *nn.* : ਜਿਲਦੀ ਬਿਮਾਰੀਆਂ ਦਾ ਜਾਣਕਾਰ; ਚੰਮ ਸੰਬੰਧੀ ਵਿਦਿਆ, ਚਰਮ-ਵਿਦਿਆ.

dermATITIS, *n.* : ਚੰਮ-ਰੋਗ, ਚਮੜੀ ਦੀ ਸੋਜ਼ਸ਼.

dern : darn ਦਾ ਰੂਪਾਂਤਰ.

dernier ressort [F], *n.* : ਅੰਤਮ ਹੀਲਾ.

derogate, *v. i.* : ਕਦਰ ਘਟਣੀ, ਕਦਰੀ ਘਟਣੀ, ਹੇਠਾਂ ਡਿੱਗੀ, ਹੇਠਾਂ ਪੈਣਾ, ਬੇਇੱਜ਼ਤੀ ਹੋਣੀ, ਵੱਟਾ ਲਗਣਾ, ਨੀਵਾਂ ਹੋਣਾ, ਘਟਣਾ.

derogation, *n.* : ਕਦਰਘੀ, ਬੇਕਦਰੀ; ਨਿਰਾਦਰੀ, ਘਟਣੀ, ਅਪਮਾਨ; ਘਟਾਉ, ਵੱਟਾ, ਹੇਠਾਪ.

derogatory, *a.* : ਕਦਰ-ਘਟਾਊ, ਮਾਨ-ਵਿਰੋਧ, ਵੱਟਾ ਲਾਉਣ ਵਾਲਾ.

derrick, *n.* : ਭਾਰ-ਚੁੱਕਾਊ ਕਲ, ਭਾਰ ਚੁੱਕਣ ਦੀ ਕਲ, ਤੇਲ ਖੂਹ ਉਤਲਾ ਢਾਂਚਾ.

derring-do, *n.* : ਜਾਨ ਹੂਲਣੀ, ਜਾਨ ਤਲੀ ਤੇ ਧਰ ਜਾਣਾ, ਜਾਨ ਦੀ ਬਾਜ਼ੀ ਲਾ ਦੇਣੀ.

derringer, *n.* : ਇਕ ਛੋਟਾ ਜਿਹਾ ਪਰ ਵੱਡੀ ਨਾਲੀ ਵਾਲਾ ਪਸਤੌਲ.

dervish [P], *n.* : ਦਰਵੇਸ਼, ਫ਼ਕਰ.

descant¹, *n.* : (ਕਵਿਤਾ) ਗੀਤ, ਤਰਾਨਾ, ਲੈਅ.

descant², *v. i. & t.* : (ਕਿਸੇ ਵਿਸ਼ੇ ਉੱਤੇ) ਵਿਚਾਰਨਾ; ਖੁੱਲ੍ਹ ਕੇ ਵਿਆਖਿਆ ਕਰਨੀ.

descend, *v. i. & t.* : ਉਤਰਨਾ, ਲਥਣਾ, ਨੀਵਾਂ ਜਾਣਾ, ਹੇਠਾਂ ਆਉਣਾ, ਝੁਕਣਾ, ਢਲਵਾਂ ਹੋਣਾ; ਆ ਪੈਣਾ, ਟੁੱਟ ਪੈਣਾ; ਨੀਚਾਂ ਵੱਲ ਚਲਾਣਾ; (ਧਨ ਆਦਿ) ਵੰਸ਼ ਵਿੱਚੋਂ ਮਿਲਣਾ; ਵਿਰਸੇ ਵਿੱਚ ਮਿਲਣਾ, ਕਦੀਮਤ ਅਨੁਸਾਰ ਮਿਲਣਾ.

descendABLE, *a.* : ਵਿਰਸਯੋਗ, ਪਿਤਾ-ਅਧਿਕਾਰ-ਯੋਗ, ਪਿਤਾ-ਪ੍ਰਾਪਤੀ-ਯੋਗ.

descendant, *n.* : ਸੰਤਾਨ, ਔਲਾਦ, ਵੰਸ, ਅੰਸ.

descent, *n.* : ਉਤਰਾਈ, ਉਤਰਨਾਈ, ਢਲਾਣ, ਢਲਵਾਣ, ਧਾਵਾ; ਅਚਾਨਕ ਹੱਲਾ, ਛਾਪਾ; ਅਧੋਗਤੀ, ਅਵਨਤੀ; ਨਸਲ, ਕੁਲ, ਪੀੜ੍ਹੀ, ਪੁਸ਼ਤ; ਅਣਵਰਤਨ, ਉਤਪਤੀ; ਵਿਰਾਸਤ, ਪਿਤਰੀ ਅਧਿਕਾਰ (ਜਾਇਦਾਦ ਆਦਿ ਦਾ), ਉੱਤਰ-ਅਧਿਕਾਰ.

describe, *v. t.* : ਵਰਣਨ ਕਰਨਾ, ਬਿਆਨ ਕਰਨਾ, ਰੇਖਾਂਕਣਾ, ਖਿਚਣਾ (ਨਕਸ਼ਾ ਆਦਿ).

describABLE, *a.* : ਵਰਣਨਯੋਗ, ਵਰਣਨਯੋਗ.

description, *n.* : ਵਰਣਨ, ਬਿਆਨ, ਬਿਰਤਾਂਤ, ਵਿਵਰਣ; ਕਿਸਮ, ਤਰ੍ਹਾਂ, ਸ਼੍ਰੇਣੀ, ਭਾਂਤ.

(it) answers to the d. : (ਇਹ) ਦੱਸੇ ਅਨੁਸਾਰ ਹੈ.

descriptive, *a.* : ਵਰਣਕ, ਬਿਰਤਾਂਤੀ, ਬਿਆਨੀਆ, ਵਾਚਕ, ਵਿਆਖਿਆ (ਵਿਆਕਰਣ).

descriptiveLY, *adv.* : ਵਰਣਨ ਰੂਪ ਵਿੱਚ.

descry, *v. t.* : ਵੇਖ ਲੈਣਾ, ਦੇਖ ਲੈਣਾ.

desecrate, *v. t.* : ਭ੍ਰਿਸ਼ਟਣਾ, ਅਪਵਿੱਤਰ ਕਰਨਾ, ਅਪਮਾਨ ਕਰਨਾ, ਬੇਅਦਬੀ ਕਰਨੀ; ਪਲੀਤ ਕਰਨਾ, ਭ੍ਰਿਸ਼ਟ ਕਰਨਾ.

desecrATION, *n.* : ਭ੍ਰਿਸ਼ਟ, ਅਪਵਿੱਤਰਤਾ, ਬੇਅਦਬੀ.

desecratOR, *n.* : ਭ੍ਰਿਸ਼ਟੀ, ਅਪਵਿੱਤਰਤਾ ਜਾਂ ਬੇਅਦਬੀ ਕਰਨ ਵਾਲਾ.

desensitise, *v. t.* : ਅਸੰਵੇਦਨਸ਼ੀਲ ਕਰਨਾ, ਪ੍ਰਕਾਸ਼-ਅਸਰਹੀਣ ਕਰਨਾ (ਫ਼ੋਟੋ-ਪਲੇਟ ਨੂੰ).

desert¹, *n.* : ਯੋਗਤਾ, ਅਧਿਕਾਰਤਾ, ਗੁਣ, [illegible] (ਮਨੁੱਖਾਂ) ਗੁਣ; ਬਦਲਾ.

desertLESS, *a.* : ਗੁਣ-ਵਿਹੂਣਾ, ਨਾਕਾਬਿਲ, ਅਯੋਗ.

desert², *a. & n.* : ਉਜਾੜ, ਵੀਰਾਨ, ਉਜਾੜ ਥਾਂ, ਬੀਆਬਾਨ; ਥਲ, ਰੇਗਿਸਤਾਨ, ਰੋਹੀ.

desert³, *v. t. & i.* : ਛੱਡਣਾ, ਛੱਡ ਜਾਣਾ; ਸਾਥ ਛਡਣਾ, ਮੂੰਹ ਮੋੜਨਾ; (ਫ਼ੌਜੀ ਜਾਂ ਸਮੁੰਦਰੀ ਨੌਕਰੀ ਛੱਡ ਕੇ) ਭੱਜ ਜਾਣਾ.

deserteR, *n.* : ਭਗੌੜਾ.

desertion, *n.* : ਭਗੌੜਾਪਣ, ਸਾਥ ਛੱਡ ਦੇਣਾ, ਤਿਆਗ; ਸੈਨਾ-ਤਿਆਗ.

deserve, *v. t.* & *i.* : ਯੋਗ ਹੋਣਾ, ਉਚਿਤ ਹੋਣਾ; ਹੱਕਦਾਰ ਹੋਣਾ, ਅਧਿਕਾਰੀ ਹੋਣਾ.

deservedLY, *adv.* : ਯੋਗਤਾ ਅਨੁਸਾਰ, ਵਾਜਬੀ ਤੌਰ ਤੇ; ਇਨਸਾਫ਼ ਨਾਲ.

deserving, *a.* : ਅਧਿਕਾਰੀ, ਉਚਿਤ, ਜੋਗ; ਹੱਕਦਾਰ, ਸੁਪਾਤਰ, ਗੁਣੀ.

deshabille [F], *n.* : ਦੇਖੋ dishabille.

desiccate, *v. t.* : ਸੁਕਾਉਣਾ, ਖੁਸ਼ਕ ਕਰਨਾ, ਨਮੀ ਦੂਰ ਕਰਨੀ. (ਦੁੱਧ ਆਦਿ ਨੂੰ) ਸੁਕਾ ਕੇ ਧੂੜਾ ਜਾਂ ਟਿੱਕੀਆਂ ਬਣਾ ਲੈਣੀਆਂ.

desiccATION, *n.* : ਸੁਕਾਈ, ਸੋਕਾ.

desiccatOR, *n.* : ਸੋਕਾ-ਯੰਤਰ.

desiccatIVE, *a.* : ਸੁਕਾਊ.

desiderate, *v. t.* : ਇੱਛਾ ਰੱਖਣੀ, ਚਾਹ ਕਰਨੀ, ਅਭਿਲਾਖਾ ਰੱਖਣੀ.

desiderative, *a.* & *n.* : ਚਾਹ-ਵਰਨਨੀ.

desideratum, *n.* (*pl.*-ta) : ਲੋੜ, ਜ਼ਰੂਰਤ, ਹਾਜਤ.

design[1], *n.* : ਵਿਉਂਤ, ਤਜਵੀਜ਼; ਮਨਸੂਬਾ; ਨੀਤ, ਭਾਵ, ਮੰਤਵ, ਪਰਯੋਜਨ, ਇਰਾਦਾ, ਮਕਸਦ; ਮਤਲਬ, ਨਿਸ਼ਾਨਾ; ਤਰਤੀਬ, ਕਾਰਜ ਕੁਸ਼ਲਤਾ, ਖ਼ਾਕਾ, ਨਕਸ਼ਾ, ਖ਼ਾਕਾ, ਢਾਂਚਾ, ਢੰਗ, ਡੌਲ; ਢਾਂਚਾ.

design[2], *v. t.* & *i.* : ਵਿਉਂਤਣਾ, ਮਨਸੂਬਾ ਬੰਨ੍ਹਣਾ, ਇਰਾਦਾ ਕਰਨਾ ਜਾਂ ਹੋਣਾ, ਸੋਚਣਾ, ਨੀਤ ਧਾਰਨੀ, ਮਤਲਬ ਰੱਖਣਾ ਜਾਂ ਹੋਣਾ; (ਮਕਾਨ ਆਦਿ ਦਾ) ਨਕਸ਼ਾ ਬਣਾਉਣਾ, ਖ਼ਾਕਾ ਖਿੱਚਣਾ, ਉਲੀਕਣਾ; ਰੂਪ ਰਚਣਾ.

designEDLY, *adv.* : ਜਾਣ-ਬੁਝ ਕੇ.

designate[1], *v. t.* : ਵਿਸ਼ੇਸ਼ ਕਰਨਾ, ਨਿਸਚਿਤ ਕਰਨਾ; ਨਾਂ-ਨਿਯਤ ਕਰਨਾ; ਨੀਯਤ ਕਰਨਾ, ਸਥਾਪਣਾ, ਮਿਥਣਾ; ਦਿਖਾ ਦੇਣਾ.

designate[2], *a.* : ਮਿਥਿਤ (ਜਿਵੇਂ government-d. : ਮਿਥਿਤ ਸਰਕਾਰ).

designation, *n.* : ਥਾਪਣਾ, ਨਾਂ-ਨਿਯਤ; ਪਦਵੀ.

designer, *n.* : ਵਿਉਂਤੀਆ, ਵਿਉਂਤਣ ਵਾਲਾ; ਕਾਰੀਗਰ, ਸ਼ਿਲਪਕ, ਉਲੀਕਣਹਾਰ.

designing, *a.* : ਚਲਾਕ, ਮੱਕਾਰੀ, ਗੋਂਦਾਂ ਗੁੰਦਣ ਵਾਲਾ, ਸਾਜ਼ਸ਼ੀ.

desilverise, *v. t.* : (ਕਿਸੇ ਚੀਜ਼ ਵਿੱਚੋਂ) ਚਾਂਦੀ ਵੱਖ ਕਰਨੀ.

desipience, *n.* : ਹੋਛਾਪਣ, ਬਿਬੇਕ, ਅਲਪ-ਬੁਧੀ.

desirable, *a.* ਦਿਲ-ਪਸੰਦ, ਮਨ-ਭਾਉਂਦਾ, ਚਾਹੀਦਾ, ਲੁੜੀਂਦਾ, ਚੰਗੀ, ਜੋਗ.

desirabILITY, desirableNESS, *n.n.* : ਦਿਲ-ਪਸੰਦੀ, ਲੋੜ.

desirabLY, *adv.* : ਪਸੰਦ ਅਨੁਸਾਰ.

desire[1], *n.* : ਇੱਛਾ, ਅਭਿਲਾਖਾ, ਆਸ਼ਾ, ਚਾਹ, ਵਾਸ਼ਨਾ, ਖ਼ਾਹਿਸ਼, ਲਾਲਸਾ, ਮਨੋਰਥ, ਕਾਮਨਾ, ਇੱਛਤ ਵਸਤ.

desire[2], *v. t.* : ਇੱਛਾ ਕਰਨੀ, ਚਾਹੁਣਾ, ਖ਼ਾਹਿਸ਼ ਕਰਨੀ, ਅਭਿਲਾਖਾ ਰੱਖਣੀ, ਮੰਗ ਕਰਨੀ, ਬੇਨਤੀ ਕਰਨੀ.

desirous, *a.* : ਇੱਛਾਵਾਨ, ਚਾਹਵਾਨ, ਖ਼ਾਹਿਸ਼ਮੰਦ, ਅਭਿਲਾਖੀ, ਆਸਵੰਦ.

desist, *v. i.* : ਹੱਟ ਜਾਣਾ, ਛੱਡ ਦੇਣਾ, ਰੁਕ ਜਾਣਾ.

desk, *n.* : ਡੈਸਕ, ਢਾਲਵਾਂ ਮੇਜ਼, ਲਿਖਣ ਦਾ ਮੇਜ਼.

the desk : ਲਿਖਣ ਦਾ ਕੰਮ, ਦਫ਼ਤਰ ਦਾ ਕੰਮ.

deskFUL, *n.* : ਮੇਜ਼-ਭਰ.

desolate[1], *a.* : ਇਕੱਲਾ-ਦੁਕੱਲਾ, ਉਜਾੜ, ਸੁੰਞਾ, ਵੀਰਾਨ, ਬਰਬਾਦ; ਨਿਰਾਸ਼, ਉਦਾਸ, ਖਿੰਨ.

desolateLY, *adv.* : ਉਜਾੜੇ-ਭਾਅ, ਨਿਰਾਸਤਾ ਨਾਲ.

desolATION, desolateNESS, *n.n.* : ਇਕੱਲ, ਸੁੰਞ, ਉਜਾੜ, ਬੇਹ, ਨਿਰਾਸ਼ਤਾ, ਦੁੱਖ-ਸੋਗ.

desolate[2], *v. t.* : ਉਜਾੜਨਾ, ਵੀਰਾਨ ਕਰਨਾ, ਬਰਬਾਦ ਕਰਨਾ, ਨਿਰਾਸ਼ ਕਰਨਾ, ਦਿਲ ਤੋੜਨਾ, ਉਦਾਸ ਕਰਨਾ.

desolatOR, *n.* : ਉਜਾੜੂ, ਬਰਬਾਦ ਕਰਨ ਵਾਲਾ.

despair, *n.* & *v. i.* : ਨਿਰਾਸਤਾ, ਉਪਰਾਮਤਾ, ਨਾਉਮੀਦੀ; ਨਿਰਾਸਤਾ ਦਾ ਕਾਰਨ; ਨਿਰਾਸ਼ ਹੋਣਾ, ਨਾਉਮੀਦ ਹੋਣਾ, ਢੇਰੀ ਢਾਹ ਬਹਿਣਾ.

despairINGLY, *adv.* : ਨਿਰਾਸਤਾ ਨਾਲ, ਉਪਰਾਮ ਹੋ ਕੇ.

despatch : ਦੇਖੋ dispatch.

desperado, *n.* : ਸਿਰਲੱਥ ਗੁੰਡਾ.

desperate, *a.* : ਆਸ-ਹੀਣ, ਨਿਰਾਸ਼-ਜਨਕ; ਖ਼ਤਰਨਾਕ, ਅਸਾਧ; ਉਪੱਦ੍ਰੀ, ਸਿਰਲੱਥ.

desperatION, desperateNESS, *n.n.* : ਤੀਬਰ ਨਿਰਾਸ਼ਾ, ਸਿਰਲੱਥੀ.

desperateLY, *adv.* : ਨਿਧੜਕ ਹੋ ਕੇ, ਸਿਰਲੱਥ ਹੋ ਕੇ, ਜਾਨ ਤੋੜ ਕੇ.

despicable, *a.* : ਨੀਚ, ਤੁੱਛ, ਅਧਮ, ਕਮੀਨਾ, ਬੇਤੁਕੀਆ, ਘਿਰਣਿਤ, ਘਿਰਣਾਜਨਕ.

despicabLY, *adv.* : ਨੀਚਤਾ ਨਾਲ.

despise, *v. t.* : ਤੁੱਛ ਸਮਝਣਾ, ਘਿਰਣਾ ਕਰਨੀ.

despite, *n.* & *prep.* : (ਪੁਰਾਤਨ) ਘਿਰਣਾ, ਦ੍ਵੈਸ਼, ਬਾਵਜੂਦ, ਹੁੰਦੇ ਵੀ.

in my d. : ਮੇਰੇ ਚਾਹੁਣ ਦੇ ਹੁੰਦੇ ਵੀ.

despiteFUL, *a.* : ਖੁਣਸੀ, ਕਿੜ ਰੱਖਣ ਵਾਲਾ.

despitefULLY, *adv.* : ਖੁਣਸ ਰੱਖ ਕੇ, ਲਾਗਬਾਜ਼ੀ ਨਾਲ.

despoil, *v. t.* : ਲੁੱਟਣਾ, ਖੋਹ ਲੈਣਾ, ਉਜਾੜਨਾ.

despoilER, *n.* : ਖੋਹ ਲੈਣ ਵਾਲਾ, ਉਜਾੜੂ.

despoilMENT, despoliATION, *n.n.* : ਲੁੱਟ ਖਸੁੱਟ, ਉਜਾੜਾ.

despond, *v. i.* : ਉਦਾਸ ਹੋਣਾ, ਉਪਰਾਮ ਹੋਣਾ, ਉਦਾਸ ਹੋਣਾ, ਦਿਲ ਹਾਰਨਾ.

despondENCY, *n.* : ਉਦਾਸੀ, ਉਪਰਾਮਤਾ, ਖਿੰਨਤਾ, ਦਿਲਗੀਰੀ.

despondENT, *a.* : ਉਦਾਸ, ਉਪਰਾਮ, ਦਿਲਗੀਰ, ਉਦਾਸ.

despondENTLY, despondINGLY, *adv.* : ਉਦਾਸ ਹੋ ਕੇ, ਉਦਾਸ ਹੋ ਕੇ, ਖਿੰਨਤਾ ਨਾਲ, ਟੁੱਟੇ ਦਿਲ ਨਾਲ.

despot, *n.* : ਖ਼ੁਦ-ਮੁਖ਼ਤਾਰ ਹਾਕਮ, ਆਪਹੁਦਰਾ ਹਾਕਮ, ਜਾਬਰ ਰਾਜਾ, ਅਤਿਆਚਾਰੀ ਰਾਜਾ.

despotIC, *a.* : ਆਪਹੁਦਰਾ, ਨਿਰੰਕੁਸ਼, ਅਤਿਆਚਾਰੀ; ਨਿਰਦਈ, ਪਰਜਾ-ਪੀੜਕ.

despotICALLY, *adv.* : ਆਪਹੁਦਰਾਪਣ ਨਾਲ, ਨਿਰੰਕੁਸ਼ਤਾ ਨਾਲ.

despotISM, *n.* : ਆਪਹੁਦਰਾਪਣ, ਆਪਹੁਦਰਤਾ, ਆਪਹੁਦਰੀ ਹਕੂਮਤ.

despotIST, *n.* : ਆਪਹੁਦਰੇ ਰਾਜ ਦਾ ਹਾਮੀ, ਖ਼ੁਦਸਰੀ ਦਾ ਹਾਮੀ.

desquamate, *v. t.* & *i.* : (ਮੱਛੀ ਆਦਿ ਦੇ) ਚਾਨੇ ਲਾਹੁਣੇ ਜਾਂ ਲਹਿਣੇ, ਛਿਲਣਾ, ਛਿਲਣਾ.

desquamATION, *n.* : ਛਿਲਣ, ਛਿਲੇਵ.

desquamatIVE, desquamatORY, *a.a.* : ਛਿਲੂ.

dessert, *n.* : ਫਲ, ਮਠਿਆਈ ਆਦਿ ਜੋ ਖਾਣੇ ਤੋਂ ਪਿੱਛੋਂ ਖਾਧੀ ਜਾਵੇ, ਮਿੱਠਾ.

d.-spoon : ਦੋਵੇਂ ਚਮਚਾ (ਜੋ ਮਿਠਾਈ ਜਾਂ ਸੂਪ ਲਈ ਵਰਤਿਆ ਜਾਂਦਾ ਹੈ).

destination, *n.* : ਟਿਕਾਣਾ, ਮੰਜ਼ਲ, ਨਿਸ਼ਤ ਸਥਾਨ, ਨੀਯਤ ਸਥਾਨ.

destine, *v. t.* : ਨੀਯਤ ਕਰਨਾ, ਠਹਿਰਾਉਣਾ; ਪਹਿਲਾਂ ਤੋਂ ਠਹਿਰਾਉਣੀ, ਭਾਗਾਂ ਵਿੱਚ ਲਿਖਣਾ.

destiny, *n.* : ਹੋਣੀ, ਭਾਵੀ, ਭਾਣਾ, ਭਾਗ, ਲੇਖ, ਕਿਸਮਤ, ਤਕਦੀਰ, ਪਰਾਲਬਧ.

destitute, *a.* : ਮੁਥਾਜ, ਨਿਰਧਨ, ਨਿਆਸਰਾ; ਥੁੜਿਆ, ਸੱਖਣਾ, ਵਿਹੂਣਾ, ਵਿਰਵਾ.

destitutION, *n.* : ਮੁਥਾਜੀ, ਗ਼ਰੀਬੀ, ਕੰਗਾਲੀ; ਤੰਗੀ, ਲਾਚਾਰੀ, ਨਿਰਧਨੀ.

destrier, *n.* : (ਇਤਿਹਾਸ) ਜੰਗੀ ਘੋੜਾ.

destroy, *v. t.* : ਢਾਹੁਣਾ, ਨਾਸ ਕਰਨਾ, ਨਸ਼ਟ ਕਰਨਾ, ਖੈ ਕਰਨਾ, ਬਰਬਾਦ ਕਰਨਾ, ਤਬਾਹ ਕਰਨਾ, ਉਜਾੜਨਾ, ਮਾਰ ਦੇਣਾ, ਮਿਟਾ ਦੇਣਾ, ਖੁਰਾ ਮਿਟਾ ਦੇਣਾ.

destroyABLE, *a.* : ਢਹਿਣਯੋਗ, ਨਾਸਮਾਨ, ਫ਼ਾਨੀ.

destroyer, *n.* : ਨਾਸਕਾਰ, ਨਾਸ਼ਕ, ਘਾਤਕ.

destructible, a. : ਨਾਸ਼ਮਾਨ, ਫ਼ਾਨੀ.
  destructibILITY, n. : ਨਾਸ਼ਮਾਨਤਾ.
destruction, n. : ਨਾਸ਼, ਖੈ, ਬਰਬਾਦੀ, ਤਬਾਹੀ, ਸੰਘਾਰ.
destructive, a. & n. : ਘਾਤੂ, ਨਾਸ਼ਕ, ਨਾਸ਼ ਕਰਨ ਵਾਲਾ.
  destructiveNESS, n. : ਨਾਸ਼ਕਾਰੀ.
destructor, n. : ਕੂੜਾ ਭੱਠੀ, ਗੰਦ ਆਦਿ ਸਾੜਨ ਦੀ ਭੱਠੀ.
desuetude, n. : ਅਵਰਤੋਂ, ਅਪ੍ਰਚਲਤਤਾ, ਬੇਇਸਤੇਮਾਲ ਜਾਂ ਅਪ੍ਰਚਲਤ ਹੋਣਾ.
desulphurize, v. t. : ਅਗੰਧਕ ਕਰਨਾ, ਕਿਸੇ ਚੀਜ਼ ਵਿਚੋਂ ਗੰਧਕ ਕੱਢ ਦੇਣੀ.
  desulphurizATION, n. : ਗੰਧਕ ਰਹਿਤ ਕਰਨਾ.
desultory, a. : ਬੇਤੁਕਾ-ਢੰਗ, ਬੇਜੋੜ, ਬੇਤਰਤੀਬਾ, ਅਨਿਯਮਤ, ਅਸੰਗਤ.
  desultorILY, adv. : ਬੇਤਰਤੀਬੀ ਨਾਲ.
  desultorINESS, n. : ਬੇਨਿਯਮੀ, ਬੇਤਰਤੀਬੀ.
desynonymize, v. t. : ਸਮਾਨਾਰਥਕ ਸ਼ਬਦਾਂ ਵਿਚਕਾਰ ਭੇਦ ਸਪਸ਼ਟ ਜਾਂ ਪ੍ਰਗਟ ਕਰਨਾ ਜਾਂ ਅਰਥ-ਭੇਦ ਕਰਨਾ.
detach, v. t. : ਅੱਡ ਕਰਨਾ, ਵੱਖ ਕਰਨਾ, ਲਾਹ ਲੈਣਾ.
  detached mind, view : ਨਿਰਲੇਪ ਮਨ, ਨਿਰਪੱਖ ਵਿਚਾਰ.
detachable, a. : ਲਾਹੇ ਜਾਣ ਵਾਲਾ, ਵੱਖ ਹੋ ਜਾਣ ਵਾਲਾ.
  detachEDLY, adv. : ਅਲੱਗ ਹੋ ਕੇ, ਨਿਰਪੱਖ ਹੋ ਕੇ.
  detachEDNESS, n. : ਨਿਰਲੇਪਤਾ, ਨਿਰਪੱਖਤਾ.
detachment, n. : ਨਿਰਲੇਪਤਾ, ਨਿਰਮੋਹਤਾ, ਬੇਗ਼ਰਜ਼ੀ; ਦਸਤਾ (ਫ਼ੌਜ ਦਾ).
detail[1], n. : ਵੇਰਵਾ, ਵਿਸਥਾਰ; ਵਿਆਖਿਆ.
  in d. : ਵਿਸਥਾਰ-ਪੂਰਵਕ, ਵੇਰਵੇ-ਸਹਿਤ, ਖੋਲ੍ਹ ਕੇ.
detail[2], v. t. : ਵੇਰਵਾ ਦੇਣਾ, ਵਿਸਥਾਰ ਕਰਨਾ, ਥਾਪਣਾ (ਫ਼ੌਜ ਦਾ ਦਸਤਾ) ਖ਼ਾਸ ਕੰਮ ਤੇ ਭੇਜਣਾ.
detain, v. t. : ਰੋਕ ਰੱਖਣਾ, ਬੰਨ੍ਹ ਰੱਖਣਾ, ਬਹੁਤ ਦੇਰ ਲਾਉਣਾ, ਅਟਕਾਉਣਾ, ਕੈਦ ਵਿਚ ਪਾਉਣਾ; ਨਜ਼ਰਬੰਦ ਕਰਨਾ.
detainer, n. : (ਕਨੂੰਨ) ਮਾਲ ਦੱਬਣਾ (ਅਧਿਕਾਰੀ ਦੀ ਉਲੰਘਣਾ ਵਿਚ); ਕਿਸੇ ਨੂੰ ਰੱਖਣਾ.
detect, v. t. : ਲੱਭ ਲੈਣਾ, ਖੁਰਾ ਲੱਭਣਾ, ਪਤਾ ਲਾਉਣਾ, ਫੜ ਲੈਣਾ, ਪਰਖਣਾ (ਰੋਗ), ਵੇਖ ਲੈਣਾ, ਤਾੜ ਲੈਣਾ.
detectable, a. : ਫੜਨਯੋਗ, ਲੱਭ ਲੈਣ ਯੋਗ.
  detectION, n. : ਖੋਜ, ਛਾਣ-ਬੀਣ, ਸੂਹ-ਰਸਾਈ.
  detectOR, n. : ਖੋਜੂ, ਸੂਹੀਆ, ਫੜਨ ਵਾਲਾ, ਲੱਭਣ ਵਾਲਾ.
detective, a. & n. : ਖੋਜੀ, ਸੂਹੀਆ, ਪਤਾ ਕੱਢਣ ਵਾਲਾ; ਜਾਸੂਸ, ਖ਼ੁਫ਼ੀਆ ਪੁਲੀਸ ਦਾ ਆਦਮੀ.
  d. novel : ਜਾਸੂਸੀ ਨਾਵਲ.
  amateur d. : ਸ਼ੌਕੀਆ ਸੂਹੀਆ.
detent, n. : ਅੜਕ, ਕਿੱਲ, ਮਸ਼ੀਨ ਚਲਾਉਣ ਲਈ ਰੋਕਣ ਦਾ ਪੁਰਜ਼ਾ, ਘੰਟਾਕਾਰ (ਘੜੀ-ਘੰਟੇ ਵਿਚ ਉਹ ਪੁਰਜ਼ਾ ਜਿਸ ਨਾਲ ਘੰਟਾ ਵਜਦਾ ਹੈ).
detente [F], n. : ਖਿਚਾਅ-ਘਟਾਈ, ਸੁਲਹ.
detention, n. : ਰੋਕ, ਅਟਕ, ਡੱਕਾ, ਨਜ਼ਰਬੰਦੀ, ਬੰਦੀ, ਕੈਦ, ਦੇਰ, ਰੁਕਾਵਟ, ਦੇਰੀ (ਜੋ ਲਾਜ਼ਮੀ ਕਾਰਨ ਹੋਵੇ).
  d. barracks : ਫ਼ੌਜੀ ਜੇਲ੍ਹ.
  house of d. : ਹਵਾਲਾਤ.
  preventive d. : ਨਿਵਾਰਕ ਕੈਦ.
detenu [F], n. : ਨਜ਼ਰਬੰਦ, ਸਿਆਸੀ ਕੈਦੀ.
deter, v. t. : ਰੋਕਣਾ, ਮਨਾ ਕਰਨਾ, ਹੋੜਨਾ, ਡਰਾਉਣਾ, ਵਰਜਣਾ.
  deterMENT., **deterRENCE**, nn. : ਰੋਕ, ਹੋੜ, ਡਰਾਵਾ, ਭੈ.
  deterRENT, a. & n. : ਰੋਕੂ, ਰੋਕਵੀਂ.
detergent, a. & n. : ਰੇਚਕ, ਮੈਲ-ਨਿਵਾਰਕ, ਸਾਫ਼ ਕਰਨ ਵਾਲੀ, ਸਾਫ਼ ਕਰਨ ਵਾਲੀ (ਚੀਜ਼, ਦਵਾਈ ਆਦਿ).
deteriorate, v. t. & i. : ਵਿਗਾੜਨਾ ਜਾਂ ਵਿਗੜਨਾ, ਖ਼ਰਾਬ ਕਰਨਾ ਜਾਂ ਹੋਣਾ.
  deteriorATION, n. : ਵਿਗਾੜ, ਨਿਘਾਰ, ਖ਼ਰਾਬੀ, ਕਮਜ਼ੋਰੀ.
  deteriorATIVE, a. : ਵਿਗਾੜੂ, ਵਿਗਾੜਨ ਵਾਲਾ, ਖ਼ਰਾਬ ਕਰਨ ਵਾਲਾ.
determinant, a. & n. : ਨਿਰਧਾਰਕ, ਨਿਰਣਾਇਕ.
determinate, a. : ਨਿਸ਼ਚਿਤ, ਪਰਿਮਿਤ; ਸੀਮਤ; ਪੱਕੀ, ਦ੍ਰਿੜ੍ਹ, ਸਥਿਰ.
  determinateLY, adv. : ਨਿਸ਼ਚਿਤ ਤੌਰ ਤੇ, ਪੱਕੀ ਤਰ੍ਹਾਂ.
  determinateNESS, n. : ਨਿਸ਼ਚੇ, ਦ੍ਰਿੜ੍ਹਤਾ.
determination, n. : (ਕਨੂੰਨ) ਮਿਆਦ ਮੁੱਕਣੀ, ਅੰਤ-ਸਮਾਪਤੀ, ਅੰਤ; ਅਦਾਲਤ ਦਾ ਫ਼ੈਸਲਾ, ਸਮੱਸਿਆ ਦਾ ਹੱਲ, (ਮਾਤਰਾ ਜਾਂ ਸਥਿਤੀ ਦਾ) ਨਿਸ਼ਚਿਤ ਕਰਨਾ ਜਾਂ ਹੋਣਾ; ਇਰਾਦਾ, ਦ੍ਰਿੜ੍ਹਤਾ, ਹੱਠ, ਪ੍ਰਤਿੱਗਿਆ.
  d. of blood to some part : ਖ਼ੂਨ ਦੇ ਵੇਗ ਦਾ ਰੁਖ਼.
determinative, a. & n. : ਨਿਰਧਾਰਕ, ਨਿਰਣਾਇਕ, ਨਿਰਣਾ ਕਰਨ ਵਾਲਾ, ਨਿਸ਼ਚਾਇਕ.
determine, v. t. & i. : (ਕਨੂੰਨ) ਖ਼ਤਮ ਕਰ ਦੇਣਾ ਜਾਂ ਹੋ ਜਾਣਾ (ਮਿਆਦ ਆਦਿ ਦਾ ਹੋਣਾ); ਹੱਦਬੰਦੀ ਕਰਨੀ; (ਦਿਨ ਦਾ ਵਕਤ) ਮਿਥਣਾ, ਮੁਕੱਰਰ ਕਰਨਾ, ਨਿਸ਼ਚਿਤ ਕਰਨਾ, ਨਾਪਣਾ, ਕੱਢਣਾ, ਸਿੱਟਾ ਕੱਢਣਾ, ਪਰਖਣਾ, ਤੈਅ ਕਰਨਾ, ਫ਼ੈਸਲਾ ਕਰਨਾ, (ਅਰਥ) ਠਹਿਰਾਉਣਾ, ਮਿਥਣਾ, ਮੁਕਾਉਣਾ; ਇਰਾਦਾ ਕਰਨਾ, ਨਿਰਣੈ ਕਰਨਾ.
  determinABLE, a. : ਨਿਰਣੈਯੋਗ; ਹੱਦਬੰਦੀ ਦੇ ਯੋਗ; ਫ਼ੈਸਲੇਯੋਗ.
determined, a. : ਨਿਸ਼ਚਿਤ, ਮੁਕੱਰਰ, ਤੈਅ ਹੋਇਆ ਹੋਇਆ; ਦ੍ਰਿੜ੍ਹ, ਅਟੱਲ, ਪੱਕਾ, ਸਾਬਤ-ਕਦਮ, ਅਡੋਲ.
determinism, n. : ਨਿਯਤੀਵਾਦ, ਇਹ ਸਿਧਾਂਤ ਕਿ ਮਨੁੱਖ ਆਪਣੇ ਕਰਮਾਂ ਵਿਚ ਸੁਤੰਤਰ ਨਹੀਂ, ਇਸ ਦੇ ਮਨ ਉੱਤੇ ਕਿਸੇ ਬਾਹਰਲੀ ਸ਼ਕਤੀ ਦੇ ਪਏ ਪ੍ਰਭਾਵਾਂ ਦਾ ਸਿੱਟਾ ਹਨ.
detersive, a. & n. : ਰੇਚਕ, ਮੈਲ-ਨਿਵਾਰਕ, ਸਾਫ਼ ਕਰਨ ਵਾਲੀ (ਚੀਜ਼).
detest, v. t. : ਘਿਰਣਾ ਕਰਨੀ, ਘਿਣਾਉਣਾ, ਤ੍ਰਿਸਕਾਰ ਕਰਨਾ, ਗਿਲਾਨੀ ਕਰਨੀ.
  detestABLE, a. : ਘਿਰਣਾਯੋਗ, ਘਿਣਾਉਣਾ, ਗਿਲਾਨੀਯੋਗ, ਤ੍ਰਿਸਕਾਰਯੋਗ.
  detestABLENESS, n. : ਘਿਰਣਤਾਈ, ਗਿਲਾਨੀਯੋਗਤਾ, ਘਿਰਣਾਯੋਗ ਹੋਣਾ, ਘਿਣਾਉਣਾ ਹੋਣਾ.
  detestABLY, adv. : ਘਿਣਾਉਣੇ ਢੰਗ ਨਾਲ.
detestation, n. : ਘਿਰਣਾ, ਗਿਲਾਨੀ, ਤ੍ਰਿਸਕਾਰ; ਘਿਰਣਤ ਪੁਰਸ਼ ਜਾਂ ਚੀਜ਼.
dethrone, v. t. : ਗੱਦੀਓਂ ਲਾਹੁਣਾ, ਤਖ਼ਤੋਂ ਲਾਹੁਣਾ.
  dethroneMENT, n. : ਗੱਦੀਓਂ-ਉਤਾਰਾ, ਬੇਦਖ਼ਲੀ.
detinue, n. : action of d. : (ਕਨੂੰਨ) ਅਯੋਗ ਤੌਰ ਤੇ ਰੋਕੇ ਹੋਏ ਮਾਲ ਨੂੰ ਛੁਡਾਉਣ ਲਈ ਅਦਾਲਤੀ ਕਾਰਵਾਈ.
detonate, v. t. & i. : (ਜ਼ੋਰ ਨਾਲ) ਧਮਾਕੇ ਨਾਲ ਉਡਾਉਣਾ, ਫਟਾਉਣਾ ਜਾਂ ਫਟਣਾ.
  detonATION, n. : (ਜ਼ੋਰ ਨਾਲ) ਫਟਣ ਜਾਂ ਧਮਾਕਾ.
  detonATIVE, a. : (ਜ਼ੋਰ ਨਾਲ) ਫਟਣ ਵਾਲਾ, ਵਿਸਫੋਟਕ.
detonator, n. : ਫਟਣ ਵਾਲੀ ਚੀਜ਼ (ਬੰਬ ਦਾ ਗੋਲਾ ਆਦਿ); (ਰੇਲਵੇ) ਧੁੰਦ-ਸਿਗਨਲ (ਉਹ ਗੋਲਾ ਜੋ ਧੁੰਦ ਦੇ ਸਮੇਂ ਸਿਗਨਲ ਦੇ ਤੌਰ ਤੇ ਲਾਇਆ ਜਾਂਦਾ ਹੈ).
detour, n. : ਵਲ਼ਾ, ਫੇਰ, ਫੇਰ-ਘੇਰ, ਚੱਕਰ, ਫੇਰਵਾਂ ਰਸਤਾ.
detract, v. t. & i. : ਘਟਾਉਣਾ, ਘੱਟ ਕਰਨਾ, ਭੰਡਣਾ, ਬਦਨਾਮ ਕਰਨਾ, ਨਿੰਦਾ ਜਾਂ ਬਦਖੋਈ ਕਰਨੀ, ਕਦਰ ਘਟਾਉਣੀ, ਇੱਜ਼ਤ ਘਟਾਉਣੀ.
  detractION, n. : ਬੁਰਿਆਈ, ਨਿੰਦਾ, ਬਦਖੋਈ.
  detractIVE, a. : ਘਟਾਊ, ਘਟਾਊ, ਬਦਨਾਮੀ ਫੈਲਾਉਣ ਵਾਲਾ, ਨਿੰਦਾ ਕਰਨ ਵਾਲਾ, ਬਦਖੋਈ ਵਾਲਾ.
  detractOR, n. : ਨਿੰਦਕ, ਬਦਖੋਈ ਕਰਨ ਵਾਲਾ.
detrain, v. t. & i. : ਗੱਡੀ ਤੋਂ ਲਾਹੁਣਾ ਜਾਂ ਉਤਰਨਾ.

detriment, *n.* : ਨੁਕਸਾਨ, ਹਾਨੀ, ਹਰਜਾ.

detrimental, *a.* & *n.* : ਹਾਨੀਕਾਰਕ, ਵਿਗਾੜੂ, ਹਰਜਾ ਕਰਨ ਵਾਲਾ.

detrimentalLY, *adv.* : ਹਾਨੀਕਾਰਕ ਢੰਗ ਤੇ.

detrited, *a.* : (ਭੂ-ਵਿਗਿਆਨ) ਰੇਤ ਜਾਂ ਬੱਜਰ ਤੋਂ ਬਣਿਆ.

detrition, *n.* : ਰਗੜ ਨਾਲ ਘੱਸ ਜਾਣਾ, ਘਸਾਈ.

detritus, *n.* : ਘੱਸ ਘੱਸ ਕੇ ਪੈਦਾ ਹੋਈ ਚੀਜ਼, ਜਿਵੇਂ ਰੇਤ, ਰੋੜੀ ਆਦਿ ; ਮਲਬਾ, ਕਚਰਾ.

detrital, *a.* : ਰੇਤ ਜਾਂ ਬੱਜਰ ਸੰਬੰਧੀ, [illegible], [illegible].

de trop [F], *pred. a.* : [illegible], ਬੇਲੋੜ.

deuce[1], *n.* : ਪਾਸੇ ਜਾਂ ਤਾਸ਼ ਦੀ ਦੁੱਕੀ, ਬਾਜ਼ੀ-ਅੰਕ (ਟੈਨਿਸ ਵਿੱਚ).

deuce[2], *n.* : ਸ਼ੈਤਾਨ, ਆਫ਼ਤ, ਬਲਾ.

play the d. with : ਘਾਣ ਕਰ ਦੇਣਾ, ਤਬਾਹ ਕਰ ਦੇਣਾ.

there will be the d. to play : ਫਿਰ ਵੀ ਸਜ਼ਾ ਭੁਗਤਣੀ ਪਵੇਗੀ, (ਇਹ ਕਰਤੂਤ) ਰੰਗ ਲਿਆਏਗੀ.

deuced, *a.* : [illegible], [illegible], ਬਦਬਖ਼ਤ; ਬਹੁਤ, ਜ਼ੋਰਦਾਰ, [illegible] (I was in a d. hurry : ਮੈਂ ਬਹੁਤ ਕਾਹਲੀ ਵਿੱਚ ਸਾਂ).

deus ex machina [L], *n.* : [illegible], ਅਚੰਭੀ ਸ਼ਕਤੀ, ਅਚੰਭੀ ਸ਼ਕਤੀ ਜੋ ਨਾਜ਼ਕ ਮੌਕੇ ਤੇ ਆ ਕੇ ਸਹਾਇਕ ਹੋਵੇ.

Deus misereatur [L], *n.* : "ਰੱਬ ਕਿਰਪਾ ਕਰੇ", "ਭਲਾ ਹੋਵੇ ਰੱਬ" ਦੀ ਪ੍ਰਾਰਥਨਾ ਜਾਂ ਵਿਚਾਰ.

deuteragonist, *n.* : (ਨਾਟਕ) ਉਹ ਪਾਤਰ ਜੋ ਨਾਇਕ ਤੋਂ ਦੂਜੇ ਦਰਜੇ ਤੇ ਹੋਵੇ, ਦੂਜਾ ਮੁੱਖ-ਪਾਤਰ, ਉਪ-ਨਾਇਕ, ਮਹਾਇਕ ਨਾਇਕ.

deutero-, : ਸਮਾਸੀ ਅਗੇਤਰ, ਭਾਵ 'ਦੂਜਾ'.

deuteroGAMY : ਦੂਜਾ ਵਿਆਹ, ਪੁਨਰ-ਵਿਵਾਹ.

Deuteronomist, *n.* : ਤੌਰੇਤ ਦੀ ਪੰਜਵੀਂ ਪੁਸਤਕ ਦਾ ਕਰਤਾ ਜਾਂ ਸੰਪਾਦਕ.

Deuteronomy, *n.* : ਤੌਰੇਤ ਦੀ ਪੰਜਵੀਂ ਪੁਸਤਕ.

DeuteronomiC(AL), *a.* : ਉਕਤ ਕਿਸੇ ਪੁਸਤਕ ਸੰਬੰਧੀ.

deutzia, *n.* : ਚਿੱਟੇ ਫੁੱਲਾਂ ਵਾਲੀ ਇੱਕ ਝਾੜੀ [J. Deutz ਦੇ ਨਾਂ ਤੇ ਜੋ [illegible] ਵਿੱਚ ਹੋਇਆ].

deux-temps [F], *n.* : ਇੱਕ ਤੇਜ਼ ਤਾਲ ਨਾਚ.

devastate, *v. t.* : ਤਬਾਹ ਕਰਨਾ, ਉਜਾੜਨਾ.

devastatION, *n.* : ਬਰਬਾਦੀ, ਤਬਾਹੀ, ਉਜਾੜਾ.

devastatOR, *n.* : ਬਰਬਾਦ ਕਰਨ ਵਾਲਾ, ਉਜਾੜਨ ਵਾਲਾ.

develop, *v. t.* & *i.* : ਪਰਗਟ ਕਰਨਾ ਜਾਂ ਹੋਣਾ, ਖੋਲ੍ਹਣਾ, ਪਸਾਰਨਾ; ਵਧਾਉਣਾ, ਵਧਣਾ-ਫੁੱਲਣਾ, ਪਰਪੱਕ ਹੋਣਾ ਜਾਂ ਕਰਨਾ, ਵਿਕਸਣਾ, ਵਿਕਸਾਉਣਾ; ਉੱਨਤੀ ਕਰਨੀ, ਉੱਨਤ ਹੋਣਾ; [illegible] ਸਾਫ਼ ਕਰਨਾ (ਫ਼ੋਟੋ); (ਰੋਗ) ਲੱਛਣ ਪ੍ਰਗਟ ਹੋਣਾ.

developABLE, *a.* : ਪ੍ਰਫੁੱਲਤ ਹੋਣ ਯੋਗ, ਜੋ ਵਧ-ਫੁੱਲ ਸਕੇ, ਉੱਨਤ ਹੋਣ ਯੋਗ.

developER, *n.* : ਪ੍ਰਫੁੱਲਤਾ, ਉੱਨਤਕਾਰ.

development, *n.* : ਪ੍ਰਫੁੱਲਤਾ; ਵਾਧਾ, ਉੱਨਤੀ, ਤਰੱਕੀ, ਵਿਕਾਸ, ਪਰਪੱਕਤਾ; ਪਰਗਟਾਵਾ, ਨਵੀਂ ਘਟਨਾ ਜਾਂ ਵਿਗਾੜ ਰੂਪ. (ਫ਼ੋਟੋ ਆਦਿ ਦੀ) ਸਾਫ਼ ਕਰਨ ਦੀ ਕਿਰਿਆ.

D. Department : ਉੱਨਤੀ ਵਿਭਾਗ.

developmental, *a.* : ਵਿਕਾਸ ਜਾਂ ਉੱਨਤੀ ਸੰਬੰਧੀ.

developmentalLY, *adv.* : ਉੱਨਤੀ ਜਾਂ ਵਿਕਾਸ ਦੇ ਅਧਾਰ ਤੇ.

deviate, *v. i.* : ਭੁਲਣਾ, ਹਟਣਾ, ਭਟਕਣਾ, ਕਤਰਾਏ ਹੋਣਾ, ਖਿਸਕਣਾ, ਲਾਂਭੇ ਹੋਣਾ, [illegible].

deviation, *n.* : ਭਟਕਣ, ਵਿਚਲਣ, ਖਿਸਕ, [illegible], ਵਿਰੋਧ, [illegible]; ਚੁੰਬਕੀ ਸੂਈ ਦਾ ਝੁਕਾਅ; ਸੂਈ ਵਿਚਲਨ ਦਾ ਵਿਰੋਧ ਜਾਂ ਫ਼ਰਕ.

device, *n.* : ਜੁਗਤ, ਜੁਗਤ, ਢੰਗ, ਚੱਕਰ, ਤਰਕੀਬ, ਮਨਸੂਬਾ, ਸਕੀਮ; ਬਣਾਵਟ; ਨਕਸ਼ਾ; ਕਵੀਆਂ ਚਿੰਨ੍ਹ, ਪਰਸਾਦਾਨੀ ਨਿਸ਼ਾਨ, ਮਾਟੋ.

devil[1], *n.*, the D. : ਸ਼ੈਤਾਨ, ਦੈਂਤ, ਰਾਖਸ਼, ਅਸੁਰ, ਰਾਖਸ਼, ਜਿੰਨ, ਭੂਤ, ਪ੍ਰੇਤ, ਬਦਮਾਸ਼ ਆਦਮੀ, ਦੁਸ਼ਟ ਪੁਰਸ਼, ਦੁਸ਼ਟ-ਆਤਮਾ, ਕੁਕਰਮੀ; ਵਿਚਾਰਾ; ਕਾਰੇ ਦਾ ਟੋਟਾ.

d. a one : ਇੱਕ ਵੀ ਨਹੀਂ, ਕੋਈ ਵੀ ਨਾ.

d. dodger : ਪਾਦਰੀ, ਪਰਚਾਰਕ.

d.-fish : ਐਸੀ ਕੰਡਿਆਂ ਵਾਲੀ ਮੱਛੀ.

d.-may-care : ਬੇ-ਪਰਵਾਹ.

d. on two sticks : ਇੱਕ ਖੇਡ ਦਾ ਨਾਂ.

devil's : ਕਈ ਬੂਟਿਆਂ ਦੇ ਨਾਂ ਦੇ ਸ਼ੁਰੂ ਵਿੱਚ ਲਗਦਾ ਹੈ.

d.'s advocate : ਵਿਰੋਧੀ ਪੱਖ ਦਾ ਹਾਮੀ, ਨੁਕਤਾਚੀਨੀ ਪੱਖ ਲੈਣ ਵਾਲਾ.

d.'s bedpost : (ਤਾਸ਼ ਦਾ ਪੱਤਾ) ਚਿੜੀਏ ਦਾ ਚੌਕਾ.

d.'s-bit : ਇੱਕ ਤਰ੍ਹਾਂ ਦੀ ਬਾਰੀ ਜਿਸ ਦੇ ਫੁੱਲ ਖੁਸ਼ਬੂ-ਦਾਰ ਜੜ੍ਹੀ ਦੀ ਤਰ੍ਹਾਂ ਹੁੰਦੇ ਹਨ.

d.'s bones : ਪਾਸੇ ਦੇ ਦਾਣੇ, ਡੈਣਾਂ, ਪਾਸੇ.

d.'s books : ਤਾਸ਼ ਦੇ ਪੱਤੇ.

d.'s coach-horse : ਵੱਡਾ [illegible].

d.'s dust : ਪੁਰਾਣੇ ਸੂਤ ਤੋਂ ਬਣੇ ਨਵੇਂ ਕਪੜੇ.

d.'s tattoo : ਵੇਖੋ tattoo.

d. take the hindmost : ਪਿਛਲੇ ਰਹਿ ਜਾਣ ਵਾਲੇ ਤਬਾਹ ਹੋ.

a d. of a : ਅਨੋਖਾ, [illegible], [illegible].

between the d. & the deep sea : ਕਸੂਤੀ ਵਿੱਚ, ਸੱਪ ਦੇ ਮੂੰਹ ਕੋੜ੍ਹਕਿਰਲੀ, ਇੱਕ ਪਾਸੇ ਖੂਹ, ਦੂਜੇ ਪਾਸੇ ਖਾਈ.

give the d. his due : ਬੁਰੀ ਨਾਲ ਵੀ ਇਨਸਾਫ਼ ਕਰ.

go to the d. : ਦੂਰ ਹੋ, ਦਫ਼ਾ ਹੋ.

in the d. : ਨਰਕ ਦਾ ਹੈ, [illegible].

like the d. : ਬੜੇ ਜ਼ੋਰ ਨਾਲ, [illegible].

printer's d. : ਛਾਪੇਖਾਨੇ ਦਾ ਚਪੜਾਸੀ.

talk of d. (& he will appear) : ਜਾਂ ਸ਼ੈਤਾਨ ਦੀ ਗੱਲ ਕੀਤੀ ਕਿ ਸ਼ੈਤਾਨ ਆਪ ਪਹੁੰਚੀ.

the d. ! : ਹਾਏ ਰੱਬਾ ! ਕੀ ਬਣੀ ਆ !

the d. among the tailors : [illegible], [illegible].

the d. & all : ਮਾੜੀਆਂ ਗੱਲਾਂ ਦੀ ਭਰਮਾਰ.

the d. to pay : ਆਉਣ ਵਾਲੀ ਮੁਸੀਬਤ, ਕੀਤੇ ਦਾ ਫਲ ਭਿਗਤਣਾ.

devilDOM, *n.* : ਸ਼ੈਤਾਨੀ ਹਕੂਮਤ, ਸ਼ੈਤਾਨ ਦਾ ਰਾਜ.

devilHOOD, *n.* : ਸ਼ੈਤਾਨਪੁਣਾ, ਬਦਮਾਸ਼ੀ.

devilWARD(S), *adv.* : ਸ਼ੈਤਾਨ ਵੱਲ.

devil[2], *v. t.* & *i.* : ਕਿਸੇ ਵਕੀਲ, ਲਿਖਾਰੀ ਆਦਿ ਦਾ ਆਪਣੇ ਤੋਂ ਕਿਸੇ ਵੱਡੇ ਆਦਮੀ ਲਈ ਮਿਹਨਤ ਦਾ ਕੰਮ ਕਰਨਾ; ਭੁੰਨਣਾ, ਤਲਣਾ, ਮਸਾਲੇਦਾਰ.

devilish, *a.* & *adv.* : ਸ਼ੈਤਾਨੀ, ਸ਼ੈਤਾਨ ਵਰਗਾ, ਭੈੜਾ, ਦੁਸ਼ਟ, ਜ਼ਾਲਮ, ਅਤਿਅੰਤ; ਬਹੁਤ ਦਾ, ਭੈੜੇ ਦਾ.

devilishLY, *adv.* : ਸ਼ੈਤਾਨੀ ਤਰੀਕੇ ਨਾਲ.

devilishNESS, *n.* : ਸ਼ੈਤਾਨੀ, [illegible].

devilism, *n.* : ਸ਼ੈਤਾਨੀ ਕਰਤੂਤ, ਰਾਖਸ਼ ਬਿਰਤੀ, ਭੂਤ-ਪੂਜਾ.

devilment, *n.* : ਸ਼ਰਾਰਤ, ਦੁਸ਼ਟਤਾ.

devilry, -try *n.* : ਸ਼ੈਤਾਨੀ; ਜਿੰਨ ਭੂਤ ਸਬੰਧੀ ਦਾ ਕੰਮ, ਜਾਦੂ-ਟੂਣਾ; ਦੁਸ਼ਟਪੁਣਾ.

devious, *a.* : ਟੇਢਾ, ਖੋਟਾ, ਕੁਰਾਹੀ, ਭਟਕਿਆ, ਚੱਕਰਦਾਰ.

deviousNESS, *n.* : ਟੇਢ, ਕਾਹੀਂ ਕੁਰਾਹ, ਕੁਰਾਹ.

deviousLY, *adv.* : ਫੇਰ ਪਾ ਕੇ, ਔਖਾ ਹੋ ਕੇ.

devise, *v. t.* & *n.* : (ਕਨੂੰਨ) ਵਸੀਅਤ ਵਿੱਚ ਦੇਣਾ, ਵਸੀਅਤ ਅਨੁਸਾਰ ਦੇਣਾ, ਹਿੱਸਾ ਕਰਨਾ; ਉਪਾਉ ਕਰਨਾ; ਵਿਉਂਤਣਾ, ਜੁਗਤ ਕਰਨੀ, ਕਾਢ ਕੱਢਣੀ; ਸੋਚ ਛੱਡਣੀ, ਮਨਸੂਬਾ ਬੰਨ੍ਹਣਾ, ਤਜਵੀਜ਼ ਕਰਨੀ; ਹਿੱਸਾ.

deviseABLE, *a.* : ਵਿਉਂਤਣਯੋਗ, ਤਜਵੀਜ਼ ਕਰਨ ਯੋਗ.

deviseR, *n.* : ਵਿਉਂਤੀਆ, ਜੁਗਤੀਆ, ਕਾਢੀ.

devisoR, *n.* : ਵਸੀਅਤਕਾਰ.

deviseE, *n.* : ਜਿਸ ਦੇ ਹੱਕ ਵਿੱਚ ਵਸੀਅਤ ਕੀਤੀ ਜਾਏ, ਵਸੀਅਤ-ਪਾਤਰ.

devitalize, *v. t.* : ਬੇਜਾਨ ਕਰਨਾ, ਮੁਰਦਾ ਕਰਨਾ, ਨਿਰਜੀਵ ਕਰਨਾ, ਨਿਤਾਣਾ ਕਰਨਾ.

devitalizATION, *n.* : ਨਿਰਜੀਵ ਕਰਨਾ.

devitrify, *v. t.* : ਪਾਰਦਰਸ਼ਤਾ-ਰਹਿਤ ਕਰਨਾ, ਸ਼ੀਸ਼ੇ ਆਦਿ ਨੂੰ ਧੁੰਦਲਾ ਕਰਨਾ.

devitrifiCATION, *n.* : ਪਾਰਦਰਸ਼ਤਾ-ਹੀਣਤਾ.

devoid, *a.* : ਰਹਿਤ, ਖ਼ਾਲੀ, ਸੱਖਣਾ, ਵਾਂਝਾ.

devoir, *n.* : ਫ਼ਰਜ਼, ਕਰਤੱਵ; (ਬਹੁਵਚਨ) ਆਦਰ-ਭਾਉ.

devolute, *v. t.* : ਵਿਰਸੇ ਅਨੁਸਾਰ ਦੇਣਾ, ਸੌਂਪਣਾ, ਤਬਦੀਲ ਕਰਨਾ.

devolution, *n.* : ਅਧਿਕਾਰ-ਸੌਂਪਣੀ, ਵਾਰਸਤਾ, ਸੌਂਪ-ਸਪੁਰਦੀ; ਪਤਾਉ, ਅਧੋਗਤੀ, ਅਵਿਕਾਸ; ਸਪੁਰਦਗੀ.

devolve, *v. t.* & *i.* : ਸੌਂਪਣਾ, ਤਬਦੀਲ ਕਰਨਾ, ਸਪੁਰਦ ਹੋਣਾ, ਹਵਾਲੇ ਕਰਨਾ ਜਾਂ ਹੋਣਾ, ਲਾਗੂ ਹੋਣਾ (ਫ਼ਰਜ਼ ਦਾ), ਤਿਆਰ ਹੋਣਾ ਜਾਂ ਕਰਨਾ; ਵਿਰਸੇ ਅਨੁਸਾਰ ਅਧਿਕਾਰ ਸੌਂਪਣਾ, ਵਿਰਸੇ ਵਿੱਚ ਮਿਲਣਾ.

Devonian, *a.* & *n.* : ਡੈਵਨਸ਼ਾਇਰ-ਦਾ (ਵਾਸੀ).

devote, *v. t.* : ਸਮਰਪਣ ਕਰਨਾ, ਅਰਪਣ ਕਰਨਾ, ਨਿਛਾਵਰ ਕਰਨਾ, ਚੜ੍ਹਾਉਣਾ, ਭੇਟਾ ਕਰਨਾ.

d. to the flames : ਅੱਗ ਦੀ ਭੇਟਾ ਕਰਨਾ, ਅੱਗ ਦੇ ਹਵਾਲੇ ਕਰਨਾ.

devoteMENT, *n.* : ਸਮਰਪਣ, ਚੜ੍ਹਾਵਾ, ਭੇਟਾ.

devoted, *a.* : ਸਮਰਪਣ ਕੀਤਾ ਹੋਇਆ, ਭੇਟਾ ਕੀਤਾ ਹੋਇਆ, ਜੁੜਿਆ, ਵਕਫ਼ ਕੀਤਾ ਹੋਇਆ.

devotedLY, *adv.* : ਭਗਤੀ-ਭਾਵ ਨਾਲ, ਦਾਸ ਬਣ ਕੇ.

devotee, *n.* : ਸ਼ਰਧਾਲੂ, ਪੁਜਾਰੀ, ਭਗਤ, ਉਪਾਸ਼ਕ.

devotion, *n.* : ਸ਼ਰਧਾ, ਭਗਤੀ, ਅਰਾਧਨਾ, ਉਪਾਸਨਾ, ਪਿਆਰ, ਪ੍ਰੇਮ-ਭਗਤੀ.

devotionAL, *a.* : ਭਗਤੀ ਭਾਵ ਵਾਲਾ, ਉਪਾਸਨਕ.

devotionALISM, *n.* : ਭਗਤੀ-ਭਾਵ, ਭਗਤਾਈ.

devotionALIST, *n.* : ਉਪਾਸਨੀਕ, ਭਗਤੀਕ.

devotionALLY, *adv.* : ਭਗਤੀ-ਭਾਵ ਨਾਲ.

devour, *v. t.* : ਖਾ ਜਾਣਾ, ਖਾ ਲੈਣਾ, ਨੋਚ ਕਰ ਖਾਣਾ, ਗੜੱਪ ਖਾਣਾ, ਭੱਖਣਾ, ਚਟ ਕਰ ਜਾਣਾ, ਨਿਗਲਣਾ.

devourINGLY, *adv.* : ਹਾਬੜ ਹਾਬੜ ਕਰ ਕੇ.

d. the way : ਸ਼ਤਾਬਦ ਦੌੜਨਾ, ਬਹੁਤ ਤੇਜ਼ ਦੌੜਨਾ.

devout, *a.* : ਧਰਮੀ, ਸ਼ਿਰਧੀ, ਪਰਮਾਤਮਾ, ਧਿਆਨ ਮਗਨ.

devoutNESS, *n.* : ਭਗਤੀ, ਦੀਨਦਾਰੀ, ਧਰਮਪਰਤਾ, ਪਰਮਧਿਆਨ.

devoutLY, *adv.* : ਭਗਤੀ-ਭਾਵ ਨਾਲ, ਸ਼ਿਰਧਾ ਨਾਲ.

dew[1], *n.* : ਤ੍ਰੇਲ, ਤਾਜ਼ਗੀ, ਤਰਾਵਤ, ਖ਼ੁਸ਼ੀ, ਵੇਂਪੇ, ਤੁਪਕੇ; ਤ੍ਰੇਲੀ.

dewBERRY, *n.* : blackberry ਦੀ ਇੱਕ ਕਿਸਮ.

d.-drop : ਤ੍ਰੇਲ-ਤੁਪਕਾ.

d.-pond : ਤ੍ਰੇਲ-ਟੋਭਾ, ਛੋਟਾ ਜਿਹਾ ਛੱਪੜ ਜੋ ਹਵਾਈ ਨਮੀ ਤੋਂ ਭਰ ਜਾਂਦਾ ਹੈ.

d.-fall : ਤ੍ਰੇਲ-ਵੇਲਾ, ਤ੍ਰੇਲ ਪੈਣ ਦਾ ਸਮਾਂ, ਤ੍ਰਿਕਾਲਾਂ.

d.-point : ਤ੍ਰੇਲ-ਦਰਜਾ, ਗਰਮੀ ਦਾ ਉਹ ਦਰਜਾ ਜਿਸ ਵਿੱਚ ਹਵਾ ਦੀ ਨਮੀ ਤ੍ਰੇਲ ਬਣ ਜਾਂਦੀ ਹੈ.

d.-rake : ਤ੍ਰੇਲ-ਤ੍ਰੰਗਲ, ਪੱਤਰਾਂ ਕਰਨ ਵਾਲਾ ਜੰਦਰਾ.

d.-ret : (ਸਣ ਨੂੰ) ਤ੍ਰੇਲ ਵਿੱਚ ਰੱਖ ਕੇ ਨਰਮ ਕਰਨਾ.

mountain d. : ਨਾਜਾਇਜ਼ ਤੌਰ ਤੇ ਕੱਢੀ ਹੋਈ ਸ਼ਰਾਬ, ਕੂੜੀ-ਮਾਰਕਾ ਸ਼ਰਾਬ.

dewINESS, *n.* : ਤ੍ਰੇਲੀ; ਤਾਜ਼ਗੀ, ਤਰਾਵਤ.

dewLESS, *a.* : ਤ੍ਰੇਲ-ਰਹਿਤ.

dewY, *a.* : ਤ੍ਰੇਲ-ਭਿੱਜਾ, ਤ੍ਰੇਲਦਾ; ਤ੍ਰੇਲ ਦੀ ਤਰ੍ਹਾਂ, ਤ੍ਰੇਲ ਨਾਲ ਤਰ, ਸਜੱਲ.

dew[2], *v. t.* & *i.* : (ਤ੍ਰੇਲ ਦਾ) ਝੜਨਾ ਜਾਂ ਛਿੜਕਣਾ; ਤ੍ਰੇਲ ਨਾਲ ਭਿਉਣਾ, ਸਿੰਜਣਾ, ਤਰ ਕਰਨਾ.

dewlap, *n.* : ਗਊ ਆਦਿ ਦੇ ਗਲੇ ਤੋਂ ਲਮਕਦੀ ਹੁੰਦੀ ਹੈ, ਗਲ-ਝਾਲਰ.

dewlapped, *a.* : (ਪਸ਼ੂ) ਗਲ-ਝਾਲਰ ਵਾਲਾ.

dexter, *a.* : ਸੱਜਾ, (ਕੁਲਚਿੰਨ੍ਹ-ਵਿੱਦਿਆ) ਪਰੀਖਕ ਮਾਰਕੇ ਵਿੱਚ ਸੱਜੇ ਪਾਸੇ ਦਾ.

dexterity, *n.* : ਕਾਰੀਗਰੀ, ਹੱਥ ਦੀ ਸਫ਼ਾਈ, ਹੱਥ-ਕੌਸ਼ਲ, ਚਤੁਰਾਈ, ਫੁਰਤੀ, ਨਿਪੁੰਨਤਾ, ਹੁਸ਼ਿਆਰੀ, ਸੰਪੂਰਨਤਾ; ਗਲ-ਬਾਤਾਂ ਕਰਨਾ; ਸੱਜੇ ਹੱਥ ਤੋਂ ਕੰਮ ਲੈਣਾ (ਖੱਬਾ ਹੱਥ ਦੇ ਵਿਰੋਧ).

dextrin, *n.* : (ਰਸਾਇਣ) ਲੇਸਦਾਰ ਵਸਤੂ ਜੋ ਮਾਂਡੀ ਤੋਂ ਬਣਦੀ ਹੈ.

dextrose, *n.* : (ਰਸਾਇਣ) ਅੰਗੂਰਾਂ ਦੀ ਸ਼ੱਕਰ, ਦੇਖੋ glucose.

dextrous, **ter-** *a.* : ਚਲਾਕ, ਤਾਕ, ਕਾਰੀਗਰ, ਹੁਸ਼ਿਆਰ, ਫੁਰਤੀਲਾ; ਸੱਜੇ ਹੱਥ ਤੋਂ ਕੰਮ ਲੈਣ ਵਾਲਾ, ਸੱਜਾ.

dext(e)rousLY, *adv.* : ਫੁਰਤੀ ਨਾਲ, ਹੱਥ ਫੇਰ ਕੇ.

Dey, *n.* : ਅਲਜੀਰੀਏ ਦਾ ਹਾਕਮ.

d(h)ow, *n.* : ਦੋ ਜਾਂ ਤਿੰਨ ਮਸਤੂਲਾਂ ਵਾਲਾ ਇੱਕ ਜਹਾਜ਼ ਜੋ ਅਰਬ ਸਾਗਰ ਵਿੱਚ ਚਲਦਾ ਹੈ.

d(h)urrie, *n.* : ਦਰੀ.

diabetes, *n.* : ਜ਼ਿਆਬਤੀਸ, ਪਿਸ਼ਾਬ ਵਿੱਚ ਸ਼ੱਕਰ ਆਉਣੀ, ਮਧੂਮੇਹ.

diabetIC, *a.* & *n.* : ਜ਼ਿਆਬਤੀਸ ਦਾ; ਜ਼ਿਆਬਤੀਸ ਦਾ ਰੋਗੀ.

diablerie, *n.* :=devilry

diabolic(al), *a.* : ਸ਼ੈਤਾਨ ਦਾ, ਸ਼ੈਤਾਨ ਸੰਬੰਧੀ, ਸ਼ੈਤਾਨੀ, ਭੂਤ ਪਰੇਤ ਦੀ ਤਰ੍ਹਾਂ, ਪਿਸ਼ਾਚੀ.

diabolicalLY, *adv.* : ਬੇਰਹਿਮੀ ਨਾਲ, ਸ਼ੈਤਾਨੀ ਨਾਲ, ਰਾਖਸ਼ੀ ਢੰਗ ਨਾਲ.

diabolism, *n.* : ਟੂਣਾ, ਜਾਦੂ, ਜਾਦੂਗਰੀ, ਸ਼ੈਤਾਨੀ ਕਰਤੂਤ, ਸ਼ੈਤਾਨੀ ਕੰਮ; ਭੂਤ ਪਰੇਤ ਵਿੱਚ ਵਿਸ਼ਵਾਸ, ਭੂਤ ਪਰੇਤ ਦੀ ਪੂਜਾ.

diabolize, *v. t.* : ਸ਼ੈਤਾਨ ਬਣਾਉਣਾ, ਸ਼ੈਤਾਨ ਕਰਾਰ ਦੇਣਾ.

diachylon, **-chylum**, **-culum**, *n.* : ਮੁਰਦਾ-ਸੰਘ; ਜੈਤੂਨ ਦੇ ਤੇਲ ਅਤੇ ਪਾਣੀ ਦਾ ਲੇਪ.

diacritical, *a.* : ਵਿਸ਼ੇਸ਼ਕ, ਅਖਰੌਣ-ਸੂਚਕ.

d. mark : ਉਚਾਰਨੀ ਸੰਕੇਤ, ਲਗ-ਮਾਤਰ, ਮਾਤ੍ਰਿਕ ਚਿੰਨ੍ਹ.

diactinic, *a.* : ਰਸਾਇਣ-ਕਿਰਨਾਂ, ਕਿਰਨਾਂ ਨੂੰ ਆਰ-ਪਾਰ ਲੰਘਾਉਣ ਵਾਲਾ, ਰੋਸ਼ਨੀ-ਗਾਮੀ.

diadelphous, *a.* : (ਬਨਾਸਪਤੀ-ਵਿਗਿਆਨ) ਦੋ-ਸੰਘੀ, ਜਿਸ ਦੇ ਕੇਸਰ ਦੋ ਗੁੱਛਿਆਂ ਵਿੱਚ ਹੋਣ.

diadem, *n.* : ਤਾਜ, ਮੁਕਟ; ਰਾਜਗੀ.

diademED, *a.* : ਤਾਜਦਾਰ, ਮੁਕਟਧਾਰੀ.

diaeresis, *n.* (*pl.* **-eses**) : ਦ੍ਵੈ-ਉਚਾਰਨ, ਦੋ ਲਾਗਵੇਂ ਸੁਰਾਂ ਵਿੱਚੋਂ ਦੂਜੇ ਉੱਤੇ ਰੱਖਿਆ ਚਿੰਨ੍ਹ ਜਿਸ ਤੋਂ ਪਤਾ ਲੱਗੇ ਕਿ ਦੋਹਾਂ ਦਾ ਉਚਾਰਣ ਵੱਖ ਵੱਖਰਾ ਹੈ (ਜਿਵੇਂ aerate ਵਿੱਚ).

diagnose, *v. t.* : ਤਸ਼ਖ਼ੀਸ ਕਰਨੀ, ਰੋਗ ਲੱਭਣਾ, ਰੋਗ ਦੀ ਪਛਾਣ ਕਰਨੀ.

diagnosis, *n.* (*pl.* **-oses**) : ਤਸ਼ਖ਼ੀਸ, ਰੋਗ-ਲੱਛਣ, ਰੋਗ-ਨਿਦਾਨ.

diagnostic, *a.* & *n.* : ਤਸ਼ਖ਼ੀਸੀ, ਰੋਗ-ਲੱਛਣ ਸੰਬੰਧੀ.

diagnosticIAN, *n.* : ਰੋਗ-ਨਿਦਾਨਕਾਰ.

diagonal, *a.* & *n.* : ਤਿਰਛਾ, ਵਿਕਰਣੀ, ਆੜਾ, ਟੇਢਾ.

diagonalLY, *adv.* : ਤਿਰਛੇ ਰੁਖ, ਤਿਰਛੇ ਢੰਗ, ਟੇਢੇ ਢੰਗ.

diagram, *n.* : (ਰੇਖਾ-ਗਣਿਤ) ਸ਼ਕਲ, ਖ਼ਾਕਾ; ਨਕਸ਼ਾ.

diagramMATIC, *a.* : ਸ਼ਕਲ ਦਾ, ਸ਼ਕਲ ਸੰਬੰਧੀ.

diagrammatize, *v. t.* : ਸ਼ਕਲ ਬਣਾਉਣੀ, ਖ਼ਾਕਾ ਖਿੱਚਣਾ, ਸ਼ਕਲ ਰਾਹੀਂ ਸਮਝਾਉਣਾ.

diagrammaticALLY, *adv.* : ਸ਼ਕਲ ਦੁਆਰਾ, ਖ਼ਾਕੇ ਅਨੁਸਾਰ, ਨਕਸ਼ੇ ਵਾਂਗ.

diagraph, *n.* : ਨਕਸ਼ੇ ਨੂੰ ਵੱਡਾ ਛੋਟਾ ਜਾਂ ਉਤਾਰਾ ਖਿੱਚਣ ਦਾ ਜੰਤਰ.

dial, *n.* & *v. t.* : (ਘੜੀ ਜਾਂ ਟੈਲੀਫ਼ੋਨ ਦਾ) ਡਾਇਲ; ਡਾਇਲ ਕਰਨਾ, ਨੰਬਰ ਮੋੜਨਾ.

dialect, *n.* : ਉਪ-ਭਾਸ਼ਾ, ਸਥਾਨਕ ਬੋਲੀ, ਬੋਲਣੀ.

dialectAL, *a.* : ਉਪ-ਭਾਸ਼ਾ ਦਾ ਜਾਂ ਸੰਬੰਧੀ, ਉਪ-ਭਾਸ਼ਈ.

dialectALLY, *adv.* : ਉਪ-ਭਾਸ਼ਾਵੀ ਰੂਪ ਵਿੱਚ, ਬੋਲੀ ਦੇ ਭੇਦ ਤੇ, ਬੋਲਣੀ ਵਾਂਗ.

dialectoLOGIST, *n.* : ਉਪ-ਭਾਸ਼ਾ-ਵਿਗਿਆਨੀ, ਬੋਲੀਆਂ ਦਾ ਮਾਹਿਰ.

dialectoLOGY, *n.* : ਉਪ-ਭਾਸ਼ਾ-ਵਿਗਿਆਨ, ਬੋਲੀ-ਵਿਦਿਆ.

dialectic[1], *n.* : (ਅਕਸਰ ਬਹੁ-ਵਚਨ) ਤਰਕ-ਵਿਦਿਆ, ਨਿਆਂ, ਮੰਤਕ.

dialecticIAN, *n.* : ਤਰਕਵਾਦੀ, ਮੰਤਕੀ, ਨਿਆਇਕ.

dialectic[2], *a.* & *n.* : ਤਰਕ ਸੰਬੰਧੀ, ਵਿਵਾਦੀ, ਮੰਤਕੀ; ਤਾਰਕੀ, ਵਾਦ-ਵਿਵਾਦ ਦਾ ਮਾਹਿਰ, ਤਰਕਵਾਦੀ.

dialectical, *a.* : = **dialectic**[2] (*adj.*); = **dialectal.**

dialecticalLY, *adv.* : = **dialectally** : ਤਰਕ ਵਾਂਗ, ਮੰਤਕ ਅਨੁਸਾਰ.

dialogic, *a.* : ਗੱਲਬਾਤੀ, ਵਾਰਤਾਲਾਪੀ, ਸੰਵਾਦੀ.

dialogist, *n.* : ਗੱਲਬਾਤੀਆ, ਵਾਰਤਾਲਾਪੀਆ, ਸੰਵਾਦਕ, ਵਾਰਤਾਲਾਪਕਾਰ.

dialogue, *n.* : ਗੱਲਬਾਤ, ਵਾਰਤਾਲਾਪ, ਸੰਵਾਦ.

dialogue-WISE, *adv.* : ਗੱਲਬਾਤੀ ਢੰਗ ਨਾਲ, ਵਾਰਤਾਲਾਪੀ ਰੂਪ ਵਿੱਚ.

dialysis, *n.* (*pl.*-yses) : ਰਸਾਇਣ-ਵਖੇਵਾਂ.

dialyse, *v. t.* : ਰਸਾਇਣ ਵਖੇਵਾਂ ਕਰਨਾ.

dialytic, *a.* : ਵਖੇਵੇਂ-ਵਾਲਾ, ਵਖੇਵੇਂ-ਰਸ ਸੰਬੰਧੀ.

diamagnetic, *n.* & *a.* : ਚਿੰਬਕ-ਵਿਰੋਧ-ਯੋਗ; ਵਿਰੋਧੀ-ਚੁੰਬਕੀ, ਧਰਵ-ਖੇਤਰ ਦੇ ਪਾਰ ਪੈਣ ਵਾਲਾ.

diamagneticALLY, *adv.* : ਚਿੰਬਕ-ਵਿਰੋਧੀ ਰਹਿਣੀ ਵੱਲ ਤੇ, ਧਰਵ-ਖੇਤਰ ਦੇ ਪਾਰ.

diamagnetISM, *n.* : ਚਿੰਬਕ-ਵਿਰੋਧ-ਚੁੰਬਕੀ ਗੁਣ.

diamanté [F], *n.* & *a.* : ਉਹ ਚੀਜ਼ ਜਿਸ ਉੱਤੇ ਚੋਰ ਚਮਕੀਲਾ ਹੋਵੇ; ਚਮਕੀਲੇ ਮਣਕੇ ਨਾਲ ਸਜਾਵਟ.

diamantiferous, *a.* : ਹੀਰਾ-ਉਪਜਾਊ.

diameter, *n.* : ਵਿਆਸ, ਦਲ, ਮੁਟਾਈ, ਵਿਆਸ.

diametrAL, *a.* : ਵਿਆਸੀ; ਦਲ ਸੰਬੰਧੀ, ਵਿਆਸੀ.

diametrALLY, *adv.* : ਵਿਆਸੋਂ, ਮੁਟਾਈ ਵੱਲੋਂ, ਵਿਆਸ ਰਾਹੀਂ.

diametrical, *a.* : ਵਿਆਸਵਾਂ, ਵਿਆਸ ਸੰਬੰਧੀ.

diametricalLY, *adv.* : ਵਿਆਸੋਂ, ਆਹਮੋ ਸਾਹਮਣੇ; ਉਲਟਾ, ਵਿਲਕੁਲ.

diamond, *n.*, *a.* & *v. t.* : ਹੀਰਾ; ਹੀਰਾ-ਕਣੀ; ਹੀਰੇ ਦੀ ਕਲਮ; ਇੱਟ ਦਾ ਪੱਤਾ; (ਰੇਖਾ-ਗਣਿਤ) ਸਮ-ਚਤੁਰਭੁਜ; ਬਰੀਕ ਟਾਈਪ; ਹੀਰੇ ਦਾ, ਹੀਰਿਆਂ ਨਾਲ ਜੜਤ; ਹੀਰੇ ਜੜਨਾ.

cutting d. (glazier's d.) : ਹੀਰੇ ਦੀ ਕਲਮ.

d. cuts d. : ਲੋਹੇ ਨੂੰ ਲੋਹਾ ਕੱਟਦਾ ਹੈ.

d.-drill : ਹੀਰ-ਵਰਮਾ, ਹੀਰੇ ਦੀ ਨੋਕ ਵਾਲਾ ਵਰਮਾ.

d.-field : ਹੀਰਿਆਂ ਦੀਆਂ ਖਾਣਾਂ ਦਾ ਇਲਾਕਾ, ਹੀਰ-ਖੇਤਰ.

d.-jubilee : ਸੱਠਵੀਂ ਵਰ੍ਹੇਗੰਢ.

d.-panes : ਚੌਕੋਰ ਸ਼ੀਸ਼ੇ.

d.-point : ਹੀਰਾ-ਨੋਕ.

rough d. : ਅਣਘੜਿਆ ਹੀਰਾ; ਅਣਵਿੱਧ ਮੋਤੀ, ਗੋਦੜੀ ਦਾ ਲਾਲ, ਗੁਣੀ ਪੁਰਸ਼ ਜੋ ਉੱਤੋਂ ਅੱਖੜ ਦਿੱਸੇ.

a small d. : ਛੋਟਾ ਹੀਰਾ (ਤਾਸ਼ ਦਾ). ਛੋਟੀ ਇੱਟੀ.

d. wedding : ਸੱਠਵੀਂ ਵਰ੍ਹੇਗੰਢ.

diamondIFEROUS, *a.* : ਹੀਰਾ-ਉਪਜਾਊ.

Diana [ਸ਼ਿਕਾਰ ਅਤੇ ਚੰਦ ਦੀ ਦੇਵੀ], *n.* : ਚੀਤੇ ਵਾਲਾ, ਸ਼ਿਕਾਰੀ ਇਸਤਰੀ; ਇਸਤਰੀ; ਘੋੜੀ ਚੜ੍ਹਨ ਦੀ ਸ਼ੌਕੀਨ ਤੀਵੀਂ; (ਸਾਹਿੱਤਕ) ਚੰਦਰਮਾ.

diapason, *n.* : ਸੁਰ-ਮੇਲ, ਸੁਰ-ਘੇਰਾ, ਆਵਾਜ਼ ਦੀ ਪਹੁੰਚ, ਅਲਾਪ ਦਾ ਘੇਰ.

diaper, *n.* & *v. t.* : ਡੱਬੀ ਖੇਸ, ਫੁੱਲ-ਬੂਟਾ (ਨਿਆਣੇ ਦਾ) ਪੋਤੜਾ, ਕਸੀਦਾ, ਕੰਧ ਉੱਤੇ ਜਾਲੀਦਾਰ ਵੇਲ-ਬੂਟੇ ਪਾਉਣੇ.

diaphanous, *a.* : ਪਾਰਦਰਸ਼ਕ, ਆਰ-ਪਾਰ ਦਿਸਣ ਵਾਲਾ.

diaphoretic, *a.* & *n.* : ਪਸੀਨਕਾਰਾ, ਪਸੀਨੇ-ਲਿਆਊ, ਮੁੜ੍ਹਕਾ ਲਿਆਉਣ ਵਾਲੀ ਦਵਾਈ.

diaphragm, *n.* : ਪੇਟ-ਪਰਦਾ, ਝਿੱਲੀ.

diaphragmATIC, *a.* : ਪੇਟ-ਪਰਦੇ ਸੰਬੰਧੀ, ਝਿੱਲੀ ਦਾ.

diarchy, **dy-** *n.* : ਦੋਅਮਲੀ, ਦੋਰਾਜੀ.

diarrhoea, *n.* : ਦਸਤ, ਅਤੀਸਾਰ, ਸੰਗ੍ਰਹਿਣੀ, ਛੁਟਕਾ, ਚੁਰਕੀ, ਮਲ (ਡੰਗਰਾਂ ਦੀ).

diarrhoeaL, **diarrhoe**IC, *aa.* : ਦਸਤਾਂ ਸੰਬੰਧੀ, ਦਸਤਾਵਰ.

diary, *n.* : ਡਾਇਰੀ, ਰੋਜ਼ਨਾਮਚਾ, ਦਿਨ-ਪਤ੍ਰੀ.

diarIAL, *a.* : ਡਾਇਰੀ ਦਾ, ਰੋਜ਼ਨਾਮਚੇ ਸੰਬੰਧੀ.

diarIST, *n.* : ਡਾਇਰੀ ਰੱਖਣ ਵਾਲਾ, ਰੋਜ਼ਨਾਮਚਾ ਲਿਖਣ ਵਾਲਾ.

diarIZE, *v. t.* & *i.* : ਡਾਇਰੀ ਰੱਖਣੀ, ਡਾਇਰੀ ਤੇ ਚਾੜ੍ਹਨਾ, ਪਤਰੇ ਤੇ ਚਾੜ੍ਹਨਾ.

diastase, *n.* : (ਰਸਾਇਣ) ਕਿਣ੍ਵਕ, ਇਕ ਖ਼ਮੀਰ ਜੋ ਨਸ਼ਾਸਤੇ ਨੂੰ ਖੰਡ ਵਿੱਚ ਬਦਲ ਦਿੰਦਾ ਹੈ.

diastatIC, -ASIC *a.* : ਕਿਣ੍ਵੀ.

diastole, *n.* : ਦਿਲ-ਪਸਾਰ, ਦਿਲ ਦਾ ਫੈਲਾਓ.

diatessaron, *n.* : ਚੌਮੇਲ, ਚਹੁੰਆਂ ਅੰਜੀਲਾਂ ਦਾ ਮੇਲ ਜਾਂ ਇਕਸਾਰਤਾ.

diathermancy, *n.* : ਊਸ਼ਮ-ਸੰਚਾਰ, ਗਰਮੀ ਲੰਘਾਉਣ ਦਾ ਗੁਣ.

diathermanOUS, *a.* : ਊਸ਼ਮ-ਸੰਚਾਰੀ.

diathermy, *n.* : ਉਤ-ਤਾਪਨ, ਊਸ਼ਮ-ਸੰਚਾਰੀ, ਬਿਜਲੀ ਦਾ ਰੋਗ ਇਲਾਜ.

diathermIC, *a.* ਉਤ-ਤਾਪਕ.

diathesis, *n.* (*pl.*-eses) : ਸਰੀਰਕ ਰੁਚੀ.

diatom, *n.* : (ਬਨਸਪਤੀ) ਡਾਇਆਟਮ, ਇਕ ਸੂਖਮ ਸਮੁੰਦਰੀ ਬੂਟੀ.

diatomic, *a.* : (ਰਸਾਇਣ) ਦੋ ਪਰਮਾਣਵਾ.

diatonic, *a.* : (ਸੰਗੀਤ) ਸਰਗਮੀ, ਅਠ-ਸੁਰਾ.

diatribe, *n.* : ਕਰੜੀ ਆਲੋਚਨਾ, ਕੌੜੇ ਬਚਨ, ਗਾਲਾਂ ਦੀ ਬੁਛਾੜ.

dib=dap.

dibasic, *a.* : (ਰਸਾਇਣ) ਦੋ-ਖਾਰਿਤ.

dibber, *n.* : ਦੁਰਾ ਰੰਬਾ, ਸੂਆ.

dibble, *n.*, *v. t.* & *i.* : ਸੂਆ; (ਜ਼ਿਮੀਂ ਨੂੰ) ਸੂਏ ਨਾਲ ਤਿਆਰ ਕਰਨਾ (ਬੀਜ ਪਾਉਣ ਲਈ).

dibs, *n. pl.* : ਖੇਡ ਦੇ ਖਡਾਣੇ; ਜਿਨ੍ਹਾਂ ਨਾਲ ਖੇਡੀ ਜਾਣ ਵਾਲੀ ਤਾਸ਼; ਰਾਸ਼

ਦੀ ਖੇਡ ਵਿੱਚ ਗਿਣਤੀ ਰਖਣ ਲਈ ਫਟੀਆਂ; ਗੁਪਤੇ.

dice[1], *n.* : die ਦਾ ਬ. ਵਚਨ, ਨਰਦਾਂ.

dice[2], *v. i. & t.* : ਪਾਸਾ ਖੇਡਣਾ, ਜੂਏ ਵਿੱਚ ਲਾ ਦੇਣਾ; ਮਿਰਚੀਆਂ ਬਣਾਈਆਂ, (ਮਾਸ ਦੇ) ਚੌਰਸ ਟੋਟੇ ਕਰਨੇ.

dicer, *n.* : ਜੂਆਰੀਆ, ਜੁਆਰੀ.

dice-box, *n.* : ਪਾਸਾ ਸੁੱਟਣ ਵਾਲਾ ਡਬਾਸ.

dice-insulator, *n.* : ਤਾਰ-ਗੱਟੀ, ਚੀਨੀ ਦਾ ਟੋਟਾ ਜਿਸ ਉੱਤੇ ਬਿਜਲੀ ਦੀ ਤਾਰ ਟਿਕਾਈ ਜਾਂਦੀ ਹੈ.

dichlamydeous, *a.* : (ਬਨਸਪਤ) ਦੋ-ਤੈਹੀਆ.

dichogamous, *a.* : (ਬਨਸਪਤ) ਦੋ-ਰੁਤਾ, ਦੋ ਵਖ ਵਖ ਸਮਿਆਂ ਤੇ ਪਕਣ ਵਾਲਾ.

dichotomy, *n.* : ਦੋ-ਵੰਡ, ਦੋ-ਤੰਤ.

dichotomic, *a.* : ਦੋ-ਭਾਗੀਆ, ਦੋ-ਸ਼ਿਅਮ.

dichotomize, *v. t. & i.* : ਦੋ-ਭਾਂਤੀਆ ਹੋਣਾ ਜਾਂ ਕਰਨਾ.

dichroic, *a.* : (ਰਤਨ) ਜਿਸ ਵਿੱਚੋਂ ਦੋ ਰੰਗ ਦਿਸਣ, ਦੋਰੰਗ ਦਰਸਾਊ.

dichromatic, *a.* : ਦੋਰੰਗਾ.

dichromic, *a.* : ਜਿਸ ਨੂੰ ਦੋ ਹੀ ਰੰਗ ਦਿਸਣ.

dickens, *n.* : (ਬੋਲ-ਚਾਲ) ਸ਼ੈਤਾਨ.

dicker, *n.* : (ਵਪਾਰ) ਦਹਾਕਾ, ਸੌਦਾ ਤੋੜੀ (ਦਸਾਂ ਦੀ).

dicky, -ey, *n.* : (ਬੋਲਚਾਲ ਤੇ ਬਨਾਵੀ) ਖੋਤਾ, ਛੋਟਾ ਜਿਹਾ ਪੰਛੀ; ਕਮੀਜ਼ ਦਾ ਵਖਰਾ ਅਗਲਾ, ਬੱਚਿਆਂ ਦਾ ਗਿੱਚ, ਕੋਚਵਾਨ ਦੇ ਬਹਿਣ ਦੀ ਥਾਂ, ਕੋਚ-ਬਕਸ, ਪਿਛਲੀ ਸੀਟ.

dicotyledon, *n.* : ਦੋ-ਦਾਲਾ.

dictaphone, *n.* : ਡਿਕਟਾਫੋਨ, ਬੋਲ-ਲੇਖਣੀ ਜੰਤਰ, ਬੋਲੇ ਹੋਏ ਸ਼ਬਦਾਂ ਨੂੰ ਸੰਭਾਲ ਕੇ ਰਖਣ ਵਾਲੀ ਮਸ਼ੀਨ ਜਿਸ ਤੋਂ ਟਾਈਪ ਵਿੱਚ ਲਿਖਣ ਲਈ ਕੰਮ ਹੁੰਦਾ ਹੈ.

dictate[1], *n.* : (ਆਮ ਤੌਰ ਤੇ ਬਹੁ-ਵਚਨ) ਹੁਕਮ, ਆਗਿਆ, ਹਦਾਇਤ.

dictate[2], *v. t. & i.* : ਬੋਲ ਕੇ ਲਿਖਵਾਉਣਾ, ਲਿਖਾਣਾ, ਹੁਕਮ ਚਲਾਣਾ; ਮਨ-ਮੰਨੀਆਂ ਸ਼ਰਤਾਂ ਪੇਸ਼ ਕਰਨੀਆਂ ਜਾਂ ਮੰਨਵਾਈਆਂ.

dictation, *n.* : ਲਿਖਾਈ, ਜ਼ਬਾਨੀ ਲਿਖਵਾਈ; ਹੁਕਮ, ਆਗਿਆ.

dictator, *n.* : ਡਿਕਟੇਟਰ, ਕਰਤਾ-ਧਰਤਾ; ਕੁਲ-ਮੁਖਤਾਰ; ਬੋਲ ਕੇ ਲਿਖਵਾਉਣ ਵਾਲਾ, ਲਿਖਾਈਕਾਰ.

dictatorSHIP, *n.* : ਡਿਕਟੇਟਰੀ, ਕੁਲ-ਅਧਿਕਾਰੀ, ਸਰਬਾਧਿਕਾਰੀ ਰਾਜ.

dictatorial, *a.* : ਡਿਕਟੇਟਰਾਨਾ, ਸਰਬਾਧਿਕਾਰੀ, ਹਾਕਮ ਵਾਲਾ, ਕਰਤੇ-ਧਰਤੇ ਦਾ ਜਾਂ ਵਾਲਾ.

dictatorialLY, *adv.* : ਡਿਕਟੇਟਰ ਵਾਂਗੂ, ਧਾਕੜ ਨਾਲ, ਕਰਤੇ-ਧਰਤੇ ਵਾਂਗ ਜਾਂ ਵਾਂਗ.

diction, *n.* : ਸ਼ੈਲੀ, ਲਿਖਤ, ਲਿਖਣ-ਢੰਗ.

dictionary, *n.* : ਡਿਕਸ਼ਨਰੀ, ਕੋਸ਼.

dictograph, *n.* : ਭੇਤ-ਅਭਿਲੇਖਕ, ਡਿਕਟੋਗਰਾਫ.

dictum, *n.* (*pl.* -s, -ta) : ਕਥਨ, ਬੋਲ, ਵਚਨ; ਕਹਾਵਤ, ਟਕੋਰਾ.

did : do ਦਾ ਭੂਤ ਕਾਲ.

didactic, *a.* : ਸਿਖਾਉਣ, ਉਪਦੇਸ਼ਕ, ਸਿਖਿਆ-ਪੂਰਤ, ਪ੍ਰਚਾਰਕ.

didacticALLY, *adv.* : ਸਿਖਿਆ-ਪੂਰਵਕ, ਉਪਦੇਸ਼ੀ ਢੰਗ ਨਾਲ.

didacticism, *n.* : ਸਿਖਿਆਵਾਦ, ਸਿਖਾਊ ਢੰਗ (ਕਲਾ ਜਾਂ ਸਾਹਿਤ ਵਿੱਚ).

didapper, *n.* : ਇੱਕ ਛੋਟਾ ਜਲ-ਪੰਛੀ.

diddle, *v. t.* : (ਗਵਾਰੀ) ਧੋਖਾ ਦੇਣਾ, ਠੱਗਣਾ.

dido, *n.* : ਚਲਿੱਤਰ, ਕਰਤੱਬ, ਢਕਵੰਜ.

didst : do ਦਾ ਭੂਤ ਕਾਲ (ਇੱਕ-ਵਚਨ, ਦੂਜਾ ਪੁਰਖ).

didymium, *n.* : (ਰਸਾਇਣ) ਡਿਡੀਮਿਅਮ, ਇੱਕ ਦੁਰਲੱਭ ਧਾਤ.

die[1], *n.* (*pl.* dice, dies) : ਪਾਸਾ, ਦਾਣਾ, ਮੁਹਰਾ; (*pl.* dies) ਸੰਦ੍ਹ ਦੀ ਕੁਰਸੀ ਜਾਂ ਚੌਕੀ; ਠੱਪਾ, ਮੁਹਰ.

d.-sinker : ਠੱਪੇਸਾਜ਼, ਠੱਪੇ ਬਣਾਉਣ ਵਾਲਾ.

the d. is cast : ਪਾਸਾ ਪੈ ਗਿਆ, ਜੋ ਹੋਣਾ ਸੀ ਹੋ ਹੀ ਗਿਆ.

upon the d. : ਦਾਅ ਤੇ, ਦਾਅ ਤੇ ਲਗਾਇਆ, ਖਤਰੇ ਵਿੱਚ.

die[2], *v. i.* : ਮਰਨਾ, ਖਤਮ ਹੋਣਾ, ਚੜ੍ਹਾਈ ਕਰ ਜਾਣਾ, ਮੁੜ ਜਾਣਾ, ਮਰ ਜਾਣਾ, ਗੁਜ਼ਰ ਜਾਣਾ, ਪੂਰਾ ਹੋਣਾ, ਅੰਤ ਹੋਣਾ, ਕਾਲਵੱਸ ਹੋਣਾ, ਸੁਰਗਵਾਸ ਹੋਣਾ, ਹੁਕਮ-ਰਬ ਹੋਣਾ, ਚੋਲਾ ਛਡਣਾ, ਪ੍ਰਾਣ ਛਡਣੇ ਜਾਂ ਦੇ ਦੇਣੇ, ਸਰੀਰ ਤਿਆਗਣਾ, ਤਾਂਘ ਰਖਣੀ, ਸੁਆਸ ਦੇ ਦੇਣੇ ਜਾਂ ਛਡਣੇ.

d.-away, *a.* : ਸੁਸਤ-ਜਿਹਾ, ਮਰਨ-ਮਰੂੰਦਾ.

d.-hard, *n.* : ਕੱਟੜ, ਜ਼ਿੱਦੀ (ਨੀਤੀਵਾਨ).

d. hard : ਔਖਿਆਂ ਮਰਨਾ, ਔਖੀ ਜਿੰਦ ਨਿਕਲਣੀ.

d. in harness : ਅੰਤਮ ਸੁਆਸ ਤੀਕ ਜੁਟੇ ਰਹਿਣਾ.

d. in one's bed : ਕੁਦਰਤੀ ਮੌਤ ਮਰਨਾ, ਆਪਣੀ ਮਰਨਾ.

never say d. : ਹਿੰਮਤ ਨਾ ਹਾਰਨੀ, ਡਟੇ ਰਹਿਣਾ.

d. a dog's death : ਕੁੱਤੇ ਦੀ ਮੌਤ ਮਰਨਾ.

d. away, down, off, out : ਮਰ ਮੁੱਕ ਜਾਣਾ, ਮਿਟ ਜਾਣਾ, ਨਸ਼ਟ ਹੋ ਜਾਣਾ.

dielectric, *a. & n.* : ਬਿਜਲੀ-ਰੋਧਕ (ਪਦਾਰਥ).

dies non [L.], *n.* : (ਕਾਨੂੰਨ) ਛੁੱਟੀ ਦਾ ਦਿਨ, ਜਦੋਂ ਕਚਹਿਰੀ ਨਾ ਲਗੇ ਜਾਂ ਕਨੂੰਨੀ ਕਾਰਵਾਈ ਨਾ ਹੋਵੇ.

Diesel engine : ਡੀਜ਼ਲ ਇੰਜਨ, ਤੇਲ ਨਾਲ ਚਲਣ ਵਾਲਾ ਇੰਜਨ [ਡਾ. ਡੀਜ਼ਲ ਦੇ ਨਾਂ ਤੇ].

Diet, *n.* : (ਜਾਪਾਨ ਆਦਿ ਦੇਸ਼ਾਂ ਦੀ) ਪਾਰਲੀਮੈਂਟ, ਰਾਜ-ਪ੍ਰੀਸ਼ਦ.

diet, *n. & v. t.* : ਖਾਧ, ਖ਼ੁਰਾਕ; ਪੱਥ ਵਾਲੀ ਖ਼ੁਰਾਕ, ਬੱਝਵੀਂ ਖ਼ੁਰਾਕ.

dietARIAN, *n.* : ਬੱਝਵੀਂ ਖ਼ੁਰਾਕ ਖਾਣ ਵਾਲਾ.

dietITIAN, -ICIAN, *n.* : ਭੋਜਨ-ਵਿਗਿਆਨੀ.

dietary, *n. & a.* : ਭੋਜਨ-ਕ੍ਰਮ, ਪੱਥ ਦੇ ਨੇਮ, ਨੀਅਤ ਖ਼ੁਰਾਕ; ਭੋਜਨ ਸੰਬੰਧੀ.

dietetic, *a.* : ਭੋਜਨੀ, ਆਹਾਰਕੀ.

dieteticALLY, *adv.* : ਭੋਜਨੀ ਤੌਰ ਤੇ.

dietetics, *n.* : ਭੋਜਨ-ਵਿਗਿਆਨ, ਆਹਾਰ-ਵਿੱਦਿਆ.

differ, *v. i.* : ਵੱਖ ਵੱਖ ਹੋਣਾ, ਭਿੰਨ ਹੋਣਾ, ਫ਼ਰਕ ਹੋਣਾ ਜਾਂ ਪੈਣਾ, ਵਖੇਵਾਂ ਹੋਣਾ, ਮਤ-ਭੇਦ ਹੋਣਾ, ਅਸਹਿਮਤ ਹੋਣਾ, ਅਣਬਣੀ ਹੋਣੀ.

difference, *n. & v. t.* : ਵਖੇਵਾਂ, ਭਿੰਨਤਾ, ਭਿੰਨ-ਭੇਦ, ਫ਼ਰਕ, ਮਤ-ਭੇਦ, ਭੇਦ, ਅਸੰਗ, ਅਣਮਿਤੀ, ਅੰਤਰਾ, ਅੰਤਰ, ਪਾੜ, ਪਾੜਾ, ਪਾਪਾ, ਝਗੜਾ, ਫ਼ਰਕ ਤੇਰ, ਫੇਰੀ, ਵਿਸ਼ੇਸ਼ਤਾ, ਸ਼ਖੇੜਾ, ਝਗੜਾ.

it makes a great d. : ਇਹ ਗੱਲ ਬਹੁਤ ਮਹੱਤਤਾ ਵਾਲੀ ਹੈ, ਇਸਦਾ ਅਸਰ ਬੜਾ ਭਾਰੀ ਹੈ.

make a d. between : ਵਿਤਕਰਾ ਕਰਨਾ.

different, *a.* : ਵਖਰਾ, ਦੂੱਜਾ, ਹੋਰ, ਨਿਆਰਾ, ਭਿੰਨ, ਵਖੀ.

differentLY, *adv.* : ਹੋਰ ਤਰ੍ਹਾਂ, ਹੋਰਵੇਂ.

differentia, *n.* (*pl.* -ae) : ਅੰਤਰ, ਵਿਲੱਖਣੀ ਗੁਣ, ਵੱਖ, ਵਿਸ਼ੇਸ਼ਕ.

differential, *a.* : ਵਿਤਰੇਕੀ, ਵਿਤਕਰੇ ਵਾਲਾ, ਨਿਖੇੜੂ, ਭਿੰਨਕ, ਫ਼ਰਕੀ, ਫ਼ਾਰਕਾ, ਵਿਸ਼ੇਸ਼ਕੀ.

d. calculus : (ਗਣਤ ਵਿੱਦਿਆ) ਫ਼ਰਕੀ ਹਿਸਾਬ.

d. coefficient : ਫ਼ਰਕੀ ਗੁਣਕ.

differentialLY, *adv.* : ਵਿਤਕਰੇ ਨਾਲ, ਫ਼ਰਕ ਕਰ ਕੇ, ਭਿੰਨ-ਭੇਦ ਨਾਲ.

differentiate, *v. t. & i.* : ਫ਼ਰਕ ਪਾਉਣਾ, ਫ਼ਰਕੀਣਾ, ਵਖਰਿਆਣਾ, ਵਖਰੇਵਾਂ, ਵਿਤਕਰਾ ਕਰਨਾ, ਫ਼ਰਕ ਕਰਨਾ.

differentiatION, *n.* : ਫ਼ਰਕਾਉਣ, ਫ਼ਰਕੀਣ, ਵਿਭੇਦ.

difficile [F], *a.* : ਔਖਾ-ਸਮਝਣ ਵਾਲਾ, ਕੌੜਾ, ਅੜੀਅਲ, ਅੜਬ.

difficult, *a.* : ਔਖਾ, ਮੁਸ਼ਕਲ, ਕਠਨ, ਦੁਰਗਮ, ਦੁੱਭਰ.

difficulty, *n.* : ਔਖ, ਔਖਿਆਈ, ਮੁਸ਼ਕਲ, ਤਕਲੀਫ਼, ਕਠਨਾਈ, ਕਠਨਾਈ, ਕਠਨਤਾ; ਤੰਗੀ, ਔਕੜ, ਭੀੜ, ਭੀੜਾ, ਦਿਕਤ, ਵਿੱਘਨ, ਮੁਸੀਬਤ, [illegible], ਸੰਕਟ, ਔਖਤ, ਰੋਕ, ਰੁਕਾਵਟ, ਅੜਿੱਕਾ.

diffidence, *n.* : ਸੰਗ, ਸ਼ਰਮ, ਝਿਜਕ, ਸੰਕੋਚ, ਡਰ, ਬੇਹਿੰਮਤੀ, ਬੇਭਰੋਸਗੀ.

diffident, *a.* : ਸੰਗਾਊ, ਸ਼ਰਮੀਲਾ, ਝਕਦਾ, ਡਰਪੋਕ, ਸਹਿਮੇ-ਦਿਲ, ਬੇਹਿੰਮਤ, ਬੇਭਰੋਸਾ.

diffidently, *adv.* : ਸੰਗਦਿਆਂ, ਸ਼ਰਮਾਂਦਿਆਂ, ਝਿਜਕਦਿਆਂ.

diffluence, *n.* : ਤਰਲਤਾ, ਪਿਘਲਾਵ, ਪ੍ਰਵਾਹ.

diffluent, *a.* : ਤਰਲ, ਪਿਘਲਦਾ, ਪ੍ਰਵਾਹੀ, ਪ੍ਰਵਾਹੂ.

diffract *v. t.* : (ਪ੍ਰਕਾਸ਼-ਵਿਗਿਆਨ) ਕਿਰਨ ਨੂੰ ਰੁਕਾਵਟਾਂ ਤੇ ਕਾਲੀਆਂ ਪੱਟੀਆਂ ਵਿਚ ਵੰਡਣਾ.

diffraction, *n.* : ਕਿਰਨ-ਪਸਾਰ, ਵਿਵਰਤਨ.

diffractive, *a.* : ਕਿਰਨ-ਪਸਾਰੂ.

diffuse, *v. t.* & *i.* : ਖਿਲਾਰਨਾ, ਖਿੰਡਾਉਣਾ, ਪਸਾਰਨਾ, ਫੈਲਾਉਣਾ, ਸੰਚਾਰਨਾ; ਖਿਲਰਨਾ, ਖਿੰਡਣਾ, ਪਸਰਨਾ, ਫੈਲਣਾ, ਸੰਚਰਨਾ; ਰਮਾਉਣਾ, ਰਮਣਾ, ਵਿਆਪਕ ਹੋਣਾ, ਵਿਆਪਣਾ.

diffused, *a.* : ਖਿਲਰਿਆ ਹੋਇਆ, ਪਸਰਿਆ ਹੋਇਆ, ਵਿਸਤ੍ਰਿਤ, ਵਿਆਪਕ.

diffusibility, *n.* : ਖਿਲਰਨਯੋਗਤਾ, ਪਸਾਰਨਯੋਗਤਾ, ਪਸਰਨ-ਯੋਗਤਾ.

diffusible, *a.* : ਖਿਲਰਨਯੋਗ ਜਾਂ ਖਿਲਾਰਨਯੋਗ.

diffusion, *n.* : ਖਿਲਾਰਨ, ਪਸਾਰਨ, ਪਸਰਨ, ਵਿਸਤਾਰ, ਖਿਲਾਅ, ਪਸਾਰਾ, ਪਸਰਾਉ, ਫੈਲਾਓ, ਵਿਆਪਕਤਾ.

diffusive, *a.* : ਖਿਲਰਵਾਂ, ਪਸਰਵਾਂ, ਖਿੰਡਵਾਂ, ਫੈਲਣ ਵਾਲਾ, ਸੰਚਾਰੀ.

diffusively, *adv.* : ਖਿਲਰ ਕੇ, ਪਸਰ ਕੇ, ਫੈਲ ਕੇ, ਖਿੰਡ ਕੇ.

diffusiveness, *n.* : ਖਿਲਰਵਾਂਪਨ, ਪਸਾਰਤਾ, ਵਿਸਤਾਰਤਾ, ਵਿਆਪਕਤਾ.

diffuse, *a.* : ਖਿਲਰਿਆ ਹੋਇਆ, ਖਿੰਡਿਆ-ਪੁੰਡਿਆ, ਵਿਸਤ੍ਰਿਤ, ਵਿਸਤੀਰਨ, ਵਿਆਪਕ.

dig, *v. t.* & *i.* (*dug*), & *n.* : ਖੋਦਣਾ, ਪੁੱਟਣਾ, ਖਣਨਾ, ਪੁੱਟਣਾ, ਘਟਣਾ; ਖੋਜਣਾ; ਡਾਢਾ ਚੋਭਣਾ; ਚੁਭਣਾ, ਖੋਲ੍ਹੀ ਕਰਨਾ, ਕਿੱਲਣਾ; ਹੁਝ ਮਾਰਨੀ, ਹੁੱਜ ਮਾਰਨਾ; ਖੁਦਾਈ; ਹੁਜ, ਹੁੱਜਾ, ਚੋਟ.

d. a pit for : ਫਾਹੁਣ ਦਾ ਜਤਨ ਕਰਨਾ, ਜਾਲ ਵਿਛਾਉਣਾ.

d. at : ਚੋਭ ਮਾਰਨੀ, ਚੋਟ ਕਰਨੀ.

d. in. : ਅੱਡੀ ਪੁਟ ਕੇ ਪੱਕਾ ਬੈਠਣੀ, ਪੈਰ ਜਮਾ ਬੈਠਣੇ.

d. out : ਪੁਟ ਕੇਢਣਾ.

d. up : ਪੁਟ ਕੱਢਣਾ.

digamy, *n.* : ਦੁਹਾਜ, ਦੂਜਾ ਵਿਆਹ, ਪੁਨਰਵਿਵਾਹ.

digamist, *n.* : ਦੁਹਾਜੂ.

digamous, *a.* : ਦੁਹਾਜੇ, ਦੁਹਾਜਮਈ.

digastric, *a.* & *n.* : (ਸਰੀਰਕ ਵਿਗਿਆਨ) ਜਬਾੜਾ, ਦੋ ਫੁੱਲੇ ਹੋਏ ਸਿਰਿਆਂ ਵਾਲਾ (ਪੱਠਾ); ਹੇਠਲੇ ਜਬਾੜੇ ਦਾ ਪੱਠਾ.

digest[1], *v. t.* & *i.* : ਪਚਾਉਣਾ ਜਾਂ ਪਚਣਾ, ਹਜ਼ਮ ਕਰਨਾ ਜਾਂ ਹੋਣਾ, ਅੰਗੀਕਾਰ ਕਰਨਾ, ਸਹਾਰਨਾ, ਜਰਨਾ; (ਅਪ ਕੇ) ਪੀ ਜਾਣਾ; ਘੋਖਣਾ; ਗੁੜ੍ਹਨਾ; ਵਿਚਾਰਨਾ; ਕੋਸ਼ ਤੇ ਰਖਣਾ; ਸੰਖਿਪਣਾ.

digestibility, *n.* : ਪਾਚਨਯੋਗਤਾ, ਪਚਾਈ.

digestible, *a.* : ਪਾਚਨਯੋਗ, ਪਚਣਯੋਗ, ਪਾਚਕਾਂ, ਸਰਲ.

digestibly, *adv.* : ਪਾਚਵੇਂ ਤੌਰ ਤੇ.

digester, *n.* : ਪਚਾਊ, ਹਜ਼ਮ ਕਰਨ ਵਾਲਾ; ਸੰਗ੍ਰਹਿਕਾਰ.

digest[2], *n.* : ਸੰਗ੍ਰਹਿ, ਸੰਖੇਪ.

digestion, *n.* : ਪਚਾਊ, ਪਾਚਨ, ਪਾਚਨ-ਸ਼ਕਤੀ, ਹਾਜ਼ਮਾ; ਖਾਦਣੀ ਬਣਾਉਣੀ.

digestive, *a.* & *n.* : ਪਚਾਊ, ਪਾਚਕ; ਚੂਰਨ; ਫੋੜਾ-ਪਕਾਊ ਮਲ੍ਹਮ.

digestively, *adv.* : ਪਚਾਊ ਤੌਰ ਤੇ.

digger, *n.* : ਖੁਦੱਈਆ, ਖਣਨ ਵਾਲਾ, ਖੰਨੀ; ਖੁੰਬਾਊ (ਸੋਨੇ ਦਾ).

digging, *n.* : ਖੁਦਾਈ, ਖੁਦਾਈ, ਖੋਜ, ਢੂੰਡ. (ਬਹੁ-ਵਚਨ) ਖਾਣ, ਸੋਨੇ ਦੀ ਖਾਣ.

dight, *v. t.* : (ਪੁਰਾਤਨ) ਸਜਾਉਣਾ, ਸਵਾਰਨਾ, ਸ਼ਿੰਗਾਰਨਾ.

digit, *n.* : ਉਂਗਲ, ਉਂਗਲੀ; ਉਂਗਲ-ਭਰ; ਅੰਕੜਾ, ਅੰਕ, ਅੰਗ (੧ ਤੋਂ ੯ ਤਕ).

digital, *a.* : ਉਂਗਲੀ ਦਾ, ਸਬੰਧੀ, ਅੰਗਕ.

digitate,-ated, *a.* : (ਰੁੱਖ ਗਿਆਨ) ਉਂਗਲਦਾਰ, ਸ਼ਾਖਲ, ਪੰਜੇਦਾਰ.

digitation, *n.* ਸੰਗੁਲ ਹੋਣਾ, ਉਂਗਲਦਾਰ ਹੋਣਾ.

digitigrade *a.* : ਉਂਗਲਚਾਲੀ, ਪੰਜੇ ਭਾਰ ਚਲਣ ਵਾਲਾ.

diglot, *a.* : ਦੁਭਾਸ਼ੀ, ਦੁਭਾਖੀ.

dignify, *v. t.* : ਵਡਿਆਉਣਾ, ਸ਼ਾਨ ਵਧਾਉਣੀ, ਉਚਿਆਉਣਾ, ਸਿਰਜਣਾ, ਮਾਣ ਦੇਣਾ, ਇੱਜ਼ਤ ਵਧਾਣੀ.

dignitary, *n.* : ਵਡ-ਅਹੁਦੇਦਾਰ, ਪ੍ਰਤਿਸ਼ਠ ਆਦਮੀ, ਵਡੀ ਪਦਵੀ ਵਾਲਾ, ਮਰਾਤਬੇ ਵਾਲਾ.

dignity, *n.* : ਵਡਿਆਈ, ਸ਼ਾਨ, ਤੇਜ-ਪ੍ਰਤਾਪ, ਗੌਰਵ, ਪ੍ਰਤਿਸ਼ਠਾ; ਰੁਤਬਾ, ਦਾਬਾ, ਦਬਦਬਾ, ਮਰਾਤਬਾ, ਪਦਵੀ, ਦਰਜਾ.

digraph, *n.* : ਜੁੜਤ, ਦੋ ਅੱਖਰਾਂ ਦਾ ਮੇਲ ਜਿਨ੍ਹਾਂ ਦਾ ਉਚਾਰਨ ਇੱਕ ਹੋਵੇ ਜਿਵੇਂ ch (ਚ), ph (ਫ਼).

digress, *v. i.* : ਲਾਂਭੇ ਜਾਣਾ, ਭਟਕ ਜਾਣਾ, ਵਿਚਲਣਾ, ਥੈਂ ਜਾਣਾ, ਰਾਹ ਛੱਡ ਜਾਣਾ, ਵਿਸ਼ਾ ਛੱਡ ਜਾਣਾ, ਉਘਾੜੀਆਂ-ਪਾਤੀਆਂ ਮਾਰਨੀਆਂ; ਉਲੰਘਣਾ, ਉਲੰਘਣਾ ਕਰਨੀ.

digression, *n.* : ਭਟਕਣ, ਵਿਚਲਨ, ਉਲੰਘਣ.

digressive, *a.* : ਲਾਂਭੇ ਦਾ, ਭਟਕਵਾਂ, ਉਲੰਘਵਾਂ.

dihedral, *a.* : ਦੋ-ਭੁਜ.

dike, dyke, *n.* : ਡੰਡ, ਬੰਨ੍ਹ, ਆੜ, ਪਾਲ; ਚੌਖੀ; ਖਾਈ, ਮੋਘਾ, ਛੇਕ, ਘਾਤ, ਅੜਿੱਕਾ; (ਭੂਵਿਗਿਆਨ) ਦਰਾੜ ਜਿਸ ਵਿੱਚ ਗਾਦ ਜਾਂ ਚਟਾਨਾਂ ਭਰੀਆਂ ਹੋ ਜਾਣ; ਨੀਲ, ਗਾਦ; (*v. t.*) ਬੰਨ੍ਹ ਮਾਰਨਾ ਜਾਂ ਲਾਉਣਾ.

d.-reeve : ਬਰੇਕਾ ਬੰਨ੍ਹ, ਬੰਨ੍ਹ ਦਾ ਚੌਕੀਦਾਰ.

dilapidate, *v. t.* & *i.* : ਉਜਾੜਨਾ, ਉਜਾੜ ਦੇਣਾ, ਭੰਨ-ਤੋੜ ਦੇਣਾ; ਉਜੜਨਾ, ਤਬਾਹ ਹੋਣਾ, ਟੁੱਟ ਭੱਜ ਜਾਣਾ.

dilapidation, *n.* : ਉਜਾੜਾ, ਤਬਾਹੀ; ਬਰਬਾਦੀ; ਟੁੱਟ-ਭੱਜ, ਟੁੱਟ-ਫੁੱਟ, ਮਲਬਾ, ਟੁੱਟ-ਭੱਜ ਦਾ ਹਰਜਾਨਾ ਜਾਂ ਮੁਰੰਮਤੀ.

dilate, *v. t.* & *i.* : ਫੈਲਣਾ ਜਾਂ ਪਸਰਨਾ, ਵਿਤਰਨਾ; ਵੱਡਾ ਜਾਂ ਚੌੜਾ ਕਰਨਾ; ਖਿਲਾਰਨਾ ਜਾਂ ਖਿਲਰਨਾ, ਫੈਲਾਉਣਾ ਜਾਂ ਫੈਲਣਾ, ਵਿਸਥਾਰ ਕਰਨਾ, ਪ੍ਰਸ਼ਨ ਤੇ ਵੇਰਵਾ ਵਿਆਪਣਾ, ਵਿਆਖਿਆ ਕਰਨੀ.

dilatability, *n.* ਪ੍ਰਸਾਰਨਯੋਗਤਾ, ਫੈਲ ਸਕਣ ਦੀ ਯੋਗਤਾ.

dilatable, *a.* : ਪ੍ਰਸਾਰਯੋਗ, ਫੈਲਣਯੋਗ, ਵਧਣ ਵਾਲਾ.

dilation, *n.* : ਵਿਸਥਾਰ, ਵਿਆਖਿਆ, ਫੈਲਾਵ.

dilator, *n.*, dilator muscle : (ਸਰੀਰਕ ਵਿਗਿਆਨ) ਖੁਲ੍ਹਾਊ, ਅੰਗ-ਵਿਸਥਾਰਕ ਪੱਠਾ, ਅੰਗ ਨੂੰ ਚੌੜਾ ਕਰਨ ਵਾਲਾ.

dilatory, *a.* : ਢਿੱਲਾ, ਢਿੱਲੜ, ਮੱਠਾ, ਸੁਸਤ, ਦੇਰ ਕਰਨ ਵਾਲਾ.

dilatorily, *adv.* : ਢਿੱਲ-ਮੱਠ ਕਰ ਕੇ, ਸੁਸਤੀ ਨਾਲ, ਦੇਰ ਨਾਲ.

dilatoriness, *n.* : ਢਿੱਲ-ਮੱਠ, ਆਲਸ, ਸੁਸਤੀ.

dilemma, *n.* : ਦੁਬਿਧਾ ਸਮੱਸਿਆ ਜਾਂ ਅਵਸਥਾ, ਕਸ਼ਮ-ਕਸ਼.

horns of the *d.* : ਸੱਪ ਦੇ ਮੂੰਹ ਕਿਰਲੀ, ਨਾ ਨਿਗਲੇ ਨਾ ਉਗਲੇ.

dilemmatic, *a.* : ਦੁਪਾਸੀ ਔਖ.

dilettante, *n.* (*pl.* dilettanti) & *a.* : (ਲਲਿਤ ਕਲਾਵਾਂ ਦਾ) ਸ਼ੌਕੀਆ,

ਕਲਾ ਅਨੁਰਾਗੀ, ਕਲਾ-ਹੇਤੂ; ਸ਼ਿਲਾ ਸ਼ੁਕੀਨ.

dilettantISM, *n.* : ਕਲਾ-ਸ਼ੌਕ, ਸ਼ੌਕ.

diligence, *n.* : ਮਿਹਨਤ, ਉੱਦਮ, ਤਨਦੇਹੀ, ਕਾਮ ਵਾਲੀ ਰੁੱਚੀ; ਮੁਸਾਫ਼ਰ-ਗੱਡੀ.

diligent, *a.* : ਮਿਹਨਤੀ, ਉੱਦਮੀ, ਕਾਮ ਮਾਰਨ ਵਾਲਾ.

diligentLY, *adv.* : ਮਿਹਨਤ ਨਾਲ, ਉੱਦਮ ਨਾਲ, ਕਾਮ ਮਾਰ ਕੇ, ਤਨਦੇਹੀ ਨਾਲ.

dill, *n.* : ਸੋਏ.

dilly-dally, *v. i.* : ਇੱਕ-ਮੱਠ ਕਰਨੀ, ਟਾਲ-ਮਟੋਲ ਕਰਨੇ, ਦੇਰ ਲਾਉਣੀ, ਚਿਰ ਕਰਨਾ.

diluent, *a. & n.* : ਪਤਲਾਊ, ਪਤਲਾਉਣ ਵਾਲਾ; ਪਤਲਾਊ ਸ਼ੈ.

dilute, *v. t.* : ਪਤਲਾਉਣਾ, ਪਤਲਾ ਕਰਨਾ, (ਰੰਗ) ਫਿੱਕਾ ਕਰ ਦੇਣਾ; (ਜਿਸਦਾ ਜਾਂ ਸੋਮ) ਹੌਲਾ ਕਰਨਾ, ਮਿਲਾ ਪਾ ਦੇਣਾ.

dilution, *n.* : ਪਤਲਾਇਣ, ਪਤਲਾਈ.

diluvial, *a.* : ਤੁਫ਼ਾਨੀ, ਹੜ੍ਹ ਦਾ ਜਾਂ ਸੰਬੰਧੀ, ਨੂਹ ਦੀ ਜਲ-ਪਰਲੋ ਦਾ.

d. period : ਅੰਧੇਰੀ ਯੁਗ, ਵਰਤਮਾਨ ਯੁਗ.

d. theory, changes : (ਭੂਗੋਲ) ਜਲ-ਪਰਲੋਈ ਸਿਧਾਂਤ, ਤੁਫ਼ਾਨੀ ਤਬਦੀਲੀਆਂ.

diluvialist, *n.* : ਜਲ-ਪਰਲੋ-ਵਾਦੀ.

dim, *a. & v. t. & i.* : ਧੁੰਦਲਾ, ਮੱਧਮ, ਧੁੰਧਲਾ, ਮੱਧਮ, ਅਸਪਸ਼ਟ, ਨਿਸਤੇਜ, ਅੰਨ੍ਹਾ ਕਰਨਾ; ਧੁੰਦਲਾ ਕਰਨਾ, ਧੁੰਦਲਾਉਣਾ.

dimLY, *adv.* : ਧੁੰਦਲੇ ਤੌਰ ਤੇ, ਅਸਪਸ਼ਟ ਤੌਰ ਤੇ.

dimMISH, *a.* : ਧੁੰਦਲਾ-ਜਿਹਾ, ਧੁੰਦਲਾ ਜਿਹਾ, ਅੰਨ੍ਹਾ ਜਿਹਾ.

dimNESS, *n.* : ਧੁੰਦਲਾਪਣ, ਧੁੰਧਲਾਪਣ; ਅਸਪਸ਼ਟਤਾ.

dime, *n.* : (ਅਮਰੀਕਾ ਦਾ) ਇੱਕ ਚਾਂਦੀ ਦਾ ਸਿੱਕਾ ਜੋ ਡਾਲਰ ਦਾ ਦਸਵਾਂ ਹਿੱਸਾ ਹੁੰਦਾ ਹੈ.

d. novels : ਸਸਤੇ ਨਾਵਲ.

dimension, *n.* : ਵਿਸਥਾਰ, ਮਾਪ, ਨਾਪ, ਆਕਾਰ, ਹੁਜਮ; ਲੰਬਾਈ-ਚੌੜਾਈ; (ਹਿਸਾਬ) ਪਾਸਾ, ਆਯਾਮ, (ਅਲਜਬਰਾ) ਕਿਸੇ ਰਾਸ਼ੀ-ਫਲ ਵਿੱਚ ਮਾਤਰਾ ਦੀ ਗਿਣਤੀ (ਜਿਵੇਂ x^3, x^2y, xyz ਸਭ ਤਿੰਨ-ਮਾਤਰੀ ਫਲ ਹਨ).

three dd. : ਲੰਬਾਈ, ਚੌੜਾਈ, ਉਚਾਈ ਜਾਂ ਡੂੰਘਾਈ ਜਾਂ ਉਚਾਈ.

(-)dimensionAL, *a.* : ਪਾਸੀਆ, ਜਿਵੇਂ three-d. : ਤ੍ਰਿਪਾਸੀਆ, four-d. : ਚੁਪਾਸੀਆ.

dimensionLESS, *a.* : ਅਣਪਾਸੀਆ, ਆਕਾਰਹੀਣ.

dimerous, *a.* : (ਜੀਵ-ਵਿਗਿਆਨ) ਦੋਪਾਸੀਆ, ਦੋ-ਭਾਗਾ.

dimeter, *n.* : ਦੋ-ਚਰਨੀ ਛੰਦ, ਦੋ-ਤੋਲਾ ਛੰਦ.

dimidiate, *a.* : ਦੋ-ਫਾੜ, ਦੋ ਹਿੱਸਿਆਂ ਵਿੱਚ ਵੰਡਿਆ ਹੋਇਆ.

diminish, *v. t. & i.* : ਘਟਾਉਣਾ ਜਾਂ ਘਟਣਾ, ਘਟ ਕਰਨਾ ਜਾਂ ਘਟ ਹੋਣਾ, ਕੁਮਲਾਉਣਾ, ਸਿਮਟਣਾ.

diminishABLE, *a.* : ਘਟਣਯੋਗ ਜਾਂ ਘਟਾਉਣਯੋਗ.

diminishINGLY, *adv.* : ਘਟਦੇ ਘਟਦੇ, ਘਟਾਉਂਦਿਆਂ ਹੋਇਆਂ.

diminuendo [It.] : (ਸੰਗੀਤਕ ਸੂਚਨਾ) ਹੌਲੇ ਹੌਲੇ ਧੀਮਾ ਕਰੀ ਜਾਓ.

diminution, *n.* : ਘਾਟਾ, ਕਮੀ, ਘਟਾਉ, ਤੋਟਾ, ਥੁੜ੍ਹ, ਕਸਰ, ਘਟਾਈ ਹੋਈ ਮਿਕਦਾਰ.

diminutive, *n. & a.* : (ਵਿਆਕਰਣ) ਛੁਟ-ਵਾਚਕ ਸ਼ਬਦ, ਅਲਪਾਰਥਕ ਚਿੰਨ੍ਹ; ਲਘੂ, ਨਿੱਕਾ, ਛੋਟਾ, ਅਲਪ.

diminutivAL, *a.* : ਛੁਟ-ਵਾਚਕ, ਅਲਪਾਰਥਕ.

diminutiveLY, *adv.* : ਛੁਟ-ਵਾਚਕ ਦੇ ਤੌਰ ਤੇ, ਅਲਪਾਰਥਕ ਢੰਗ.

diminutiveNESS, *n.* : ਛੁਟ-ਵਾਚਕਤਾ, ਅਲਪਾਰਥਕਤਾ, ਛੋਟਾਪਣ.

dimissory, *a.* : ਵਿਦਾਇਗੀ ਵਾਲਾ, ਵਿਦਾਇਗੀ ਦੀ ਆਗਿਆ ਸੰਬੰਧੀ.

dimity, *n.* : ਇੱਕ ਮੋਟਾ ਸੂਤੀ ਕਪੜਾ ਜਿਸ ਉੱਤੇ ਉਭਰਵੀਆਂ ਧਾਰੀਆਂ ਜਾਂ ਬੂਟੀਆਂ ਕਢੀਆਂ ਹੋਣ.

dimorphic, dimorphous, *aa.* : (ਰਸਾਇਣ) ਦੋ-ਰੂਪਾ, ਦੋ-ਸ਼ਕਲੀ.

dimorphISM, *n.* : ਦੋ-ਰੂਪਾ ਹੋਣਾ.

dimple, *n. & v. t. & i.* : ਗਲ੍ਹ-ਟੋਆ, ਗਲ੍ਹ ਜਾਂ ਠੋਡੀ ਦਾ ਟੋਆ; ਚਲਵੱਲਾ, ਟੋਆ; ਟੋਆ ਜਾਂ ਚਲਵੱਲਾ ਪਾਉਣਾ ਜਾਂ ਪੈਣਾ; ਸਹਿਜ ਉੱਠਣੀ (ਪਾਣੀ ਆਦਿ ਉੱਤੇ).

din, *n. & v. t. & i.* : ਰੌਲਾ, ਚੀਕ-ਚਿਹਾੜਾ, ਰੌਲਾ-ਰੱਪਾ, ਸ਼ੋਰ, ਖਲਬਲ; ਰੌਲਾ ਪਾਉਣਾ, ਸ਼ੋਰ ਕਰਨਾ; ਆਪ ਖਾਪ ਕੇ ਅਕਾ ਮਾਰਨਾ.

dine, *v. i. & t.* : ਰੋਟੀ ਖਾਣੀ, ਦੁਪਹਿਰ ਖਾਣਾ, ਭੋਜਨ ਖਾਣਾ, ਆਹਾਰ ਕਰਨਾ; ਰੋਟੀ ਖਵਾਣੀ, ਖੁਆਉਣੀ, ਪ੍ਰਸ਼ਾਦ ਛਕਾਉਣਾ.

d. out : ਰੋਟੀ ਬਾਹਰ ਖਾਣੀ.

d. with Duke Humphrey : ਭੁੱਖੇ ਰਹਿਣਾ, ਰੋਟੀ ਨਸੀਬ ਨਾ ਹੋਣਾ.

dining-room : ਖਾਣੇ ਦਾ ਕਮਰਾ.

diner, *n.* : ਖਾਣ ਵਾਲਾ; ਰੇਲ ਦਾ ਖਾਣੇ ਵਾਲਾ ਡੱਬਾ.

d.-out : ਬਾਹਰ ਖਾਣ ਵਾਲਾ.

ding-dong, *adv., n. & a.* : ਟਨ-ਟਨ, ਘੰਟੇ ਦੀ ਅਵਾਜ਼; ਜ਼ੋਰਦਾਰ ਤਕਰਾਰੀ.

dinghy, dingey, *n.* : ਡੂੰਗਾ, ਡੋਂਗੀ, ਛੋਟੀ ਬੇੜੀ.

dingle, *n.* : ਡੂੰਘੀ ਵਾਦੀ, ਸੰਘਣੀ ਰੁਕ.

dingo, *n.* : ਆਸਟਰੇਲੀਆ ਦਾ ਜੰਗਲੀ ਕੁੱਤਾ.

dingy, *a.* : ਦਲਿੱਦਰੀ, ਮੈਲਾ, ਗੰਦਾ, ਮੈਲਾ-ਕੁਚੈਲਾ.

dingiLY, *adv.* : ਗੰਦੀ ਤਰ੍ਹਾਂ, ਗੰਦੇ ਢੰਗ.

dinginESS, *n.* : ਗੰਦਗੀ, ਮੈਲਾਪਣ.

dinky, *a.* : (ਬੋਲਚਾਲ) ਸੁਥਰਾ, ਸੋਹਣਾ, ਚਟਕੀਲਾ.

dinner, *n.* : ਭੋਜਨ, ਖਾਣਾ, ਦਾਵਤ.

d.-jacket : ਡਿਨਰ-ਕੋਟ.

d.-set : ਡਿਨਰ-ਸੈੱਟ, ਖਾਣੇ ਦੀਆਂ ਪਲੇਟਾਂ-ਪਿਆਲੀਆਂ.

d.-waggon : ਖਾਣਾ-ਪਰੋਸਣ-ਗੱਡੀ.

dinoceras, *n.* : ਇੱਕ ਛੇ ਸਿੰਗਾ ਪਸ਼ੂ.

dinosaur, *n.* : ਡਾਇਨਾਸੋਰ, ਇੱਕ ਵਿਸ਼ਾਲ ਪਸ਼ੂ (ਜੋ ਹੁਣ ਲੋਪ ਹੋ ਗਿਆ ਹੈ).

dinothere, *n.* : ਇੱਕ ਵੱਡੇ ਆਕਾਰ ਵਾਲਾ ਜਾਨਵਰ ਜੋ ਹੁਣ ਲੋਪ ਹੈ.

dint, *n. & v. t.* : (ਪੁਰਾਣਾ) ਸੱਟ ਦਾ ਨਿਸ਼ਾਨ, ਚਿੱਬ, ਟੋਆ, ਜ਼ੋਰ; ਟੋਆ ਪਾ ਦੇਣਾ, ਚਿੱਬ ਪਾਉਣਾ.

by d. of : ਦੇ ਜ਼ੋਰ, ਦੇ ਬਲ ਤੇ.

diocesan, *a. & n.* : ਲਾਟ-ਪਾਦਰੀ ਦੇ ਇਲਾਕੇ ਦਾ, ਸੰਬੰਧੀ; ਇਲਾਕੇ ਦਾ ਲਾਟ-ਪਾਦਰੀ.

diocese, *n.* : ਲਾਟ-ਪਾਦਰੀ ...

dioecious, *a.* : (ਜੀਵ-ਵਿਗਿਆਨ) ਦੋ-ਲਿੰਗੀ, ਦੋ-ਲਿੰਗੀ.

dioptric, *a. & n.* : ਪਾਰਦਰਸ਼ੀ (ਸ਼ੀਸ਼ਾ, ਲੈਂਜ਼ ਆਦਿ), ਜਿਸ ਵਿੱਚੋਂ ਵੇਖਿਆ ਜਾ ਸਕੇ; ਨਿਗਾਹ ਦੇ ਸਹਿ ਨੂੰ ਮਦਦ ਕਰਨ ਵਾਲੀ ਐਨਕ.

dioptrics, *n.* : ਦ੍ਰਿਸ਼-ਵਿਦਿਆ ਦਾ ਪ੍ਰਤਿਵਰਤਨ ਭਾਗ, ਪ੍ਰਕਾਸ਼ ਉਹ ਵਿਦਿਆ ਜਿਸ ਵਿੱਚ ਨਜ਼ੀਕ ਦੇ ਮੋੜ ਸੰਬੰਧੀ ਵਿਚਾਰ ਹੁੰਦੀ ਹੈ.

diorama, *n.* : ਉੱਚੇ ਝਰੋਖੇ ਵਿੱਚ ਰੰਗਾਂ ਅਤੇ ਰੌਸ਼ਨੀ ਦੀ ਤਬਦੀਲੀ ਨਾਲ ਮੁੱਲਕ ਦੇ ਦ੍ਰਿਸ਼ ਅਸਲ ਦੇਖਣ ਆਦਿ ਦੇ ਲੱਗਣ ਵਰਗੇ ਜਾਣ.

dioramic, *a.* : ਇਸ ਤਰ੍ਹਾਂ ਦੀਆਂ ਮੂਰਤਾਂ ਬਾਰੇ.

dioxide, *n.* : (ਰਸਾਇਣ) ਆਕਸਾਈਡ ਜਿਸ ਵਿੱਚ ਆਕਸੀਜਨ ਅਤੇ ਇੱਕ ਹਿੱਸਾ ਧਾਤ ਮਿਲੇ ਹੋਣ.

dip[1], *v. t. & i.* : ਡੋਬਣਾ, ਡੋਬਾ ਦੇਣਾ, ਡੁੱਬਣਾ, ਚੁੱਭੀ ਲਾਉਣੀ; ਨੁਹਾਉਣਾ, ਰੰਗਾਉਣਾ; ਨਿਵਾਉਣਾ, ਨੀਵਾਂ ਕਰਨਾ, ਡਿਗਣਾ, ਉੱਤਰਨਾ, ਝੁਕਣਾ, ਝੁਕਾਉਣਾ, ਢਾਲੂ ਹੋਣਾ, ਢਲ ਜਾਣੀ; ਕਿਸੇ ਕਿਸੇ ਥਾਂ ਤੋਂ ਪੜ੍ਹਨਾ.

d. into one's purse : ਜਿਸ ਜੇਬ੍ਹ ਚੋਂ ਖ਼ਰਚ ਕਰਨਾ.

d. one's pen in gall : (ਲਿਖਤ ਵਿੱਚ) ਜ਼ਹਿਰ ਉਗਲਣਾ.

dipping-needle : ਝੁਕੀ ਸੂਈ.

dip², n. : ਚੁੱਭੀ, ਗੋਤਾ, ਡੁਬਕੀ, ਗੋਤਾ (ਥੋੜਾ ਚਿਰ); ਝੁਕਾਅ; ਢਾਲ; ਢਾਲ ਦੀ ਕੋਣ, ਡੋਬ, ਡੁਬਕੀ; ਚਰਬੀ ਦੀ ਬੱਤੀ; ਕੀਟਨਾਸ਼ਕ ਦਵਾਈ ਜਿਸ ਵਿੱਚ ਭੇਡਾਂ ਆਦਿ ਜਾਨਵਰਾਂ ਨੂੰ ਨੁਹਾਉਂਦੇ ਹਨ.

d.-needle : ਝੁਕਾਉ-ਦਰਸਾਇਕ ਸੂਈ, ਢੋਬ-ਪ੍ਰਗਟਾਊ ਸੂਈ.

d.-net : ਮੱਛੀ-ਜਾਲ.

d.-pipe : ਗੈਸ-ਟੈਂਕ ਨਲਕੀ.

diptheria, diptheritis, n.n. : ਖੁਨਾਕ, ਗਲ-ਘੋਟੂ ਰੋਗ.

diptherIAL, diptheric, diptheritic, diptheroid, aa. : ਖੁਨਾਕੀ, ਗਲ-ਘੋਟੂ ਰੋਗ ਸੰਬੰਧੀ.

diphthong, n. : ਦੋਹਰ ਸੁਰ; ਜਿਵੇਂ ਐ, ਔ, ou.

diphthongAL, a. : ਦੋਹਰ-ਸੁਰੀ.

dipl(o)-, : ਯੂਨਾਨੀ ਤੋਂ ਬਣੇ ਸ਼ਬਦਾਂ ਦਾ ਅਗੇਤਰ ਜਿਸ ਦਾ ਅਰਥ 'ਦੂਹਰਾ' ਹੈ; ਜਿਵੇਂ diplocardiac : ਦੂਹਰੇ ਦਿਲ ਵਾਲਾ.

diploma, n. : ਡਿਪਲੋਮਾ, ਸਨਦ, ਅਧਿਕਾਰ-ਪੱਤਰ.

diploma'd, -maed, a. : ਸਨਦ-ਪ੍ਰਾਪਤ.

diplomacy, n. : ਅੰਤਰ-ਨੀਤੀ; ਰਾਜਨੀਤੀ, ਨੀਤੀ, ਜੁਗਤ; ਚਾਲਬਾਜ਼ੀ.

diplomat, n. : ਰਾਜ-ਦੂਤ; ਨੀਤੀਵਾਨ.

diplomatic, a. : ਅੰਤਰ-ਰਾਸ਼ਟਰੀ ਸੰਬੰਧਾਂ ਬਾਰੇ; ਸਫ਼ਾਰਤੀ; ਅੰਤਰ-ਨੀਤਕ; ਨੀਤਕ; ਨੀਤੀ-ਨਿਪੁੰਨ, ਜਾਚਵਾਨ, ਚਤਰ.

diplomaticALLY, adv. : ਅੰਤਰ-ਰਾਸ਼ਟਰੀ ਨੀਤੀ ਨਾਲ, ਨੀਤੀ ਦੁਆਰਾ, ਚਲਾਕੀ ਨਾਲ.

diplomatist, n. : ਨੀਤੀਵਾਨ, ਨੀਤੀਵੇਤਾ, ਸਫ਼ਾਰਤ (ਰਾਜਦੂਤ-ਮੰਡਲ) ਦਾ ਕਰਮਚਾਰੀ; ਨੀਤਕ ਚਾਲਾਂ ਵਾਲਾ ਆਦਮੀ.

diplomatize, v. i. : ਨੀਤੀ ਵਰਤਣੀ; ਸਿਆਸੀ ਚਾਲ ਚਲਣੀ, ਰਾਜ-ਦੂਤ ਜਾਂ ਸਫ਼ੀਰ ਹੋ ਕੇ ਕੰਮ ਕਰਨਾ.

dipper, n. : ਚੁੱਭੂ, ਡੁਬਕੀ ਲਾਉਣ ਵਾਲਾ; ਗੋਤਾ ਦੇ ਕੇ ਬਪਤਿਸਮਾ ਦੇਣ ਵਾਲਾ; ਇੱਕ ਕਿਸਮ ਦਾ ਪੰਛੀ, ਜਲ-ਕਾਂ; ਕੜਛੀ; ਮੋਟਰ ਦੀਆਂ ਬੱਤੀਆਂ ਨੀਵੀਆਂ ਕਰਨ ਵਾਲਾ ਕਾਂਟਾ; ਸਪਤ-ਰਿਸ਼ੀ, ਤੁੰਗਵਰੀ.

dippy, a. : (ਬੋਲਚਾਲ) ਖਬਤੀ, ਸਿਰ-ਫਿਰਿਆ.

dipsomania, n. : ਸ਼ਰਾਬਖੋਰੀ ਦਾ ਖਬਤ, ਮਦ-ਤ੍ਰਿਸ਼ਨਾ.

dipsomaniac, n. : ਮਦ-ਖਬਤੀ.

dipteral, a. : ਦੂਹਰੇ ਥੰਮ੍ਹ-ਪਾਲ ਵਾਲਾ, ਜਿਸ ਵਿੱਚ ਥੰਮ੍ਹਾਂ ਦੀਆਂ ਦੋ ਪਾਲਾਂ ਹੋਣ.

dipterous, a. : (ਜੀਵ-ਵਿਗਿਆਨ) ਦੁਪਰੀਆ, ਦੁਖੰਭਾ.

diptych, n. : ਦੂਹਰੀ ਤਖ਼ਤੀ (ਲਿਖਣ ਵਾਲੀ); ਦੁਤਖ਼ਤੀ ਤਸਵੀਰ.

dire, a. : ਭਿਆਨਕ, ਡਰਾਉਣਾ, ਮਾੜਾ, ਸਖ਼ਤ, ਘੋਰ.

d. sisters : (ਯੂਨਾਨੀ ਦੇਵਮਾਲਾ) ਫੱਰੀਆਂ, ਚੁੜੇਲਾਂ, ਡੈਣਾਂ.

direLY, adv. : ਭਿਆਨਕ ਤੌਰ ਤੇ, ਬੁਰੀ ਤਰ੍ਹਾਂ.

direct¹, v. t. & i. : ਪਤੇ ਤੇ ਭੇਜਣਾ, ਘੱਲਣਾ; ਸੰਬੋਧਨ ਕਰਨਾ, ਮੂੰਹ ਕਰਨਾ; ਰੁਖ਼ ਕਰਨਾ, ਮੋੜਨਾ, ਕੇਂਦਰਤ (ਅੱਖਾਂ, ਧਿਆਨ, ਵਿਚਾਰ); ਰਾਹ ਦੱਸਣਾ, ਪਤਾ ਦੇਣਾ, ਅਗਵਾਈ ਕਰਨੀ, ਹੁਕਮ ਦੇਣਾ; ਅਗਵਾਈ ਕਰਨੀ.

directivE, a. & n. : ਸੰਕੇਤਕੀ, ਸੂਚਕ; ਅਗਵਾਈ, ਆਗਿਆ, ਹੁਕਮ.

direct², a. & adv. : ਸਿੱਧਾ, ਸੈਨਾ; ਖਰਾ, ਠੀਕ; ਖਰ੍ਹਾ; ਸਾਫ਼-ਸਾਫ਼, ਸਪਸ਼ਟ, ਸਾਖ਼ਿਆਤ, ਪ੍ਰਤੱਖ; ਉੱਘਾ; ਆਸਾਨ-ਆਪ, ਤੁਰਤ, ਝਟ-ਪਟ.

d. action : ਅਮਲੀ ਕਾਰਵਾਈ, ਅਮਲੀ ਕੰਮ (ਹੜਤਾਲ ਆਦਿ), ਸਿੱਧਾ.

d. hit : ਸਿੱਧਾ ਨਿਸ਼ਾਨਾ, ਸਿੱਧੀ ਚੋਟ.

d. speech : (ਵਿਆਕਰਨ) ਸਿੱਧਾ ਭਾਵ, ਜਿਸ ਵਿੱਚ ਵਕਤਾ ਦੇ ਕਹੇ ਹੋਏ ਸ਼ਬਦ ਇੰਨ-ਬਿੰਨ ਵਰਤੇ ਜਾਣ.

d. tax : ਸਿੱਧਾ ਟੈਕਸ, ਪ੍ਰਤੱਖ ਕਰ.

directNESS, n. : ਸਿੱਧ, ਸਿੱਧ, ਸਿੱਧਾਪਣ; ਸਰਲਤਾ, ਖਰਾਪਣ, ਸਫ਼ਾਈ.

direction, n. : ਪਾਸਾ, ਦਿਸ਼ਾ, ਸੇਧ, ਤਰਫ਼, ਵੱਲ, ਰਾਹ, ਰੁਖ਼, ਦਾਅ; ਪਤਾ, ਸਿਰਨਾਵਾਂ; ਆਗਿਆ, ਹੁਕਮ, ਹਦਾਇਤ; ਅਗਵਾਈ; ਪ੍ਰਬੰਧ, ਨਿਗਰਾਨੀ, ਦੇਖ-ਭਾਲ.

directly, adv. : ਸਿੱਧੇ, ਸਿੱਧੀ ਤਰ੍ਹਾਂ; ਤੁਰਤ, ਝਟ-ਪਟ, ਛੇਤੀ, ਹੁਣੇ, ਹੁਣੇ ਹੀ; ਜਿਵੇਂ ਹੀ, ਜਿਉਂ ਹੀ.

director, n. : ਡਾਇਰੈਕਟਰ, ਪ੍ਰਬੰਧਕ, ਸੰਚਾਲਕ, ਮੁਹਤਮਿਮ, ਮੁਖ਼ਤਾਰ-ਕਾਰ; ਪ੍ਰੋਹਤ; (ਨਾਟਕ ਦਾ) ਡਾਇਰੈਕਟਰ, ਸੂਤਰਧਾਰ; ਕਿਸੇ ਯੰਤਰ ਦੀ ਦਿਸ਼ਾ ਨੂੰ ਠੀਕ ਸਿਰ ਰੱਖਣ ਵਾਲਾ ਪੁਰਜ਼ਾ.

directorIAL, a. : ਪ੍ਰਬੰਧਕੀ, ਸੰਚਾਲਕੀ.

directorSHIP, n. : ਡਾਇਰੈਕਟਰੀ, ਸੰਚਾਲਕੀ, ਸੰਚਾਲਕ ਦੀ ਪਦਵੀ.

directRESS, n. : ਪ੍ਰਬੰਧਕ, ਪ੍ਰਬੰਧਕਾ, ਸੰਚਾਲਕਾ.

directorate, n. : ਡਾਇਰੈਕਟੋਰੇਟ, ਡਾਇਰੈਕਟਰ ਜਾਂ ਸੰਚਾਲਕ ਦਾ ਦਫ਼ਤਰ; ਡਾਇਰੈਕਟਰਾਂ ਦਾ ਬੋਰਡ.

directory¹, a. : ਪ੍ਰਬੰਧਕੀ, ਅਗਵਾਈ-ਕਰ; ਹੁਕਮੀ, ਆਗਿਆ ਦਾਇਕ.

directory², n. : ਡਾਇਰੈਕਟਰੀ, ਟਾਈਮ-ਟੇਬਲ, ਨੇਮਾਵਲੀ.

directrix, n. : =directress; (ਰੇਖਾ-ਗਣਿਤ) ਨਿਯਤਾ, ਤਲ ਜਾਂ ਗੋਲਾਈ ਪ੍ਰਗਟਾਉਣ ਵਾਲੀ ਸਥਿਰ ਰੇਖਾ.

direful, a. : ਭਿਆਨਕ, ਡਰਾਉਣਾ.

direfulLY, adv. : ਭਿਆਨਕ ਰੂਪ ਵਿੱਚ, ਡਰਾਉਣੇ ਢੰਗ.

dirge, n. : ਕੀਰਨਾ, ਅਲਾਹੁਣੀ, ਵੈਣ, ਮਰਸੀਆ.

dirigible, a. & n. : ਸੰਚਾਲਿਤ, ਅਗਵਾਈ-ਯੋਗ (ਗੁਬਾਰਾ), ਗੁਬਾਰਾ.

diriment, a. : ਤੋੜੂ, ਖੰਡਕ, ਰੱਦ ਕਰਨ ਵਾਲਾ.

d. impediment : ਤੋੜੂ ਰੋਕ, ਸਬੰਧ-ਤੋੜੂ ਅੜਿੱਕਾ, ਕਨੂੰਨੀ ਨੁਕਸ ਜਿਸ ਨਾਲ ਵਿਆਹ ਮੁੱਢੋਂ ਹੀ ਅਣਹੋਇਆ ਕਰਾਰ ਦਿੱਤਾ ਜਾਏ.

dirk, n. & v. t. : ਕਟਾਰ, ਖੰਜਰ; ਜਮਧਾੜ, ਕਟਾਰ ਮਾਰਨੀ.

dirt, n. : ਮੈਲ, ਮੈਲ-ਕੁਚੈਲ, ਕੂੜਾ-ਕਰਕਟ, ਗੰਦ-ਮੰਦ, ਮਲ-ਮੂਤ, ਚਿੱਕੜ, ਗੰਦਗੀ; ਮਿੱਟੀ, ਧੂੜ, ਧੂੜ-ਧੱਪਾ; ਗੰਦੀਆਂ ਗੱਲਾਂ, ਬਕਵਾਸ.

d.-eating : ਮਿੱਟੀ ਖਾਣ ਦਾ ਰੋਗ.

d.-cheap : ਮਿੱਟੀ ਦੇ ਭਾ, ਬਹੁਤ ਸਸਤਾ.

d.-pie : ਮਿੱਟੀ ਦੇ ਖਿਡਾਉਣੇ ਜੋ ਬੱਚੇ ਨਾਲੀਆਂ ਵਿੱਚੋਂ ਮਿੱਟੀ ਲੈ ਕੇ ਬਣਾਉਂਦੇ ਹਨ.

eat d. : ਬੇਇੱਜ਼ਤੀ ਸਹਿਣਾ, ਜ਼ਿੱਲਤ ਸਹਿਣੀ.

fling d. : ਚਿੱਕੜ ਉਛਾਲਣਾ, ਮੰਦਾ ਬੋਲਣਾ.

yellow d. : ਸੋਨਾ ਜੋ ਮੈਲ ਹੈ, ਸੋਨਾ.

dirty, a. : ਮੈਲਾ, ਗੰਦਾ, ਮੈਲਾ-ਕੁਚੈਲਾ, ਮਲੀਨ, ਗੰਧਲਾ; ਤੁੱਛ, ਨੀਚ, ਘਿਰਣਤ, ਜ਼ਲੀਲ, ਪਾਜੀ, ਕਮੀਨਾ, ਨਾਪਾਕ, ਕਾਮ ਦਾ (ਖਿਆਲ); ਮੀਂਹ ਵਾਲਾ, ਧੁੰਦਲਾ (ਮੌਸਮ); (v.) ਮੈਲਾ ਕਰਨਾ ਜਾਂ ਹੋਣਾ, ਗੰਦਾ ਕਰਨਾ ਜਾਂ ਹੋਣਾ.

d. work : ਬੇਈਮਾਨੀ, ਨੀਚ ਕੰਮ, ਕਮੀਨਾ ਕੰਮ.

dirtiLY, adv. : ਗੰਦੀ ਤਰ੍ਹਾਂ, ਭੈੜੀ ਤਰ੍ਹਾਂ.

dirtiNESS, n. : ਮੈਲ, ਗੰਦਗੀ, ਮਲੀਨਤਾ.

dirtyISH, a. : ਘਸਮੈਲਾ, ਮੈਲਾ ਜਿਹਾ.

dis-, : ਅਗੇਤਰ ਜਿਸ ਦਾ ਅਰਥ ਹੈ : ਨਾ, ਨਿ-, ਨਿਰ-, -ਹੀਣ, -ਰਹਿਤ, ਅ-, ਅਣ-, ਕੁ-, ਵਿ-, ਦੁ-.

disability, n. : ਅਯੋਗਤਾ, ਨਿਰਯੋਗਤਾ, ਮਜਬੂਰੀ, ਮੁਥਾਜੀ, ਲਾਚਾਰੀ, ਅਸਮਰਥਾ.

disable, v. t. : ਨਿਰਯੋਗ ਕਰ ਦੇਣਾ, ਮੁਥਾਜ ਕਰ ਦੇਣਾ, ਬੇਕਾਰ ਕਰ ਦੇਣਾ, ਨਕਾਰਾ ਕਰ ਦੇਣਾ, ਨਿਰਬਲ ਕਰ ਦੇਣਾ, ਨਕਾਰਾ ਕਰਨਾ, ਅੰਗਹੀਣ ਕਰਨਾ.

disableMENT, n. : ਨਿਰਯੋਗਤਾ; ਮੁਥਾਜੀ, ਅਸਮਰਥਾ; ਅੰਗਹੀਣਤਾ.

disabuse, *v. t.* : ਭੁਲੇਖਾ ਕੱਢਣਾ, ਵਹਿਮ ਹਟਾਉਣਾ, ਅੱਖਾਂ ਖੋਲ੍ਹ ਦੇਣੀਆਂ.

disaccord, *n.* & *v. i.* : ਅਣਮੇਲ, ਮਤ-ਭੇਦ, ਅਸਹਿਮਤੀ; ਅਣਬਣ, ਫੁਟ; ਅਣਮੇਲ ਹੋਣਾ, ਅਸਹਿਮਤੀ ਹੋਣੀ, ਮਤ-ਭੇਦ ਹੋਣਾ, ਫੁਟ ਪੈਣੀ.

disadvantage, *n.* : ਘਾਟਾ, ਹਾਨੀ, ਹਾਣ, ਘਾਟ, ਨੁਕਸ, ਅਲਾਭ, ਘਟੌਣਾ, ਨੁਕਸਾਨ.

disadvantageous, *a.* : ਘਾਟੇਵੰਦਾ, ਹਾਨੀਕਾਰਕ, ਅਲਾਭਕਾਰੀ.

disadvantageously, *adv.* : ਘਾਟੇ ਨਾਲ, ਹਾਨੀਕਾਰਕ ਤੌਰ ਤੇ.

disaffected, *a.* : ਵਿਗੜਿਆ ਹੋਇਆ, ਵਿਟਰਿਆ ਹੋਇਆ, ਵਿਰੋਧੀ, ਵਿਮੁੱਖ, ਦੋਖੀ.

disaffection, *n.* : ਕੁਪਿਆਰ, ਦ੍ਵੈਖ, ਵਿਗਲਣ, ਵਿਖੇਪ, ਵਿਮੁੱਖਤਾ, ਵਿਗਾੜ, ਬਦਦਿਆਨਤੀ, ਵੈਰ, ਵਿਰੋਧ, ਸਿਆਸੀ ਅਸ਼ਾਂਤੀ ਜਾਂ ਵਿਗਾੜ.

disaffirm, *v. t.* : ਅਪਰਵਾਨ ਕਰਨਾ, ਰੱਦਣਾ (ਕੀਤੇ ਹੋਏ ਫ਼ੈਸਲੇ ਨੂੰ).

disaffirmance, *n.* : ਅਪਰਵਾਨਗੀ, ਮਨਸੂਖੀ.

disafforest, *v. t.* : ਅਜੰਗਲਣਾ, ਜੰਗਲ ਨੂੰ (ਕਨੂੰਨੀ ਤੌਰ ਤੇ) ਸਧਾਰਨ ਜ਼ਿਮੀਂ ਕਰਾਰ ਦੇਣਾ.

disafforestation, *n.* : ਅਜੰਗਲੀਕਰਨ.

disagree, *v. i.* : ਅਣਮੇਲ ਹੋਣਾ, ਅਣਜੋੜ ਹੋਣਾ, ਮੇਲ ਨਾ ਖਾਣਾ, ਮਤ-ਭੇਦ ਹੋਣਾ, ਭਿੰਨ ਹੋਣਾ, ਵਖੇਵਾਂ ਹੋਣਾ, ਵਿਰੋਧ ਹੋਣਾ, ਵਿਟਰਨਾ, ਨਾ ਮੰਨਣਾ, ਠੀਕ ਨਾ ਸਮਝਣਾ; (ਅੰਨ ਪਾਣੀ ਦਾ) ਕੁਅਨੁਕੂਲ ਹੋਣਾ, ਅਣਸੁਖਾਣਾ, ਅਸੁਖਾਉਣਾ, ਨਾ ਸੁਖਾਉਣਾ.

disagreement, *n.* : ਅਣਮੇਲ, ਅਣਜੋੜ, ਅੰਤਰ, ਮਤ-ਭੇਦ, ਵਖੇਵਾਂ, ਫੁਟ, ਲੜਾਈ, ਝਗੜਾ, ਟੱਕਰ, ਪਾੜਾ, ਅਣਬਣ, ਵਿਵਾਦ, ਵਿਰੋਧ, ਨਾਂਹ, ਨਾਮਨਜ਼ੂਰੀ, ਪ੍ਰਤਿਕੂਲਤਾ, ਅਣੱਸੀ.

disagreeable, *a.* & *n.* : ਅਣਸੁਖਾਵਾਂ, ਅਸੁਖਾਵਾਂ, ਅਣਰੋਚਕ, ਅਪ੍ਰੀਤ, ਨਾਪਸੰਦ, ਭੈੜਾ, ਨਾਮਾਕੂਲ, ਅਣਭਾਉਂਦਾ, ਅਰੋਚ.

disagreeableness, *n.* : ਅਣਮੇਲ, ਅਰੋਚ, ਅਣਰੋਚਕਤਾ, ਅਣਸੁਖਾਵਾਂਪਨ, ਨਾਮਾਕੂਲੀ, ਭੈੜ.

disagreeably, *adv.* : ਅਣਸੁਖਾਵੇਂ ਤੌਰ ਤੇ, ਅਣਸੁਖਾਵਿਆਂ, ਭੈੜੀ ਤਰ੍ਹਾਂ.

disallow, *v. t.* : ਅਪਰਵਾਨਣਾ, ਅਪਰਵਾਨ ਕਰਨਾ, ਮੰਨਣਾ ਨਾ, ਵਰਜ ਦੇਣਾ, ਰੋਕ ਦੇਣਾ, ਆਗਿਆ ਨਾ ਦੇਣੀ.

disannul, *v. t.* : ਮਨਸੂਖਣਾ, ਰੱਦ ਕਰਨਾ.

disappear, *v. i.* : ਲੋਪ ਹੋ ਜਾਣਾ, ਛਿਪ ਜਾਣਾ, ਛਾਈਂ-ਮਾਈਂ ਹੋ ਜਾਣਾ, ਓਹਲੇ ਹੋ ਜਾਣਾ, ਗੁਆਚੀ ਜਾਣਾ, ਗੁੰਮੀ ਜਾਣੀ, ਖਿਸ਼ ਜਾਣਾ, ਤਿਲ੍ਹਕ ਜਾਣਾ, ਲੋਪ ਹੋ ਜਾਣਾ.

disappearance, *n.* : ਅਲੋਪੀ, ਅਲੋਪਤਾ, ਅਸਥਾਈਤ, ਛਿਪਣ, ਗੁਆਚੀ, ਗੁੰਮੀ.

disappoint, *v. t.* : ਨਿਰਾਸ ਕਰਨਾ, ਆਸ ਤੋੜਨੀ, ਨਾਉਮੀਦ ਕਰਨਾ, ਉਪਰਾਮ ਕਰਨਾ, ਦਿਲ ਤੋੜਨਾ.

disappointed, *a.* : ਨਿਰਾਸ਼ਾ, ਨਿਰਾਸ, ਨਾਉਮੀਦ, ਉਪਰਾਮ.

disappointedly, *adv.* : ਨਿਰਾਸ ਹੋ ਕੇ, ਨਿਰਾਸਤਾ ਨਾਲ, ਉਪਰਾਮ ਹੋ ਕੇ.

disappointing, *a.* : ਨਿਰਾਸਕ, ਨਾਉਮੀਦੀ ਵਾਲਾ, ਦਿਲ-ਤੋੜਵਾਂ, ਨਿਰਾਸਤਾ-ਜਨਕ.

disappointingly, *adv.* : ਨਿਰਾਸਤਾ-ਪੂਰਵਕ, ਦਿਲ-ਤੋੜਵੇਂ ਢੰਗ ਨਾਲ.

disappointment, *n.* : ਨਿਰਾਸਤਾ, ਨਾਉਮੀਦੀ, ਉਪਰਾਮਤਾ.

disapprobation, *n.* : ਅਪ੍ਰਸੰਨਤਾ, ਨਾਪਸੰਦ, ਤ੍ਰਿਸਕਾਰ, ਅਪਰਵਾਨਗੀ, ਅਣਸਵੀਕਾਰਤਾ.

disapprobative, **disapprobatory**, *a.* : ਅਪ੍ਰਸੰਨਤਾ-ਸੂਚਕ, ਤ੍ਰਿਸਕਾਰਕ.

disapprove, *v. t.* & *i.* : ਨਾਪਸੰਦ ਕਰਨਾ, ਤ੍ਰਿਸਕਾਰਨਾ, ਅਪ੍ਰਵਾਨ ਕਰਨਾ, ਰੱਦ ਕਰਨਾ, ਅਸਵੀਕਾਰ ਕਰਨਾ, ਅਸਹਿਮਤੀ ਪ੍ਰਗਟ ਕਰਨੀ.

disapproval, *n.* : ਨਾਪਸੰਦੀ, ਤ੍ਰਿਸਕਾਰ, ਅਪ੍ਰਵਾਨਗੀ, ਅਸਹਿਮਤੀ.

disapprovingly, *adv.* : ਨਾਪਸੰਦੀ ਨਾਲ, ਤ੍ਰਿਸਕਾਰ ਕਰਦਿਆਂ, ਅਪ੍ਰਵਾਨਗੀ ਨਾਲ, ਅਸਹਿਮਤੀ ਨਾਲ.

disarm, *v. t.* & *i.* : ਸ਼ਸਤ੍ਰ-ਵਿਹੀਨ ਕਰਨਾ, ਸ਼ਸਤ੍ਰਹੀਨ ਕਰਨਾ, ਹਥਿਆਰ ਖੋਹ ਲੈਣੇ, ਹਮਲਾ ਜੋਗਾ ਨਾ ਰਹਿਣ ਦੇਣਾ; ਫ਼ੌਜੀ ਬਲ ਘਟਾਉਣਾ; ਵੈਰ ਜਾਂ ਵਿਰੋਧ ਦੂਰ ਕਰਨਾ; ਸ਼ਕ ਦੂਰ ਕਰਨਾ.

disarmament, *n.* : ਫ਼ੌਜ-ਘਟਾਈ, ਅਸਤ੍ਰ-ਘਟਾਈ, ਨਿਹੱਥਾ ਕਰਨਾ, ਸ਼ਸਤ੍ਰਹੀਨਤਾ.

disarrange, *v. t.* : ਖੇਰੂ-ਖੇਰੂ ਕਰਨਾ, ਉਲਟ-ਪੁਲਟ ਕਰਨਾ, ਬੇਤਰਤੀਬ ਕਰਨਾ, ਕ੍ਰਮ-ਭੰਗ ਕਰਨਾ, ਰੂਪ ਵਿਗਾੜਨਾ, ਗੜ-ਬੜ ਕਰਨਾ, ਢੰਗ ਤੋੜ ਦੇਣਾ.

disarrangement, *n.* : ਉਲਟ-ਪੁਲਟ, ਖਿਲਰ-ਪੁਲਰ, ਕ੍ਰਮ-ਭੰਗ, ਬੇਤਰਤੀਬੀ, ਗੜ-ਬੜ, ਬਖੇੜਾ, ਅਵਿਵਸਥਾ.

disarray, *n.* & *v. t.* : ਉਲਟ-ਪੁਲਟ, ਖਿਲਰ-ਪੁਲਰ, ਬੇਤਰਤੀਬੀ, ਗੜ-ਬੜ; ਅਫ਼ਰਾ-ਤਫ਼ਰੀ, ਭੀੜ; ਵਸਤ੍ਰਹੀਨਤਾ; ਉਘੜ-ਦੁਘੜ ਪਹਿਰਾਵਾ; ਉਲਟ-ਪੁਲਟ ਕਰਨਾ, ਤਰਤੀਬ ਵਿਗਾੜਨੀ, ਬਖੇੜਾ ਪਾਉਣਾ, ਰੰਗ ਵਿਗਾੜਨਾ, ਗੜ-ਬੜ ਕਰ ਦੇਣੀ; ਨੰਗਾ ਕਰਨਾ, ਕਪੜੇ ਲਾਹ ਦੇਣੇ, ਵਸਤ੍ਰਹੀਨ ਕਰਨਾ.

disarticulate, *v. t.* : ਅੰਗ-ਅੰਗ ਕਰਨਾ, ਟੋਟੇ ਟੋਟੇ ਕਰਨਾ, ਵਖਰਿਆਉਣਾ, ਵਖਰਿਆਣਾ, ਵੱਖ ਵੱਖ ਕਰਨਾ, ਖਿੰਡਣਾ.

disarticulation, *n.* : ਖਿੰਡਾਵ, ਵਖਰੇਵਾਂ, ਖਿੰਡਾਵ.

disassimilation, *n.* : ਵਖਰ-ਭੇਦ, ਰਸਾਇਣ-ਮਿਲਣੀਆਂ ਚੀਜ਼ਾਂ ਨੂੰ ਮੁੜ ਵੱਖ ਕਰ ਦੇਣਾ.

disassociation = **dissociation** (*q. v.*)

disaster, *n.* : ਬਿਪਤਾ, ਦੁਰਘਟਨਾ, ਉਪੱਦਰ, ਆਪਦਾ, ਆਫ਼ਤ, ਸ਼ਾਮਤ, ਮੁਸੀਬਤ.

disastrous, *a.* : ਬਿਪਤਾ ਵਾਲਾ, ਆਪਦਾ ਲਿਆਉ, ਦੁਖਦਾਈ.

disastrously, *adv.* : ਬਿਪਤਾ ਵਜੋਂ, ਦੁਖਦਾਈ ਤੌਰ ਤੇ.

disavow, *v. t.* : ਮੁਕਰਨਾ, ਨਾ ਮੰਨਣਾ, ਮੰਨਣ ਤੋਂ ਇਨਕਾਰ ਕਰਨਾ, ਤਰਦੀਦ ਕਰਨੀ.

disavowal, *n.* : ਮੁਕਰਾਈ, ਇਨਕਾਰ, ਨਾਂਹ, ਤਰਦੀਦ, ਨਾਹ.

disband, *v. t.* & *i.* : ਖਿੰਡਾ ਦੇਣਾ, ਟਾਕੀ ਖੋਲ੍ਹਣੀ; ਨਾਮ-ਤੋੜੀ ਕਰਨੀ, ਸੈਨਾ-ਭੰਗ ਕਰਨਾ, ਫ਼ੌਜ ਤੋੜ ਦੇਣੀ.

disbandment, *n.* : ਖਿੰਡਾਅ, ਨਾਮ-ਤੋੜੀ, ਸੈਨਾ-ਭੰਗ.

disbar, *v. t.* : ਐਡਵੋਕੇਟ ਕੋਲੋਂ ਲੈਣਾ, ਬਾਰ ਦੀ ਮੈਂਬਰੀ ਤੋਂ ਕੱਢ ਦੇਣਾ.

disbelieve, *v. t.* & *i.* : ਅਵਿਸ਼ਵਾਸ ਕਰਨਾ, ਪਰਤੀਤ ਨਾ ਕਰਨੀ, ਨਾ ਮੰਨਣਾ, ਵਿਸ਼ਵਾਸ ਨਾ ਕਰਨਾ, ਇਤਬਾਰ ਨਾ ਕਰਨਾ.

disbelief, *n.* : ਅਵਿਸ਼ਵਾਸ, ਬੇਪਰਤੀਤੀ, ਬੇਇਤਬਾਰੀ, ਬੇਯਕੀਨੀ.

disbranch, *v. t.* : ਟਾਹਣੀਆਂ ਲਾਹ ਦੇਣੀਆਂ, ਛਾਂਗਣਾ.

disbud, *v. t.* : (ਵਾਧੂ) ਕਲੀਆਂ ਤੋੜ ਸੁੱਟਣੀਆਂ.

disburden, *v. t.* : ਭਾਰ ਲਾਹ ਦੇਣਾ, ਬੋਝਾ ਹਲਕਾ ਕਰਨਾ ਜਾਂ ਲੈਣਾ, ਛੁਟਕਾਰਾ ਪਾਉਣਾ.

disburse, *v. t.* & *i.* : ਖ਼ਰਚ ਕਰਨਾ, ਚੁਕਾ ਦੇਣਾ, ਅਦਾ ਕਰ ਦੇਣਾ.

disbursement, *n.* : ਖ਼ਰਚ; ਚੁਕੌਤੀ, ਅਦਾਈ, ਅਦਾਇਗੀ.

disc = **disk** (*q. v.*).

discalceate, *a.* & *n.*, **discalceated**, **discalced**, *a.* : ਨੰਗੇ-ਪੈਰਾ, ਉਘੇਰਾਣਾ, ਪਦੁੱਤਿਕਾ ਵਾਲਾ (ਸਾਧੂ).

discard, *v. t.* & *i.* & *n.* : ਛੱਡ ਦੇਣਾ, ਤਿਆਗ ਦੇਣਾ, ਸੁਟ ਦੇਣਾ, ਰੱਦ ਕਰਨਾ; ਕੱਢ ਦੇਣਾ; ਬਦਰੰਗੀ ਵਿਚ ਸੁਟਣਾ (ਤਾਸ਼ ਦਾ ਪੱਤਾ), ਸੁੱਟਣਾ, ਸੁੱਟਿਆ ਹੋਇਆ ਪੱਤਾ.

discarnate, *a.* : ਅਸਰੀਰਕ, ਨਿਰਦੇਹ, ਅਦੇਹ.

discern, *v. t. & i.* : (ਪੁਰਾਤਨ) ਨਿਰਣਾ ਕਰਨਾ, ਵਿਵੇਕ ਕਰਨਾ, ਫ਼ਰਕ ਪਛਾਣਨਾ, ਵੇਖਣਾ, ਵੇਖ ਲੈਣਾ, ਜਾਣਨਾ, ਸਮਝਣਾ, ਮਲੂਮ ਕਰਨਾ, ਬੂਝ ਲੈਣਾ.

discernIBLE, *a.* : ਵਿਵੇਕਯੋਗ, ਦਿਸਦਾਨ, ਪਛਾਣਯੋਗ, ਪ੍ਰਤੱਖ.

discernIBLY, *adv.* : ਦਿਖਦਮਾਨ ਤੌਰ ਤੇ, ਦਿਸਦਾ ਹੋਇਆ.

discerning, *a.* : ਵਿਵੇਕੀ, ਸਿਆਣਾ, ਦੂਰ-ਦਰਸ਼ੀ, ਪਰਖਵਾਨ, ਬੁੱਧੀਮਾਨ, ਅਕਲਮੰਦ, ਸੁਚੇਤ, ਵਿਚਾਰਸ਼ੀਲ.

discernment, *n.* : ਵਿਵੇਕ, ਸਿਆਣਪ, ਤੀਖਣ-ਬੁੱਧੀ, ਸਹੀ ਸਮਝ.

discerptible, *a.* : ਵਖਰਿਆਉਣਯੋਗ, ਵਖ ਹੋ ਜਾਣ ਵਾਲਾ.

discerptibilITY : ਵਖਰਿਆਉਣ, ਵਖ ਹੋ ਸਕਣਾ.

discerption, *n.* : ਵਖਰੇਵਾਂ.

discharge[1], *v. t. & i.* : ਭਾਰ ਲਾਹੁਣਾ, (ਬਿਜਲੀ) ਖ਼ਾਲੀ ਕਰਨੀ, ਕੱਢਣੀ, ਕੱਢ ਦੇਣਾ, ਛੱਡ ਦੇਣਾ, (ਨੌਕਰੀ ਤੋਂ) ਜਵਾਬ ਦੇਣਾ, ਬਰਖ਼ਾਸਤ ਕਰਨਾ, ਮੌਕੂਫ਼ ਕਰਨਾ, ਮੁਕਤ ਕਰਨਾ; ਛੁਟ ਦੇਣਾ, ਰਿਹਾ ਕਰਨਾ, ਬਰੀ ਕਰਨਾ, ਛੱਡਣਾ, ਖ਼ਾਲੀ ਹੋਣਾ, ਬਾਹਰ ਵਗਣਾ, ਚਲਾਉਣੀ ਚਲਾਉਣੀ; ਉਤਾਰਨਾ (ਜਹਾਜ਼ ਵਿਚੋਂ), (ਬੰਦੂਕ, ਤੋਪ) ਚਲਾਉਣੀ, ਦਾਗਣੀ, ਚਲਾਉਣੀ, ਅਦਾ ਕਰਨੀ; ਚੁਕਾਉਣਾ, ਵਗਣਾ (ਪਾਕ); ਪੈਣਾ (ਨਦੀ ਦਾ ਸਮੁੰਦਰ ਵਿਚ), ਨਿਭਾਉਣਾ (ਫ਼ਰਜ਼), ਪੂਰਾ ਕਰਨਾ, ਭਾਰ ਲਾਹੁਣਾ; ਨਿਕਲਣਾ, ਪ੍ਰਦਰਸ਼ਿਤ (ਕਰਨਾ); (ਰੰਗ) ਲਾਹੁਣਾ.

d. bankrupt : ਦਿਵਾਲੀਏ ਨੂੰ ਬਰੀ ਕਰਨਾ (ਕਾਨੂੰਨੀ ਤੌਰ ਤੇ).

discharge, *n.* : ਨਿਕਾਸ (ਬਿਜਲੀ, ਪਾਣੀ ਆਦਿ ਦਾ); ਮੋਕਲੀ, ਜਵਾਬ, ਅਦਾਇਗੀ; ਛੁੱਟੀ, ਰਿਹਾਈ, ਛੁਟਕਾਰਾ, ਮੁਕਤੀ; ਉਤਾਰ (ਜਹਾਜ਼ ਵਿਚੋਂ); ਚਲਾਉਣ, ਸ਼ਲਕ, ਫ਼ਾਇਰ, ਫ਼ਰਜ਼ਅਦਾਈ, ਚੁਕਾਈ, ਅਦਾਈ; ਸਮੇਤਾਂ; ਨਿਕਾਸੀ (ਫੋੜੇ ਦੀ), ਪਰਤੀ; ਨਿਕਾਸ, ਰੀਸ-ਮੋਵ, ਮਲ, ਪਾਕ; ਕੰਮ ਨਿਭਾਉਣ ਦਾ ਮਸਲਾ.

discharger, *n.* : ਬਿਜਲਾਈ ਮਸ਼ੀਨ ਵਿਚ, ਨਿਕਾਸੂ (ਬਿਜਲੀ, ਪਾਣੀ ਆਦਿ ਦਾ).

disciple, *n.* : ਚੇਲਾ, ਚਾਟੜਾ, ਸ਼ਗਿਰਦ, ਸ਼ਰਧਾਲੂ, ਮੁਰੀਦ, ਸਿਖ, ਅਨੁਯਾਈ, ਅਨੁਸਾਰੀ.

discipleSHIP, *n.* : ਮੁਰੀਦੀ, ਸ਼ਗਿਰਦੀ, ਸਿਖੀ.

discipULAR, *a.* : ਮੁਰੀਦਾਂ ਦਾ, ਸ਼ਗਿਰਦਾਂ ਵਾਲਾ ਜਾਂ ਵਾਂਗਰ.

disciplinarian, *n.* : ਕਰੜਾਈਆ, ਡੰਡਾਮਾਰ, ਰਖਤ ਉੱਤੇ ਜ਼ੋਰ ਦੇਣ ਵਾਲਾ, ਤਾੜਨਾਬਾਜ਼, ਤਾੜਨਾ ਕਰਨ ਵਾਲਾ, ਸੰਜਮ, ਅਨੁਸ਼ਾਸਕ.

disciplinary, *a.* : ਤਾੜਨਾ (ਕਾਰਵਾਈ), ਰਹਿਤ ਸੰਬੰਧੀ, ਜ਼ਾਬਤਾ ਸੰਬੰਧੀ, ਤਾੜਨਾ-ਪੂਰਵਕ.

discipline[1], *n.* : ਜ਼ਬਤ, ਮਤ, ਰਹਿਤ-ਬਹਿਤ, ਜ਼ਾਬਤਾ, ਮਰਿਯਾਦਾ, ਬੰਧਨ, ਦੰਡ, ਅਨੁਸ਼ਾਸਨ, ਤਪੱਸਿਆ, ਸਾਧਨਾ, ਤਾੜਨਾ, ਰੱਸਾਈ.

discipline[2], *v. t.* : ਜ਼ਬਤ ਵਿਚ ਰਖਣਾ, ਸੂਤ ਕਰਨਾ, ਮਰਿਯਾਦਾ ਜਾਂ ਬੰਧਨ ਵਿਚ ਰਖਣਾ; ਕਵਾਇਦ ਸਿਖਾਉਣੀ; ਸਾਧਣਾ, ਦੰਡਣਾ, ਤਾੜਨਾ, ਸੋਧਣਾ.

disciplinable, *a.* : ਤਾੜਨੀਯੋਗ, ਸਾਧਣਯੋਗ, ਦੰਡਯੋਗ.

disclaim, *v. t. & i.* : (ਕਿਸੇ ਚੀਜ਼ ਤੇ) ਦਾਹਵਾ ਛੱਡਣਾ, ਤਿਆਗਣਾ, ਦਸਤਬਰਦਾਰ ਹੋਣਾ, (ਸਬੰਧ ਜਾਂ ਜ਼ਿੰਮੇਵਾਰੀ ਤੋਂ) ਮੁਕਰਨਾ, ਇਨਕਾਰ ਕਰਨਾ, ਨਾਂਹ ਕਰਨੀ, ਸੰਬੰਧਤੀ ਜ਼ਾਹਿਰ ਕਰਨੀ, ਤਰਦੀਦ ਕਰਨੀ.

disclaimer, *n.* : ਤਿਆਗ, ਦਸਤਬਰਦਾਰੀ, ਏਲਾਨ, ਮੁਕਰਨੀ, ਨਾਂਹ, (ਜ਼ਿੰਮੇਵਾਰੀ ਤੋਂ) ਇਨਕਾਰ, ਬੇਤਲਕੀ.

disclose, *v. t.* : (ਭੇਦ) ਖੋਲ੍ਹਣਾ, ਫੋਲਣਾ, ਉਘੇੜਨਾ, ਦੱਸਣਾ, ਪ੍ਰਗਟ ਕਰਨਾ, ਜ਼ਾਹਿਰ ਕਰਨਾ.

disclosure, *n.* : ਉਘਾੜਾ, ਪ੍ਰਗਟਾਉ, ਖੋਲ੍ਹਿਆ ਭੇਤ.

discobolus (*pl.* -i), *n.* : ਚੱਕਰਧਾਰੀ, ਚੱਕਰ ਸੁੱਟਣ ਵਾਲਾ (ਯੂਨਾਨ ਪੁਰਾਤਨ ਖੇਡ); ਇਸ ਤਰ੍ਹਾਂ ਦੀ ਮੂਰਤੀ.

discoid, *a.* : ਟਿੱਕੀਦਾਰ, ਚਕਲੀ ਵਰਗਾ, ਟਿੱਕੀ ਦੀ ਸ਼ਕਲ ਦਾ.

discolour, *v. t. & i.* : ਰੰਗ ਵਿਗਾੜਨਾ, ਫਿੱਕਾ ਪਾ ਦੇਣਾ, ਦਾਗ਼ੀ ਕਰਨਾ ਜਾਂ ਹੋ ਜਾਣਾ.

discolo(u)rATION, **discolour**MENT, *ns.* : ਰੰਗ-ਵਿਗਾੜ, ਵਿਵਰਨ, ਵਿਵਰਨਤਾ.

discomfit, *v. t.* : ਹਰਾਉਣਾ, ਹਾਰ ਦੇਣੀ, ਖੁਆਰ ਕਰਨਾ, ਛਿੰਨ ਭਿੰਨ ਕਰਨਾ, ਘਬਰਾਇਆ ਕਰਨਾ.

discomfitURE, *n.* : ਹਾਰ, ਨਮੋਸ਼ੀ, ਖੁਆਰੀ.

discomfort, *n. & v. t.* : ਬੇਆਰਾਮੀ, ਬੇਚੈਨੀ, ਔਖਿਆਈ, ਤਕਲੀਫ਼; ਬੇਆਰਾਮ ਕਰਨਾ, ਦੁਖ ਦੇਣਾ, ਤਕਲੀਫ਼ ਦੇਣੀ.

discommode, *v. t.* : ਬੇਆਰਾਮ ਕਰਨਾ, ਔਖਿਆਂ ਕਰਨਾ, ਤਕਲੀਫ਼ ਦੇਣੀ.

discommon, *v. t.* : ਸ਼ਾਮਲਾਟ ਨੂੰ ਵੱਲ ਲੈਣਾ (ਕਿਸੇ ਮਲਕੀਅਤ ਬਣਾਉਣ ਲਈ); (ਯੂਨੀਵਰਸਿਟੀ ਦੀ) ਵਿਦਿਆਰਥੀਆਂ ਕੋਲੋਂ ਸੌਦਾ ਵੇਚਣ ਦੀ ਮਨਾਹੀ ਕਰਨੀ.

discompose, *v. t.* : ਪਰੇਸ਼ਾਨ ਕਰਨਾ, ਸ਼ਾਂਤੀ ਭੰਗ ਕਰਨੀ, ਬੇਆਰਾਮ ਕਰਨਾ, ਘਬਰਾ ਦੇਣਾ, ਦੁਬਿਧਾ ਵਿਚ ਪਾਉਣਾ.

discomposeDLY, *adv.* : ਘਬਰਾਹਟ ਨਾਲ, ਘਾਬਰ ਕੇ, ਇਸ ਤਰੀਕੇ ਨਾਲ.

discomposiNGLY, : ਘਾਬਰ ਪਾਇਆ.

discomposuRE, *n.* : ਅਸ਼ਾਂਤੀ, ਘਬਰਾਹਟ, ਬੇਆਰਾਮੀ.

disconcert, *v. t.* : (ਮਿਥ) ਵਿਗਾੜ ਦੇਣਾ, (ਤਜਵੀਜ਼) ਉਲਟ ਦੇਣੀ, ਘਬਰਾ ਦੇਣਾ.

disconcertMENT, *n.* : ਵਿਗਾੜ, ਉਲਟ ਪੁਲਟ, ਘਾਬਰ, ਘਬਰਾਹਟ.

disconnect, *v. t.* : ਵੱਖ ਕਰਨਾ, ਤੋੜ ਦੇਣਾ.

disconnected, *a.* : ਵੱਖ, ਅਲਗ, ਅਸਬੰਧ, ਅਸੰਬੰਧਤ.

disconnectedLY, *adv.* : ਅਸੰਬੰਧਤ ਤੌਰ ਤੇ.

disconnectedNESS, *n.* : ਅਸੰਬੰਧਤਾ, ਅਲਹਿਦਗੀ.

disconnexion, ction, *n.* : ਵਖੇਵਾਂ, ਵਖਰੇਤ, ਅਲੱਗ.

disconsolate, *a.* : ਬੇਆਸ, ਨਿਰਾਸ, ਉਦਾਸ, ਦੁਖੀ, ਗ਼ਮਗੀਨ, ਨਿਰਾਸ਼ਾ.

disconsolateLY, *adv.* : ਉਪਰਾਮਤਾ ਨਾਲ, ਨਿਰਾਸ ਹੋ ਕੇ, ਦੁਖੀ ਹੋ ਕੇ.

discontent, *n., a. & v. t.* : ਅਸੰਤੋਖ, ਅਸੰਤੁਸ਼ਟਤਾ, ਬੇਚੈਨੀ, ਅਸ਼ਾਂਤੀ, ਅਸੰਤੋਖੀ, ਅਸੰਤੁਸ਼ਟ, ਬੇਚੈਨ, ਅਸ਼ਾਂਤ, ਨਰਾਜ਼; ਬੇਚੈਨ ਕਰਨਾ, ਅਸ਼ਾਂਤ ਕਰਨਾ.

discontented, *a.* : ਅਸੰਤੋਖੀ, ਅਸੰਤੁਸ਼ਟ, ਬੇਚੈਨ, ਅਸ਼ਾਂਤ, ਨਰਾਜ਼.

discontentedLY, *adv.* : ਅਸ਼ਾਂਤੀ ਨਾਲ, ਨਰਾਜ਼ ਹੋ ਕੇ.

discontentedNESS, *n.* : ਅਸੰਤੋਖ, ਨਰਾਜ਼ਗੀ.

discontiguous, *a.* : ਅਛੋਹਵਾਂ, ਅਲਾਹਿਦਾ.

discontinue, *v. t.* : ਬੰਦ ਕਰਨਾ, ਮੁਕਾ ਦੇਣਾ, ਨਿਖੜਾਉਣਾ, ਛਡ ਦੇਣਾ, ਚੰਦਾ ਬੰਦ ਕਰ ਦੇਣਾ (ਚੰਦਾ ਆਦਿ), ਮੰਗਾ ਭੇਜਣ ਬੰਦ ਕਰ ਦੇਣਾ (ਅਖ਼ਬਾਰ ਆਦਿ).

discontinuANCE, *n.* : ਛੁਟਾਓ, ਮੁਕਾਉਣ, ਮੁਕਾਉਣਾ, ਰੁਕਾਵਟ, ਨਿਖੇੜ.

discontinuous, *a.* : ਟੁੱਟਵਾਂ, ਟੁੱਟੀ-ਭੱਜੀ, ਅਸੰਗਤ, ਵਿਰਲਾ-ਵਿਰਲਾ.

discontinuITY, *n.* : ਵਿਰਲਤਾ, ਨਿਖੇੜਤਾ.

discontinuousLY, *adv.* : ਰੁਕ ਰੁਕ ਕੇ, ਵਿਰਲਾ-ਵਿਰਲਾ ਹੋ ਕੇ, ਤੋੜ-ਤੋੜ ਕੇ.

discord[1], *n.* : ਅਣਬਣ, ਝਗੜਾ, ਫੁੱਟ, ਵਿਰੋਧ, ਵੈਰ, ਕਲੇਸ਼, ਝਗੜਾ; ਅਸੰਗਤ, ਅਣਮੇਲ, ਬੇਸੁਰੀ.

discordANCE, *n.* : ਅਣਮੇਲ, ਬੇਮੁਹਾਰਤ, ਫ਼ਿਰਕੇ, ਦਵੈਤ, ਫੁੱਟ, ਵਿਰੋਧਤਾ.

discordANT, *a.* : ਅਣਮਿਲਵਾਂ, ਬੇਸੁਰਾ, ਵਿਰੋਧੀ, ਪ੍ਰਤੀਕੂਲ.

discordANTLY, *adv.* : ਬੇਸੁਰਾ ਹੋ ਕੇ, ਵਿਰੋਧ ਨਾਲ.

discord[2], *v. i.* : ਅਣਮਿਲਵਾਂ ਹੋਣਾ, ਮੇਲ ਨਾ ਖਾਣਾ, ਬੇਸੁਰਾ ਹੋਣਾ, ਵਿਰੋਧ ਹੋਣਾ; ਅਸੰਗਤ ਹੋਣਾ; ਫੁੱਟ ਪੈ ਜਾਣੀ, ਵਿਰੋਧ ਹੋ ਜਾਣਾ.

discount[1], *n.* : ਕਾਟ, ਕਟੌਤੀ, ਮਿਤੀ-ਕਾਟ; (ਅਤਿਕਥਨੀ ਲਈ) ਛੋਟ.

discount[2], *v. t.* : ਕਾਟ ਕਟਾਉਣਾ, ਮਿਤੀ ਕਟਣੀ; ਹੁੰਡੀ ਭੁਨਾਉਣੀ; ਕਾਟ ਕਰਨੀ; ਘਟਾਉਣਾ; (ਅਤਿਕਥਨੀ ਜਾਣ ਕੇ) ਛੋਟ ਕਰ ਦੇਣੀ, (ਪਹਿਲਾਂ ਹੀ ਗੱਲ ਦੇ ਨਾ ਵਿਸ਼ਵਾਸ ਕਰ ਕੇ) ਧਿਆਨ ਨਾ ਦੇਣਾ.

discountABLE, *a.* : ਕਟੌਤੀਯੋਗ, ਕਟੇ ਜਾਣ ਯੋਗ, ਛੋਟ ਕਰਨ ਯੋਗ.

discountenance, *v. t.* : ਤਿਰਸਕਾਰ ਕਰਨਾ, ਅਸਹਿਮਤੀ ਪ੍ਰਗਟ ਕਰਨੀ;

ਨਾਪਸੰਦ ਕਰਨਾ, ਰੱਦਣਾ.

discourage, *v. t.* : ਦਿਲ ਢਾਹੁਣਾ, ਢਲਾਉਣਾ, ਲੱਕ ਤੋੜਨਾ, ਹਿੰਮਤ ਤੋੜਨੀ, ਉਤਸ਼ਾਹ ਮਾਰਨਾ; ਰੋਕਣਾ, ਬਾਜ਼ ਰਖਣਾ; ਹੱਲਾਸ਼ੇਰੀ ਨਾ ਦੇਣੀ.

discourageMENT, *n.* : ਦਿਲ ਢਾਹੀ, ਉਤਸ਼ਾਹ-ਘਾਟੀ; ਰੋਕ; ਅਸੰਮਤੀ, ਬੇਹਮਾਇਤੀ.

discouragINGLY, *adv.* : ਦਿਲ-ਢਾਹੂ ਰਿਆਂ, ਅਸੰਮਤੀ ਨਾਲ, ਬੇਹਮਾਇਤੀ ਨਾਲ.

discourse[1], *n.* : ਗੱਲ-ਬਾਤ, ਵਾਰਤਾਲਾਪ, ਭਾਸ਼ਣ, ਵਖਿਆਨ, ਲੇਖ.

religious d. : ਕਥਾ, ਵਿਆਖਿਆ-ਲੇਖ, ਵਾਹਜ਼.

discourse[2], *v. t.* & *i.* : ਗੱਲ-ਬਾਤ ਕਰਨੀ; ਵਖਿਆਨ ਦੇਣਾ; ਵਿਚਾਰ ਕਰਨੀ.

discourteous, *a.* : ਬੇਅਦਬ, ਅਸੱਭ, ਉਜੱਡ, ਰੁੱਖਾ, ਬਦਮਿਜ਼ਾਜ.

discourteousLY, *adv.* : ਬੇਅਦਬੀ ਨਾਲ, ਅਸੱਭ ਹੋ ਕੇ, ਰੁੱਖਾ ਹੋ ਕੇ.

discover, *v. t.* : ਦੱਸਣਾ, ਦੱਸ ਪਾਉਣੀ, ਭੇਤ ਖੋਲ੍ਹਣਾ, ਪਰਗਟ ਕਰਨਾ, ਜ਼ਾਹਿਰ ਕਰਨਾ; ਪਤਾ ਦੇਣਾ, ਢੂੰਡਣਾ, ਖੋਜਣਾ, ਪਤਾ ਕਰਨਾ, ਲਭ ਲੈਣਾ, ਲਭ ਲੈਣੀ, ਮਲੂਮ ਕਰਨਾ, ਕਾਢ ਕਰਨਾ.

d. check : (ਸ਼ਤਰੰਜ ਵਿਚ) ਮੁਹਰਾ ਹਟਾ ਕੇ ਸ਼ਹ ਦੇਣੀ.

discoverABLE, *a.* : ਲੱਭਣਯੋਗ.

discoverER, *n.* : ਖੋਜੀ, ਢੂੰਡਾਊ, ਲਭਣ ਵਾਲਾ.

discovert, *a.* : (ਵਹੁਟੀ) ਅਣਵਿਆਹੀ ਜਾਂ ਵਿਧਵਾ (ਤੀਵੀਂ).

discovery, *n.* : ਖੋਜ, ਪਰਕਾਸ਼, ਲਭਤ, ਕਾਢ; ਭੇਤ ਖੁਲ੍ਹਣਾ, ਪੋਲ ਖੁਲ੍ਹਣੀ.

discredit[1], *n.* : ਰੁਸਵਾਈ, ਬੇਇਤਬਾਰੀ, ਬਦਨਾਮੀ, ਬੇਇਜ਼ਤੀ, ਬੇਪਤੀ, ਸ਼ੱਕ, ਬਦਨਾਮੀ, ਕਲੰਕ.

discredit[2], *v. t.* : ਵਿਸ਼ਵਾਸ ਨਾ ਕਰਨਾ, ਇਤਬਾਰ ਨਾ ਕਰਨਾ, ਸ਼ੱਕ ਕਰਨਾ, ਯਕੀਨ ਨਾ ਕਰਨਾ, ਬਦਨਾਮ ਕਰਨਾ, ਸਾਖ ਗੁਆਉਣੀ.

discreditable, *a.* : ਰੁਸਵਾਈ ਵਾਲਾ, ਸ਼ਰਮਿੰਦਗੀ ਵਾਲਾ, ਕਲੰਕਮਈ, ਬਦਨਾਮੀ ਲਿਆਉਣ ਵਾਲਾ, ਲੱਜਿਤ ਕਰਨ ਵਾਲਾ, ਸ਼ਰਮਨਾਕ.

discreditablY, *adv.* : ਕਲੰਕ ਤੌਰ ਤੇ, ਸ਼ਰਮਨਾਕ ਤੌਰ ਤੇ.

discreet, *a.* : ਸਿਆਣਾ, ਸਮਝਦਾਰ, ਸਾਵਧਾਨ, ਸੁਚੇਤ, ਤਮੀਜ਼ਦਾਰ, ਗਹੁ ਵਾਲਾ.

discreetLY, *adv.* : ਸਿਆਣਪ ਨਾਲ, ਸਮਝ ਨਾਲ, ਸਾਵਧਾਨੀ ਨਾਲ, ਗਹੁ ਕਰ ਕੇ.

discrepant, *a.* : ਬੇਮੇਲ, ਵੱਖਰਾ, ਗ਼ਲਤ, ਉਲਟ ਜਾਂ ਅ.

discrepanCY, *n.* : ਅਸੰਗਤ, ਫ਼ਰਕ, ਗ਼ਲਤੀ, ਭੁਲ, ਉਕਾਈ.

discrete, *a.* : ਵਖਰਾ, ਵੱਖ, ਨਿਖੜਵਾਂ, ਅਸੰਗਤ.

discreteNESS, *n.* : ਵਖੇਵਾਂ, ਵਖਰੇਵਾਂ, ਅਸੰਗਤਾ.

discretion, *n.* : ਸੂਝ, ਸੂਝ-ਬੂਝ, ਸਿਆਣਪ, ਦੂਰ-ਦ੍ਰਿਸ਼ਟੀ, ਨਿਰਣਾ-ਸ਼ਕਤੀ, ਵਿਚਾਰ, ਇਖ਼ਤਿਆਰ, ਮਰਜ਼ੀ.

d. is the better part of valour : (ਜਾਨ ਵਿਚ ਕਿਹਾ ਜਾਂਦਾ ਹੈ) ਵੱਡੀ ਬਹਾਦਰੀ ਇਸੇ ਵਿਚ ਹੈ ਕਿ ਆਪਣੀ ਜਾਨ ਬਚਾਈ ਜਾਏ.

at d. : ਮਨ-ਮਰਜ਼ੀ ਅਨੁਸਾਰ.

at the d. of : (ਦੇ) ਇਖ਼ਤਿਆਰ ਵਿਚ.

surrender at d. : ਬਿਨਾਂ ਸ਼ਰਤ ਹਥਿਆਰ ਸੁੱਟ ਦੇਣੇ.

to arrive at years, age, of d. : ਹੋਸ਼ ਸੰਭਾਲਣਯੋਗ ਹੋ ਜਾਣਾ, ਬਾਲਗ਼ ਹੋ ਜਾਣਾ.

discretionARY, *a.* : ਇਖ਼ਤਿਆਰੀ, ਮਰਜ਼ੀ ਦਾ.

doomsDAY, *n.* : ਪਰਲੋ, ਕਿਆਮਤ, ਮਹਸ਼ਰ.

doom[2], *v. t.* : ਸਜ਼ਾ ਦਾ ਹੁਕਮ ਸੁਣਾਉਣਾ; ਦੁਰਗਤੀ ਵਲ ਧੱਕਣਾ; ਮੌਤ ਦੇ ਹਵਾਲੇ ਕਰਨਾ.

door, *n.* : ਦਰ, ਦਰਵਾਜ਼ਾ, ਬੂਹਾ, ਬਾਰ, ਭਿੱਤ, ਦੁਆਰ, ਦੁਆਰਾ; ਲਾਂਘਾ, ਰਾਹ, ਪਹੁੰਚ, ਰਾਸਤਾ.

d.-bell : ਦਰਵਾਜ਼ੇ ਦੀ ਘੰਟੀ.

d.-case, -frame : ਚੁਗਾਠ.

from d. to d. : ਘਰ ਘਰ, ਦਰ ਦਰ, ਦਰਬਦਰ.

d.-keeper : ਦਰਬਾਨ.

d.-leaf : ਭਿੱਤ.

d.-mat : ਪਾਏਦਾਨ, ਪੈਰ-ਪੂੰਝ.

d.-money : ਦਾਖ਼ਲਾ.

d.-nail : ਕਿੱਲ, ਕੋਕਾ.

d.-plate : ਨਾਂ-ਫੱਟੀ.

d.-posts : ਬੂਹੇ ਦੀਆਂ ਬਾਹੀਆਂ.

d.-step : ਥੜ੍ਹਾ, ਥੜ੍ਹੀ, ਸਹਾਰ.

d.-stone : ਦਰ-ਦਹਲੀ.

d.-way : ਦਰ.

darken d. : ਬੂਹੇ ਵੜਨਾ.

lay, lie, at the d. of : ਕਿਸੇ ਦੇ ਸਿਰ ਦੋਸ਼ ਧਰਨਾ, ਹੋਣਾ.

lives next d. : ਨਾਲ ਦੇ ਘਰ ਰਹਿੰਦਾ ਹੈ, ਕੋਲ ਹੀ ਵਸਦਾ ਹੈ.

open a d. to : ਰਾਹ ਦੇਣਾ.

out of dd. : ਬਾਹਰਵਾਰ, ਬਾਹਰ, ਖੁਲ੍ਹੀ ਹਵਾ ਵਿੱਚ.

show one the d. : ਘਰੋਂ ਕੱਢ ਦੇਣਾ, ਬੂਹਿਓਂ ਬਾਹਰ ਕਰਨਾ.

within dd. : ਅੰਦਰਵਾਰ.

(-)doorED, *a.* : -ਦਰਾ, -ਬੂਹਾ.

doorLESS, *a.* : ਬੇ-ਦਰਾ, ਬਿਨ-ਬੂਹਾ.

dope, *n.* & *v. t.* : ਗਾੜ੍ਹੀ ਲੇਪੀ, ਸ਼ੀਰਾ, ਹਵਾਈ ਜਹਾਜ਼ ਆਦਿ; ਗਾੜ੍ਹੀ ਲੇਪ ਜਾਂ ਰੋਗਨ; ਅਮਲ, ਅਫ਼ੀਮ, ਪੱਤਰਕਾਰਾਂ ਦੇ ਕੰਮ ਦੀ ਖ਼ਬਰ; ਨਸ਼ਾ ਦਾਰੀ ਚੀਜ਼ ਖਵਾਉਣੀ.

hand out the d. : (ਅਖ਼ਬਾਰਾਂ ਵਾਲਿਆਂ ਨੂੰ) ਰੱਦੀ ਜਿਹੀ ਖ਼ਬਰ ਪਹੁੰਚਾਣੀ.

dor, *n.* : ਭੂੰਡ; ਤਤੀਹਰੀ, ਭੌਂਰਾ.

Dorcas, *n.* : ਤੀਵੀਆਂ ਦੀ ਮੰਡਲੀ ਜੋ ਗ਼ਰੀਬਾਂ ਲਈ ਕਪੜੇ ਸੀਉਂਦੀ ਹੈ [ਦੇਖੋ ਅੰਜੀਲ, ਦ'ਤੁਲ].

Dorian, *a.* & *n.* : ਡੋਰਸੀ, ਪੁਰਾਤਨ ਯੂਨਾਨ ਦੇ ਜ਼ਿਲੇ ਡੋਰਸ ਦਾ (ਵਸਨੀਕ); ਡੋਰਸੀ ਤਰਜ਼ ਦਾ.

Doric, *a.* & *n.* : ਡੋਰਸੀ; (ਬੋਲੀ ਦੇ ਸੰਬੰਧ ਵਿੱਚ) ਪੇਂਡੂ, ਗੰਵਾਰੂ, ਦਿਹਾਤੀ.

Dorking, *a.* & *n.* : ਡੋਰਕਿੰਗ ਨਸਲ ਦੀ (ਕੁਕੜੀ) [ਸਰੀ ਦੇ ਸ਼ਹਿਰ ਡੋਰਕਿੰਗ ਦੇ ਨਾਂ ਤੇ].

dormant, *a.* : ਸੋਤਲ, ਸੁੱਤਾ ਹੋਇਆ, ਨਿੰਦ੍ਰਤ, ਨਿਸ਼ਚਲ; ਪੜੇ ਪਿਆ (ਮਾਮਲਾ); (ਨਕਸ਼ੇ ਤਸਵੀਰ ਵਿੱਚ ਲੇਟੀ ਜਾਨਵਰ) ਪੰਜਿਆਂ ਤੇ ਸਿਰ ਰਖੀ.

d. partner : ਨਿਸ਼ਚਲ ਭਾਈਵਾਲ, ਉਹ ਭਾਈਵਾਲ ਜੋ ਪ੍ਰਬੰਧ ਵਿੱਚ ਦਖ਼ਲ ਨਾ ਦੇਵੇ.

d. warrant : ਜ਼ਿਲਾਂ ਵਾਰੰਟ, ਕੋਰਾ ਵਰੰਟ.

dormancy, *n.* : ਨਿਸ਼ਕ੍ਰਿਤਾ, ਨਿੱਦਰਤਾ, ਸੁਸਤਤਾ, ਸੁੱਤਾ ਹੋਣਾ.

dormer, *n.* (d.-window) : ਢਲਵੇਂ ਛੱਤ ਵਿੱਚ ਖੜ੍ਹਵੀਂ ਨਿਕਲੀ ਹੋਈ ਬਾਰੀ.

dormouse, *n.* : ਆਰਾਮ-ਚੂਹਾ; ਆਰਾਮ-ਕਾਟੋ.

dormitory, *n.* : (ਆਮ) ਸੌਣ-ਘਰ; (ਵਿਦਿਆਰਥੀਆਂ ਦਾ) ਸੌਣ-ਕਮਰਾ.

dormouse, *n.* (*pl.* -mice) : ਚਾਕੂਤ ਦੀ ਕਿਸਮ ਦਾ ਇੱਕ ਜਾਨਵਰ.

dormy, *a.* : (ਗੋਲਫ ਦੀ ਖੇਡ ਵਿੱਚ) ਉਹ ਖਿਡਾਰੀ ਜੋ ਦੂਜੇ ਤੋਂ ਜਿਤਨੇ ਪੁਆਇੰਟ ਅੱਗੇ ਹੋਵੇ ਜਿਤਨੇ ਮੋਰੇ ਵਿਚ ਬਾਕੀ ਹਨ.

dorothy bag, *n.* : (ਤੀਵੀਂ ਦਾ) ਹੱਥ-ਬਟੂਆ.

dorsal, *a.* : (ਜੀਵ-ਵਿਗਿਆਨ) ਪਿੱਠ ਦਾ; ਕਾਲਵਾਂ, ਰੀੜ੍ਹਦਾਰ.

dorsally, *adv.* : ਪਿੱਠ ਵਲ, ਪਿਛਲੇ ਪਾਸੇ.

dors(o)- : ਸਮਾਸੀ ਸ਼ਬਦਾਂ ਵਿੱਚ ਅਗੇਤਰ, ਜਿਸ ਦੇ ਅਰਥ ਹਨ 'ਪਿੱਠ'.

dorsabdominal : ਪਿੱਠ ਤੇ ਪੇਟ ਦਾ, ਪਿੱਠ-ਪੇਟਾ.

dorsolateral : ਪਿੱਠ ਤੇ ਪਾਸਿਆਂ ਦਾ, ਪਿੱਠ-ਪਾਸੀਆ.

dortour, -ter, *n.* : (ਮੱਠ ਦਾ) ਸੌਣ-ਕਮਰਾ, ਸੁਫ਼ਾ.

dory[1], *n.* : ਸਮੁੰਦਰੀ ਮੱਛੀ.

dory[2], *n.* : ਚੌੜੀ ਕਿਸ਼ਤੀ (ਮੱਛੀਆਂ ਫੜਨ ਲਈ).

dosage, *n.* : ਦਵਾਈ ਖ਼ੁਰਾਕਾਂ ਵਿੱਚ ਦੇਣੀ; ਦਵਾਈ ਦੀ ਖ਼ੁਰਾਕ, ਦਵਾਈ ਦੀ ਮਿਕਦਾਰ.

dose, *n.* & *v. t.* : (ਦਵਾਈ ਦੀ) ਖ਼ੁਰਾਕ; ਖ਼ੁਰਾਕ ਪਿਲਾਉਣੀ; ਮਿਲਾਵਟ ਕਰਨੀ, ਰਲਾਉਣਾ.

doss, *n.* & *v. i.* : (ਬੋਲਚਾਲ) ਸਰਾਂ ਦਾ ਮੰਜਾ; ਸਰਾਂ ਵਿੱਚ ਸੌਣਾ.

dossal, *n.* : ਪਲੰਘ, ਧਰਮਸਾਲ-ਗਾਹ ਜਾਂ ਵੇਦੀ ਦੇ ਪਾਸੇ ਦਾ ਰੁਮਾਲ.

dossier (*Fr.* -syā), *n.* : ਕਾਗਜ਼ਾਂ ਦੀ ਨਥੀ ਜਾਂ ਪੁਲੰਦਾ (ਖ਼ਾਸ ਕਰਕੇ ਕਿਸੇ ਦੇ ਆਚਰਣ ਦੀ ਜਾਣਕਾਰੀ).

dossy, *a.* : (ਬੋਲਚਾਲ) ਬਣਿਆ-ਠਣਿਆ, ਬਾਂਕਾ.

dost : ਦੇਖੋ do.

dot[1], *n.* : ਬਿੰਦੀ, ਟਿਪਕਾ, ਟਿਪਕ, ਬਿੰਦੂ; ਨਿਕੜਾ, ਚੋਟੂ; ਨਿੱਕੀ ਚੀਜ਼; ਤੀਵੀਂ ਨੂੰ ਦਾਜ ਵਿਚ ਮਿਲੀ ਵਿੱਤ.

d. & dash : ਬਿੰਦੀ-ਡੈਸ਼, ਤਾਰ-ਸੰਕੇਤ.

d.-wheel : ਬਿੰਦੂ-ਪਹੀਆ (ਜਿਸ ਨਾਲ ਨਿਸ਼ਾਨੀਆਂ ਦੀ ਪਾਲ ਬਣਾਈ ਜਾਂਦੀ ਹੈ).

off one's d. : ਮਿਤ-ਭ੍ਰਿਸ਼ਟਿਆ, ਖ਼ਬਤੀ, ਝੱਲਾਈ.

dot[2], *v. t.* : ਬਿੰਦੀ ਲਾਉਣੀ, ਬਿੰਦੀਆਂ ਲਾਉਣੀਆਂ; ਬਿਖੇਰਨਾ, ਟਿਪਕਣਾ, ਜੜ ਦੇਣੀ, ਦਿਲਾ ਦੇਣੀ (dotted him one in the eye, ਇੱਕ ਅੱਖ ਤੇ ਜੜ ਦਿੱਤੀ).

d. & carry (one) : ਜੋੜਾਂ ਦੇ ਸਵਾਲ ਵਿਚ ਇਕਾਈ ਲਿਖ ਕੇ ਅਤੇ ਦਹਾਈ ਨੂੰ ਹਾਸਲ ਕਰ ਕੇ ਦਹਾਈਆਂ ਦੇ ਨਾਲ ਲਿਖਣਾ.

d. & go one, *n.*, *a.* & *adv.* : ਲੰਗ, ਲੰਙਾ; ਲੰਙਾ ਕੇ.

d. the i's and cross the t's : ਸ਼ਾਫ਼ ਸਪਸ਼ਟ ਕਰਨਾ.

dotard, *n.* : ਸਠਿਆਇਆ-ਬੁੱਢਾ ਆਦਮੀ, ਸਠਿਆਇਆ ਹੋਇਆ ਮਨੁੱਖ.

dote, **doat**, *v. i.* : ਸਠਿਆ ਜਾਣਾ, (ਬੁਢੇਪੇ ਕਾਰਨ) ਮਤ-ਹੀਣ ਹੋਣਾ; ਮੋਹਿਤ ਹੋਣਾ, ਲੱਟੂ ਹੋਣਾ.

dotage, *n.* : ਸਠਿਆਪਾ.

dotingly, *adv.* : ਮੋਹਿਤ ਹੋ ਕੇ.

doth : (ਪੁਰਾਤਨ) ਕਰਦਾ ਹੈ.

dott(e)rel, *n.* : ਇਕ ਭੋਲਾ ਪੰਛੀ.

dottle, -tel, *n.* : ਹੁੱਕੇ ਵਿੱਚ ਤਮਾਕੂ ਦੀ ਰਹਿੰਦ-ਖੂੰਹਦ.

dotty, *a.* : ਬਿੰਦੀਦਾਰ, ਬਿੰਦਲ; (ਬੋਲਚਾਲ) ਸਿਰ-ਫਿਰਿਆ, ਸੁਦਾਈ.

douane [F], *n.* : ਦਸਾਉਰੀ ਚੌਕੀ, ਚੁੰਗੀਖ਼ਾਨਾ [ਅਰਬੀ 'ਦੀਵਾਨ' ਤੋਂ].

double[1], *a.* & *adv.* : ਦੂਣਾ; ਦੂਹਰਾ; ਦੋਤਹਿਆ, ਦੋ-ਪਾਸਾ, ਦੋਰੁਖੀ; ਦੁੱਗਣਾ, ਦੁਗਣਿਆ ਹੋਇਆ.

d.-barrel = d.-barrelled (gun) : ਦੁਨਾਲੀ (ਬੰਦੂਕ), ਦੁਨਾਲਾ.

d.-bass : ਦੋ-ਘੰਡਣੀ ਵਾਜਾ, ਸਾਰੰਗੀ ਦੀ ਕਿਸਮ ਦਾ ਮੋਟੀ ਸੁਰ ਵਾਲਾ ਵਾਜਾ.

d.-bedded : ਦੋ-ਪਲੰਘਾ ਜਾਂ ਦੋ-ਬਿਸਤਰੀਆ (ਕਮਰਾ).

d.-breasted : ਦੂਹਰੇ ਪੱਲੇ ਦਾ (ਕੋਟ ਆਦਿ).

d.-dealer : ਦੁਭਾਸ਼ਾ, ਕਪਟੀ, ਧੋਖੇਬਾਜ਼.

d.-dealing : ਦੁਭਾਸ਼ਗੀ, ਫ਼ਰੇਬ, ਛੱਲ.

d.-dyed : ਰੰਗਿਆ ਹੋਇਆ, ਪੱਕੇ ਰੰਗ ਦਾ.

d.-edged : ਦੁਧਾਰਾ (ਚਾਕੂ ਜਾਂ ਦਲੀਲ).

d.-entry : ਦੇਖੋ entry.

d.-faced : ਦੁਮੂੰਹਾਂ, ਪਾਖੰਡੀ, ਦੋਗਲਾ.

d. first : ਦੋਹਾਂ ਮਜ਼ਮੂਨਾਂ ਵਿੱਚ ਅੱਵਲ.

d.-leaded : ਦੋਸ਼ੀਸ਼ਦਾਂ, ਦੂਹਰੇ ਲੀਡ ਵਾਲਾ (ਛਾਪਾ), ਦੋ-ਵਿੱਥਾ, ਜਿਸ ਵਿੱਚ ਨਿਖਾਰ ਦਿਖਾਉਣ ਲਈ ਸਤਰਾਂ ਵਿੱਚ ਦੂਹਰੀ ਵਿੱਥ ਦਿੱਤੀ ਜਾਏ.

d.-LOCK, *v. t.* : ਦੂਹਰਾ ਤਾਲਾ ਲਾਉਣਾ.

d.-REFINE, *v. t.* : ਦੋ ਵਾਰ ਪਾ ਕੇ, ਦੋ ਵਾਰੀ ਸਾਫ਼ ਕਰਨਾ.

d.-quick : ਤੇਜ਼ ਮਾਰਚ, ਤੇਜ਼ ਚਾਲ (ਫ਼ੌਜ).

work d. tides : ਅੱਤ ਮਿਹਨਤ ਕੰਮ ਕਰਨਾ.

doubleness, *n.* : ਦੂਣਾਪਨ, ਦੂਹਰ, ਛਲ.

doubly, *adv.* : ਦੂਣਾ, ਦੂਣੀ ਵਾਰ.

double[2], *n.* : ਦੂਣ, ਦੂਹਰ; ਦੂਜਾ ਰੂਪ, ਹਮ-ਰੂਪ, ਪ੍ਰਤਿਰੂਪ; ਪਤ; (ਟੈਨਿਸ) ਦੋ-ਜੋੜੀ ਮੈਚ; (ਨਦੀ ਦਾ) ਮੋੜ; (ਸ਼ਿਕਾਰ ਦਾ) ਮੋੜ.

at the d. : ਦੌੜ.

double[3], *v. t.* & *i.* : ਦੂਣਾ ਕਰਨਾ ਜਾਂ ਹੋਣਾ; ਦੂਹਰਾ ਕਰਨਾ ਜਾਂ ਹੋਣਾ; ਦੁੱਗਣਾ ਹੋਣਾ ਜਾਂ ਕਰਨਾ, ਮੋੜਨਾ-ਮੁੜਨਾ ਹੋਣਾ; (ਮੁੱਠ) ਮੀਟਣੀ; (ਥਿਏਟਰ) ਦੋਹਰਾਉਣਾ; (ਜਹਾਜ਼ਰਾਨੀ) ਮੋੜਾ ਕੱਟਣਾ, ਚੱਕਰ ਲਾਉਣਾ; ਦੌੜਾ ਮਾਰਨਾ; (ਫ਼ੌਜ) ਤੇਜ਼ ਚਾਲੇ.

double-cross, *v. t.* : ਦੋਗਲੀ ਚਾਲ ਚਲਣਾ, ਦੋਹਾਂ ਧਿਰਾਂ ਨੂੰ ਆਪਣਾ ਬਣ ਕੇ ਮਿਲਣਾ ਜਾਂ ਠੱਗਣਾ.

double-crosser : ਦੂਹਰੀ ਚਾਲੀਆ.

double entendre [F], *n.* : ਦੋਅਰਥੀ, ਦੋ-ਅਰਥੀ ਵਾਕ.

doublet, *n.* : ਜਾਮਾ, ਸਦਰੀ; ਜੋੜੇ ਦਾ ਇੱਕ (ਖ਼ਾਸ ਕਰਕੇ ਦੋ ਸਮ-ਧਾਤੂ ਸ਼ਬਦਾਂ ਵਿੱਚੋਂ); (ਬਹੁਵਚਨ) ਪਾਸੇ ਦੀ ਦੂਹਰ; (ਇੱਕੋ ਗੋਲੀ ਨਾਲ) ਦੂਹਰਾ ਸ਼ਿਕਾਰ; (ਖ਼ੁਰਦਬੀਨ ਆਦਿ ਵਿੱਚ) ਦੋ-ਸ਼ੀਸ਼ਈ ਲੈਂਜ਼.

doubloon, *n.* : ਡਬਲੂਨ, ਸਪੇਨ ਦਾ ਪੁਰਾਤਨ ਸਿੱਕਾ.

doublure [F], *n.* : ਜਿਲਦ ਦੀ ਅਸਤਰੀ.

doubt[1], *n.* : ਸ਼ੱਕ, ਸ਼ੁਬਾ, ਸੰਦੇਹ, ਸੰਸਾ, ਸੰਕਾ, ਭਰਮ, ਦੁਬਿਧਾ.

give one the benefit of doubt : ਸ਼ੱਕ ਦਾ ਫ਼ਾਇਦਾ ਦੋਸ਼ੀ ਨੂੰ ਦੇਣਾ.

make no d. : ਸ਼ੱਕ ਨਾ ਕਰਨਾ, ਯਕੀਨ ਕਰਨਾ.

no d., without d. : ਨਿਰਸੰਦੇਹ, ਬੇਸ਼ਕ, ਯਕੀਨੀ ਤੌਰ ਤੇ.

doubt[2], *v. i.* & *t.* : ਸ਼ੱਕ ਕਰਨਾ, ਸ਼ੁਬਾ ਕਰਨਾ, ਭਰਮ ਕਰਨਾ, ਅਨਿਸ਼ਚਿਤ ਸਮਝਣਾ.

doubtful, *a.* : ਸ਼ੱਕੀ, ਸ਼ੱਕ ਵਾਲੀ, ਅਨਿਸ਼ਚਿਤ, ਅਸਪਸ਼ਟ.

doubtfully, *adv.* : ਸ਼ੱਕੀ ਢੰਗ ਨਾਲ, ਸ਼ੱਕ-ਸ਼ੁਬੇ ਵਿਚ.

doubtfulness, *n.* : ਸੰਦੇਹਤਾ, ਸੰਸਾ, ਸ਼ੱਕ-ਭਰੀ.

doubtless, *adv.* : ਨਿਰਸੰਦੇਹ, ਬੇਸ਼ਕ, ਨਿਸ਼ੰਗ, ਜ਼ਰੂਰ, ਯਕੀਨੀ ਤੌਰ ਤੇ, ਸੰਭਵ ਹੈ.

douce, *a.* : (ਸਕਾਚ ਬੋਲੀ) ਗੰਭੀਰ, ਸ਼ਾਂਤ-ਸੁਭਾ, ਠਰ੍ਹੰਮੇ ਵਾਲਾ.

douceur [F], *n.* : ਨਜ਼ਰਾਨਾ, ਵੱਢੀ, ਰਿਸ਼ਵਤ.

douche, *n.* & *v. t.* & *i.* : ਡੂਸ਼, ਪਿਚਕਾਰੀ; ਡੂਸ਼ ਕਰਨਾ, ਪਿਚਕਾਰੀ ਨਾਲ ਧੋਣਾ.

dough, *n.* : ਤੌਣ (ਆਟੇ ਦੀ), ਗੁੰਨ੍ਹਿਆ ਹੋਇਆ ਆਟਾ, ਖਮੀਰ; ਕਿਸਗਿਲਾ ਪੇੜਾ, ਮਾਇਆ, ਧਨ.

d.-boy : ਫ਼ੌਜੀ, (ਅਮਰੀਕਾ ਦਾ) ਪੈਦਲ ਸਿਪਾਹੀ.

doughNUT, *n.* : ਮੱਠੀ, ਘਿਓ ਪੜੀ.

doughINESS, *n.* : ਗਿੱਲਾਪਣ.

doughY, *a.* : ਗੁੰਨ੍ਹਿਆ ਹੋਇਆ, ਗੁੰਨ੍ਹ, ਕਿਸਗਿਲਾ.

doughty, *a.* : (ਪੁਰਾਤਨ) ਬਹਾਦਰ, ਸੂਰਮਾ, ਸੂਰਬੀਰ, ਤਕੜਾ.

doughtILY, *adv.* : ਬਹਾਦਰਾਂ ਵਾਂਗ, ਤਕੜਾ ਹੋ ਕੇ.

doughtiNESS, *n.* : ਬਹਾਦਰੀ, ਤਕੜਾਈ, ਸੂਰਮਗਤੀ.

Doukhobors, *n. pl.* : ਰੂਸੀਆਂ ਦਾ ਇਕ ਫ਼ਿਰਕਾ ਜੋ ਧਾਰਮਕ ਤੌਰ ਤੇ ਯੁੱਧ ਦਾ ਵਿਰੋਧੀ ਸੀ ਤੇ ਕਨੇਡਾ ਵਿਚ ਜਾ ਵਸਿਆ ਸੀ.

doum, *n.* : ਮਿਸਰੀ ਖਜੂਰ.

dour [ਸਕਾਚ], *a.* : ਕਰੜਾ, ਸਖ਼ਤ, ਜ਼ਿੱਦੀ, ਅੜੀਅਲ.

dourLY, *adv.* : ਕਰੜਾਈ ਨਾਲ, ਸਖ਼ਤੀ ਨਾਲ, ਜ਼ਿੱਦ ਕਰ ਕੇ, ਅੜੀ ਨਾਲ.

dourNESS, *n.* : ਕਰੜਾਈ, ਸਖ਼ਤੀ, ਜ਼ਿੱਦ, ਅੜੀ.

douse, **dowse**, *v. t.* : (ਜਹਾਜ਼ ਦੇ) ਪਾਲ ਨੂੰ ਝੁਕਾਉਣਾ, (ਬੱਤੀ ਆਦਿ) ਬੁਝਾਉਣਾ, ਪਾਣੀ ਵਿਚ ਡੋਬਣਾ, ਭਿਉਂਣਾ, ਗੜੁੱਚ ਕਰਨਾ.

d. the glim : ਰੋਸ਼ਨੀ ਬੁਝਾ ਦਿਓ, ਦੀਵਾ ਬੰਦ ਕਰ ਦਿਓ.

dove, *n.* : ਘੁੱਗੀ, ਇੰਦਾਜ਼ਮ, ਪਵਿੱਤਰ-ਆਤਮਾ (ਈਸਾਈ ਤ੍ਰਿਏਕੀ ਵਿਚੋਂ), ਨਿਰਦੋਸ਼-ਸੁਭਾਅ, ਭੋਲਾ-ਭਾਲਾ ਮਨੁੱਖ, ਨਿਰਦੋਸ਼ ਨੀਤੀ ਦਾ ਸਮਰਥਕ, ਅਮਨ ਦਾ ਸੁਨੇਹਾ ਦੇਣ ਵਾਲਾ (ਬਾਈਬਲ ਦਾ ਉਤਪਤੀ ਭਾਗ. 8); ਪਿਆਰਾ, ਜਾਨ (my d., ਮੇਰੀ ਜਾਨ)

d.-COLOURED, *a.* : ਘੁੱਗੀ-ਰੰਗਾ.

d.-COT(E), *n.* : ਕਬੂਤਰਖਾਨਾ, (ਕਿਸੀ ਇਕ) ਘੇਰਾ, ਵੱਡਾ, (ਵੱਡ ਖਿੱਤੇ) ਕੋਠੜੀ.

d.-hawk : ਘੁੱਗੀ-ਰੰਗਾ ਸ਼ਿਕਰਾ.

d.'s-foot : ਇੱਕ ਬੂਟਾ.

doveLIKE, *a.* : ਘੁੱਗੀ-ਰੂਪ, ਨਿਰਦੋਸ਼.

dovetail, *n.*, *v. t.* & *i.* : ਚਕਵੀਂ ਚੂਲ ਦਾ ਜੋੜ; ਠੋਕਣਾ, ਫਸਾਉਣਾ (ਜੋੜ); ਜੋੜਣ ਜੋੜ ਲਾਉਣਾ ਜਾਂ ਲਗਾਉਣਾ, ਜੋੜਨਾ, ਗੰਢਣਾ.

dow=dhow, (*q. v.*).

dowager, *n.* : ਖ਼ਿਤਾਬ ਵਾਲੀ ਵਿਧਵਾ, (ਜੋ ਵੱਡੇ) ਦੀ ਵਿਧਵਾ ਜਿਸ ਨੂੰ ਆਪਣੇ ਮਰ ਚੁਕੇ ਪਤੀ ਦੀ ਜਾਇਦਾਦ ਜਾਂ ਪਦਵੀ ਮਿਲੀ ਹੋਵੇ.

Queen d. : ਵਿਧਵਾ ਰਾਣੀ, ਰਾਜ-ਮਾਤਾ.

dowdy, *a.* & *n.* : ਬਿਡੋਲ, ਭੈੜਾ (ਪਹਿਰਾਵਾ); ਮੈਲੇ ਕੱਪੜਿਆਂ ਵਾਲੀ ਤੀਵੀਂ.

dowdILY, *adv.* : ਬਿਡੌਲੀ ਤਰ੍ਹਾਂ, ਬਿਡੋਲ ਹੋ ਕੇ.

dowdyISH, *a.* : ਬਿਡੌਲਾ ਜਿਹਾ.

dowdiNESS, **dowdyISM**, *n.* : ਬਿਡੌਲਾਪਣ, ਬਿਡੌਲਤਾ, ਕੁਢੰਗ.

dowel, *n.* & *v. t.* : ਕਿਲ, ਮੇਖ, ਗੁੱਲੀ, ਕਾਬਲਾ, ਮੇਖ ਨਾਲ ਜੜਨਾ, ਫਸਾਉਣਾ ਲਾਉਣਾ.

dower, *n.* & *v. t.* : ਵਿਧਵਾ-ਧਨ, ਦਾਜ; ਕੁਦਰਤੀ ਗੁਣ ਜਾਂ ਯੋਗਤਾ; ਦਾਜ ਦੇਣਾ, ਯੋਗਤਾ ਬਖ਼ਸ਼ਣੀ.

dowerLESS, *a.* : ਦਾਜ-ਹੀਣ, ਯੋਗਤਾ-ਹੀਣ.

dowlas, *n.* : [ਬ੍ਰਿਟਨੀ ਦੇ ਸ਼ਹਿਰ ਦੌਲਾ ਦੇ ਨਾਂ ਤੋਂ] ਦੌਲਾ, ਮੋਟੀ ਖੱਦਰ ਛੀਟ.

down[1], *n.* : ਰੜਾ, ਉੱਚੀ ਖੁਲ੍ਹੀ ਥਾਂ, (ਬਹੁਵਚਨ) ਦੱਖਣੀ ਇੰਗਲਿਸਤਾਨ ਦਾ ਰੇਤਾ ਮੈਦਾਨ, ਟਿੱਬੇ, ਢਲਾਣ.

down[2], *n.* : ਜੱਤ, ਲੂੰ, ਰੂਆਂ, ਰੂਈਂ; ਕੋਈ ਕੋਮਲ ਚੀਜ਼.

down[3], *adv.* : ਹੇਠਾਂ, ਥੱਲੇ, ਤਲੇ, ਹੇਠਾਂ ਵੱਲ; (ਪਾਣੀ ਆਦਿ ਦੇ) ਵਹਾਉ ਵੱਲ, ਨਿਵਾਣ ਵੱਲ, ਘਟੀਆ ਵੱਲ, ਦੂਰ ਤੇ ਹੇਠਾਂ ਤਕ (ਸੰਖੇਪ ਕੁਝਮੀ ਕਿਰਿਆ) ਥੱਲੇ ਕਰੋ, ਬਹਿ ਜਾਓ, ਲੇਟ ਜਾਓ.

d. and out : ਹਾਰਿਆ ਹੋਇਆ, ਸਭ ਦੇ ਪੈਰਾਂ ਦਾ ਮਾਰਿਆ.

d. at heel : ਗ਼ਰੀਬ, ਫਟੀ ਜੁੱਤੀ ਵਾਲਾ; ਖੁਸਤਾ.

d. in the mouth or d.-hearted : ਹਿੰਮਤ-ਹਾਰਿਆ, ਦਿਲ-ਟੁੱਟਾ.

d. on one's luck : ਕਿਸਮਤ ਦਾ ਮਾਰਿਆ, ਮਾੜੇ-ਦਿਨਾਂ ਵਿਚ.

d. to the ground : ਪੂਰੀ ਤਰ੍ਹਾਂ.

from king d. to cobler : ਰਾਜੇ ਤੋਂ ਰੰਕ ਤਕ.

bread is down : ਰੋਟੀ ਦਾ ਭਾਅ ਘਟ ਗਿਆ ਹੈ, ਸਸਤੀ ਹੋ ਗਈ ਹੈ.

bear d. on : ਧਾਵਾ ਬੋਲਣਾ, ਹੱਲਾ ਬੋਲ ਦੇਣਾ.

book etc. goes d. : ਪਸੰਦ ਹੁੰਦੀ ਹੈ, ਲੋਕਾਂ ਪਸੰਦ ਕੀਤੀ ਹੈ.

run d. : ਨਿੰਦਣਾ, ਨਿੰਦਿਆ ਕਰਨੀ.

money d. : ਨਕਦ, ਨਗਦ.

down[4], *prep.* : ਥੱਲੇ-ਥੱਲੇ, ਨੀਵੇਂ, ਹੇਠਾਂ ਨੂੰ, ਕਿਸੇ ਵੱਲ, ਪਾਰ ਪਾਰ, ਕੰਢੇ ਕਿਨਾਰੇ, ਹੇਠਾਂ ਵੱਲ, ਤਕ ਪਹੁੰਚੇ.

d. the Indus : ਅਟਕ ਤੋਂ ਹੇਠਾਂ ਵੱਲ.

d. the window : ਖਿੜਕੀ ਦੇ ਬਾਹਰ, ਖਿੜਕੀ ਦੇ ਤੋਂ ਜਾਂ ਕੋਲ ਨਾਲ.

up and d. : ਉੱਪਰ ਥੱਲੇ, ਅੱਗੇ ਪਿੱਛੇ.

down[5], *a.* : ਹੇਠਾਂ ਵੱਲ ਜਾਣ ਵਾਲਾ.

d. grade : (ਰੇਲ ਦੀ) ਸੜਕ ਦੀ ਢਾਲ, ਗਿਰਾਵਟ, ਅਵਨਤੀ.

d. look : ਨੀਵੀਂ ਨਜ਼ਰ, ਨੀਵੀਆਂ ਅੱਖਾਂ.

d. train : ਕਿਸੇ ਵੱਡੇ ਨਗਰ ਤੋਂ ਆਉਣ ਵਾਲੀ ਗੱਡੀ, ਤਦ ਵੱਲੋਂ ਆਉਣ ਵਾਲੀ ਗੱਡੀ, ਡਾਊਨ ਗੱਡੀ.

d. platform : ਡਾਊਨ ਗੱਡੀਆਂ ਦੇ ਠਹਿਰਨ ਦਾ ਪਲੇਟਫ਼ਾਰਮ, ਡਾਊਨ ਪਲੇਟਫ਼ਾਰਮ.

down[6], *v. t.* : (ਬੋਲਚਾਲ) ਹੇਠਾਂ ਰਖ ਦੇਣਾ, ਸੁੱਟ ਦੇਣਾ, ਪਛਾੜ ਮਾਰਨਾ.

d. tools : ਸੰਦ ਸੁਟ ਦੇਣੇ, ਹੜਤਾਲ ਕਰਨੀ.

down[7], *n.* : (ਕਿਸਮਤ ਦਾ) ਉਲਟਾ ਫੇਰ ਜਾਂ ਚੱਕਰ.

ups and downs of life : ਜੀਵਨ ਦੇ ਚੜ੍ਹਾਉ ਉਤਰਾਉ, ਹੇਰ-ਫੇਰ, ਕਿਸਮਤ ਦੇ ਚੱਕਰ.

have a d. on : (ਬੋਲਚਾਲ) ਡਾਢਾ, ਨਾਰਾਜ਼ ਹੋਣਾ.

downcast[1], d.-shaft : ਖਾਣ ਵਿੱਚ ਤਾਜ਼ੀ ਹਵਾ ਲਿਆਉਣ ਵਾਲਾ ਮੋਘਾ.

downcast[2], *a.* : ਨਿੰਮੋਝੂਣਾ, ਮੁਰਝਾਇਆ, ਉਦਾਸ.

downfall, *n.* : ਵਰਖਾ (ਮੀਂਹ ਆਦਿ ਦੀ); ਪਤਨ, ਗਿਰਾਵਟ, ਅਵਨਤੀ, ਬਰਬਾਦੀ, ਤਬਾਹੀ.

downhill, *n.*, *a.* & *adv.* : ਢਾਲ, ਉਤਰਾਈ, ਨਿਵਾਣ, ਢਲਵਾਂ, ਢਲਦਾ, ਅਵਨਤ, ਢਾਲ ਵੱਲ, ਢਲਦੇ ਪਾਸੇ, ਘਾਟੇ ਵੱਲ, ਅਵਨਤੀ ਵੱਲ.

d. of life : ਢਲਦੀ ਉਮਰ, ਉਮਰ ਦਾ ਪਿਛਲਾ ਪੱਖ.

Downing Street, *n.* : ਲੰਡਨ ਦੀ ਇਕ ਸੜਕ ਜਿਸ ਉੱਤੇ ਵਜ਼ੀਰਾਂ ਦੇ ਦਫ਼ਤਰ ਹਨ.

downpour, *n.* : ਝੜੀ, ਮੋਹਲੇਧਾਰ ਵਰਖਾ.

downright, *a.* & *adv.* : (ਪੁਰਾਤਨ) ਖੜਾ, ਸਿੱਧਾ; ਉੱਘਾ, ਪ੍ਰਤੱਖ, ਸਪੱਸ਼ਟ, ਮੂੰਹ-ਫਟ, ਖਰੀ ਖਰੀ ਸੁਣਾਉਣ ਵਾਲਾ, ਪੂਰੀ ਤਰ੍ਹਾਂ, ਸਾਫ਼, ਉੱਤੇ ਤੋਂ ਤੇ.

downrightNESS, *n.* : ਸਪੱਸ਼ਟਤਾ, ਖਰਾਪਣ, ਸਫ਼ਾਈ, ਮੂੰਹ-ਫਟ.

downstairs, *adv.* : **downstair(s)**, *a.* : ਪੌੜੀਆਂ-ਥੱਲੇ; ਹੇਠਲੀ ਛੱਤ.

downthrow, *n.* : (ਭੂ-ਵਿਗਿਆਨ) ਚਿਟਾਨੀ ਤੈਹ ਦੇ ਇੱਕ ਪਾਸੇ ਦੀ ਢਾਲ.

downtrodden, *a.* : ਮਲੀਆਮੇਟ, ਦਲਿਤ, ਸਤਾਇਆ ਹੋਇਆ.

downward, *a.* & *adv.*, **downwards**, *adv.* : ਹੇਠਾਂ ਵਲ, ਨੀਵੇਂ ਪਾਸੇ, ਨਿਵਾਣ ਵਲ, ਗਿਰਾਵਟ ਵਲ, ਅਵੱਨਤੀ ਵਾਲੇ ਪਾਸੇ.

downy[1], *a.* : (from *down*[1]) ਕਰੂੰਬਲੀ; ਜਿਸੇ ਖੜੀਆਂ ਮਿੱਟੀ ਦੀਆਂ ਪਹਾੜੀਆਂ ਹੋਣ.

downy[2], *a.* : (from *down*[2]) ਲੂੰਦਾਰ, ਚੁਸਤ, ਸਿਆਣਾ, ਚਾਲਾਕ, ਹੁਸ਼ਿਆਰ.

downILY, *adv.* : ਨਰਮਾਈ ਨਾਲ; ਹੁਸ਼ਿਆਰੀ ਨਾਲ.

downINESS, *n.* : ਨਰਮਾਈ, ਹੁਸ਼ਿਆਰੀ.

dowry, *n.* : ਦਾਜ, ਦਾਜ-ਦਹੇਜ, ਇਸਤ੍ਰੀ-ਧਨ.

dowsing, *n.* : ਸੋਂਘਣ, ਸੋਂਘੇ ਦਾ ਕੰਮ, ਜਿਸ ਵਿਚੋਂ ਮਿੱਟੀ ਹੇਠ ਪਾਣੀ ਲੱਭਣਾ.

doxology, *n.* : ਪਰਮ-ਮਰਯਾਦਾ ਅਨੁਸਾਰ ਰੱਬ ਦੀ ਉਪਮਾ, ਸ਼ਲੋਕਿਤਰੀ.

doxy[1], *n.* : ਦਾਰ, ਮਤ.

doxy[2], *n.* : ਮੰਗਤੇ ਦੀ ਰਖੇਲੀ.

doyen, *n.* : ਵਡੇਰਾ, ਕਿਸੇ ਸਭਾ-ਸੁਸਾਇਟੀ ਦਾ ਸਭ ਤੋਂ ਪੁਰਾਣਾ ਮੈਂਬਰ; ਵੱਡਾ ਸਫ਼ੀਰ ਜਾਂ ਰਾਜਦੂਤ.

doyley=**doily** (*q. v.*).

doze, *v. i.* & *n.* : ਊਂਘਣਾ, ਊਂਘਲਾਉਣਾ, ਅਲਸਾਉਣਾ; ਊਂਘ, ਝੋਕਾ, ਕੱਚੀ ਨੀਂਦਰ.

d. off : ਊਂਘਲਾ ਜਾਣਾ, ਝੋਕਾ ਲੈਣਾ.

dozen, *n.* : ਦਰਜਨ, ਬਾਰ੍ਹਾਂ (੧੨).

baker's, devil's, long, printer's d. : ੧੩.

talk nineteen to the d. : ਲਗਾਤਾਰ ਲਗਾਤਾਰ ਤੇਜ਼ ਬੋਲਣਾ, ਬਹੁਤ ਤੇਜ਼ਾਂ ਮਾਰਨੀਆਂ.

drab[1], *n.* & *v. i.* : ਬਹੁਤ ਗੰਦੀ; ਕੁਲੱਛਣੀ; ਵੇਸਵਾ, ਕੰਜਰੀ, ਕਸਬਣ; ਕਸਬ ਕਰਨਾ, ਕੁਚਲੇ ਬਹਿਣਾ.

drab[2], *a.* & *n.* : ਘਸਮੈਲਾ, ਫਿੱਕਾ (ਰੰਗ); ਅਕਾਊ, ਅਰੁਚਕ, ਬੇਸੁਆਦਾ; ਬੇਰੁਖ਼ਾਈ, ਇਕਰੰਗੀ.

drabbet, *n.* : ਸੰਢਾ ਮੋਟੀ ਕਪੜਾ, ਦਰੀ.

drabble, *v. t.* & *i.* : ਚਿੱਕੜ ਵਗੈਰਾ ਵਿਚ ਵੇ ਰਗੜਨਾ; ਲਿਬੇੜਨਾ, ਲਿਥੜਨਾ.

drachm, *n.* : ਡ੍ਰਾਮ, ਪੁਰਾਣਾ ਯੂਨਾਨੀ ਸਿੱਕਾ.

drachma, *n.* : =drachm; ਵਰਤਮਾਨ ਯੂਨਾਨੀ ਸਿੱਕਾ.

Draconian, **Draconic**, *a.* : (ਕਨੂੰਨ) ਕਰੜਾ, ਸਖ਼ਤ, ਨਿਰਦਈ [ਯੂਨਾਨ ਦੇ ਕਰੜੇ ਕਨੂੰਨ ਬਣਾਉਣ ਵਾਲੇ ਡਰੇਕਨ ਦੇ ਨਾਂ ਤੋਂ].

draff, *n.* : ਫੋਕ, ਖਲਿਹਾਨ; ਫੋਲ-ਫਾਲ, ਲਹਿਣ.

draft[1], *n.* : ਦਸਤਾ, ਮਦਦ; ਹੁੰਡੀ, ਡਰਾਫ਼ਟ, ਖਰੜਾ, ਮਸੌਦਾ; (ਪੈਸਾ ਦੀ) ਨਿਕਾਸੀ.

make a d. on : (ਕਿਸੇ) ਵਲ ਹੁੰਡੀ ਕਰਨੀ.

draft[2], *v. t.* : ਦਸਤਾ ਭੇਜਣਾ, ਖਰੜਾ ਬਣਾਉਣਾ, ਮਸੌਦਾ ਤਿਆਰ ਕਰਨਾ; ਪੱਕਾ ਰੈਕ ਦੇ ਸਵਾਰਨੇ.

drafter, *n.* : ਮਸੌਦਾ ਜਾਂ ਬਿਲ ਤਿਆਰ ਕਰਨ ਵਾਲਾ.

draftsman, *n.* : ਨਕਸ਼ਾ-ਨਵੀਸ, ਡਰਾਫ਼ਟਸਮੈਨ, ਨਕਸ਼ਾਨਗਾਰ; ਮਸੌਦਾਕਾਰ.

drag[1], *v. t.* & *i.* : ਘਿਸਰਨਾ, ਧੂਹਣਾ, ਘਸੀਟਣਾ, ਘੜੀਸਣਾ; ਘਿਸਰ ਘਿਸਰ ਕੇ ਚਲਣਾ, ਘਿਸਟਣਾ, ਘਿਸਰਨਾ, ਘਿਸਰਨਾ; ਘਸੀਟਣਾ, ਕੰਡਾ ਜਾਂ ਸੁੰਗਾ ਫੇਰਨਾ ਜਾਂ ਸੁਹਾਗਾ (ਡੁੱਬੀ ਹੋਈ ਚੀਜ਼ ਲੱਭਣ ਲਈ); ਸੁਹਾਗਾ (ਫੇਰਨਾ) ਫੇਰਨਾ; (ਪਹੀਏ ਜਾਂ ਰੱਥਾਂ ਦੀ ਚਾਲ ਘਟਾਉਣ ਲਈ) ਅੜਿੱਕਾ ਲਾਉਣਾ.

d. in : (ਇਹ ਗੱਲ ਵਿਚ ਕੋਈ ਹੋਰ ਅਸੰਬੰਧਤ ਗੱਲ) ਆ ਘਸਣੀ.

d. on : ਰੜਕਾ (ਜਾਂ ਪੀੜਨਾ) ਘਾਣੀ ਰਹਣਾ.

d. one : ਸਮਝਾਉਣਾ.

anchor drags : ਲੰਗਰ ਖਿੱਚ ਖਾਂਦਾ ਹੈ.

drag[2], *n.* : ਸੁਹਾਗਾ, ਮੈਂੜਾ, ਪਿਆਲਾ, (ਖੂਹ ਵਿਚ ਸੁਟਣ ਵਾਲਾ) ਕਾਂਟਾ, ਕੁੰਡਾ; ਕਰਾਹ; (ਗੱਡੀ ਤੇ ਗੱਡੀ ਦੀ ਚਾਲ ਰੋਕਣ ਲਈ) ਅੜਿੱਕਾ; (ਖੂਹ ਦਾ) ਕੁੰਡਾ; ਰੋਕ; ਮੱਠੀ ਤੋਰ, ਰੁਕਵੀਂ ਚਾਲ.

d.-anchor : ਖਿਸਕਵਾਂ ਲੰਗਰ (ਜੋ ਜਹਾਜ਼ ਨੂੰ ਹਵਾ ਵਾਲੇ ਪਾਸੇ ਵਿਰੁਧ ਤੋਂ ਰੋਕਦਾ ਹੈ).

d.-chain : ਪਹੀਆ-ਰੋਕ (ਸੰਗਲੀ ਜਾਂ ਜ਼ੰਜੀਰ).

draggle, *v. t.* & *i.* : ਘਰੂਟਣਾ, ਧੂਹਣਾ, ਧੂਹਣਾ; ਪੈਰ ਧੂਹ ਕੇ ਚਲਣਾ, ਪਿੱਛੇ ਰਹਿ ਜਾਣਾ.

dragoman, *n.* (*pl.* -mans, -men) : ਦੁਭਾਸ਼ੀਆ (ਖ਼ਾਸ ਕਰਕੇ ਅਰਬੀ, ਤੁਰਕੀ ਜਾਂ ਫ਼ਾਰਸੀ ਦਾ) ['ਤਰਜਮਾਨ' ਤੋਂ].

dragon, *n.* : (ਮਿਥਿਆਸ) ਅਜ਼ਦਹਾ, ਅਜਗਰ; (ਕਿਸੇ ਕਹਾਣੀਆਂ ਵਿਚ) ਉੱਡਣਾ-ਸੱਪ, ਖ਼ਜ਼ਾਨੇ ਜਾਂ ਇਸਤ੍ਰੀ-ਸੋਭ ਦਾ ਰਾਖਾ; ਕਰੜਾ ਨਿਗਰਾਨ; ਕੁੜੀਆਂ ਦੀ ਸੰਭਾਲ ਕਰਨ ਵਾਲੀ; ਸਖ਼ਤ ਜਹੀ ਮਾਈ; (ਬੀਜੋਲ ਵਿਚ) ਕੋਈ ਬਲਾ (ਅਜਗਰ-ਸੱਪ, ਸੱਪ ਆਦਿ).

d.-fly : ਸੰਖ.

the old D. : ਸ਼ੈਤਾਨ.

dragonnade, *n.* & *v. t.* : (ਬਹੁਵਚਨ) ਫ਼ਰਾਂਸ ਦੇ ਬਾਦਸ਼ਾਹ ਲੂਈ ਚੌਦਵੇਂ ਦੇ ਸਮੇਂ ਸੁਧਾਰਕ ਈਸਾਈਆਂ (ਪ੍ਰੋਟੈਸਟੈਂਟ ਸਿੱਖਾਂ) ਉੱਤੇ ਹੋਏ ਜ਼ੁਲਮ, ਸਵਾਰਾਂ ਰਾਹੀਂ ਜ਼ੁਲਮ ਕਰਨੇ.

dragoon, *n.* & *v. t.* : ਸਵਾਰ, ਘੋੜ-ਸਵਾਰ; ਤਿਆਗਵਾਨ-ਰੂਪ ਜਾਂ ਧਾੜਵ-ਰੂਪ ਮਨੁੱਖ, ਇਕ ਕਿਸਮ ਦਾ ਕਬੂਤਰ; (ਕਿਸੇ ਉੱਤੇ) ਸਵਾਰ ਭੇਜਣੇ, ਧੱਕੇ ਨਾਲ ਮਨਵਾਉਣਾ.

drail, *n.* : (ਪਾਣੀ ਵਿਚ ਮੱਛੀ ਫੜਨ ਦੇ ਲਈ) 'ਜਾਲ ਅਟਕਾਣਾ', ਭਾਰ ਵਾਲੀ ਡੋਰੀ.

drain[1], *v. t.* & *i.* : ਚੂਸ ਲੈਣਾ, ਖ਼ਾਲੀ ਕਰਨਾ; ਪਾਣੀ ਕੱਢਣਾ, ਕਮਜ਼ੋਰ ਹੋਣਾ (ਧਨ, ਤਾਕਤ ਆਦਿ), (ਜੂਠਾ) ਪੀ ਜਾਣਾ, ਥੜ੍ਹਾ ਜਾਣਾ, ਖ਼ਾਲੀ ਕਰ ਛੱਡਣਾ, ਬੇਖਲਾ ਕਰ ਦੇਣਾ, ਸੋਖਣਾ, ਸੁਕਾਉਣਾ (ਵਤਰ), ਰਿਸਣਾ, ਡਲਣਾ, ਵਹਿ ਜਾਣਾ, ਨਿਚੜਨਾ.

drain[2], *n.* : ਵਹਿਣੀ, ਨਾਲੀ, ਮੋਰੀ, ਖਾਲ, ਮੋਰੀ; (ਫੋੜੇ ਵਿਚੋਂ ਪਾਕ ਆਦਿ ਵਹਣ ਦੀ) ਨਲਕੀ; ਲਗਾਤਾਰ ਨਿਕਾਸ, ਖ਼ਰਚ.

drainage, *n.* : ਪਾਣੀ ਦਾ ਨਿਕਾਸ, ਨਿਕਾਸ ਦਾ ਪ੍ਰਬੰਧ; ਨਾਲੀਆਂ, ਮੋਰੀਆਂ, ਨਾਲੀਆਂ ਦਾ ਪਾਣੀ, ਗੰਦਾ ਪਾਣੀ.

d.-basin : ਵਹਾਉ-ਖੇਤਰ, ਉਹ ਇਲਾਕਾ ਜਿਸ ਦਾ ਪਾਣੀ ਨਦੀ ਦੇ ਰਾਹੀਂ ਬਾਹਰ ਨਿਕਲਦਾ ਹੋਵੇ.

drainer, *n.* : ਵਹਾਉ, ਨਿਕਾਸੂ, ਨਿਚੋੜਨ ਵਾਲਾ (ਭਾਂਡਾ).

drake[1], *n.* : ਮੱਛੀਆਂ ਫੜਨ ਲਈ ਭਿੰਡੀ, ਭਿੰਡੀ-ਕੀੜਾ.

drake[2], *n.* : ਬੱਤਖ, ਮੁਰਗ਼ਾਬੀ.

dram, *n.* : ਡਿਰਮ; ਚੁਸਕੀ, ਘੁੱਟ (ਸ਼ਰਾਬ ਦਾ).

d.-drinker : ਘੁੱਟ ਲਾਉਣ ਵਾਲਾ, ਸ਼ਰਾਬੀ.

d.-drinking : ਸ਼ਰਾਬਖ਼ੋਰੀ, ਘੁੱਟ ਲਾਉਣਾ.

d.-shop : ਸ਼ਰਾਬਖ਼ਾਨਾ, ਠੇਕਾ.

drama, *n.* : ਡਰਾਮਾ, ਨਾਟਕ, ਸਾਂਗ, ਸੁਆਂਗ.

the d. : ਨਾਟਕੀ ਹੁਨਰ, ਨਾਟ ਕਲਾ.

dramatic, *a.* : ਡਰਾਮਾਈ, ਨਾਟਕੀ, ਸੁਆਂਗੀ, ਸਾਂਗੀ; ਸੁਆਂਗੀ ਢੰਗ ਦਾ, ਨਾਟਕੀ; ਅਚਾਨਚੇਤ, ਅਦਭੁਤ, ਅਚੰਭਾ.

dramaticALLY, *adv.* : ਨਾਟਕੀ ਢੰਗ ਨਾਲ; ਅਚਾਨਚੇਤ, ਅਣੋਖੀ ਤਰ੍ਹਾਂ.

dramatis personae [L], *n. pl.* : ਨਾਟਕ ਦੇ ਪਾਤਰ.

dramatist, *n.* : ਨਾਟਕਕਾਰ, ਨਾਟਕਾਰ.

dramatize, *v. t.* & *i.* : ਨਾਟਕਿਆਉਣਾ, ਨਾਟਕੀਕਰਨ, ਨਾਟਕੀ ਰੂਪ ਦੇਣਾ, ਨਾਟਕੀ ਰੂਪ ਵਿਚ ਬਦਲ ਸਕਣਾ, ਨਾਟਕੀ ਰੂਪ ਧਾਰਨ ਕਰਨਾ.

dramatizATION, *n.* : ਨਾਟਕਿਆਉਣ, ਨਾਟਕੀਕਰਨ.

dramaturge, *n.* : ਨਾਟਕਕਾਰ; ਡਰਾਮੇ ਲਿਖਣ ਵਾਲਾ.

dramaturgic, a. : ਨਾਟਕਕਾਰੀ ਸੰਬੰਧੀ.

dramaturgist, n. : ਨਾਟਕਕਾਰ, ਨਾਟ-ਕਲਾ ਦਾ ਮਾਹਿਰ.

dramaturgy, n. : ਨਾਟਕਕਾਰੀ, ਨਾਟ-ਕਲਾ.

drank : drink ਦਾ ਭੂਤ ਕਾਲ.

drape, v. t. : ਕਪੜਿਆਂ ਨਾਲ ਢਕਣਾ ਜਾਂ ਸਜਾਉਣਾ; ਕਪੜਿਆਂ ਜਾਂ ਪਰਦਿਆਂ ਨੂੰ ਸਜਾ ਕੇ ਰਖਣਾ.

draper, n. : ਬਜਾਜ.

drapery, n. : ਬਜਾਜੀ, ਕਪੜੇ; ਬਜਾਜ ਦਾ ਕੰਮ, ਕਪੜੇ ਦਾ ਵਪਾਰ; (ਮੂਰਤਕਾਰੀ ਵਿੱਚ) ਕਪੜਿਆਂ ਦੀ ਸਜਾਵਟ, ਪਰਦੇ ਆਦਿ.

draperied, a. : ਪਰਦਿਆਂ ਨਾਲ ਸਜਿਆ, ਸਿਲਵਟਦਾਰ, ਤਹਿਆਂ ਵਾਲਾ.

drastic, a. : ਕਰੜਾ, ਸਖ਼ਤ.

d. measure : ਕਰੜੀ ਕਾਰਵਾਈ.

drastically, adv. : ਸਖ਼ਤੀ ਨਾਲ.

drat, v. t. : (ਗਾਲ੍ਹ ਦੇ ਤੌਰ ਤੇ) ਮਸਾਣਾਂ ਨੂੰ ਖਾਏ, ਭੁੱਖ ਪਏ, ਚੋਰ ਪੈਣ.

draught[1], n. : (draw ਤੋਂ ਬਣਿਆ) ਖਿੱਚ, ਖਿੱਚ, ਖਿਚਾਉ; ਇਕ ਵੇਰ ਫੜੀ ਗਈ ਮੱਛੀ ਦਾ ਭਾਰ; ਘੁੱਟ, ਚੁਸਕੀ, ਡੋਜ਼, ਖ਼ੁਰਾਕ; (ਦਵਾਈ ਦੀ) ਖ਼ੁਰਾਕ; (ਜਹਾਜ਼ ਦੀ ਸਮਾਈ ਲਈ ਲੋੜੀਂਦੀ) ਡੂੰਘ; (ਬਹੁਵਚਨ) ਡਰਾਫ਼ਟ ਦੀ ਖੇਡ, ਹਵਾ ਦਾ ਬੁੱਲਾ; ਹੋ. (=draft) ਖਾਕਾ, ਖਰੜਾ; ਹੁੰਡੀ ਦਸਤਾ; (ਫ਼ੌਜ ਦਾ) ਰਸਾਲਦ, ਕੁਮਕ.

black d. : ਜੁਲਾਬ (ਦੀ ਦਵਾਈ).

d. cattle : ਵਾਹਕ ਪਸ਼ੂ.

feel the d. : ਹਵਾ ਦੀ ਸੱਟ ਲਗਣੀ, ਬਿਪਤਾ ਪੈਣੀ.

draughtiness, n. : ਹਵਾ ਦਾ ਲਾਂਘਾ, ਹਵਾਦਾਰ ਹੋਣਾ.

draughty, a. : ਹਵਾਦਾਰ.

draught[2], v. t. : ਡੰਗਰ ਚੁਣਨਾ ਜਾਂ ਭੇਜਣਾ; ਖਾਕਾ ਜਾਂ ਖਰੜਾ ਤਿਆਰ ਕਰਨਾ, ਨਕਸ਼ਾ ਬਣਾਉਣਾ.

draughtsman, n. : = draftsman (q. v.).

draughtsmanship, n. : ਨਕਸ਼ਾਨਵੀਸੀ.

Dravidian, a. & n. : ਦਰਾਵੜੀ, ਦਰਾਵੜ.

draw[1], v. t. & i. (drew, drawn) : ਖਿੱਚਣਾ, ਧੂਹਣਾ, ਘਸੀਟਣਾ; ਢੋਣਾ, ਲਾਹੁਣਾ, ਮੂੰਹ ਵੱਟਣਾ, (ਤੀਰ) ਚੜ੍ਹਾਉਣਾ, (ਪਰਦਾ) ਢਕਣਾ, ਹਟਾਉਣਾ; (ਗੇਂਦ) ਪਰੇ ਕਰ ਦੇਣੀ, ਇਕ ਪਾਸੇ ਕਰ ਦੇਣੀ, (ਸਾਹ) ਲੈਣਾ; ਪੀਣਾ; (ਧਿਆਨ) ਖਿੱਚਣਾ, ਉਕਸਾਉਣਾ, (ਸਿੱਟੇ) ਇਕੱਠੇ ਕਰਨੇ, ਮੇਲਣੇ; ਇਕੱਠਾ ਹੋਣਾ, (ਤਲਵਾਰ) ਧੂਹਣੀ, ਖਿੱਚ ਲੈਣੀ, (ਪਾਣੀ) ਕੱਢਣਾ ਜਾਂ ਭਰਨਾ, (ਸ਼ਰਾਬ ਜਾਂ ਖ਼ੂਨ) ਕਿਰਨਾ, ਚੁਆਉਣਾ, ਖੋਦਣਾ; (ਤਾਸ਼ ਦਾ ਪੱਤਾ) ਕਢਾਉਣਾ; (ਤਨਖ਼ਾਹ ਆਦਿ) ਕਢਵਾ ਲੈਣੀ, ਧਨ ਲੈਣਾ; ਧਨ ਦੇ ਦੇਣਾ, ਪੂਰੀ ਫੱਲ ਲਗਾਉਣੀ; ਸਮਝਾਉਣਾ; ਨਕਸ਼ਾ ਵਾਹੁਣੀ, ਨਕਸ਼ਾ ਖਿੱਚਣਾ, ਉਲੀਕਣਾ; ਮੂਰਤ ਬਣਾਉਣੀ, ਤਸਵੀਰ ਖਿੱਚਣੀ; ਨਕਸ਼ਾ ਖਿੱਚਣ ਦੀ ਮਸ਼ਕ ਕਰਨੀ; (ਰੁਪਿਆ) ਕਢਾਉਣਾ.

d. back : ਪਿੱਛੇ ਹਟਣਾ (ਕਿਸ ਕਰਾਰ ਤੋਂ), ਫਿਰ ਜਾਣਾ.

d. bit, bridle, rein : ਵਾਗ ਖਿੱਚਣੀ, ਰੋਕਣਾ.

d. blank : ਖ਼ਾਲੀ ਰਹਿਣਾ, ਕੁਝ ਨਾ ਲਭਣਾ.

d. fowl : (ਪੰਛੀ ਦੀ) ਆਂਦਰ ਕੱਢਣੀ, ਖਲ ਲਾਹੁਣੀ.

drawn game : ਬਰਾਬਰ ਦੀ ਖੇਡ.

d. in : ਵਾਹ ਪੈਣਾ; ਮਕਰ ਤੇ ਆਉਣਾ, (ਸ਼ਿਕਾਰੇ ਵਿਚ ਦਿਨਾਂ ਦਾ) ਛੋਟੇ ਹੋਏ ਜਾਣਾ.

d. off : (ਫ਼ੌਜ) ਹਟਾ ਲੈਣੀ; ਧਰਤਾ ਲੈਣੀ, ਪਰਤ ਆਉਣੀ.

d. on : ਪਛ ਲਿਆਉਣਾ, ਦਰਗਲਾਉਣਾ; ਨੇੜੇ ਨੇੜੇ ਆਉਣਾ, ਢੁਕਣਾ.

d. out : (ਫ਼ੌਜਾਂ ਦਾ) ਪਰ੍ਹਾ ਬੰਨ੍ਹਣਾ, ਲੰਮਾ ਕਰਨਾ, ਤਰਤੀਬ ਦੇਣੀ; ਲਮਕਾਉਣਾ, (ਦਿਲ) ਦੇ ਕੇ ਦੇ ਸਾਰੇ, (ਭੇਦ) ਖੁਲਵਾ ਲੈਣਾ, ਥਹੁ ਲੈਣਾ.

d. the line at : ਹੱਦ ਬੰਨ੍ਹ ਦੇਣੀ, ਹੋਰ ਅੱਗੇ ਨਾ ਲੰਘਣਾ.

d. up : (ਫ਼ੌਜ ਵਿਚ) ਬਰਾਬਰ ਆ ਖੜ੍ਹਨਾ; ਕੋਲ ਆਣਾ, ਰੁਕ ਜਾਣਾ; (ਫ਼ੌਜ) ਜੋੜਨੀ; (ਦਸਤਾਵੇਜ਼, ਅਰਜ਼ੀ ਖਰੜਾ) ਤਿਆਰ ਕਰਨਾ.

d. wire : ਤਾਰ ਖਿੱਚਣੀ, ਤਾਰ-ਕਸ਼ੀ ਕਰਨੀ.

chimney draws well : ਚਿਮਨੀ ਧੂੰਆਂ ਚੰਗੀ ਤਰ੍ਹਾਂ ਖਿੱਚਦੀ ਹੈ.

draw[2], n. : ਖੇਚ, ਖਿੱਚ, ਖਿਚਾਉ; ਪ੍ਰਭਾਵ, ਚੋਣ; ਕੁਰਾ (ਪਾਉਣ), ਪਰਚੀਆਂ (ਪਾਉਣੀਆਂ), ਬਰਾਬਰ ਖੇਡ.

drawback, n. : ਵਾਪਸੀ (ਚੁੰਗੀ ਦੀ), ਘਾਟਾ, ਊਣਤਾ, ਊਣਤਾਈ, ਨੁਕਸ, ਖ਼ਰਾਬੀ, ਔਗੁਣ.

drawbridge, n. : ਉਠਾਵਾਂ ਪੁਲ.

drawcansir, n. & a. : ਰੁਪਾਸਤ-ਬਤਮੀਜ਼, ਉਹ ਪੁਰਸ਼ ਜੋ ਦੋਸਤ ਤੇ ਦੁਸ਼ਮਣ ਦੋਹਾਂ ਲਈ ਹਾਨੀਕਾਰਕ ਹੋਵੇ, ਹੋੜ੍ਹ-ਭੇੜਾ (ਵਿਲੀਅਮ ਦੇ ਨਾਟਕ 'ਰੀਹਰਸਲ' ਦੇ ਇਕ ਪਾਤਰ ਦੇ ਨਾਂ ਤੋਂ).

drawee, n. : ਹੁੰਡੀ-ਸਕਾਰੂ, ਜਿਸ ਉੱਤੇ ਹੁੰਡੀ ਕੀਤੀ ਜਾਏ, ਹੁੰਡੀ ਭਰਨ ਵਾਲਾ, ਸਕਾਰਨ ਵਾਲਾ.

drawer, n. : ਖਿੱਚਣ ਵਾਲਾ; ਦਰਾਜ਼; (ਪੁਰਾਤਨ) ਹੁੰਡੀ ਖੋਲ੍ਹ ਕੇ ਛੁਡਾਏ ਦੇਣ ਵਾਲਾ; ਦਰਾਜ਼, ਖ਼ਾਨਾ (ਮੇਜ਼ ਦਾ); (ਬਹੁਵਚਨ) ਤੰਗ ਪਜਾਮਾ (ਪਤਲੂਨ ਦੇ ਹੇਠਾਂ ਪਹਿਨਣ ਵਾਲਾ).

drawerful, n. : ਦਰਾਜ਼-ਭਰ, ਦਰਾਜ਼ ਵਿਚ ਆ ਜਾਣ ਵਾਲੇ ਕਾਗ਼ਜ਼.

drawing, n. : ਡਰਾਇੰਗ, ਨਕਸ਼ਾ-ਕਸ਼ੀ, ਨਕਸ਼-ਵਹਾਈ; ਨਕਸ਼ਾ, ਚਿੱਤਰ, ਖ਼ਾਕਾ, (ਇਕਰੰਗੀ) ਤਸਵੀਰ.

d. block : ਡਰਾਇੰਗ ਦੇ ਕਾਗ਼ਜ਼ਾਂ ਦਾ ਪੈਡ.

d.-board : ਡਰਾਇੰਗ ਦਾ ਫੱਟਾ.

d.-compass : ਪਰਕਾਰ.

out of d. : ਗ਼ਲਤ ਚਿੱਤਰਿਆ ਹੋਇਆ.

drawing-room, n. : ਬੈਠਕ, ਲੋਕ ਕਮਰਾ, ਮੁਲਾਕਾਤੀ ਕਮਰਾ.

drawl, v. t. & i. & n. : ਖਿੱਚ ਖਿੱਚ ਕੇ ਗੱਲਾਂ ਕਰਨੀਆਂ, ਲਮਕਾ ਕੇ ਅਵਾਜ਼ ਕੱਢਣੀ, ਅਵਾਜ਼ ਦਾ ਲਮਕਾਉ.

drawlingly, adv. : ਖਿੱਚ ਖਿੱਚ ਕੇ, ਲਮਕਾ ਕੇ.

drawn : draw ਦਾ ਪਾਰਵਰਤਕ.

d.-work : ਕਸੀਦਾਕਾਰੀ, ਤਾਰ-ਕਸ਼ੀ, ਜਾਲੀ ਦਾ ਕੰਮ, ਧਾਗੇ ਕੱਢ ਕਰ ਕੇ ਜਾਲੀ ਬਣਾਉਣ ਦਾ ਕੰਮ.

draw-well, n. : ਡੋਲ ਵਾਲਾ ਖੂਹ.

dray, n. : ਗੱਡੀ, ਠੇਲ੍ਹਾ.

d.-horse : ਵੱਡਾ ਤਕੜਾ ਘੋੜਾ.

drayman : ਠੇਲ੍ਹੇ ਵਾਲਾ.

dread, v. t. & n. : ਡਰਨਾ, ਭੈ ਖਾਣਾ, ਸਹਿਮਣਾ, ਘਬਰਾਉਣਾ, ਜਾਂ ਤੋਂ ਕੰਬਣਾ, ਡਰ, ਭੈ, ਸਹਿਮ, ਤ੍ਰਾਸ, ਖ਼ਤਰਾ; ਤ੍ਰਿਆਕਲ ਜਾਂ ਭੈਦਾਇਕ ਸ਼ੈ. 3214

dread, a. : ਡਰਾਉਣਾ, ਭਿਆਨਕ, ਡਰਾਵਾਨਾ, ਪਰਤਾਪੀ.

dreadful, a. : ਡਰਾਉਣਾ, ਭਿਆਨਕ, ਭਿਅੰਕਰ, ਵਿਕਰਾਲ; ਦੁਖਦਾਈ; ਘਿਨੌਣਾ, ਅਣਹੋਣੀ, ਜਾਨ ਦਾ ਖੌ.

penny d. : ਸਸਤੇ ਸਨਸਨੀਖੇਜ਼ ਖ਼ਬਰਾਂ ਵਾਲੇ ਨਾਵਲ.

dreadfully, adv. : ਡਰਾਉਣੇ ਢੰਗ ਨਾਲ, ਘਬਰਾਉਣੇ ਢੰਗ ਨਾਲ.

dreadnaught, n. : ਡਰੈੱਡਨਾਟ, ਵੱਡਾ ਤਕੜਾ ਜੰਗੀ ਜਹਾਜ਼; ਬਖ਼ਤਰ-ਬੰਦੇ ਵਿਚ ਪਾਉਣ ਵਾਲਾ ਕੋਟ ਜਾਂ ਉਸ ਦਾ ਮੋਟਾ ਕਪੜਾ.

dream[1], n. : ਸੁਪਨਾ, ਖ਼ਾਬ; ਖ਼ਾਬ-ਖ਼ਿਆਲ, ਖ਼ਿਆਲੀ ਪੁਲਾਉ, ਸ਼ੇਖ਼-ਚਿੱਲੀ ਦੇ ਮਨਸੂਬੇ; ਸੁਪਨ-ਮਨੋਰਥ; ਆਨੰਦਮਈ ਹਾਲਤ, ਆਦਰਸ਼.

d.-reader, n. : ਸੁਪਨਿਆਂ ਦਾ ਫਲ ਦੱਸਣ ਵਾਲਾ, ਸੁਪਨ-ਵਿਆਖਿਆਕਾਰ.

d. world, -land : ਖ਼ਿਆਲੀ ਦੁਨੀਆ, ਸੁਪਨ-ਸੰਸਾਰ.

day-d. : ਹਵਾਈ ਕਿਲ੍ਹੇ, ਸ਼ੇਖ਼-ਚਿੱਲੀ ਵਾਲੇ ਖ਼ਿਆਲ, ਖ਼ਾਬ-ਖ਼ਿਆਲ, ਮਨ ਦੇ ਲੱਡੂ.

walking d. : ਜਾਗਦਾ ਸੁਪਨਾ, ਉਹ ਕਲਪਨਾ ਜੋ ਸਾਕਾਰ ਰੂਪ ਧਾਰਨ ਕਰ ਲਵੇ.

dreamLESS, *a.* : ਘੂਕ (ਨੀਂਦ), ਸੁਪਨ-ਰਹਿਤ (ਨੀਂਦ).

dreamLIKE, *a.* : ਸੁਪਨੇ ਵਾਂਗ, ਸੁਪਨੇਹਾਰ.

dream², *v. i. & t.* (*past* dreamt, dreamed, *p. p.* dreamt) : ਸੁਪਨਾ ਆਉਣਾ, ਖ਼ਾਬ ਆਉਣਾ, ਖ਼ਾਬ ਵੇਖਣਾ, ਸੁਪਨੇ ਜਾਂ ਖ਼ਾਬ ਲੈਣੇ; ਖ਼ਿਆਲ ਕਰਨਾ, ਬਣਾਉਣਾ, ਕਿਰਪਣਾ, ਖ਼ਿਆਲਾਂ ਵਿੱਚ ਪੈ ਜਾਣਾ, ਮਨ ਵਿੱਚ ਲੱਡੂ ਭੋਰਨੇ, (ਖ਼ਿਆਲੀ ਪੁਲਾਅ ਪਕਾਉਣੇ) ਆਲਸੀ ਹੋਣਾ, ਗਿਣਤੀਆਂ ਮਿਣਤੀਆਂ ਵਿੱਚ ਪਏ ਰਹਿਣਾ.

dreamER, *n.* : ਸੁਪਨੇ ਵੇਖਣ ਵਾਲਾ, ਸੁਪਨੇ ਲੈਣ ਵਾਲਾ, ਖ਼ਿਆਲੀ ਆਦਮੀ, ਸ਼ੇਖ਼ ਚਿੱਲੀ, ਖ਼ਿਆਲਾਂ ਵਾਲਾ, ਵਿਹਾਰ ਨਸਮਝ ਵਾਲਾ.

dream-hole, *n.* : ਬੁਰਜ ਦੀ ਕੰਧ ਵਿਚ ਰੱਖੀ ਮੋਰੀ.

dreamy, *a.* : ਅਲਸਾਇਆ; ਸੁਪਨ-ਮਈ, ਸੁਪਨ ਸਮਾਨ, ਧੁੰਦਲਾ ਜਿਹਾ; ਰਹਿਮੀ, ਖ਼ਿਆਲੀ, ਖ਼ਿਆਲਾਂ ਵਿੱਚ ਪਿਆ ਰਹਿਣ ਵਾਲਾ, ਵਿਹਲੜ.

dreamILY, *adv.* : ਅਣਹੋਂਦ ਮਤਰ, ਸੋਚਾਂ ਵਿੱਚ ਪੈ ਕੇ, ਅਲਸਾਇਆ.

dreamINESS, *n.* : ਅਲਸੇਵੇਂ, ਖ਼ਿਆਲ, ਸੁਪਨ-ਅਵਸਥਾ

dreary, *a.* : ਨੀਰਸ, ਵੀਰਾਨ, ਨਿਰਜਨ, ਹਨੇਰਾ-ਘੁਪ, ਸੁੰਨ-ਸਾਨ, ਉਜਾੜ, ਉਦਾਸ.

drear(I)LY, *adv.* : ਨੀਰਸੀ ਨਾਲ, ਬੇਰੁਖ਼ਾਈ ਤੋਂ ਕੇ.

drear(I)NESS, *n.* : ਨੀਰਸਪੁਣਾ, ਹਨੇਰਾ-ਘੁਪ, ਨਿਰਾਸਤਾ.

dredge¹, *n., v. t. & i.* : ਦਰੇਂਗਣੀ, ਡ੍ਰੇਲਾ-ਚੁੱਕਣੀ (ਮਸ਼ੀਨ), ਦਰਿਆ ਜਾਂ ਸਮੁੰਦਰ ਵਿਚੋਂ ਗਾਰ ਕੱਢਣ ਵਾਲੀ ਮਸ਼ੀਨ; ਖੁੰਡਣਾ, ਉਘਾੜਨਾ, ਗਾਰ ਕੱਢਣਾ.

dredgeR, *n.* : ਬੇੜਾ ਜਿਸ ਤੇ ਹੋਵੇ, ਗਾਰ ਕੱਢਣ ਵਾਲਾ.

dredge², *v. t.* : ਧਮੋੜਨਾ, ਭੁੱਕਣਾ, ਛਿੜਕਣਾ.

dredging-box : ਧਮੋੜਦਾਨੀ.

dredger, *n.* : = dredging-box (*q. v.*).

dree, *v. t.* : (ਪੁਰਾਤਨ) ਸਹਿਣਾ, ਸਹਿਣ.

d. one's weird : ਕਿਸਮਤ ਸਹੀ ਜਾਣੀ.

dreg, *n.* (usually *pl.*) : ਫੋਗ, ਅਖਿਗਾਰ, ਤਲਛਟ, ਰਹਿੰਦ-ਖੂੰਹਦ, ਗਾਦ.

dregGY, *a.* : ਗੰਦਲਾ, ਫੋਗਲਾ, ਤਲਾਂ ਦਾ.

Dreibund [G], *n.* : ਤ੍ਰਿਕੋਣ, ਤ੍ਰੈ-ਸੰਧੀ, ਤਿੰਨਾਂ ਤਾਕਤਾਂ ਦਾ ਜੁੱਟ.

drench¹, *n.* : ਘੱਟਾ, ਪਸ਼ੂਆਂ ਨੂੰ ਪਿਲਾਈ ਜਾਣ ਵਾਲੀ ਦਵਾਈ; ਤਰੋਤਰ ਹੋਣ, ਗੜੁੱਚ.

drench², *v. t.* : ਘੱਟਾ ਦੇਣਾ, ਪਸ਼ੂ ਨੂੰ ਜ਼ੋਰ ਨਾਲ ਦਵਾਈ ਪਿਲਾਉਣੀ; ਗੜੁੱਚ ਕਰਨਾ, ਭਿਓਂ ਦੇਣਾ, ਤਰੋ ਤਰ ਕਰ ਦੇਣਾ.

drencher, *n.* : ਝੜੀ, ਭਿਓਂ ਦੇਣ ਵਾਲਾ, ਮੋਹਲੇਧਾਰ ਮੀਂਹ; ਨਲਕ (ਜਿਸ ਨਾਲ ਤਰੌਂਕਾ ਦਵੀਦਾ ਹੈ)

Dresden, *a.* : D. china, porcelain : ਜਰਮਨੀ ਦੇ ਸ਼ਹਿਰ ਡਰੇਜ਼ਡਨ ਵਿੱਚ ਬਣੇ ਚੀਨੀ ਦੇ ਭਾਂਡੇ, ਡਰੇਜ਼ਡਨੀ ਭਾਂਡੇ.

dress¹, *v. t. & i.* : (ਫ਼ੌਜ) ਪਾਲ ਬੰਨ੍ਹਣੀ, ਕਤਾਰਾਂ ਬਣਨੀ, ਠੀਕ ਸੇਧਣੀ, ਕਪੜੇ ਪਹਿਨਣੇ, ਪੁਸ਼ਾਕ ਸਜਾਉਣੀ; ਮਲ੍ਹਮ-ਪੱਟੀ ਕਰਨੀ, ਪੱਟੀ ਕਰਨੀ; (ਭੋਜਨ) ਬਣਾਉਣਾ, ਸਵਾਰਨੇ; (ਪੱਥਰ) ਸਾਫ਼-ਸੁਥਰਾ ਕਰਨਾ, (ਚਮੜਾ) ਰੰਗਣਾ, ਘੋਟਣਾ, ਪੱਕਾ ਚਾੜ੍ਹਨਾ; (ਕਪੜੇ ਦੀ) ਖੁੰਡੀ ਕਰਨੀ; (ਪਟੜੀ ਜਾਂ ਤੇਸ ਦੀ) ਦਰੁਸਤੀ ਜਾਂ ਸਫ਼ਾਈ ਕਰਨੀ; (ਖਾਣਾ, ਭੋਜਨ) ਤਿਆਰ ਕਰਨਾ; (ਘੋੜੇ ਨੂੰ) ਖਰਖਰਾ ਕਰਨਾ, (ਰੁੱਖ ਦਾ ਡਾਲ) ਛਾਂਗਣਾ, ਸਵਾਰਨਾ ਕਰਨਾ.

d. down : ਖੁੰਡ ਕੱਢਣੀ, ਖੁੰਢੀ ਕਰਨੀ, ਸਿੱਧ ਬੰਨ੍ਹਣਾ, ਤਾੜੀ ਲਾਉਣੀ, ਝਾੜਨਾ ਝੰਬਾਉਣਾ, ਝਾੜਨਾ, ਡਾਂਟਣਾ.

d. out : ਬਣਨਾ-ਠਣਨਾ, ਹਾਰ-ਸ਼ਿੰਗਾਰ ਕਰਨਾ, ਠਸ ਕਰਨੀ.

d. up : ਸਜਾਉਣਾ, ਸਿੰਗਾਰਨਾ; ਭੇਸ ਬਦਲਣਾ, ਸਾਂਗ ਬਣਾਉਣਾ.

dress², *n.* : ਪਹਿਰਾਵਾ, ਪੁਸ਼ਾਕ, ਕਪੜੇ, ਲੀੜੇ, ਬਾਣਾ, ਵੇਸ.

d.-coat : ਖ਼ਾਸ ਦੀ ਪੁਸ਼ਾਕ ਦਾ ਕੋਟ.

d.-guard : ਬਾਈਸਿਕਲ ਦੀ ਚੇਨ ਦਾ ਢੱਕਣ.

d. of honour : ਖ਼ਿਲਤ.

d.-maker : ਤੀਵੀਂਆਂ ਦੇ ਕਪੜੇ ਤਿਆਰ ਕਰਨ ਵਾਲਾ.

d. improver : ਚੀਣ-ਤਰੰਗ.

dresser¹, *n.* : ਰਸੋਈ ਦਾ ਫੱਟਾ, ਭਾਂਡਿਆਂ ਦੀ ਅਲਮਾਰੀ.

dresser², *n.* : ਹਿਸਪਤਾਲ ਅਰਥਾਤ ਵਿੱਚ: ਮਲ੍ਹਮ-ਪੱਟੀ ਕਰਨ ਵਾਲਾ, ਡ੍ਰੈਸਰ, ਨਾਟ-ਘਰਾਂ ਦੀ ਪੁਸ਼ਾਕ ਦੀ ਦੇਖ-ਭਾਲ ਕਰਨ ਵਾਲਾ, ਪੁਸ਼ਾਕੀਆ.

dresserSHIP, *n.* : ਡਰੈਸਰੀ.

dressing, *n.* : ਮਲ੍ਹਮ-ਪੱਟੀ; ਕਿਰਮਚੀ ਕੁੰਜੀ, ਰੁੜ੍ਹਾਈ, ਕਾਪਣਾ, ਤੜੀ, ਝਾੜ-ਝੰਬਾਈ, ਦਰੁਸਤੀ (ਸੜਕ ਜਾਂ ਪਟੜੀ ਦੀ), ਸਜਾਵਟ; ਮਿਰਚ-ਮਸਾਲਾ, ਤੜਕਾ-ਛੌਂਕ.

d.-case : ਸ਼ਿੰਗਾਰ ਡੱਬਾ.

d.-gown : ਆਰਾਮਦੇਹ ਪਹਿਰਣ ਵਾਲਾ ਚੋਗਾ.

d.-room : ਸ਼ਿੰਗਾਰ ਕਮਰਾ, ਕਪੜੇ ਪਹਿਨਣ ਲਈ ਕਮਰਾ.

d.-table : ਸ਼ਿੰਗਾਰ-ਮੇਜ਼, ਸ਼ੀਸ਼ੇ ਵਾਲਾ ਮੇਜ਼.

dressy, *a.* : ਸ਼ੁਕੀਨ, ਛੈਲਛਬੀਲਾ, ਅਡੰਬਰੀ, ਬਾਂਕਾ-ਸੰਵਾਰਾ, ਕਪੜਿਆਂ ਦਾ ਸ਼ੁਕੀਨ.

dressINESS, *n.* : ਸ਼ੁਕੀਨਪੁਣਾ, ਛੈਲਛਬੀਲਾਪਣ.

drew : draw ਦਾ ਭੂਤਕਾਲ.

dribble, *v. i. & t. & n.* : ਚੋਣਾ, ਟਿਪਕਣਾ, ਤ੍ਰਿਪ-ਤ੍ਰਿਪ ਕਰਨਾ, ਲਾਲਾਂ (ਲਾਲਾਂ, ਲੇਲਾਂ) ਵਗਣੀਆਂ (ਜਿਵੇਂ drivel); (ਫੁਟਬਾਲ) ਟੁਕਾ, ਟਿਕਣਾ; (ਖਿਡਾਰੀ) ਗੇਂਦ ਨੂੰ ਪੈਰ ਨਾਲ ਅੱਗੇ ਵਧਾਉਣਾ.

dribbleR, *n.* : ਚੋਅ; ਲਾਰ.

dribblet, *n.* : ਤੁਪਕਾ, ਬਿੰਦੂ, ਥੋੜ੍ਹੀ ਮਿਕਦਾਰ, ਥੋੜ੍ਹੀ ਰਕਮ.

dried, *v. t. & i. & a.* : ਸੁਕਾਇਆ, ਸੁੱਕ ਗਿਆ; ਸੁੱਕਾ ਹੋਇਆ.

drier, *a.* : ਸੁਕਾਉ, ਸੁਕਾਉਣ ਵਾਲਾ.

drift, *n.* : ਵਹਾਉ, ਰੋੜ੍ਹ, ਤੋਰ, ਗਤੀ, ਰੁਖ਼, ਝੁਕਾਅ, ਢਲਾਣ, ਭਾਵ, ਮੰਤਵ, ਆਸ਼ਾ, ਮਤਲਬ, ਮੁਰਾਦ; (ਰੇਤ ਜਾਂ ਬਰਫ਼ ਦਾ) ਢੇਰ; ਢੱਟਰ, ਅੰਬਾਰ, ਤੋਦਾ (ਹਵਾ ਜਾਂ ਪਾਣੀ ਦੇ ਰੋੜ੍ਹ ਨਾਲ ਇਕੱਠੀ ਹੋਈ); ਜਮਾਵ (ਰੇਤ ਦਾ); (ਖਾਣ ਵਿਚ) ਪਾੜ ਦੀ ਰਾਹ; (ਧਾਤ ਵਿੱਚ ਮੋਰੀ ਕਰਨ ਵਾਲਾ) ਵਰਮਾ; (ਲੰਗਰ ਜਾਂ ਰੱਸੀ) ਆਲਸੀ ਪੁਗਾਣ ਕਰਨ ਲਈ ਤੱਤਾਰ ਵੇਲ ਹੋਣੇ.

drift, *v. i. & t.* : ਵਹਿਣਾ, ਰੁੜ੍ਹ ਜਾਣਾ, ਵਹਾਉਣਾ, ਰੁੜ੍ਹਾ ਕੇ ਲੈ ਜਾਣਾ; ਹਵਾ ਦੇ ਜ਼ੋਰ ਨਾਲ ਇੱਕੋ ਥਾਂ ਜਮ ਜਾਣੇ ਜਾਂ ਢੇਰ ਹੋਣ; ਇਕ ਇਕੱਠੀ ਹੋ ਜਾਣੀ ਜਾਂ ਕਰਨੀ; ਮੋਰੀ ਕਰਨੀ, ਵਧਾਉਣਾ.

driftAGE, *n.* : ਵਹਾਓ, ਵਹਿਣ, ਰੋੜ੍ਹ.

drifter, *n.* : ਮੱਛੀਆਂ ਫੜਨ ਲਈ ਬੇੜੀ.

drill¹, *n. & v. t. & i.* : ਵਰਮਾ, ਬਰਮੀ, ਤਾਲੀਮ, ਕਵਾਇਦ, ਕਸਰਤ; ਕਰੜੀ ਸਿਖਲਾਈ ਜਾਂ ਅਭਿਆਸ; ਵਰਮਾ-ਮਸ਼ੀਨ, ਮੋਰੀ ਕਰਨੀ, ਛੇਕ ਕਰਨਾ, ਕਵਾਇਦ ਜਾਂ ਤਾਲੀਮ ਕਰਾਉਣੀ ਜਾਂ ਕਰਨੀ; ਕਰੜੇ ਜ਼ਬਤ ਵਿੱਚ ਰਹਿਣਾ.

drill², *n. & v. t.* : ਖਾਲ, ਸਿਆੜ; ਬੀਜਿਆਂ ਦੀ ਪਾਲ; ਕੇਰਾ (ਕੇਰਾ ਬਿਜਾਈ); ਕਿਆਰਾ, ਕੇਰ ਨਾਲ ਬੀਜ ਪਾਉਣਾ.

drill³, *n.* : ਇੱਕ ਕਿਸਮ ਦਾ ਲੰਗੂਰ.

drill⁴, *n.* : ਚਹਿਲ, ਜੀਨ (ਦਾ ਕਪੜਾ).

drily, *adv.* (dry ਤੋਂ) : ਖੁਸ਼ਕੀ ਰੁੱਖੇ ਢੰਗ ਨਾਲ, ਤੈਖੀ ਤਰ੍ਹਾਂ.

drink¹, *v. t. & i.* : ਪੀਣਾ, ਸੋਖਣਾ, ਪੀ ਜਾਣਾ, ਪੀਣਾ, ਨਸ਼ਾ-ਪਾਣੀ ਕਰਨਾ, ਨਸ਼ਾ ਪੀਣਾ, ਸ਼ਰਾਬ ਪੀਣੀ, ਸ਼ਰਾਬੀ ਹੋਣਾ.

d. in : ਰੂਹ ਜਾਂ ਦੌਰ ਨਾਲ ਸੁਣਨਾ.

d. off,-up : ਪੀ ਜਾਣਾ, ਚਾੜ੍ਹ ਜਾਣਾ.

d. to : ਕਿਸੇ ਦੀ ਸਿਹਤ ਦਾ ਜਾਮ ਪੀਣਾ, ਸ਼ੁਭ ਇੱਛਾ ਪ੍ਰਗਟ ਕਰਨੀ.

d. to excess : ਡਾਢਾ, ਬਹੁਤ ਪੀਣੀ.

(-) **drinken**, *a.* : ਪਿਆਕ, ਪਿਅੱਕੜ.

drink², *n.* : ਪਾਣੀ ਧਾਣੀ, ਨਸ਼ਾ-ਪਾਣੀ, ਸ਼ਰਾਬ, ਦਾਰੂ, ਘੁਸਕੀ, ਘੁੱਟ.

drink-OFFERING, *n.* : ਸ਼ਰਾਬ ਦਾ ਚੜ੍ਹਾਵਾ, ਮਦ-ਭੇਟਾ (ਜੋ ਦੇਵਤੇ ਦੇ ਨਮਿੱਤ ਧਰਤੀ ਤੇ ਡੋਲ੍ਹ ਦਿੰਦੇ ਸਨ).

drinkLESS, *a.* : ਮੂੰਹ ਦਾ ਮੰਦਾ (ਜਿਸ ਤੋਂ ਪੀਣ ਲਈ ਕੁਝ ਨਾ ਹੋਵੇ), ਮਾਤ-ਹੀਣ.

drinkable, *a.* : ਪੀਣਯੋਗ, ਪੀਣ-ਲਾਇਕ, ਪੀਣ ਵਾਲੀ; (ਬਹੁਵਚਨ). ਪਾਣੀ-ਧਾਣੀ, ਪੀਣ ਵਾਲੀਆਂ ਚੀਜ਼ਾਂ.

drip, *v. t.* & *i.* : ਚੋਣਾ, ਟਪਕਣਾ, ਤ੍ਰਿਪ-ਤ੍ਰਿਪ ਕਰਨਾ, ਤ੍ਰਿਮਣਾ, ਤੁਪਕੇ ਡਿਗਣੇ ਜਾਂ ਸੁਟਣੇ, ਰਿਸਣਾ.

drip, *n.* : ਟੱਪ-ਟੱਪੀ, ਤ੍ਰਿਪ-ਤ੍ਰਿਪ, ਟਿਪ-ਟਿਪ; ਟਪਕ, ਚੋਆ, ਚੋਅ.

drip-MOULDING, **drip**STONE, *n.* : ਛੱਜਾ (ਚੋਆ ਰੋਕਣ ਲਈ).

d.-DROP, *n.* : ਚੋਣ-ਥਾਲੀ, ਟਿਪ-ਟਿਪ.

dripping, *n.* : ਟੱਪਾ-ਟੱਪੀ, ਚੋਆ, ਚੋਣ, ਟਪਕਾਅ, ਚਰਬੀ (ਜੋ ਮਾਸ ਰਿੱਝਦਿਆਂ ਢਲਦੀ ਹੈ).

drive[1], *v. t.* & *i.* : ਹਿੱਕਣਾ, ਹੋਕਣਾ, ਦਬਾਲਣਾ, ਧੱਕਣਾ; ਧਕਾਉਣਾ, ਗੱਡਣਾ, ਠੋਕਣਾ (ਕਿੱਲ), ਚਲਾਉਣਾ, ਮਿੰਨਤ ਕਰਨੀ; ਪੁਟਣਾ, ਖਟਣਾ (ਸੁਰੰਗ); ਚਲਾਉਂਦੀ (ਗੱਡੀ); ਜ਼ੋਰ ਲਾ ਕੇ, ਧੱਕ ਕੇ ਕਢਣਾ (ਕੰਮ, ਵਿਹਾਰ); ਠੇਲ੍ਹਣਾ, ਧਕੇਲਣਾ, ਰੇੜ੍ਹਨਾ, ਰੁੜ੍ਹਨਾ.

d. a quill, pen : ਕਲਮ ਚਲਾਉਣੀ, ਲਿਖਣਾ, ਲਿਖਾਰੀ ਦਾ ਕੰਮ ਕਰਨਾ.

d. at : ਤਾੜ ਹੋਣਾ, ਮਤਲਬ ਹੋਣਾ.

d. away : ਡਰਾਉਣਾ, ਖਿਦੇੜਨਾ, ਧਕੇਲਣਾ, ਨਸਾ ਦੇਣਾ.

d. out : ਕੱਢ ਦੇਣਾ.

let d. : ਕੱਸ ਕੇ ਮਾਰਨਾ.

drive[2], *n.* : (ਗੱਡੀ ਵਿੱਚ) ਸੈਰ; ਜੋਸ਼, ਧਕੇਲ, ਬੀੜ; ਮੁਹਿੰਮ, ਜਥੇਬੰਦ ਉੱਦਮ; (ਕ੍ਰਿਕਟ ਦੀ) ਹਿੱਟ, ਜ਼ੋਰ, ਬਲ, ਤਾਕਤ, ਉੱਦਮ; ਰਵਿਸ਼, ਸੜਕ, ਰਸਤਾ; ਗੱਡੀ-ਰਾਹ, ਘਰ ਦੇ ਅੰਦਰ ਦੀ ਨਿੱਜੀ ਸੜਕ.

drivel, *v. i.* & *t.* & *n.* : (ਬੱਚਿਆਂ ਵਾਂਗ) ਲਾਰਾਂ ਵਗਾਉਣੀਆਂ, ਝੱਗਾਂ ਵਹਾਉਣੀਆਂ ਜਾਂ ਛਡਣੀਆਂ; ਝੂਠ-ਮੂਠ ਬਕਣਾ; ਅਜਾਈਂ ਗੁਆਉਣਾ; ਬਕਵਾਸ, ਬਕੜਵਾਹ, ਨਿਰਰਥਕ ਗੱਲਾਂ.

drivelLER, *n.* : ਲੇਲ੍ਹੂ, ਲੋਲ੍ਹੂ; ਮੂਰਖ, ਉਜੱਡ; ਬਕਵਾਸੀ, ਬਕਵਾਸੀ.

driver, *n.* : ਡਰਾਈਵਰ, ਕੋਚਵਾਨ, ਹੱਕਣ ਵਾਲਾ; (ਗੋਲਫ਼) ਬੱਲਾ; (ਮਸ਼ੀਨ ਦਾ) ਚਲਾਊ ਪਹੀਆ.

quill-d. : ਕਲਮ-ਘਸੀਟੂ, ਲਿਖਾਰੀ.

slave-d. : ਗ਼ੁਲਾਮਾਂ ਦੀ ਟੋਲੀ ਦਾ ਦਰੋਗਾ ਜਾਂ ਨਿਗਰਾਨ.

driverLESS, *a.* : ਬਿਨਾਂ ਡਰਾਈਵਰ.

driving-wheel, *n.* : ਚਲਾਊ ਪਹੀਆ (ਜਿਸ ਆਸਰੇ ਬਾਕੀ ਦੇ ਪੁਰਜ਼ੇ ਚਲਦੇ ਹਨ).

drizzle, *v. i.* & *n.* : ਫੁਹਾਰ ਪੈਣੀ, ਕਿਣ-ਮਿਣ ਹੋਣੀ, ਭੂਰ ਪੈਣੀ; ਫੁਹਾਰ, ਫੁਹਾਰ, ਕਿਣ-ਮਿਣ, ਬੂੰਦਾ-ਬਾਂਦੀ, ਭੂਰ.

drizzly, *a.* : ਕਿਣ-ਮਿਣੀਆ (ਮੌਸਮ ਜਾ ਦਿਨ), ਬੂੰਦਾ-ਬਾਂਦੀ ਵਾਲਾ.

drogher, *n.* : ਪੱਛਮੀ ਇੰਡੀਜ਼ ਦਾ ਸਾਹਿਲੀ ਜਹਾਜ਼; ਮੱਠੀ ਚਾਲ ਵਾਲਾ ਭੱਦਾ ਜਹਾਜ਼.

drogue, *n.* : ਉਹ ਤਖ਼ਤਾ-ਪੀਪਾ ਜੋ ਵੇਲ-ਮੱਛਿਆਂ ਦੀ ਰੱਸੀ ਦੇ ਸਿਰੇ ਤੇ ਲੱਗਾ ਹੁੰਦਾ ਹੈ.

droit, *n.* : ਹੱਕ, ਦਸਤੂਰੀ, ਉਪ-ਕਰਤ.

dd. of Admiralty : ਜਹਾਜ਼ੀ ਲੁੱਟ ਦੇ ਮਾਲ ਵਿੱਚੋਂ ਹਿੱਸਾ ਜੋ ਸਮੁੰਦਰੀ ਮਹਿਕਮੇ ਵਾਲਿਆਂ ਨੂੰ ਦਸਤੂਰੀ ਦੇ ਤੌਰ ਤੇ ਮਿਲਦਾ ਹੈ.

droll, *a.*, *n.* & *v. i.* : ਅਜੀਬ, ਨਿਰਾਲਾ, ਅਜੀਬ, ਹਸੋੜੀ; ਮਸਖ਼ਰਾ, ਭੰਡ; ਮਸਖ਼ਰੀ ਕਰਨੀ, ਠੱਠੇ ਕਰਨੇ.

drollNESS, *n.* : ਅਜੀਬਪਨ, ਅਜੋੜ; ਮਸਖ਼ਰੀ.

drollY, *adv.* : ਅਜੀਬ ਤਰ੍ਹਾਂ, ਹਾਸੇ ਨਾਲ.

drollery, *n.* : ਠੱਠਾ ਮਖ਼ੌਲ, ਹਾਸਾ-ਮਜ਼ਾਕ, ਮਸਖ਼ਰੀ; ਹਸੋੜੀ ਗੱਲ ਜਾ ਮਿਜ਼ਾਜ.

dromedary, *n.* : ਸਾਂਡਣੀ, ਊਠਣੀ, ਸਵਾਰੀ ਦਾ ਊਠ.

dromond, *n.* : (ਇਤਿਹਾਸ) ਮੱਧ ਕਾਲ ਦਾ ਵੱਡਾ ਜਹਾਜ਼.

drone, *n.* & *v. i.* & *t.* : ਨਰ ਭੂੰਡ (ਜੋ ਕੋਈ ਕੰਮ ਨਹੀਂ ਕਰਦਾ); ਵਿਹਲੜ, ਆਲਸੀ, ਮਖੱਟੂ; ਭੀਂ-ਭੀਂ, ਭਿਣ-ਭਿਣ, ਘਿਣਘਿਣਾਹਟ, ਇਕਸਾਰ ਅਕਾਊ ਅਵਾਜ਼ ਜਾਂ ਭਾਸ਼ਣ; ਬੀਨ ਵਾਜੇ ਦੀ ਨਿਚਲੀ ਸੁਰ; ਭਿਣਕਣਾ, ਭਿਣਭਿਣਾਉਣਾ, ਭਿਣ-ਭਿਣ, ਭੀਂ-ਭੀਂ, ਘੂੰ-ਘੂੰ ਕਰਨਾ; ਵਿਹਲਿਆਂ ਗੁਆਉਣਾ, ਆਲਸਪੁਣੇ ਵਿੱਚ ਲੰਘਾਉਣਾ.

dronINGLY, *adv.* : ਭਿਣਭਿਣਾਉਂਦਿਆਂ, ਭਿਣਕਦਿਆਂ, ਭੀਂ-ਭੀਂ ਕਰਦੇ.

droop, *v. i.* & *t.* & *n.* : ਝੁਕਣਾ, ਕੁਮ੍ਹਲਾ, ਨੀਵਾਂ ਪੈਣਾ, ਨੀਵੀਂ ਕਰਨੀ (ਅੱਖ); ਢਿੱਲਾ ਪੈਣਾ (ਕੰਨ ਦਾ); ਧੀਮੀ ਜਾਂ ਹੌਲੀ ਕਰਨੀ (ਅਵਾਜ਼); ਡੁੱਬ ਜਾਣੀ; ਡੁਬਣਾ (ਸੂਰਜ ਦਾ); ਮਰ-ਮੁਕਣਾ ਹੋਣਾ; ਢਲਣਾ (ਦਿਨ ਦਾ); ਥੱਕ ਜਾਣਾ, ਕੁਮਲਾਉਣਾ; ਮੁਰਝਾਉਣਾ, ਨਿਢਾਲ ਹੋਣਾ, ਦਿਲ ਢਾਹੁਣਾ, ਜੀ ਹਾਰਨਾ, ਹਿੰਮਤ ਹਾਰਨੀ; ਝੁਕਾਊ, ਝੁਕ, ਢਲ; ਲਿਫਾਊ, ਲਾਂਗੜੀ ਕਲਾ, ਨਿਸੱਤਤਾ, ਨਿਢਾਲਤਾ.

droopINGLY, *adv.* : ਲਿਫ਼ਦਿਆਂ ਕੇ, ਨੀਵੀਂ ਪਾ ਕੇ, ਨਿਸੱਤਾ ਹੋ ਕੇ, ਨਿਢਾਲ ਹੋ ਕੇ.

drop[1], *n.* : ਬੂੰਦ, ਤ੍ਰੁਪੀ, ਘਟੀ, ਤੇਪਾ, ਤੁਪਕਾ, ਬੂੰਦ, ਛਿੱਟ; ਘੁਟ, ਚੁਸਕੀ (ਸ਼ਰਾਬ ਆਦਿ ਦੀ); ਥੋੜਾ ਜਿਹਾ; (ਕੰਨਾਂ ਦਾ) ਬੁੰਦਾ, ਲਟਕਣ, ਲੋਟਣ, ਲੁੜਕਾ, ਲਰਜ਼ਾ, ਲਿਸ਼ਕ; ਲਹਾਊ, ਨਿਵਾਣ (ਸੜਕ ਵਿੱਚ); ਤਮਾਸ਼ਾ-ਸੀਨ ਪਰਦਾ (ਥੀਏਟਰ ਦਾ); ਫਾਂਸੀ ਦਾ ਤਖ਼ਤਾ ਜਾਂ ਫੱਟਾ; (ਫਾਂਸੀ ਚੜ੍ਹਨ ਵਾਲੇ ਦੀ) ਡਿੱਗਣ ਦੀ ਵਿੱਥ; ਤਮਾਸ਼-ਚਿੱਤਰ, ਗੁੜ-ਪਾਕ ਨੂੰ ਮੁੜ ਕੇ ਸਾਦੀ ਚਿੱਤ, ਠੋਕਰ, ਠੁੱਡ; ਮਿੱਠੀ ਗੋਲੀ.

d. in bucket or ocean : ਸਾਗਰ ਵਿੱਚ ਬੂੰਦ, ਆਟੇ ਵਿੱਚ ਲੂਣ, ਥੋੜ੍ਹੀ ਚੀਜ਼, ਤੁੱਛ ਵਸਤ.

d.-sulphur : ਦਾਣਾ-ਗੰਧਕ, ਦਾਣੇਦਾਰ ਗੰਧਕ.

ear-dd. : ਬੁੰਦੇ, ਝੁਮਕੇ, ਕਰ, ਮੁਰਕੀ, ਲੁੜਕੇ, ਲਟਕਣ (ਹੇਠ ਵੱਲ ਲੁੜ੍ਹਕੇ).

a d. in eyes : ਕਮਜ਼ੋਰੀਆਂ ਅੱਖਾਂ, ਪੀਤੀ ਹੋਣ ਦੀ ਨਿਸ਼ਾਨੀ.

dropLET, *n.* : ਟਿਮਕਣਾ, ਟਿਮਕਾ, ਛੁਟਾ.

drop[2], *v. t.* & *i.* : ਚੋਣਾ, ਟਪਕਣਾ, ਰਿਸਣਾ; ਕਿਰਨਾ, ਕਿਰ ਜਾਣਾ, ਰਹਿ ਜਾਣਾ; ਮੁਕ ਜਾਣਾ, ਮਰ ਮੁਕਣਾ; ਘਟਣਾ, ਲਥਣਾ, ਲਹਿ ਜਾਣਾ, ਉਤਰਨਾ; ਹੇਠਾਂ ਵਲ ਜਾਣਾ, ਹੇਠਾਣ ਵਲ ਜਾਣਾ; ਪਛੜ ਜਾਣਾ, ਪਿੱਛੇ ਰਹਿ ਜਾਣਾ; (ਅਚਨਚੇਤ) ਆ ਵੜਨਾ, ਚੋਗਾਮ ਪੈਣਾ; ਕੇਰਨਾ; ਬੰਦ ਦੇਣਾ; ਜਣਨਾ, ਸੂਆ ਦੇਣਾ (ਜੰਗ ਬਕਰੀ ਦਾ); ਮਹਿੰ ਕੱਢਣਾ, ਕਹਿ ਘੱਤਣਾ; ਹਾਰਨਾ; (ਮਾਰ ਕੇ) ਡੇਗ ਦੇਣਾ, ਮਾਰ ਮੁਕਾਉਣਾ; (ਸਵਾਰੀ ਜਾਂ ਪਾਰਸਲ) ਲਾਹ ਦੇਣਾ; (ਅਲਾਹਕਾ ਜਾਂ ਲਿਖਾਈਆਂ ਵੱਡੀ ਲਕੀਰ) ਛੱਡ ਜਾਣਾ, ਲਿਵਾਉਣਾ, ਨੀਵੀਂ ਪਾ ਲੈਣੀ (ਅੱਖ); (ਅਵਾਜ਼) ਧੀਮੀ ਜਾਂ ਮੱਧਮ ਕਰ ਲੈਣੀ; (ਫੁਟਬਾਲ) ਭੁੜਕ-ਕਿੱਕ ਰਾਹੀਂ ਗੋਲ ਕਰਨਾ ਜਾਂ ਗੋਲ ਕਰਨਾ.

d. away, in : ਇੱਕ ਇੱਕ ਕਰਕੇ ਚਲੇ ਜਾਣਾ ਜਾ ਆਉਣਾ.

d. curtsy : (ਤੀਵੀਂ ਦਾ) ਗੋਡਾ ਨਿਵਾ ਕੇ ਸਨਮਾਨ ਕਰਨਾ.

d. off : ਇੱਕ ਇੱਕ ਕਰਕੇ ਚਲੇ ਜਾਣਾ, ਸੌਂ ਜਾਣਾ, ਅੱਖ ਲਗਣੀ.

d. on : ਵਰ੍ਹ ਪੈਣਾ, ਖ਼ਬਰ ਲੈਣੀ, ਝਾੜ-ਝਪਾੜ ਕਰਨੀ.

d. out : ਕਿਰ ਜਾਣਾ, ਰਹਿ ਜਾਣਾ, ਛੱਡ ਜਾਣਾ.

droppings, *n.* : ਤੁਪੇ, ਛਿੱਟਾਂ; ਮੀਂਗਣਾਂ (ਬਕਰੀ, ਸਹੇ, ਚੂਹੇ ਆਦਿ ਦੀਆਂ) ਵਿੱਠਾਂ (ਪੰਛੀਆਂ ਦੀਆਂ); ਘੜਾਲਾਂ (ਭੇਡੀ ਦੀਆਂ).

drop-scene, *n.* : (ਥੀਏਟਰ ਦੇ ਮੂਹਰਲਾ ਦਾ) ਪਰਦਾ, ਤਮਾਸ਼-ਸੀਨ; ਅੰਤਮ ਦ੍ਰਿਸ਼, ਅਖ਼ੀਰਲੀ ਝਾਕੀ.

dropsy, *n.* : ਜਲੋਧਰ (ਦਾ ਰੋਗ).

dropsicAL, *a.* : ਜਲੋਧਰੀ.

dropsicALLY, *adv.* : ਜਲੋਧਰੀ ਢੰਗ ਨਾਲ, ਜਲੋਧਰ ਦੇ ਤੌਰ ਤੇ.

dros(h)ky, *n.* : ਚਾਰ-ਪਹੀਆ ਰੂਸੀ ਗੱਡੀ, ਜਰਮਨੀ ਵਿੱਚ ਕਰਾਏ ਦੀ ਗੱਡੀ.

dross, *n.* : (ਧਾਤ ਦੀ) ਮੈਲ, ਮਲ, ਮਨੂਰ.

drossy, *a.* : ਮਲਦਾਰ, ਮਨੂਰੀ, ਮਨੂਰਮਈ.

drought, drouth, *n.* : (ਪੁਰਾਤਨ) ਤੇਹ, ਪਿਆਸ; ਸੋਕਾ, ਔੜ, ਕਾਲ, ਖੁਸ਼ਕ-ਸਾਲੀ.

droughty, drouthy, *a.* : ਸੋਕੇ ਵਾਲੀ, ਔੜ ਵਾਲੀ (ਰੁੱਤ).

drove[1], *n.* : ਚੌਣਾ (ਪਸ਼ੂਆਂ ਦਾ), ਹੇੜ, ਮੰਡਲ, ਵਹੀਰ, ਭੀੜ, ਧਾੜ, ਦੰਦ, ਆਦਿ; ਰਾਜ ਦੀ ਚੌੜੀ ਛੈਣੀ.

drove[2] : drive ਦਾ ਭੂਤ ਕਾਲ.

drover, *n.* : ਪਸ਼ੂਆਂ ਨੂੰ ਹੱਕ ਕੇ ਮੰਡੀ ਵਿਚ ਲਿਜਾਣ ਵਾਲਾ, ਪਸ਼ੂਆਂ ਦਾ ਵਪਾਰੀ.

drove, *v. t.* : ਮਾਲ ਮੰਡੀ ਵਿਚ ਲਿਜਾਣਾ, ਮਾਲ-ਡੰਗਰ ਦਾ ਵਪਾਰ ਕਰਨਾ.

droving, *n.* : ਮਾਲ ਦਾ ਵਪਾਰ.

drown, *v. i. & t.* : ਡੁੱਬਣਾ, ਡੁਬ ਮਰਨਾ; ਡੋਬਣਾ; ਡੁਬੋਣਾ; ਖੁਭੋਣਾ; (ਅਵਾਜ਼ ਨੂੰ) ਦਬਾ ਦੇਣਾ; (ਸ਼ਰਾਬ ਪੀ ਕੇ) ਗ਼ਮ-ਗ਼ਲਤ ਕਰਨਾ.

d. out : ਹੜ੍ਹ ਵਿਚ ਰੁੜ੍ਹ ਦੇਣਾ, ਰੋੜ੍ਹ ਦੇਣਾ.

like drowned rat : ਗੜੁੱਚ ਹੋਇਆ.

drowse, *v. i. & t.* : ਊਂਘਣਾ; ਉਨੀਂਦਰੇ ਹੋਣਾ, ਨੀਂਦ ਲਿਆਉਣੀ; ਸੁਸਤੀ ਫੈਲਾਉਣੀ, ਆਲਸੀ ਬਣਾਉਣਾ, ਅੱਧੀ ਜਾਗਦੇ, ਸੁਸਤ ਹੋਣਾ, ਖ਼ੁਮਾਰੀ ਹੋਣਾ.

drowsy, *a.* : ਊਂਘਦਾ, ਨਿੰਦਰਾਇਆ, ਨੀਂਦ-ਲਿਆਊ; ਸੁਸਤ, ਆਲਸੀ.

drowsILY, *adv.* : ਊਂਘਦਿਆਂ ਊਂਘਦਿਆਂ, ਖ਼ੁਮਾਰੀ ਵਿਚ, ਸੁਸਤੀ ਨਾਲ.

drowsIHEAD, drowsINESS, *n.* : (ਪੁਰਾਤਨ), ਊਂਘ, ਖ਼ੁਮਾਰੀ.

drub, *v. t.* : ਕੁਟਣਾ, ਡੰਡੇ ਮਾਰਨੇ, ਝੰਬਣਾ, ਢੋਲ੍ਹੋ ਕਰਨੀ, ਖੁੰਬ ਠੱਪਣੀ, ਤੜ੍ਹੀ ਚਾੜ੍ਹਨੀ; (out of ਜਾਂ into ਦੇ ਨਾਲ) ਮਾਰ ਮਾਰ ਕੇ ਕਿਸੇ ਖ਼ਿਆਲ ਨੂੰ ਦਿਮਾਗ਼ੋਂ ਬਾਹਰ ਕੱਢਣਾ ਜਾਂ ਘਸੋੜਨਾ.

drubbING, *n.* : ਮਾਰ-ਕੁਟ, ਕੁੱਟ, ਤੜ੍ਹੀ, ਖੁੰਬ-ਠਪਾਈ.

drudge, *n. & v. i.* : ਮਿਹਨਤੀ ਆਦਮੀ, ਮਿਹਨਤੀਆ, ਵਗਾਰੀਆ; ਡੰਗਰ ਕੇ ਮਿਹਨਤ ਕਰਨੀ, ਲਹੂ ਪਾਣੀ ਇਕ ਕਰ ਦੇਣਾ, ਵਗਾਰੀਆਂ ਦੀ ਤਰ੍ਹਾਂ ਕੰਮ ਕਰਨਾ, ਤੜ੍ਹੀ ਕਰਨੀ.

drudgERY, *n.* : ਮਿਹਨਤ, ਰੋਜ਼ ਚੱਕਰੀ ਕਾਰ, ਵਗਾਰ.

drudgINGLY, *adv.* : ਹੱਡ ਮਾਰ ਕੇ, ਮਿਹਨਤ ਨਾਲ, ਵਗਾਰ ਕਰਦਿਆਂ.

drug, *n. & v. t. & i.* : ਜੜੀ-ਬੂਟੀ, ਦਵਾਈ, ਦਾਰੂ, ਔਖਧ, ਔਸ਼ਧੀ; ਅੜਿੱਕਵਾਂ ਮਾਲ, ਐਸਾ ਜਿਸ ਦਾ ਕੋਈ ਗਾਹਕ ਨਾ ਹੋਵੇ; ਦਵਾਈ ਪਿਲਾਉਣੀ (ਖ਼ਾਸ ਕਰਕੇ ਬੇਹੋਸ਼ੀ ਦੀ), ਨਸ਼ਿਆਉਣਾ, ਮਿਲਾਉਣਾ (ਜ਼ਹਿਰ ਜਾਂ ਬੇਹੋਸ਼ੀ ਦੀ ਦਵਾਈ); ਵਿਸ ਘੋਲਣਾ.

druggy, *a.* : ਦਵਾਈ ਦਾ, ਦਵਾਈ ਵਰਗਾ.

drugget, *n.* : ਉੱਨ ਕਪੜਾ, ਦੋੜਾ.

druggist, *n.* : ਪਸਾਰੀ, ਦਵਾ-ਫ਼ਰੋਸ਼.

Druid, *n.* : ਡਰੂਇਡ, ਪੁਰਾਤਨ ਇੰਗਲੈਂਡ ਦੀ ਕੈਲਟਕ ਕੌਮ ਦਾ ਪੁਜਾਰੀ.

DruidIC, *a.* : ਡਰੂਇਡੀ.

DruidISM, *n.* : ਡਰੂਇਡੀ ਮੱਤ.

drum[1], *n.* : ਢੋਲ, ਢੋਲਕ; ਧੌਂਸਾ, ਨਗਾਰਾ ਡਮਰੂ, ਭੇਰੀ, ਤਬਲਾ; ਢੋਲ (ਜੀ ਸ਼ਕਲ ਵਾਲੀ ਕੋਈ ਚੀਜ਼).

d.-fire : ਬਾੜ੍ਹ, ਗੋਲਿਆਂ ਦੀ ਬੁਛਾੜ.

beat of d. : ਡੌਂਡੀ ਦੀ ਚੋਟ.

d.-head. : ਢੋਲ ਦੀ ਖੱਲ, ਪੁੜਾ.

d. major : ਡਰੱਮ-ਮੇਜਰ, ਫ਼ੌਜੀ ਬੈਂਡ ਦਾ ਅਫ਼ਸਰ.

drumstick : ਡੱਗਾ, ਨਗਾਰੇ ਦੀ ਚੋਬ; (ਪਕਾਏ ਹੋਏ) ਮੁਰਗ਼ੀ ਦੀ ਲੱਤ (ਜਿਸ ਦੀ ਸ਼ਕਲ ਡੱਗੇ ਵਾਂਗ ਹੁੰਦੀ ਹੈ).

war-d. : ਮਾਰੂ ਢੋਲ, ਮਾਰੂ.

d. of ear : ਕੰਨ ਦਾ ਪਰਦਾ.

drum[2], *v. i. & t.* : ਢੋਲ ਵਜਾਉਣਾ, ਡੱਗਾ ਮਾਰਨਾ, ਠੱਪ-ਠੱਪ ਜਾਂ ਥੱਪ-ਥੱਪ ਕਰਨਾ.

d. into : ਮੁੜ ਮੁੜ ਆਖ ਕੇ ਕੋਈ ਗੱਲ ਸਮਝਾਉਣੀ.

d. out : ਢੰਡੋਰਾ ਦੇ ਕੇ ਸਾਰ੍ਹੀ ਪੌਰਹੋਂ ਬਾਹਰ ਕਰ ਆਉਣਾ.

d. up : (ਢੋਲ ਵਜਾ ਕੇ) ਇਕੱਠੇ ਕਰਨੇ.

drumMER, *n.* : ਢੋਲਚੀ, ਢੋਲੀ, ਤਬਲਚੀ, ਨਗਾਰਚੀ, ਮਰਾਸੀ, ਡੁਗਾਸੀ.

drumMING, *n.* : ਢੋਲ ਵਜਾਈ.

drum[3], **drumlin**, *n.* : ਕਗਾਰ, ਰੇਤ ਜਾਂ ਰੋੜ ਦਾ ਲੰਮਾ ਟਿੱਬਾ.

Drummond light, *n.* : ਅਤੇ-ਜੋਤੀ ਰੋਸ਼ਨੀ, ਤੇਜ਼ ਰੋਸ਼ਨੀ, ਆਕਸੀ-ਹਾਈਡਰੋਜਨ ਰੋਸ਼ਨੀ [ਇਸ ਤੇ ਕਾਢ ਕਪਤਾਨ ਟੀ. ਡਰੱਮੰਡ ਦੇ ਨਾਂ ਤੇ].

drunk, (drink ਦਾ ਕਾਰਦੰਤਕ), *pred. a. & n.* : ਨਸ਼ਿਆਇਆ ਹੋਇਆ, ਮਦ-ਮਾਤਾ, ਮੱਤਾ, ਟੁੰਨ, ਖੀਵਾ, ਮਸਤ; [ਵਿਸ਼ਸ਼ਣ] ਸ਼ਰਾਬ ਦਾ ਦੌਰ; ਖ਼ੁਮਾਰ, ਖ਼ੁਮਾਰੀ, ਸ਼ਰਾਬੀ, ਨਸ਼ਾਖ਼ੋਰ.

drunkARD, *n.* : ਸ਼ਰਾਬੀ, ਨਸ਼ਾਖ਼ੋਰ, ਮਤਵਾਲਾ, ਸ਼ਰਾਬੀ, ਨਸ਼ਈ, ਨਸ਼ਾਈ, ਅਮਲੀ.

drunken, *a.* : ਨਸ਼ਿਆਇਆ ਹੋਇਆ, ਮਤਵਾਲਾ, ਟੁੰਨ, ਮਦ-ਮਸਤ; ਮਦ-ਮਸਤੀ ਦਾ.

drunkenLY, *adv.* : ਨਸ਼ੇ ਵਿਚ, ਨਸ਼ੇ ਹੋ ਕੇ, ਮਦ-ਮਸਤ ਹੋ ਕੇ.

drunkenNESS, *n.* : ਮਦ-ਮਸਤੀ, ਸ਼ਰਾਬਖ਼ੋਰੀ, ਨਸ਼ਾਖ਼ੋਰੀ.

drupe, *n.* : ਗਿਟਕਦਾਰ ਫਲ, ਗਿਟਕੀਲਾ, ਗੁਠਲੀਦਾਰ ਫਲ ਜਿਸ ਵਿਚ ਗਿਟਕ ਹੋਵੇ (ਜਿਵੇਂ ਅੰਬ, ਆੜੂ, ਆਦਿ).

drupaceous, *a.* : ਗਿਟਕਦਾਰ, ਗਿਟਕੀਲਾ, ਗੁਠਲੀਦਾਰ.

drupel, drupelet, *n.* : ਛੋਟਾ ਗਿਟਕੀਲਾ ਫਲ (ਗੁੱਛੇ ਫਲਾਂ ਵਿਚੋਂ).

druse[1], *n.* : (ਚਟਾਨ ਵਿਚ ਦੀ) ਬਲੌਰੀ ਪਰਤ, ਬਲੌਰੀ ਪਰਤ ਵਾਲਾ ਗਡੱਲ.

Druse[2], *n.* : ਡਰੂਜ਼ੀ, ਲਿਬਨਾਨ ਪਰਬਤ ਦੇ ਕੋਲ ਵਸਦੀ ਇੱਕ ਮੁਸਲਮਾਨ ਕੌਮ [ਜਿਸ ਦੇ ਕੋਈ ਵਿਸ਼ਵਾਸ ਕਰੂਰੇ ਦੇ ਨਾ ਹਨ].

dry[1], *a.* (drier, driest) : ਸੁੱਕਾ, ਖ਼ੁਸ਼ਕ; ਰੁੱਖਾ, ਅਲੂਣਾ, ਅਣਭਿੱਜਾ; ਰੁੱਖੀ-ਮਿੱਸੀ, ਅਣਚੋਪੜੀ (ਰੋਟੀ); ਫਿੱਕਾ, ਰਿਹਾ, ਬੇਸੁਆਦ, ਬੇ-ਰਸ, ਬੇ-ਰਸਾ, ਅਣਰੁਚਦਾ; ਨਿਰਸ; ਬੰਜਰ (ਗਾਂ ਜਾਂ ਮੱਝ); ਤਿਹਾਇਆ, ਪਿਆਸਾ; ਸੁੱਕਾ, ਖੰਡ੍ਹਾ (ਖੂਹ).

d.-bulb thermometer : ਸੁੱਕੇ ਗਾਲੂ ਵਾਲਾ ਤਾਪ-ਮਾਪ.

d.-cleaning : ਸੁਕ-ਧੁਆਈ, ਸੁੱਕ-ਧੋਣ, ਡਰਾਈ ਕਲੀਨਿੰਗ.

d. cough : ਸੁੱਕੀ ਖੰਘ (ਬਲਗ਼ਮ ਤੋਂ ਬਿਨਾਂ).

d.-cure : ਸੁੱਕੀ-ਲੁਣਾਈ (ਮਾਸ ਆਦਿ ਨੂੰ ਸਿਰਕੇ ਵਿਚ ਰੱਖੇ ਬਿਨਾਂ ਸੰਭਾਲ ਕੇ ਰਖਣਾ).

d.-dock : ਵੇਖੋ dock.

d. eyes : ਸ਼ੁਸ਼ਕ-ਚੰਝ ਅੱਖਾਂ.

d.-farming : ਖ਼ੁਸ਼ਕ ਵਾਹੀ.

d. fruit : ਸੁੱਕਾ ਮੇਵਾ.

d. goods : ਖ਼ੁਸ਼ਕ ਮਾਲ (ਅੰਨ, ਕਪੜਾ ਆਦਿ).

d. jest, humour : ਸੁੱਕਾ-ਸੁੱਕਾ ਮਖ਼ੌਲ, ਸੁੱਕਾ ਹਾਸਾ.

d. land : ਖ਼ੁਸ਼ਕੀ.

d. lodging : (ਹੋਟਲ ਵਿਚ) ਬਿਨਾਂ ਖਾਣੇ ਵਾਲੀ ਰਿਹਾਇਸ਼.

d. measure : ਅੰਨ ਆਦਿ ਖ਼ੁਸ਼ਕੀਆਂ ਚੀਜ਼ਾਂ ਦੀ ਮਿਣਤੀ ਲਈ ਪੜੋਪੀ, ਟੂਪਾ ਆਦਿ.

d. nurse : ਖਿਡਾਵੀ.

d.-nurse : ਖਿਡਾਵੀ ਦਾ ਕੰਮ ਕਰਨਾ, ਰੋਗੀ ਪਾਲਣਾ.

d.-rot : ਘੁਣਖਾਧਾ.

run d. : ਸੁੱਕ ਜਾਣਾ, ਖ਼ਾਤਮ ਹੋ ਜਾਣਾ.

d.-shampoo : ਬਾਲ-ਧੋਵਰ, ਵਾਲ ਧੋਣ ਦਾ ਮਸਾਲਾ.

d.-shod : ਸੁੱਕੇ-ਪੈਰੀਂ, ਬਿਨਾਂ ਪੈਰ ਗਿੱਲੇ ਕੀਤਿਆਂ ਦੇ.

d.-walling : ਸੁੱਕੀ ਚਿਣਾਈ.

dryISH, *a.* : ਸੁੱਕਾ ਜਿਹਾ, ਖੁਸ਼ਕਿਆ ਹੋਇਆ.

dryLY, *adv.* : ਰੁਖੇਵੇਂ ਨਾਲ.

dryNESS, *n.* : ਖੁਸ਼ਕੀ, ਸੋਕਾ, ਰੁੱਖਾਪਨ, ਰੁਖੇਵਾਂ.

dry², *v. t. & i.* : ਸੁਕਾਉਣਾ, ਖੁਸ਼ਕ ਕਰਨਾ ਜਾਂ ਹੋ ਜਾਣਾ, ਸੁਕਣਾ; (ਗਾਂ ਦਾ ਦੁੱਧ) ਸੁੱਕ ਜਾਣਾ.

d. up : ਸੁੱਕ ਜਾਣਾ, ਸੁੱਕਾ ਦੇਣਾ, ਸੁਕਣਾ, ਸੁਕਾਣਾ, (ਜੋਸ਼) ਸੋਕ ਹੋਣਾ ਜਾਂ ਕਰਨਾ.

drier, *n.* : ਸੁਕਾਊ, ਸੁਕਾਉਣ ਵਾਲਾ, ਖੁਸ਼ਕ ਕਰਨ ਵਾਲਾ.

dryad, *n.* : ਵਣ-ਪਰੀ, ਜੰਗਲ ਦੇਵੀ, ਜੰਗਲ ਜਾਂ ਰੁੱਖ ਦੀ ਦੇਵੀ.

Dryasdust, *n.* : ਖੁਸ਼ਕੀ ਆਦਮੀ.

'dst : hadst, wouldst ਦਾ ਛੋਟਾ ਰੂਪ.

duad, *n.* : ਕੁਝ ਨਾਲ ਲਿਖਿਆ dyad (ਦ. ਵ.)

dual, *a. & n.* : ਦੂਹਰਾ, ਦੂਣਾ, ਦੁਆਸਾ, ਦੁਪਾਸੀ; ਦੋਜੂੰਪੀ, ਦੁਵਰ, ਦੂਜਾ ਰੂਪ, ਦੂਣ.

d. government : ਦੋਅਮਲੀ.

d. number ਜਾਂ d. : ਦੁਵ.

dualISM, *n.* : ਦਵੈਤ, ਆਤਮਾ ਤੇ ਪਰਮਾਤਮਾ, ਰੂਹ ਤੇ ਮਾਦਾ, ਬ੍ਰਹਮ ਅਤੇ ਮਾਇਆ ਨੂੰ ਵੱਖ ਵੱਖ ਮੰਨਣ ਵਾਲਾ ਸਿਧਾਂਤ.

dualIST, *n.* : ਦਵੈਤਵਾਦੀ, ਦਵੈਤੀਆ.

dualITY, *n.* : ਦੂਈ, ਦੁਰੰਗਿਆਈ, ਦਵੈਤ.

dualIZE, *v. t.* : ਦੂਈ ਪੈਦਾ ਕਰਨੀ, ਦੂਹਰਾ ਕਰਨਾ.

dualLY, *adv.* : ਦੂਈ ਵਜੋਂ; ਦੁਵੱਲੀ.

dualin, *n.* : ਤੁਖਮ-ਪੁਰ, ਇੱਕ ਜੋਰ ਨਾਲ ਫਟਣ ਵਾਲਾ ਮਸਾਲਾ ਜੋ ਸ਼ੋਰੇ, ਨਾਈਟਰੋ-ਗਲਿਸਰੀਨ ਅਤੇ ਬਕਰ ਦੇ ਬੂਰੇ ਨਾਲ ਬਣਦਾ ਹੈ.

dub¹, *n.* : ਉਤਰੀ ਢਾਕਾਂ ਦੀ ਢੰਨ.

dub², *v. t.* : (ਮੋਢਿਆਂ ਤੇ ਤਲਵਾਰ ਛੁਹਾ ਕੇ) ਨਾਈਟ ਬਣਾਉਣਾ; ਖਤਾ ਕਰਣਾ, ਕੋਈ ਨਾਂ ਅੱਲ ਪਾਉਣੀ (be dubbed as a communalist, ਉਸ ਨੇ ਮੈਨੂੰ ਫਿਰਕੂ ਅੱਲ ਕਹਿਆ), ਚੋਪੜਨਾ.

dubbin, dubbing, *n.* : ਚੋਪੜ, ਚਰਬੀ (ਚਮੜਾ ਚੋਪੜਨ ਵਾਲੀ).

dubiety, *n.* : ਦੁਬਧਾ, ਸ਼ੱਕ, ਸੰਦੇਹ; ਸ਼ੱਕੀ ਮਾਮਲਾ, ਸੰਦੇਹ ਵਾਲੀ ਗੱਲ.

dubious, *a.* : ਸ਼ਿਮ੍ਹਾ, ਧੁੰਦਲਾ (ਕਲਾਮ), ਅਸਪੱਸ਼ਟ; ਸੰਦੇਹ-ਜਨਕ; ਇਤਰਾਜ਼-ਯੋਗ; ਸ਼ੱਕੀ, ਦੁਬਧਾ ਵਾਲੀ.

dubiousLY, *adv.* : ਦੁਬਧਾ ਵਿੱਚ, ਸ਼ੱਕ ਨਾਲ.

dubiousNESS, *n.* : ਦੁਬਧਾ ਜਾਂ ਸ਼ੱਕ ਵਾਲੀ ਹਾਲਤ.

dubitation, *n.* : ਦੁਬਧਾ, ਜੱਕੋ-ਤੱਕੀ, ਦਿਲ-ਸ਼ੱਕ, ਹੇਰਫੇਰ.

dubitative, *a.* : ਦੁਬਧਾ, ਸ਼ੱਕ ਜਾਂ ਜੱਕੋ-ਤੱਕੀ ਵਾਲਾ, ਢਿੱਲਾ-ਮੱਠਾ.

dubitativeLY, *adv.* : ਜੱਕੋ-ਤੱਕੀ ਵਿੱਚ, ਦਿਲ-ਸ਼ੱਕ ਕਰਦਿਆਂ.

ducal, *a.* : ਡਿਊਕ ਦਾ.

ducat, *n.* : ਸੋਨੇ ਦੀ ਮੁਹਰ (ਜੋ ਸਦੀਆਂ ਦੇ ਲਗ-ਭਗ) ਜੋ ਪਹਿਲੇ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਪ੍ਰਚੱਲਤ ਸੀ; ਸਿੱਕਾ; (ਬਹੁਵਚਨ) ਮੁਹਰਾਂ, ਨਕਦੀ, ਦਮੜੇ.

Duce, *n.* : ਸਰਦਾਰ, ਪ੍ਰਧਾਨ ਨੇਤਾ.

the D. : ਫਾਸ਼ਿਸਟੀ ਸਰਦਾਰ ਮੁਸੋਲੀਨੀ.

duchess, *n.* : ਡਿਊਕ ਦੀ ਪਤਨੀ ਜਾਂ ਵਿਧਵਾ, ਰਾਣੀ; (ਬੋਲਚਾਲ) ਵੱਡੇ ਘਰ ਦੀ ਵਹੁਟੀ.

duchy, *n.* : ਡੱਚੀ, ਡਿਊਕ ਦਾ ਇਲਾਕਾ ਜਾਂ ਰਾਜ.

duck¹, *n.* : ਮੁਰਗਾਬੀ, ਮੁਰਗਾਬੀ, ਬੱਤਖ, ਮੱਘ; ਮੁਰਗਾਬੀ ਦਾ ਮਾਸ; ਗੁਲਬਦਨੇ, ਸਾਰੇ (ਆਮ ਕਰਕੇ ਸੰਬੋਧਨ ਕਰਦਿਆਂ).

d. & drake : ਠੀਕਰ-ਮਾਰੀਆ (ਪਾਣੀ ਵਿੱਚ ਪੱਥਰ ਉਛਾਲਣ ਦੀ ਖੇਡ).

d.-bill : ਲਾਲ ਕਣਕ, ਬਤ-ਚੁੰਜਾ (ਇੱਕ ਥਣਧਾਰੀ ਜਾਨਵਰ).

d. boards : (ਡੋਰੀ ਵਾਲਾ) ਖੁਰਲੀ-ਬੰਦ ਰਾਹ (ਚਿੱਕੜ ਜਾਂ ਖਾਲੀ ਉੱਤੇ).

d.-hawk : ਸ਼ਹਿ-ਮਾਰ ਬਾਜ਼.

d.'s egg : ਆਂਡਾ, ਸਿਫ਼ਰ (ਕ੍ਰਿਕਟ ਦੀ ਖੇਡ ਵਿੱਚ).

d.-shot : ਮੁਰਗਾਬੀ ਦੇ ਸ਼ਿਕਾਰ ਦਾ ਛੱਰਾ.

duckweed : ਕਾਈ, ਜਾਲਾ.

in two shakes of d.'s tail : ਚੁਟਕੀ ਵਿੱਚ, ਪਲ ਵਿੱਚ.

lame d. : ਲੰਗੜਾ, ਥੱਕਿਆ ਹੋਇਆ, ਸੱਟੇ ਦਾ ਵਪਾਰੀ, ਜੋ ਸੱਟੇ ਦੀ ਰਕਮ ਪੂਰੀ ਨਾ ਕਰ ਸਕੇ.

like d. in thunderstorm : ਡੌਰਿਆ ਹੋਇਆ, ਘਬਰਾਇਆ ਹੋਇਆ, ਭੌਂਦੂ-ਭੌਂਦੂ.

like water off d.'s back : ਚਿਕਨੇ ਘੜੇ ਉੱਤੇ ਪਾਣੀ, ਘੜਾ ਤੇ ਪਾਣੀ ਨਾ ਪੈਣ ਦੇਣਾ.

play dd. & drakes with, make dd. & drakes of : ਉਲਟਾ-ਪੁਲਟਾ ਦੇਣਾ, ਉਜਾੜਨਾ.

duckLING, *n.* : ਮੁਰਗਾਬੀ ਦਾ ਬੱਚਾ.

duckY, *n.* : ਲਾਡੋ, ਮਿੱਤਰ, ਪਿਆਰਾ.

duck², *v. t. & i. & n.* : ਡੁਬਕੀ ਮਾਰਨੀ; ਡੁਬੀ ਮਾਰ ਜਾਣਾ; ਛੇਤੀ ਦੇ ਕੇ ਸਿਰ ਨਿਵਾਉਣਾ, ਡੁਬਕੂੰ-ਡੁਬਕੂੰ ਕਰਨਾ; ਗੁਤੋਲਾ, ਗੋਤਾ ਦੇਣਾ; ਟੁਬੀ, ਗੋਤਾ.

duckING, *n.* : ਗੋਤਾ (he was given a good d. : ਉਸ ਨੂੰ ਖੂਬ ਗੁਤੋਲਿਆ ਗਿਆ, ਗੋਤਾ ਦਿੱਤਾ ਗਿਆ).

duck³, *n.* : ਡੱਕ ਕਪੜਾ, ਮੋਟਾ ਖੱਦਰ, ਦੱਗਾ; (ਬਹੁਵਚਨ) ਡੱਕ ਦੀ ਪਤਲੂਣ.

ducker¹, *n.* : ਬਤਖ-ਪਾਲ, ਮੁਰਗਾਬੀਆਂ ਪਾਲਣ ਵਾਲਾ.

ducker², *n.* : ਕਈ ਤਰਾਂ ਦੇ ਡੁਬਕਣ ਪੰਛੀ.

duct, *n.* : ਨਾਲੀ; ਨਾੜੀ, ਨਲ.

ductLESS, *a.* : ਬੇਨਾੜ.

ductless gland : ਬੰਦ ਨਾੜੀ ਗਦੂਦ.

ductile, *a.* : (ਧਾਤ ਦਾ ਗੁਣ) ਖਿਚੀਣਯੋਗ, ਲਿਚਕੀਲਾ, ਮੁਲਾਇਮ, ਜੋ ਖਿੱਚਣ ਨਾਲ ਵੱਧ ਸਕੇ, ਢਾਲਵੀਂ, ਢਾਲੂ, ਮੋੜ-ਤੋੜ ਸਹਿਣ ਵਾਲਾ; ਲਿਫਵਾਂ.

ductilITY, *n.* : ਲਿਚਕ, ਮੁਲਾਇਮੀ, ਨਰਮੀ; ਤਾਰ-ਖਿਚਵਿਆਈ, ਲਿਫ-ਲਿਫ.

dud, *n.* : (ਬਹੁਵਚਨ) ਲੀਰਾਂ-ਕਤੀਰਾਂ, ਫਟੇ ਪੁਰਾਣੇ ਕਪੜੇ; (ਇਕਵਚਨ) ਤਰਕਾ; ਗੋਲਾ ਆਦਿਕ ਜੋ ਨਾ ਫਟੇ, ਕੁੱਪਿਆ ਜੋ ਨਾ ਚਲੇ, ਖੋਟਾ ਸਿੱਕਾ, ਨਿਕੰਮਾ ਆਦਮੀ, ਫੋਸ.

dude, *n.*, *fem.* dudine : (ਅਮਰੀਕੀ ਬੋਲਚਾਲ) ਛੈਲੀ, ਬੋਦਲ (ਖ਼ਾਸ ਕਰਕੇ ਅੰਗ੍ਰੇਜ਼ੀ ਚਾਲ-ਢਾਲ ਦੀ ਨਕਲ ਕਰਨ ਵਾਲਾ), ਛੈਲ ਬਾਂਕਾ.

dudgeon, *n.* : ਗੁੱਸਾ, ਰੋਹ, ਰੋਸਾ.

(in high d. : ਬਹੁਤ ਗੁੱਸੇ ਵਿੱਚ).

dud(h)een, *n.* [Ir.] : ਹੁੱਕੀ, ਛੋਟਾ ਮਿੱਟੀ ਦਾ ਹੁੱਕਾ.

due¹, *a. & adv.* : ਦੇਣਯੋਗ, ਅਦਾਈਯੋਗ; ਯੋਗ, ਉਚਿਤ, ਵਾਜਬ, ਚਾਹੀਦੀ; ਕਰਕੇ, ਦੇ ਕਾਰਣ, ਸਬੰਧ ਰੱਖਦੇ; (d. to our negligence : ਸਾਡੀ ਅਣਗਹਿਲੀ ਦੇ ਕਾਰਣ); (ਕਰਨ ਜਾਂ ਹੋਣ) ਵਾਲਾ; (he is d. to retire; he is d. to speak to-day : ਉਹ ਛੇਤੀ ਹੀ ਰਿਟਾਇਰ ਹੋਣ ਵਾਲਾ ਹੈ; ਉਸ ਨੇ ਅੱਜ ਬੋਲਣਾ ਹੈ), ਠੀਕ, ਐਨ (d. north : ਠੀਕ ਉੱਤਰ ਵਲ).

due², *n.* : ਦੇਣ, ਦੇਣਾ, ਲੈਣਾ, ਹੱਕ, ਮੰਗ; (ਆਮ ਕਰ ਕੇ ਬਹੁਵਚਨ) ਫੀਸ; ਮਹਿਸੂਲ, ਚੁੰਗੀ.

for a full d. : ਸਦਾ ਲਈ, ਪੂਰੀ ਤਰ੍ਹਾਂ.

give the devil his d. : ਬੁਰੇ ਨਾਲ ਵੀ ਨਿਆਂ ਕਰੋ.

duel, *n. & v. i.* : ਡੂੰਏਲ, ਦੋ-ਪੁਰਖੀ ਲੜਾਈ; ਦੁਵੱਲੀ ਭੇੜ, ਦੁਵੱਲੀ ਭਿੜਨਾ, ਡੂਏਲ ਕਰਨਾ ਜਾਂ ਲੜਨਾ.

duelLIST, *n.* : ਡੂਏਲ-ਬਾਜ਼, ਦੋ-ਪੁਰਖੀ ਲੜਾਈ ਲੜਨ ਵਾਲਾ.

duenna, *n.* : ਕੁੜੀਆਂ ਦੀ ਰਖਵਾਲਣ, ਆਈ.

duet,-tt, *n.* : ਜੋੜੀਆਂ ਵਾਲਾ ਗੀਤ; (ਅਲੰਕਾਰਕ) ਗਲ-ਬਾਤ, ਸੰਵਾਦ;

ਦੁਵਦੂ ਗਾਣਾ; ਜੋੜੀ, ਜੋੜਾ.

duettist, n. : ਜੋਟੀਆ ਗਾਇਕ.

duff¹, n. : dough ਦਾ ਪੇਂਡੂ ਉਚਾਰਣ.

plum-d. : ਮੇਵ-ਰਲਵਾਂ, ਸਾਦੀ ਚਾਸ਼ਨੀ ਵਾਲੀ ਪਿੰਨੀ.

duff², v. t. : (ਬਿਮਚਾਲ) ਧੋਖਾਧਾੜੀ ਕਰਨੀ, ਸਿਜ਼ਕਾ-ਪੁਰਾਣਾ ਕੇ ਪੁਰਾਣੀ ਚੀਜ਼ ਨਵੀਂ ਬਣਾ ਦੇਣੀ; (ਆਸਟ੍ਰੇਲੀਆ) ਮਾਲ-ਡੰਗਰ ਚੁਰਾਉਣ ਲਈ ਨਿਸ਼ਾਨ ਬਦਲ ਦੇਣੇ.

duffING, n. : ਧੋਖਾਧਾੜੀ, ਨਿਸ਼ਾਨ-ਬਦਲਾਈ.

duffel, duffle, n. : ਤਰਪਣ, ਧੱਸਰ; ਵਾਧੂ ਜੋੜਾ, ਸਫ਼ਰੀ ਜੋੜਾ.

duffer, n. : ਧੋਖਾਧਾੜੀ ਕਰਨ ਵਾਲਾ; ਪੁਰਾਣਾ ਘਟੀਆ ਮਾਲ ਨਵਾਂ ਕਰ ਕੇ ਵੇਚਣ ਵਾਲਾ; ਫੇਰੀ ਵਾਲਾ, ਠੱਗੀ ਵਾਲਾ, ਜਾਹਲੀ ਸਿੱਕਾ; ਜਾਲੀ, ਬੇਪੈਰ ਖਾਣ; ਨਿਕੰਮੀ ਚੀਜ਼; ਨਕਾਰਾ ਆਦਮੀ, ਬੁੱਧੂ.

dug¹ : dig ਦਾ ਭੂਤ ਕਾਲ ਤੇ ਕਾਰਦੰਤਕ.

dug², n. : (ਜਨੌਰਾਂ ਦੇ) ਥਣ, ਚੀਚੀ, ਹਵਾਨਾ (ਘਿਰਣਾ ਨਾਲ ਤੀਵੀਂ ਦੇ ਥਣਾਂ ਨੂੰ ਵੀ ਕਹਿ ਦੇਂਦੇ ਹਨ).

dugento, [It], n. : ਇਟਲੀ ਦੇ ਕੋਮਲ ਕਲਾਵਾਂ ਦੀ ਤੇਰਵੀਂ ਸਦੀ.

dugong [ਮਲਾਈ ਬੋਲੀ ਵਿੱਚ ਡੂਯੌਂਗ], n. : ਹਿੰਦ ਸਾਗਰ ਦਾ ਇਕ ਘਾਹ-ਅਹਾਰੀ ਜਨੌਰ.

dug-out, n. : ਡੂੰਗਾ, ਡੋਂਗੀ; ਖਾਈ, ਖਾਲੀ ਪਰ-ਛੱਤਿਆ ਅਫ਼ਸਰ, ਮੁੜ ਲਾਇਆ ਪਿਨਸ਼ਨੀ.

duke, n. : ਡਿਊਕ, (ਕਈ ਯੂਰਪੀ ਦੇਸਾਂ ਵਿਚ) ਰਾਜ-ਪੁਰਸ਼, ਛੋਟੇ ਰਾਜ ਦਾ ਹਾਕਮ; (ਇੰਗਲੈਂਡ ਵਿਚ) ਸ਼ਾਹੀ-ਕੁਲ ਤੋਂ ਬਾਹਰ ਸਭ ਤੋਂ ਵੱਡੀ ਪਦਵੀ ਵਾਲਾ ਅਮੀਰ, ਡਿਊਕ.

dukedom, n. : ਡਿਊਕ ਦਾ ਇਲਾਕਾ ਜਾਂ ਪਦਵੀ.

Dukeries, n. pl. : ਨੌਟਿੰਘਮਸ਼ਾਇਰ ਦਾ ਉਹ ਜ਼ਿਲ੍ਹਾ ਜਿਸ ਵਿੱਚ ਕਈ ਡਿਊਕਾਂ ਦੀਆਂ ਗੱਦੀਆਂ ਹਨ.

dulcet, a. : (ਆਵਾਜ਼ ਦੀ) ਸੁਰੀਲਾ, ਮਧੁਰ; ਮਿੱਠੀ, ਰਸੀਲੀ (ਆਵਾਜ਼).

dulcify, v. t. : ਮਿਠਿਆਉਣਾ, ਮਿੱਠਾ ਜਾਂ ਸੁਰੀਲਾ ਬਣਾਉਣਾ, ਮਿਠਤ ਪੈਦਾ ਕਰਨੀ.

dulcifiCATION, n. : ਮਿਠਿਆਉਣ.

dulcimer, n. : ਇਕ ਪੁਰਾਣੀ ਕਿਸਮ ਦਾ ਤਾਰ-ਵਾਜਾ.

Dulcinea, n. : ਪ੍ਰੇਮ-ਪਾਤਰ, ਆਦਰਸ਼ ਸੁੰਦਰੀ ਜਾਂ ਪ੍ਰੇਮਕਾ.

dull, a., v. t. & i. : ਖੁੰਢਾ, ਖੁੰਡਾ, ਅਣਚਮਕਿਆ; ਮੂੜ੍ਹ, ਮਤਹੀਣ, ਮਠ-ਬੁੱਧ; ਮੱਠਾ, ਧੀਮਾ, ਬੇਮਜ਼ਾ, ਬੇਰਸ; ਠੰਢਾ, ਮੰਦਾ (ਵਪਾਰ-ਕਾਰੋਬਾਰ); ਬੱਦਲਵਾਈ, ਧੁੰਦਲਾ, ਧੁੰਧਲਾ, ਬੱਦਲਛਾਇਆ (ਮੌਸਮ), ਖੁੰਢਾ ਕਰਨਾ; ਮੱਧਮ ਕਰਨਾ ਜਾਂ ਹੋਣਾ; ਮੱਠਾ ਕਰਨਾ ਜਾਂ ਹੋਣਾ; ਬੇਹਿਸ ਕਰਨਾ ਜਾਂ ਹੋਣਾ.

dullARD, n. : ਸੁਸਤ, ਆਲਸੀ, ਉਜੱਡ, ਉੱਲੂ.

dullISH, a. : ਸੁਸਤ ਜਿਹਾ, ਉੱਲੂ ਜਿਹਾ.

dul(l)NESS, n. : ਸੁਸਤੀ, ਆਲਸ, ਮੰਦਬੁੱਧੀ, ਮੂਰਖਤਾਈ; ਉਦਾਸੀ.

dullY, adv. : ਆਲਸ ਭਰੇ, ਸੁਸਤੀ ਨਾਲ.

dulse, n. : ਇਕ ਕਿਸਮ ਦੀ ਘਾਹੀ ਜਿਸ ਨੂੰ ਚਾਕੂ ਕੇ ਖਾਂਦੇ ਹਨ.

duly, adv. : ਠੀਕ ਤਰ੍ਹਾਂ, ਵਾਜਬੀ ਤੌਰ ਤੇ, ਯਥਾ-ਯੋਗ, ਠੀਕ ਮਿਤ, ਸਮੇਂ ਤੇ.

Duma, n. : ਰੂਸੀ ਪਾਰਲੀਮੈਂਟ ਜੋ 1906 ਤੋਂ 1917 ਤੱਕ ਰਹੀ.

dumb¹, a. : ਗੁੰਗਾ, ਤੋਤਲਾ, ਬੇਜ਼ਬਾਨ; (ਹਿਰਾਸੀ ਜਾਂ ਸਹਿਮ ਨਾਲ) ਚੁੱਪ, ਗੁੰਮ-ਸੁੰਮ, ਖਾਮੋਸ਼, ਚੁਪ-ਚਾਪ.

d.-bell : ਡੰਬਲ, ਭਾਰੀ ਮੁਗਦਰ (ਕਸਰਤ ਲਈ).

d. craft : ਬੇਚੱਪੂ ਬੇੜੀ.

d. show : ਗੂੰਗਾ ਤਮਾਸ਼ਾ, ਭਾਵ-ਭਰੇ ਇਸ਼ਾਰੇ.

d.-waiter : ਫੇਰਵੀਂ ਅਲਮਾਰੀ, ਗੇੜੀ ਟੋਕਰੀ (ਜਿਸ ਵਿੱਚੋਂ ਖਾਣ ਵਾਲੀਆਂ ਚੀਜ਼ਾਂ ਆਪ ਲੈ ਲਈਦੀਆਂ ਹਨ ਤੇ ਖ਼ਾਨਸਾਮੇ ਦੀ ਲੋੜ ਨਹੀਂ ਰਹਿੰਦੀ).

d. well : ਢਲਾ ਵਹਿਣ-ਟੋਆ (ਜਿਸ ਵਿੱਚ ਗੰਦਾ ਪਾਣੀ ਵੱਗ ਕੇ ਜਾ ਪਏ).

dumbNESS, n. : ਗੁੰਗ, ਗੂੰਗਾਪਨ, ਬੇਜ਼ਬਾਨੀ.

dumbLY, adv. : ਚੁਪ-ਚਾਪ, ਬਿਨ-ਬੋਲੇ, ਗੂੰਗਾ ਬਣ ਕੇ.

dumb², v. t. : ਗੂੰਗਾ ਬਣਾ ਦੇਣਾ, ਚੁੱਪ ਕਰਾ ਦੇਣਾ.

dumbfound, v. t. : ਹੱਕਾ-ਬੱਕਾ ਕਰ ਦੇਣਾ, ਹੋਸ਼ ਗੁਮਾ ਦੇਣੇ.

dumbledore, n. : (ਸਥਾਨਕ ਬੋਲੀ) ਭੌਰਾ.

dumdum (bullet), n. : ਡਮਡਮ ਗੋਲੀ (ਜੋ ਸਰੀਰ ਵਿੱਚ ਜਾ ਕੇ ਫੈਲਦੀ ਹੈ ਅਤੇ ਸਖ਼ਤ ਜ਼ਖ਼ਮ ਦੇਂਦੀ ਹੈ) [ਕਲਕੱਤੇ ਕੋਲ ਦੀ ਛਾਉਣੀ 'ਡਮਡਮ' ਦੇ ਨਾਂ ਤੋਂ].

dummy, n. & a. : (ਤਾਸ਼ ਦੀ ਖੇਡ ਵਿੱਚ) ਫੋਕਾ ਫਰਜ਼ੀ ਖਿਡਾਰੀ ਜਿਸ ਦੇ ਪੱਤੇ ਮੇਜ਼ ਉੱਤੇ ਖੁੱਲ੍ਹੇ ਰਹਿਣ ਅਤੇ ਉਨ੍ਹਾਂ ਨੂੰ ਖੇਡਣਾ ਸਾਥ ਦਾ ਜ਼ਿੰਮਾ ਹੈ; ਨਾਂ ਧਰੀਕ, ਫਰਜ਼ੀ ਜਾਂ ਨਾਂ-ਮਾਤਰ ਖ਼ਿਆਲ, ਮਿੱਟੀ ਦਾ ਮਾਧੋ, ਮਸ਼ੀਨ, ਕਠ-ਪੁਤਲੀ, ਨਕਲੀ ਜਾਂ ਬਣਾਉਟੀ ਚੀਜ਼; ਬਣਾਉਟੀ, ਨਕਲੀ, ਫਰਜ਼ੀ, ਝੂਠੀ.

dump¹, n. : ਛੋਟੀ ਚੌੜੀ ਅਤੇ ਮੋਟੀ ਸ਼ੈ; (ਖੇਡ) ਸਿੱਕੇ ਦੀ ਗੋਟ ਜਿਸ ਨਾਲ ਨਿਸ਼ਾਨੇ ਲੋੜੀ ਜਾਂਦੀ ਹੈ; ਆਸਟ੍ਰੇਲੀਆ ਦਾ ਇਕ ਖ਼ਪੂਰਤ ਸਿੱਕਾ; ਦਮੜੀ, ਕਾਣੀ ਕੌਡੀ ਕੌਡਾ ਸਿੱਕਾ (not worth a d., ਦਮੜੀ ਦੇ ਮੁੱਲ ਦਾ ਨਹੀਂ); ਜਹਾਜ਼ ਦੀ ਸਾਜ਼ਤ ਵਿੱਚ ਵਰਤੀਂਦੀ ਇਕ ਤਰ੍ਹਾਂ ਦੀ ਮਿਰਕਣੀ; (ਜਹਾਜ਼ਾਂ ਵਿੱਚ ਖੇਡਣ ਲਈ) ਰੱਸੀ ਦੀ ਰੱਖਣੀ, ਇੱਕ ਖੇਡ ਦਾ ਨਾਂ; ਇਕ ਮਿਠਾਈ; ਮਿੱਠਾ ਲੱਡੂ.

dump², v. t. & i., n. : ਢੇਰ ਲਾਉਣਾ (ਮਾਲ ਜਾਂ ਕੂੜੇ ਦਾ); ਠੱਪਾ ਦੇਣਾ ਜਾਂ ਖਾਣਾ, ਠੱਪ ਕਰਕੇ ਸੁੱਟਣਾ; (ਵਪਾਰ) ਘਟ ਕੀਮਤ ਤੇ ਵੇਚਣ ਲਈ ਪਰਦੇਸਾਂ ਵਿੱਚ ਘੱਲਣਾ (ਮਾਲ); ਵਾਧੂ ਆਬਾਦੀਆਂ ਨੂੰ ਹੋਰ ਮੁਲਕਾਂ ਵਿੱਚ ਉਤਾਰ ਦੇਣਾ (ਜਹਾਜ਼ੋਂ); ਧਮੱਕ ਜਾਂ ਠੱਪ (ਦੀ ਆਵਾਜ਼), ਕੂੜੇ ਦਾ ਢੇਰ, ਵਾਧੂ ਚੀਜ਼ਾਂ ਦਾ ਢੇਰ; (ਫ਼ੌਜੀ) ਜੰਗੀ ਮਾਲ ਦਾ ਆਰਜ਼ੀ ਗੁਦਾਮ.

dumpER, n. : ਢੇਰ ਲਾਉਣ ਵਾਲਾ, ਸੁਟ ਦੇਣ ਵਾਲਾ.

dumpling, n. : ਪਕੌੜਾ.

dumps, n. pl. : ਉਦਾਸੀ ਦਾ ਦੌਰ, ਝੋਰੇ, ਝੋਰਾ, ਦਿਲਗੀਰੀ.

dumpy, a. & n. : ਗਿੱਠਾ, ਢਿੱਡਲ, ਇਕ ਛੋਟੇ ਪੈਰਾਂ ਵਾਲੀ ਕੁੱਕੜੀ.

d. level : ਮਧਰਾ ਜਿਹਾ ਗੁਣੀਆ.

dumpiNESS, n. ਗਿੱਠਾਪਣ.

dun¹, a. & n. : ਸੁਆਹੀ ਰੰਗ ਦਾ, ਘਸਮੈਲਾ; (ਕਾਵਿਆਤਮਕ) ਹਨੇਰਾ, ਧੁੰਦਲਾ; ਘਸਮੈਲਾ ਘੋੜਾ, ਸਮੁੰਦ; ਇਕ ਤਰ੍ਹਾਂ ਦੀ ਬਣਾਵਟੀ ਮੱਖੀ ਜੋ ਕੁੰਡੀ ਦਾ ਕੰਮ ਦੇਂਦੀ ਹੈ.

d.-bird : ਇਕ ਜਲਚਰ ਪੰਛੀ.

d.-diver : ਇਕ ਕਿਸਮ ਦੀ ਬੱਤਖ਼.

dun², n. & v. t. : ਲੈਣਦਾਰੀ, ਲੈਣਦਾਰ, ਕਰਜ਼ਾ ਉਗਰਾਹੁਣ ਲਈ ਜ਼ੋਰ ਪਾਉਣ ਵਾਲਾ, ਤਗੀਦਾਰ, ਤਕਾਜ਼ਾ; ਮੁੜ ਮੁੜ ਕਰਜ਼ਾ ਮੰਗਣਾ, ਅਦਾਇਗੀ ਤੇ ਜ਼ੋਰ ਦੇਣਾ, ਖਹਿੜਾ ਪਾਉਣਾ; ਮਗਰ ਪੈਣਾ; ਪਿੱਛੇ ਪੈ ਜਾਣਾ, ਜਿੰਦ ਖਾਣਾ.

dunce, n. : ਮੂੜ੍ਹ, ਉੱਲੂ, ਮੱਠ-ਬੁੱਧੀਆ.

d.'s cap : ਮੂੜ੍ਹ-ਮਤੀਏ ਦੀ ਟੋਪੀ, ਮੋਮੂ ਟੋਪੀ, ਕਾਗਜ਼ ਦੀ ਬਣੀ ਨੁਕੀਲੀ ਟੋਪੀ ਜੋ ਮੱਠ-ਬੁੱਧੀਏ ਮੁੰਡਿਆਂ ਦੇ ਸਿਰ ਤੇ ਰਖੀ ਜਾਂਦੀ ਹੈ (ਉਨ੍ਹਾਂ ਨੂੰ ਸ਼ਰਮਾਉਣ ਲਈ).

dunderhead, n., dunderheaded, a. : ਉੱਲੂ-ਬਾਟਾ, ਬੁੱਧੂ, ਮੂਰਖ.

Dundreary, n., D. whiskers : ਗਲਮੁੱਛੇ [ਟੀ-ਟੇਲਰ ਦੇ ਪ੍ਰਸਿੱਧ ਨਾਟਕ, Our American Cousin, ਦੇ ਇਕ ਪਾਤਰ ਦੇ ਨਾਂ ਤੋਂ].

dune, n. : ਟਿੱਬਾ (ਰੇਤ ਦਾ).

dung, n. & v. t. : (ਡੰਗਰਾਂ ਦਾ ਸਜਰਾ) ਗੋਹਾ (ਗਾਂ ਦਾ), ਲੇਦਾ (ਘੋੜੇ ਦਾ), ਲਿੱਦ (ਘੋੜੇ, ਖੋਤੇ, ਹਾਥੀ ਆਦਿ ਦੀ); ਰੂੜੀ; ਗੰਦ-ਮੰਦ, ਗੰਦ, ਮਲੀਨਤਾ, ਅਪਵਿੱਤਰਤਾ; ਰੂੜੀ ਪਾਉਣੀ.

d.-beetle : ਭੂੰਡ.

dry d. : ਗੋਹਟਾ.

d.-fly : ਗੋਹਾ-ਮੱਖੀ.

d.-worm : ਕੁਸਟੀਆ.

dungaree [H], *n.* : ਡਾਂਗਰੀ, ਮੋਟੇ ਕੋਟ.

dungeon, *n.* & *v. t.* : ਕਿਲ੍ਹੇ ਦਾ ਬੁਰਜ ਜਾਂ ਤਹਿਖ਼ਾਨਾ (ਜਿਸ ਵਿੱਚ ਕੈਦੀ ਰਖੇ ਜਾਂਦੇ ਸਨ); ਕੈਦਖ਼ਾਨਾ, ਬੰਦੀਖ਼ਾਨਾ, ਭੋਹਰਾ; ਭੋਹਰੇ ਪਾਉਣਾ, ਕੈਦਖ਼ਾਨੇ ਵਿੱਚ ਸੁਟਣਾ.

dunghill, *n.* ਰੂੜੀ ਦਾ ਢੇਰ, ਬਲੇਟ.

d. cock : ਪਾਲਤੂ ਮੁਰਗਾ, ਘਰੇਲੂ ਮੁਰਗਾ.

cock on his own d. : ਕੁੱਤਾ ਆਪਣੀ ਗਲੀ ਵਿਚ ਸ਼ੇਰ.

duniwassal, *n.* : (ਸਕਾਚ) ਪਹਾੜੀ ਇਲਾਕੇ ਦਾ ਦੂਜੇ ਦਰਜੇ ਦਾ ਅਮੀਰ.

dunlin, *n.* : ਲਾਲ ਪਿੱਠ ਵਾਲੀ ਟਟੀਹਰੀ.

dunnage, *n.* : ਜਹਾਜ਼ੀ ਮਾਲ ਦੇ ਹੇਠਾਂ ਵਿਛਾਉਣ ਵਾਲੀ ਲੱਕੜੀ ਆਦਿ, ਤਖ਼ਤੇ.

dunnock, *n.* : ਚਿੜੀ ਵਰਗਾ (ਇੱਕ ਪੰਛੀ).

duodecimal, *a.* & *n.* : ਬਾਰ੍ਹਵਾਂ, ਬਾਰ੍ਹਵੇਂ ਹਿੱਸੇ ਦਾ, ਦੁਆਦਸਮਾ.

duodecimo, *n.* : (ਪੁਸਤਕ ਦੇ ਅਕਾਰ ਸੰਬੰਧੀ) ਬਾਰਾਂ ਦੀ ਪ੍ਰਤੀਕ, ਦੁਆਦਸ.

duodenary, *a.* : ਬਾਰ੍ਹਾਂ ਬਾਰ੍ਹਾਂ ਦੇ ਜੋੜ ਵਾਲਾ, ਬਾਰ੍ਹਾਂ ਬਾਰ੍ਹਾਂ ਦੇ ਹਿਸਾਬ.

duodenum, *n.* : ਮਿਹਦੇ ਦੇ ਹੇਠਲੇ ਛੋਟੀ ਆਂਦਰ ਦਾ ਅਗਲਾ ਹਿੱਸਾ.

duologue, *n.* : ਦੋਬਚਨੀ, ਦੋ ਮਨੁੱਖਾਂ ਦੀ ਗਲਬਾਤ; ਦੋ-ਪਾਤਰੀ ਨਾਟਕ.

duomo [It], *n.* : ਵੱਡਾ ਗਿਰਜਾ.

dupe, *n.* & *v. t.* : ਧੋਖੇ ਦਾ ਸ਼ਿਕਾਰ, ਉਹ ਪੁਰਸ਼ ਜਿਸ ਨੂੰ ਧੋਖਾ ਦਿੱਤਾ ਜਾਵੇ ਜਾਂ ਉੱਲੂ ਬਣਾਇਆ ਜਾਵੇ; ਧੋਖਾ ਦੇਣਾ, ਠਗਣਾ, ਉੱਲੂ ਬਣਾਉਣਾ.

dupABLE, *a.* : ਛਲਣਯੋਗ, ਧੋਖਾ ਖਾ ਜਾਣ ਵਾਲਾ.

dupABILITY, *n.* : ਛਲਣਯੋਗਤਾ.

dupER, *n.* : ਛਲੀਆ, ਧੋਖੇਬਾਜ਼.

dupERY, *n.* : ਛੱਲ-ਕਪਟ, ਧੋਖੇਬਾਜ਼ੀ.

duple, *a.* : ਦੂਣਾ, ਦੂਹਰਾ (ਇਹ ਸ਼ਬਦ ਹੇਠਾਂ ਲਿਖੇ ਵਾਕੰਸ਼ਾਂ ਵਿਚ ਵਰਤੀਂਦਾ ਹੈ).

d. ratio : ਦੋ ਇੱਕ ਦੀ ਨਿਸਬਤ.

d. time, rhythm : ਦੋ-ਤਾਲਾ.

duplex, *a.* : ਦੂਹਰਾ, ਦੁਮੂੰਹਾ, ਦੋ-ਪਰਤਾ.

d. gas-burner : ਦੋ-ਮੂੰਹੀ ਲੈਂਪ.

d. lamp : ਦੋ-ਬੱਤੀਆ ਲੈਂਪ.

d. telegraphy : ਦੋ-ਰੁਖ਼ੀ ਤਾਰ (ਜਿਸ ਵਿੱਚ ਇੱਕੋ ਤਾਰ ਦੋਹਾਂ ਪਾਸੇ ਸੁਨੇਹਾ ਭੇਜ ਸਕਦੀ ਹੈ).

duplicate[1], *a.* & *n.* : ਦੂਹਰਾ; ਦੁਣਾ; (ਇੰਨ-ਬਿੰਨ) ਨਕਲ, ਉਤਾਰਾ, ਦੂਜੀ ਕਾਪੀ; ਦੂਹਰ (ਰਸੀਦ ਆਦਿ ਦਾ); ਸਮਾਨਾਰਥ, ਬਦਲਾਮਾ.

d. proportion : ਦੂਹਰਾ ਤਨਾਸਬ, ਦੂਹਰਾ-ਸਮਅਨੁਬੰਧ.

d. ratio : ਦੂਹਰੀ ਨਿਸਬਤ, ਦੂਹਰਾ ਸਰਬੰਧ.

duplicate[2], *v. t.* : ਦੂਣਾ ਜਾਂ ਦੂਹਰਾ ਕਰਨਾ; ਦੋ ਨਾਲ ਗੁਣਨਾ; ਜੋੜਾ ਬਣਾਉਣਾ, ਇੱਕੋ ਜਿਹਾ ਬਣਾਉਣਾ; ਨਕਲ ਲਾਹੁਣੀ, ਉਤਾਰਾ ਕਰਨਾ, ਦੂਜੀ ਕਾਪੀ ਕੱਢਣੀ.

duplicatION, *n.* : ਦੁਹਰਾਉਣ, ਦੁਣਤ.

duplicatOR, *n.* : ਡੁਪਲੀਕੇਟਰ, ਨਕਲ ਲਾਹੁਣ ਵਾਲੀ ਮਸ਼ੀਨ.

duplicity, *n.* : ਦੋਰੰਗੀ, ਦੋਗਲੀ, ਦੁਭਾਜਗਾਪਨ, ਕਪਟ, ਛਲ, ਦੁਵੈਤ.

durable, *a.* : ਹੰਢਣਸਾਰ, ਪਾਏਦਾਰ, ਪੱਕਾ, ਮਜ਼ਬੂਤ, ਸਥਿਰ.

durabILITY, *n.* : ਹੰਢਣਸਾਰਤਾ, ਪਾਏਦਾਰੀ, ਪਕਿਆਈ, ਮਜ਼ਬੂਤੀ, ਸਥਿਰਤਾ.

durabLY, *adv.* : ਪਾਏਦਾਰ ਹੋ ਕੇ, ਸਥਿਰ ਹੋ ਕੇ, ਪਕਿਆਈ ਨਾਲ.

dura mater [L], *n.* : ਦਿਮਾਗ਼ ਤੇ ਰੀੜ੍ਹ ਦਾ ਕਰੜਾ ਗਿਲਾਫ਼.

durance, *n.* : ਕੈਦ, ਬੰਦੀ.

duration, *n.* : ਚਿਰ, ਮੁੱਦਤ, ਵੇਲਾ, ਸਮਾਂ, ਮੁੱਦਾ, ਮੁਦਿਆਦ, ਅਵਧਿ.

durbar [P], *n.* : ਦਰਬਾਰ.

duress(e), *n.* : ਅਜੋਗ ਦਬਾਅ, ਧੀਂਗਾਜ਼ੋਰੀ, ਜਬਰ.

plea of d. : ਜਬਰ ਦਾ ਬਹਾਨਾ ਜਾਂ ਉਜ਼ਰ.

under d. : ਧੀਂਗੋ-ਜ਼ੋਰੀ, ਦਬਾਅ ਪਾ ਕੇ.

during, *prep.* : ਦੇ ਵਿਚ ਵਿਚ, ਦੁਰਾਨ.

durmast, *n.* : ਇੱਕ ਕਿਸਮ ਦਾ ਬਾਂਝ-ਬਲੂਤ.

durn=**darn**[2] (*q. v.*).

durra, **dh-**, *n.* : ਬਾਜਰਾ.

durst, *v. t.* : dare ਦਾ ਭੂਤ ਕਾਲ.

dusk, *n.*, *a.*, *v. t.* & *i.* : ਘੁਸਮੁਸਾ, ਘੁਸਮੁਸਾ, ਧੁੰਦਲਕਾ; ਸ਼ਾਮ, ਤਿਰਕਾਲਾਂ, ਸ਼ਾਮ; (ਕਾਵਿਆਈ) ਹਨੇਰਾ, ਧੁੰਦਲਾ, ਕਾਲਾ; (ਕਾਵਿਆਈ) ਧੁੰਦਲਾਉਣਾ, ਧੁੰਦਲਾ ਹੋ ਜਾਣਾ, ਪਰਛਾਵੇਂ ਢਲਣੇ.

duskILY, *adv.* : ਧੁੰਦਲੀ ਤਰ੍ਹਾਂ, ਅਸਪੱਸ਼ਟ ਤੌਰ ਤੇ, ਘੁਸਮੁਸੇ ਵਿੱਚ.

duskINESS, *n.* : ਧੁੰਦਲਾਪਣ, ਕਲੌਂਜਣ.

duskISH, dusKY, *a.* : ਧੁੰਦਲਾ ਜਿਹਾ, ਕਾਲਾ ਜਿਹਾ.

dust[1], *n.* : ਧੂੜ, ਘੱਟਾ, ਮਿੱਟੀ, ਮਿੱਟੀ-ਘੱਟਾ, ਗਰਦਾ, ਖ਼ਾਕ, ਖੇਹ, ਰਾਖ; (ਕਵਿਤਾ ਜਾਂ ਧਰਮ) ਖ਼ਾਕ, ਦੇਹ (ਫੁੱਲਾਂ ਦਾ) ਬੂਰ, ਰਜ, ਜ਼ੀਰਾ; ਮਾੜੀ ਸ਼ੈ, ਮਹੱਤਵ ਰਹਿਤ ਚੀਜ਼; ਗੰਦ, ਕੂੜਾ; ਰੌਲਾ, ਹੰਗਾਮਾ (ਜਿਵੇਂ d. & heat, ਧੂੜ ਤੇ ਵੱਟ, ਰੌਲਾ, ਰੌਲਾ-ਗੌਲਾ); (ਬੋਲਚਾਲ) ਹੱਥਾਂ ਦੀ ਮੈਲ, ਰੁਪਿਆ ਪੈਸਾ.

d. bin : ਕੂੜੇ ਦਾ ਡੋਲ.

d.-brand : ਕੁੰਗੀ, ਕੁੰਗਿਆਰੀ (ਅਨਾਜ ਦਾ ਰੋਗ).

d.-cloak, cloth, -coat, -gown, -wrap : ਘੱਟਾ-ਟੋਪ, ਚੋਗਾ, ਪਰਨਾ, ਕੋਟ, ਗਾਊਨ, ਚੱਦਰ ਆਦਿ ਕੱਪੜ ਜੋ ਧੂੜ ਤੋਂ ਬਚਣ ਲਈ ਪਾਇਆ ਜਾਵੇ.

d.-colour : ਮਿੱਟੀਰੰਗਾ, ਖ਼ਾਕੀ.

d.-guard : ਧੂੜ-ਰੋਕ.

dustman : ਸਫ਼ਾਈ ਕਰਨ ਵਾਲਾ, ਜ਼ਮਾਦਾਰ.

dustpan : ਕੂੜੇ ਦਾ ਬੁੱਕਾ.

d.-shot : ਬਰੀਕ ਛੱਰਾ.

bite the d. : ਮਿੱਟੀ ਵਿੱਚ ਰਲ ਜਾਣਾ, ਮਰਨਾ.

shake off the d. of one's feet : ਖ਼ਫ਼ਾ ਹੋ ਕੇ ਚਲਾ ਜਾਣਾ.

throw d. in one's eyes : ਅੱਖੀਂ ਘੱਟਾ ਪਾਉਣਾ, ਧੋਖਾ ਦੇਣਾ.

dustLESS, *a.* : ਘੱਟੇ ਤੋਂ ਸਾਫ਼.

dust[2], *v. t.* & *i.* : ਧੂੜਾ ਝਾੜਨਾ; ਛਿੜਕਣਾ, ਧੂੜਨਾ; ਮਿੱਟੀ ਨਾਲ ਭਰ ਦੇਣਾ, ਲਬੇੜਨਾ; ਝਾੜਨਾ, ਸਾਫ਼ ਕਰਨਾ.

d. one's jacket : ਕੁੱਟਣਾ, ਖੁੰਬ ਠੱਪਣੀ, ਕੰਡ ਝਾੜਨੀ.

d. the eyes of : ਅੱਖੀਂ ਘੱਟਾ ਪਾਉਣਾ, ਧੋਖਾ ਦੇਣਾ.

duster, *n.* : ਝਾੜਨ, ਝਾੜਨ ਵਾਲਾ, ਸਾਫ਼ ਕਰਨ ਵਾਲਾ.

dusting, *n.* : ਧੂੜਾ ਛਿੜਕਣਾ, ਧੂੜਾ ਕਰਨਾ; (ਬੋਲਚਾਲ) ਮਾਰ-ਕੁੱਟ, ਮੁਰੰਮਤ, ਕੁੱਟੀ, ਤੜ੍ਹੀ.

personal e. : (ਜੋਤਸ਼) ਗਿਣਤੀ ਦੀ ਗਲਤੀ ਸੁਧਾਰਨ ਲਈ ਕੀਤੇ ਹਿਸਾਬ ਵਿੱਚ ਪਾਏ ਗਏ ਅੰਕ; (equinoxes) ਵਿਸ਼ੁਵਤ, ਜਾਂ ਵਿਸ਼ੁਵ-ਪਦ ਅਤੇ ਦਿਨ-ਰਾਤ, ਦੇ ਔਸਤ ਅਤੇ ਅਸਲੀ ਅਸਥਾਨਾਂ ਦਾ ਅੰਤਰ.

equationAL, *a.* : ਮੁਆਦਲਾਤੀ.

equationALLY, *adv.* : ਮੁਆਦਲਾਤੀ ਢੰਗ ਨਾਲ, ਸਮ-ਕਰਣ ਦੇ ਤੌਰ ਤੇ.

equator, *n.* : ਭੂ-ਮੱਧ ਰੇਖਾ, ਖ਼ਤ-ਇਸਤਵਾ.

equatorial, *a.* : ਭੂ-ਮੱਧ ਰੇਖਾ ਸੰਬੰਧੀ, ਦੇ ਨੇੜੇ.

e. telescope : ਦੂਰਬੀਨ-ਦਾਰ ਦੂਰਬੀਨ.

EquatorialLY, *adv.* : ਇਸ ਦੇ ਅਨੁਸਾਰ.

equerry, *n.* : ਕਿਸੇ ਰਾਜੇ ਜਾਂ ਰਈਸ ਦੇ ਅਸਤਬਲ ਦਾ ਰਖੋਲਾ; ਇੰਗਲੈਂਡ ਦੇ ਸ਼ਾਹੀ ਮਹੱਲ ਦਾ ਅਜਿਹਾ ਅਧਿਕਾਰੀ.

equestrian, *a.* & *n.* : ਘੁੜ-ਸਵਾਰੀ ਸੰਬੰਧੀ; ਘੁੜਸਵਾਰ, ਚਾਬਕ ਸਵਾਰ; ਘੁੜ-ਸਵਾਰੀ ਦੇ ਕਰਤਬ ਵਿਖਾਣ ਵਾਲਾ.

e. statue : ਘੋੜੇ ਉੱਤੇ ਸਵਾਰ ਦਾ ਬੁੱਤ.

equestrienne, *n.* : ਘੁੜ-ਚੜ੍ਹੀ ਇਸਤ੍ਰੀ, ਵਿਸ਼ੇਸ਼ ਕਰ ਕੇ ਸਰਕਸ ਵਿੱਚ ਘੁੜ-ਸਵਾਰੀ ਦਾ ਤਮਾਸ਼ਾ ਦਿਖਾਣ ਵਾਲੀ.

equi-, : (ਸ਼ਬਦਾਂ ਨਾਲ ਜੁੜ ਕੇ) ਬਰਾਬਰ, ਜਿਵੇਂ

equiANGULAR : ਸਮ-ਕੋਣ.

equidistant, *a.* : ਇੱਕੋ ਜਿੰਨੀ ਦੂਰ, ਸਮਾਂਤਰ.

equilateral, *a.* : ਸਮਭੁਜੀ.

equilibrate, *v. t.* & *i.* : ਦੋ ਚੀਜ਼ਾਂ ਨੂੰ ਇੱਕ ਤੁਲ ਕਰਨਾ; ਇੱਕ ਤੋਲ ਕਰਨਾ, ਹੋਣਾ, ਤੁਲਾ ਕਰਨਾ.

equilibraTION, *n.* ਤੁਲ ਸਮ, ਤੋਲਤਾ.

equilibrist, *n.* : ਨਟ, ਬਾਜ਼ੀਗਰ.

equilibrium, *n.* : ਸਮਤੋਲ ਦੀ ਦਸ਼ਾ; ਤੋਲਣ ਦੀ ਨਿਰਪੱਖਤਾ, ਸਮਤੋਲਤਾ.

a body in stable e. : ਕਿਸੇ ਦਸ਼ਾ ਵਿੱਚ ਵਸਤੂ ਕਿ ਹਿਲਾਏ ਜੁਲਾਏ ਜਾਣ ਪਿੱਛੋਂ ਆਪਣੀ ਉਸੇ ਹਾਲਤ ਵਿੱਚ ਆ ਜਾਏ.

equimultiple, *n.* (*pl.*) ਸਾਂਝੇ ਗੁਣਨ-ਖੰਡਾਂ ਵਾਲਾ ਅੰਕ.

equine, *a.* : ਘੋੜੇ ਦਾ, ਘੋੜੇ ਦੀ ਨਿਆਈਂ.

equinoctial, *a.* & *n.* : ਬਰਾਬਰ ਦਿਨ ਰਾਤ ਸੰਬੰਧੀ, ਵਿਸ਼ੁਵੀ; ਸਮਾਨ ਸਮੇਂ ਹੋਣ ਵਾਲੀ ਘਟਨਾ ਆਦਿ, ਜਦ ਦਿਨ ਰਾਤ ਬਰਾਬਰ ਹੁੰਦੇ ਹਨ, ਉਸ ਦਿਨ ਅਕਾਸ਼ ਵਿੱਚ ਦਾ.

e. gales : ਉਸ ਸਮੇਂ ਦਾ, ਤੂਫ਼ਾਨ ਆਦਿ, ਜੋ ਵਿਸ਼ੁਵ ਸਮੇਂ ਆਉਂਦੇ ਹਨ.

e. line : ਵਿਸ਼ੁਵਤ ਰੇਖਾ.

equinox, *n.* : ਉਹ ਸਮਾਂ ਜਦ ਸੂਰਜ ਭੂ-ਮੱਧ ਰੇਖਾ ਨੂੰ ਪਾਰ ਕਰਦਾ ਹੈ ਅਤੇ ਦਿਨ ਤੇ ਰਾਤ ਬਰਾਬਰ ਹੁੰਦੇ ਹਨ.

vernal e. : ਬਸੰਤ ਰੁੱਤ ਵਿੱਚ ਬਰਾਬਰੀ ਦਾ ਦਿਨ, ੨੦ ਮਾਰਚ.

autumnal e. : ਪੱਤ-ਝੜ ਰੁੱਤ ਵਿੱਚ ਦਿਨ ਰਾਤ ਦੀ ਬਰਾਬਰੀ ਦਾ ਦਿਨ, ੨੨, ੨੩ ਸਤੰਬਰ.

equip, *v. t.* : (ਜਹਾਜ਼, ਫ਼ੌਜ ਜਾਂ ਪੁਰਖ ਲਈ) ਸਭ ਸਾਮਾਨ ਦਾ ਪ੍ਰਬੰਧ ਕਰਨਾ, ਲੋੜ ਅਨੁਸਾਰ ਦਾ ਸਾਮਾਨ ਦੇਣਾ, ਕਰਨਾ.

equipMENT, *n.* : ਸਾਧਨ, ਸਾਜ਼ੋ-ਸਾਮਾਨ, ਤਿਆਰੀ, ਸਾਜ਼ ਸਮਾਨ.

equipage, *n.* : ਕਿਸੇ ਕੰਮ ਲਈ ਲੋੜੀਂਦਾ ਤਿਆਰੀ; ਸਫ਼ਰ ਲਈ ਸਾਮਾਨ; ਘੋੜਾ-ਗੱਡੀ ਅਤੇ ਨੌਕਰ ਚਾਕਰ.

equipoise, *n.* & *v. t.* : ਸਮਤਾ ਅਤੇ ਤੁਲਤਾਰਤਾ (ਵਿਸ਼ੇਸ਼ ਕਰ ਕੇ ਸਮਤੋਲ ਦੀ), ਅਜਿਹਾ ਵਜ਼ਨ ਜਿਹੜਾ ਦੂਜੀ ਚੀਜ਼, ਧਾਰਨਾ ਰੋਕਣਾ, ਪੜਾ ਕਰਨਾ, ਸਮ ਤੁਲ ਕਰਨਾ.

equipollent, *a.* & *n.* : ਤਾਕਤ ਜਾਂ ਜ਼ੋਰ ਵਿੱਚ ਬਰਾਬਰ, ਅਮਲੀ ਤੌਰ ਤੇ ਬਰਾਬਰ.

equipollENCE,-ENCY, *ns.* : ਬਲ ਦੀ ਸਮਾਨਤਾ, ਸ਼ਕਤੀ ਦੀ ਤੁਲਤਾ.

equiponderate, *v. t.* : ਬਰਾਬਰ ਕਰਨਾ.

equiponderANT, *a.* & *n.* : ਹਮ-ਵਜ਼ਨ, ਇੱਕੋ ਜਿਹਾ ਭਾਰਾ ਹੋਇਆ ਵਜ਼ਨ.

equipotential, *a.* : (ਪਦਾਰਥ ਵਿਗਿਆਨ) ਜਿਸ ਵਿੱਚ ਕਿਸੇ ਸ਼ਕਤੀ ਦਾ ਦਬਾਅ (ਸੰਭਾਵਿਤ) ਬਲ ਹਰ ਥਾਂ ਅਤੇ ਹਰ ਸਮੇਂ ਇੱਕੋ ਜਾਂ ਸਮਾਨ ਹੁੰਦਾ ਹੈ.

equitable, *a.* : ਠੀਕ, ਨਿਆਂ ਪਰਖ (ਹੱਕਾਂ ਬਾਰੇ); ਜੋ ਧਰਮ-ਨੀਤ ਜਾਂ ਉਚਿਤ ਹੋਣ, ਭਾਵੇਂ ਕਨੂੰਨ ਅਨੁਸਾਰ ਠੀਕ ਨਾ ਹੋਣ.

equitableNESS *n.* : ਨਿਆਂ ਪੂਰਬਕਤਾ.

equitably, *adv.* : ਨਿਆਂ ਭਰੇ ਢੰਗ ਨਾਲ, ਹੱਕ ਅਨੁਸਾਰ, ਵਾਜਬੀ ਨਾਲ.

equitation, *n.* : ਘੋੜੇ ਦੀ ਸਵਾਰੀ, ਚਾਬਕ ਸਵਾਰੀ.

equity, *n.* : ਨਿਆਂ; ਹੱਕ ਦੇਣਾ, ਕਨੂੰਨ ਦੇ ਘਾਟੇ ਦੀ ਪੂਰਤੀ ਲਈ ਨਿਆਂ; ਸੁਨੀਤੀ ਜਾਂ ਧਰਮ ਦੇ ਸਿਧਾਂਤਾਂ ਦੀ ਵਰਤੋਂ ਜਾਂ ਪਰਖਾਈ; ਨਿਰਪੱਖਤਾ.

equity, *n.* : ਜੋਕਿਰਤਾ ਦੀ ਪੱਖਪਾਤਹੀਣ ਨਿਆਂ ਜਾਂ ਨੇਮ; (ਕਾਨੂੰਨ ਵਿਚ) ਉਹ ਹਿੱਸੇ ਅਤੇ ਹੁੰਡੀਆਂ ਜਿਹਨਾਂ ਉੱਤੇ ਸੂਦ ਨਹੀਂ ਮਿਲਦਾ.

equivalent, *a.* & *n.* : ਕੀਮਤ ਵਿੱਚ ਬਰਾਬਰ; ਸਮਾਨਾਰਥ; ਸਮਾਨ ਮੁੱਲ; ਤਿੱਤੇ ਨਤੀਜੇ ਜਾਂ ਪਰਭਾਉ ਵਾਲੇ; ਜਵਾਬੀ; (ਰਸਾਇਣ ਵਿਗਿਆਨ) ਜੁੜਨ-ਸ਼ਕਤਾ ਵਿੱਚ ਬਰਾਬਰ; ਸਮਾਨ ਵਸਤੂ, ਸਮਾਨਾਰਥ ਸ਼ਬਦ, ਸਮਾਨ ਰਕਮ.

equivalence, **-ENCY**, *n.* : ਬਰਾਬਰੀ, ਤੁੱਲਤਾ.

equivocal, *a.* : ਦੋ (ਜਾਂ ਵੱਧ) ਅਰਥਾਂ ਵਾਲਾ, ਅਸਪਸ਼ਟ; ਅਨਿਸ਼ਚਿਤ ਮਰਿਯਾਦਾ ਵਾਲਾ; ਦੋ ਚਿੱਤਾ, ਦੋ ਦਿਲਾ; (ਮਨੁੱਖ ਅਤੇ ਆਚਾਰ ਸੰਬੰਧੀ) ਅਨਿਸ਼ਚਿਤ, ਸ਼ੱਕੀ.

e. generation : ਕੁਦਰਤੀ ਉਦਭਵ.

equivocality, **equivocalness**, *n.* : ਅਸਪਸ਼ਟਤਾ, ਦੋ ਚਿੱਤੀ.

equivocally, : ਦੋਅਰਥੇ ਢੰਗ ਨਾਲ, ਅਸਪਸ਼ਟਤਾ ਨਾਲ, ਅਨਿਸ਼ਚਿਤ ਤੌਰ ਤੇ.

equivocate, *v. i.* : ਗੱਲ ਨੂੰ ਛੁਪਾਣ ਲਈ ਅਸਪਸ਼ਟ ਸ਼ਬਦਾਂ ਦਾ ਵਰਤਣਾ, ਗੋਲ ਮੋਲ ਗੱਲ ਕਰਨੀ.

equivocation, *n.* : ਗੱਲ ਬਾਤ ਵਿੱਚ ਹੇਰਾ ਫੇਰੀ, ਗੋਲ ਮੋਲ ਗੱਲ.

equivocator, *n.* : ਚਲਾਕੀ ਗੱਲ ਕਰਨ ਵਾਲਾ, ਸ਼ਬਦਾਂ ਦਾ ਹੇਰ ਫੇਰ ਕਰਨ ਵਾਲਾ.

equivoque *n.* : ਤਜਨੀਸ, ਭਿੰਨ ਭਿੰਨ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ, ਸ਼ਲੇਸ਼; ਅਨਿਸ਼ਚਿਤਤਾ, ਭੁਲੇਖਾ.

-er, *suf.* (ਨਿਪਸਰਗ) : ਕਰਤਾ ਦੇ ਅਰਥ ਦੇਣ ਵਾਲਾ.

-er, *suf.* : ਅੰਤ ਮਾਤ੍ਰਾ ਜੋ ਕਾਰਕ ਨਾਵਾਂ ਅਤੇ ਵਿਸ਼ੇਸ਼ਣਾਂ ਦੇ ਅੰਤ ਵਿੱਚ ਆਉਂਦੀ ਹੈ, ਜਿਸ ਤਰ੍ਹਾਂ sampler, carpenter.

-er, *suf.* : ਉਪਸਰਗ, ਜੋ ਸੰਮਿਲਿਤ ਨੇਤ ਦਾ ਅਰਥ ਦੇਂਦਾ ਹੈ, ਦੋ ਵਸਤਾਂ ਵਿੱਚ ਇੱਕੋ ਗੁਣ ਦਾ ਵਧਾ ਘਾਟਾ ਦੱਸਣ ਵਾਸਤੇ, ਪੰਜਾਬੀ ਦੇਰ, ਜਿਵੇਂ ਚੰਗੇਰਾ, ਵਧੇਰਾ, ਛੋਟੇਰਾ.

-er, *suf.* : (ਕਾਨੂੰਨ ਵਿੱਚ) ਕਿਰਤਾਂ ਆਦਿ ਦੇ ਸੰਕੇਤ ਦਾ ਸੂਚਕ, ਜਿਵੇਂ disclaimer, rejoinder, user.

-er, *suf.* : ਜੋ ਕਿਰਿਆ ਧਾਤੂ ਨੂੰ ਦੁਹਰਾਂਦਾ ਹੈ, ਜਿਵੇਂ wave ਤੋਂ waver.

era, *n.* : ਕਾਲ-ਗਣਨਾ (ਸੰਨ) ਜਿਹੜਾ ਕਿਸੇ ਵਿਸ਼ੇਸ਼ ਘਟਨਾ ਤੋਂ ਸ਼ੁਰੂ ਹੋਵੇ, ਜਿਸ ਤਰ੍ਹਾਂ ਸੰਨ ਈਸਵੀ ਅਤੇ ਸੰਨ ਹਿਜਰੀ (Christian e., e. of the Hegira); ਇਤਿਹਾਸਕ ਜਾਂ ਹੋਰ ਜੁੱਗ; ਅਜਿਹੇ ਜੁੱਗ ਦਾ ਮੁੱਢ.

eradiation, *n.* : ਕਿਰਨਾਂ ਦਾ ਛੁੱਟਣਾ, ਚਮਕਣਾ.

eradicate, *v. t.* : ਜੜ੍ਹ ਤੋਂ ਉਖੇੜਨਾ, ਮੁੱਢੋਂ ਪੱਟ ਦੇਣਾ; ਸਮੂਲ ਨਾਸ਼ ਕਰਨਾ, ਖ਼ਤਮ ਕਰਨਾ, ਮਲਾਮੀ ਪਾਉਣਾ.

eradicable, *a.* : ਮਿਟਾਣ ਜੋਗ.

eradication, *n.* : ਮੂਲੋਂ ਨਾਸ਼, ਬਰਬਾਦੀ, ਮਿਟਾਉ.

erase, *v. t.* : ਰਗੜ ਨਾਲ ਮਿਟਾ ਦੇਣਾ, ਪੂੰਝਣਾ, ਮੇਸਣਾ; ਨਿਸ਼ਾਨ ਬਾਕੀ ਨਾ ਰਹਿਣ ਦੇਣਾ.

erasable, *a.* : ਮਿਟਾ ਦੇਣ ਜੋਗ, ਜੋ ਮਿਟਾਇਆ ਜਾ ਸਕੇ.

eraser, *n.* : ਮਿਟਾਣ ਵਾਲੀ ਰਬੜ.

Erastian, *a.* & *n.* : ਈਰੇਸਟਸ ਦੇ ਸਿਧਾਂਤਾਂ ਨੂੰ ਮੰਨਣ ਵਾਲਾ, ਧਾਰਮਿਕ ਅਧਿਕਾਰਾਂ ਨੂੰ ਦੁਨਿਆਵੀ ਅਧਿਕਾਰਾਂ ਦੇ ਅਧੀਨ ਰੱਖਣ ਵਾਲਾ.

erastianism, *n.* : ਈਰੇਸਟਸ ਦੇ ਸਿਧਾਂਤਾਂ ਉੱਤੇ ਪਰਤਿਆ ਮਤਾਵ.

erastianize, *v. t.* : ਧਾਰਮਿਕ ਰਾਜ ਨੂੰ ਦੁਨਿਆਵੀ ਰਾਜ ਦੇ ਅਧੀਨ ਕਰਨਾ.

ere, *prep.* & *conj.* : (ਕਵਿਤਾ ਵਿੱਚ, ਪੁਰਾਤਨ) (ਸਮੇਂ) ਤੋਂ ਪਹਿਲਾਂ.

e. long : ਛੇਤੀ ਹੀ.

erewhile : ਪਹਿਲੇ ਸਮੇਂ ਵਿੱਚ, ਪਹਿਲਾਂ.

erebus(-e), *n.* : (ਯੂਨਾਨੀ ਦੇਵਮਾਲਾ ਵਿੱਚ) ਧਰਤੀ ਅਤੇ ਨਰਕ ਦਾ ਵਿਚਕਾਰਲੀ ਅਨ੍ਹੇਰੀ ਥਾਂ.

erect, *a.* : ਸਿੱਧਾ, ਖਲੋਤਿਆ, ਅਮੁੜੀ, ਖੜਾ.

erectly, *adv.* : ਖੜ੍ਹਿਆਂ.

erectness, *n.* : ਸਿੱਧਾ ਖੜੇ ਹੋਣ ਦੀ ਦਸ਼ਾ, ਖੜਾ-ਪਨ.

erect, *v. t.* : ਉਠਾਲਣਾ, ਖੜਾ ਕਰਨਾ, ਸਿੱਧਾ ਕਰਨਾ; ਘੜ ਬਣਾਉਣਾ, ਉਸਾਰਨਾ.

e. into : ਬਣਾਉਣਾ (ਮਨੁੱਖਾਂ ਦੀ ਸਰੇਣੀ ਵਧਾਉਣੀ, ਸਿੱਧਾਂਤਾਂ ਦਾ ਢਾਂਚਾ ਬਣਾਉਣਾ).

erectile, *a.* : ਜੋ ਖੜਾ ਕੀਤਾ ਜਾ ਸਕੇ.

e. tissue (in animals) : (ਪਸ਼ੂਆਂ ਦੇ) ਉਹ ਤੰਤੂ ਜੋ ਲਹੂ ਵਿੱਚ ਫੁੱਲਦੇ ਜਾਂ ਤਣ ਜਾਂਦੇ ਹਨ.

erection, *n.* : ਉਠਾਉ, ਉਸਾਰੀ.

erector, *n.* : ਖੜਾ ਕਰਨ ਵਾਲਾ, ਉਠਾਉਣ ਵਾਲਾ (ਪੁਰਖ ਜਾਂ ਚੀਜ਼).

erector muscle : ਖੜਾ ਕਰਨ ਵਾਲਾ ਪੱਠਾ.

eremite, *n.* : ਤਪੱਸਵੀ, ਵਿਸ਼ੇਸ਼ ਕਰਕੇ ਈਸਾਈ ਮੱਤ ਦਾ.

eremitic(al), *a.* : ਬਾਹਿਰਾਨਾ, ਤਪੱਸਵੀ ਸੰਬੰਧੀ.

erethism, *n.* : ਕਿਸੇ ਅੰਗ ਜਾਂ ਪੱਠੇ ਵਿੱਚ ਅਸਾਧਾਰਣ ਜੋਸ਼; (ਅਲੰਕਾਰ ਵਜੋਂ) ਮਨ ਦੀ ਅਜਿਹੀ ਦਸ਼ਾ.

erg, **ergon**, *n.* : (ਪਦਾਰਥ ਵਿਗਿਆਨ) ਕੰਮ ਜਾਂ ਸ਼ਕਤੀ ਦਾ ਇੱਕ unit (ਇਕਾਈ).

ergatocracy *n.* : ਮਜ਼ਦੂਰਾਂ ਦੀ ਹਕੂਮਤ, ਕਾਮਿਆਂ ਦਾ ਰਾਜ.

ergo, *adv.* : ਇਸ ਲਈ.

ergot, *n.* : ਰਾਈ (Rye-ਇਕ ਪਰਕਾਰ ਦਾ ਅੰਨ) ਨੂੰ ਲੱਗਾ ਕੀੜਾ ਦਾ ਰੋਗ; ਅਜਿਹੀ ਰਾਈ ਦਵਾਈ ਦੇ ਤੌਰ ਤੇ.

ergotism, *n.* : ਉਹ ਰੋਗ ਜੋ ਐਸੀ ਰਾਈ ਦਾ ਆਟਾ ਖਾਣ ਨਾਲ ਪੈਦਾ ਹੁੰਦਾ ਹੈ.

erl-king, *n.* : ਡਰਾਉਣੀ ਦਾਨਵ, ਜਰਮਨੀ ਦਾ ਭੂਤ ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਬੱਚਿਆਂ ਨੂੰ ਵਰਗਲਾ, ਫੁਸਲਾ ਕੇ ਜੰਗਲ ਵਿੱਚ ਲੈ ਜਾਂਦਾ ਹੈ.

erin, *n.* : ਆਇਰਲੈਂਡ ਦਾ ਪੁਰਾਤਨ ਨਾਮ.

eristic, *a.* & *n.* : ਵਿਵਾਦ, ਵਿਵਾਦ ਸੰਬੰਧੀ; (ਤਰਕ ਜਾਂ ਤਰਕਵਾਦੀ ਬਾਰੇ) ਜਿਸ ਦਾ ਪ੍ਰਯੋਜਨ ਜਿੱਤ-ਪ੍ਰਾਪਤ ਹੀ ਹੋਵੇ ਨਾ ਕਿ ਸੱਚ.

ermine, *n.* : ਕਾਕੁਮ ਦੀ ਕਿਸਮ ਦਾ ਇੱਕ ਜਾਨਵਰ ਜਿਸ ਦੀ ਖੱਲ ਭੂਰੀ ਗਰਮੀਆਂ ਵਿੱਚ ਭੂਰੀ, ਅਤੇ ਸਰਦੀਆਂ ਵਿੱਚ ਸਫ਼ੈਦ ਹੁੰਦੀ ਹੈ, ਇਹ ਖੱਲ ਜੱਜਾਂ ਅਤੇ ਸਾਮੰਤਾਂ ਦੇ ਲਿਬਾਸ ਵਿੱਚ ਵਰਤੀ ਜਾਂਦੀ ਹੈ; (ਕਵਿਤਾ ਵਿੱਚ) ਪਵਿੱਤਰਤਾ ਦਾ ਚਿੰਨ੍ਹ.

ermined, *a.* : ਚਿੱਟੀ ਸਮੂਰ ਉੱਤੇ ਕਾਲੇ ਧੱਬਿਆਂ ਵਾਲਾ.

-ern, *suf.* : ਅੰਤ ਮਾਤ੍ਰਾ, northern ਆਦਿ ਵਿੱਚ.

erne, *n.* : ਸੁਨਹਿਰੀ ਬਾਜ਼ ਜਾਂ ਉਕਾਬ, ਸਮੁੰਦਰੀ ਉਕਾਬ.

erode, *v. t.* : (ਤੇਜ਼ਾਬ ਜਾਂ ਪਾਣੀ ਦਾ) ਕੱਟਣਾ, ਖਾਣਾ, ਖਾ ਜਾਣਾ, ਖੋਰਨਾ.

erosion, *n.* : ਖਾਣ, ਖੋਰ, ਖਾਉ.

erosive *a.* : ਕੱਟਣ ਵਾਲਾ, ਖਾ ਜਾਣ ਵਾਲਾ (ਤੇਜ਼ਾਬ ਆਦਿ), ਖੋਰਨ ਵਾਲਾ.

erotic, *a.* & *n.* : ਕਾਮੀ, ਇਸ਼ਕੀਆ, ਆਸ਼ਕਾਨਾ.

e. poem : ਇਸ਼ਕੀਆ ਕਵਿਤਾ.

erotomania, *n.* : (ਡਾਕਟਰੀ) ਇਸ਼ਕ ਤੋਂ ਪੈਦਾ ਹੋਇਆ ਪਾਗਲਪਨ ਜਾਂ ਮਾਲੀਖੋਲੀਆ.

err, *v. i.* : ਗ਼ਲਤੀ ਕਰਨੀ; ਠੀਕ ਨਾ ਹੋਣਾ (ਵਿਚਾਰ ਵਿੱਚ); ਪਾਪ, ਕੁਕਰਮ ਕਰਨਾ.

errand, *n.* : ਛੋਟਾ ਜਿਹਾ ਸਫ਼ਰ ਜਿਸ ਉੱਤੇ ਕਿਸੇ ਨੌਕਰ ਚਾਕਰ ਨੂੰ ਸੁਨੇਹਾ ਦੇ ਕੇ ਘੱਲਿਆ ਜਾਵੇ; ਸਫ਼ਰ ਦਾ ਮਕਸਦ; ਮਨੋਰਥ.

e.-boy : ਸੁਨੇਹੇ ਪਹੁੰਚਾਉਣ ਵਾਲਾ ਮੁੰਡਾ.

run, go, (on) e. : ਸੁਨੇਹਾ ਲੈ ਜਾਣਾ.

errant, *a.* & *n.* : ਸਾਹਸੀ ਕਾਰਜ ਦੀ ਖੋਜ ਵਿੱਚ ਫਿਰਨ ਵਾਲਾ, ਸਫ਼ਰ ਵਿੱਚ ਰਹਿਣ ਵਾਲਾ, ਭਟਕੀਆ; ਕੁਮਾਰਗ, ਕੁਰਾਹੀਆ, ਕੁਪੰਥੀ; ਗ਼ਲਤੀ, ਭੁੱਲ

ਵਾਲਾ.

knight e. : ਵਿਚਰੂ ਸਾਹਸੀ-ਜੋਧਾ.

errancy, n. : ਵਿਚਰਨ, ਭੁੱਲ.

errantry, n. : ਸਾਹਸੀ-ਜੋਧੇ ਦੀ ਦਸ਼ਾ, ਉਸ ਦਾ ਚਲਨ ਜਾਂ ਵਿਹਾਰ.

erratic, a. : ਅਨਿਸਚਿਤ (ਹਰਕਤ ਵਿਚ); ਚਲਨ, ਆਦਤ, ਸਮਿਤੀ ਵਿਚ ਬੇਕਾਇਦਾ; ਜਿਸਮ ਦੇ ਇਕ ਹਿੱਸੇ ਵਿਚੋਂ, ਦੂਜੇ ਵਿਚ ਜਾਣ ਵਾਲੀ (ਬੀਮਾਰੀ).

e. blocks : ਪਥਰੀ ਦੇ ਅਜਿਹੇ ਟੋਟੇ-ਜਿਨ੍ਹਾਂ ਦੀ ਬਣਾਵਟ ਆਸੇ ਪਾਸੇ ਦੀ ਸਤਹੀ ਤੋਂ ਭਿੰਨ ਹੋਵੇ.

erratum, n. (*pl.* -ta) : ਲਿਖਾਈ ਜਾਂ ਛਪਾਈ ਵਿਚ ਅਸ਼ੁੱਧੀ. (ਬਹੁਵਚਨ) ਗਲਤੀ ਨਾਮਾ, ਪੁਸਤਕ ਦੇ ਅੰਤ ਵਿਚ ਲੱਗਾ ਹੋਇਆ.

erroneous, a. : ਅਸ਼ੁੱਧ, ਗਲਤ.

erroneousLY, adv. : ਗਲਤੀ ਨਾਲ.

erroneousNESS, n. : ਗਲਤੀ, ਅਸ਼ੁੱਧੀ, ਭੁੱਲ.

error, n. : ਗਲਤੀ, ਭੁੱਲ, ਗਲਤ ਰਾਇ.

e. of a planet : ਗ੍ਰਹਿ ਦੀ ਸਥਿਤੀ ਤੇ ਹਿਸਾਬੀ ਥਾਵਾਂ ਦਾ ਫ਼ਰਕ.

clerical e. : ਲਿਖਾਈ ਵਿਚ ਭੁੱਲ.

in error : ਗਲਤੀ ਨਾਲ, ਭੁੱਲ ਕੇ.

writ of e. : ਕਿਸੇ ਗਲਤੀ ਦੇ ਕਾਰਨ ਹੋਏ ਗਲਤ ਫ਼ੈਸਲੇ ਦੀ ਦਰੁਸਤੀ ਲਈ ਦਰਖ਼ਾਸਤ.

errorLESS, a. : ਅਭੁੱਲ, ਗਲਤੀ-ਰਹਿਤ.

ersatz, n. & a. : ਇਵਜ਼ੀ.

erse, a. & n. : ਆਇਰਲੈਂਡ ਦੇ ਪਹਾੜੀ ਇਲਾਕੇ ਦੀ ਬੋਲੀ ਜਿਸ ਦਾ ਨਾਂ ਗੇਲਿਕ ਹੈ.

erst, adv., erstwhile : (ਪੁਰਾਤਨ) ਪਹਿਲਾਂ.

erubescent, a. : ਲਾਲ, ਲੱਜਾ ਨਾਲ ਮੂੰਹ ਲਾਲ ਹੋਇਆ.

eructation, n. : ਡਕਾਰ, (ਅਲੰਕਾਰ ਵਜੋਂ) ਜਵਾਲਾ ਮੁਖੀ ਪਹਾੜ ਦਾ ਫਟਣਾ.

erudite, a. : ਵਿਦਵਤਾ-ਭਰਿਆ (ਪੁਰਖ ਜਾਂ ਲੇਖ).

eruditION, n. : ਵਿਦਵਤਾ, ਪੰਡਿਤਾਈ.

eruditeLY, adv. : ਪੰਡਿਤਾਈ ਨਾਲ.

erupt, v. i. : ਫੁੱਟ ਨਿਕਲਣਾ (ਦੰਦ ਮਸੂੜਿਆਂ ਵਿਚੋਂ); ਫੱਟ ਪੈਣਾ (ਜਵਾਲਾਮੁਖੀ ਪਹਾੜ ਦਾ).

eruption, n. : ਜਵਾਲਾਮੁਖੀ ਦਾ ਫਟਣਾ; ਫੁੱਟਣਾ (ਗਰਮ ਪਾਣੀ ਦਾ ਚਸ਼ਮਾ); ਇੱਕ ਦਮ ਆ ਜਾਣਾ (ਰੋਗ ਦਾ); ਇਕ ਦਮ ਪੈਣਾ (ਬੀਮਾਰੀ ਦਾ); ਇੱਕ ਦਮ ਛਿੜਨਾ (ਲੜਾਈ ਦਾ); ਫੁੱਟ ਨਿਕਲਣਾ (ਹਾਸੇ ਦਾ); ਇਕ ਦਮ ਭੜਕਣਾ (ਜਿਨਸੀ ਦਾ); (ਰੋਗ) ਖੁਰਕ ਦਾ ਛਿੜਨਾ, ਫੋੜੇ ਫਿੰਸੀ ਦਾ ਨਿਕਲਣਾ; ਮਸੂੜਾ ਚੀਰ ਕੇ ਦੰਦ ਦਾ ਨਿਕਲਣਾ.

eruptionAL, a. : ਫੁੱਟਣ, ਫਟਣ, ਨਿਕਲਣ ਆਦਿ ਸੰਬੰਧੀ.

eruptive, a. : ਫੁੱਟ ਨਿਕਲਦਾ, ਤੇਜ਼ ਪੈ ਨਿਕਲਣ ਵਾਲਾ, ਜਵਾਲਾਮੁਖੀ ਦੇ ਫੁੱਟਣ ਕਰ ਕੇ ਨਿਕਲਿਆ ਹੋਇਆ.

eruptiveNESS, eruptivITY, nn. : ਫੁੱਟ ਨਿਕਲਣਾ.

eruptiveLY, adv. : ਵਿਸ-ਫੋਟ ਨਾਲ.

-ery, -ry, suf. : ਪ੍ਰਤਯਯ, ਅੰਤ ਮਾਤ੍ਰਾ, ਜੋ ਹੇਠ ਲਿਖੇ ਅਰਥਾਂ ਲਈ ਆਉਂਦੀ ਹੈ; archery, dupery, ਹਾਲਤ ਜਾਂ ਵਰਤੋਂ ਲਈ; brewery, piggery, vinery, ਕਾਰੋਬਾਰ ਦੇ ਅਸਥਾਨ, ਪਾਲਣ, ਉਗਾਣ ਲਈ; drapery, ਵਪਾਰੀ; foolery, ਚਲਨ-ਢੰਗ ਲਈ; popery, ਕਿਸੇ ਨਾਲ ਸੰਬੰਧਿਤ ਗੁਣ, ਪੇਸ਼ਾ, ਪੂਜਾ ਲਈ.

erysipelas, n. : (ਰੋਗ) ਚਮਖੀ.

erythema, n. : ਖੱਲੜੀ ਉੱਤੇ ਸੋਜ ਹੋ ਕੇ ਲਾਲ ਦਾਗ ਪੈ ਜਾਣੇ.

es- (=s or-os.) ਅੰਤ ਉਪਸਰਗ, ਪੁਰਾਤਨ ਦੋਵੇਂ ਵਿਭਕਤੀ, ਹੁਣ ਕਿਰਿਆ-ਵਿਸ਼ੇਸ਼ਣ ਦੇ ਅਰਥ ਦੇਂਦਾ ਹੈ, ਜਿਵੇਂ needs, once, ਜਾਂ ਪੁਰਖ ਸੂਚੀ ਵਿਚ ਜਿਵੇਂ ours, yours, hers.

escalade, n. : ਕੰਧ ਉੱਤੇ ਪੌੜੀਆਂ ਲਾ ਕੇ ਚੜ੍ਹਨਾ.

escalator, n. : ਬਿਜਲੀ ਨਾਲ ਚਲਦੀਆਂ ਪੌੜੀਆਂ, ਮੁਸਾਫ਼ਰਾਂ ਨੂੰ ਉੱਤੇ ਜਾਂ ਹੇਠਾਂ ਲੈ ਜਾਣ ਲਈ ਬਿਜਲੀ ਨਾਲ ਚਲਦੀਆਂ, ਹਰਕਤ ਕਰਦੀਆਂ, ਤੁਰਦੀਆਂ ਸੀੜ੍ਹੀਆਂ.

escallonia, n. : ਦੱਖਣੀ ਅਮਰੀਕਾ ਦੀ ਇੱਕ ਫੁੱਲਦਾਰ ਝਾੜੀ.

escallop, ਵੇਖੋ scallop.

escapade, n. : ਪਹਿਰੇ ਜਾਂ ਨਿਗਰਾਨੀ ਵਿਚੋਂ ਭੱਜ ਨਿਕਲਣਾ; ਅਪਰਾਧ, ਖੇਡੀ ਮਸਲਾ.

escape, n. : ਭੱਜ-ਨਸਾਈ, ਭੱਜ-ਜਾਣਾ; (ਰੋਗ ਆਦਿ, ਦੀ) ਨਿਕਾਸੀ; ਬਾਗ ਵਿਚ ਕਿਸੇ ਬੂਟੇ ਦਾ ਖ਼ੁਦ-ਰੌ ਹੋਣਾ, ਬਚਾਉ, ਛੁਟਕਾਰਾ, ਖ਼ਲਾਸੀ; ਬਰੀਅਤ.

a narrow, hairbreadth e. : ਵਾਲ ਵਾਲ ਬਚਣਾ, ਮੁਸੀਬਤ ਤੋਂ ਬਚਾਉ, ਭੱਜਣਾ, ਜਾਂ ਕਿਸੇ ਹੋਰ ਪਾਸੇ ਦਿਲ ਦਾ ਲੱਗਣਾ.

e. literature : ਉਹ ਸਾਹਿਤ ਜੋ ਅਸਲੀਅਤ ਤੋਂ ਸਾਨੂੰ ਉਹਲੇ ਰੱਖੇ.

e.-pipe, -valve : ਭਾਫ਼ ਜਾਂ ਪਾਣੀ ਦੇ ਨਿਕਲਣ ਦੀ ਨਾਲੀ ਜਾਂ ਕਪਾਟ.

e.-shaft : ਹਾਦਸੇ ਸਮੇਂ ਖਾਣ ਵਿਚ ਕੰਮ ਕਰਨ ਵਾਲਿਆਂ ਦੇ ਬਚ ਕੇ ਨਿਕਲ ਜਾਣ ਦਾ ਰਸਤਾ.

escape, v. i. & t. : ਕੈਦ ਵਿਚੋਂ ਭੱਜ ਨਿਕਲਣਾ; (ਗੈਸ, ਪਾਣੀ ਆਦਿ ਦਾ) ਬਾਹਰ ਨੂੰ ਜਾਣ ਦਾ ਰਾਹ ਲੱਭਣਾ; ਸਲਾਮਤ ਬਚ ਨਿਕਲਣਾ; ਸਜ਼ਾ ਤੋਂ ਬਚ ਜਾਣਾ, ਕਿਸੇ ਪੁਰਖ ਦੀ ਪਕੜ ਵਿਚੋਂ ਸਾਫ਼ ਬਚ ਨਿਕਲਣਾ; ਨਜ਼ਰ ਚੁਰਾ ਜਾਣੀ, ਯਾਦ ਭੁੱਲ ਜਾਣਾ, ਲੁਪਤ ਹੋਣਾ; (ਕੰਮ ਕਰਨ ਤੋਂ) ਆਪਣੇ ਆਪ ਨੂੰ ਬਚਾ ਲੈਣਾ; ਨਜ਼ਰ ਜਾਂ ਧਿਆਨ ਵਿਚੋਂ ਨਿਕਲ ਜਾਣਾ, ਮੂੰਹ ਵਿਚੋਂ ਸ਼ਬਦਾਂ ਦਾ ਆਪਣੇ ਆਪ ਨਿਕਲਣਾ.

escapement, n. : ਨਿਕਲਣ ਦਾ ਰਾਹ; ਘੜੀ ਦੀ ਉਹ ਮਸ਼ੀਨਰੀ ਜੋ ਚਲਾਉਣ ਵਾਲੇ ਪੁਰਜ਼ੇ ਨੂੰ ਇਕ-ਸਾਰ ਰੱਖਣ ਵਾਲੇ ਪੁਰਜ਼ੇ ਨਾਲ ਜੋੜਦੀ ਹੈ.

escarp, n. & v. t. : ਫ਼ਸੀਲ ਦੇ ਐਨ ਸਾਹਮਣੇ ਜਾਂ ਥੱਲੇ ਖਾਈ ਦਾ ਢਾਲਦਾਰ ਕੰਢਾ; ਇਸੇ ਤਰ੍ਹਾਂ ਦੀ ਕੁਦਰਤੀ ਬਣਤਰ; ਉਹੋ ਜਿਹਾ ਕੰਢਾ ਬਣਾਉਣਾ.

escarpMENT, n. : ਅਜਿਹੇ ਕੰਢੇ ਦੀ ਢਲਾਣ.

-escent, suf. : ਅੰਤ ਮਾਤ੍ਰਾ ਜੋ ਵਿਸ਼ੇਸ਼ਣ ਦਾ ਕੰਮ ਦੇਂਦੀ ਹੈ, "ਵਾਲਾ", ਜਿਵੇਂ iridescent, alkalescent, ਚਮਕ ਵਾਲਾ, ਖਾਰਸ਼ੀ ਵਾਲਾ.

eschalot : ਵੇਖੋ shallot.

eschatology n. : ਸਿਧਾਂਤ (ਮੌਤ, ਕਰਮ-ਫਲ, ਸੁਰਗ ਅਤੇ ਨਰਕ ਸੰਬੰਧੀ).

eschatologicAL, a. : ਉਤਲੇ ਸਿਧਾਂਤ ਨਾਲ ਸੰਬੰਧਿਤ.

escheat, n. : ਉਸ ਜਾਇਦਾਦ ਦਾ ਸਰਕਾਰ ਜਾਂ ਜਾਗੀਰਦਾਰ ਨੂੰ ਚਲੀ ਜਾਣਾ ਜਿਸ ਦਾ ਮਾਲਕ ਬਿਨਾਂ ਵਸੀਅਤ ਕੀਤੇ ਅਤੇ ਲਾਵਾਰਸ ਮਰ ਗਿਆ ਹੋਵੇ; ਅਜਿਹੀ ਜਾਇਦਾਦ.

escheat, v. t. & i. : ਜ਼ਬਤ ਕਰ ਲੈਣਾ, escheat ਦੇ ਤੌਰ ਤੇ ਸਪੁਰਦ ਕਰਨਾ; ਮੁੜ ਮਿਲਣਾ (escheat ਦੇ ਤੌਰ ਤੇ).

eschew v. t. : ਛੱਡ ਦੇਣਾ; (ਕਿਸੇ ਕੰਮ, ਚੀਜ਼ ਜਾਂ ਖ਼ੁਰਾਕ ਤੋਂ) ਬਚ ਜਾਂ ਦੂਰ ਰਹਿਣਾ, ਬੱਚਣਾ, ਟਲਣਾ.

eschscholtzia n. : ਪੀਲੇ ਫੁੱਲਾਂ ਵਾਲਾ ਇਕ ਬੂਟਾ, ਚੀਨਕ ਲੋਗ ਇਸ ਨੂੰ ਨੀਂਦ ਲਿਆਉਣ ਲਈ ਪੀਂਦੇ ਸਨ.

esclandre, n. : ਬਦਨਾਮੀ, ਬਦਨਾਮੀ; ਉਤਪਾਤ, ਹੱਲਚਲ.

escort, n. : ਸਫ਼ਰ ਵਿਚ ਹਥਿਆਰ ਬੰਦ ਆਦਮੀਆਂ ਦਾ ਦਸਤਾ, ਆਦਮੀਆਂ ਜਾਂ ਅਸਬਾਬ ਦੀ ਰਾਖੀ ਲਈ; ਸਫ਼ਰ ਵਿਚ ਰਾਖੀ, ਜਾਂ ਅਗਵਾਈ ਲਈ ਜਾਂ ਇੱਜ਼ਤ ਵਜੋਂ ਨਾਲ ਚਲਣ ਵਾਲਾ ਜਾਂ ਵਾਲੇ.

escort, v. t. : ਰਖਵਾਲੀ ਲਈ ਸਫ਼ਰ ਵਿਚ Escort ਦੇ ਤੌਰ ਤੇ ਕੰਮ ਕਰਨਾ.

escribe, v. t. : (ਗਣਿਤ) ਦਾਇਰਾ ਇਸ ਤਰ੍ਹਾਂ ਖਿੱਚਣਾ ਕਿ ਤ੍ਰਿਕੋਣ ਦੀ ਇੱਕ ਭੁਜਾ ਨੂੰ ਬਾਹਰਲੇ ਪਾਸਿਓਂ ਅਤੇ ਬਾਕੀ ਦੋ ਭੁਜਾਵਾਂ ਦੇ ਵਧਾਏ ਹੋਏ ਹਿੱਸਿਆਂ ਨੂੰ ਅੰਦਰਲੇ ਪਾਸਿਓਂ ਛੂਹੇ.

escritoire, *n.* : ਲਿਖਣ ਦੀ ਅਲਮਾਰੀ ਜਿਸ ਦਾ ਢੱਕਣ ਲਿਖਣ ਦਾ ਫੱਟਾ.

escrow, *n.* : ਇਸ ਤਰ੍ਹਾਂ ਕਰਨ ਸੰਬੰਧੀ ਕਰਾਰਨਾਮਾ ਜਿਸ ਨੂੰ ਤੀਜੇ ਪਾਸ ਰੱਖੀ ਜਾਵੇ, ਜਦੋਂ ਕੋਈ ਸ਼ਰਤ ਪੂਰੀ ਹੋ ਜਾਂਦੀ ਹੈ ਤਾਂ ਇਹ ਲਿਖਤ ਹੀ ਅਮਲ ਹੁੰਦਾ ਹੈ.

escudo, *n.* : ਪੁਰਤਗਾਲੀ ਸਿੱਕਾ, ਚਾਂਦੀ ਦਾ, ਜਿਸ ਉੱਤੇ ਢਾਲ ਬਣੀ ਹੁੰਦੀ, ਪਹਿਲਾਂ ਇਹ ਬਰਾਬਰ ਹੁੰਦਾ ਸੀ.

esculent, *a.* & *n.* : ਖਾਣ ਦੀ ਚੀਜ਼, ਖਾਣ ਦੇ ਲਾਇਕ.

escutcheon, *n.* : ਢਾਲ ਜਿਸ ਤੇ ਕੁਲ ਚਿੰਨ੍ਹ ਉੱਕਰੇ ਹੋਣ; ਜਹਾਜ਼ ਦੇ ਪਿਛਲੇ ਹਿੱਸੇ ਦਾ ਉਹ ਥਾਂ ਜਿੱਥੇ ਜਹਾਜ਼ ਦਾ ਨਾਂ ਲਿਖਿਆ ਹੁੰਦਾ ਹੈ.

a blot on his e. : ਬਦਨਾਮੀ ਦਾ ਟਿੱਕਾ.

-ese, *suf.* : ਅੰਤ ਮਾਤ੍ਰਾ ਜੋ ਦੇਸ਼ ਦੇ ਨਾਂ ਨਾਲ ਲਗਕੇ ਉਸ ਦੇਸ਼ ਨਾਲ ਸੰਬੰਧ ਦਸਦੀ ਹੈ, ਜਿਵੇਂ Milanese, Japanese, Burmese; ਉਸ ਦੇਸ਼ ਦਾ ਵਾਸੀ ਜਾਂ ਬੋਲੀ.

eskar, *n.* : ਰੇਤ ਜਾਂ ਬਜਰੀ ਦਾ ਲੰਮਾ ਟਿੱਬਾ ਜਿਹੜਾ ਗਲੇਸ਼ੀਅਰ ਦੇ ਹੇਠਾਂ ਦੀਆਂ ਧਾਰਾਵਾਂ ਵਿਚ ਬਣਦਾ ਹੈ, ਜਾਂ Glacier ਦੇ ਪਿਘਲਣ ਮਗਰੋਂ ਰਹਿ ਜਾਂਦਾ ਹੈ.

Eskimo, **quimau**, *n.* (*pl.*-oes-aux, *pl.*-aux) : ਉੱਤਰੀ ਅਮਰੀਕਾ ਦੀ ਇਕ ਜਾਤੀ ਦਾ ਪੁਰਸ਼, ਐਸਕੀਮੋ.

esoteric, *a.* : (ਦਾਰਸ਼ਨਿਕ ਸਿਧਾਂਤ ਸੰਬੰਧੀ) ਕੇਵਲ ਦੀਖਿਅਤ ਪੁਰਸ਼ਾਂ ਲਈ; (ਅਨੁਯਾਈਆਂ ਬਾਰੇ) ਦੀਖਿਅਤ; ਅਸਪਸ਼ਟ, ਗੁਪਤ, ਭੇਤ ਵਾਲਾ, ਪਵਿੱਤਰ.

esotericism, *n.* : ਗੁਪਤਤਾ, ਰਹੱਸ.

esoterically, *adv.* : ਗੁਪਤ ਢੰਗ ਨਾਲ.

espagnolette, *n.* : ਫ਼ਰਾਂਸੀਸੀ ਬਾਰੀ ਲਈ ਚਿਟਕਣੀ.

espalier, *n.* : ਜੰਗਲਾ ਜਿਸ ਉੱਤੇ ਵੇਲ ਚੜ੍ਹਾਈ ਜਾਏ, ਵੇਲ (ਜਾਂ ਬੂਟਾ) ਜਿਹੜੀ ਇਵੇਂ ਚੜ੍ਹਾਈ ਜਾਏ.

esparto, *n.* : ਇਕ ਤਰ੍ਹਾਂ ਦਾ ਘਾਹ ਜੋ ਸਪੇਨ ਤੋਂ ਕਾਗ਼ਜ਼-ਸਾਜ਼ੀ ਲਈ ਲਿਆਂਦਾ ਜਾਂਦਾ ਹੈ.

especial, *a.* : ਖ਼ਾਸ ਕਰਕੇ, ਖ਼ਾਸ, ਵਸ਼ਿਸ਼ਟ, ਜਿਵੇਂ ਇਕ ਖ਼ਾਸ ਮਿੱਤਰ ਸੰਬੰਧੀ.

-**especially**, *adv.* : ਖ਼ਾਸ ਕਰ ਕੇ.

Esperanto, *n.* : ਇਕ ਨਵੀਂ ਬਣੀ ਭਾਸ਼ਾ, ਜਿਸ ਨੂੰ ਸਾਰੀਆਂ ਕੌਮਾਂ ਦੇ ਆਪਸੀ ਮੇਲ ਵਿਚ ਵਰਤਣ ਲਈ ਵਰਤ ਸਕਦੇ.

espial, *n.* : ਜਾਸੂਸੀ, ਦੇਖ-ਭਾਲ, ਨਿਗਰਾਨੀ.

espièglerie [F], *n.* : ਸ਼ਰਾਰਤ, ਮਖ਼ੌਲ, ਸ਼ਰਾਰਤ-ਬਾਜ਼ੀ.

espionage, *n.* : ਜਾਸੂਸੀ.

esplanade, *n.* : ਸੈਰਾਂ ਦੇ ਲਈ ਖ਼ਾਸ ਕਰਕੇ ਇਕ ਪੱਧਰਾ ਮੈਦਾਨ, ਕਿਲ੍ਹੇ ਦੇ ਕਿਲ੍ਹੇਬੰਦੀਆਂ ਖੁੱਲ੍ਹਾ ਮੈਦਾਨ; ਸਮੁੰਦਰ ਦੇ ਕੰਢੇ ਦੇ ਸੈਰਗਾਹ.

espousal, *n.* : (ਪੁਰਾਤਨ) ਵਿਆਹ ਜਾਂ ਮੰਗਣੀ; (ਅਲੰਕਾਰ ਰੂਪ) ਕਿਸੇ ਇਕ ਕਾਰਜ ਜਾਂ ਪੱਖ ਦੀ ਤਰਫ਼ਦਾਰੀ ਜਾਂ ਸਮਰਥਨ.

espouse, *v. t.* : (ਮਰਦ ਦਾ) ਵਿਆਹ ਕਰਨਾ, (ਤੀਵੀਂ ਦਾ) ਕਿਸੇ ਦੇ ਨਾਲ ਵਿਆਹ; (ਕਿਸੇ ਸਿਧਾਂਤ ਜਾਂ ਪੱਖ ਨੂੰ) ਅਪਨਾਉਣਾ, ਵਕਾਲਤ ਕਰਨੀ ਜਾਂ ਮਦਦ ਦੇਣੀ.

esprit [F], *n.* : ਚਤੁਰਾਈ, ਖ਼ੁਸ਼ ਮਜ਼ਾਜੀ, ਜ਼ਿੰਦਾ-ਦਿਲੀ.

e. de corps : ਆਪਣੇ ਦਲ ਜਾਂ ਜੱਥੇਬੰਦੀ ਦੀ ਇੱਜ਼ਤ ਤੇ ਭਿਆਲੀ ਦਾ ਖ਼ਿਆਲ.

e. fort : ਮਜ਼ਬੂਤ ਵਿਚਾਰ ਵਾਲਾ, ਸੁਤੰਤਰ ਵਿਚਾਰ ਵਾਲਾ.

espy, *v. t.* : ਦੂਰੋਂ ਤਕ ਲੈਣਾ; ਤਾੜ ਲੈਣਾ, ਲੱਭ ਲੈਣਾ (ਔਗੁਣ, ਦੋਸ਼, ਆਦਿ).

-esque, *suf.* : ਅੰਤ ਮਾਤ੍ਰਾ ਜੋ ਵਿਸ਼ੇਸ਼ਣ ਦਾ ਕੰਮ ਦੇਂਦੀ ਹੈ ਜਿਸ ਤਰ੍ਹਾਂ arabesque, Dantesque, burlesque.

Esquimau : ਵੇਖੋ eskimo.

esquire, *n.* : ਭੱਦਰ ਪੁਰਸ਼ ਦੇ ਨਾਂ ਪਿੱਛੇ ਲਿਖੀ ਜਾਂਦੀ (ਖ਼ਤ ਦੇ ਪਤੇ ਵਿੱਚ) ਸ਼ਬਦ (ਇੱਜ਼ਤ ਵਜੋਂ).

ess, *n.* : ਅੰਗਰੇਜ਼ੀ ਦਾ ਅੱਖਰ S ਵਰਗੀ ਵਸਤੂ.

-ess, *suf.* : ਅੰਤ ਮਾਤ੍ਰਾ ਜਿਸ ਦੇ ਲਗਾਉਣ ਨਾਲ ਇਸਤਰੀ ਲਿੰਗ ਸ਼ਬਦ ਬਣਦਾ ਹੈ, ਜਿਸ ਤਰ੍ਹਾਂ countess, poetess.

-ess, *suf.* : ਅੰਤ ਮਾਤ੍ਰਾ ਜੋ ਵਿਸ਼ੇਸ਼ਣ ਨਾਲ ਲੱਗ ਕੇ ਨਾਂਵ ਬਣਾਉਂਦੀ ਹੈ ਜਿਵੇਂ largess, duress.

essay, *n.* : ਕੋਸ਼ਿਸ਼, ਜਤਨ, ਕਿਸੇ ਵਿਸ਼ੇ ਸੰਬੰਧੀ ਛੋਟਾ ਲੇਖ ਜਿਸ ਵਿਚ ਸਾਹਿਤਕ ਰਚਨਾ (ਗੱਦ ਰੂਪ), ਨਿਬੰਧ.

essayist, *n.* : ਨਿਬੰਧ-ਲਿਖਾਰੀ.

essay, *v. t.* & *i.* : ਕਿਸੇ ਕੰਮ ਲਈ ਕੋਸ਼ਿਸ਼ ਕਰਨੀ; (ਕਿਸੇ ਚੀਜ਼ ਨੂੰ) ਪਰਖ ਕਰਨੀ; ਅਜ਼ਮਾਉਣਾ, ਅਜ਼ਮਾਇਸ਼ ਕਰਨੀ.

esse, *n.* : ਹੋਂਦ ਦਾ ਜੋ ਸਚ ਦਾ ਰੂਪ, ਅਸਲ-ਹਸਤੀ.

essence, *n.* : ਤੱਤ, ਮੂਲ, ਜੌਹਰ, ਉਹ ਸਭ ਕੁਝ ਜਿਸ ਤੋਂ ਕਿਸੇ ਚੀਜ਼ ਦੀ ਹੋਂਦ ਹੈ, ਮੂਲ ਪਰਿਵਰਤਨੀ ਜਾਂ ਅਸਥਾਈ ਜਿਸ ਅਸਲੀਅਤ ਕੁਦਰਤ ਤੋਂ ਜਾਣਾ; (ਅਲੰਕਾਰ ਰੂਪ) ਕੱਢਿਆ ਹੋਇਆ ਅਰਕ, ਖ਼ੁਸ਼ਬੂਦਾਰ ਤੇਲ-ਮਿਸ਼ਰਤ ਤੇਲ ਜਾਂ ਦਾਰੂ; ਅਤਰ, ਖ਼ੁਸ਼ਬੂ.

essencen, *n.* : ਸੁਗੰਧੀ ਦੇ ਮਿਸ਼ਰਣ (ਅਤਰ, ਤੇਲ).

essene, *n.* : ਯਹੂਦੀਆਂ ਦਾ ਇਕ ਧਾਰਮਿਕ ਫ਼ਿਰਕਾ ਜਿਸ ਦੇ ਮੈਂਬਰ ਸਾਦੀ ਜੀਵਨ ਤੇ ਸੀ ਅਦਭੁਤ ਤਪੱਸਿਆਵਾਂ ਦਾ ਜੀਵਨ ਬਿਤਾਂਦੇ ਸਨ.

essential, *a.* : ਹੋਂਦ ਜਾਂ ਜੌਹਰ (ਅਸਲ, ਤੱਤ ਸੰਬੰਧੀ); ਅੱਤ-ਆਵਸ਼ਕ, ਅਸਲੀ, ਲਾਜ਼ਮੀ.

e. character : (ਜਾਤ, ਕਿਸਮ ਬਾਰੇ) ਉਹ ਗੁਣ ਜਾਂ ਚਿੰਨ੍ਹ ਜੋ ਕਿਸੇ ਵਸਤੂ ਨੂੰ ਉਸ ਜਾਤ, ਕਿਸਮ ਤੋਂ ਨਿਰਖੇਪ ਕਰਦੇ ਅਤੇ ਵਸਤੂ ਤੋਂ ਵਖਰਿਆਂਦੇ ਹਨ; ਲਾਜ਼ਮੀ ਗੁਣ.

e. harmony : ਕਿਸੇ ਇਕ ਸੰਗੀਤ ਦਾ ਸੰਬੰਧ.

e. oil : ਇਕ ਖ਼ਾਸ ਪੌਦੇ ਦੀ ਖ਼ੁਸ਼ਬੋ ਵਾਲਾ ਉੱਡ ਜਾਣ ਵਾਲਾ ਤੇਲ.

e. proposition : ਕਿਸੇ ਚੀਜ਼ ਬਾਰੇ ਅਜਿਹਾ ਬਿਆਨ ਜਿਸ ਵਿਚ ਉਸ ਚੀਜ਼ ਦੀ ਪਰਿਭਾਸ਼ਾ ਤੋਂ ਪਰਤੀਤ ਹੁੰਦੇ ਗੁਣ ਆਦਿ ਸ਼ਾਮਲ ਕਰਦੇ ਹੋਣ.

essentiality, *n.* : ਲਾਜ਼ਮੀਅਤ, ਅਸਲੀਅਤ.

essentially, *adv.* : ਅਸਲ ਵਿੱਚ, ਸਾਰ ਦੇ ਤੌਰ ਤੇ.

-est, *suf.* : ਉੱਤਮ ਪਦ ਪ੍ਰਗਟ ਕਰਨ ਵਾਲੀ ਅੰਤ ਮਾਤ੍ਰਾ ਦਾ ਪ੍ਰਯੋਗ ਜਿਵੇਂ largest, biggest, smallest.

establish, *v. t.* : ਸਥਾਪਨ ਕਰਨਾ (ਰਾਜ ਜਾਂ ਕਾਰੋਬਾਰ ਆਦਿ ਨੂੰ); (ਕਿਸੇ ਪੁਰਸ਼ ਨੂੰ ਕਿਸੇ ਪਦਵੀ, ਅਹੁਦੇ ਤੇ) ਲਾਉਣਾ, ਸਥਾਈ ਮਜ਼ਬੂਤੀ ਦੇਣੀ (ਕਿਸੇ ਰਸਮ, ਰੀਤ-ਰੀਵਾਜ, ਮੱਤ ਜਾਂ ਵਿਚਾਰ ਨੂੰ); ਸਰਕਾਰੀ ਤੌਰ ਤੇ church ਨੂੰ ਕੌਮੀ ਬਣਾਉਣਾ, ਕਿਸੇ ਗੱਲ ਜਾਂ ਘਟਨਾ ਨੂੰ ਠੀਕ ਮਨਵਾਉਣਾ, ਸਾਬਤ ਕਰਨਾ.

establishment, *n.* : ਸੰਸਥਾਪਨ, ਕਾਇਮੀ, ਕਿਸੇ ਕੰਮ ਦੇ ਲਈ ਆਦਮੀਆਂ ਦਾ ਪੱਕਾ ਸਮੂਹ ਜਿਵੇਂ ਫ਼ੌਜ, ਸਿਵਲ ਸਰਵਿਸ, ਨੌਕਰਾਂ ਚਾਕਰਾਂ ਦਾ ਅਮਲਾ, ਰਾਜ-ਮਹਿਲ, ਦਫ਼ਤਰ ਦਾ ਅਮਲਾ, ਕਾਰੋਬਾਰ ਲਈ ਸੰਸਥਾ; ਵਪਾਰੀ ਫ਼ਰਮ; ਰਹਿਣ ਲਈ ਘਰ-ਗ੍ਰਹਿਸਤੀ.

church e. : ਸਰਕਾਰੀ ਤੌਰ ਤੇ ਬਾਕੀ ਚਰਚਾਂ ਵਲ ਪੱਖਪਾਤ; ਕੌਮੀ ਤੌਰ ਤੇ ਮੰਨੀ ਗਈ ਸੰਸਥਾ.

peace e. : ਅਮਨ ਵੇਲੇ ਦੀ ਫ਼ੌਜ ਦੀ ਗਿਣਤੀ.

war e. : ਲੜਾਈ ਵੇਲੇ ਦੀ ਫ਼ੌਜ.

establishmentarian, *a.* & *n.* : ਸਰਕਾਰੀ ਤੌਰ ਤੇ ਧਰਮ ਕੌਮੀ ਚਰਚ ਦੀ ਸੰਸਥਾ ਜੋ ਦੇਸ਼ ਦੇ ਅਸੂਲਾਂ ਦਾ ਅਨੁਯਾਈ ਜਾਂ ਸਮਰਥਕ.

estaminet [F], *n.* : ਫ਼ਰਾਂਸੀਸੀ cafe (ਜਿਥੇ ਸ਼ਰਾਬ, ਬੀਅਰ, ਕਾਫ਼ੀ ਆਦਿ ਵਿਕਦੇ ਹੋਣ).

estate, *n.* : ਜਾਇਦਾਦ, ਰਿਆਸਤ, ਇਲਾਕਾ, ਜਗੀਰ, ਦਰਜਾ ਜਾਂ ਪਦਵੀ ਜੋ ਸਮਾਜ ਦਾ ਅੰਗ ਹੈ ਤੇ ਰਾਜ ਪ੍ਰਬੰਧ ਵਿਚ ਭਾਗ ਲੈਣ ਵਾਲੀ ਹੈ; (ਪੁਰਾਤਨ) ਦਸ਼ਾ, ਹਾਲਤ ਜਿਵੇਂ holy estate of matrimony (ਵਿਆਹੁਤ ਜੀਵਨ ਦੀ ਪਵਿੱਤਰ ਦਸ਼ਾ); ਅਹੁਦਾ ਤੇ ਜਾਇਦਾਦ (ਚਲ-ਅਚਲ).

personal e. : ਮਨਕੂਲਾ ਜਾਇਦਾਦ ਵਿਚ ਹੱਕ-ਹਕੂਕ.

real e. : ਜ਼ਮੀਨੀ ਜਾਇਦਾਦ ਵਿਚ ਕਿਸੇ ਮਨੁੱਖ ਦੇ ਹੱਕ-ਹਕੂਕ.

the Three Es. : ਅਧਿਆਤਮਕ, ਦੀਨੀ ਲਾਰਡ; ਦੁਨਿਆਵੀ ਲਾਰਡ ਅਤੇ commons.

third e. : ਫ਼ਰਾਂਸ ਦੀ ਕਰਾਂਤੀ ਤੋਂ ਪਹਿਲਾਂ ਦੇ ਆਮ ਲੋਕ.

fourth e. : ਅਖ਼ਬਾਰੀ ਦੁਨੀਆਂ.

e. agent : ਮਕਾਨਾਂ ਤੇ ਜ਼ਮੀਨਾਂ ਦੀ ਵਿਕਰੀ ਦਾ ਦਲਾਲ.

esteem, *v. t.* : ਆਦਰ-ਮਾਣ ਕਰਨਾ, ਚੰਗਾ ਸਮਝਣਾ, ਖ਼ਿਆਲ ਕਰਨਾ.

esteem, *n.* : ਆਦਰ, ਮਾਣ, ਇੱਜ਼ਤ, ਚੰਗੀ ਰਾਏ.

ester, *n.* : (ਰਸਾਇਣ) ਉਹ ਮਰੱਕਬ (compound) ਜਿਹੜਾ ਐਲਕੋਹਲ ਅਤੇ ਤੇਜ਼ਾਬ ਦੇ ਮਿਲਾਪ ਨਾਲ ਪਾਣੀ ਦੇ ਖ਼ਾਰਜ ਹੋਣ ਮਗਰੋਂ ਤਿਆਰ ਹੁੰਦਾ ਹੈ.

estimable, *a.* : ਆਦਰਜੋਗ, ਮਾਣਜੋਗ.

estimate, *n.* : (ਮਿਹਨਤੀ, ਮਿਕਦਾਰ, ਰਕਮ ਆਦਿ ਦਾ) ਤਖ਼ਮੀਨਾ, ਅੰਦਾਜ਼ਾ, ਅੰਦਾਜ਼ਾ, ਜਾਰੀ ਹੋਈ ਮਿਕਦਾਰ; ਲਾਗਤ ਦਾ ਅੰਦਾਜ਼ਾ ਜਿਸ ਤੇ ਠੇਕੇਦਾਰ ਕਿਸੇ ਕੰਮ ਦਾ ਠੇਕਾ ਲੈਣ ਨੂੰ ਤਿਆਰ ਹੁੰਦਾ ਹੈ.

the Es. : ਆਉਂਦੇ ਸਾਲ ਵਿਚ ਸਰਕਾਰੀ ਖ਼ਰਚ ਦਾ ਅੰਦਾਜ਼ਾ ਜੋ ਲੋੜੋਂ ਨਾਲ ਤੋਂ ਪਹਿਲਾਂ ਲੋਕ-ਸਭਾ ਵਿਚ ਪੇਸ਼ ਕੀਤਾ ਜਾਂਦਾ ਹੈ.

estimate, *v. t.* : ਅੰਦਾਜ਼ਾ ਲਾਉਣਾ, ਤਖ਼ਮੀਨਾ ਕਰਨਾ, Estimate ਬਣਾਉਣਾ, ਤਖ਼ਮੀਨੇ ਦੁਆਰਾ ਗਿਣਤੀ, ਆਦਿ ਨੂੰ ਮਿੱਥਣਾ, ਰਾਏ ਕਾਇਮ ਕਰਨੀ.

estimatIVE, *a.* : ਅੰਦਾਜ਼ੇ ਸੰਬੰਧੀ, ਅੰਦਾਜ਼ੇ ਅਨੁਸਾਰ.

estimatOR, *n.* : ਤਖ਼ਮੀਨਾ ਕਰਨ ਵਾਲਾ, ਅੰਦਾਜ਼ਾ ਲਾਣ ਵਾਲਾ.

estimation, *n.* : ਜਾਂਚ, ਤੋਲ, ਅੰਦਾਜ਼ਾ, ਕਿਸੇ ਚੀਜ਼ ਦਾ ਮੁੱਲ-ਨਿਰੂਪਣ.

hold in e. : ਇੱਜ਼ਤ ਕਰਨੀ, ਮਾਣ ਕਰਨਾ.

estival, etc. : ਵੇਖੋ Aest.

estop, *v. t.* (-pp-) : (ਕਨੂੰਨ) ਰੋਕਣਾ, ਮਨਾਹੀ ਕਰਨੀ.

estopPAGE, *n.* : ਰੋਕ, ਮਨਾਹੀ.

estoppel, *n.* : (ਕਨੂੰਨ) ਆਪਣੇ ਪਹਿਲੇ ਕੀਤੇ ਕਰਮ ਅਤੇ ਜੋ ਮੰਨੇ ਮਗਰੀ ਉਸ ਪੱਖ ਤੋਂ ਰੋਕਿਆ ਜਾਣਾ.

estovers, *n.* : (ਕਨੂੰ ਵਰਤ) ਕਿਸੇ ਜ਼ਿਮੀਂਦਾਰੀ ਤੋਂ ਮੁਜ਼ਾਰੇ ਨੂੰ ਦਾਰ ਜਾਂ ਜਾਇਜ਼ ਬਾਲਣ ਆਦਿ ਲੈਣ ਦਾ ਹਕੂਕ ਹੱਕ.

estrade, *n.* : ਉੱਚਾ ਥੜ੍ਹਾ, ਪਲੇਟਫ਼ਾਰਮ, ਮੰਚ.

estrange, *v. t.* : ਬੇਗਾਨਾ, ਨਫ਼ਰਤ ਕਰਨੀ.

estrangeMENT, *n.* : ਨਰਾਜ਼ਗੀ, ਬੇਗਾਨਗੀ.

estreat, *v. t.* : (ਕਨੂੰਨ) (ਜੁਰਮਾਨੇ, ਜ਼ਮਾਨਤ, ਆਦਿ ਦੀ) ਮਿਸਲ ਦੀ ਠੀਕ ਨਕਲ ਕਢਣਾ ਜੋ ਵਸੂਲਣ ਵਾਸਤੇ ਕਚਹਿਰੀ ਦੀ ਕੀਮਤ ਨਾਲ ਉਸ ਨੂੰ ਮੁੜ ਅਦਾਲਤ ਵਿਚ ਵਾਪਸ ਕਰਨਾ.

estuary, *n.* : ਵੱਡੇ ਦਰਿਆ ਦਾ ਚਿੱਕੜਿਆ ਦਹਾਨਾ, ਜਿਸ ਦੀਆਂ ਧਾਰਾਂ ਵਿਚ ਸਮੁੰਦਰ ਦੀਆਂ ਲਹਿਰਾਂ ਆ ਕੇ ਮਿਲਦੀਆਂ ਹਨ.

estuarINE, *a.* : ਦਹਾਨੇ estuary ਸੰਬੰਧੀ.

esurient, *a.* : ਭੁੱਖਾ, ਲੁਭਾਊ, ਲੋੜਵੰਦ ਤੇ ਲਾਲਚੀ.

esurIENCE, -ENCY, *nn.* : ਲਾਲਚ, ਭੁੱਖ.

-et, *suf.* : ਅੰਤ ਅਖਰ੍ਹ ਜੋ ਫ਼ਰਾਂਸੀਸੀ ਵਿਚ ਛੋਟਿਆਂ ਦੇ ਅਰਥ ਦੇਂਦੀ ਸੀ, ਜਥਾ bullet, hatchet, sonnet.

-et, -ete, *suf.* : ਅੰਤ ਅਖਰ੍ਹ ਜੋ ਕਰਤਾ ਦੇ ਅਰਥ ਦੇਂਦੀ ਹੈ, ਜਥਾ athlete, poet.

eta, *n.* : ਯੂਨਾਨੀ ਵਰਣਮਾਲਾ ਦਾ ਇੱਕ ਅੱਖਰ.

etacism, *n.* : ਯੂਨਾਨੀ "e" ਦਾ ਅੰਗਰੇਜ਼ੀ "a" ਦੀ ਤਰ੍ਹਾਂ ਉੱਚਾਰਣ.

état major (F.), *n.* : (ਫ਼ੌਜੀ) ਅਮਲਾ ਫ਼ੈਲਾ, ਅਮਲ ਦਾ ਦਫ਼ਤਰ.

et cetera, **etcetera**, *phr.* & *n.* (*pl.* -ras) : (ਸੰਖੇਪ etc.) ਅਤੇ ਇਸ ਤਰ੍ਹਾਂ, (ਬਹੁਵਚਨ) ਫ਼ੁਟਕਲ, ਵਗ਼ੈਰਾ.

etch, *v. t.* & *i.* : ਧਾਤ, ਤਾਂਬੇ ਦਾ ਸ਼ੀਸ਼ੇ ਆਦਿ ਦੀ ਪਲੇਟ ਉੱਤੇ ਤਜ਼ਾਬ ਦਾ ਮੂਰਤਾਂ ਬਣਾਉਣੀਆਂ, ਖੁਣ ਕੇ ਜਾਂ ਤੇਜ਼ਾਬ ਵਰਤ ਕੇ.

etching, *n.* : ਉੱਤੇ ਸਪਸ਼ਟ ਕੀਤਾ ਖੁਣਿਆ ਨਕਸ਼ਾ, ਛਾਪਾ, ਉੱਕਰਨ.

e.-needle : ਸੂਈ ਜੋ ਇਸ ਕੰਮ ਲਈ ਵਰਤੀ ਜਾਏ.

eternal, *a.* : ਅਨਾਦੀ, ਅਮਰ, ਸਨਾਤਨ, ਨਿੱਤ, ਨਿਰੰਤਰ, (ਬੋਲ ਚਾਲ) ਲਗਾਤਾਰ, ਪੈ ਦਰ ਪੈ.

e. bickerings : ਰੋਜ਼ ਦੀ ਤੂੰ ਤੂੰ ਮੈਂ ਮੈਂ.

E. city : ਰੋਮ.

e. life : ਅਮਰ ਜੀਵਨ.

e. punishment : ਸਦੀਵੀ ਦੰਡ.

The E. : ਪਰਮਾਤਮਾ.

the e. triangle : ਦੋ ਮਰਦ ਅਤੇ ਇਕ ਤੀਵੀਂ ਜਾਂ ਦੋ ਤੀਵੀਆਂ ਤੇ ਇਕ ਮਰਦ (ਪ੍ਰੇਮ ਸੰਬੰਧ ਵਿਚ).

eternalIZE, *v. t.* : ਅਮਰ ਬਣਾਉਣਾ.

eternalLY, *adv.* : ਹਮੇਸ਼ਾ ਲਈ, ਅਮਰ ਤੌਰ ਤੇ.

eternity, *n.* : ਅਨੰਤਤਾ, ਨਿੱਤਤਾ, ਹਮੇਸ਼ਗੀ, ਦਵਾਮ.

Etesian, *a.*, E. winds : ਹਵਾਵਾਂ ਜੋ ਰੂਮ ਸਾਗਰ ਵਿਚ ਗਰਮੀਆਂ ਵਿਚ ਚਾਲੀ ਦਿਨ ਉੱਤਰ-ਪੱਛਮੀ ਪਾਸਿਓਂ ਚਲਦੀਆਂ ਹਨ.

-eth, *suf.* : ਵੇਖੋ Th.

ethane, *n.* : ਇਕ ਗੈਸ, ਜੋ ਰੰਗ ਤੇ ਬਿਨਾ ਬਾਸ ਦੇ.

ether, *n.* : ਸਾਫ਼ ਅਕਾਸ਼, ਬੱਦਲਾਂ ਤੋਂ ਉਪਰਲੇ ਥਾਂ, (ਪਦਾਰਥ ਵਿਗਿਆਨ) ਈਥਰ ਦ੍ਰਵ; (ਰਸਾਇਣ ਵਿਗਿਆਨ) ਇਕ ਦ੍ਰਵੀ ਰੂਪ ਚੀਜ਼ ਜੋ ਕਿ ਐਲਕੋਹਲ ਤੇ ਤੇਜ਼ਾਬ ਦੇ ਅਮਲ ਨਾਲ ਪੈਦਾ ਹੁੰਦੀ ਹੈ; ਬੇਹੋਸ਼ ਕਰਨ ਵਾਲੀ ਦਵਾਈ.

ethereal, -ial, *a.* : ਹਵਾ ਜਿਹਾ ਹਲਕਾ, ਅਤਿਅੰਤ ਪਤਲਾ; ਅਕਾਸ਼ੀ; ether ਸੰਬੰਧੀ.

e. oil : ਅਤਿਅੰਤ ਪਤਲਾ ਤੇਲ (ਅਰਕ ਦਾਰ ਕਸ਼ੀਦ ਕੀਤਾ ਹੋਇਆ) ਜੋ ਉੱਡ ਜਾਣ ਵਾਲਾ ਤੇਲ.

etheréalITY, etherealIZATION, *nn.* : ਸੂਖਮਤਾ, ਸੂਖਮ ਬਣਾਉਣ ਦਾ ਅਮਲ.

etherealIZE, *v. t.* : ਸੂਖਮ ਜਾਂ ਹਲਕਾ ਬਣਾਉਣਾ.

etherIFICATION, *n.* : (ਪਦਾਰਥ ਵਿਗਿਆਨ) ਈਥਰ ਬਣਨਾ ਸੂਖਮ ਬਣਾਉਣਾ.

etherIFY, *v. t.* : ਅਤੀ ਸੂਖਮ ਬਣਾਉਣਾ, ਜਿਵੇਂ etherealLY, *adv.*

etherize, *v. t.* : (ਰੋਗੀ ਨੂੰ) ਈਥਰ ਦੇ ਅਸਰ ਹੇਠਾਂ ਲਿਆਉਣਾ, ਬੇਹੋਸ਼ ਕਰਨਾ.

etherIZATION, *n.* : ਬੇਹੋਸ਼ੀਕਰਨ ਅਮਲ.

ethic, *a.* & *n.* : ਆਚਾਰੀ, ਅਖ਼ਲਾਕੀ; (ਬਹੁ ਵਚਨ) ਨੀਤੀ ਵਿਦਿਆ, ਨੀਤੀ ਸ਼ਾਸਤਰ, ਨੀਤੀ ਦੇ ਨੇਮ.

e. dative : ਉਹ ਸੰਪ੍ਰਦਾਨ ਜਿਸ ਦਾ ਇਸਤੇਮਾਲ ਕੀਤੇ ਕਿਸੇ ਨਾਲ ਵੱਲਦਾ ਸੰਬੰਧ ਹੋਵੇ.

ethicAL, *a.* : ਅਖ਼ਲਾਕੀ, ਆਚਾਰ ਸੰਬੰਧੀ.

ethicALLY, *adv.* : ਆਚਾਰ ਦੇ ਨੇਮਾਂ ਅਨੁਸਾਰ.

ethicIZE, *v. t.* : ਅਖ਼ਲਾਕੀ ਅਸੂਲਾਂ ਦਾ ਖ਼ਿਆਲ ਰੱਖਣਾ.

Ethiopian, *a.* & *n.* : ਹਬਸ਼ੀ, ਇਥੋਪੀਆ ਦਾ ਵਾਸੀ; ਮਨੁੱਖ ਜਾਤੀ ਦੀ ਇਕ ਨਸਲ ਦਾ ਨਾਂ.

ethmoid, ਛਾਨਣੀ ਵਰਗੀ, E. bone, ਨੱਕ ਦੀ ਜੜ੍ਹ ਦੀ ਚੋਰਸ ਹੱਡੀ.

ethnic, -ical, *aa.* : ਮਨੁੱਖੀ ਨਸਲ ਦੇ ਵਿਗਿਆਨ ਸੰਬੰਧੀ; ਮੂਰਤੀ ਪੂਜਕ, ਕਾਫ਼ਰ; ਜਿਹੜਾ ਯਹੂਦੀ ਮਜ਼ਹਬ ਤੋਂ ਨਾ ਹੋਵੇ.

ethnicALLY, *adv.* : ਨਸਲੀ ਤੌਰ ਤੇ, ਕਾਫ਼ਰਾਂ ਵਾਂਗ.

ethnicISM, *n.* : ਮਨੁੱਖੀ ਨਸਲਾਂ ਸੰਬੰਧੀ ਵਾਦ.

ethnography, *n.* : ਮਨੁੱਖ ਜਾਤੀਆਂ ਦਾ ਵਿਗਿਆਨਕ ਵਰਣਨ.

ethnographER, *n.* : ਮਨੁੱਖ-ਜਾਤੀਆਂ ਸੰਬੰਧੀ ਵਿਦਿਆ ਦਾ ਵਿਦਵਾਨ.

ethnographIC(AL) *aa.* : ਮਨੁੱਖ-ਜਾਤੀਆਂ ਸੰਬੰਧੀ ਵਿਦਿਆ ਬਾਰੇ.

ethnographICALLY, *adv.* : ਉਪਰੋਕਤ ਵਿਦਿਆ ਨਾਲ.

ethnology, *n.* : ਮਨੁੱਖ-ਵਿਗਿਆਨ, ਭਿੰਨ ਭਿੰਨ ਮਨੁੱਖ ਜਾਤੀਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਆਪਸ ਦੇ ਸੰਬੰਧਾਂ ਦੀ ਵਿਦਿਆ.

ethnologIC(AL) *a.* : ਮਨੁੱਖ ਦੀਆਂ ਨਸਲਾਂ ਦੇ ਵਿਗਿਆਨ ਸੰਬੰਧੀ.

ethnologIST, *n.* : ਮਨੁੱਖੀ ਨਸਲਾਂ ਦੇ ਵਿਗਿਆਨ ਦਾ ਨਿਪੁੰਨ.

ethnologICALLY, *adv.* : ਮਨੁੱਖੀ ਨਸਲਾਂ ਦੇ ਵਿਗਿਆਨ ਦੀ ਸਹਾਇਤਾ ਨਾਲ ਜਾਂ ਇਸ ਦੇ ਦ੍ਰਿਸ਼ਟੀ ਕੋਣ ਤੋਂ.

et hoc genus omne. : ਅਤੇ ਇਸ ਪ੍ਰਕਾਰ ਦੀਆਂ ਹੋਰ ਸਭ ਵਸਤਾਂ, ਚੀਜ਼ਾਂ.

ethology, *n.* : ਆਚਰਨ-ਉਤਪੱਤੀ ਦੀ ਵਿਦਿਆ.

ethologICAL, *a.* : ਆਚਰਨ-ਉਤਪੱਤੀ ਦੀ ਵਿਦਿਆ ਸੰਬੰਧੀ.

ethos, *n.* : ਕਿਸੇ ਮੰਡਲੀ ਜਾਂ ਜਾਤੀ ਦਾ ਖ਼ਾਸ ਪਰਵਿਰਤੀ ਦੀਆਂ ਵਿਸ਼ੇਸ਼ਤਾਵਾਂ.

ethyl, *n.* : (ਰਸਾਇਣ) ਐਲਕੋਹਲ ਦਾ ਮੂਲ, ਆਮ ਈਥਰ.

-etic, *suf.* : ਅੰਤ ਮਾਤ੍ਰਾ ਜੋ ਵਾਚਕ ਦੇ ਅਰਥ ਦੇਂਦੀ ਹੈ, ਯਥਾ ascetic, emetic.

etiolate, *v. t.* : (ਬੂਟੇ ਨੂੰ) ਰੋਸ਼ਨੀ ਤੋਂ ਵਾਂਝਿਆ ਕਰ ਕੇ ਪੀਲਾ ਕਰ ਦੇਣਾ, (ਪੁਰਖ ਨੂੰ) ਬੀਮਾਰ ਸੂਰਤ ਬਣਾਣਾ.

etiolatION, *n.* : ਉਪਰੋਕਤ ਅਮਲ.

etiology : ਵੇਖੋ Aetiology.

etiquette, *n.* : ਰਿਵਾਜੀ ਵਿਧੀ, ਸਭਾ, ਸਮਾਜ ਵਿਚ ਬੈਠਣ ਉਠਣ ਤੇ ਮਿਲਣ ਆਦਿ ਦੇ ਨੇਮ; ਆਚਾਰ (ਵਿਸ਼ੇਸ਼ ਕਰ ਕੇ ਵੈਦਕ ਅਤੇ ਵਕਾਲਤੀ ਪੇਸ਼ਿਆਂ ਵਿਚ); ਦਰਬਾਰੀ ਅਦਬ ਆਦਾਬ.

etna, *n.* : ਸਪਿਰਟ ਬਾਲ ਕੇ ਪਾਣੀ ਗਰਮ ਕਰਨ ਲਈ ਛੋਟਾ ਭਾਂਡਾ.

eton, *n.* e. jacket : ਮੁੰਡਿਆਂ ਦਾ ਛੋਟਾ ਕੋਟ ਜੋ ਲੱਕ ਤਕ ਆਵੇ.

e. collar : ਚੌੜਾ, ਸਖ਼ਤ ਕਾਲਰ ਜਿਹੜਾ ਕੋਟ ਦੇ ਕਾਲਰ ਦੇ ਬਾਹਰ ਵਾਰ ਪਹਿਨੀਦਾ ਹੈ.

e. crop. : ਤੀਵੀਆਂ ਦੇ ਵਾਲ ਮੁੰਡਿਆਂ ਵਾਂਗ ਕੱਟ ਕੇ ਛੋਟੇ ਕਰਨ ਦਾ ਅਮਲ.

Etruscan, *a.* & *n.* : ਪੁਰਾਤਨ Etruria ਦਾ ਵਸਨੀਕ.

et. seqq., sequentes, -tia : (ਪੁਸਤਕਾਂ ਆਦਿ ਦੇ ਹਵਾਲਿਆਂ ਬਾਰੇ) ਵਰਤਿਆ ਜਾਂਦਾ (ਪਰਿਭਾਸ਼ਾ) ਅਤੇ ਇਸ ਤੋਂ ਅਗੇ.

-ette, *suf.* : ਅੰਤ ਮਾਤ੍ਰਾ, ਛੁਟਾਈ ਪਰਗਟ ਕਰਨ ਲਈ, ਯਥਾ cigarette, etiquette; ਵਰਤਮਾਨ ਵਪਾਰਕ ਭਾਸ਼ਾ ਵਿਚ ਨਕਲੀ ਜਾਂ ਬਨਾਉਟੀ ਚੀਜ਼ ਦੱਸਣ ਲਈ, ਯਥਾ Brusselette, leatherette.

étude [F], *n.* : ਰਾਗ ਸੰਬੰਧੀ ਸਿੱਖੀ ਰਚਨਾ.

etui, etwee, *n.* : ਸੂਈ ਜਾਂ ਦੰਦ ਖੁਰਚਣੀ ਆਦਿ ਰੱਖਣ ਲਈ ਛੋਟੀ ਡੱਬੀ.

etymologise, *v. t.* & *i.* : ਕਿਸੇ ਸ਼ਬਦ ਦਾ ਮੂਲ, ਇਸ ਦੀ ਉਤਪੱਤੀ ਆਦਿ ਦੱਸਣੀ ਜਾਂ ਲੱਭਣੀ, ਸ਼ਬਦ-ਭੇਦ ਵਿਗਿਆਨ ਦਾ ਅਧਿਐਨ ਕਰਨਾ.

etymology, *n.* : ਸ਼ਬਦ-ਭੇਦ, ਵਿਆਕਰਨ ਦੀ ਸ਼ਾਖ਼ਾ ਜੋ ਸ਼ਬਦਾਂ ਦੀ ਬਣਤਰ ਅਤੇ ਅਰਥਾਂ ਨਾਲ ਸੰਬੰਧਿਤ ਹੈ.

etymologER, etymologIST, *n.* : ਸ਼ਬਦ-ਭੇਦ ਦਾ ਗਿਆਤਾ.

etymologIC(AL) *a.* : ਸ਼ਬਦ-ਭੇਦ ਸੰਬੰਧੀ.

etymologICALLY, *adv.* : ਸ਼ਬਦ-ਭੇਦ ਦੇ ਦ੍ਰਿਸ਼ਟੀ ਕੋਣ ਤੋਂ.

etymon, *n.* : ਧਾਤੂ, ਮੂਲ ਸ਼ਬਦ ਜਿਸ ਤੋਂ ਹੋਰ ਸ਼ਬਦ ਬਣੇ ਹਨ.

eucalyptus, *n.* : ਇਕ ਰੁੱਖ ਦਾ ਬੂਟਾ ਜਿਸ ਦਾ ਅਰਕ ਦਵਾ ਦੇ ਤੌਰ ਤੇ ਵਰਤਿਆ ਜਾਂਦਾ ਹੈ, ਯੂਕਲਿਪਟਸ, ਸਫ਼ੈਦਾ.

e. oil : ਇਕ ਕਿਸਮ ਨਾਲ ਤੇਲ ਜਿਹੜਾ ਜ਼ੁਕਾਮ ਲਈ ਲਾਭਦਾਇਕ ਹੈ.

eucharis, *n.* : ਦੱਖਣੀ ਅਮਰੀਕਾ ਦਾ ਇਕ ਬੂਟਾ ਜਿਸ ਦੇ ਫੁੱਲ ਚਿੱਟੇ ਅਤੇ ਘੰਟੀ ਦੀ ਸ਼ਕਲ ਦੇ ਹੁੰਦੇ ਹਨ.

eucharist, *n.* : ਪਵਿੱਤਰ ਭੋਜਨ ਕਰਨ ਦੀਆਂ ਰੀਤਾਂ, ਵਿਸ਼ੇਸ਼ ਕਰ ਕੇ ਰੋਟੀ; ਹਜ਼ਰਤ ਈਸਾ ਦਾ ਰਾਤ ਦਾ ਖਾਣਾ.

E. Congress : ਸਭ ਦੇਸ਼ਾਂ ਵਿਚੋਂ ਰੋਮਨ ਕੈਥੋਲਿਕਾਂ ਦਾ ਮਿਆਦੀ ਇਕੱਠ, ਪਵਿੱਤਰ Sacrement ਦੀ ਯਾਦਗਾਰ ਵਿੱਚ.

eucharistIC(AL), *a.* : ਪਵਿੱਤਰ ਭੋਜਨ ਕਰਨ ਦੀਆਂ ਰਸਮਾਂ ਸੰਬੰਧੀ.

euchlorine, *n.* : ਕਲੋਰੀਨ ਅਤੇ ਆਕਸਾਈਡ ਆਫ਼ ਕਲੋਰੀਨ ਤੋਂ ਮਿਲ ਕੇ ਬਣੀ ਗੈਸ, ਹਰੇ-ਪੀਲੇ ਰੰਗ ਦੀ, ਜਿਹੜੀ Davy ਨੇ ਲੱਭੀ ਸੀ.

euchre, *n.* & *v. t.* : ਤਾਸ਼ ਦਾ ਅਮਰੀਕੀ ਖੇਲ ਜੋ ਦੋ, ਤਿੰਨ ਜਾਂ ਚਾਰ ਆਦਮੀ ਖੇਡਦੇ ਹਨ.

euchre, *v. t.* : ਵਿਰੋਧੀ ਨੂੰ ਉਪਰੋਕਤ ਖੇਲ ਵਿਚ ਤਿੰਨ ਸਰਾਂ ਨਾ ਬਣਾਣ ਦੇ ਕਾਰਨ ਜਿੱਤ ਲੈਣਾ.

Euclid, *n.* : ਯੂਨਾਨੀ ਹਕੀਮ, ਉਕਲੈਦ, ਰੇਖਾ-ਗਣਿਤ ਵਿਦਿਆ ਦਾ ਬਾਨੀ; ਇਸ ਦੀ ਜਮੈਟਰੀ ਸੰਬੰਧੀ ਕਿਤਾਬ ਦਾ ਨਾਂ, ਗਣਿਤ-ਰੇਖਾ ਵਿਗਿਆਨ, ਉਕਲੈਦਸ.

EuclidEAN, *a.* : ਗਣਿਤ-ਰੇਖਾ ਵਿਗਿਆਨ ਸੰਬੰਧੀ, ਉਕਲੈਦਸ ਦੇ ਸਿਧਾਂਤਾਂ ਦਾ ਅਨੁਯਾਈ.

Eud(a)emonism, *n.* : ਆਚਾਰ-ਨੀਤੀ ਦਾ ਉਹ ਸਿਧਾਂਤ ਜਿਸ ਦੇ ਅਨੁਸਾਰ ਉਹੀ ਕੰਮ ਠੀਕ ਹਨ ਜੋ ਖ਼ੁਸ਼ੀ ਦਿਵਾਉਣ.

eudiometer, *n.* : ਜੰਤਰ ਜਿਸ ਨਾਲ ਕਿਸੇ ਉਬਾਲਾ ਗੈਸਾਂ ਦੇ ਸਮੂਹ ਦਾ ਵਿਸ਼ਲੇਸ਼ਣ ਕਰੀਦਾ ਹੈ.

eudiometrIC(AL), *a.* : ਉਪਰੋਕਤ ਜੰਤਰ ਸੰਬੰਧੀ.

eudiometRY, *n.* : ਉਪਰੋਕਤ ਜੰਤਰ ਨੂੰ ਵਰਤਣ ਦਾ ਅਮਲ.

eudiometrICALLY, *adv.* : ਉਪਰੋਕਤ ਸਾਧਨ ਦੀ ਸਹਾਇਤਾ ਨਾਲ.

eugenic, *a.* & *n.* : ਚੰਗੀ ਸੰਤਾਨ ਪੈਦਾ ਕਰਨ ਸੰਬੰਧੀ; (ਬਹੁਵਚਨ) ਮਨੁੱਖੀ ਨਸਲ ਦੇ ਸੁਧਾਰ ਸੰਬੰਧ ਦਾ ਵਿਗਿਆਨ.

eugenIST, *n.* : ਉਪਰੋਕਤ ਵਿਗਿਆਨ ਦਾ ਪੰਡਿਤ; ਆਦਮੀ ਦੇ ਬੱਚਿਆਂ ਦੀ ਉਤਪੱਤੀ ਦਾ ਵਿਗਿਆਨੀ.

euhemerism, *n.* : ਕਲਪਿਤ ਕਥਾਵਾਂ, ਕਹਾਣੀਆਂ ਅਤੇ ਮਿੱਥਾਂ ਨੂੰ ਇਤਿਹਾਸ ਆਧਾਰਿਤ ਬਣਾਣ ਦਾ ਅਮਲ.

euhemerIST, *n.* : ਮਿੱਥਾਂ ਨੂੰ ਇਤਿਹਾਸਕ ਬੁਨਿਆਦ ਤੇ ਕਾਇਮ ਰਖਣ ਵਾਲਾ.

euhemerISTIC, *a.* : ਇਤਿਹਾਸ ਆਧਾਰਿਤ ਕਥਾਵਾਂ ਸੰਬੰਧੀ.

euhemerIZE, *v. t.* : ਕਥਾ ਕਹਾਣੀਆਂ ਨੂੰ ਇਤਿਹਾਸਕ ਆਧਾਰ ਦੇਣਾ.

eulogize, *v. t.* : ਉਸਤਤ ਕਰਨੀ, ਦੂਜਾ ਰਤਾ ਕੇ ਦੱਸਣਾ (ਭਾਸ਼ਣ ਜਾਂ ਲਿਖਤ ਦੁਆਰਾ).

eulogIST, *n.* : ਗੁਣ ਗਾਉਣ ਵਾਲਾ, ਉਸਤਤਕਾਰ, ਪਰਸੰਸਕ.

eulogISTIC, *a.* : ਦੂਜਾ ਰਤਾ ਕੇ ਦਿਖਾਣੀ ਹੋਈ, ਉਸਤਤਮਈ.

eulogISTICALLY, *adv.* : ਦੂਜਾ ਰਤਾ ਕੇ ਉਸਤਤ ਕਰਨ ਦੇ ਖ਼ਿਆਲ ਨਾਲ.

eulogy, *n.* : ਉਸਤਤ, ਪਰਸੰਸਾ, ਵਡਿਆਈ, ਜਸ; ਉਸਤਤ ਦਾ ਹੋਇਆ ਭਾਸ਼ਣ, ਲੇਖ ਜਾਂ ਭਾਸ਼ਣ.

eunuch, *n.* : ਨਿਪੁੰਸਕ ਕੀਤਾ ਹੋਇਆ ਪੁਰਖ (ਵਿਸ਼ੇਸ਼ ਕਰ ਕੇ ਬਾਦਸ਼ਾਹਾਂ ਦੇ ਮਹਿਲਾਂ ਵਿਚ ਰਹਿਣ ਲਈ), ਖ਼ੁਸਰਾ, ਹਿਜੜਾ, ਖੋਜਾ.

euon, mus, *n.* : ਇੱਕ ਝਾੜੀ.

eupeptic, *a.* : ਚੰਗਾ ਹਾਜ਼ਮਾ ਰੱਖਣ ਵਾਲਾ, ਚੰਗੇ ਹਾਜ਼ਮੇ ਸੰਬੰਧੀ.

euphemism, *n.* : ਭੈੜੇ ਜਾਂ ਸਖ਼ਤ ਸ਼ਬਦ ਦੀ ਥਾਂ ਨਰਮ ਜਾਂ ਘੱਟ-ਸਪਸ਼ਟ ਸ਼ਬਦ ਦੀ ਵਰਤੋਂ; ਅਜਿਹੇ ਸ਼ਬਦ ਵਰਤਣ.

euphemISTIC, *a.* : ਮੰਦਭਾਗੀ, ਕੁਚੱਜਾ ਨੂੰ ਨਰਮ ਕਰਨ ਵਾਲਾ (ਸ਼ਬਦ ਜਾਂ ਸ਼ਬਦ-ਸਮੂਹ).

euphemize, v. t. & i. : ਵੇਰੀ, ਬੁਰੀ ਗੱਲ ਨੂੰ ਮਿੱਠੇ ਤੌਰ ਕਰਕੇ ਦੱਸਣਾ.

euphemistically, adv. : ਸੋਹਣੇ, ਮਿੱਠੇ ਢੰਗ ਨੂੰ ਜਿਹਾ ਬਣਾਕੇ ਦੇ ਢੰਗ ਨਾਲ.

euphonium, n. : (ਰਾਗ) saxhorn ਢੰਗ ਦਾ ਇਕ ਵਾਜਾ.

euphony, n. : ਮਨਮੋਹਣੀ ਆਵਾਜ਼, ਚੰਗੀ ਸੁਰ ਦਾ ਅਸਰ, ਉੱਚਾਰਣ ਦੀ ਸੌਖ ਲਈ ਸ਼ਬਦਾਂ ਦੀ ਤਬਦੀਲੀ, ਸੁਰ-ਮੇਲ, ਸੁਰੀਲਾਪਣ.

euphonic, a. : ਚੰਗੀ ਜਾਂ ਮਿੱਠੀ ਆਵਾਜ਼ ਸੰਬੰਧੀ, ਸੁਰੀਲਾ.

euphonious, a. : ਕੰਨਾਂ ਨੂੰ ਮਿੱਠਾ ਲੱਗਣ ਵਾਲਾ, ਸੁਰੀਲਾ.

euphonize, v. t. : ਚੰਗੀ ਆਵਾਜ਼ ਪੈਦਾ ਕਰਨੀ, ਸੁਰ ਕਰਨੀ.

euphonically, ਅਤੇ euphoniously, adv. : ਮਿੱਠੀ ਸੁਰ ਵਿਚ, ਸੁਰੀਲੇ ਢੰਗ ਨਾਲ, ਸੁਰੀਲੀ ਆਵਾਜ਼ ਵਿਚ.

euphorbia, n. : ਇਕ ਪੌਦਾ ਜਿਸ ਦੀ ਕਈ ਕਿਸਮਾਂ ਹੁੰਦੀਆਂ ਹਨ, ਥੋਹਰ.

euphrasy, n. : =eyebright ਇਕ ਬੂਟੀ, [illegible].

euphuism, n. : ਅਲੰਕਾਰ ਦੇ ਬਣਾਉਟੀ ਵਰਤੋਂ (Lyly ਦੀ ਪੁਸਤਕ Euphues, 1580, ਤੋਂ).

euphuist, n. : ਬਣਾਉਟੀ, ਅਲੰਕਾਰ ਬੋਲੀ ਵਿਚ ਲਿਖਣ ਬੋਲਣ ਵਾਲਾ.

euphuistic, a. : ਬਣਾਉਟੀ, ਅਲੰਕ੍ਰਿਤ.

euphuistically, adv. : ਉਪਰੋਕਤ ਢੰਗ ਵਿਚ.

Eurasian, a. & n. : ਉਹ ਬੰਦਾ ਜਿਸ ਦੇ ਮਾਪੇ ਵਿਚੋਂ ਇਕ ਯੂਰਪੀ ਤੇ ਦੂਜਾ ਏਸ਼ੀਆਈ, ਯੂਰੇਸ਼ੀਆਈ.

eureka, int. & n. : ਖ਼ੁਸ਼ੀ ਦਾ ਨਾਹਰਾ, ਜਿਸ ਤਰ੍ਹਾਂ ਕਿਸੇ ਚੀਜ਼ ਦੇ ਮਿਲ ਜਾਣ ਉੱਤੇ "ਮੈਂ ਲੱਭ ਲਿਆ" ਜਾਂ "ਮਿਲ ਗਈ"; ਇਕ ਕਿਸਮ ਦੀ ਕਾਂ.

eurhythmic, a. : [illegible] ਸੰਬੰਧੀ, ਚਲਣ ਢੰਗ ਵਾਲਾ.

eurhythmics, n. pl. : ਸਰੀਰਕ ਕਸਰਤ, ਜਿਸ ਰਾਹ ਦੇ ਉਹ ਕਿਰਤੀ ਤਾਲ ਸੰਗੀਤ ਨਾਲ ਮਿਲਦੀ ਹੁੰਦੀ ਹੈ.

European, a. & n. : ਯੂਰਪੀਅਨ, ਯੂਰਪੀ, ਯੂਰਪ ਦਾ ਵਸਨੀਕ; ਯੂਰਪ ਨਾਲ ਸੰਬੰਧ ਰੱਖਣ ਵਾਲਾ; ਯੂਰਪ ਵਿਚ ਫੈਲਿਆ ਹੋਇਆ ਜਾਂ ਜਿਹੜੀ ਸਾਰੇ ਯੂਰਪ ਵਿਚ ਫੈਲੀ ਹੋਈ, ਜਿਸ ਤਰ੍ਹਾਂ E. reputation.

Europeanism, n. : ਯੂਰਪਵਾਦ, ਯੂਰਪੀ ਗੁਣ.

Europeanization, n. : ਯੂਰਪੀ ਰਸਮ ਰਿਵਾਜ ਨੂੰ ਅਪਣਾਉਣ ਦਾ ਕੰਮ, ਯੂਰਪੀ ਬਣਾਉਣ ਦਾ ਕਰਮ.

Europeanize, v. t. ਯੂਰਪੀ ਬਣਾਉਣਾ, ਯੂਰਪੀ ਢੰਗ ਨਾਲ ਚਲਾਉਣਾ, ਯੂਰਪ ਰਾਜ ਹੇਠ ਨੂੰ ਲਿਆਉਣਾ.

eusol, n. : ਕੀਟਾਣੂਆਂ ਤੋਂ ਬਚਾਉਣ ਦੇ ਕੰਮ ਆਉਣ ਵਾਲਾ ਘੋਲ, ਦਵਾ.

Eustachian, a. : ਇਕ ਇਤਾਲਵੀ ਵਿਗਿਆਨਕ Eustachius ਦਾ.

E. tube : ਉਹ ਨਾਲੀ ਜਿਹੜੀ ਗਲੇ ਤੋਂ ਕੰਨ ਦੇ ਵਿਚ ਤਕ ਜਾਂਦੀ ਹੈ.

Euterpe, n. : ਰਾਗ ਦੀ ਦੇਵੀ (ਯੂਨਾਨੀ); ਤਾੜ ਦੇ ਰੁੱਖਾਂ ਦੀ ਇਕ ਕਿਸਮ.

Euterpean, a. : ਰਾਗ ਸੰਬੰਧੀ.

euthanasia, n. : ਸੌਖੀ ਅਤੇ ਬਿਨਾ ਦੁੱਖ ਦਰਦ ਦੀ ਮੌਤ, ਲਾ-ਇਲਾਜ ਅਤੇ ਦੁਖਦਾਈ ਰੋਗਾਂ ਦੀ ਅਵਸਥਾ ਵਿਚ ਮਿੱਠੀ ਮੌਤ ਦੇਣ ਦਾ ਸਿਧਾਂਤ ਲਈ ਕਰਮ.

evacuate, v. t. : ਖ਼ਾਲੀ ਕਰਨਾ, ਖ਼ਾਲੀ ਕਰਨਾ (ਕਿਸੇ ਥਾਂ ਦੇ ਮਕਾਨ ਜਾਂ ਦੇਸ਼ ਵਿਚੋਂ); ਫ਼ੌਜ ਹਟਾਉਣਾ (ਕਿਸੇ ਥਾਂ ਤੋਂ ਫ਼ੌਜ ਦਾ ਕਿਲਾ ਆਦਿ); ਸ਼ੌਚ ਜਾਣਾ (ਅਲੰਕਾਰ ਰੂਪ); (ਕਿਸੇ ਥਾਂ ਤੋਂ) ਬਚਾਉਣ ਲਈ ਦੂਜੀ ਥਾਂ ਲੈ ਜਾਣਾ.

evacuant, a. & n. : ਖ਼ਾਲੀ ਕਰਨ ਵਾਲਾ, ਜੁਲਾਬ ਵਾਲਾ.

evacuation, n. : ਕੱਢ ਜਾਣ ਜਾਂ ਖ਼ਾਲੀ ਕਰਨ ਦਾ ਕੰਮ, ਟੱਟੀ, ਨਿਕਾਸ.

evacuee, n. & a. : ਘਰ ਛੱਡ ਗਿਆ ਹੋਇਆ.

e. property : ਛੱਡੀ ਜਾਇਦਾਦ.

evade, v. t. : ਟਾਲ ਜਾਣਾ, ਬਚ ਜਾਣਾ (ਹਮਲੇ, ਵਾਰ, ਕੈਦ, ਮੁਸ਼ਕਲ, ਸਵਾਲ, ਆਦਿ ਤੋਂ).

evadable, a. : ਜੋ ਟਾਲਿਆ ਜਾ ਸਕੇ; ਜਿਸ ਤੋਂ ਬਚਿਆ ਜਾ ਸਕੇ.

evaginate, v. t. : (ਸਰੀਰਕ ਵਿਗਿਆਨ) (ਅੰਦਰੋਂ ਬਾਹਰੋਂ ਅੰਗਾਂ ਦੀ) ਨਿਕਲਦੇ ਹੋਣਾ ਜਾਂ ਅੰਦਰ ਦਾ ਹਿੱਸਾ ਬਾਹਰ ਕਰ ਦੇਣਾ.

evagination, n. : ਅੰਗਾਂ ਨੂੰ ਉਲਟਾ ਕੇ ਬਾਹਰ ਉੱਪਰ ਕਰਨ.

evaluate, v. t. : ਕੀਮਤ ਲਾਉਣੀ, ਮੁੱਲ ਪਾਉਣਾ, ਗਿਣਤੀ ਰਾਹੀਂ ਪਰਗਟ ਕਰਨਾ.

evanesce, v. i. : ਅੱਖਾਂ ਓਹਲੇ ਹੋ ਜਾਣਾ, ਮਿਟ ਜਾਣਾ, ਗ਼ਾਇਬ ਹੋ ਜਾਣਾ.

evanescent, a. : ਖਿਣਕ, ਨਾਸ਼ਵਾਨ, ਛੇਤੀ ਹੀ ਮਿਟ ਜਾਣ ਵਾਲਾ; (ਰੇਖਾ) ਬਹੁਤ ਹੀ ਥੋੜਾ, ਸੂਖਮ.

evanescence, n. : ਨਾਸ਼ਮਾਨਤਾ, ਖਿਣਭੰਗਤਾ.

evanescently, adv. : ਛੇਤੀ ਮਿਟ ਜਾਣ ਵਾਲੇ ਢੰਗ ਨਾਲ.

evangel, n. : (ਪੁਰਾਣਾ) ਇੰਜੀਲ, ਚਾਰ ਇੰਜੀਲਾਂ ਵਿਚੋਂ ਕੋਈ ਇਕ; (ਸਿਆਸਤ) ਸਿਧਾਂਤ ਦਾ ਸਿਧਾਂਤ.

evangelic(al), aa. & nn. : ਇੰਜੀਲੀ, ਇੰਜੀਲ ਜਾਂ ਈਸਾਈ ਮਤ ਦੇ ਉਪਦੇਸ਼ ਅਨੁਸਾਰ, ਜਿਸ ਤਰ੍ਹਾਂ ਕੇ ਪ੍ਰੋਟੈਸਟੈਂਟ ਫ਼ਿਰਕੇ ਦੇ ਇਕ ਗਿਰੋਹ ਅਨੁਸਾਰ ਕਿ ਇੰਜੀਲ ਦਾ ਮੂਲ ਮਨੁੱਖ ਦੇ ਗੁਨਾਹਾਂ ਦਾ ਕੈਂਤਲ ਵਿਸ਼ਵਾਸ ਜਾਂ ਈਮਾਨ ਨੂੰ ਹੈ ਨਾ ਕਿ ਸ਼ੁਭ ਕਰਮਾਂ ਜਾਂ ਧਾਰਮਿਕ ਰੀਤਾਂ ਨੂੰ; ਇਸ ਵਿਸ਼ਵਾਸ-ਧਾਰਾ ਨੂੰ ਮੰਨਣ ਵਾਲਾ.

evangelically, adv. : ਇੰਜੀਲ ਦੇ ਪਰਚਾਰ ਰਾਹ ਦੀ ਸ਼ੈਲੀ ਨਾਲ.

evangelism, n. : ਇੰਜੀਲ ਦਾ ਪਰਚਾਰ, ਉਪਦੇਸ਼ਕ ਦਾ ਕਰਮ; ਈਸਾਈ ਵਿਸ਼ਵਾਸ ਪਰਚਾਰ.

• evangelist, n. : ਚਾਰ ਇੰਜੀਲਾਂ ਦੇ ਲਿਖਾਰੀਆਂ ਵਿਚੋਂ ਇਕ; ਇੰਜੀਲ ਦਾ ਪਰਚਾਰਕ; ਪਰਚਾਰ ਦਾ ਕੰਮ ਕਰਨ ਵਾਲਾ ਸਾਧਾਰਣ ਆਦਮੀ, ਪ੍ਰਚਾਰਕ.

evangelistic, a. : ਇੰਜੀਲ ਦੇ ਚਾਰ ਲਿਖਾਰੀਆਂ ਸੰਬੰਧੀ, ਇੰਜੀਲ ਦੇ ਪਰਚਾਰ ਸੰਬੰਧੀ = evangelical.

evangelize, v. t. : ਇੰਜੀਲ ਦਾ ਪਰਚਾਰ ਕਰਨਾ, ਲੋਕਾਂ ਨੂੰ ਈਸਾਈ ਮੱਤ ਵਿਚ ਪਰਵੇਸ਼ ਕਰਾਉਣਾ.

evangelization, n. : ਈਸਾਈਮੱਤ ਦਾ ਪਰਚਾਰ.

evanish, v. i. : ਲੋਪ ਹੋ ਜਾਣਾ, ਮਿਟ ਜਾਣਾ.

evanishment, n. : ਗ਼ਾਇਬੀ.

evaporate, v. t. & i. : ਭਾਫ਼ ਬਣ ਜਾਣਾ, ਭਾਫ਼ ਬਣਾ ਦੇਣੀ, ਤਰਲ ਰੂਪ ਤੋਂ ਭਾਫ਼ ਵਿਚ ਤਬਦੀਲ ਕਰ ਦੇਣਾ, ਭਾਫ਼ ਵਿਚ ਉੱਡ ਜਾਣਾ, ਨਮੀ ਦਾ ਦੂਰ ਕਰ ਦੇਣਾ; (ਲਫ਼ਜ਼ਾਂ ਦੇ ਅਲੰਕਾਰ ਰੂਪ) ਗ਼ਾਇਬ ਹੋ ਜਾਣਾ, ਮਰ ਜਾਣਾ.

evaporable, a. : ਜਿਸ ਵਿਚ ਭਾਫ਼ ਬਣਨ ਦੀ ਯੋਗਤਾ ਹੋਵੇ.

evaporation, n. : ਭਾਫ਼ੀਕਰਣ, ਉਹ ਅਮਲ ਜਿਸ ਰਾਹੀਂ ਤਰਲਿਆਂ ਵਸਤਾਂ ਭਾਫ਼ ਦਾ ਰੂਪ ਲੈਂਦੀਆਂ ਹਨ.

evaporative, a. : ਭਾਫ਼ ਬਣ ਕੇ ਉੱਡ ਜਾਣ ਸੰਬੰਧੀ.

evaporator, n. : ਭਾਫ਼ ਬਣਾਉਣ ਵਾਲਾ (ਪੁਰਜ਼ਾ ਜਾਂ ਸੰਦ).

evasion, n. : ਟੋਲਾ ਟਾਲਾ, ਟਾਲ ਮਟੋਲ, ਬਹਾਨਾ, ਬਚਾ, ਹੀਲਾ-ਹਵਾਲੀ.

evasive(-ly), a. : ਟਾਲਣ ਵਾਲਾ, ਬਹਾਨਾ ਕਰਨ ਵਾਲਾ.

evasiveness, n. : ਟਾਲ ਮਟੋਲ.

evasively, adv. : ਟਾਲ ਮਟੋਲ ਨਾਲ, ਟਾਲਣ ਦੇ ਤੌਰ ਤੇ.

eve, n. : ਹੱਵਾ, ਪਹਿਲੀ ਇਸਤਰੀ ਅਨੁਸਾਰ ਬਾਈਬਲ ਤੌਰੇਤ ਦੇ ਪਹਿਲੇ ਮਨੁੱਖ ਆਦਮ ਨਾਲ ਪਤਨੀ ਦੇ ਰੂਪ ਵਿਚ ਪੈਦਾ ਹੋਈ ਸੀ.

daughter of E. : ਇਸਤਰੀ.

eve, n. : ਈਸਾਈਆਂ ਦੇ ਕਿਸੇ ਪੁਰਬ ਜਾਂ ਤਿਉਹਾਰ ਦੀ ਪਹਿਲੀ ਸੰਝ; (ਕਿਸੇ ਘਟਨਾ ਦੇ ਵਾਪਰਨ ਤੋਂ) ਠੀਕ ਪਹਿਲਾਂ; (ਪੁਰਾਣਾ) ਸ਼ਾਮ ਵੇਲਾ, ਸ਼ਾਮ.

on the e. of an election : ਚੋਣਾਂ ਦੇ ਨੇੜੇ, ਚੋਣਾਂ ਤੋਂ ਠੀਕ ਪਹਿਲਾਂ.

evection, n. : ਚੰਨ ਦੇ ਚਕਰ-ਲੰਬਾਈ ਦੀ ਘਟ-ਵਧ, ਅਸਮਾਨਤਾ.

even, n. : (ਕਵਿਤਾ) ਸੰਝ, ਸ਼ਾਮ.

evensong : ਸੰਧਿਆ ਦੀ ਪਰਾਰਥਨਾ (ਇੰਗਲੈਂਡ ਦੇ ਚਰਚ ਦੀ).

eventide : ਸ਼ਾਮ.

even money : ਸ਼ਰਤ ਵਿਚ ਬਰਾਬਰ ਬਰਾਬਰ ਲਾਇਆ ਰੁਪਿਆ.

ਕਨੂੰਨ, ਢੰਗ ਆਦਿ ਨੂੰ ਲਾਗੂ ਕਰਨ ਵਾਲਾ; ਕਿਸੇ ਵਪਾਰੀ ਫ਼ਰਮ ਦਾ ਮੈਂਬਰ ਜਾਂ ਅਧਿਕਾਰੀ.

executor, *n.* : ਅਮਲ ਕਰਨ ਵਾਲਾ, ਵਸੀਅਤ ਕਰਨ ਵਾਲੇ ਦਾ ਮੁਕੱਰਰ ਕੀਤਾ ਮੁਖ਼ਤਿਆਰ ਜਿਸ ਦੇ ਜ਼ਿੰਮੇ ਵਸੀਅਤ ਨਾਮੇ ਦੀ ਤਾਮੀਲ ਹੋਵੇ.

literary e. : ਉਹ ਪੁਰਸ਼ ਜਿਸ ਦੇ ਜ਼ਿੰਮੇ ਲਿਖਾਰੀ ਦੀਆਂ ਅਣਛਪੀਆਂ ਲਿਖਤਾਂ ਦੇ ਸੰਪਾਦਨ ਆਦਿ ਦਾ ਕੰਮ ਹੋਵੇ.

executorIAL, *a.* : ਵਸੀਅਤ ਦੀ ਤਾਮੀਲ ਸੰਬੰਧੀ; ਅਮਲ ਕਰਨ ਵਾਲੇ ਜਾਂ ਤਾਮੀਲ ਕਰਨ ਵਾਲੇ ਸੰਬੰਧੀ.

executrix, *n.* (*pl.*-cutrices) : (ਇਸਤਰੀ ਲਿੰਗ) ਤਾਮੀਲ ਕਰਨ ਵਾਲੀ.

executorSHIP, *n.* : ਮੁਖ਼ਤਿਆਰਕਾਰੀ; ਅਮਲ ਦਾ ਪਦ.

exegesis, *n.* : ਵਿਆਖਿਆ; ਟੀਕਾ, ਖ਼ਾਸ ਕਰ ਕੇ ਅੰਜੀਲ ਦਾ.

exegetic(AL), *a.* : ਵਿਆਖਿਆ ਵਾਲਾ, ਵਿਆਖਿਆ ਸੰਬੰਧੀ.

exegeticalLY, *adv.* : ਵਿਆਖਿਆ ਭਰੇ ਢੰਗ ਨਾਲ.

exemplar, *n.* : ਨਮੂਨਾ, ਨਕਸ਼ਾ; ਨਕਲ ਜਿਸ ਦਾ ਉਦਾਹਰਣ.

exemplary, *a.* : ਨਕਲ ਕਰਨ, ਅਨੁਕਰਨ ਜੋਗਾ; ਮਿਸਾਲੀ, ਸਿੱਖਿਆਦਾਇਕ.

e. damages : ਜ਼ਿਆਦਾ ਹਰਜਾਨਾ (ਸਜ਼ਾ ਦੇ ਮੰਤਵ ਨਾਲ).

exemplariNESS, *n.* : ਖ਼ੂਬੀ (ਜੋ ਨਕਲ ਕਰਨ ਜੋਗੀ ਹੋਵੇ).

exemplariLY, *adv.* : ਮਿਸਾਲੀ ਢੰਗ ਨਾਲ.

exemplify, *v. t.* : ਉਦਾਹਰਣ ਦੇਣਾ, ਕਿਸੇ ਚੀਜ਼ ਦੀ ਮਿਸਾਲ ਬਣਨੀ; (ਕਾਨੂੰਨੀ ਕਾਰਜ ਲਈ) ਦਸਤਾਵੇਜ਼ ਦੀ ਨਕਲ ਨੂੰ ਸਰਕਾਰੀ ਮੋਹਰ ਲਾ ਕੇ ਤਸਦੀਕ ਕਰਨਾ.

exemplifiCATION, *n.* : ਦ੍ਰਿਸ਼ਟਾਂਤ ਦੇ ਕੇ ਸਪਸ਼ਟ-ਕਰਨ.

exempt, *a.* & *n.* : (ਟੈਕਸ, ਮਸੂਲ, ਚੁੰਗੀ, ਤਕਲੀਫ਼ਾਂ ਆਦਿ ਤੋਂ) ਮੁਕਤ, ਮੁਆਫ਼, ਛੁਟਿਆ ਹੋਇਆ (ਟੈਕਸ ਆਦਿ ਤੋਂ) ਬਚਿਆ ਹੋਇਆ ਮਨੁੱਖ; ਸ਼ਾਹੀ ਰਸਾਲੇ ਦੇ ਚਾਰ ਅਫ਼ਸਰਾਂ ਵਿਚੋਂ ਇਕ.

exempt, *v. t.* : ਮੁਕਤ ਕਰਨਾ, ਛੁਟ, ਛੁਟਕਾ ਦੇਣਾ, ਛੋਟ ਬਖ਼ਸ਼ਣੀ.

exemptION, *n.* : ਛੁਟਕਾਰਾ, ਛੋਟ.

exenterate, *v. t.* : (ਬਿਆਨ ਅਲੰਕਾਰ ਵਜੋਂ) ਆਂਦਰਾਂ ਕੱਢਣਾ.

exenteratION, *n.* : ਆਂਦਰਾਂ ਕੱਢਣ ਦਾ ਕਰਮ.

exequatur, *n.* : ਕਿਸੇ ਹਕੂਮਤ ਵੱਲੋਂ ਦੂਜੀ ਹਕੂਮਤ ਦੇ ਨੁਮਾਇੰਦੇ ਦੀ ਮਨਜ਼ੂਰੀ; ਪੋਪ ਦੇ ਅਧੀਨ ਬਿਸ਼ਪ ਨੂੰ ਰਾਜਾ ਵੱਲੋਂ ਅਧਿਕਾਰ; ਪੋਪ ਦੇ ਹੁਕਮਾਂ ਦਾ ਇਕਰਾਰ.

exequies, *n. pl.* : ਮੌਤ ਹੋਣ ਤੇ ਸੰਬੰਧੀ ਕਿਰਿਆ ਕਰਮ.

exercise, *n.* : (ਕਿਸੇ ਅੰਗ, ਬੱਲ, ਸ਼ਕਤੀ ਜਾਂ ਅਧਿਕਾਰ ਦੀ) ਵਰਤੋਂ, (ਚੰਗਿਆਈਆਂ, ਪੇਸ਼ੇ, ਰਸਮਾਂ ਤੇ ਧਾਰਮਿਕ ਰੀਤਾਂ ਦਾ) ਵਰਤਾਰਾ; (ਸਿਹਤ ਲਈ ਕੀਤੀ) ਕਸਰਤ, ਵਰਜ਼ਸ਼; ਪੱਠਿਆਂ ਤੇ ਅੰਗਾਂ ਦੀ ਹਿਲਜੁਲ; (ਬਹੁ. ਵਚਨ) ਅਭਿਆਸ, ਜੰਗ ਸੰਬੰਧੀ ਤਾਲੀਮ, ਖੇਡਾਂ ਸਰੀਰਕ, ਮਾਨਸਿਕ ਅਧਿਆਤਮਕ ਸਿਖਲਾਈ; ਇਕ ਅਜਿਹੀ ਸਿਖਲਾਈ ਲਈ ਕੀਤੇ ਸਾਧਨ, ਵਿਦਿਆ ਦੀ ਕਿਸੇ ਪਰਾਪਤ ਕਰਨ ਲਈ ਦਿੱਤਾ ਵਿਆਖਿਆਨ, ਵਿਦਿਆਰਥੀਆਂ ਨੂੰ ਦਿੱਤੀ ਮਸ਼ਕ ਜਾਂ ਸੁਆਲ; ਉਪਾਸਨਾ.

exercise, *v. t.* & *i.* : (ਸ਼ਕਤੀ ਜਾਂ ਅਧਿਕਾਰ ਦਾ) ਵਰਤਣਾ, ਅਮਲ ਵਿੱਚ ਲਿਆਉਣਾ, (ਮਨੁੱਖ ਨੂੰ) ਸਿਖਾਲਣਾ, (ਕਿਸੇ ਦੀ ਸ਼ਕਤੀ ਉੱਤੇ) ਭਾਰ ਪਾਣਾ; ਪਰੇਸ਼ਾਨ ਕਰਨਾ ਜਾਂ ਹੋਣਾ; ਫ਼ਿਕਰ ਕਰਨਾ ਜਾਂ ਹੋਣਾ; (ਫ਼ੌਜ ਦੀ) ਪਰੇਡ ਕਰਨੀ, ਵਰਜ਼ਸ਼ ਕਰਨੀ, ਕਸਰਤ ਕਰਨੀ.

exercisABLE, *a.* : ਅਮਲ ਜਾਂ ਵਰਤਾਉ ਆਦਿ ਦੇ ਜੋਗ.

exercitation, *n.* : ਮਸ਼ਕ, ਅਭਿਆਸ, ਸਿਖਾਈ, ਸਾਹਿੱਤਕ ਜਾਂ ਭਾਸ਼ਣੀ ਮਸ਼ਕ.

exergue, *n.* : ਮੁਦਰਾ ਜਾਂ ਤਮਗ਼ੇ ਦੀ ਪੁੱਠੇ ਪਾਸੇ ਉੱਤੇ ਖ਼ਾਸ ਚਿਤਰ ਦੇ ਹੇਠਾਂ ਛੱਡੀ ਹੋਈ ਥਾਂ ਜਾਂ ਉਸ ਥਾਂ ਤੇ ਉਕਰਿਆ ਲੇਖ.

exergUAL, *a.* : ਉੱਕਰੇ ਲੇਖ ਜਾਂ ਥਾਂ ਸੰਬੰਧੀ.

exert, *v. t.* : ਜ਼ੋਰ ਲਾਉਣਾ, ਕਿਰਿਆ ਕਰਨਾ, (ਸ਼ਕਤੀ, ਗੁਣ ਤੇ ਪ੍ਰਭਾਵ ਤੋਂ) ਕੰਮ ਲੈਣਾ.

e. oneself : ਜਤਨ ਕਰਨਾ.

exertION, *n.* : ਉਪਰਾਲਾ, ਪਰੀਸ਼੍ਰਮ, ਮਿਹਨਤ.

Exeter Hall, *n.* : ਸਟਰੈਂਡ (ਲੰਡਨ) ਦੀ ਇਕ ਇਮਾਰਤ ਜਿਸ ਵਿਚ ਮਈ ਦ

exes, *n.* (*pl.*) : ਖ਼ਰਚ.

ਮਈ ਵਿੱਚ ਧਾਰਮਿਕ ਜਾਂ ਸਮਾਜਿਕ ਜਲਸੇ, ਵਿਸ਼ੇਸ਼ ਹੁੰਦੇ ਹਨ.

exeunt, *v. i.* : (ਨਾਟਕ) (ਦੋ ਜਾਂ ਵੱਧ) ਐਕਟਰਾਂ, ਪਾਤਰਾਂ ਦਾ ਸਟੇਜ ਤੋਂ ਚਲੇ ਜਾਣਾ.

e. omnes : ਸਾਰੇ ਐਕਟਰਾਂ ਦਾ ਸਟੇਜ ਨੂੰ ਛੱਡਣਾ.

exfoliate, *v. i.* : (ਹੱਡੀ, ਚੰਮ, ਪੱਥਰ ਆਦਿ ਤੋਂ) ਛਿਲਕੇ ਜਾਂ ਖੰਭ ਦਾ ਉੱਤਰ ਜਾਣਾ; (ਰੁੱਖ ਦੀ) ਛਿੱਲ ਦਾ ਲਹਿਣਾ.

exfoliatION, *n.* : ਉੱਤੇ ਸਪਸ਼ਟ ਕੀਤੇ ਅਰਥਾਂ ਅਨੁਸਾਰ, ਚੰਮ, ਛਿੱਲ ਦਾ ਲਹਿਣਾ.

exhalation, *n.* : ਭਾਫ਼ ਦਾ ਬਣਨਾ, ਸਾਹ, ਹਵਾੜ, ਧੂੰਆਂ ਨਿਕਲਣਾ (ਗੁੱਸੇ ਦਾ); ਮੂੰਹ ਦੀ ਭਾਫ਼.

exhale, *v. t.* & *i.* : ਛੱਡਣਾ (ਧੂੰਆਂ ਜਾਂ ਹਵਾੜ; ਅਲੰਕਾਰ ਵਜੋਂ ਕ੍ਰੋਧ) ਨਿਕਲਣਾ, ਭਾਫ਼ ਬਣ ਕੇ ਉੱਡਣਾ ਜਾਂ ਉਡਾਣਾ, ਸਾਹ ਬਾਹਰ ਕੱਢਣਾ, ਸਾਹ ਦਾ ਬਾਹਰ ਨਿਕਲਣਾ; (ਲਾਲ, ਪਰਾਲ, ਖ਼ਬਰ ਦਾ) ਬਾਹਰ ਤੁਰਨਾ; (ਗੁੱਸੇ ਆਦਿ ਤੋਂ) ਖ਼ਲਾਸੀ ਪਾਣੀ (ਲੰਮੇ ਸਾਹ ਲੈ ਕੇ).

exhaust, *v. t.* & *n.* : (ਹਵਾ ਨੂੰ) ਖਿੱਚਣਾ ਜਾਂ ਕੱਢ ਲੈਣਾ, ਸੁਕਾਣਾ; ਬਿਲਕੁਲ ਖ਼ਰਚ ਕਰ ਦੇਣਾ, ਸਾਰੇ ਦਾ ਸਾਰਾ ਕੰਮ ਵਿੱਚ ਲੈ ਆਉਣਾ; (ਭਾਂਡੇ ਨੂੰ) ਖ਼ਾਲੀ ਕਰ ਦੇਣਾ, ਕਿਸੇ ਵਿਸ਼ੇ ਸੰਬੰਧੀ ਸਭ ਕੁਝ ਕਹਿ ਦੇਣਾ ਜਾਂ ਲਿਖ ਲੈਣਾ; ਕਿਸੇ ਆਦਮੀ ਜਾਂ ਜਾਨ ਦੀ ਸਾਰੀ ਤਾਕਤ ਤੇ ਉਸ ਦੇ ਵਸੀਲਿਆਂ ਨੂੰ ਮੁਕਾ ਦੇਣਾ; ਇੰਜਨ ਦੇ ਸਲਿੰਡਰ ਵਿੱਚੋਂ ਭਾਫ਼ ਦਾ ਨਿਕਲਣਾ; ਇਸ ਕੰਮ ਲਈ ਮੋਰੀ ਜਾਂ ਪਾਈਪ; ਕਿਸੇ ਬਰਤਨ ਵਿੱਚੋਂ ਹਵਾ ਕੱਢਣ ਦੀ ਵਿਧੀ; ਪੱਖਾ ਖ਼ਲਾ ਉਤਪੰਨ ਕਰ ਕੇ ਬਾਹਰਲੀ ਹਵਾ ਵਿੱਚ ਸ਼ਾਮਲ ਪੈਦਾ ਕਰਨ ਲਈ ਜੰਤਰ.

exhaustIBLE, *a.* : ਖ਼ਤਮ ਹੋ ਜਾਣ ਵਾਲਾ, ਖ਼ਾਲੀ ਹੋ ਜਾਣ ਵਾਲਾ.

exhaustIBILITY, *n.* : ਖ਼ਤਮ, ਖ਼ਾਲੀ ਹੋਣ ਦੀ ਦਸ਼ਾ.

exhaustion, *n.* : ਪੂਰੀ ਨਿਰਬਲਤਾ, ਕਮਜ਼ੋਰੀ, ਥਕਾਵਟ; ਸੱਭ ਨੂੰ ਰੱਦ ਕਰ ਕੇ ਕਿਸੇ ਇਕ ਸਿੱਟੇ ਤੇ ਪੁੱਜਣਾ; ਸੁਕਾਉ, ਖਿਚਾਉ, ਵਰਤਾਉ; ਸ਼ਕਤੀ ਦਾ ਪੂਰਾ ਖ਼ਾਤਮਾ.

exhaustive, *a.* : ਮੁਕੰਮਲ, ਮੁਕਾਉਣ ਵਾਲਾ, ਪੂਰੀ ਪੂਰੀ, ਸਰਬੰਗੀ ਵਿਚਾਰ (ਕਿਸੇ ਵਿਸ਼ੇ ਸੰਬੰਧੀ) ਦੇਣ ਵਾਲਾ; ਥਕਾਊ.

exhaustiveLY, *adv.* : ਪੂਰੇ ਤੌਰ ਤੇ.

exhaustiveNESS, *n.* : ਸਾਮਗਰੀ, ਸਰਬੰਗਤਾ, ਮੁਕੰਮਲਤਾ.

exhibit, *v. t.* : ਦਿਖਾਲਣਾ, ਪਰਗਟ ਕਰਨਾ; ਪੇਸ਼ ਕਰਨਾ; (ਗੁਣ) ਪਰਤੱਖ ਕਰਨਾ, ਨੁਮਾਇਸ਼ ਕਰਨੀ; ਇਕ ਪ੍ਰਕਾਰ ਦੀ ਸਹੀ ਜਾਂ ਮੁਕਾਬਲੇ ਵਿਚ ਖੁਲ੍ਹਮ ਖੁਲ੍ਹਾ ਦਿਖਾਣਾ.

exhibitor, *n.* : ਨੁਮਾਇਸ਼ ਵਿਚ ਆਪਣੀਆਂ ਚੀਜ਼ਾਂ ਰੱਖਣ ਵਾਲਾ.

exhibitory, *a.* : ਨੁਮਾਇਸ਼ੀ, ਨੁਮਾਇਸ਼ ਵਿਚ ਰੱਖੀ ਜਾਣ ਵਾਲੀ (ਵਸਤੂ).

exhibition, *n.* : ਨੁਮਾਇਸ਼, ਕਿਸੇ ਚੀਜ਼ ਦਾ ਵਿਖਾਵਾ; ਹੁਨਰੀ ਚੀਜ਼ਾਂ ਦੀ ਆਮ ਪਰਦਰਸ਼ਨੀ; ਕਾਲਜ ਜਾਂ ਸਕੂਲ ਦੇ ਫ਼ੰਡ ਵਿੱਚੋਂ ਕਿਸੇ ਰਕਮ ਤੋਂ ਵਿਦਿਆਰਥੀ ਨੂੰ ਮਿਥ ਸਮੇਂ ਵਿੱਚ ਹਰ ਮਹੀਨੇ ਜਾਂ ਸਾਲ ਲਈ ਮਿਲਦੀ ਰਹੇ.

exhibitionER, *n.* : ਵਜ਼ੀਫ਼ਾ-ਖ਼ਾਰ; ਪਰਦਰਸ਼ਨੀ ਵਿੱਚ ਭਾਗ ਲੈਣ ਵਾਲਾ; ਦਿਖਾਵਾ, ਤਮਾਸ਼ਾ ਕਰਨ ਵਾਲਾ.

make an e. of oneself : ਅਜਿਹਾ ਵਰਤਾਰਾ ਕਰਨਾ ਜਿਸ ਕਰ ਕੇ ਦੂਜੇ ਦੇ ਮਨ ਵਿੱਚ ਘਿਰਣਾ ਦੀ ਸੋਤਪੱਤੀ ਹੋਵੇ.

the Great E. : ਲੰਡਨ ਦੀ ਸਭ ਤੋਂ ਪਹਿਲੀ ਵੱਡੀ ਨੁਮਾਇਸ਼ ਜੋ ੧੮੫੧ ਈ. ਵਿਚ ਹੋਈ ਸੀ.

exhibitionism, *n.* : ਆਪਣੇ ਆਪ ਨੂੰ ਵਧਾ ਚੜ੍ਹਾ ਕੇ ਵਿਖਾਣ ਦੀ ਰੁਚੀ, ਉਹ ਮਾਨਸਿਕ ਦਸ਼ਾ ਜਿਸ ਕਰ ਕੇ ਕੋਈ ਆਪਣੇ ਸਰੀਰ ਦਾ ਅਸ਼ਲੀਲ ਵਿਖਾਵਾ ਕਰਦਾ ਹੈ.

exhilarate, *v. t.* : ਅਨੰਦਿਤ ਕਰਨਾ, ਹੁਲਸਾਉਣਾ (ਮਨੁੱਖ ਨੂੰ, ਤਬੀਅਤ ਨੂੰ).

exhilarANT, *a.* & *n.* : ਅਨੰਦਮਈ, ਅਨੰਦ ਦਾਇਕ (ਦਵਾਈ, ਨਸ਼ਾ, ਆਦਿ).

exhilaration, *n.* : ਅਨੰਦ, ਹੁਲਾਸ.

exhilarative, *a.* : ਅਨੰਦ ਉਪਜਾਊ (ਵਸਤੂ).

exhort, *v. t.* : (ਜੋਰ ਦੇਕੇ ਨਾਲ, ਜੋਸ਼ ਨਾਲ) ਯਤਨ ਕਰਾਣਾ, ਖ਼ਬਰਦਾਰ ਕਰਨਾ, ਪਰੇਰਨਾ, ਉਪਦੇਸ਼ ਕਰਨਾ, ਸਿੱਖਿਆ ਦੇਣੀ; ਭਲੇ ਕੰਮ ਲਈ ਉਕਸਾਣਾ; ਪੱਖ ਕਰਨਾ (ਕਿਸੇ ਇਸਲਾਹ, ਸੁਧਾਰ ਦਾ).

exhortative, exhortatory, *aa.* : ਸਿੱਖਿਆ-ਦਾਇਕ ਪਰੇਰਕ.

exhortation, *n.* : ਸਿੱਖਿਆ, ਉਪਦੇਸ਼, ਪਰਬੋਧਨ.

exhume, *v. t.* : (ਦੱਬੇ ਹੋਏ ਨੂੰ) ਪੁਟ ਕੇ ਲੱਭਣਾ (ਅਲੰਕਾਰ ਵਜੋਂ ਵੀ).

exhumation, *n.* : ਪੁੱਟੇ ਜਿੰਦੇ ਅਰਥਾਂ ਮਜ਼ਾਰ, ਕੱਢਾਈ.

exigence, -cy, *nn.* : ਸਖ਼ਤ ਲੋੜ, ਸੰਕਟ ਦਾ ਵੇਲਾ.

exigent, *a.* : ਬਹੁਤ ਜ਼ਰੂਰੀ, ਕਾਹਲੀ, ਬਹੁਤ ਸਾਰੀ ਦਾ ਤਕਾਜ਼ਾ ਕਰਦਾ.

e. of : ਮੰਗਦਾ, ਚਾਹੁੰਦਾ.

exigible, *a.* : ਜੋ ਮੰਗਿਆ ਜਾਂ ਵਸੂਲ ਕੀਤਾ ਜਾ ਸਕੇ.

exiguous, *a.* : ਥੋੜਾ, ਨੂਨ.

exiguity, exiguousness, *nn.* : ਕਮੀ, ਥੁੜ.

exile, *n.* : ਦੇਸ ਨਿਕਾਲਾ, ਜਲਾਵਤਨੀ, ਬਨਬਾਸ; ਲੰਮੇ ਅਰਸੇ ਲਈ, ਦੇਸ-ਤਿਆਗ (ਅਲੰਕਾਰ ਵਜੋਂ ਵੀ).

exile, *n.* : ਜਲਾਵਤਨ ਕੀਤਾ ਗਇਆ ਮਨੁੱਖ, ਦੇਸ-ਤਿਆਗੀ, ਬਨ-ਬਾਸੀ.

exile, *v. t.* : ਦੇਸ ਨਿਕਾਲਾ ਦੇਣਾ, ਜਲਾਵਤਨ ਕਰਨਾ (ਮਨੁੱਖ ਨੂੰ).

exilian, *a.* : ਪੁਰਾਤਨ ਸਮੇਂ ਵਿਚ ਯਹੂਦੀਆਂ ਦੀ ਬਾਬਲ ਵਿੱਚ ਜਲਾਵਤਨੀ ਸੰਬੰਧੀ; ਜਿਵੇਂ exilic, *a.*

post e. *a.* : (ਯਹੂਦੀਆਂ ਦੇ) ਦੇਸ ਨਿਕਾਲੇ ਦੇ ਪਿੱਛੋਂ (ਦੇ ਸਮੇਂ) ਸੰਬੰਧੀ.

exility, *n.* : ਪਤਲਾਪਨ; ਸੂਖਮਤਾ.

exist, *v. i.* : ਹੋਣਾ, ਮੌਜੂਦ, ਹਸਤ ਹੋਣਾ; ਖ਼ਾਸ ਵਿਸ਼ੇਸ਼ ਹਾਲਾਤ ਵਿੱਚ ਹਸਤੀ, ਜੀਵਨ ਰਖਣਾ; ਵਰਤਮਾਨ ਜਾਂ ਵਿਦਮਾਨ ਹੋਣਾ, ਰਹਿਣਾ; ਜ਼ਿੰਦਾ ਰਹਿਣਾ.

existence, *n.* : ਭਵ, ਹੋਂਦ, ਜੀਵਨ, ਸੱਤਾ, ਹਸਤੀ, ਮੌਜੂਦਗੀ, ਵਜੂਦ, ਜੀਵਨ ਢੰਗ, ਜੀਵਨ ਸ਼ਕਤੀ, ਸ਼ੈਅ-ਵਸਤੂ; ਸੰਸਾਰ, ਪਰਕਿਰਤੀ, ਸਭ ਕੁਝ ਜੋ ਹਸ ਹੈ.

a wretched, precarious, e. : ਦੁੱਖੀ, ਖ਼ਤਰੇ-ਵਾਲਾ, ਅਨਿਸ਼ਚਿਤ ਜੀਵਨ.

existential, *a.* : ਹੋਂਦ ਸੰਬੰਧੀ.

existent, *a.* : ਮੌਜੂਦ, ਵਿਦਮਾਨ.

exit, *n.* : ਅੰਦਰਵਰ ਜਾਂ ਸਟੇਜ ਤੋਂ ਜਾਣਾ, ਮੌਤ, ਕੂਚ, ਬਾਹਰ ਜਾਣ ਦੀ ਇਜਾਜ਼ਤ, ਨਿਕਾਸ, ਬਾਹਰ ਜਾਣ ਦਾ ਰਸਤਾ.

exit, *v. i.* : (ਥੀਏਟਰ) ਰੰਗਮੰਚ ਤੋਂ ਜਾਂਦਾ ਹੈ.

ex-libris, *n.* : ਲੇਬਲ (ਚਿੱਟ) ਜਿਸ ਉੱਤੇ ਪੁਸਤਕ ਦੇ ਮਾਲਕ ਦਾ ਨਾਮ ਆਦਿ ਦਰਜ ਹੁੰਦਾ ਹੈ ਅਤੇ ਜੋ ਪੁਸਤਕ ਵਿਚ (ਅੰਦਰਲੇ) ਹੀ ਲੱਗਾ ਹੁੰਦਾ ਹੈ.

exo- : ਬਾਹਰ; ਜਿਸ ਤਰ੍ਹਾਂ :

EXODERM : ਝਿੱਲੀ ਦੀ ਬਾਹਰਲੀ ਤਹਿ.

EXOGAMOUS : ਆਪਣੇ ਕਬੀਲੇ ਤੋਂ ਬਾਹਰ ਸ਼ਾਦੀ ਕਰਨ ਸੰਬੰਧੀ.

EXOGAMY, : ਰਿਵਾਜ, ਜਿਸ ਅਨੁਸਾਰ ਮਰਦ ਆਪਣੇ ਕਬੀਲੇ ਤੋਂ ਬਾਹਰ ਸ਼ਾਦੀ ਕਰਨ ਤੇ ਮਜਬੂਰ ਕੀਤਾ ਜਾਂਦਾ ਹੈ.

EXOGEN, *n.* : ਟਾਹਣ ਦੀ ਬਾਹਰਲੀ ਬਣਤ.

EXOGENOUS *a.* : ਬਾਹਰ ਦੀ ਉੱਤਮੀ ਬਣਤ ਸੰਬੰਧੀ.

EXOPATHIC : ਰੋਗ ਜੋ ਜਿਸਮ ਤੋਂ ਬਾਹਰੋਂ ਪੈਦਾ ਹੋਇਆ ਹੋਵੇ.

EXOPHAGOUS : ਜੋ ਆਪਣੇ ਕਬੀਲੇ ਵਾਸਿਆਂ ਨੂੰ ਨਾ ਖਾਵੇ (ਮਰਦਮ ਖ਼ੋਰ ਮਨੁੱਖ ਜਾਂ ਪਸ਼ੂ).

EXOPHAGY, *n.* : ਉਪਰੋਕਤ ਸਪਸ਼ਟ ਕੀਤੇ ਅਰਥਾਂ ਅਨੁਸਾਰ, ਨਾ ਖਾਣਾ.

EXOPLASM : ਜੀਵਨ ਤੱਤ ਦੀ ਸਭ ਤੋਂ ਉਪਰਲੀ ਤਹਿ.

EXOSKELETON : ਹੱਡੀ ਜਾਂ ਸੀਂਗ ਦੇ ਬਾਹਰਲੇ ਪਰਤ ਦਾ ਢਾਂਚਾ.

EXOSMOSIS : (ਸਰੀਰ ਦੇ ਮਸਾਮਦਾਰ ਹਿੱਸੇ, ਜਿਵੇਂ, ਸੈੱਲ ਵਿੱਚੋਂ) ਪਾਣੀ (ਦ੍ਰਵ ਪਦਾਰਥ) ਦਾ ਨਿਕਲਣਾ.

exodus, *n.* : ਕੂਚ, ਪਰਦੇਸ ਜਾਣਾ (ਨਿਵਾਸੀਆਂ ਦਾ); ਇਸਰਾਈਲੀਆਂ ਦਾ ਮਿਸਰ ਤੋਂ ਕੂਚ; ਪੁਰਾਣੀ ਅੰਜੀਲ ਦਾ ਉਹ ਭਾਗ ਜਿਸ ਵਿਚ ਇਸ ਪਰਦੇਸ ਜਾਣ ਦਾ ਹਾਲ ਹੈ.

ex officio, *adv.* & *a.* : ਅਹੁਦੇ ਜਾਂ ਪਦ ਦੇ ਕਾਰਨ ਵਜੋਂ.

exonerate, *v. t.* : ਦੋਸ਼ ਤੋਂ ਮੁਕਤ ਕਰਨਾ, ਨਿਰਦੋਸ਼ ਠਹਿਰਾਣਾ, (ਜ਼ਿੰਮੇ ਤੋਂ) ਛੁੱਟੀ ਦੇਣੀ.

exoneration, *n.* : ਦੋਸ਼ ਤੋਂ ਮੁਕਤੀ, ਫ਼ਰਜ਼ ਅਥਵਾ ਜ਼ਿੰਮੇਵਾਰੀ ਤੋਂ ਛੁੱਟੀ.

exonerative, *a.* : ਛੁੱਟੀ ਦੇਣ ਵਾਲਾ, ਨਿਰਦੋਸ਼ ਕਰਦਾ.

exophthalmus, -os, *n.* : ਅੱਖ ਵਿਚੋਂ ਡੇਲੇ ਦਾ ਬਾਹਰ, ਅੱਗੇ ਨਿਕਲਣਾ.

exophthalmic, *a.* : ਅੱਖ ਬਾਹਰ ਨਿਕਲਣ ਸੰਬੰਧੀ.

exorbitant, *a.* : (ਕੀਮਤ, ਮੰਗ), ਲੋੜ, ਦਾਵਾ, ਮਨੁੱਖ ਬਾਰੇ) ਬਹੁਤ ਵੱਧ ਜਾਂ ਤੇਜ਼ ਤ; ਬਹੁਤ ਜ਼ਿਆਦਾ.

exorbitance, *n.* : ਮੰਗ, ਅਨੁਚਿਤ ਅਧਿਕਤਾ; ਮੰਗ, ਵਸੂਲੀ ਵਿਚ ਜ਼ਿਆਦਤੀ.

exorbitantly, *adv.* : ਅਨੁਚਿਤ ਅਧਿਕਤਾ ਨਾਲ, ਜ਼ਿਆਦਤੀ ਕਰ ਕੇ.

exorcise, *v. t.* : ਝਾੜ ਫੂਕ ਕਰਨੀ, ਭੂਤ ਉਤਾਰਨਾ, ਜਿੰਨ ਕੱਢਣਾ, ਕਿਸੇ ਮਨੁੱਖ ਜਾਂ ਥਾਂ ਨੂੰ ਭੂਤ ਪਰੇਤ ਤੋਂ ਪਾਕ ਕਰਨਾ.

exorcism, *n.* : ਝਾੜ ਫੂਕ.

exorcist, *n.* : ਝਾੜ ਫੂਕ ਕਰਨ ਵਾਲਾ, ਓਝਾ.

exordium, *n.* (*pl.* -diums, -dia) : ਅਰੰਭ, ਭੂਮਿਕਾ ਭਾਗ, ਵਿਸ਼ੇਸ਼ ਕਰ ਕੇ ਕਿਸੇ ਵਿਆਖਿਆ ਵਾਲੀ ਪੁਸਤਕ ਦਾ.

exoteric, *a.* & *n.* : (ਸਿਧਾਂਤ, ਢਾਂਚਾ ਢੰਗ, ਸੰਬੰਧੀ) ਸਧਾਰਨ ਮਨੁੱਖਾਂ, ਬਾਹਰਲਿਆਂ, ਨੂੰ ਸਮਝ ਆ ਜਾਣ ਵਾਲਾ; ਅੰਦਰੂਨੀ ਸਿੱਖਿਆ ਤੋਂ ਵਰਜਿਤ (ਜਨ); ਸਾਧਾਰਨ, ਮਾਮੂਲੀ, ਲੋਕ-ਪਿਆਰਾ; (ਬਹੁਵਚਨ) ਸਿਧਾਂਤ ਜਾਂ ਪੁਸਤਕ.

exoterical, *a.* : ਪਰਗਟ, ਖੁੱਲ੍ਹਾ, ਬਾਹਰੀ.

exoterically, *adv.* : ਖੁੱਲ੍ਹੇ ਢੰਗ ਨਾਲ, ਬਾਹਰੀ ਤੌਰ ਤੇ.

exotic, *a.* & *n.* : (ਬੂਟਿਆਂ, ਸ਼ਬਦਾਂ ਜਾਂ ਫ਼ੈਸ਼ਨਾਂ ਸੰਬੰਧੀ) ਪਰਦੇਸ ਵਿੱਚੋਂ ਲਿਆਂਦਾ ਗਇਆ, ਵਿਦੇਸੀ.

expand, *v. t.* & *i.* : ਚੌਪਾਸੇ ਫੈਲਣਾ, ਫੈਲਾਣਾ; ਵਿਆਖਿਆ ਕਰਨੀ; ਸੰਖੇਪ ਦੇ ਵਰਨਨ ਕਰਨਾ; ਵਿਕਸਣਾ, ਵਿਕਸਾਣਾ, ਵੱਡਾ ਹੋਣਾ, ਵੱਡਾ ਕਰਨਾ; ਵਧਣਾ, ਵਧਾਣਾ; ਫੁੱਲਣਾ, ਫੁਲਾਣਾ; ਖੁੱਲ੍ਹਣਾ, ਖੋਲ੍ਹਣਾ; ਪਸਰਨਾ, ਪਸਾਰਨਾ.

e.-ed metal : ਜਾਲੀ (ਧਾਤ ਦੀ).

expansibility, *n.* : ਫੈਲਣ ਦੀ ਯੋਗਤਾ.

expansible, *a.* : ਫੈਲਣ ਜੋਗ.

expanse, *n.* : ਲੰਮਾ ਚੌੜਾ ਰਕਬਾ ਜਾਂ ਪਸਾਰਾ; ਫੈਲਾਉ, ਖਿਲਾਰ, ਵਿਸਥਾਰ.

expansible, *a.* : ਫੈਲਾਉ ਜੋਗ.

expansion, *n.* : ਫੈਲਾਉ; ਵਾਧਾ, ਵਣਜ ਵਪਾਰ ਦਾ ਫੈਲਾਉ, ਦੇਸਾਂ ਜਾਂ ਸ਼ਹਿਰਾਂ ਦਾ ਵਧਣਾ, ਇੰਜਨ ਦੇ ਸਲਿੰਡਰ ਵਿੱਚ ਭਾਫ ਦਾ ਦਾਬ.

triple-e. engine : ਉਹ ਇੰਜਨ ਜਿਸ ਵਿੱਚ ਭਾਫ ਤਿੰਨ ਤਿੰਨ ਸਲਿੰਡਰਾਂ ਰਾਹੀਂ ਹੋ ਕੇ ਗੁਜ਼ਰਦੀ ਹੈ.

expansionist, *n.* : (ਵਪਾਰ ਵਿਚ) ਤਿਜਾਰਤ, ਆਦਿ, ਦੇ ਫੈਲਾਉ ਲਈ ਕਰੰਸੀ ਵਧਾਉਣ ਦਾ ਪੱਖੀ.

expansive, *a.* : ਫੈਲਣ ਦੀ ਤਾਕਤ ਵਾਲਾ; ਫੈਲਣ ਦੀ ਯੋਗਤਾ ਰੱਖਣ ਵਾਲਾ; ਸਭ ਨੂੰ ਸ਼ਾਮਲ ਕਰਨਾ, ਫੁੱਟ ਫੁੱਟ ਨਿਕਲਦਾ; ਭਾਵੁਕਤਾ ਭਰਿਆ (ਮਨੁੱਖ, ਜਜ਼ਬਾਤ, ਤਕਰੀਰ ਬਾਰੇ).

expansively, *adv.* : ਖੁੱਲ੍ਹ, ਫੈਲ ਕੇ.

expansiveness, *n.* : ਫੈਲਣ ਦੀ ਯੋਗਤਾ, ਫੈਲਣ ਦੀ ਦਸ਼ਾ, ਫੈਲਾਉ.

expansivity, *n.* : ਫੈਲਣ ਦੀ ਯੋਗਤਾ.

ex parte, *adv.* & *a.* : (ਕਨੂੰਨ) ਇੱਕ ਤਰਫ਼ਾ.

ex-p. statement : ਇੱਕ-ਤਰਫ਼ਾ ਬਿਆਨ.

expatiate, *v. i.* : (ਕਿਸੇ ਵਿਸ਼ੇ ਉੱਤੇ) ਰੱਜ ਕੇ ਬੋਲਣਾ, ਲਿਖਣਾ; ਬੇ ਰੋਕ ਟੋਕ ਘੁੰਮਣਾ, ਫਿਰਨਾ (ਅਲੰਕਾਰ ਵਜੋਂ ਵੀ).

expatiatION, *n.* : ਪ੍ਰਸਾਰਣੀਲਤਾ, ਪਸਾਰੀ, ਪ੍ਰਵਾਹ.

expatiatory, *a.* : ਪ੍ਰਸਾਰਣੀਲਤਾ ਆਦਿ ਸੰਬੰਧੀ, ਪ੍ਰਵਾਹਕ.

expatriate, *v. t.* : ਦੇਸ਼ ਨਿਕਾਲਾ ਦੇਣਾ; ਦੇਸ਼ ਤਿਆਗ ਕਰਨਾ; (ਅੰਤਰ ਰਾਸ਼ਟਰੀ ਕਨੂੰਨ) ਕਿਸੇ ਦੇਸ਼ ਦੀ ਨਾਗਰਿਕਤਾ ਦੇ ਅਧਿਕਾਰਾਂ ਤੋਂ ਬੇਦਖ਼ਲ ਕਰਨਾ, ਬਹਿਸ਼ਕਿਤ ਕਰਨੀ.

expatriatION, *n.* : ਦੇਸ਼ ਨਿਕਾਲਾ, ਨਾਗਰਿਕਤਾ ਦੇ ਅਧਿਕਾਰਾਂ ਤੋਂ ਬੇਦਖ਼ਲੀ.

expect, *v. t.* : ਆਸ ਕਰਨੀ; ਉਮੈਦ ਰਖਣੀ; ਉਡੀਕਣਾ, (ਆਮ ਬੋਲ ਚਾਲ ਵਿਚ) ਸਮਝਣਾ, ਖ਼ਿਆਲ ਕਰਨਾ.

expectancy, *n.* : ਆਸ-ਭਰਪੂਰਤਾ ਦੀ ਦਸ਼ਾ; ਕੋਈ ਚੀਜ਼ ਪ੍ਰਾਪਤੀ ਦੀ ਪੱਕੀ ਆਸ; ਕੋਈ ਸ਼ਾਂ ਕੇ ਲੱਭਦਾ ਯੋਗ.

expectant, *a.* & *n.* : ਆਸਵੰਤ, ਉਡੀਕਵਾਨ; ਸਾਧਾਰਨ ਹਾਲਾਤ ਵਿਚ (ਜਾਇਦਾਦ, ਜਾਂ ਦਫ਼ਤਰ, ਪਦਵੀ ਆਦਿ ਦੇ ਮਿਲਣ ਦਾ) ਉਡੀਕਵਾਨ; ਘਟਨਾਂ ਨੂੰ ਉਡੀਕਣ ਵਾਲਾ (ਵਿਸ਼ੇਸ਼ ਕਰਕੇ ਇਲਾਜ ਵਿੱਚ); (ਕਨੂੰਨ) ਜਿਸ ਨੂੰ ਵਿਰਾਸਤ ਪਹੁੰਚਣੀ ਹੋਵੇ; ਉਮੈਦਵਾਰ, ਆਕਾਂਖਿਆ ਰੱਖਣ ਵਾਲਾ (ਪਦਵੀ ਆਦਿ ਦੀ).

e. mother : ਗਰਭਵਤੀ.

expectation, *n.* : ਇੰਤਜ਼ਾਰ, ਉਡੀਕ; ਪੂਰਵ-ਵਿਸ਼ਵਾਸ ਕਰ ਕੇ ਪੱਕੀ ਆਸ, ਆਸਾ ਦੀ ਵਜ੍ਹਾ, ਜਿਸ ਚੀਜ਼ ਦੀ ਉਡੀਕ, ਆਸ ਹੋਵੇ; ਕਿਸੇ ਘਟਨਾ ਦੇ ਹੋਣ ਦਾ ਵਿਸ਼ਵਾਸ, ਸੰਭਾਵਨਾ; (ਬਹੁ ਵਚਨ) ਵਿਰਾਸਤ ਮਿਲਣ ਦੀਆਂ ਆਸਾਂ ਕਦੇ ਮੌਕੇ.

beyond e. : ਆਸ ਤੋਂ ਬਾਹਰ, ਆਸ ਤੋਂ ਵੱਧ ਕੇ.

contrary to e. : ਆਸ ਦੇ ਵਿਰੁੱਧ, ਉਮੈਦ ਦੇ ਉਲਟ.

expectative, *a.* : ਵਿਰਾਸਤ ਸੰਬੰਧੀ, ਜਿਸ ਨੂੰ ਵਿਰਾਸਤ ਪਹੁੰਚਣੀ ਹੋਵੇ.

expectorant, *a.* & *n.* : (ਵੈਦਕ) ਜੋ ਬਲਗ਼ਮ ਕੱਢਣ ਵਾਲੀ ਹੋਵੇ.

expectorate, *v. t.* : ਖੰਘ ਕੇ ਥੁੱਕ ਰਾਹੀਂ ਛਾਤੀ ਜਾਂ ਫੇਫੜਿਆਂ ਵਿਚੋਂ ਬਲਗ਼ਮ ਬਾਹਰ ਕੱਢਣੀ.

expedient, *a.* & *n.* : ਲਾਭਦਾਇਕ, ਮੁਨਾਸਬ; ਜੋ ਨੀਤੀ ਅਨੁਸਾਰ ਠੀਕ ਪਰ ਉਚਿਤ ਜਿਹਾ ਅਨੁਕੂਲ ਨਾ ਹੋਵੇ; ਢੰਗ, ਤਰੀਕਾ, ਚਾਲ, ਜੁਗਤ.

expediencE, -ENCY, *n.* : ਹਿਕਮਤ, ਅਨੁਕੂਲਤਾ.

expedientIAL, *a.* : ਮੁਨਾਸਬ.

expedientLY, *adv.* : ਮੌਕਾ ਤਕ ਵੇਲੇ ਤੇ, ਉਚਿਤ ਰੂਪ ਨਾਲ.

expedite, *v. t.* : (ਕਿਸੇ ਕਾਨੂੰਨ, ਕਾਇਦੇ ਜਾਂ ਅਮਲ ਦੀ ਤਰੱਕੀ ਵਿਚ) ਸਹਾਈ ਹੋਣਾ; (ਕੰਮ) ਛੇਤੀ ਕਰ ਦੇਣਾ.

expedition, *n.* : ਮੁਹਿੰਮ, ਜੰਗ ਵਗੈਰਾ ਕਾਰਨ ਖ਼ੁਸ਼ਕੀ ਜਾਂ ਸਮੁੰਦਰੀ ਸਫ਼ਰ, ਜੋ ਕਿਸੇ ਖ਼ਾਸ ਕੰਮ ਲਈ ਕੀਤਾ ਜਾਏ; ਮਨੁੱਖ ਜਾਂ ਬੇੜਾ ਜੋ ਇਸ ਕੰਮ ਲਈ ਭੇਜਿਆ ਜਾਏ; ਫੁਰਤੀਲਾਪਣ; ਤੇਜ਼ੀ, ਫੁਰਤੀ.

expeditionARY, *a.* : ਮੁਹਿੰਮ ਸੰਬੰਧੀ.

expeditionIST, *n.* : ਮੁਹਿੰਮ ਉੱਤੇ ਜਾਣ ਵਾਲਾ, ਸੈਲ ਸਪਾਟੇ ਲਈ ਜਾਣ ਵਾਲਾ.

expeditious, *a.* : ਫੁਰਤੀਲਾ, ਚੁਸਤ, ਤੇਜ਼, ਤੇਜ਼ ਕਾਰਵਾਈ ਲਈ ਉਚਿਤ.

expeditiousLY, *adv.* : ਫੁਰਤੀ ਨਾਲ, ਤੇਜ਼ੀ ਨਾਲ.

expeditiousNESS, *n.* : ਫੁਰਤੀ.

expel, *v. t.* : ਜ਼ੋਰ ਨਾਲ ਬਾਹਰ ਕੱਢਣਾ, (ਧੂੰਏਂ ਨੂੰ ਕਿਸੇ ਥਾਂ ਤੋਂ ਜਾਂ ਗੋਲੀ ਨੂੰ ਬੰਦੂਕ ਵਿਚੋਂ); ਕੱਢਣਾ (ਕਚਹਿਰੀ, ਪਾਠਸ਼ਾਲਾ ਆਦਿ ਵਿਚੋਂ ਕਿਸੇ ਮਨੁੱਖ ਨੂੰ) ਬਾਹਰ ਕੱਢ ਦੇਣਾ, ਛੇਕਣਾ, ਜਾਂ ਕੱਟਣਾ.

expellENT, *a.* : ਬਾਹਰ ਕੱਢਣ ਵਾਲਾ, ਜੁਲਾਬ.

expend, *v. t.* : (ਕਿਸੇ ਚੀਜ਼ ਉੱਤੇ ਜਾਂ ਕਿਸੇ ਕੰਮ ਵਿਚ ਰੁਪਿਆ, ਸ਼ਕਤੀ, ਵਕਤ, ਖ਼ਿਆਲ ਆਦਿ) ਲਾਉਣਾ, ਖ਼ਰਚ ਕਰਨਾ; ਖਪਾ ਦੇਣਾ, ਮੁਕਾ ਦੇਣਾ, (ਜਹਾਜ਼ਰਾਨੀ) ਫ਼ਾਲਤੂ ਰੱਸੀ ਨੂੰ ਮਸਤੂਲ ਦੁਆਲੇ ਲਪੇਟ ਦੇਣਾ.

expenditure, *n.* : (ਰੁਪਏ ਆਦਿ ਦਾ) ਖ਼ਰਚ, ਖਪਾਈ; ਖ਼ਰਚੀ ਰਕਮ.

expense, *n.* : ਖ਼ਰਚ, ਲਾਗਤ, (ਬਹੁ ਵਚਨ) ਕਿਸੇ ਕੰਮ ਉੱਤੇ ਕੀਤੇ ਖ਼ਰਚਾਨਤ; ਜਿਸ ਖ਼ਰਚੇ ਦੀ ਵਸੂਲੀ; (ਅਲੰਕਾਰ) ਕਿਸੇ ਦੂਜੇ ਨੂੰ ਪੈਂਦਾ ਘਾਟਾ.

a laugh at his e. : ਉਹਦੇ ਖ਼ਰਚ ਉੱਤੇ ਹਾਸਾ.

at the e. of : ਹੱਤਕ ਕਰ ਕੇ, ਹਾਨੀ ਕਰ ਕੇ, ਵਾਧਾ ਲਾ ਕੇ, ਜਿਵੇਂ you defend his veracity at the expense of his understanding.

expensive, *a.* : ਮਹਿੰਗਾ, ਬਹੁਮੁੱਲਾ.

expensiveNESS, *n.* : ਮਹਿੰਗਾਪਨ.

expensiveLY, *adv.* : ਬੜੇ ਖ਼ਰਚ ਨਾਲ, ਬਹੁਤ ਜ਼ਿਆਦਾ ਖ਼ਰਚ ਕਰ ਕੇ.

experience, *n.* : ਕਿਸੇ ਗੱਲ ਜਾਂ ਘਟਨਾ ਦਾ ਅੱਖੀਂ ਵੇਖਣਾ; ਉਹ ਜੋ ਗਿਆਨ ਪ੍ਰਾਪਤ ਹੋਵੇ; ਉਹ ਘਟਨਾ ਜੋ ਸਾਡੇ ਤੇ ਅਸਰ ਪਾਵੇ; ਇਸ ਤਰ੍ਹਾਂ ਹੋ ਚੁੱਕ ਦੀ ਜਾਣਕਾਰੀ ਜਾਂ ਉਸ ਦਾ ਅਸਰ; ਤਜਰਬਾ, ਅਨੁਭਵ, (ਬਹੁਵਚਨ) ਅਧਿਆਤਮਕ ਭਾਵਨਾ ਦੀ ਦਸ਼ਾ ਜਾਂ ਉਸ ਦਾ ਇਕ ਅੰਗ.

e. meeting : ਧਾਰਮਿਕਤਾ ਨੂੰ ਸੁਰਜੀਤ ਕਰਨ ਲਈ ਇਕੱਤਰਤਾ.

experienceD, *a.* : ਤਜਰਬੇਕਾਰ, ਹੰਢਿਆ ਹੰਢਾਇਆ, ਜਹਾਂਦੀਦਾ, ਵਾਕਫ਼ਕਾਰ.

experience, *v. t.* : (ਖ਼ੁਸ਼ੀ, ਸਲੂਕ, ਮੁਸੀਬਤ ਨੂੰ) ਮਿਲਣਾ, ਹੰਢਾਣਾ, ਭੁਗਤਣਾ-ਭੋਗਣਾ, ਮਹਿਸੂਸ ਕਰਨਾ; ਸਿੱਖਣਾ, ਲੱਭਣਾ.

e. table : ਉਹ ਨਕਸ਼ਾ ਜਿਸ ਤੋਂ ਪਤਾ ਲਗਦਾ ਹੈ ਕਿ ਇਸ ਉਮਰ ਵਿਚ ਕਿੰਨੇ ਕੁ ਸਦੀ ਆਦਮੀ ਮਰਦੇ ਹਨ; ਇਸ ਹਿਸਾਬ ਦੀ ਮਿਲ ਬੀਮਾ ਕੰਪਨੀਆਂ ਦਾ ਤਜਰਬਾ ਹੁੰਦਾ ਹੈ.

experiential, *a.* : ਅਨੁਭਵ, ਤਜਰਬੇ ਸੰਬੰਧੀ.

e. philosophy : ਹਰ ਪਰਕਾਰ ਦੇ ਗਿਆਨ ਨੂੰ ਅਨੁਭਵ, ਤਜਰਬੇ, ਅਭਿਆਸ ਦਾ ਫਲ ਮੰਨਣ ਵਾਲਾ ਦਰਸ਼ਨ.

experientialISM, *n.* : ਤਜਰਬੀਅਤ.

experientialIST, *n.* : ਤਜਰਬਾ-ਵਾਦੀ.

experientialLY, *adv.* : ਤਜਰਬੇ ਨਾਲ, ਅਨੁਭਵ ਅਨੁਸਾਰ.

experiment, *n.* : ਤਜਰਬਾ, ਪਰੀਖਿਆ, ਇਹ ਜਾਣਨ ਲਈ ਕਿ ਸ਼ਾਇਦ ਇਸ ਦੁਆਰਾ ਸਫਲਤਾ ਪ੍ਰਾਪਤ ਹੋਵੇਗੀ, ਅਪਣਾਇਆ ਤਰੀਕਾ ਜਾਂ ਅਮਲ; ਕਿਸੇ ਨੂੰ ਠੀਕ ਜਾਂ ਗ਼ਲਤ ਸਾਬਤ ਕਰਨ, ਪਰਖਣ ਲਈ ਕੀਤਾ ਪਰਤਾਵਾ, ਜਾਂਚ, ਪਰਖ.

experiment, *v. i.* : ਤਜਰਬਾ ਕਰਨਾ, ਜਾਂਚਣਾ, ਪਰਖਣਾ, ਪਰਤਾਵਾ ਕਰਨਾ, ਪ੍ਰਯੋਗ ਕਰਨਾ.

